# ਪੁਰਾਤਨ ਜਨਮ ਸਾਖੀ: ਪਾਠ ਤੇ ਪੁਨਰ-ਮੁਲਾਂਕਣ

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**
**ਦੀ ਹਿਊਮੁਨਟੀਜ਼ ਐਂਡ ਰਿਲੀਜੀਅਸ ਸਟੱਡੀਜ਼ ਫੈਕਲਟੀ ਦੇ**
**ਅੰਤਰਗਤ ਪੀਐੱਚ.ਡੀ. ਧਰਮ ਅਧਿਐਨ ਦੀ ਡਿਗਰੀ ਲਈ**
**ਖੋਜ-ਪ੍ਰਬੰਧ**
**(2017)**


**ਨਿਗਰਾਨ:**
**ਡਾ. ਬਲਵੰਤ ਸਿੰਘ ਢਿਲੋਂ**

**ਖੋਜਾਰਥੀ:**
**ਚਿਰਜੀਵਨ ਕੌਰ**

**ਗੁਰੂ ਨਾਨਕ ਅਧਿਐਨ ਵਿਭਾਗ**
**ਗੁਰੂ ਨਾਨਕ ਦੇਵ ਯੂਨੀਵਰਸਿਟੀ**
**ਅੰਮ੍ਰਿਤਸਰ-143005**

**2017**

# ਪ੍ਰਮਾਣ-ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਚਿਰਜੀਵਨ ਕੌਰ ਨੇ ਆਪਣਾ ਪੀਐੱਚ.ਡੀ. (ਪੰਜਾਬੀ) ਦਾ ਖੋਜ ਪ੍ਰਬੰਧ **ਪੁਰਾਤਨ ਜਨਮ ਸਾਖੀ: ਪਾਠ ਤੇ ਪੁਨਰ-ਮੁਲੰਕਣ** ਮੇਰੀ ਨਿਗਰਾਨੀ ਹੇਠ ਮੁਕੰਮਲ ਕੀਤਾ ਹੈ। ਇਹ ਖੋਜ-ਕਾਰਜ ਖੋਜਾਰਥੀ ਦੀ ਮੌਲਿਕ ਖੋਜ ਦਾ ਸਿੱਟਾ ਹੈ ਅਤੇ ਇਸ ਦਾ ਕੋਈ ਵੀ ਹਿੱਸਾ ਕਿਸੇ ਹੋਰ ਡਿਗਰੀ/ਡਿਪਲੋਮਾ/ਖੋਜ-ਪੱਤਰ/ਯੂਨੀਵਰਸਿਟੀ/ਸੰਸਥਾ ਵਿਚ ਸ਼ਾਮਿਲ ਨਹੀਂ ਹੈ। ਇਹ ਖੋਜ-ਪ੍ਰਬੰਧ ਪੀਐੱਚ.ਡੀ. ਦੀ ਡਿਗਰੀ ਦੇ ਮੁਲੰਕਣ ਲਈ ਵਿਚਾਰੇ ਜਾਣ ਦੇ ਯੋਗ ਹੈ।

ਨਿਗਰਾਨ

(ਡਾ. ਬਲਵੰਤ ਸਿੰਘ ਢਿੱਲੋਂ)

ਮਿਤੀ:
ਸਥਾਨ:

# DECLARATION

The work embodied in the thesis entitled **ਪੁਰਾਤਨ ਜਨਮ ਸਾਖੀ: ਪਾਠ ਤੇ ਪੁਨਰ–ਮੁਲੰਕਣ** has been done by me and not submitted elsewhere for the award of any other degree. All the ideas and references have been duly acknowledged.

(Chirjiwan Kaur)

Countersigned by:

(Dr. Balwant Singh Dhillon)
Supervisor

# ਤਤਕਰਾ

**ਭਾਗ ਪਹਿਲਾ** **ਪੰਨਾ ਨੰ.**


| | | |
|---|---|---|
| | ਪ੍ਰਸਤਾਵਨਾ | 1-10 |
| ਅਧਿਆਇ ਪਹਿਲਾ | :- ਪੁਰਾਤਨ ਜਨਮਸਾਖੀ ਦਾ ਇਤਿਹਾਸ | 11-36 |
| ਅਧਿਆਇ ਦੂਜਾ | :- ਪੁਰਾਤਨ ਜਨਮਸਾਖੀ ਵਿਚ ਸਾਖੀਆਂ ਦੀ ਤਰਤੀਬ: ਤੁਲਨਾਤਮਕ ਅਧਿਐਨ | 37-75 |
| ਅਧਿਆਇ ਤੀਜਾ | :- ਪੁਰਾਤਨ ਜਨਮਸਾਖੀ ਵਿਚ ਦਰਜ ਕੱਚੀ ਬਾਣੀ: ਸ੍ਰੋਤ ਅਤੇ ਸਰੋਕਾਰ | 76-97 |
| ਅਧਿਆਇ ਚੌਥਾ | :- ਪੁਰਾਤਨ ਜਨਮਸਾਖੀ ਦੇ ਕਰਤਾ ਦੀ ਗੁਰਬਾਣੀ ਪ੍ਰਤੀ ਪਹੁੰਚ - ਵਿਧੀ | 98-107 |
| ਅਧਿਆਇ ਪੰਜਵਾਂ | :-ਪੁਰਾਤਨ ਜਨਮਸਾਖੀ ਵਿਚ ਦਰਜ ਧਾਰਮਿਕ ਅਤੇ ਸਮਾਜਿਕ ਸਰੋਕਾਰ | 108-119 |
| ਅਧਿਆਇ ਛੇਵਾਂ | :-ਪੁਰਾਤਨ ਜਨਮਸਾਖੀ ਵਿਚ ਗੁਰੂ ਨਾਨਕ ਦਾ ਬਿੰਬ | 120-127 |
| ਨਿਸ਼ਕਰਸ਼ | | 128-129 |
| ਪੁਰਾਤਨ ਜਨਮਸਾਖੀ (ਕੋਲਬਰੁਕ) ਦਾ ਮੂਲ ਪਾਠ | | 130-276 |
| ਅੰਤਿਕਾ - 1 | ਹੱਥ-ਲਿਖਤ ਵਿਚ ਦਰਜ ਬਾਣੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਨਾਲ ਤੁਲਨਾ | 277-329 |
| ਅੰਤਿਕਾ - 2 | ਔਖੇ ਸ਼ਬਦਾਂ, ਵਿਸ਼ੇਸ਼ ਵਿਅਕਤੀ ਵਿਸ਼ੇਸ਼ ਸਥਾਨ ਦੇ ਅਰਥ (ਇਨ੍ਹਾਂ ਦੇ ਹਵਾਲੇ ਗੁਰਸ਼ਬਦ ਰਤਨਾਕਰ ਮਹਾਨਕੋਸ਼ ਵਿਚੋਂ ਲਏ ਗਏ ਹਨ) | 330-344 |
| ਪੁਸਤਕ ਸੂਚੀ | | 345-350 |

# ਪ੍ਰਸਤਾਵਨਾ

ਜਨਮਸਾਖੀ ਸਾਹਿਤ ਦਾ ਪੰਜਾਬੀ ਸਾਹਿਤ ਵਿਚ ਇਕ ਨਿਵੇਕਲਾ ਸਥਾਨ ਹੈ। ਜਨਮਸਾਖੀਆਂ ਨਾ ਸਿਰਫ ਧਾਰਮਿਕ ਪ੍ਰਸੰਗਿਕਤਾ ਨੂੰ ਦ੍ਰਿੜ ਕਰਵਾਉਂਦਾ ਹਨ, ਬਲਕਿ ਸਮਕਾਲੀ ਸਮਾਜ ਦਾ ਹੂ-ਬ-ਹੂ ਬਿੰਬ ਪ੍ਰਸਤੁਤ ਕਰਨ ਵਿੱਚ ਵੀ ਸਹਾਈ ਹੁੰਦੀਆਂ ਹਨ। ਜਿਥੇ ਸਮਾਜਿਕ ਬਿੰਬ ਚਿਤਰਨ ਦੀ ਗੱਲ ਆਉਂਦੀ ਹੈ, ਉਥੇ ਸਮਕਾਲੀਨ ਰਾਜਨੀਤਿਕ, ਮਨੋਵਿਗਿਆਨਕ, ਵਿਅਕਤੀਗਤ, ਆਰਥਿਕ, ਸਭਿਆਚਾਰਕ ਦ੍ਰਿਸ਼ ਚਿਤਰਨ ਵੀ ਸੁਭਾਵਿਕ ਹੀ ਉਭਰ ਆਉਂਦਾ ਹੈ। ਡਾ. ਰਤਨ ਸਿੰਘ ਜੱਗੀ ਦਾ ਵਿਚਾਰ ਹੈ ਕਿ “ਸਭ ਤੋਂ ਪਹਿਲਾਂ ਸਾਖੀ ਦਾ ਮੌਖਿਕ ਰੂਪ ਹੋਂਦ ਵਿੱਚ ਆਇਆ। ਮੌਲਿਕ ਪ੍ਰਕਰਣ ਤੋਂ ਹੁੰਦੀ ਹੋਈ ਸਾਖੀ ਲਿਖਤੀ ਰੂਪ ਗ੍ਰਹਿਣ ਕਰਨ ਲੱਗੀ। ਸਾਖੀਆਂ ਦੀ ਮੌਖਿਕਤਾ ਦਾ ਮੂਲ ਅਧਾਰ ਇਸ ਗੱਲ ਵਿੱਚ ਵੀ ਅੰਤਰਨਿਹਿਤ ਹੈ ਕਿ ਸਬੰਧਿਤ ਸਮਾਜ/ਵਰਗ ਨੂੰ ਉਸ ਸਮੇਂ ਵਿੱਚ ਦਿਸ਼ਾ ਨਿਰਦੇਸ਼ ਦੀ ਬਹੁਤ ਡੂੰਘੀ ਜ਼ਰੂਰਤ ਸੀ ਜਿਸ ਦੇ ਅਧਾਰ ’ਤੇ ਸਾਖੀਆਂ ਦਾ ਮੌਖਿਕ ਰੂਪ ਵਿੱਚ ਪ੍ਰਚਾਰ ਹੋਣਾ ਸ਼ੁਰੂ ਹੋਇਆ ਅਤੇ ਵਿਕਾਸ ਕਰਦੀ ਹੋਈ ਇਹ ਲਿਖਤੀ ਰੂਪ ਅਖ਼ਤਿਆਰ ਕਰਨ ਲੱਗੀ। ਜਨਮਸਾਖੀ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਜਨਮ+ਸਾਖੀ ਜਿਸ ਦਾ ਭਾਵ ਹੈ ਜਨਮ ਸਬੰਧੀ ਗਵਾਹੀ ਦੇਣਾ। ਸਾਖੀ ਸ਼ਬਦ ਮੂਲ ਰੂਪ ਵਿੱਚ ਹਿੰਦੀ ਦਾ ਰੂਪਾਂਤ੍ਰਿਤ ਹੈ ਜਿਹੜਾ ‘ਸਾਕਸ਼ੀ’ ਸ਼ਬਦ ਤੋਂ ਉਤਪੰਨ ਹੋਇਆ ਹੈ।”

ਸਿੱਖ ਸਾਹਿਤ ਵਿੱਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਜਨਮਸਾਖੀ ਦੀਆਂ ਕੁਝ ਪ੍ਰਮੁੱਖ ਪ੍ਰੰਪਰਾਵਾਂ ਪ੍ਰਾਪਤ ਹਨ, ਜਿਨ੍ਹਾਂ ਵਿਚ ਪੁਰਾਤਨ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ, ਆਦਿ ਸਾਖੀਆਂ, B-40 ਜਨਮਸਾਖੀ, ਭਾਈ ਮਨੀ ਸਿੰਘ ਵਾਲੀ ਜਨਮਸਾਖੀ ਆਦਿ ਦੇ ਨਾਮ ਗਿਣੇ ਜਾ ਸਕਦੇ ਹਨ। ਇਨ੍ਹਾਂ ਜਨਮਸਾਖੀਆਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਉਦੇਸ਼ ਨਾਲ ਸੰਬੰਧਿਤ ਘਟਨਾਵਾਂ ਦਾ ਵਰਨਣ ਕੀਤਾ ਗਿਆ ਹੈ।

ਕਿਉਂਕਿ ਸਾਡਾ ਅਧਿਐਨ ਪੁਰਾਤਨ ਜਨਮਸਾਖੀ ਉਪਰ ਕੇਂਦ੍ਰਿਤ ਹੈ ਇਸ ਲਈ ਸਭ ਤੋਂ ਪਹਿਲੇ ਇਸ ਦੇ ਬਾਰੇ ਵਿਚਾਰ-ਚਰਚਾ ਕਰਨੀ ਉਚਿਤ ਸਮਝੀ ਹੈ। ਪੁਰਾਤਨ ਜਨਮਸਾਖੀ ਦੇ ਹੋਰ ਵੀ ਬਹੁਤ ਸਾਰੇ ਨਾਮ ਪ੍ਰਚਲਿਤ ਹਨ ਜਿਵੇਂ ਮੈਕਾਲਿਫ਼ ਵਾਲੀ ਜਨਮਸਾਖੀ, ਹਾਫ਼ਿਜ਼ਾਬਾਦ ਵਾਲੀ ਜਨਮਸਾਖੀ, ਵਿਲਾਇਤ ਵਾਲੀ ਜਨਮਸਾਖੀ, ਦੇਹਰਾਦੂਨ ਵਾਲੀ ਜਨਮਸਾਖੀ, ਕਾਲਬਰੁਕ ਵਾਲੀ ਜਨਮਸਾਖੀ ਆਦਿ। ਇਸ ਜਨਮਸਾਖੀ ਨੂੰ ‘ਪੁਰਾਤਨ ਜਨਮ ਸਾਖੀ’ ਦਾ ਨਾਮ ਭਾਈ ਵੀਰ ਸਿੰਘ ਨੇ ਦਿੱਤਾ ਹੈ। ਉਨ੍ਹਾਂ ਨੇ ਇਸ ਦਾ ਪਹਿਲਾ ਸੰਪਾਦਿਤ ਸੰਸਕਰਣ 1926 ਵਿਚ ਪ੍ਰਕਾਸ਼ਿਤ ਕੀਤਾ ਸੀ ਬਾਅਦ ਵਿਚ ਭਾਈ ਵੀਰ ਸਿੰਘ ਨੇ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਪ੍ਰਾਪਤ ਹੱਥ ਲਿਖਤ ਨੰ. 2310 ਦੀ, ਪ੍ਰੋ. ਗੁਰਮੁਖ ਸਿੰਘ ਵਾਲਾ ਪੱਥਰ ਛਾਪ ਸੰਸਰਣ ਅਤੇ ਮੈਕਸ ਅਰਥਰ ਮੈਕਾਲਿਫ਼ ਵਾਲੇ ਹਾਫਿਜ਼ਾਬਾਦੀ ਸੰਸਕਰਣ ਦੇ ਆਧਾਰ ’ਤੇ ਇਸ ਦੀ ਦੂਜੀ ਛਾਪ 1937 ਵਿਚ

ਪ੍ਰਕਾਸ਼ਿਤ ਕੀਤੀ ਸੀ। ਸਿੱਖ ਧਰਮ ਅਧਿਐਨ ਲਈ ਇਸ ਦੀ ਮਹੱਤਾ ਦਾ ਅੰਦਾਜ਼ਾ ਇਸ ਤਥ ਤੋਂ ਭਲੀ-ਭਾਂਤ ਹੋ ਜਾਂਦਾ ਹੈ ਕਿ 2012 ਤੱਕ ਇਸ ਦੀ ਅਠ੍ਹਾਰਵੀਂ ਛਾਪ ਪ੍ਰਕਾਸ਼ਿਤ ਹੋ ਗਈ ਸੀ।

ਭਾਈ ਵੀਰ ਸਿੰਘ ਦੇ ਪਹਿਲੇ ਸੰਸਕਰਣ (1926) ਤੇ ਸੋਧੇ ਹੋਏ ਦੂਜੇ ਐਡੀਸ਼ਨ (1937) ਨੂੰ ਪ੍ਰਕਾਸ਼ਿਤ ਹੋਇਆਂ ਲਗਭਗ 80-90 ਵਰ੍ਹੇ ਬੀਤ ਗਏ ਹਨ। ਇਸ ਅਰਸੇ ਦੌਰਾਨ ਸਿੱਖ ਧਰਮ ਅਧਿਐਨ ਤੇ ਪੰਜਾਬੀ ਸਾਹਿਤ ਦੇ ਵਿਦਵਾਨਾਂ ਨੇ ਇਸ ਜਨਮਸਾਖੀ ਦੇ ਪਾਠ ਦਾ ਪੁਨਰ-ਨਿਰੀਖਣ ਕਰਨ ਦੀ ਕੋਈ ਲੋੜ ਨਹੀਂ ਸਮਝੀ। ਸ਼ਾਇਦ ਭਾਈ ਵੀਰ ਸਿੰਘ ਦੀ ਵਿਦਵਤਾ ਦਾ ਸਿੱਕਾ ਅਜਿਹਾ ਸੀ ਕਿ ਕਿਸੇ ਵਿਦਵਾਨ ਨੇ ਇਸ ਜਨਮਸਾਖੀ ਦੇ ਪਾਠ ਉਪਰ ਨਜ਼ਰਸਾਨੀ ਕਰਨੀ ਉਚਿਤ ਹੀ ਨਹੀਂ ਸਮਝੀ। ਪਿੱਛੇ ਜਿਹੇ ਡਾ. ਰਤਨ ਸਿੰਘ ਜੱਗੀ ਤੇ ਡਾ. ਗੁਰਸ਼ਰਨ ਕੌਰ ਜੱਗੀ ਨੇ 'ਪੁਰਾਤਨ ਜਨਮਸਾਖੀ ਅਧਿਐਨ ਅਤੇ ਸੰਪਾਦਨ' (1977) ਅਤੇ ਸ. ਸ. ਪਦਮ ਨੇ 'ਸਾਖੀ ਮਹਲੁ ਪਹਿਲੇ ਕੀ' (2014) ਵਿਚ ਇਸ ਜਨਮਸਾਖੀ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਉਕਤ ਦੋਨਾਂ ਪੁਸਤਕਾਂ ਦਾ ਹੱਥਲੇ ਖੋਜ-ਕਾਰਜ ਵਿਚ ਗੰਭੀਰਤਾ ਸਹਿਤ ਨੋਟਿਸ ਵੀ ਲਿਆ ਗਿਆ ਹੈ। ਵਿਸ਼ੇਸ਼ ਤੱਥ ਇਹ ਹੈ ਕਿ ਭਾਈ ਵੀਰ ਸਿੰਘ ਨੇ ਜਦ ਇਸ ਦਾ ਸੰਪਾਦਨ ਕੀਤਾ ਸੀ ਤਾਂ ਉਨ੍ਹਾਂ ਨੇ ਆਪਣੀ ਸੂਝ ਅਨੁਸਾਰ ਇਸ ਦੇ ਪਾਠ ਪ੍ਰਸਤੁਤ ਕੀਤਾ ਸੀ। ਉਦਹਾਰਣ ਵਜੋਂ ਇਸ ਜਨਮਸਾਖੀ ਨੂੰ ਪੁਰਾਤਨ ਦਾ ਨਾਮ ਦੇਣ ਦਾ ਸਿਹਰਾ ਉਨ੍ਹਾਂ ਸਿਰ ਹੀ ਹੈ ਭਾਵੇਂ ਕਿ ਹੱਥ-ਲਿਖਤ ਖਰੜਿਆਂ ਵਿਚ ਅਜਿਹੇ ਨਾਮ ਦੀ ਅਣਹੋਂਦ ਹੈ। ਦੂਜੇ, ਹੱਥ-ਲਿਖਤਾਂ ਵਿਚ ਸਾਖੀਆਂ ਦੇ ਕੋਈ ਸਿਰਲੇਖ ਅੰਕਿਤ ਨਹੀਂ ਅਤੇ ਨਾ ਹੀ ਕੋਈ ਸਾਖੀ ਨੰਬਰ ਦਰਜ ਹੈ। ਭਾਈ ਸਾਹਿਬ ਨੇ ਪਾਠਕਾਂ ਦੀ ਸੁਵਿਧਾ ਲਈ ਸਾਖੀਆਂ ਦੇ ਸਿਰਲੇਖ ਵੀ ਨਾਲ ਦੇ ਦਿੱਤੇ। ਤੀਜੇ, ਕੱਚੀ-ਬਾਣੀ ਭਾਵ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਅਪ੍ਰਮਾਣਿਕ ਲੰਮੀਆਂ ਰਚਨਾਵਾਂ ਜਨਮਸਾਖੀ ਦੇ ਮੂਲ-ਪਾਠ ਵਿਚੋਂ ਚੁੱਕ ਕੇ ਅੰਤਕਾਵਾਂ ਦੇ ਰੂਪ ਵਿਚ ਸੰਖਿਪਤ-ਪਾਠ ਸਹਿਤ ਪ੍ਰਕਾਸ਼ਿਤ ਕੀਤੇ ਹਨ। ਚੌਥੇ ਗੁਰਬਾਣੀ ਦੇ ਜਿਹੜੇ ਸ਼ਬਦ ਇਸ ਜਨਮਸਾਖੀ ਵਿਚ ਵੱਖੋ-ਵੱਖਰੀਆਂ ਸਾਖੀਆਂ ਵਿਚ ਉਧਰਿਤ ਹਨ ਉਨ੍ਹਾਂ ਦਾ ਪਾਠ ਹੱਥ-ਲਿਖਤਾਂ ਉਪਰ ਆਧਾਰਿਤ ਕਰਨ ਦੀ ਬਜਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਅਨੁਸਾਰ ਕਰ ਦਿਤਾ ਹੈ। ਉਦਾਹਰਣ ਵਜੋਂ ਸਾਖੀ 36 ਗੋਸ਼ਟਿ ਮੀਆਂ ਮਿੱਠਾ ਵਿਚ ਗੁਰਬਾਣੀ ਦਾ ਇਕ ਸ਼ਬਦ ਉਧਰਿਤ ਹੈ। ਇਸ ਵਿਚ ਕੋਲਬਰੁਕ ਵਾਲੇ ਖਰੜੇ ਵਿਚ ਜੋ ਪਾਠ ਹੈ ਉਸ ਨੂੰ ਅਸੀਂ ਚੌਰਸ ਬ੍ਰੈਕਟ ਦਰਸਾਇਆ ਹੈ ਤੇ ਗੁਰਬਾਣੀ ਵਿਚ ਜੋ ਪਾਠ ਜੋ ਭਾਈ ਵੀਰ ਸਿੰਘ ਨੇ ਦਿੱਤਾ ਹੈ, ਉਸ ਨੂੰ ਗੂੜ੍ਹੇ ਫੌਂਟ ਵਿਚ ਦਿਤਾ ਹੈ :

> **ਪੋਥੀ ਪੁਰਾਣ** [ਕੁਰਾਣ ਕਤੇਬ] **ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ** [ਲਈਐ] **"ਸਚੁ ਬੂਝਣੁ ਆਣਿ ਜਲਾਈਐ॥2॥ਇਹੁ** [ਬਿਨੁ] **ਤੇਲੁ ਦੀਵਾ ਇਉ ਜਲੈ ਕਰਿ ਚਾਨਣੁ ਸਾਹਿਬ ਤਉ** [ਇਉ] **ਮਿਲੈ॥ ਰਹਾਉ॥ ਇਤੁ ਤਨਿ ਲਾਗੈ** [ਲਗੀਆ] **ਬਾਣੀਆ॥ ਸੁਖੁ ਹੋਵੈ ਸੇਵ ਕਮਾਣੀਆਂ॥ ਸਭ ਦੁਨੀਆ ਆਵਣ ਜਾਣੀਆ॥3॥ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣ ਪਾਈਐ॥ ਕਹੁ ਨਾਨਕ ਬਾਹ ਲੁਡਾਈਐ।4॥**

ਏਸੇ ਤਰ੍ਹਾਂ ਅੱਗੋਂ ਹੋਈ ਵਾਰਤਾਲਾਪ ਦੇ ਵਾਕ ਵੀ ਅੱਗੜ-ਪਿੱਛੜ ਹੋ ਗਏ ਹਨ। ਇਸ ਨਾਲ ਪੁਰਾਤਨ ਜਨਮਸਾਖੀ ਦੇ ਕਰਤਾ ਦੀ ਗੁਰਬਾਣੀ ਪਰੰਪਰਾ ਨੂੰ ਪ੍ਰਚਾਰਨ ਤੇ ਵਿਆਖਿਆ ਕਰਨ ਦੀ ਪਹੁੰਚ ਵਿਧੀ ਦੇ ਅਸਲੀ ਰੂਪ ਤੋਂ ਪਾਠਕ ਵੰਚਿਤ ਹੋ ਗਏ ਹਨ। ਪੰਜਵੇਂ, ਭਾਈ ਸਾਹਿਬ ਨੇ ਇਸ ਦੇ ਸ਼ਬਦ-ਜੋੜਾਂ ਵਿਚ ਬਿਸਰਾਮ ਚਿੰਨ੍ਹ, ਪ੍ਰਸ਼ਨ ਚਿੰਨ੍ਹ, ਅੱਧਕ, ਬਿੰਦੀ, ਪੁੱਠੇ ਕਾਮੇ ਲਗਾ ਦਿੱਤੇ ਹਨ। ਉਪਰੋਕਤ ਕਾਰਣਾਂ ਕਰਕੇ ਸਾਖੀਕਾਰ ਦੀ ਪੰਜਾਬੀ ਲਿਖਣ ਤੇ ਉਚਾਰਣ ਬਾਰੇ ਮੌਲਿਕਤਾ ਦਾ ਗਿਆਨ ਨਹੀਂ ਹੁੰਦਾ। ਕੁੱਝ ਕੁ ਥਾਵਾਂ ਉੱਤੇ ਪਾਠ ਦੇ ਸਹੀ ਪੜ੍ਹਤ ਵਿਚ ਵੀ ਉਕਾਈ ਦਿਸਦੀ ਹੈ। ਉਦਾਹਰਣ ਵਜੋਂ ਜਿਵੇਂ ਡਾ. ਰਤਨ ਸਿੰਘ ਜੱਗੀ ਨੇ ਵੀ ਇਸ ਦਾ ਨੋਟਿਸ ਲਿਆ ਹੈ ਕਿ ਸਹੀ ਪਾਠ "ਜਗਾਵਲੀ ਲਿਖੀ ਸੰਪੂਰਨ ਚਾਲੀਸ ਜੁਗ ਕੀ ਮਿਰਜਾਦਾ ਸਭ ਲਿਖੀ" ਨੂੰ ਭਾਈ ਸਾਹਿਬ ਨੇ 'ਚਾਲੀਸ ਜੁਗ ਕੀ ਮਿਰਜਾਦਾ ਸੰਤ ਲਿਖੀ' ਸਮਝ ਲਿਆ ਹੈ। ਭਾਈ ਵੀਰ ਸਿੰਘ ਨੇ ਪੁਰਾਤਨ ਜਨਮਸਾਖੀ ਦੇ ਪਾਠ ਨੂੰ ਸੰਪਾਦਿਤ ਕਰਨ ਲਈ ਜੋ ਵਿਧੀ ਅਪਣਾਈ ਉਸ ਦਾ ਉਦੇਸ਼ ਪਾਠਕਾਂ ਨੂੰ ਸੇਧ ਪ੍ਰਦਾਨ ਕਰਨ ਤੋਂ ਇਲਾਵਾ ਇਸ ਦੇ ਪਾਠ ਵਿਚ ਮੌਜੂਦ ਉਕਾਈਆਂ ਕਾਰਣ ਪੈਦਾ ਹੋਣ ਵਾਲੇ ਸ਼ੰਕੇ ਤੇ ਗਲਤ-ਫਹਿਮੀਆਂ ਤੋਂ ਬਚਾਉਣਾ ਵੀ ਸੀ। ਭਾਈ ਸਾਹਿਬ ਦੀ ਇਹ ਮਸ਼ਕ ਤਤਕਾਲੀ ਗਿਆਨ ਤੇ ਸਿੱਖ ਪੰਥ ਦੀਆਂ ਲੋੜਾਂ ਦੇ ਅਨੁਕੂਲ ਸੀ। ਪਰ ਇਸ ਨਾਲ ਪੁਰਾਤਨ ਜਨਮਸਾਖੀ ਦਾ ਅਸਲੀ ਪਾਠ ਵਿਦਵਾਨਾਂ ਦੀ ਨਜ਼ਰ ਤੋਂ ਓਹਲੇ ਹੀ ਰਿਹਾ। ਉਪਰੋਕਤ ਨੂੰ ਧਿਆਨ ਵਿਚ ਰੱਖਦਿਆਂ ਪੁਰਾਤਨ ਜਨਮਸਾਖੀ ਦੇ ਪਾਠ ਦਾ ਮੁੜ-ਨਿਰਖੀਣ ਕਰਨਾ ਉਚਿਤ ਜਾਪਦਾ ਹੈ।

ਇਸ ਅਧਿਐਨ ਰਾਹੀਂ 'ਪੁਰਾਤਨ ਜਨਮਸਾਖੀ' ਵਿੱਚ ਦਰਜ ਸਾਖੀਆਂ ਦੇ ਸਰੂਪ ਨੂੰ ਹੋਰਨਾਂ ਜਨਮਸਾਖੀ ਪ੍ਰਣਾਲੀਆਂ ਵਿਚ ਦਰਜ ਸਾਖੀਆਂ ਦੀ ਮਦਦ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਪੁਰਾਤਨ ਜਨਮਸਾਖੀ ਵਿਚ ਕੁਲ 55 ਸਾਖੀਆਂ ਦਰਜ ਹਨ। ਇਨ੍ਹਾਂ 55 ਸਾਖੀਆਂ ਦੀ ਤੁਲਨਾ ਬਾਕੀ ਜਨਮਸਾਖੀ ਪ੍ਰੰਪਰਾਵਾਂ ਨਾਲ ਕਰ ਕੇ ਕੇਵਲ ਉਨ੍ਹਾਂ ਸਾਖੀਆਂ ਨੂੰ ਰੇਖਾਂਕਿਤ ਕੀਤਾ ਗਿਆ ਹੈ ਜਿਹੜੀਆਂ ਸਾਰੀਆਂ ਪ੍ਰੰਪਰਾਵਾਂ ਨਾਲ ਮੇਲ ਖਾਂਦੀਆਂ ਹਨ। ਇਸ ਪ੍ਰਕਾਰ ਇਕ ਖਾਕਾ ਤਿਆਰ ਕੀਤਾ ਗਿਆ ਹੈ ਜਿਸ ਦੇ ਅਧਾਰ 'ਤੇ ਪੁਰਾਤਨ ਜਨਮਸਾਖੀ ਦੀ ਪੁਰਾਤਨਤਾ ਨੂੰ ਘੋਖਣ ਦਾ ਜਤਨ ਕੀਤਾ ਜਾਵੇਗਾ। ਇਸ ਅਧਿਐਨ ਲਈ 'ਭਾਈ ਬਾਲੇ ਵਾਲੀ ਜਨਮਸਾਖੀ', 'ਮਿਹਰਬਾਨ ਜਨਮਸਾਖੀ' (ਪੋਥੀ ਸਚਖੰਡ), 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਅਤੇ 'ਆਦਿ ਸਾਖੀਆਂ' ਨੂੰ ਅਧਾਰ ਬਣਾਇਆ ਗਿਆ ਹੈ।

ਪੁਰਾਤਨ ਜਨਮਸਾਖੀ ਵਿੱਚ ਬਹੁਤ ਸਾਰੀ ਕੱਚੀ-ਬਾਣੀ ਦਰਜ ਹੈ ਜਿਸ ਵਿਚ ਸੁੰਨ ਮਹਲ ਕੀ ਕਥਾ, ਜੁਗਾਵਲੀ, ਰਤਨਮਾਲ, ਹਾਜਰਨਾਮਾ ਤੇ ਨਸੀਹਤਨਾਮਾ ਪ੍ਰਮੁੱਖ ਹਨ। ਇਨ੍ਹਾਂ ਵਿਚੋਂ ਪਹਿਲੀਆਂ ਤਿੰਨ ਪ੍ਰਾਣ ਸੰਗਲੀ, ਜੋ ਪੁਰਾਤਨ ਜਨਮਸਾਖੀ ਦੇ ਕਰਤਾ ਨੇ ਕਥਿਤ ਤੌਰ 'ਤੇ ਗੁਰੂ ਨਾਨਕ ਦੀ ਰਚਨਾ ਦੱਸੀ ਹੈ, ਵਿਚ ਪ੍ਰਾਪਤ ਹਨ। ਇਸ ਤੋਂ ਇਲਾਵਾ ਲਗਭਗ ਡੇਢ ਦਰਜਨ ਕੱਚੀ-ਬਾਣੀ ਦੇ ਹੋਰ ਸ਼ਬਦ ਤੇ ਸਲੋਕ ਹਨ ਜਿਨ੍ਹਾਂ ਨੂੰ ਸਾਖੀਕਾਰ ਨੇ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਕੀਤਾ ਹੈ। ਇਹ ਸਾਰੀਆਂ ਰਚਨਾਵਾਂ ਪੁਰਾਤਨ ਜਨਮਸਾਖੀ

ਵਿੱਚ ਕਿਸ ਪ੍ਰਕਾਰ ਆ ਗਈਆਂ? ਸੰਭਵ ਹੈ ਕਿ ਮੌਖਿਕ ਪ੍ਰਕਿਰਿਆ ਜਦੋਂ ਲਿਖਤੀ ਰੂਪ ਅਖ਼ਤਿਆਰ ਕਰਨ ਲੱਗੀ ਤਾਂ ਆਪਣੀ ਵਿਚਾਰਧਾਰਾ ਜਾਂ ਸਵਾਰਥ ਨੂੰ ਮੁੱਖ ਰੱਖਦਿਆਂ ਉਤਾਰਾਕਾਰ ਜਾਂ ਲੇਖਕ ਦੁਆਰਾ ਦਰਜ ਕਰ ਦਿੱਤੀਆਂ ਗਈਆਂ ਹੋਣ। ਇਹਨਾਂ ਵਿਚੋਂ ਕੁਝ ਦਾ ਸ੍ਰੋਤ ਮੂਲ-ਰੂਪ ਵਿੱਚ ਫਾਰਸੀ ਸਾਹਿਤ ਪਰੰਪਰਾ ਵੱਲ ਇਸ਼ਾਰਾ ਕਰਦਾ ਹੈ। ਪਰੰਤੂ ਨਾਲ ਹੀ ਨਾਲ ਇਨ੍ਹਾਂ ਦਾ ਸੰਬੰਧ ਸੰਨਿਆਸੀ ਤੇ ਨਾਥ-ਜੋਗੀ ਪਰੰਪਰਾਵਾਂ ਨਾਲ ਵੀ ਜੁੜਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪੁਰਾਤਨ ਜਨਮਸਾਖੀ ਦੀਆਂ ਇਹ ਰਚਨਾਵਾਂ ਅਜਿਹੇ ਵਿਅਕਤੀ ਦੀ ਰਚਨਾ ਹੈ ਜਿਸ ਨੂੰ ਫਾਰਸੀ ਸਾਹਿਤ ਅਤੇ ਨਾਥ-ਜੋਗੀ ਪਰੰਪਰਾ ਸਬੰਧੀ ਜਾਣਕਾਰੀ ਪ੍ਰਾਪਤ ਸੀ। ਇਸ ਬਾਰੇ ਭਾਈ ਵੀਰ ਸਿੰਘ ਅਤੇ ਹੋਰਨਾਂ ਵਿਦਵਾਨਾਂ ਨੇ ਕੋਈ ਵਿਚਾਰ-ਚਰਚਾ ਕਰਨੀ ਉਚਿਤ ਨਹੀਂ ਸਮਝੀ। 'ਪੁਰਾਤਨ ਜਨਮਸਾਖੀ' ਵਿਚ ਕੱਚੀ-ਬਾਣੀ ਦੀ ਮੌਜੂਦਗੀ ਇਸ ਦੀ ਪ੍ਰਮਾਣਿਕਤਾ ਉਤੇ ਪ੍ਰਸ਼ਨ ਚਿੰਨ੍ਹ ਤਾਂ ਲਾਉਂਦਾ ਹੀ ਹੈ ਪਰ ਇਸ ਤੋਂ ਇਸ ਦੇ ਰਚੈਤਾ ਬਾਰੇ ਕੁੱਝ ਇਸ਼ਾਰੇ ਜ਼ਰੂਰ ਮਿਲਦੇ ਹਨ ਜੋ ਕਰਤਿਤਵ ਦੇ ਮਸਲੇ ਨੂੰ ਸੁਲਝਾਉਣ ਲਈ ਸਹਾਈ ਹੋ ਸਕਦੇ ਹਨ। ਪੁਰਾਤਨ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਦੂਜੇ, ਤੀਜੇ, ਚੌਥੇ ਤੇ ਪੰਜਵੇਂ ਗੁਰੂ ਸਾਹਿਬ ਦੇ ਸ਼ਬਦ ਉਧਰਿਤ ਕੀਤੇ ਗਏ ਹਨ। ਇਹ ਤੱਥ ਵੀ ਸਾਖੀਕਾਰ ਦੀ ਭਰੋਸੇ ਯੋਗਤਾ ਨੂੰ ਠੇਸ ਪਹੁੰਚਾਉਂਦਾ ਹੈ। ਭਾਈ ਵੀਰ ਸਿੰਘ ਨੇ ਇਸ ਨੂੰ ਉਤਾਰਾਕਾਰ ਦੀ ਉਕਾਈ ਸਮਝਿਆ ਹੈ ਜੋ ਕਿ ਇਤਨੀ ਵਜਨਦਾਰ ਦਲੀਲ ਨਹੀਂ। ਪੁਰਾਤਨ ਜਨਮਸਾਖੀ ਦੀਆਂ ਵਿਭਿੰਨ ਸਾਖੀਆਂ ਵਿਚ ਸਾਖੀਕਾਰ ਨੇ ਗੁਰਬਾਣੀ ਦੇ ਬਹੁਤ ਸਾਰੇ ਸ਼ਬਦ/ ਸਲੋਕ ਉਧਰਿਤ ਕੀਤੇ ਹਨ। ਜਾਂ ਇਉਂ ਕਹੋ ਕਿ ਸੰਵਾਦ ਰਚਾਉਣ ਲਈ ਸਾਖੀਕਾਰ ਨੇ ਗੁਰਬਾਣੀ ਦਾ ਭਰਪੂਰ ਪ੍ਰਯੋਗ ਕੀਤਾ ਹੈ। ਸਾਖੀਕਾਰ ਨੇ ਗੁਰਬਾਣੀ ਦੇ ਸ਼ਬਦਾਂ ਦੀ ਉਥਾਨਕਾ ਲਈ ਸਾਖੀ ਨੂੰ ਆਧਾਰ ਬਣਾਇਆ ਹੈ ਜਿਸ ਰਾਹੀਂ ਗੁਰੂ ਸਾਹਿਬ ਦਾ ਸੰਦੇਸ਼ ਜਨ-ਸਾਧਾਰਨ ਤੱਕ ਪਹੁੰਚਾਉਣਾ ਆਸਾਨ ਹੋ ਗਿਆ ਹੈ। ਪਰ ਏਥੇ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਸਾਖੀਕਾਰ ਨੇ ਗੁਰਬਾਣੀ ਦੇ ਸੰਚਾਰ ਤੇ ਵਿਆਖਿਆ ਲਈ ਗੁਰਬਾਣੀ ਦੀ ਜੋ ਪਰੰਪਰਾ ਪ੍ਰਯੋਗ ਕੀਤੀ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਗੁਰਬਾਣੀ ਨਾਲ ਮੇਲ ਨਹੀਂ ਖਾਂਦੀ। ਵਿਦਵਾਨਾਂ ਨੇ ਇਸ ਮੁੱਦੇ ਨੂੰ ਵਿਚਾਰਨ ਕੋਈ ਉਚਿਤ ਨਹੀਂ ਸਮਝਿਆ। ਹੱਥਲੇ ਅਧਿਐਨ ਰਾਹੀਂ ਪੁਰਾਤਨ ਜਨਮਸਾਖੀ ਦੇ ਰਚੈਤਾ ਦੀ ਗੁਰਬਾਣੀ ਪ੍ਰਤੀ ਪਹੁੰਚ ਵਿਧੀ ਨੂੰ ਸਮਝਣ ਦਾ ਜਤਨ ਵੀ ਕੀਤਾ ਗਿਆ ਹੈ।

ਪੁਰਾਤਨ ਜਨਮਸਾਖੀ ਵਿੱਚ ਅੰਤਰ-ਨਿਹਿਤ ਧਾਰਮਿਕ ਸਮਾਜਿਕ ਸਰੋਕਾਰਾਂ ਦਾ ਚਿਤਰਨ ਤੇ ਇਸ ਵਿਚਲੀਆਂ ਬਹੁ-ਪਰਤੀ ਧਰਾਤਲਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਪਾਠਕਾਂ ਨੂੰ ਰਚਨਾ ਕਾਲ ਦੇ ਚਿੰਤਨ ਦੇ ਨਾਲ ਜੋੜਿਆ ਜਾ ਸਕੇ। ਇਸ ਅਧਿਐਨ ਦੇ ਲਈ ਵੀ ਇਕ ਅਜਿਹਾ ਖਾਕਾ ਤਿਆਰ ਕੀਤਾ ਹੈ ਜੋ ਸਮਾਜਿਕ ਤੇ ਧਾਰਮਿਕ ਪੱਖ ਤੋਂ ਇਲਾਵਾ ਆਰਥਿਕ, ਮਨੋਵਿਗਿਆਨਕ, ਮਿਥਿਹਾਸਿਕ ਆਦਿ ਬਹੁ-ਧਰਾਤਲੀ ਪ੍ਰਸੰਗਾਂ ਦੀਆਂ ਪਰਤਾਂ ਖੋਲਦੇ ਹਨ।

'ਪੁਰਾਤਨ ਜਨਮਸਾਖੀ' ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਿਸ ਪ੍ਰਕਾਰ ਦਾ ਬਿੰਬ ਉਭਰ ਕੇ ਪਾਠਕਾਂ ਸਾਹਮਣੇ ਆਉਂਦਾ ਹੈ ਇਸ ਸਬੰਧੀ ਵਿਚਾਰ ਵੀ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨਾ ਸਿਰਫ ਧਾਰਮਿਕ ਰਹਿਬਰ ਸਨ ਬਲਕਿ ਉਹ ਇਕ ਯੁਗ ਪੁਰਸ਼ ਵੀ ਸਨ। ਗੁਰੂ ਨਾਨਕ ਦੁਆਰਾ ਇਕ ਨਵੇਂ ਸਮਾਜ ਦੀ ਸਿਰਜਣਾ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਵਿਅਕਤਿਤਵ ਦੇ ਹੋਰਨਾਂ ਪਹਿਲੂਆਂ ਨੂੰ ਵੀ ਉਜਾਗਰ ਕਰਨ ਦਾ ਯਤਨ ਕੀਤਾ ਹੈ।

ਮੂਲ-ਰੂਪ ਵਿਚ ਸਾਡੇ ਅਧਿਐਨ ਦਾ ਉਦੇਸ਼ ਪੁਰਾਤਨ ਜਨਮ-ਸਾਖੀ ਦੇ ਇਤਿਹਾਸ ਦੀ ਖੋਜ ਕਰਨ ਤੋਂ ਇਲਾਵਾ ਇਸ ਵਿਚ ਦਰਜ ਸਾਖੀਆਂ ਦੇ ਸਹੀ ਪਾਠ ਨੂੰ ਨਿਰਧਾਰਿਤ ਕਰਨਾ ਅਤੇ ਸਾਖੀਕਾਰ ਦੀ ਗੁਰਬਾਣੀ ਪ੍ਰਤੀ ਪਹੁੰਚ ਨੂੰ ਸਮਝਣਾ ਹੈ। ਹੱਥਲੇ ਅਧਿਐਨ ਰਾਹੀਂ ਪ੍ਰਾਪਤ ਹੱਥ-ਲਿਖਤਾਂ ਵਿਚੋਂ ਸਭ ਤੋਂ ਪੁਰਾਤਨ ਹੱਥ-ਲਿਖਤਾਂ ਦੇ ਆਧਾਰ 'ਤੇ ਸ਼ੁੱਧ ਪਾਠ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਟੀਚੇ ਦੀ ਪ੍ਰਾਪਤੀ ਲਈ ਜੋ ਅਧਿਐਨ ਵਿਧੀ ਅਪਣਾਈ ਗਈ ਹੈ, ਉਹ ਨਿਮਨ-ਲਿਖਤ ਅਨੁਸਾਰ ਹੈ:

ਪੁਰਾਤਨ ਜਨਮਸਾਖੀ ਵਿਚ ਦਰਜ ਗੁਰਬਾਣੀ ਪਾਠ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਤੁਲਨਾਤਮਕ ਅਧਿਐਨ ਕਰਕੇ ਹੱਥ-ਲਿਖਤ ਵਿਚਲੇ ਪਾਠ-ਭੇਦਾਂ ਨੂੰ ਸਥਾਪਿਤ ਕੀਤਾ ਗਿਆ ਹੈ। ਇਸ ਅਧਿਐਨ ਨੂੰ ਵੀ ਅੰਤਿਕਾ-1 ਵਿਚ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੁਰਾਤਨ ਜਨਮਸਾਖੀ ਵਿਚ ਜਿਨ੍ਹਾਂ ਵਿਅਕਤੀਆਂ ਅਤੇ ਥਾਵਾਂ ਦਾ ਜਿਕਰ ਹੋਇਆ ਹੈ, ਉਨ੍ਹਾਂ ਦੀ ਜਾਣਕਾਰੀ ਅੰਤਿਕਾ-2 ਵਿਚ ਦਿੱਤੀ ਗਈ ਹੈ। ਏਸੇ ਤਰ੍ਹਾਂ ਪਾਠ ਵਿਚ ਕਠਨ ਸ਼ਬਦਾਂ ਦੇ ਅਰਥ ਵੀ ਅੰਤਿਕਾ-2 ਵਿਚ ਦਿੱਤੇ ਹਨ।

ਬਹੁਤ ਸਾਰੇ ਵਿਦਵਾਨਾਂ ਦਾ ਖਿਆਲ ਹੈ ਕਿ ਪੁਰਾਤਨ ਜਨਮਸਾਖੀ ਦਾ ਕੋਲਬਰੁਕ ਵਾਲਾ ਖਰੜਾ ਉਪਲਬਧ ਹੱਥ-ਲਿਖਤ ਖਰੜਿਆਂ ਵਿਚੋਂ ਸਭ ਤੋਂ ਪੁਰਾਤਨ ਹੈ। ਇਸ ਲਈ ਜਨਮਸਾਖੀ ਪਾਠ ਨਿਰਧਾਰਿਤ ਕਰਨ ਲਈ ਇਸ ਨੂੰ ਆਧਾਰ ਭੂਤ ਨੁਸਖੇ ਵਜੋਂ ਵਰਤਿਆ ਹੈ। ਇਸ ਵਿਚੋਂ ਛੁਟੇ ਪਾਠ ਅਤੇ ਪਾਠ-ਭੇਦਾਂ ਨੂੰ ਸਮਝਣ ਲਈ ਨਿਮਨ-ਲਿਖਤ ਚਾਰ ਖਰੜਿਆਂ ਅਤੇ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਸੰਸਕਰਣ (ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ) ਦੀ ਸਹਾਇਤਾ ਲਈ ਗਈ ਹੈ। ਇਸ ਪ੍ਰਕਿਰਿਆ ਅਧੀਨ ਜਿਹੜੇ ਚਾਰ ਖਰੜੇ ਬਹੁਤ ਹੱਦ ਤੱਕ ਜਨਮਸਾਖੀ (ਕੋਲਬਰੁਕ ਵਾਲੀ ਜਨਮਸਾਖੀ) ਨਾਲ ਮਿਲਦੇ ਹਨ। ਉਹ ਨਿਮਨ-ਲਿਖਤ ਅਨੁਸਾਰ ਹਨ:

**ਹੱਥ-ਲਿਖਤ : MS # 194 ਪੁਰਾਤਨ ਜਨਮਸਾਖੀ** ਭਾਸ਼ਾ ਵਿਭਾਗ, ਪਟਿਆਲਾ, ਪੰਜਾਬ।

**ਹੱਥ-ਲਿਖਤ: MSS # 506 ਪੁਰਾਤਣ ਜਨਮਸਾਖੀ** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

**ਹੱਥ-ਲਿਖਤ : MSG 79 ਜਨਮਸਾਖੀ ਬਾਬੇ ਨਾਨਕ ਜੀ ਕੀ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। **ਹੱਥ-ਲਿਖਤ : MSS 2913 ਜਨਮਸਾਖੀ ਬਾਬੇ ਨਾਨਕ ਕੀ,** ਸੈਂਟਰਲ ਸਟੇਟ ਲਾਇਬ੍ਰੇਰੀ,

ਪਟਿਆਲਾ। **ਪੁਰਾਤਨ ਜਨਮਸਾਖੀ** : **ਸ੍ਰੀ ਗੁਰੂ ਨਾਨਕ ਦੇਵ ਜੀ,** ਭਾਈ ਵੀਰ ਸਿੰਘ (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2012., **ਹੱਥ-ਲਿਖਤ : MSS 2665 ਪੁਰਾਤਨ ਜਨਮਸਾਖੀ,** ਪੰਜਾਬ ਹਿਸਟੌਰੀਕਲ ਸਟੱਡੀਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਖਰੜਿਆਂ ਨੂੰ ਪਾਠਾਂਤਰ ਉਜਾਗਰ ਕਰਨ ਦੇ ਲਈ ਅਧਿਐਨ ਵਿਚ ਸ਼ਾਮਿਲ ਕੀਤਾ ਹੈ।

**ਵਿਧੀ:** ਸਾਰੀਆਂ ਹੱਥ-ਲਿਖਤਾਂ ਲਈ ਇਕ ਸਮਾਨ ਪ੍ਰਤਿਮਾਨ ਰੱਖੇ ਗਏ ਹਨ।

1. ਉਪਰੋਕਤ ਹੱਥ-ਲਿਖਤ ਖਰੜਿਆਂ ਨੂੰ ਕ੍ਰਮਵਾਰ ੳ, ਅ, ੲ, ਸ, ਹ, ਕ ਵਜੋਂ ਫੁਟ-ਨੋਟਾਂ ਦੇ ਵਿਚ ਪ੍ਰਤਿਮਾਨ ਦਿੱਤੇ ਗਏ ਹਨ। ਜਿਵੇਂ ਕਿ:

   'ੳ' ਹੱਥ-ਲਿਖਤ 194 ਨੂੰ ਪੇਸ਼ ਕਰੇਗੀ।

   'ਅ' ਹੱਥ-ਲਿਖਤ 506 ਨੂੰ ਪੇਸ਼ ਕਰੇਗੀ।

   'ੲ' ਹੱਥ-ਲਿਖਤ 79 ਨੂੰ ਪੇਸ਼ ਕਰੇਗੀ।

   'ਸ' ਹੱਥ-ਲਿਖਤ 2913 ਨੂੰ ਪੇਸ਼ ਕਰੇਗੀ।

   'ਹ' ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਸੰਸਕਰਣ।

   'ਕ' ਹੱਥ-ਲਿਖਤ 2665 ਨੂੰ ਪੇਸ਼ ਕਰੇਗੀ।

2. ਹੱਥ-ਲਿਖਤਾਂ ਵਿੱਚ ਦਰਜ ਵਾਧੂ ਪਾਠ ਨੂੰ ਚੌਰਸ ਬਰੈਕਟ [ ] ਦਾ ਰੈਂਫਰੈਂਸ ਦੇ ਕੇ ਫੁੱਟ-ਨੋਟ ਵਿਚ ਦਰਜ ਕੀਤਾ ਗਿਆ ਹੈ।

3. ਜਿਹੜੇ ਪਾਠ ਸਬੰਧਿਤ ਹੱਥ-ਲਿਖਤ ਖਰੜਿਆਂ ਵਿਚ ਦਰਜ ਨਹੀਂ ਉਨ੍ਹਾਂ ਨੂੰ ਇਕ ਸਮਾਨ ਨੰਬਰ ਦੋ ਵਾਰ ਦਿਤੇ ਹਨ ਜਿਵੇਂ [1]ਅਸਲ[1] , [2]ਮਰਦਾਨਾ[2] , [3]ਸਰੋਦਿ ਵਜਾਉਂਦੇ[3] .

4. ਪਾਠ-ਭੇਦ ਨੂੰ ਦਰਸਾਉਣ ਲਈ ਬੋਲਡ ਫੌਂਟ ਦਾ ਪ੍ਰਯੋਗ ਕੀਤਾ ਹੈ।

5. ਜਨਮਸਾਖੀ ਗੁਰੂ ਨਾਨਕ ( ਕੋਲਬਰੁਕ ਵਾਲੀ ਜਨਮਸਾਖੀ ) ਹੱਥ-ਲਿਖਤ ਵਿਚ ਦਰਜ ਗੁਰਬਾਣੀ ਜੋ ਗਲਤੀ ਨਾਲ ਗੁਰੂ ਨਾਨਕ ਦੇਵ ਜੀ ਦੀ ਸਮਝੀ ਗਈ ਹੈ ਪਰ ਹੈ ਉਹ ਮਹਲਾ ਦੂਜਾ, ਮਹਲਾ ਤੀਜਾ, ਮਹਲਾ ਚੌਥਾ ਤੇ ਮਹਲਾ ਪੰਜਵਾਂ ਦੀ, ਉਸ ਦੇ ਸਹੀ ਪਾਠ ਤੇ ਕਰਤਾ ਬਾਰੇ ਫੁਟ-ਨੋਟ ਵਿਚ ਜ਼ਿਕਰ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਸਹਿਤ ਦਿੱਤਾ ਹੈ।

6. ਜਿਹੜੀ ਸਾਖੀ ਸਬੰਧਿਤ ਹੱਥ-ਲਿਖਤ ਵਿਚ ਦਰਜ ਨਹੀਂ ਹੈ ਉਸ ਲਈ ਗੋਲ ਚੱਕਰ ° ਚਿੰਨ੍ਹ ਦਾ ਪ੍ਰਯੋਗ ਕੀਤਾ ਹੈ। ਜਿਵੇਂ ° - ੳ ਲਈ, °° - ਅ ਲਈ, °°° - ੲ ਲਈ, °°°° - ਸ ਲਈ, °°°°° - ਹ ਲਈ, °°°°°° - ਕ ਲਈ ਪ੍ਰਯੋਗ ਕੀਤੇ ਗਏ ਹਨ।

7. ਜਿਹੜੀ ਰਚਨਾ ਸ੍ਰੀ ਗੁਰੂ ਗੰਥ ਸਾਹਿਬ ਵਿਚ ਦਰਜ ਨਹੀਂ, ਉਸ ਨੂੰ ਰੇਖਾਂਕਿਤ ਕੀਤਾ ਗਿਆ ਹੈ।

8. ਪਾਠ-ਭੇਦਾਂ ਦੇ ਰਲ-ਗਡ ਹੋਣ ਤੋਂ ਬਚਣ ਲਈ ਸਬੰਧਿਤ ਹੱਥ-ਲਿਖਤ ਦੇ ਪ੍ਰਯੋਗ ਚਿੰਨ੍ਹ ਦੇ ਨਾਲ ਜੰਜ਼ੀਰਦਾਰ ਬ੍ਰੈਕਟ { } ਦੀ ਵਰਤੋਂ ਕੀਤੀ ਗਈ ਹੈ।

9. ਵਾਧੂ ਪਾਠ-ਭੇਦ ਜਿਹੜੇ ਵੱਖ-ਵੱਖ ਹੱਥ-ਲਿਖਤ ਖਰੜਿਆਂ ਵਿਚ ਦਰਜ ਹਨ ਉਨ੍ਹਾਂ ਨੂੰ ਦਰਜ ਨਹੀਂ ਕੀਤਾ ਗਿਆ ਜਿਵੇਂ ਗੁਰੂ ਨਾਨਕ, ਗੁਰੂ ਬਾਬਾ, ਬਾਬਾ ਨਾਨਕ, ਬਾਬਾ ਜੀ ਆਦਿ।

10. ਸ਼ਬਦ ਬਣਤਰ ਦੇ ਅਧਾਰ ਤੇ ਜਿਹੜੇ ਸ਼ਬਦ ਉਚਾਰਣ ਪੱਧਰ 'ਤੇ ਸਮਾਨਤਾ ਰੱਖਦੇ ਹਨ ਜਿਵੇਂ ਗਇਆ, ਹੋਆ, ਆਖਿਓਸੁ, ਆਖਿਓਨੁ, ਕਹਿਆ, ਦੇਹ, ਲੈਕਰੁ, ਜੀਓ ਆਦਿ ਅਨੇਕਾਂ ਸਬਦਾਂ ਦੀ ਪੁਰਾਤਨਤਾ ਨੂੰ ਤਬਦੀਲ ਨਹੀਂ ਕੀਤਾ ਗਿਆ।

11. ਹੱਥ-ਲਿਖਤ ਖਰੜੇ ਵਿਚ ਦਰਜ ਖਾਸ ਨਾਂਵ, ਔਖੇ ਸ਼ਬਦਾਂ ਨੂੰ ਇਟੈਲਿਕ (*Italic)* ਕਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਦੇ ਅਰਥਾਂ ਨੂੰ ਵਿਆਕਰਣਿਕ ਤਰਤੀਬ ਅਧੀਨ ਅੰਤਿਕਾ ਵਿਚ ਦਰਜ ਕੀਤਾ ਗਿਆ ਹੈ।

ਪੁਰਾਤਨ ਜਨਮਸਾਖੀ ਦੇ ਪਾਠ ਨੂੰ ਨਿਰਧਾਰਣ ਕਰਨ ਦਾ ਮੂਲ-ਉਦੇਸ਼ ਸ਼ੁੱਧ ਤੇ ਸਹੀ ਪਾਠ ਨੂੰ ਸਥਾਪਤ ਕਰਨਾ ਅਤੇ ਨਾਲ ਹੀ ਵੱਖੋ-ਵੱਖਰੇ ਹੱਥ-ਲਿਖਤ ਨੁਸਖਿਆਂ ਦੇ ਆਧਾਰ 'ਤੇ ਇਸ ਵਿਚਲੇ ਪਾਠ-ਭੇਦ, ਕੱਚੀ-ਬਾਣੀ ਦੀ ਤਹਿ ਤਕ ਜਾਣ ਦਾ ਹੈ। ਸਿੱਖ ਇਤਿਹਾਸ ਵਿਚ ਪੁਰਾਤਨ ਜਨਮਸਾਖੀ ਦੀ ਵਿਸ਼ੇਸ਼ ਮਹੱਤਾ ਹੈ ਅਤੇ ਇਸ ਦੇ ਸਹੀ ਅਤੇ ਪ੍ਰਮਾਣਿਕ ਪਾਠ ਨੂੰ ਸਥਾਪਿਤ ਕਰਨ ਲਈ ਜਿਨ੍ਹਾਂ ਪੰਜ ਹੱਥ-ਲਿਖਤ ਖਰੜਿਆਂ - ੳ. ਹੱਥ-ਲਿਖਤ, ਅ. ਹੱਥ-ਲਿਖਤ, ੲ. ਹੱਥ-ਲਿਖਤ, ਸ. ਹੱਥ-ਲਿਖਤ, ਹ. ਪੁਸਤਕ, ਕ. ਹੱਥ-ਲਿਖਤ ਦੀ ਸਹਾਇਤਾ ਲਈ ਗਈ ਹੈ, ਉਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ।

ਅਧਾਰ-ਭੂਤ ਹੱਥ-ਲਿਖਤ ਦੀ ਜਿੰਕੋਗ੍ਰਾਫ ਪ੍ਰਿੰਟ (ਜਨਮਸਾਖੀ ਗੁਰ ਨਾਨਕ) ਖਾਲਸਾ ਕਾਲਜ ਦੇ ਸਿਖ ਹਿਸਟਰੀ ਐਂਡ ਰਿਸਰਚ ਡਿਪਾਰਟਮੈਂਟ ਵਿਚ ਐਮ ਐਸ : 1465 ਉਪਰ ਸੁਰੱਖਿਅਤ ਹੈ। ਇਸ ਪੋਥੀ ਨੂੰ ਕਾਲਬਰੁਕ ਵਾਲੀ ਜਨਮਸਾਖੀ ਵਜੋਂ ਵੀ ਜਾਣਿਆ ਜਾਂਦਾ ਹੈ। ਕਿਉਂਕਿ ਇਹ ਬ੍ਰਿਟਿਸ਼ ਲਾਇਬਰੇਰੀ ਲੰਡਨ, ਇੰਗਲੈਂਡ ਵਿਚੋਂ ਲੱਭੀ ਸੀ ਇਸ ਲਈ ਇਸ ਨੂੰ ਵਿਲਾਇਤ ਵਾਲੀ ਜਨਮਸਾਖੀ ਵੀ ਕਿਹਾ ਜਾਂਦਾ ਹੈ। ਇਸ ਹੱਥ-ਲਿਖਤ ਦੇ ਲੇਖਕ ਸੰਬੰਧੀ ਕੋਈ ਜਾਣਕਾਰੀ ਪ੍ਰਾਪਤ ਨਹੀਂ। ਇਸ ਪੋਥੀ ਵਿਚ ਸਾਖੀਆਂ ਦੇ ਸਿਰਲੇਖ ਦਰਜ ਨਹੀਂ ਕੀਤੇ ਗਏ। ਹੱਥ-ਲਿਖਤ ਦੇ ਕੁਲ ਪੰਨੇ 279 ਹਨ ਅਤੇ ਚਾਰੇ ਪਾਸੇ ਹਾਸ਼ੀਏ ਲਾਏ ਗਏ ਹਨ। ਪੁਰਾਤਨ ਜਨਮਸਾਖੀ ਦੇ ਪਾਠ ਨੂੰ ਨਿਰਧਾਰਣ ਕਰਨ ਲਈ ਇਸ ਹੱਥ-ਲਿਖਤ ਖਰੜੇ ਨੂੰ ਅਧਾਰ ਬਣਾਇਆ ਗਿਆ ਹੈ।

**ੳ. ਹੱਥ-ਲਿਖਤ**: ਇਹ ਹੱਥ-ਲਿਖਤ ਭਾਸ਼ਾ ਵਿਭਾਗ,ਪੰਜਾਬ। ਪਟਿਆਲਾ ਵਿਚ ਐਮ ਐਸ :194 (ਪੁਰਾਤਨ ਜਨਮਸਾਖੀ) ਉਪਰ ਸੁਰਖਿਅਤ ਹੈ।ਇਸ ਵਿਚਲੇ ਕੁਝ ਪੱਤਰੇ ਫਟੇ ਹੋਏ ਹਨ।ਇਸ ਹੱਥ-ਲਿਖਤ

ਦੀ ਲਿਖਾਈ ਇਕ ਸਮਾਨ ਹੈ। ਇਸ ਵਿਚ ਕੁਲ 30 ਸਾਖੀਆਂ ਪ੍ਰਾਪਤ ਹੁੰਦੀਆਂ ਹਨ। ਇਸ ਹੱਥ-ਲਿਖਤ ਦੇ ਲਿਖਾਰੀ ਅਤੇ ਲਿਖਣ ਕਾਲ ਸੰਬੰਧੀ ਕੋਈ ਵੇਰਵਾ ਪ੍ਰਾਪਤ ਨਹੀਂ ਹੈ। ਭਾਵੇਂ ਇਹ ਅਧੂਰਾ ਅਤੇ ਮਿਤੀ-ਹੀਣ ਹੈ ਪਰ ਸਾਡੀ ਨਜ਼ਰ ਵਿਚ ਪ੍ਰਾਪਤ ਹੱਥ-ਲਿਖਤ ਖਰੜਿਆਂ ਵਿਚ ਇਸ ਨੂੰ ਪਹਿਲੇ ਸਥਾਨ ਤੇ ਰੱਖਿਆ ਜਾ ਸਕਦਾ ਹੈ। ਸ. ਸ. ਪਦਮ ਨੇ ਇਸ ਨੂੰ ਸਾਖੀ ਮਹਲੁ ਪਹਿਲੇ ਕੀ ਦੇ ਨਾਮ ਹੇਠ ਸਿੰਘ ਬ੍ਰਦਰਜ਼ ਅੰਮ੍ਰਿਤਸਰ ਰਾਹੀਂ 2014 ਵਿਚ ਪ੍ਰਕਾਸ਼ਿਤ ਕੀਤਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਇਸ ਦਾ ਰਚਨਾ-ਕਾਲ 1570-74 ਤੇ ਇਸ ਦਾ ਰਚਿਆਰ ਗੁਰੂ ਨਾਨਕ ਦੇਵ ਤੋਂ ਵਰੋਸਾਏ ਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂਆਂ - ਗੁਰੂ ਅੰਗਦ ਤੇ ਗੁਰੂ ਅਮਰਦਾਸ ਦਾ ਸੇਵਕ, ਸੀਹਾਂ ਸੀ।

**ਅ. ਹੱਥ-ਲਿਖਤ:** ਇਹ ਹੱਥ-ਲਿਖਤ ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਹੱਥ-ਲਿਖਤ ਸੈਕਸ਼ਨ ਵਿਚ ਐਮਐਸ : 506 (ਪੁਰਾਤਣ ਜਨਮਸਾਖੀ) ਉਪਰ ਸੁਰਖਿਅਤ ਹੈ।ਇਸ ਹੱਥ-ਲਿਖਤ ਦੇ ਲਿਖਣ-ਕਾਲ ਸੰਬੰਧੀ ਕੋਈ ਵੇਰਵਾ ਦਰਜ ਨਹੀਂ। ਲਿਖਾਈ ਇਕ ਸਮਾਨ ਹੈ। ਇਸ ਵਿਚ ਦਰਜ ਸਾਖੀਆਂ ਦੀ ਗਿਣਤੀ 47 ਹੈ। ਇਹ ਵੀ ਅਧੂਰਾ ਹੈ ਪਰ ਇਸ ਦੀ ਪੁਰਾਤਨਤਾ ਬਾਰੇ ਕੋਈ ਸੰਦੇਹ ਨਹੀਂ।

**ੲ. ਹੱਥ-ਲਿਖਤ:** ਇਹ ਹੱਥ-ਲਿਖਤ ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਹੱਥ-ਲਿਖਤ ਸੈਕਸ਼ਨ ਵਿਚ ਐਮਐਸ:79 (ਪੁਰਾਤਨ ਜਨਮਸਾਖੀ ਬਾਬੇ ਨਾਨਕ ਜੀ ਕੀ) ਉਪਰ ਸੁਰੱਖਿਅਤ ਹੈ। ਇਸ ਹੱਥ-ਲਿਖਤ ਵਿਚ 57 ਸਾਖੀਆਂ ਦਰਜ ਹਨ। ਇਸ ਦਾ ਲਿਖਣ ਕਾਲ 1791 ਈ. ਹੈ ਪਰ ਇਸ ਦੇ ਲਿਖਾਰੀ ਸੰਬੰਧੀ ਕੋਈ ਵੇਰਵਾ ਦਰਜ ਨਹੀਂ ਹੈ।

**ਸ. ਹੱਥ-ਲਿਖਤ:**ਇਹ ਹੱਥ-ਲਿਖਤ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਵਿਚ ਐਮਐਸ :2913 (ਬੀ) (ਪੁਰਾਤਨ ਜਨਮਸਾਖੀ ਬਾਬੇ ਨਾਨਕ ਜੀ ਕੀ) ਉਪਰ ਸੁਰਖਿਅਤ ਹੈ। ਇਸ ਦਾ ਲਿਖਣ ਕਾਲ ਸੰਮਤ 1853 ਭਾਵ 1796 ਈ. ਹੈ।ਇਸ ਹੱਥ ਲਿਖਤ ਦੇ ਲੇਖਕ ਬਾਰੇ ਕੋਈ ਜਾਣਕਾਰੀ ਉਪਲਬਧ ਨਹੀਂ ।

**ਹ. ਪੁਸਤਕ:** ਇਹ ਪੁਸਤਕ (ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ) ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਸੰਸਕਰਣ ਹੈ। ਭਾਈ ਸਾਹਿਬ ਜੀ ਨੇ ਇਸ ਦੀ ਸੰਪਾਦਨਾ ਲਈ ਕੋਲਬਰੁਕ/ ਵਿਲਾਇਤ ਵਾਲੇ ਨੁਸਖੇ ਤੋਂ ਇਲਾਵਾ ਹਾਫਿਜ਼ਾਬਾਦ ਵਾਲੇ ਨੁਸਖੇ ਜਿਸ ਨੂੰ ਮੈਕਾਲਿਫ ਨੇ 1885 ਈ. ਵਿਚ ਲਾਹੌਰ ਤੋਂ ਛਪਾਇਆ ਸੀ, ਦੀ ਸਹਾਇਤਾ ਲਈ ਹੈ। ਇਹ ਪੁਸਤਕ 1926 ਈ: ਵਿਚ ਪਹਿਲੀ ਵਾਰ ਸੰਪਾਦਿਤ ਕੀਤੀ ਗਈ। ਇਸ ਦੀ ਦੂਸਰੀ ਛਾਪ ਲਈ ਭਾਈ ਸਾਹਿਬ ਨੇ ਖਾਲਸਾ ਕਾਲਜ ਵਿਚਲੇ ਨੁਸਖੇ ਨੰ. 2310 ਤੋਂ ਵੀ ਲਾਭ ਉਠਾਇਆ ਹੈ।

**ਕ. ਹੱਥ-ਲਿਖਤ:** ਉਪਰੋਕਤ ਤੋਂ ਇਲਾਵਾ ਪੁਰਾਤਨ ਜਨਮਸਾਖੀ ਦਾ ਇਕ ਹੋਰ ਖਰੜਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬ ਹਿਸਟੌਰੀਕਲ ਸਟੱਡੀਜ਼ ਵਿਭਾਗ ਵਿਚ 2665 ਨੰਬਰ ਉਪਰ ਉਪਲਬਧ ਹੈ। ਸ.ਸ. ਪਦਮ ਅਨੁਸਾਰ ਇਸ ਦਾ ਉਤਾਰਕਾਰ ਦਇਆ ਰਾਮ ਅਬਰੋਲ ਸੀ ਜੋ B#40 ਜਨਮਸਾਖੀ ਦਾ ਰਚੈਤਾ ਵੀ ਸੀ। ਇਹ ਉਤਾਰਾ ਨੁਸਖੇ ਵਿਚ ਪ੍ਰਾਪਤ ਜਾਣਕਾਰੀ ਅਨੁਸਾਰ 1731 ਈ. ਵਿਚ ਕੀਤਾ ਗਿਆ ਸੀ। ਡਾ. ਰਤਨ ਸਿੰਘ ਜੱਗੀ ਨੇ ਪੁਰਾਤਨ ਜਨਮਸਾਖੀ ਨੇ ਵਿਸਲੇਸ਼ਲਾਤਮਕ ਅਧਿਐਨ ਲਈ ਇਸ ਨੁਸਖੇ ਦਾ ਪ੍ਰਯੋਗ ਕੀਤਾ ਹੈ। ਇਹ ਖਰੜਾ ਕਿਉਂਕਿ ਬਹੁਤ ਖਸਤਾ ਹਾਲਤ ਵਿਚ ਹੈ ਇਸ ਲਈ ਸਾਡੇ ਅਧਿਐਨ ਵਿਚ ਇਸ ਦੀ ਵਰਤੋਂ ਬਹੁਤ ਹੀ ਮਹੱਤਵਪੂਰਣ ਤੱਥਾਂ ਨੂੰ ਉਜਾਗਰ ਕਰਨ ਹਿਤ ਕੀਤੀ ਗਈ ਹੈ।

III

ਹੱਥਲੇ ਖੋਜ-ਕਾਰਜ ਨੂੰ ਛੇ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਾਠ ਨਿਰਧਾਰਨ ਕਰਨ ਤੋਂ ਪਹਿਲੇ ਪੁਰਾਤਨ ਜਨਮਸਾਖੀ ਦੇ ਇਤਿਹਾਸ ਤੇ ਇਸ ਦੇ ਪ੍ਰਗਟ ਹੋਣ ਬਾਰੇ ਪਹਿਲੇ ਅਧਿਆਇ ਵਿਚ ਵਿਚਾਰ-ਚਰਚਾ ਕੀਤੀ ਗਈ ਹੈ। ਦੂਜੇ ਅਧਿਆਇ ਵਿਚ ਪੁਰਾਤਨ ਜਨਮ ਸਾਖੀ ਵਿਚ ਸਾਖੀਆਂ ਦੀ ਤਰਤੀਬ ਨੂੰ ਹੋਰਨਾਂ ਜਨਮਸਾਖੀ ਪਰੰਪਰਾਵਾਂ ਦੇ ਆਧਾਰ ’ਤੇ ਘੋਖਣ ਦਾ ਜਤਨ ਕੀਤਾ ਹੈ। ਕਿਉਂਕਿ ਪੁਰਾਤਨ ਜਨਮਸਾਖੀ ਵਿਚ ਕੱਚੀ-ਬਾਣੀ ਦੀਆਂ ਕਾਫੀ ਰਚਨਾਵਾਂ ਸ਼ਾਮਿਲ ਹਨ ਜੋ ਇਸ ਦੇ ਮੁੱਢਲੇ ਸਰੂਪ ਤੇ ਸਰੋਕਾਰ ਬਾਰੇ ਕਈ ਪ੍ਰਸ਼ਨ ਖੜੇ ਕਰਦੀਆਂ ਹਨ। ਇਨ੍ਹਾਂ ਰਚਨਾਵਾਂ ਦੇ ਸਰੋਤ ਤੇ ਸਰੋਕਾਰ ਨੂੰ ਤੀਜੇ ਅਧਿਆਇ ਵਿਚ ਅਧਿਐਨ ਦਾ ਵਿਸ਼ਾ ਬਣਾਇਆ ਹੈ। ਸਾਖੀਕਾਰ ਨੇ ਆਪਣੇ ਮੰਤਵ ਲਈ ਗੁਰਬਾਣੀ ਦੇ ਬਹੁਤ ਸਾਰੇ ਸ਼ਬਦ/ ਸਲੋਕ ਇਸਤੇਮਾਲ ਕੀਤੇ ਹਨ। ਉਸ ਦੀ ਗੁਰਬਾਣੀ ਪ੍ਰਤੀ ਸਮਝ ਤੇ ਪਹੁੰਚ ਨੂੰ ਚੌਥੇ ਅਧਿਆਇ ਵਿਚ ਵਿਚਾਰਿਆ ਗਿਆ ਹੈ। ਕੋਈ ਵੀ ਸਾਹਿਤਕ ਰਚਨਾ ਕਿਸੇ ਉਦੇਸ਼ ਨੂੰ ਸਾਹਮਣੇ ਰੱਖ ਕੇ ਰਚੀ ਜਾਂਦੀ ਹੈ। ਪੁਰਾਤਨ ਜਨਮਸਾਖੀ ਦੇ ਕਰਤਾ ਜਾਂ ਵਾਰਤਾਕਾਰ ਦੇ ਸਮਾਜਿਕ ਤੇ ਧਾਰਮਿਕ ਸਰੋਕਾਰਾਂ ਦੀ ਪ੍ਰਕ੍ਰਿਤੀ ਕਿਸ ਪ੍ਰਕਾਰ ਦੀ ਹੈ ਇਸ ਵਿਸ਼ੇ ਉਪਰ ਚਰਚਾ ਪੰਜਵੇਂ ਅਧਿਆਇ ਵਿਚ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਧਾਰਮਿਕ ਰਹਿਬਰ ਤੋਂ ਇਲਾਵਾ ਇਕ ਐਸੀ ਬਹੁ-ਪੱਖੀ ਤੇ ਪ੍ਰਤਿਭਾਸ਼ਾਲੀ ਸ਼ਖਸੀਅਤ ਸਨ ਜਿਸ ਦਾ ਪ੍ਰਭਾਵ ਸਹਿਜ ਰੂਪ ਵਿਚ ਹੀ ਜਗਿਆਸੂਆਂ ਤੇ ਉਨ੍ਹਾਂ ਦੇ ਸੰਪਰਕ ਵਿਚ ਆਉਣ ਨਾਲ ਲੋਕਾਂ ਉਪਰ ਪੈ ਜਾਂਦਾ ਸੀ। ਉਨ੍ਹਾਂ ਦੀ ਸੰਗਤ ਵਿਚ ਮਨੁੱਖਾਂ ਦੇ ਹਿਰਦੇ-ਪਰਿਵਰਤਨ ਹੋ ਜਾਂਦਾ ਸੀ। ਪੁਰਾਤਨ ਜਨਮਸਾਖੀ ਦੇ ਕਰਤਾ ਨੇ ਗੁਰੂ ਸਾਹਿਬ ਦਾ ਕਿਹੋ ਜਿਹਾ ਬਿੰਬ ਉਸਾਰਿਆ ਹੈ ਤੇ ਇਸ ਨੂੰ ਕਿਵੇਂ ਪ੍ਰਸਤੁਤ ਕੀਤਾ ਹੈ ਇਸ ਬਾਰੇ ਚਰਚਾ ਛੇਵੇਂ ਅਧਿਆਇ ਵਿਚ ਕੀਤੀ ਹੈ। ਅਧਿਐਨ ਉਪਰੰਤ ਪ੍ਰਾਪਤ ਹੋਏ ਸਿੱਟੇ ਨੂੰ ਸਾਰੰਸ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਪੁਰਾਤਨ ਜਨਮਸਾਖੀ ਵਿਚ ਜਿਨ੍ਹਾਂ ਵਿਅਕਤੀਆਂ ਅਤੇ ਥਾਵਾਂ ਦਾ ਜ਼ਿਕਰ ਹੋਇਆ ਹੈ, ਉਨ੍ਹਾਂ ਦੀ ਜਾਣਕਾਰੀ ਅੰਤਿਕਾ ਵਿਚ ਦਰਜ ਕੀਤੀ ਗਈ ਹੈ। ਏਸੇ ਤਰ੍ਹਾਂ ਪਾਠ ਵਿਚ ਕਠਿਨ ਸ਼ਬਦਾਂ ਦੇ ਅਰਥ ਵੀ

ਅੰਤਿਕਾ ਵਿਚ ਦਿੱਤੇ ਹਨ। ਇਸ ਤੋਂ ਇਲਾਵਾ ਪੁਰਾਤਨ ਜਨਮਸਾਖੀ ਵਿਚ ਦਰਜ ਪਾਠ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਤੁਲਨਾਤਮਕ ਅਧਿਐਨ ਕਰਕੇ ਸੰਬੰਧਿਤ ਹੱਥ-ਲਿਖਤ ਵਿਚਲੇ ਪਾਠ-ਭੇਦਾਂ ਨੂੰ ਸਥਾਪਿਤ ਕੀਤਾ ਗਿਆ ਹੈ। ਇਸ ਅਧਿਐਨ ਨੂੰ ਵੀ ਅੰਤਿਕਾ ਵਿਚ ਦਰਜ ਹੀ ਕੀਤਾ ਗਿਆ ਹੈ।

# ਪੁਰਾਤਨ ਜਨਮਸਾਖੀ ਦਾ ਇਤਿਹਾਸ

ਜਨਮਸਾਖੀ ਸਾਹਿਤ ਵਿਚ ਸਭ ਤੋਂ ਵਧੇਰੇ ਰਚਨਾਵਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਨਾਲ ਸੰਬੰਧਿਤ ਹਨ। 'ਸਾਖੀ' ਸ਼ਬਦ ਸੰਸਕ੍ਰਿਤ ਦੇ 'ਸਾਕਸ਼ੀ' ਦਾ ਰੂਪਾਂਤਰ ਹੈ, ਜਿਸ ਤੋਂ ਭਾਵ ਹੈ ਕਿ ਉਹ ਪੁਰਸ਼/ਵਿਅਕਤੀ ਜਿਸ ਨੇ ਕਿਸੇ ਵਸਤੂ ਜਾਂ ਘਟਨਾ ਨੂੰ ਆਪਣੀ ਅੱਖੀਂ ਵੇਖਿਆ ਹੋਵੇ। ਪਰੰਤੂ ਦੂਸਰੇ ਪੱਧਰ 'ਤੇ ਸਾਖੀ ਸ਼ਬਦ ਦਾ ਅਰਥ ਹੈ : ਗੁਰੂ ਦੇ ਬਚਨ ਭਾਵ ਉਹ ਸ਼ਬਦ ਜੋ ਕਿਸੇ ਮਹਾਤਮਾ ਨੇ ਜਗਿਆਸੂਆਂ ਨਾਲ ਉਪਦੇਸ਼ ਦੇ ਰੂਪ ਵਿਚ ਵਰਤੇ ਹੋਣ, ਉਸ ਨੂੰ ਸਾਖੀ ਕਿਹਾ ਜਾਂਦਾ ਹੈ।[1] ਇਸ ਪ੍ਰਕਾਰ ਜਨਮਸਾਖੀ ਦੀਆਂ ਮੂਲ ਰੂਪ ਵਿਚ ਦੋ ਪਰਤਾਂ ਹਨ। ਪਹਿਲੀ-ਇਤਿਹਾਸਿਕ ਰੂਪ ਵਿਚ ਇਤਿ+ਹਾਸ ; ਦੂਜੀ ਪਰਤ ਸ਼ਰਧਾ ਅਤੇ ਭਗਤੀ ਭਾਵ ਨੂੰ ਬਿਆਨ ਕਰਦੀ ਹੈ ਕਿ ਲੋਕ ਆਪਣੇ ਰਹਿਬਰ ਪ੍ਰਤੀ ਕਿੰਨੀ ਕੁ ਜਗਿਆਸਾ ਰੱਖਦੇ ਹਨ। ਜਨਮਸਾਖੀ ਸਾਹਿਤ ਵਿਚ ਸਿਰਫ਼ ਗੁਰੂ ਸਾਹਿਬਾਨ ਦੇ ਜੀਵਨ-ਬਿਰਤਾਂਤ ਹੀ ਨਹੀਂ ਬਲਕਿ ਇਸ ਵਿਚ ਅਥਾਹ ਸ਼ਰਧਾ ਤੇ ਮਿਥਿਹਾਸਕ ਪੱਧਰਾਂ ਦੇ ਸਰੋਕਾਰ ਵੀ ਸ਼ਾਮਲ ਹਨ। ਕੀ ਇਸ ਸਾਹਿਤ ਨੂੰ ਮਿਥਿਕ ਪੱਧਰਾਂ 'ਤੇ ਪ੍ਰਵਾਨ ਕੀਤਾ ਜਾ ਸਕਦਾ ਹੈ? ਕੀ ਇਸ ਨੂੰ ਗੁਰੂ ਨਾਨਕ ਦੇਵ ਜੀ ਦੇ ਮਹਾਨ ਬਚਨਾਂ ਦੇ ਆਧਾਰਾਂ 'ਤੇ ਸਵੀਕ੍ਰਿਤੀ ਪ੍ਰਾਪਤ ਹੈ? ਜਾਂ ਕੀ ਇਸ ਨੂੰ ਕਿਸੇ ਹੋਰ ਵਿਧਾ ਵਿਚੋਂ ਵਿਕਸਿਤ ਹੋਈ ਇਕ ਵਿਧਾ ਵਜੋਂ ਪ੍ਰਵਾਨ ਕੀਤਾ ਜਾਵੇ? ਇਸ ਵਿਚ ਕੋਈ ਸ਼ੱਕ ਨਹੀਂ ਕਿ ਜਨਮਸਾਖੀ ਸਾਹਿਤ ਨੂੰ ਮਿਥਿਕ ਸਰੂਪ ਦਾ ਦਰਜਾ ਦਿੱਤਾ ਗਿਆ ਹੈ। ਸੀਨਾ-ਬ-ਸੀਨਾ ਚੱਲਣ ਵਾਲੀ ਇਸ ਪਰੰਪਰਾ ਵਿਚ ਮਿੱਥ ਦੇ ਤੱਥ ਵੀ ਸ਼ਾਮਿਲ ਹਨ ਕਿਉਂਕਿ ਜਨਮਸਾਖੀਆਂ ਮੌਖਿਕ ਰੂਪ ਵਿਚੋਂ ਵਿਕਸਿਤ ਹੋਈਆਂ ਹਨ। ਇਨ੍ਹਾਂ ਦਾ ਮੁੱਢਲਾ ਸਰੂਪ ਮੌਖਿਕ ਹੀ ਰਿਹਾ ਹੈ ਅਤੇ ਸਮੇਂ ਦੇ ਨਾਲ-ਨਾਲ ਇਨ੍ਹਾਂ ਦੀ ਗਿਣਤੀ ਵਿਚ ਵਾਧਾ ਵੀ ਹੋਇਆ ਹੈ। ਇਹ ਵੀ ਹੋ ਸਕਦਾ ਹੈ ਕਿ ਸ਼ਰਧਾਲੂਆਂ ਨੇ ਸ਼ਰਧਾ ਭਾਵ ਦੇ ਆਧਾਰ 'ਤੇ ਮਿਥਿਕ ਪ੍ਰਯੋਜਨਾਂ ਦਾ ਸਹਾਰਾ ਲਿਆ ਹੋਵੇ।[2]

ਮਿੱਥ ਨਿਰਾ-ਪੁਰਾ ਕਲਪਨਾ ਦਾ ਤੱਤ ਨਹੀਂ ਬਲਕਿ ਇਸ ਵਿਚ ਅਲੌਕਿਕਤਾ ਵੀ ਲੁਕੀ ਹੁੰਦੀ ਹੈ। ਮਿੱਥ ਦਾ ਸੰਕਲਪ ਬੜਾ ਗੁੰਝਲਦਾਰ ਹੈ ਪਰੰਤੂ ਇਸ ਦਾ ਮੂਲ ਆਸ਼ਾ ਵਿਅਕਤੀ ਵਿਸ਼ੇਸ਼ ਦੇ ਸੰਦਰਭ ਵਿਚ, ਸਮਾਜ ਵਿਚ ਅਜਿਹਾ ਬਿੰਬ ਪੇਸ਼ ਕਰਨਾ ਹੁੰਦਾ ਹੈ, ਜਿਸ ਦੇ ਆਧਾਰ 'ਤੇ ਸਮਾਜ ਨੂੰ ਨਵਾਂ ਰਸਤਾ ਪ੍ਰਾਪਤ ਹੋ ਸਕੇ। ਮਿੱਥ ਨੂੰ ਸਿਰਫ਼ ਕਲਪਨਾ ਮਾਤਰ ਮੰਨ ਕੇ ਜਨਮਸਾਖੀ ਸਾਹਿਤ ਦਾ ਨਿਰੀਖਣ ਕਰਨਾ ਸੰਭਵ ਨਹੀਂ। ਮਿੱਥ, ਮੂਲ ਰੂਪ ਵਿਚ ਅਜਿਹਾ ਵਿਗਿਆਨ ਹੈ ਜਿਸ ਦੇ ਆਧਾਰ 'ਤੇ ਜਨਮਸਾਖੀ ਸਾਹਿਤ ਵਿਚ ਨਿਹਿਤ ਸਮਾਜਿਕ, ਰਾਜਨੀਤਿਕ ਅਤੇ ਮਨੋਵਿਗਿਆਨਕ ਆਦਿ ਸਰੋਕਾਰਾਂ ਨੂੰ ਸਮਝਣ ਦਾ ਯਤਨ ਕੀਤਾ ਜਾ ਸਕਦਾ ਹੈ।

---

[1] ਰਤਨ ਸਿੰਘ ਜੱਗੀ, **ਸਿੱਖ ਧਰਮ ਵਿਸ਼ਵਕੋਸ਼**, ਪੰਨਾ 797.

[2] ਰਤਨ ਸਿੰਘ ਜੱਗੀ, **ਪੁਰਾਤਨ ਜਨਮਸਾਖੀ ਦਾ ਆਲੋਚਨਾਤਮਕ ਅਧਿਐਨ,** ਪੰਨਾ 65.

ਮਧ-ਯੁਗ ਦੀ ਸਿਰਜਣ ਪ੍ਰਕ੍ਰਿਆ ਵਸ਼ਿਸ਼ਟ ਪੱਧਰ ਉਤੇ ਵੀ ਸੰਜੋਗਾਤਮਕ ਸੀ, ਜਿਸ ਕਰਕੇ ਇਸ ਵਿਚ ਕਈ ਲੋਕ-ਤੱਤਾਂ ਦਾ ਸੁਮੇਲ ਇਕ ਸੁਭਾਵਿਕ ਕਰਮ ਸੀ। ਕੋਈ ਸਾਖੀ ਭਾਵੇਂ ਕਿਸੇ ਇਤਿਹਾਸਕ ਤੱਥ ’ਤੇ ਵੀ ਆਧਾਰਤ ਹੋਵੇ ਤਾਂ ਵੀ ਉਹ ਕਾਲਪਨਿਕ ਤੱਤਾਂ ਤੇ ਲੋਕਧਾਰਾਈ ਅੰਸ਼ਾਂ ਤੋਂ ਮੁਕਤ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਸਾਖੀਆਂ ਦੀ ਬੁਨਿਆਦੀ ਪ੍ਰਵਿਰਤੀ ਸਾਧਾਰਨ ਨੂੰ ਅਦਭੁਤ, ਲੌਕਿਕ ਨੂੰ ਅਲੌਕਿਕ ਤੇ ਮਾਨਵ ਨੂੰ ਅਮਾਨਵੀ ਬਨਾਉਣ ਦੀ ਸੀ। ਇਸੇ ਲਈ ਸਾਖੀਆਂ ਵਿਚੋਂ ਕਿਸੇ ਮਹਾਂਪੁਰਸ਼ ਦਾ ਜੋ ਮੁਹਾਂਦਰਾ ਅਤੇ ਚਰਿਤ੍ਰ ਉਘੜਦਾ ਹੈ, ਉਹ ਪੌਰਾਣਿਕ ਹੈ, ਵਾਸਤਵਿਕ ਨਹੀਂ।[3] ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਇਕ ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ। ਇਸ ਇਤਿਹਾਸਕਾਰੀ ਦੇ ਰਾਹੀਂ ਪੰਜਾਬੀ ਸਾਹਿਤ ਦੇ ਇਤਿਹਾਸ ਦੇ ਕਈ ਪੱਖ ਸਾਹਮਣੇ ਆਏ ਹਨ। ਪੰਜਾਬੀ ਸਾਹਿਤ ਦਾ ਇਤਿਹਾਸ ਦੇ ਅੰਤਰਗਤ ਮੂਲ ਤੱਥ ਪੱਖ-ਵਿਧਾ, ਗਲਪ, ਕਾਵਿ, ਵਾਰਤਕ ਆਦਿ ਵਿਸ਼ੇ ਆਉਂਦੇ ਹਨ, ਜਿਨ੍ਹਾਂ ਦਾ ਆਪਣਾ ਨਿਵੇਕਲਾ ਇਤਿਹਾਸ ਹੈ। ਪਰੰਤੂ ਇਹ ਤੱਥ ਵੀ ਸਪੱਸ਼ਟ ਹੈ ਕਿ ਵਾਰਤਕ ਹਮੇਸ਼ਾ ਕਾਵਿ ਤੋਂ ਬਾਅਦ ਹੀ ਹੋਂਦ ਵਿਚ ਆਈ ਹੈ।

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਜੇਕਰ ਜਨਮਸਾਖੀ ਸਾਹਿਤ ਦੀ ਉਤਪਤੀ ਦੀ ਖੋਜ ਕਰਨੀ ਹੋਵੇ ਤਾਂ 16ਵੀਂ ਸਦੀ ਦੇ ਪਹਿਲੇ ਅੱਧ ਵਿਚ ਹੀ ਇਸ ਦਾ ਸਥਾਨ ਨਿਰਧਾਰਿਤ ਕਰਨਾ ਪਵੇਗਾ। ਇਤਿਹਾਸਕ ਸਰਵੇਖਣ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਨਮਸਾਖੀ ਪਰੰਪਰਾ ਅਚਾਨਕ ਹੋਂਦ ਵਿਚ ਨਹੀਂ ਆਈ ਬਲਕਿ ਉਸ ਸਮੇਂ ਦੀ ਸਮਾਜਿਕਤਾ ਅਤੇ ਮਾਨਸਿਕਤਾ ਇਸ ਪੱਧਰ ਦੇ ਸਾਹਿਤ ਵੰਨਗੀ ਦੀ ਮੰਗ ਕਰਦੀਆਂ ਸਨ। ਡਬਲਿਊ ਐੱਚ. ਮੈਕਲਿਓਡ ਨੇ ਜਨਮਸਾਖੀ ਸਾਹਿਤ ਵਿਚ ਕਰਾਮਾਤੀ ਅੰਸ਼ ਵਾਲੀਆਂ ਸਾਖੀਆਂ ਨੂੰ ਅਸੰਭਵ ਕਰਾਰ ਦਿੱਤਾ ਹੈ ਪਰੰਤੂ ਇਨ੍ਹਾਂ ਜਨਮਸਾਖੀਆਂ ਵਿਚ ਕੁਝ ਪੱਧਰ ’ਤੇ ਸੱਚ ਵੀ ਦ੍ਰਿਸ਼ਟੀਮਾਨ ਹੁੰਦਾ ਹੈ। ਇਤਿਹਾਸਕ ਪੱਧਰ ’ਤੇ ਉਸ ਵੇਲੇ ਦੀਆਂ ਪ੍ਰਸਥਿਤੀਆਂ ਉਤੇ ਝਾਤ ਮਾਰਨ ’ਤੇ ਪਤਾ ਲੱਗਦਾ ਹੈ ਕਿ ਹਿੰਦੂ ਅਤੇ ਮੁਸਲਮਾਨ ਦੋ ਪ੍ਰਮੁੱਖ ਧਰਮ ਸਨ, ਜਿੰਨਾਂ ਵਿਚੋਂ ਹਿੰਦੂ ਧਰਮ ਅੱਗੋਂ ਚਾਰ ਵਰਗਾਂ ਵਿਚ ਅਤੇ ਮੁਸਲਮਾਨ ਦੋ ਵਰਗਾਂ ਵਿਚ ਵੰਡੇ ਹੋਏ ਸਨ। ਇਨ੍ਹਾਂ ਦੋਹਾਂ ਧਰਮਾਂ ਨੇ ਸੁਤੰਤਰ ਰੂਪ ਵਿਚ ਆਪਣਾ ਪ੍ਰਚਾਰ ਪ੍ਰਬੰਧ ਸਥਾਪਿਤ ਕਰ ਲਿਆ ਸੀ। ਇਸਲਾਮ ਦੇਸ਼ ਦੇ ਅੱਡ-ਅੱਡ ਹਿੱਸਿਆਂ ’ਤੇ ਫੈਲ ਗਿਆ ਸੀ।ਕੁਝ ਥਾਵਾਂ ’ਤੇ ਮੁਸਲਿਮ ਸ਼ਾਸ਼ਕਾਂ ਨੇ ਹਿੰਦੂ ਧਰਮ ਨਾਲ ਸੰਬੰਧਿਤ ਮੰਦਰਾਂ ਨੂੰ ਤੋੜ ਕੇ ਉਥੇ ਮਸੀਤਾਂ/ਮਸਜਿਦਾਂ ਦਾ ਨਿਰਮਾਣ ਕਰ ਲਿਆ ਸੀ। ਉਸ ਸਮੇਂ ਦੇ ਸਮਾਜਿਕ ਹਾਲਾਤ ਬੜੇ ਤਨਾਅਪੂਰਨ ਸਨ।ਹਿੰਦੂ ਅਤੇ ਮੁਸਲਿਮ ਸਮਾਜ ਵਿਚਕਾਰ ਨਫਰਤ, ਨਿੰਦਾ ਤੇ ਈਰਖਾ ਦਾ ਮਾਹੌਲ ਸੀ ਜਿਸ ਦੇ ਲਈ ਮੁੱਖ ਤੌਰ ’ਤੇ ਦੋਨਾਂ ਧਰਮਾਂ ਦੇ ਆਗੂ ਜਿੰਮੇਦਾਰ ਸਨ। ਹਿੰਦੂਆਂ ਨੂੰ ਮੁਸਲਮਾਨ ਕਾਫ਼ਿਰ ਕਹਿੰਦੇ ਸਨ ਜਦੋਂ ਕਿ ਹਿੰਦੂ ਮੁਸਲਮਾਨਾਂ ਨੂੰ ਮਲੇਛ ਕਹਿ ਕੇ ਤ੍ਰਿਸਕਾਰ ਕਰਦੇ ਸਨ। ਸਮਾਜਿਕ ਤੌਰ ’ਤੇ ਨਾ-ਬਰਾਬਰੀ, ਬੇ-ਇਨਸਾਫੀ, ਸ਼ੋਸ਼ਣ, ਇਸਤਰੀ ਨਿੰਦਾ ਆਦਿ ਵਰਗੀਆਂ ਸਮਾਜਿਕ ਬੁਰਾਈਆਂ ਪ੍ਰਚਲਤ ਸਨ। ਧਾਰਮਿਕ ਤੌਰ ’ਤੇ ਅੰਧ-ਵਿਸ਼ਵਾਸ, ਕਰਮ-ਕਾਂਡ ਤੇ ਫਜ਼ੂਲ ਦੀਆਂ ਰਸਮਾਂ-ਰੀਤਾਂ ਨੇ ਧਰਮ ਦੀ ਅਸਲ ਰੂਹ ਭਾਵ ਰੂਹਾਨੀਅਤ ਨੂੰ ਨਿਗਲ ਲਿਆ ਸੀ। ਸ਼ਾਸ਼ਕ ਸ਼੍ਰੇਣੀ ਭਰਿਸ਼ਟ ਤੇ

---

[3] ਹਰਭਜਨ ਸਿੰਘ ਅਤੇ ਮਨਜੀਤ ਸਿੰਘ, **ਸਾਖੀ-ਸੁਰਤਿ**, ਪੰਨਾ 146.

ਅਤਿਆਚਾਰੀ ਹੋਣ ਤੋਂ ਇਲਾਵਾ ਆਯਾਸ਼ੀ ਵਿਚ ਵਿਅਸਤ ਸੀ।[4] ਇਨ੍ਹਾਂ ਹਾਲਤਾਂ ਨੂੰ ਬਦਲਣ ਦੇ ਲਈ ਨਵੇਂ ਯੁੱਗ ਦੀ ਆਮਦ ਅਤਿ ਜ਼ਰੂਰੀ ਹੋ ਗਈ ਸੀ। ਇਸ ਅਤਿਅੰਤ ਬਿਖੜੇ ਮਾਹੌਲ ਵਿਚ ਗੁਰੂ ਨਾਨਕ ਦੇਵ ਜੀ ਨੇ ਸਮਾਜ ਨੂੰ ਨਵੀਂ ਦਿਸ਼ਾ ਅਤੇ ਸੇਧ ਦਿੱਤੀ, ਜਿਸ ਵਿਚ ਕਰਮ ਕਰਨਾ, ਸੱਚ ਦੇ ਆਧਾਰ 'ਤੇ ਜੀਵਨ ਬਿਤਾਉਣਾ ਅਤੇ ਹੱਕ ਸੱਚ ਦੀ ਕਮਾਈ ਕਰਨਾ ਮੁੱਖ ਟੀਚੇ ਸਨ।[5]

ਗੁਰੂ ਨਾਨਕ ਦੇਵ ਜੀ ਦੀ ਸਤਾਰਵੀਂ ਸਦੀ ਦੇ ਅੱਧ ਵਿਚ ਲਿਖੀ ਇਕ ਜਨਮਸਾਖੀ ਦਾ ਪਤਾ ਲਗਦਾ ਹੈ ਜਿਸ ਨੂੰ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੇ 'ਪੁਰਾਤਨ ਜਨਮਸਾਖੀ' ਦੇ ਸਿਰਲੇਖ ਹੇਠ ਸੰਪਾਦਨ ਕਰ ਕੇ ਛਾਪਿਆ ਹੈ। ਅਸੀਂ ਇਸ ਜਨਮਸਾਖੀ ਨੂੰ ਵਲਾਇਤ ਵਾਲੀ ਜਨਮਸਾਖੀ ਲਿਖਿਆ ਹੈ ਕਿਉਂਕਿ ਇਸ ਦੀ ਇਕ ਹੱਥ ਲਿਖਤ 1815 ਈ. ਵਿਚ ਹੈਨਰੀ ਥਾਮਸ ਕੋਲਬੁਰਕ ਇੰਗਲੈਂਡ ਲੈ ਗਿਆ ਸੀ। ਇਹ ਸੰਸਕ੍ਰਿਤ ਦਾ ਵਿਦਵਾਨ ਸੀ ਅਤੇ ਈਸਟ ਇੰਡੀਆ ਕੰਪਨੀ ਦੀ ਕੌਂਸਲ ਦਾ ਇਕ ਮੈਂਬਰ ਸੀ। ਉਥੇ ਜਾ ਕੇ ਉਸ ਨੇ ਇਹ ਖਰੜਾ ਈਸਟ ਇੰਡੀਆ ਕੰਪਨੀ ਦੀ ਲਾਇਬ੍ਰੇਰੀ ਨੂੰ ਦੇ ਦਿਤਾ ਤੇ 1857 ਪਿਛੋਂ ਇੰਡੀਆ ਆਫਿਸ ਬਣਨ ਤੇ ਇੰਡੀਆ ਆਫਿਸ ਲਾਇਬ੍ਰੇਰੀ ਨੂੰ ਮਿਲ ਗਿਆ ਜਿਥੇ ਇਹ ਹੁਣ ਤਕ ਸੁਰੱਖਿਅਤ ਹੈ। ਅਜ ਕਲ੍ਹ ਇਸ ਲਾਇਬ੍ਰੇਰੀ ਦਾ ਸਾਰਾ ਪੁਸਤਕ ਭੰਡਾਰ ਬ੍ਰਿਟਿਸ਼ ਲਾਇਬ੍ਰੇਰੀ ਵਿਚ ਤਬਦੀਲ ਹੋ ਗਿਆ ਹੈ। 1872 ਈ. ਵਿਚ ਡਾਕਟਰ ਟਰੰਪ ਨੇ ਇਸ ਨੂੰ ਵਾਚਿਆ ਤੇ ਹੋਰਨਾਂ ਵਿਦਵਾਨਾਂ ਦਾ ਧਿਆਨ ਇਸ ਵੱਲ ਦਵਾਇਆ। ਚਾਰਲਸ ਐਚੀਸਨ, ਲੈਫਟੀਨੈਂਟ ਗਵਰਨਰ ਪੰਜਾਬ ਨੇ ਇਸ ਦੇ ਕੁਝ ਉਤਾਰੇ ਪੰਜਾਬ ਵਿਚ ਲਿਆਂਦੇ ਤੇ ਭਾਈ ਸਾਹਿਬ ਡਾ. ਵੀਰ ਸਿੰਘ ਜੀ ਦੇ ਸੰਪਾਦਨ ਕਰਨ ਤੋਂ ਪਹਿਲਾ ਇਸ ਦਾ ਨਾਂ ਵਲਾਇਤ ਵਾਲੀ ਜਨਮਸਾਖੀ ਪੈ ਗਿਆ।[6]

ਬਾਲਾ ਜਨਮਸਾਖੀ ਤੋਂ ਬਿਨਾਂ ਬਾਕੀ ਜਨਮਸਾਖੀ ਪਰੰਪਰਾਵਾਂ ਬਾਰੇ ਹਾਲੇ ਕੋਈ ਉੱਘ-ਸੁੱਘ ਨਹੀਂ ਸੀ। ਸ.ਕਰਮ ਸਿੰਘ ਹਿਸਟੋਰੀਅਨ ਦੀ ਖੋਜ ਵਿਸ਼ੇਸ਼ ਕਰਕੇ 'ਕਤਕ ਕਿ ਵਿਸਾਖ' ਦੀ ਪ੍ਰਕਾਸ਼ਨਾ ਦੇ ਨਤੀਜੇ ਵਜੋਂ ਬਾਲਾ ਜਨਮਸਾਖੀ ਸ਼ੱਕ ਦੇ ਘੇਰੇ ਵਿਚ ਆ ਗਈ ਸੀ। ਇਸ ਸਥਿਤੀ ਵਿਚ ਸਹੀ ਤੇ ਪ੍ਰਮਾਣੀਕ ਜਨਮਸਾਖੀ ਦੀ ਲੋੜ ਸੀ ਜਿਸ ਨੂੰ ਵਿਚਾਰਾਧੀਨ ਜਨਮਸਾਖੀ ਨੇ ਪੂਰਿਆਂ ਕੀਤਾ। ਬਾਲਾ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਦੀ ਸ਼ਖ਼ਸੀਅਤ ਨੂੰ ਦੂਸ਼ਿਤ ਕਰਨ ਦੀ ਸਾਜ਼ਿਸ਼ ਨੂੰ ਰੱਦਣ ਲਈ ਇਸ ਜਨਮਸਾਖੀ ਨੂੰ ਪਹਿਲੀ ਤੇ ਪੁਰਾਣੀ ਜਨਮਸਾਖੀ ਦਾ ਦਰਜਾ ਦਿੱਤਾ ਗਿਆ। ਇਸ ਲਈ ਇਸ ਜਨਮਸਾਖੀ ਨੂੰ 'ਪੁਰਾਤਨ' ਵਜੋਂ ਸੰਬੋਧਨ ਕੀਤਾ ਗਿਆ। ਅਕਾਦਮਿਕ/ਸਿੱਖ ਹਲਕਿਆਂ ਵਿਚ ਇਸ ਦੇ ਪੰਜ ਨਾਮ ਪ੍ਰਚਲਤ ਹੋਏ : 1. ਮੈਕਾਲਿਫ਼ ਵਾਲੀ ਜਨਮਸਾਖੀ, 2. ਕੋਲਬਰੁਕ ਵਾਲੀ ਜਨਮਸਾਖੀ, 3. ਹਾਫ਼ਿਜ਼ਾਬਾਦ ਵਾਲੀ ਜਨਮਸਾਖੀ, 4. ਪੁਰਾਤਨ ਜਨਮਸਾਖੀ ਤੇ 5. ਦੇਹਰਾਦੂਨ ਵਾਲੀ ਜਨਮਸਾਖੀ।

---

[4] Indubhushan Banerjee, *Evolution of Khalsa*, vol. I, pp. 22-51.
[5] ਬ੍ਰਹਮ ਜਗਦੀਸ਼ ਸਿੰਘ, **ਗੁਰੂ ਨਾਨਕ ਬਾਣੀ ਅਤੇ ਸੰਤ ਬਾਣੀ-ਇਕ ਅਧਿਐਨ**, ਪੰਨੇ 19-23.
[6] ਕਿਰਪਾਲ ਸਿੰਘ, **ਜਨਮ ਸਾਖੀ ਪਰੰਪਰਾ,** ਪੰਨਾ XXVI.

ਇਸ ਪਾਸੇ ਵਲ-ਸਭ ਤੋਂ ਪਹਿਲਾ ਨਿੱਗਰ ਜਤਨ ਭਾਈ ਵੀਰ ਸਿੰਘ ਜੀ ਨੇ ਕੀਤਾ, ਜਿਨ੍ਹਾਂ ਨੇ 1926 ਵਿਚ ਵਲੈਤ ਵਾਲੀ ਜਨਮਸਾਖੀ ਅਤੇ ਹਾਫ਼ਿਜ਼ਾਬਾਦ ਵਾਲੀ ਜਨਮਸਾਖੀ (ਜੋ ਲਗ ਭਗ ਇੱਕ-ਰੂਪ ਸਨ) ਦੇ ਆਧਾਰ ਉੱਤੇ ਪੁਰਾਤਨ ਜਨਮਸਾਖੀ ਦਾ ਸੰਪਾਦਨ ਕੀਤਾ। ਉਸ ਮਗਰੋਂ ਵਿਕੋਲਿਤਰੇ ਤੌਰ ਉੱਤੇ ਜਨਮਸਾਖੀਆਂ ਦੇ ਵੱਖ-ਵੱਖ ਨੁਸਖਿਆਂ ਦੀ ਖੋਜ ਦੇ ਜਤਨ ਜਾਰੀ ਰਹੇ। ਪਰ ਪਿਛਲੇ ਇੱਕ ਦਹਾਕੇ ਵਿਚ ਇਸ ਸਾਹਿਤ ਦੇ ਮੁਲਾਂਕਣ ਪ੍ਰਤੀ ਬੜੇ ਸਲਾਹੁਣ ਯੋਗ ਯਤਨ ਹੋਏ ਹਨ। ਜਿਨ੍ਹਾਂ ਵਿਦਵਾਨਾਂ ਅਤੇ ਸੰਸਥਾਵਾਂ ਨੇ ਇਸ ਸਾਹਿਤ ਦੀਆਂ ਪੁਰਾਤਨ ਹੱਥ-ਲਿਖਤਾਂ ਸਾਂਭੀਆਂ ਹਨ, ਅਤੇ ਜਿਨ੍ਹਾਂ ਨੇ ਇਸ ਸਾਹਿਤ ਉਪਰ ਸਮੁੱਚੇ ਜਾਂ ਆਂਸ਼ਿਕ ਤੌਰ ਉਤੇ ਖੋਜ ਕੀਤੀ ਹੈ, ਉਹ ਸਭ ਪੰਜਾਬੀਆਂ ਵਲੋਂ ਮੁਬਾਰਕ ਅਤੇ ਸ਼ੁਕਰਾਨੇ ਦੇ ਪਾਤਰ ਹਨ। ਪਰ ਨਿਰਸੰਦੇਹ ਇਹ ਕਾਰਜ ਅਜੇ ਸੰਪੂਰਨ ਨਹੀਂ ਹੋਇਆ। ਹੋਰ ਉਦਮ ਅਤੇ ਲਗਨ ਨਾਲ ਜਿਥੇ ਇਸ ਸਾਹਿਤ ਦਾ ਵਧੇਰੇ ਗੂੜ੍ਹ ਅਤੇ ਵਿਸਤ੍ਰਿਤ ਅਧਿਐਨ ਸੰਭਵ ਹੈ, ਉਥੇ ਕਈ ਨਵੇਂ ਨੁਸਖੇ ਮਿਲਣ ਦੀ ਆਸ ਵੀ ਮੂਲੋਂ ਮੁਕ ਚੁਕੀ ਨਹੀਂ ਸਮਝੀ ਜਾਣੀ ਚਾਹੀਦੀ। ਉਂਜ ਜਿੰਨੀਆਂ ਵੀ ਹੱਥ-ਲਿਖਤਾਂ ਹੁਣ ਤਕ ਖੋਜੀ ਵਿਦਵਾਨਾਂ ਪਾਸ ਮੌਜੂਦ ਹਨ,ਉਹ ਸਾਰੀਆਂ ਹੀ ਜੇ ਸਹਿਜੇ ਸਹਿਜੇ ਪ੍ਰਕਾਸ਼ਿਤ ਰੂਪ ਵਿਚ ਆ ਸਕਣ ਤਾਂ ਉਨ੍ਹਾਂ ਨੁਸਖਿਆਂ ਨੂੰ ਨਵਾਂ ਜਨਮ ਮਿਲ ਸਕੇਗਾ।[7]

ਪੁਰਾਤਨ ਜਨਮਸਾਖੀ ਦਾ ਇਤਿਹਾਸ ਬਾਕੀ ਜਨਮਸਾਖੀਆਂ ਦੀ ਤੁਲਨਾ ਵਿਚ ਸਭ ਤੋਂ ਪੁਰਾਣਾ ਹੈ ਪਰੰਤੂ ਇਸ ਜਨਮਸਾਖੀ ਦੀ ਪ੍ਰਾਪਤੀ ਸੰਬੰਧੀ ਕੁਝ ਗੱਲਾਂ ਅਜਿਹੀਆਂ ਹਨ, ਜੋ ਭ੍ਰਾਂਤੀਆਂ ਉਤਪੰਨ ਕਰਦੀਆਂ ਹਨ। ਦਰਅਸਲ ਜਦ ਜਨਮਸਾਖੀ ਪਰੰਪਰਾ ਮੌਖਿਕ ਰੂਪ ਵਿਚ ਵਿਕਸਿਤ ਹੋਣੀ ਸ਼ੁਰੂ ਹੋਈ ਤਾਂ ਹੌਲੀ-ਹੌਲੀ ਇਸ ਨੂੰ ਲਿਖਤੀ ਰੂਪ ਵਿਚ ਕਲਮਬੱਧ ਕੀਤਾ ਜਾਣ ਲੱਗਾ। ਇਸ ਤੋਂ ਬਾਅਦ ਇਸ ਪਰੰਪਰਾ ਵਿਚ ਤਰਤੀਬ ਨਾਂ ਦਾ ਸ਼ਬਦ ਜੁੜਿਆ, ਜਿਸ ਤੋਂ ਭਾਵ ਜੋ ਵੀ ਸਾਖੀਆਂ ਲਿਖਤੀ ਰੂਪ ਵਿਚ ਉਪਲਬਧ ਸਨ, ਉਨ੍ਹਾਂ ਨੂੰ ਇਕ ਤਰਤੀਬ/ਲੜੀ ਵਿਚ ਰੱਖਣਾ ਲਾਜ਼ਮੀ ਹੋ ਗਿਆ। ਇਸ ਤੋਂ ਬਾਅਦ ਲਿਖਾਰੀਆਂ ਨੇ ਸਾਖੀਆਂ ਨੂੰ ਜ਼ਿਆਦਾ ਵਿਸਥਾਰਮਈ ਢੰਗ ਨਾਲ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਇਸ ਪ੍ਰਕਾਰ ਜਨਮਸਾਖੀ ਪਰੰਪਰਾ ਵਿਕਸਿਤ ਹੁੰਦੀ ਰਹੀ।

ਸ.ਕਰਮ ਸਿੰਘ ਹਿਸਟੋਰੀਅਨ ਨੇ ਪੁਰਾਤਨ ਜਨਮਸਾਖੀ ਦੇ ਉਤਾਰੇ ਸੰਮਤ 1790 ਤੇ 1787 ਦੇ ਕੀਤੇ ਹੋਏ ਦੇਖੇ ਸਨ। ਇਹ ਸੰਮਤ 1787 ਵਾਲਾ ਉਤਾਰਾ 1727 ਬਿ. ਵਿਚ ਬੁਰਹਾਨਪੁਰ ਵਿਚ ਲਿਖੀ ਗਈ ਜਨਮ ਸਾਖੀ ਤੋਂ ਨਕਲ ਕੀਤਾ ਹੋਇਆ ਸੀ। ਇਸ ਤੋਂ ਮਗਰੋਂ ਉਨ੍ਹਾਂ ਇਕ ਕਾਪੀ ਸ਼ਿਕਾਰਪੁਰ ਵਿਚ ਲਿਖੀ ਹੋਈ ਹੈਦਰਾਬਾਦ ਦੇਖੀ, ਤੇ ਇਕ ਹੋਰ ਬਹਾਵਲਪੁਰ ਦੇ ਇਲਾਕੇ ਬੰਦਈਆਂ ਦੇ ਡੇਰੇ ਵਿਚ ਵੇਖੀ ਸੀ।[8] ਉਹ ਲਿਖਦੇ ਹਨ ਕਿ "ਪੰਜਾਬ ਦੀ ਸਿਖੀ ਵਿਚ ਪੁਰਾਣੀ ਜਨਮਸਾਖੀ ਇਹੋ ਹੀ ਹੈ। ਇਸ ਲਈ ਭਾਈ ਗੁਰਦਾਸ ਤੋਂ

[7] ਕੋਮਲ, ਕਿਰਪਾਲ ਸਿੰਘ, **ਜਨਮਸਾਖੀ ਅਧਿਐਨ**, ਪੰਨਾ 16.
[8] ਕਰਮ ਸਿੰਘ ਹਿਸਟੋਰੀਅਨ, **ਕਤਕ ਕਿ ਵਿਸਾਖ**, ਪੰਨਾ 249.

ਉਤਰ ਕੇ ਮੈਂ ਇਸ ਪੁਰਾਣੀ ਜਨਮਸਾਖੀ ਨੂੰ ਹੀ ਪਰਮਾਣਿਕ ਮੰਨਦਾ ਹਾਂ।[9] ਭਾਈ ਸਾਹਿਬ ਭਾਈ ਵੀਰ ਸਿੰਘ ਨੇ ਆਪਣੇ ਸੰਪਾਦਤ ਪੁਰਾਤਨ ਜਨਮਸਾਖੀ ਦੀ ਦੂਜੀ ਐਡੀਸ਼ਨ ਵਿਚ ਸੁਧਾਈ ਲਈ ਖਾਲਸਾ ਕਾਲਜ, ਅੰਮ੍ਰਿਤਸਰ ਵਾਲੇ ਇਕ ਲਿਖਤੀ ਨੁਸਖੇ ਦਾ ਉਲੇਖਾ ਕੀਤਾ ਹੈ। ਇਹ ਕਾਫ਼ੀ ਸ਼ੁੱਧ ਅਤੇ ਹਾਫਜ਼ਾਬਾਦੀ ਨੁਸਖੇ ਨਾਲ ਰਲਦਾ ਹੈ। ਇਸ ਦੇ ਕੁਝ ਹੋਰ ਨੁਸਖ਼ੇ ਵੀ ਹੁਣੇ ਪ੍ਰਾਪਤ ਹੋਏ ਹਨ।[10]

ਪੁਰਾਤਨ ਜਨਮਸਾਖੀ ਦੀ ਪਹਿਲੀ ਹੱਥ-ਲਿਖਤ ਜੋ ਇੰਡੀਆ ਆਫ਼ਿਸ ਲਾਇਬ੍ਰੇਰੀ ਵਿਚ B-06 ਵਜੋਂ ਸੁਰੱਖਿਅਤ ਹੈ, ਡਾ. ਟ੍ਰੰਪ ਨੂੰ 1872 ਵਿਚ ਲੱਭੀ ਸੀ। ਇਥੇ ਭਾਰਤ ਵਿਚ ਪ੍ਰੋ. ਗੁਰਮੁਖ ਸਿੰਘ ਓਰੀਐਂਟਲ ਕਾਲਜ, ਲਾਹੌਰ ਨੂੰ ਇਸ ਦੀ ਇਕ ਕਾਪੀ 1883 ਵਿਚ ਪ੍ਰਾਪਤ ਹੋਈ।[11] ਉਨ੍ਹਾਂ ਨੇ ਇਸ ਨੂੰ ਸਿੰਘ ਸਭਾ ਲਾਹੌਰ ਰਾਹੀਂ ਪੱਥਰ ਦੇ ਛਾਪੇ ਵਿਚ 1884 ਈ. ਵਿਚ ਲਾਹੌਰ ਤੋਂ ਪ੍ਰਕਾਸ਼ਿਤ ਕੀਤਾ ਸੀ। ਕਿਉਂਕਿ ਇਸ ਦੇ ਮੂਲ ਖਰੜੇ ਦੀ ਕਾਪੀ ਇੰਗਲੈਂਡ ਤੋਂ ਪ੍ਰਾਪਤ ਕੀਤੀ ਗਈ ਸੀ ਇਸ ਲਈ ਇਸ ਦਾ ਨਾਮ ਵਲਾਇਤ ਵਾਲੀ ਜਨਮਸਾਖੀ ਪ੍ਰਚਲਤ ਹੋ ਗਿਆ। ਅੰਮ੍ਰਿਤਸਰ ਦੇ ਸਿੱਖਾਂ ਦੀ ਬੇਨਤੀ ਨੂੰ ਸਵੀਕਾਰ ਕਰਕੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਸਰਕਾਰੀ ਖਰਚੇ ਉਤੇ ਇਸ ਦੀਆਂ ਕੁੱਝ ਫੋਟੋ-ਜ਼ਿੰਕੋ-ਗ੍ਰਾਫ ਕਾਪੀਆਂ ਸਰਵੇ ਆਫ ਇੰਡਿਆ ਦੇਹਰਾਦੂਨ ਤੋਂ 1885 ਈ. ਵਿਚ ਛਪਵਾ ਕੇ ਪੰਜਾਬ ਦੇ ਚੁਨਿੰਦਾ ਸਰਦਾਰਾਂ ਤੇ ਰਾਜਿਆਂ ਨੂੰ ਤੋਹਫੇ ਵਜੋਂ ਦਿੱਤੀਆਂ ਸਨ। ਦੇਹਰਾਦੂਨ ਛਪੀ ਹੋਣ ਕਰਕੇ ਇਸ ਦਾ ਨਾਮ ਦੇਹਰਾਦੂਨ ਵਾਲੀ ਜਨਮਸਾਖੀ ਚੱਲ ਪਿਆ। ਪ੍ਰੋ. ਗੁਰਮੁਖ ਸਿੰਘ ਨੂੰ ਏਸੇ ਜਨਮਸਾਖੀ ਪਰੰਪਰਾ ਦਾ ਇਕ ਹੋਰ ਹੱਥ-ਲਿਖਤ ਨੁਸਖਾ 1885 ਈ. ਵਿਚ ਹਾਫਿਜ਼ਾਬਾਦ ਤੋਂ ਪ੍ਰਾਪਤ ਹੋਇਆ ਜਿਸ ਦਾ ਅਕਾਦਮਿਕ ਹਲਕਿਆਂ ਵਿਚ ਨਾਮ 'ਹਾਫ਼ਿਜ਼ਾਬਾਦ ਵਾਲੀ ਜਨਮਸਾਖੀ' ਦੇ ਵਜੋਂ ਪ੍ਰਸਿੱਧ ਹੋ ਗਿਆ। ਪ੍ਰੋ. ਗੁਰਮੁਖ ਸਿੰਘ ਰਾਹੀਂ ਇਹ ਹੱਥ-ਲਿਖਤ ਖਰੜਾ ਸਿੱਖ ਧਰਮ ਦੇ ਪ੍ਰਸਿਧ ਵਿਦਵਾਨ ਐਮ-ਏ. ਮੈਕਾਲਿਫ ਪਾਸ ਪਹੁੰਚ ਗਿਆ। ਉਨ੍ਹਾਂ ਨੇ ਇਸ ਨੂੰ ਸੰਪਾਦਤ ਕਰਕੇ 1885 ਈ. ਵਿਚ ਪੱਥਰ ਦੇ ਛਾਪੇ ਵਿਚ ਪ੍ਰਕਾਸ਼ਿਤ ਕੀਤਾ।ਉਪਰੰਤ ਇਸ ਦਾ ਨਾਮ ਮੈਕਾਲਿਫ ਵਾਲੀ ਜਨਮਸਾਖੀ ਵੀ ਪੈ ਗਿਆ। ਇਸ ਜਨਸਾਖੀ ਦੀ ਪਰੰਪਰਾ ਭਾਵੇਂ ਇਕੋ ਸੀ ਪਰ ਨਾਮ ਵੱਖੋ ਵੱਖਰੇ ਪੈ ਗਏ। ਇਸ ਜਨਮਸਾਖੀ ਦੀ ਲੱਭਣ ਤੇ ਇਸ ਵਿਚ ਵਿਦਵਾਨਾਂ ਦੀ ਰੁਚੀ ਬਾਰੇ ਡਬਲਯੂ. ਐਚ. ਮੈਕਲਿਓਡ ਨੇ ਨਿਮਨਲਿਖਤ ਅਨੁਸਾਰ ਆਪਣੇ ਵਿਚਾਰ ਪ੍ਰਗਟਾਏ ਹਨ:

> Trump's work was published in 1877 and his information aroused the interest of Sikh scolars in the Panjab. In 1883 some Amritsar Sikhs petitioned the Lieutenant–Governor of the Panjab, Sir Charles Aitcheson, to have the manuscript brought to India for inspection, The petition was

---

[9] **ਉਹੀ**, ਪੰਨਾ 182.

[10] ਕਿਰਪਾਲ ਸਿੰਘ ਕਸੇਲ, **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ**, ਪੰਨੇ 694-695; ਵਿਸਥਾਰ ਲਈ ਵੇਖੋ ਹੱਥਲੇ ਅਧਿਐਨ ਦੇ ਇਸੇ ਅਧਿਆਇ ਵਿਚ ਹੱਥ-ਲਿਖਤ ਖਰੜਿਆਂ ਦਾ ਵੇਰਵਾ।

[11] ਜੱਗੀ ਰਤਨ ਸਿੰਘ, **ਗੁਰੂ ਨਾਨਕ : ਜੀਵਨੀ ਅਤੇ ਵਿਅਕਤਿਤ੍ਵ**, ਪੰਨਾ 24.

granted and in the autumn of the same year the manuscript was sent to the Panjab and made available for scrutiny in Lahore and Amritsar. Learning of the Sikhs' desire to have it photographed, Sir charles made arrangements to have this done at government expense. The manuscript was photographed and printed by means of a zincographic process in 1885 and copies were given to selected institutions as gifts. In the meantime the Lahore Singh Sabha, a distinguished reform society of Sikhs, had made a copy from the manuscript and this had been lithographed in Lahore in 1884.

In the same year the photozincograph facsimiles of the Colebrooke Janam-sakhi were produced, Macauliffe published another version of the same janam-sakhi. This second version had been acquired the previous year in the town of Hafizabad by Bhai Gurmukh Singh of Oriental College, Lahore. Gurmukh Singh passed the manuscript on the Macauliffe who divided off the individual words and had it lithographed at his own expense. The version was designated the Hafizabad Janam – sakhi by Gurmukh Singh and this is its usual title, but it is also referred to as the Macauliffe-vali Janam –sakhi. Gurmukh Singh reported in his introduction "the manuscript and that Macauliffe had used the Colebrooke Janam sakhi to complete the edition."[12]

ਪੁਰਾਤਨ ਜਨਮਸਾਖੀ ਵਿਚੋਂ ਇਸ ਦੇ ਰਚਨਾ-ਕਾਲ ਦੀ ਜਾਣਕਾਰੀ ਨਹੀਂ ਮਿਲਦੀ। ਕਿਉਂਕਿ ਦੋਹਾਂ ਆਧਾਰਭੂਤ ਪੋਥੀਆਂ ਵਿਚ ਇਸ ਦੀ ਰਚਨਾ-ਤਿੱਥੀ ਨਹੀਂ ਦਿੱਤੀ ਗਈ। ਅੰਦਰਲੇ ਪ੍ਰਮਾਣਾਂ ਦੇ ਆਧਾਰ 'ਤੇ ਇਸ ਦੀ ਰਚਨਾ ਗੁਰੂ ਅੰਗਦ ਅਤੇ ਗੁਰੂ ਅਮਰ ਦਾਸ ਤੋਂ ਪਹਿਲਾਂ ਦੀ ਸਿੱਧ ਨਹੀਂ ਹੁੰਦੀ, ਕਿਉਂਕਿ ਇਸ ਵਿਚ ਇਨ੍ਹਾਂ ਦੋਹਾਂ ਗੁਰੂਆ ਦੀ ਬਾਣੀ ਦੀਆਂ ਟੂਕਾਂ ਗੁਰੂ ਨਾਨਕ ਦੇ ਮੁਖ ਤੋਂ ਉਚਾਰੀਆਂ ਗਈਆਂ ਹਨ। ਇਨਾਂ ਉਲੇਖਾਂ ਦੇ ਪ੍ਰਕਾਸ਼ ਵਿਚ ਇਹ ਰਚਨਾ ਗੁਰੂ ਅਮਰਦਾਸ ਦੀ ਪਰਵਰਤੀ ਸਿੱਧ ਹੁੰਦੀ ਹੈ। ਗੁਰੂ ਰਾਮਦਾਸ ਦੀ ਬਾਣੀ ਦੀਆਂ ਤੁੱਕਾਂ ਦਾ ਵੀ ਪ੍ਰਸੰਗ-ਵਸ ਸੰਕਲਿਤ ਹੋਣਾ ਇਸ ਨੂੰ ਚੌਥੇ ਗੁਰੂ ਦਾ ਪਰਵਰਤੀ ਸਿੱਧ ਕਰਦਾ ਹੈ।[13] ਏਸੇ ਹੀ ਤਰ੍ਹਾਂ ਇਸ ਦੀਆਂ ਸਾਖੀਆਂ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਉਧਰਿਤ ਕੀਤੀ ਹੋਣ ਕਰਕੇ ਪੁਰਾਤਨ ਜਨਮਸਾਖੀ ਦਾ ਰਚਨਾ-ਕਾਲ ਪੰਜਵੇਂ ਪਾਤਸ਼ਾਹ ਦੇ ਜੋਤੀ-ਜੋਤਿ ਸਮਾਉਣ ਭਾਵ 1606 ਈ. ਤੋਂ

[12] W. H. Mcleod, *Guru Nanak and the Sikh Religion*, p. 16.
[13] ਜੱਗੀ ਰਤਨ ਸਿੰਘ, **ਗੁਰੂ ਨਾਨਕ ਜੀਵਨੀ ਅਤੇ ਵਿਅਕਤਿਤਵ,** ਪੰਨਾ 25.

ਬਾਅਦ ਵਿਚ ਮਿਥਣਾ ਪਵੇਗਾ। ਇਹ ਤੱਥ ਵੀ ਮਹੱਤਵਪੂਰਣ ਹੈ ਕਿ ਇਸ ਜਨਮਸਾਖੀ ਦੀ ਸਾਖੀ 7, ਵੈਦ ਵਾਲੀ ਸਾਖੀ ਵਿਚ ਨਿਮਨਲਿਖਤ ਦੋ ਸਲੋਕ:

(1) ਜਾਹਿ ਵੈਦਾ ਘਰਿ ਆਪਣੇ ਮੇਰੀ ਆਹਿ ਨ ਲੇਹਿ॥ ਹਮ ਰਤੇ
ਸਹਿ ਆਪਣੈ ਤੂੰ ਕਿਸ ਦਾਰ ਦੇਹਿ॥

(2) ਦੁਖੁ ਲਾਗੈ ਦਾਰੂ ਘਣਾ ਵੈਦ ਖੜੋਤਾ ਆਇ॥
ਕਾਇਆ ਹੰਸੁ ਪੁਕਾਰੇ ਵੈਦਿ ਨ ਦਾਰੂ ਲਾਇ॥
ਜਾਹਿ ਵੈਦਾ ਘਰਿ ਆਪਣੇ ਜਾਣੇ ਕੋਇ ਮਕੋਇ॥
ਜਿਨਿ ਕਰਤੇ ਦੁਖੁ ਲਾਇਆ ਨਾਨਕ ਲਾਹੇ ਸੋਇ॥

ਉਪਰੋਕਤ ਦੋਨੋਂ ਸਲੋਕ ਮਿਹਰਬਾਨ ਵਾਲੀ ਜਨਮਸਾਖੀ ਵਿਚ ਵੀ ਪ੍ਰਾਪਤ ਹਨ।[14] ਜੇਕਰ ਪੁਰਾਤਨ ਜਨਮਸਾਖੀ ਦੇ ਕਰਤਾ ਨੇ ਇਨ੍ਹਾਂ ਨੂੰ ਉਕਤ ਵਿਚੋਂ ਲਿਆ ਹੈ ਤੇ ਇਹ ਮਿਹਰਬਾਨ ਦੀ ਕ੍ਰਿਤ ਹਨ ਤਾਂ ਪੁਰਾਤਨ ਜਨਮਸਾਖੀ ਦਾ ਰਚਨਾ-ਕਾਲ ਮਿਹਰਬਾਨ ਦੇ ਚਲਾਣੇ ਤੋਂ ਬਾਅਦ ਭਾਵ 1636 ਈ: ਤੋਂ ਪਿੱਛੇ ਲਿਜਾਣਾ ਪਵੇਗਾ। ਵਰਨਣਯੋਗ ਤੱਥ ਇਹ ਹੈ ਕਿ ਪੁਰਾਤਨ ਜਨਮਸਾਖੀ ਦੀ ਸਾਖੀ 26 ਵਸਦਾ ਰਹੇ ਵਿਚ ਕੱਚੀ-ਬਾਣੀ ਦਾ ਇਕ ਸਲੋਕ ਉਧਰਿਤ ਕੀਤਾ ਹੋਇਆ ਹੈ:

ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾ ਪਤਿ॥
ਜੇ ਬੋਲਾ ਤਾ ਆਖੀਐ ਬੜ ਬੜ ਕਰੈ ਬਹੁਤ॥
ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ॥
ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤੁ॥
ਉਠ ਜਾਈ ਤਾਂ ਆਖੀਐ ਛਾਰ ਗਇਆ ਸਿਰ ਘਤਿ॥
ਜੇਕਰ ਨਿਵਾਂ ਤਾਂ ਆਖੀਐ ਛਾਰ ਗਇਆ ਸਿਰ ਘਤਿ॥
ਜੇਕਰ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥
ਕਾਈ ਗਲੀ ਨਾ ਮੇਵਣੀ ਜਿਥੇ ਕਢਾਂ ਝਤਿ॥
ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥2॥

ਉਕਤ ਰਚਨਾ ਦਾ ਕਰਤਿਤਵ ਸੰਦਿਗਧ ਹੈ ਤੇ ਇਹ ਪਹਿਲੇ-ਪਹਿਲ ਆਦਿ ਗ੍ਰੰਥ ਦੀ ਬੰਨੋ ਸ਼ਾਖ ਵਾਲੀ ਬੀੜ ਵਿਚ ਮੁੰਦਾਵਣੀ ਵਾਲੇ ਸਲੋਕ ਤੋਂ ਉਪਰੰਤ ਕੱਚੀ-ਬਾਣੀ ਵਾਲੀ ਰਚਨਾ ਜੋ 'ਜਿਤੁ ਦਰ ਲਖ ਮੁਹੰਮਦਾ.....' ਨਾਲ ਆਰੰਭ ਹੁੰਦੀ ਹੈ, ਵਿਚ ਮਿਲਦਾ ਹੈ। ਇਸ ਤੋਂ ਸਾਬਿਤ ਹੁੰਦਾ ਹੈ ਕਿ ਵਿਚਾਰਾਧੀਨ ਸਲੋਕ ਪੁਰਾਤਨ ਜਨਮਸਾਖੀ ਵਿਚ ਆਦਿ ਗ੍ਰੰਥ ਦੀ ਕਿਸੇ ਬੰਨੋ ਸ਼ਾਖ ਵਾਲੇ ਉਤਾਰੇ ਵਿਚੋਂ ਆਇਆ ਹੈ। ਯਾਦ ਰਹੇ ਕਿ ਭਾਈ ਬੰਨੋ ਨਾਲ ਸੰਬੰਧਤ ਆਦਿ ਗ੍ਰੰਥ ਦੀ ਬੀੜ ਜੋ ਅੱਜ-ਕੱਲ ਕਾਨਪੁਰ ਵਿਚ ਸਥਾਪਿਤ ਹੈ ਦਾ ਲਿਖਣ-

[14] **ਮਿਹਰਬਾਨ ਜਨਮਸਾਖੀ ਗੁਰੂ ਨਾਨਕ ਦੇਵ**, ਪੰਨਾ 46.

ਕਾਲ 1699 ਬਿ. ਭਾਵ 1642 ਈ. ਹੈ। ਇਸ ਸਬੂਤ ਦੇ ਆਧਾਰ 'ਤੇ ਪੁਰਾਤਨ ਜਨਮਸਾਖੀ ਦਾ ਰਚਨਾ-ਕਾਲ 1642 ਈ. ਤੋਂ ਪਹਿਲਾਂ ਮਿਥਣਾ ਤਰਕ-ਸੰਗਤ ਨਹੀਂ ਹੋਵੇਗਾ।ਭਾਈ ਵੀਰ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਇਸ ਵਿਚ "ਬੋਲੋ ਵਾਹਿਗੁਰੂ ਅਤੇ ਵਾਹਿਗੁਰੂ ਜੀ ਕੀ ਫ਼ਤਹਿ" ਉਕਤੀਆਂ ਦੀ ਵਰਤੋਂ ਹੋਈ ਹੈ, ਜੋ ਇਸ ਦੇ ਰਚਨਾ-ਕਾਲ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਨਾਲ ਜਾ ਜੋੜਦਾ ਹੈ।[15] ਇਨ੍ਹਾਂ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਭਾਵੇਂ ਪਰੰਪਰਾ ਮੌਖਿਕ ਰੂਪ ਵਿਚ ਚੱਲਦੀ ਰਹੀ ਸੀ ਪਰੰਤੂ ਉਤਰਾਕਾਰਾਂ ਦੁਆਰਾ ਇਸ ਵਿਚ ਸਮੇਂ ਸਮੇਂ ਵਾਧੇ-ਘਾਟੇ ਕੀਤੇ ਜਾਂਦੇ ਰਹੇ ਹਨ, ਜਿਸ ਕਰਕੇ ਇਸ ਦੇ ਅਸਲੀ ਰੂਪ ਦੀ ਨੁਹਾਰ ਹਾਲੇ ਵੀ ਬੁਝਾਰਤ ਬਣੀ ਹੋਈ ਹੈ।

ਪੁਰਾਤਨ ਜਨਮਸਾਖੀ ਦੇ ਕਰਤਾ ਤੇ ਰਚਨਾ-ਕਾਲ ਬਾਰੇ ਕੋਈ ਸਪਸ਼ਟ ਸਰਬ-ਸਵੀਕ੍ਰਿਤ ਨਿਰਣੇ ਤੇ ਪਹੁੰਚਣਾ ਬੜਾ ਕਠਿਨ ਹੈ। ਬਹੁਤ ਸਾਰੇ ਵਿਦਵਾਨ ਕੋਲਬਰੁਕ ਵਾਲੇ ਖਰੜੇ ਨੂੰ ਸਭ ਤੋਂ ਪੁਰਾਤਨ ਮੰਨਦੇ ਹਨ ਜੋ ਕਿਸੇ ਹੋਰ ਖਰੜੇ ਤੋਂ ਨਕਲ ਕੀਤਾ ਗਿਆ ਹੈ। ਇਸ ਦਾ ਅਸਲ ਖਰੜਾ ਹਾਲ ਤੱਕ ਕਿਧਰੇ ਦ੍ਰਿਸ਼ਟੀ ਗੋਚਰ ਨਹੀਂ ਹੋਇਆ।ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨਕੋਸ਼ ਵਿਚ ਪੋਠੋਹਾਰ ਨਿਵਾਸੀ ਸੇਵਾ ਦਾਸ ਦੁਆਰਾ 1588 ਵਿਚ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਲਿਖਣ ਦਾ ਹਵਾਲਾ ਦਿੱਤਾ ਹੈ।[16] ਮੈਕਾਲਿਫ਼ ਨੇ ਵੀ ਏਸੇ ਸੇਵਾ ਦਾਸ ਨੂੰ ਪੁਰਾਤਨ ਜਨਮਸਾਖੀ ਦਾ ਕਰਤਾ ਸਵੀਕਾਰ ਕੀਤਾ ਹੈ।[17] ਪੁਰਾਤਨ ਜਨਮਸਾਖੀ ਦੇ ਕਿਸੇ ਵੀ ਹੱਥ-ਲਿਖਤ ਖਰੜੇ ਵਿਚ ਇਸ ਦੇ ਰਚਿਆਰ ਬਾਰੇ ਕੋਈ ਸੂਚਨਾ ਪ੍ਰਾਪਤ ਨਹੀਂ। ਏਸੇ ਕਰਕੇ ਇਸ ਦਾ ਕਰਤਿਤਵ ਹਾਲੇ ਵੀ ਇਕ ਬੁਝਾਰਤ ਬਣਿਆ ਹੋਇਆ ਹੈ। ਡਾ. ਰਤਨ ਸਿੰਘ ਜੱਗੀ ਦਾ ਕਥਨ ਹੈ ਕਿ ਪ੍ਰਾਚੀਨ ਸਾਹਿਤਕਾਰ ਇਤਨੇ ਸੰਕੋਚਸ਼ੀਲ ਹੁੰਦੇ ਸਨ ਕਿ ਲੇਖਕ ਦੇ ਰੂਪ ਵਿਚ ਆਪਣਾ ਨਾਮ ਦੇਣਾ ਪਸੰਦ ਨਹੀਂ ਸਨ ਕਰਦੇ। ਪੁਰਾਤਨ ਜਨਮਸਾਖੀ ਦੇ ਕਰਤਾ ਨੇ ਸੰਕੋਚਸ਼ੀਲਤਾ ਕਾਰਣ ਲੇਖਕ ਰੂਪ ਵਿਚ ਆਪਣਾ ਨਾਮ ਦੇਣਾ ਮੁਨਾਸਿਬ ਨਹੀਂ ਸਮਝਿਆ।[18] ਜਦੋਂ ਤੋਂ ਇਹ ਜਨਮਸਾਖੀ ਅਕਾਦਮਿਕ ਹਲਕਿਆਂ ਵਿਚ ਵਿਚਾਰ-ਚਰਚਾ ਦਾ ਵਿਸ਼ਾ ਬਣੀ ਹੋਈ ਹੈ ਉਦੋਂ ਤੋਂ ਹੀ ਇਸ ਦੇ ਰਚੈਤਾ ਬਾਰੇ ਇਸ ਦੀ ਭਾਸ਼ਾ, ਬੋਲੀ, ਧਾਰਮਿਕ ਆਕੀਦਿਆਂ ਤੇ ਅੰਦਰੂਨੀ ਤੱਥਾਂ ਦੇ ਆਧਾਰ 'ਤੇ ਅਨੁੰਾਨ ਲਗਾਏ ਜਾਂਦੇ ਰਹੇ ਹਨ। ਪ੍ਰੋ.ਗੁਰਮੁਖ ਸਿੰਘ ਨੇ ਇਸ ਦੇ ਪੱਥਰ-ਛਾਪ ਸੰਸਕਰਣ ਵੇਲੇ 1885 ਈ. ਵਿਚ ਇਸ ਦੇ ਕਰਤਾ ਨੂੰ ਰਾਵਲਪਿੰਡੀ ਡਿਵੀਜ਼ਨ ਦਾ ਨਿਵਾਸੀ ਕੋਈ ਗੁਰਮੁਖ ਖਿਆਲ ਕੀਤਾ ਹੈ।[19] ਪ੍ਰੋ.ਸਾਹਿਬ ਸਿੰਘ ਨੇ ਅੰਦਰੂਨੀ ਗਵਾਹੀਆਂ ਜਿਵੇਂ ਲੇਖਕ ਦਾ ਉਪਲ ਖੱਤਰੀਆਂ ਪ੍ਰਤੀ ਉਲਾਰੂ ਵਿਵਹਾਰ ਅਤੇ ਸੱਜਣ ਠੱਗ ਦੇ ਸਥਾਨ ਤੇ ਪਹਿਲੀ ਸਿੱਖ ਧਰਮਸਾਲਾ ਸਥਾਪਿਤ ਕਰਨ ਤੋਂ ਇਹ ਨਤੀਜਾ ਕੱਢਿਆ ਹੈ ਕਿ ਇਸ ਦਾ ਲੇਖਕ ਜਾਤੀ ਦਾ ਉੱਪਲ ਖੱਤਰੀ ਸੀ ਤੇ ਉਹ ਸੱਜਣ ਠੱਗ ਦੇ ਪਿੰਡ ਤੁਲੰਭੇ

[15] ਭਾਈ ਵੀਰ ਸਿੰਘ, **ਪੁਰਾਤਨ ਜਨਮ-ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ**, ਪੰਨਾ 8.
[16] ਭਾਈ ਕਾਨ੍ਹ ਨਾਭਾ, **ਉਪਰੋਕਤ**, ਪੰਨਾ 229.
[17] M. A. Macauliffe, *The Sikh Religion*, vol. I, p. LXXXVI.
[18] ਰਤਨ ਸਿੰਘ ਜੱਗੀ, **ਉਪਰੋਕਤ**, ਪੰਨਾ 21.
[19] **ਮੈਕਾਲਿਫ ਵਾਲੀ ਜਨਮਸਾਖੀ**, ਦੀਬਾਚਾ।

ਦਾ ਨਿਵਾਸੀ ਸੀ।[20] ਪ੍ਰੋ.ਪਿਆਰ ਸਿੰਘ ਨੇ ਭਾਸ਼ਾ/ਬੋਲੀ ਆਦਿ ਤੋਂ ਅਨੁਮਾਨ ਲਾਇਆ ਹੈ ਕਿ ਪੁਰਾਤਨ ਜਨਮਸਾਖੀ ਦਾ ਰਚੈਤਾ ਲੰਮੇ ਦੇਸ ਭਾਵ ਲਹਿੰਦੇ ਪੰਜਾਬ ਦਾ ਰਹਿਣ ਵਾਲਾ ਸੀ।[21] ਲਗਭਗ ਇਹੀ ਵਿਚਾਰ ਡਾ. ਜਗਜੀਤ ਸਿੰਘ ਨੇ ਵਿਅਕਤ ਕੀਤੇ ਹਨ।[22] ਡਾ. ਰਤਨ ਸਿੰਘ ਜੱਗੀ ਨੇ, ਪ੍ਰੋ.ਪ੍ਰੀਤਮ ਸਿੰਘ ਤੇ ਪ੍ਰੋ. ਗੁਰਚਰਨ ਸਿੰਘ ਦੇ ਵਿਚਾਰਾਂ ਕਿ ਇਸ ਜਨਮਸਾਖੀ ਦਾ ਕਰਤਾ ਕੋਈ ਸੰਨਿਆਸੀ/ਸਾਧੂ ਸੀ ਅਤੇ ਭਿਖਿਆ ਜਾਂ ਦਾਨ ਆਦਿ ਉਪਰ ਆਸ੍ਰਿਤ ਸੀ, ਨੂੰ ਅਸਵੀਕਾਰ ਕੀਤਾ ਹੈ। ਏਸੇ ਹੀ ਤਰ੍ਹਾਂ ਉਨ੍ਹਾਂ ਨੇ ਸਾਧੂ ਰਾਮ ਸਾਰਦਾ ਦੇ ਮੱਤ ਨੂੰ ਕਿ ਲੇਖਕ ਕੋਈ ਨਾਥ-ਜੋਗੀ ਹੋਣਾ ਸਵੀਕਾਰ ਕੀਤਾ।[23] ਮੈਕਾਲਿਫ ਨੇ ਪੁਰਾਤਨ ਜਨਮਸਾਖੀ ਦਾ ਇਕ ਖਰੜਾ 1588 ਈ. ਦਾ ਲਿਖਿਆ ਹੋਇਆ ਆਪਣੇ ਪਾਸ ਦੱਸਿਆ ਸੀ ਤੇ ਇਸ ਦਾ ਲੇਖਕ ਪੋਠੋਹਾਰ ਨਿਵਾਸੀ ਸੇਵਾਦਾਸ ਦੱਸਿਆ ਸੀ।[24] ਪਰ ਹੈਰਾਨੀਜਨਕ ਤੱਥ ਇਹ ਹੈ ਕਿ ਉਨ੍ਹਾਂ ਨੇ ਇਸ ਦੀ ਸੰਪਾਦਨਾ ਕਰਨ ਲਈ ਉਕਤ ਨੁਸਖੇ ਨੂੰ ਨਹੀਂ ਬਲਕਿ ਪ੍ਰੋ. ਗੁਰਮੁਖ ਸਿੰਘ ਦੁਆਰਾ ਲੱਭੇ, ਹਾਫ਼ਿਜ਼ਾਬਾਦੀ ਨੁਸਖੇ ਨੂੰ ਆਧਾਰ ਬਣਾਇਆ ਸੀ। ਡਾ. ਰਤਨ ਸਿੰਘ ਜੱਗੀ ਨੇ ਭਾਈ ਕਾਨ੍ਹ ਸਿੰਘ ਨਾਭਾ, ਮੈਕਾਲਿਫ, ਪ੍ਰੋ. ਗੁਰਮੁਖ ਸਿੰਘ ਅਤੇ ਭਾਈ ਵੀਰ ਸਿੰਘ ਦੇ ਮੱਤ ਨੂੰ ਅੰਦਰੂਨੀ ਤੇ ਬਾਹਰੀ ਪ੍ਰਮਾਣਾਂ ਦੇ ਅਧਾਰ ਉਤੇ ਰਚੈਤਾ ਬਾਰੇ ਖੋਜ ਨੂੰ ਅੱਗੇ ਤੋਰਦਿਆਂ ਕਰਤਾ ਨੂੰ ਪਿੰਡੀ ਘੇਬ, ਪੋਠੋਹਾਰ ਦਾ ਨਿਵਾਸੀ ਸਿੱਧ ਕੀਤਾ ਹੈ ਅਤੇ ਇਸ ਦਾ ਲੇਖਕ ਸੇਵਾਦਾਸ ਨਾਮੀ ਕੋਈ ਨਾਨਕ-ਪੰਥੀ ਖਿਆਲ ਕੀਤਾ ਹੈ।[25]

ਪਿੱਛੇ ਜਿਹੇ ਸ.ਸ.ਪਦਮ ਨੇ ਪੁਰਾਤਨ ਜਨਮਸਾਖੀ ਦਾ ਕਰਤਾ ਸੈਦੋ ਜੱਟ, ਜੋ ਗੁਰੂ ਅਰਜਨ ਦਾ ਸਿੱਖ ਸੀ, ਦੱਸਿਆ ਹੈ, ਜਿਸ ਨੇ ਹਿੰਦਾਲੀਆਂ ਦੇ ਦੁਸ਼ਟ-ਪ੍ਰਚਾਰ ਦਾ ਖੰਡਨ ਕਰਨ ਲਈ 1657-58 ਈ. ਵਿਚ ਪੁਰਾਤਨ ਜਨਮਸਾਖੀ ਦੀ ਰਚਨਾ ਕੀਤੀ।[26] ਭਰੋਸੇਯੋਗ ਸਰੋਤਾਂ ਤੇ ਪ੍ਰਤੱਖ ਸਬੂਤਾਂ ਦੇ ਆਧਾਰ 'ਤੇ ਉਕਤ ਦੋਨੋਂ ਸ਼ਖ਼ਸੀਅਤਾਂ ਸੇਵਾਦਾਸ ਤੇ ਸੈਦੋ ਜੱਟ ਬਾਰੇ ਕਿਸੇ ਨਿਰਣੇ 'ਤੇ ਪਹੁੰਚਣਾ ਸੰਭਵ ਨਹੀਂ। ਪੁਰਾਤਨ ਜਨਮਸਾਖੀ ਦੀ ਅੰਦਰਲੀ ਗਵਾਹੀ ਦੇ ਆਧਾਰ 'ਤੇ ਇਸ ਦੇ ਲੇਖਕ ਸੇਵਾਦਾਸ ਜਾਂ ਸੈਦੋ ਜੱਟ ਬਾਰੇ ਕੁੱਝ ਕੁ ਵੇਰਵੇ ਵਿਦਵਾਨਾਂ ਨਾਲ ਸਾਂਝੇ ਕਰਨ ਦੀ ਲੋੜ ਹੈ। ਸਿੰਘਲਾਦੀਪ ਵਾਲੀ ਸਾਖੀ ਵਿਚ ਰਾਜੇ ਸ਼ਿਵਨਾਭ ਨੂੰ ਪਾਹੁਲ ਗੁਰੂ ਬਾਬਾ ਨਹੀਂ ਬਲਕਿ ਸੈਦੋ ਜੱਟ ਦੁਆਰਾ ਦੇਣ ਦਾ ਹਵਾਲਾ ਆਇਆ ਹੈ: "ਜਨਮ ਮਰਣੁ ਰਾਜੇ ਸਿਵਨਾਭ ਕਾ ਕਟਿਆ ਸਿਖ ਹੋਆ ਸੈਦੋ ਜਟ ਜਾਤਿ ਘੇਹੋ ਪਾਹੁਲ ਹੁਕਮ ਨਾਲਿ ਦਿਤੀ"। ਅੱਗੇ ਜਾ ਕੇ ਹੋਰ ਜਿਕਰ ਹੈ ਕਿ ਸੈਦੋ ਤੇ ਸੀਹਾਂ "ਦੁਏ ਉਦਾਸੀ ਹੋਏ ਬਾਬੈ ਆਪਣੇ ਨਾਲ ਰਖੇ"। ਝਾੜੂ ਕਲਾਲ ਬਾਰੇ ਵੀ ਉਲੇਖ ਹੈ ਕਿ "ਤਬ ਕਾ ਉਦਾਸੀ ਹੋਆ"। ਏਥੇ ਉਦਾਸੀ ਪਦ ਦਾ ਪ੍ਰਯੋਗ ਦੂਹਰੇ ਅਰਥਾਂ ਵਿਚ ਹੋਇਆ ਹੈ। ਘਰ ਬਾਰ ਤਿਆਗ ਕੇ ਵਿਚਰਨ

[20] ਰਤਨ ਸਿੰਘ ਜੱਗੀ, **ਪੰਜਾਬੀ ਦੁਨੀਆ**, ਨਵੰਬਰ-ਦਸੰਬਰ 1950, ਪੰਨਾ 22.
[21] **ਉਹੀ**, ਪੰਨਾ 22.
[22] ਜਗਜੀਤ ਸਿੰਘ, **ਜਨਮਸਾਖੀ ਆਲੋਚਨਾਤਮਕ ਅਧਿਐਨ**, ਪੰਨਾ 166.
[23] ਰਤਨ ਸਿੰਘ ਜੱਗੀ, **ਉਕਤ**, ਪੰਨੇ 24-25.
[24] M.A.Macauliffe, *op.cit.*, vol.1, p lxxxvi.
[25] ਰਤਨ ਸਿੰਘ ਜੱਗੀ, **ਉਪਰੋਕਤ**, ਪੰਨੇ 26-29.
[26] ਸ.ਸ.ਪਦਮ, **ਸਾਖੀ ਮਹਲੁ ਪਹਿਲੇ ਕੀ**, ਪੰਨੇ 145-146.

ਵਾਲਾ ਸ਼ਖ਼ਸ ਜਾਂ ਉਦਾਸੀ ਸੰਪ੍ਰਦਾਇ ਦਾ ਕੋਈ ਪੈਰੋਕਾਰ। ਰਾਜੇ ਸ਼ਿਵਨਾਭ ਨੂੰ ਸੈਦੋ ਤੋਂ ਪਾਹੁਲ ਦਿਵਾਉਣੀ ਉਦਾਸੀ ਸੰਪ੍ਰਦਾਇ ਦੀ ਗੁਰੂ-ਚੇਲਾ ਪਰੰਪਰਾ ਨੂੰ ਪਰਿਪੱਕ ਕਰਨ ਦਾ ਜਤਨ ਜਾਪਦਾ ਹੈ। ਪੁਰਾਤਨ ਜਨਮਸਾਖੀ ਵਿਚ ਸ਼ਾਮਲ ਜੁਗਾਵਲੀ, ਉਨਮਨਿ ਕਾ ਧਿਆਉ, ਰਤਨਮਾਲਾ, ਹਾਜਰਨਾਮਾ, ਸੀਹਰਫੀ ਆਦਿ ਰਚਨਾਵਾਂ ਤੋਂ ਇਸ਼ਾਰਾ ਮਿਲਦਾ ਹੈ ਕਿ ਪੁਰਾਤਨ ਜਨਮਸਾਖੀ ਦਾ ਲੇਖਕ ਉਦਾਸੀ ਸੰਪ੍ਰਦਾਇ ਨਾਲ ਸੰਬੰਧਿਤ ਸੀ ਤੇ ਉਸ ਨੂੰ ਨਾਥ-ਜੋਗੀ, ਸੰਨਿਆਸੀ, ਮੁਸਲਿਮ, ਸੂਫੀਆਂ ਆਦਿ ਨਾਲ ਸੰਬੰਧ ਰੱਖਣ ਵਿਚ ਕੋਈ ਹਿਚਕਚਾਹਟ ਨਹੀਂ ਸੀ। ਸ. ਕਰਮ ਸਿੰਘ ਹਸਿਟੋਰੀਅਨ ਨੇ ਆਪਣੀ ਪ੍ਰਸਿਧ ਪੁਸਤਕ, 'ਕਤਕ ਕਿ ਵਿਸਾਖ' ਵਿਚ ਸੰਮਤ 1790/1723 ਈ. ਅਤੇ ਸੰਮਤ 1814/1757 ਈ. ਦੇ ਦਰਮਿਆਨ ਕੀਤੇ ਗਏ ਪੁਰਾਤਨ ਜਨਮਸਾਖੀ ਦੇ ਸੱਤ ਹੱਥ ਲਿਖਤ ਖਰੜਿਆਂ ਦੀ ਗੱਲ ਕੀਤੀ ਹੈ।[27] ਉਨ੍ਹਾਂ ਨੇ ਇਸ ਵਿਚ ਜ਼ਿਕਰ ਹੋਏ ਕਲਜੁਗੀ ਸੰਮਤ 4735 ਤੋਂ ਇਸ ਦਾ ਰਚਨਾ ਕਾਲ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਸੰਮਤ 1691 ਭਾਵ 1634 ਈ. ਦੱਸਿਆ ਹੈ।[28] ਪਿਛੇ ਜਿਹੇ ਸ.ਸ. ਪਦਮ ਨੇ ਆਪਣੀ ਖੋਜ-ਭਰਪੂਰ ਕਿਤਾਬ, 'ਸਾਖੀ ਮਹਲੁ ਪਹਿਲੇ ਕੀ', ਵਿਚ ਗੁਰੂ ਅਰਜਨ ਦੇਵ ਜੀ ਦੇ ਸਿੱਖ ਸੈਦੋ ਜੱਟ ਜਾਤ ਘੇਹੋ ਨੂੰ ਪੁਰਾਤਨ ਜਨਮਸਾਖੀ ਦਾ ਅਸਲ ਕਰਤਾ ਤੇ ਇਸ ਦਾ ਰਚਨਾ-ਕਾਲ 1650-57 ਈ. ਨਿਸ਼ਚਿਤ ਕੀਤਾ ਹੈ।[29] ਪੁਰਾਤਨ ਜਨਮਸਾਖੀ ਦੀ ਅੰਦਰੂਨੀ ਗਵਾਹੀ ਉਕਤ ਮੱਤ ਦੀ ਪ੍ਰੋੜਤਾ ਕਰਦੀ ਨਜ਼ਰ ਆਉਂਦੀ ਹੈ।

ਪੁਰਾਤਨ ਜਨਮਸਾਖੀ ਦੇ ਇਤਿਹਾਸ ਸੰਬੰਧੀ ਗੱਲ ਕਰਦਿਆਂ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਜਨਮਸਾਖੀ ਸਾਹਿਤ ਦੇ ਸ਼ੁਰੂਆਤੀ ਦੌਰ ਦੀ ਨੀਂਹ ਮੌਖਿਕ ਰੂਪ ਵਿਚ ਹੀ ਰੱਖੀ ਗਈ। ਮੌਖਿਕ ਰੂਪ ਤੋਂ ਹੌਲੀ-ਹੌਲੀ ਇਹ ਲਿਖਤੀ ਪਰੰਪਰਾ ਵੱਲ ਵਿਕਸਿਤ ਹੋਈ। ਜਨਮਸਾਖੀ ਸਾਹਿਤ ਦੇ ਇਤਿਹਾਸ ਵਿਚ ਸਾਨੂੰ ਕਈ ਸਿਰਲੇਖਾਂ ਅਧੀਨ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਪ੍ਰਾਪਤ ਹੁੰਦੀ ਹੈ। ਇਨ੍ਹਾਂ ਵਿਚ ਪੁਰਾਤਨ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਆਦਿ ਸਾਖੀਆਂ, ਭਾਈ ਬਾਲਾ ਵਾਲੀ ਜਨਮਸਾਖੀ, ਭਾਈ ਮਨੀ ਸਿੰਘ ਵਾਲੀ ਜਨਮਸਾਖੀ ਆਦਿ ਪ੍ਰਮੁੱਖ ਹਨ। ਇਨ੍ਹਾਂ ਦਾ ਸੰਖਿਪਤ ਵਿਵਰਣ ਨਿਮਨਲਿਖਤ ਅਨੁਸਾਰ ਹੈ :

1. **ਵਾਰ ਭਾਈ ਗੁਰਦਾਸ ਜੀ:** ਭਾਈ ਗੁਰਦਾਸ ਜੀ ਦਾ ਗੁਰੂ ਸਾਹਿਬ ਦੀਆਂ ਜੀਵਨ-ਘਟਨਾਵਾਂ ਤੇ ਉਦਾਸੀਆਂ ਦੌਰਾਨ ਵੱਖੋ-ਵੱਖਰੇ ਲੋਕਾਂ ਨਾਲ ਹੋਈਆਂ ਗੋਸ਼ਟਾਂ ਦਾ ਵਰਨਣ ਕਾਵਿ-ਰੂਪ ਵਿਚ ਹੋਣ ਦੇ ਨਾਲ-ਨਾਲ ਬਹੁਤ ਹੀ ਸੰਖੇਪ ਹੈ। ਮਹੱਤਵਪੂਰਣ ਤੱਥ ਇਹ ਹੈ ਕਿ ਭਾਈ ਗੁਰਦਸ ਦੇ ਬਿਰਤਾਂਤ ਨੂੰ ਸਿੱਖ ਪੰਥ ਵਿਚ ਪ੍ਰਮਾਣੀਕ ਤੇ ਭਰੋਸੇਯੋਗ ਮੰਨਿਆ ਜਾਂਦਾ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਭਾਈ ਗੁਰਦਾਸ ਜੀ ਦਾ ਜੀਵਨ ਕਾਲ 1558-1637 ਈ. ਤੱਕ ਦਾ ਹੈ। ਭਾਈ ਗੁਰਦਾਸ ਜੀ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ। 12 ਸਾਲ ਦੀ ਉਮਰ ਵਿਚ ਉਹ ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ

[27] ਕਰਮ ਸਿੰਘ ਹਿਸਟੋਰੀਅਨ, **ਉਪਰੋਕਤ**, ਪੰਨਾ 249.
[28] **ਉਹੀ**, ਪੰਨਾ 250.
[29] ਸ.ਸ. ਪਦਮ, **ਉਪਰੋਕਤ**, ਪੰਨਾ 151.

ਆ ਗਏ ਸਨ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਪਹਿਲੀ ਵਾਰ ਦੀ ਰਚਨਾ ਕੀਤੀ ਹੈ ਅਤੇ ਨਾਲ ਹੀ ਨਾਲ ਉਨ੍ਹਾਂ ਨੇ ਗੁਰੂ ਨਾਨਕ ਦੇ ਪਹਿਲੇ ਪੰਜ ਉਤਰਾਧਿਕਾਰੀ ਗੁਰੂ ਸਾਹਿਬਾਨ ਸੰਬੰਧੀ ਵੀ ਚਰਚਾ ਕੀਤੀ ਹੈ।[30] ਇਹ ਤਾਂ ਹੀ ਸੰਭਵ ਹੋ ਸਕਿਆ ਹੈ ਕਿਉਂਕਿ ਉਨ੍ਹਾਂ ਪਾਸ ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਤੇ ਸਾਖੀਆਂ ਬਾਰੇ ਮੌਖਿਕ ਜਾਣਕਾਰੀ ਸੀ।

2. **ਮਿਹਰਬਾਨ ਵਾਲੀ ਜਨਮਸਾਖੀ:** ਮਿਹਰਬਾਨ, ਜੋ ਗੁਰੂ ਅਰਜਨ ਦੇਵ ਜੀ ਦਾ ਭਤੀਜਾ ਸੀ, ਉਸ ਦਾ ਅਤੇ ਉਸ ਦੇ ਪੁੱਤਰਾਂ ਹਰਿ ਜੀ ਅਤੇ ਚਤੁਰਭੁਜ ਦੁਆਰਾ ਲਿਖੀਆਂ ਗਈਆਂ ਤਿੰਨ ਪੋਥੀਆਂ ਉਪਲਬਧ ਹਨ ਜਦੋਂ ਕਿ ਬਾਕੀ ਤਿੰਨ ਸੰਬੰਧੀ ਕੋਈ ਵੇਰਵਾ ਪ੍ਰਾਪਤ ਨਹੀਂ ਹੁੰਦਾ। ਮਿਹਰਬਾਨ ਦਾ ਕਾਲ 1581 ਤੋਂ 1639 ਈ. ਵਿਚਲਾ ਹੈ। ਉਸ ਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਮੌਖਿਕ ਜਾਣਕਾਰੀ ਪ੍ਰਾਪਤ ਸੀ।ਇਸ ਜਨਮਸਾਖੀ ਨੂੰ ਵੀ ਪੁਰਾਤਨ ਜਨਮਸਾਖੀ ਤੋਂ ਬਾਅਦ ਵਿਚ ਹੋਂਦ ਵਿਚ ਆਈ ਮੰਨਿਆ ਜਾਂਦਾ ਹੈ। ਪਰ ਪੁਰਾਤਨ ਜਨਮਸਾਖੀ ਵਿਚ ਮਿਹਰਬਾਨ ਦੁਆਰਾ ਰਚੇ ਕੱਚੀ ਬਾਣੀ ਦੇ ਸਲੋਕ ਹੋਣ ਕਾਰਣ ਉਕਤ ਮੱਤ ਟਿਕਦਾ ਨਜ਼ਰ ਨਹੀਂ ਆਉਂਦਾ। ਮੂਲ-ਰੂਪ ਵਿਚ ਇਸ ਜਨਮਸਾਖੀ ਵਿਚ 575 ਗੋਸ਼ਟਾਂ ਹੋਣ ਦੀ ਸੂਹ ਮਿਲਦੀ ਹੈ ਪਰ ਇਨ੍ਹਾਂ ਵਿਚੋਂ ਕੇਵਲ 288 ਹੀ ਪ੍ਰਾਪਤ ਹਨ।ਇਹ ਜਨਮਸਾਖੀ ਗੋਸ਼ਟਾਂ ਦੇ ਰੂਪ ਵਿਚ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਆਖਿਆ ਪਰਮਾਰਥ ਸਹਿਤ ਕੀਤੀ ਗਈ ਹੈ। ਇਸ ਨੂੰ ਪ੍ਰੋ. ਕ੍ਰਿਪਾਲ ਸਿੰਘ ਨੇ ਦੋ ਭਾਗਾਂ ਵਿਚ ਮਿਹਰਬਾਨ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੇ ਸਿਰਲੇਖ ਹੇਠ ਕ੍ਰਮਵਾਰ 1962 ਤੇ 1969 ਵਿਚ ਸ. ਸ਼ਮਸ਼ੇਰ ਸਿੰਘ ਅਸ਼ੋਕ ਤੇ ਪ੍ਰਕਾਸ਼ ਸਿੰਘ ਦੇ ਸਹਿਯੋਗ ਨਾਲ ਸੰਪਾਦਿਤ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ ਹੈ।

3. **ਆਦਿ ਸਾਖੀਆਂ:** ਆਦਿ ਸਾਖੀਆਂ ਦੀ ਲੱਭਤ ਦਾ ਸਿਹਰਾ ਡਾ. ਮੋਹਨ ਸਿੰਘ ਦੀਵਾਨਾ ਦੇ ਸਿਰ ਹੈ। ਉਨ੍ਹਾਂ ਨੇ ਪਹਿਲੇ-ਪਹਿਲ 1934 ਈ. ਵਿਚ ਸੂਚਨਾ ਦਿਤੀ ਸੀ ਕਿ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਹੱਥ-ਲਿਖਤ ਖਰੜਾ ਨੰ. 4141 ਉਤੇ 'ਜਨਮ ਪਤ੍ਰੀ ਬਾਬੇ ਨਾਨਕ ਜੀ ਕੀ' ਦੇ ਸਿਰਲੇਖ ਹੇਠ ਪ੍ਰਾਪਤ ਹੈ ਅਤੇ ਇਸ ਦਾ ਲਿਖਣ-ਕਾਲ 1701 ਈ. ਹੈ।[31] ਪ੍ਰੋ ਪਿਆਰ ਸਿੰਘ ਅਨੁਸਾਰ ਇਹ ਖਰੜਾ ਕਿਸੇ ਸ਼ੰਭੂ ਨਾਥ ਬ੍ਰਾਹਮਣ ਦੁਆਰਾ ਲਿਖਿਆ ਗਿਆ ਸੀ। ਸ. ਸ. ਪਦਮ ਨੇ ਆਪਣੀ ਨਵੀਨਤਮ ਖੋਜ ਵਿਚ ਇਸ ਦਾ ਲੇਖਕ ਗੁਰੂ ਅਮਰਦਾਸ ਜੀ ਦਾ ਸਿੱਖ, ਬੂਲਾ ਪਾਂਧਾ ਹੋਣ ਦਾ ਵਿਚਾਰ ਪ੍ਰਸਤੁਤ ਕੀਤਾ ਹੈ ਤੇ ਇਸ ਦਾ ਰਚਨਾ-ਕਾਲ 1597-1600 ਈ. ਮਿਥਿਆ ਹੈ।[32] ਪ੍ਰੋ. ਪਿਆਰ ਸਿੰਘ ਨੇ ਇਸ ਦਾ ਤੀਜਾ ਸੰਸ਼ੋਧਿਤ ਤੇ ਵਧਾਇਆ ਹੋਇਆ ਸੰਸਕਰਣ 1983 ਵਿਚ ਪ੍ਰਕਾਸ਼ਿਤ ਕੀਤਾ ਸੀ। ਇਸ ਜਨਮਸਾਖੀ ਪਰੰਪਰਾ ਵਿਚ ਕੁਲ 30 ਸਾਖੀਆਂ ਪ੍ਰਾਪਤ ਹਨ।

---

[30] ਰਤਨ ਸਿੰਘ ਜੱਗੀ, **ਉਪਰੋਕਤ**, ਪੰਨੇ 71-72.
[31] ਪਿਆਰ ਸਿੰਘ, **ਆਦਿ ਸਾਖੀਆਂ**, ਪੰਨੇ 15-16.
[32] ਸ.ਸ. ਪਦਮ, **ਉਪਰੋਕਤ**, ਪੰਨੇ 125-131, 246.

4. B-**40 ਜਨਮਸਾਖੀ:** ਇੰਗਲੈਂਡ ਵਿਚ ਇੰਡੀਆ ਆਫਿਸ ਦੀ ਲਾਇਬਰੇਰੀ ਵਿਚ ਜਨਮਸਾਖੀ ਦਾ ਇਕ ਹੱਥ-ਲਿਖਤ ਖਰੜਾ ਪ੍ਰਾਪਤ ਹੈ ਜੋ Panj B 40 ਦੇ ਨੰਬਰ ਉਤਰ ਪ੍ਰਾਪਤ ਹੈ। ਇਸ ਵੱਲ ਧਿਆਨ ਸ. ਜੀ.ਬੀ.ਸਿੰਘ ਨੇ 1949-50 ਵਿਚ ਧਿਆਨ ਦਿਵਾਇਆ ਸੀ।[33] ਇਸ ਵਿਚ ਕੁਲ 57 ਸਾਖੀਆਂ ਹਨ ਜਿਨ੍ਹਾਂ ਨੂੰ ਬੜੇ ਸੁੰਦਰ ਚਿਤ੍ਰਾਂ ਨਾਲ ਸਜਾਇਆ ਗਿਆ ਹੈ। ਇਸ ਦਾ ਰਚਨਾ-ਕਾਲ 1733 ਈ. ਹੈ। ਇਸ ਦਾ ਰਚਿਆਰ ਦਇਆ ਰਾਮ ਅਬਰੋਲ ਅਤੇ ਚਿਤ੍ਰਕਾਰ ਆਲਮ ਚੰਦ ਸੀ।[34] ਪ੍ਰੋ. ਪਿਆਰ ਸਿੰਘ ਨੇ ਇਸ ਦਾ ਸੰਪਾਦਿਤ ਸੰਸਕਰਣ 1989 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ ਸੀ। ਇਸ ਤੋਂ ਪੂਰਵ ਡਬਲਯੂ. ਐਚ. ਮੈਕਲਿਓਡ ਨੇ ਇਸ ਦਾ ਅੰਗਰੇਜ਼ੀ ਅਨੁਵਾਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਹੀ 1981 ਵਿਚ ਪ੍ਰਕਾਸ਼ਿਤ ਕਰ ਦਿੱਤਾ ਸੀ।

5. **ਬਾਲਾ ਜਨਮਸਾਖੀ:** ਆਮ ਤੌਰ 'ਤੇ ਬਾਲੇ ਵਾਲੀ ਜਨਮ-ਸਾਖੀ ਨੂੰ ਗੁਰੂ ਅੰਗਦ ਦੁਆਰਾ ਭਾਈ ਬਾਲਾ ਤੋਂ ਸੁਣਕੇ ਪੈੜੇ ਮੋਖੇ ਦੁਆਰਾ 1582 ਬਿ./1532 ਈ. ਵਿਚ ਕਲਮ ਬੰਦ ਕੀਤੇ ਜਾਣ ਦਾ ਦਾਅਵਾ ਕੀਤਾ ਜਾਂਦਾ ਹੈ। ਪਰ ਇਹ ਦਅਵਾ ਨਿਰਮੂਲ ਹੈ। ਸ. ਕਰਮ ਸਿੰਘ ਹਿਸਟੋਰੀਅਨ ਨੇ ਇਸ ਨੂੰ 1750 ਬਿ./1693 ਈ. ਤੋਂ ਬਾਅਦ ਦੀ ਕ੍ਰਿਤ ਦੱਸਿਆ ਹੈ ਤੇ ਇਸ ਦੀ ਰਚਨਾ ਪਿੱਛੇ ਹਿੰਦਾਲੀਆ ਸੰਪ੍ਰਦਾਇ ਦੁਆਰਾ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਨੂੰ ਦੂਸ਼ਤ ਕਰਨ ਦੀ ਚਾਲ ਦੱਸਿਆ ਹੈ। ਭਾਵੇਂ ਇਸ ਨੂੰ ਸੁਰਿੰਦਰ ਸਿੰਘ ਕੋਹਲੀ ਨੇ ਵੀ ਸੰਪਾਦਿਤ ਕੀਤਾ ਹੈ ਪਰ ਡ. ਗੁਰਬਚਨ ਕੌਰ ਸੰਧੂ ਨੇ ਹੱਥ-ਲਿਖਤ ਖਰੜਿਆਂ ਦੇ ਆਧਾਰ ਤੇ ਇਸ ਦਾ ਪਾਠ ਨਿਰਧਾਰਿਤ ਕਰਨ ਦਾ ਕਾਰਜ ਕੀਤਾ ਹੈ ਜੋ ਭਾਸ਼ਾ ਵਿਭਾਗ ਪੰਜਾਬ ਨੇ 1987 ਵਿਚ ਪ੍ਰਕਾਸ਼ਿਤ ਕੀਤਾ ਹੈ। ਉਨ੍ਹਾਂ ਦੀ ਖੋਜ ਅਨੁਸਾਰ ਇਸ ਦਾ ਰਚਨਾ-ਕਾਲ 1651-58 ਅਤੇ ਇਸ ਦਾ ਲੇਖਕ ਹਿੰਦਾਲੀਆ ਲਿਖਾਰੀ ਗੋਰਖ ਦਾਸ ਦੱਸਿਆ ਗਿਆ ਹੈ।[35] ਇਸ ਵਿਚ ਸਾਖੀਆਂ ਦੀ ਗਿਣਤੀ ਇਕਸਾਰ ਨਹੀਂ ਹੈ। ਪਹਿਲੀ ਕਿਸਮ ਦੀਆਂ ਹੱਥ-ਲਿਖਤਾਂ ਵਿਚ ਸਾਖੀਆਂ ਦੀ ਗਿਣਤੀ 75-88 ਤਕ ਹੈ। ਦੂਜੀ ਕਿਸਮ ਦੀਆਂ ਹੱਥ-ਲਿਖਤਾਂ ਵਿਚ ਇਹ ਗਿਣਤੀ 90 ਤੋਂ ਉਪਰ ਹੈ ਅਤੇ ਤੀਜੀ ਕਿਸਮ ਦੀਆਂ ਹੱਥ-ਲਿਖਤਾਂ ਵਿਚ 232 ਸਾਖੀਆਂ ਮਿਲਦੀਆਂ ਹਨ।

6. **ਭਾਈ ਮਨੀ ਸਿੰਘ ਵਾਲੀ ਜਨਮਸਾਖੀ:** ਇਸ ਦਾ ਨਾਮ ਗਿਆਨ ਰਤਨਾਵਲੀ ਵੀ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸਿੱਖ ਤੇ ਪ੍ਰਸਿਧ ਸਿੱਖ, ਸ਼ਹੀਦ ਭਾਈ ਮਨੀ ਸਿੰਘ ਦੀ ਕ੍ਰਿਤ ਮੰਨੀ ਜਾਂਦੀ ਹੈ। ਇਸ ਦੀ ਉਤਪਤੀ ਬਾਰੇ ਕਿਹਾ ਜਾਂਦਾ ਹੈ ਕਿ ਭਾਈ ਮਨੀ ਸਿੰਘ ਨੂੰ ਸਿੱਖ ਸੰਗਤਾਂ ਨੇ ਬੇਨਤੀ ਕੀਤੀ ਕਿ "ਜੋ ਗੋਸਟਿ ਪਹਿਲੀ ਪਾਤਸਾਹੀ ਦੀ ਜੋ ਹੈ ਜਿਸ ਦੇ ਵਿਚ ਛੋਟੇ ਮੇਲ ਵਾਲਿਆਂ ਕਈ ਜੁਗਤਾਂ ਪਾਇ ਦਿਤੀਆਂ ਹੈਨ। ਜਿਸ

[33] ਪਿਆਰ ਸਿੰਘ, **ਉਪਰੋਕਤ**, ਪੰਨੇ 15-16.
[34] W.H. Mcheod, *The B40 Janamsakhi*, p 19.
[35] ਗੁਰਬਚਨ ਕੌਰ ਸੰਧੂ, **ਜਨਮਸਾਖੀ ਭਾਈ ਬਾਲਾ ਦਾ ਪਾਠ ਪ੍ਰਮਾਣੀਕਰਨ ਅਤੇ ਆਲੋਚਨਾਤਮਕ ਸੰਪਾਦਨ**, ਪੰਨੇ 51-52.

ਨੋ ਸੁਣ ਕੈ ਸਿਖਾਂ ਦਾ ਸਿਦਕ ਗੁਰੂ ਵਲੋਂ ਘਟਿ ਜਾਂਦਾ ਹੈ।[36] ਭਾਈ ਮਨੀ ਸਿੰਘ ਨੇ ਬੇਨਤੀ ਪ੍ਰਵਾਨ ਕਰਕੇ ਗਿਆਨ ਰਤਨਾਵਲੀ ਦੀ ਰਚਨਾ ਕੀਤੀ ਤੇ ਇਸ ਦੀ ਸਹੀ ਹੋਣ ਦੀ ਤਸਦੀਕ ਗੁਰੂ ਗੋਬਿੰਦ ਸਿੰਘ ਜੀ ਤੋਂ ਵੀ ਕਰਵਾਈ। ਮਕਲਿਓਡ ਨੇ ਉਕਤ ਦਾਅਵੇ ਅਨੁਸਾਰ ਇਸ ਦਾ ਲਿਖਾਰੀ ਭਾਈ ਮਨੀ ਸਿੰਘ ਹੋਣਾ ਸਵੀਕਾਰ ਨਹੀਂ ਕੀਤਾ।[37] ਤਰਲੋਚਨ ਸਿੰਘ ਬੇਦੀ ਨੇ ਇਸ ਦਾ ਰਚਨਾ-ਕਲਾ 1715 ਈ. ਨਿਸਚਿਤ ਕੀਤਾ ਹੈ।[38] ਪ੍ਰੋ. ਪਿਆਰ ਸਿੰਘ ਤੇ ਸ.ਸ. ਪਦਮ ਨੇ ਇਸ ਨੂੰ ਭਾਈ ਮਨੀ ਸਿੰਘ ਦੀ ਸ਼ਿਸ਼ ਪ੍ਰਣਾਲੀ ਵਿਚੋਂ ਭਾਈ ਸੂਰਤ ਸਿੰਘ ਨੂੰ ਮੰਨਿਆ ਹੈ ਤੇ ਇਸ ਦਾ ਰਚਨਾ-ਕਾਲ 1780 ਦੇ ਨੇੜੇ-ਤੇੜੇ ਨਿਸਚਿਤ ਕੀਤਾ ਹੈ।[39] ਇਸ ਵਿਚ ਲਗਭਗ 219 ਸਾਖੀਆਂ ਹਨ ਜੋ ਪੁਰਾਤਨ ਜਨਮ ਸਾਖੀ, ਆਦਿ ਸਾਖੀਆਂ, ਮਿਹਰਬਾਨ ਜਨਮਸਾਖੀ ਅਤੇ ਬਾਲਾ ਜਨਮਸਾਖੀ ਦਾ ਮਿਲਗੋਭਾ ਹਨ।ਹੱਥ-ਲਿਖਤ ਖਰੜਿਆਂ ਦੇ ਅਧਾਰ 'ਤੇ ਇਸ ਦੇ ਪਾਠ ਦੀ ਸੰਪਾਦਨਾ ਡਾ. ਜਸਬੀਰ ਸਿੰਘ ਸਾਬਰ ਨੇ ਕੀਤੀ ਹੈ ਜਿਸ ਨੂੰ ਗੁਰੂ ਨਾਨਕ ਦੇ ਯੂਨੀਵਰਸਿਟੀ ਨੇ 1993 ਵਿਚ ਪ੍ਰਕਾਸ਼ਿਤ ਕੀਤਾ ਹੈ।

ਵੱਖੋ-ਵੱਖਰੀਆਂ ਜਨਮਸਾਖੀ ਪਰੰਪਰਾਵਾਂ ਵਿਚ ਸਾਖੀਆਂ ਸੰਬੰਧੀ ਕੋਈ ਨਾ ਕੋਈ ਅਜਿਹਾ ਹਵਾਲਾ ਪ੍ਰਾਪਤ ਹੁੰਦਾ ਹੈ, ਜੋ ਇਨ੍ਹਾਂ ਦਾ ਸੰਬੰਧ ਪੁਰਾਤਨ ਜਨਮਸਾਖੀ ਨਾਲ ਜੋੜ ਦੇਂਦਾ ਹੈ। ਭਾਵ ਪੁਰਾਤਨ ਹੀ ਇਕ ਅਜਿਹੀ ਜਨਮਸਾਖੀ ਜਾਂ ਸ੍ਰੋਤ ਹੈ ਜੋ ਸਾਰੀਆਂ ਜਨਮਸਾਖੀਆਂ ਵਿਚਕਾਰ ਸਾਂਝੀ ਕੜੀ ਦਾ ਕਾਰਜ ਕਰਦੀ ਰਹੀ ਹੈ। ਸ.ਸ.ਪਦਮ ਅਨੁਸਾਰ ਇਸ ਦਾ ਅਸਲ ਨਾਮ 'ਸਾਖੀ ਬਾਬੇ ਨਾਨਕ ਜੀ ਕੀ ਜਾਂ ਸਾਖੀ ਆਦਿ ਅੰਤ ਕੀ ਸੀ'।[40] ਇਸ ਦੇ ਨਾਮ ਨਾਲ ਪੁਰਾਤਨ ਦਾ ਵਿਸ਼ੇਸ਼ਣ ਉਨੀਂਵੀਂ ਸਦੀ ਦੇ ਅੰਤ ਜਾਂ ਵੀਹਵੀਂ ਸਦੀ ਦੇ ਅਰੰਭ ਵਿਚ ਜੋੜਿਆ ਗਿਆ। ਪ੍ਰੋ. ਪਿਆਰ ਸਿੰਘ ਨੇ ਪੁਰਾਤਨ ਜਨਮਸਾਖੀ ਦੀ ਉਤਪਤੀ ਤੇ ਰਚਨਾ ਪ੍ਰਕ੍ਰਿਆ ਬਾਰੇ ਆਪਣੇ ਮੱਤ ਦਾ ਪ੍ਰਗਟਾਵਾ ਕਰਦੇ ਹੋਏ ਲਿਖਿਆ ਹੈ ਕਿ :

> ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਆਖਿਰ ਇਸ ਦਾ ਸਮਾਂ ਹੈ ਕੀ ਅਤੇ ਇਸ ਦੀ ਰਚਨਾ ਕਿਸ ਪ੍ਰਕਾਰ ਹੋਈ? ਇਸ ਪ੍ਰਸ਼ਨ ਦਾ ਉੱਤਰ ਸੋਲ੍ਹਾਂ ਆਨੇ ਠੀਕ ਦੇਣਾ ਤਾਂ ਕਠਿਨ ਹੈ ਪਰ ਜੋ ਕੁਝ ਇਸ ਦੇ ਦੂਜੀਆਂ ਪਰੰਪਰਾਵਾਂ ਨਾਲ ਅਧਿਐਨ ਤੋਂ ਸਿੱਧ ਹੁੰਦਾ ਹੈ, ਉਹ ਇਹ ਹੈ ਕਿ ਗੁਰੂ ਬਾਬੇ ਦੀਆਂ ਸਾਖੀਆਂ ਗੁਰੂ ਬਾਬੇ ਦੀ ਜੀਵਨ ਵਿਚ ਹੀ ਜਾਂ ਉਨ੍ਹਾਂ ਦੇ ਸਮਾਉਣ ਦੇ ਛੇਤੀ ਪਿਛੋਂ ਇਕੱਲੀ ਦੁਕੱਲੀ ਗੋਸ਼ਟੀ ਦੇ ਰੂਪ ਵਿਚ ਵਿਕਸਿਤ ਹੋਈਆਂ ਅਤੇ ਇਹ ਚੋਖਾ ਚਿਰ ਇਸ ਭਾਂਤ ਗੁਰੂ ਨਾਨਕ ਦੇ ਅਨੁਯਾਈਆਂ ਵਿਚ ਚਲਦੀਆਂ ਰਹੀਆਂ ਅਤੇ ਇਨ੍ਹਾਂ ਨਾਲ ਕਈ ਪ੍ਰਕਾਰ ਦੀਆਂ ਹੋਰ ਕਹਾਣੀਆਂ ਇਧਰੋਂ ਉਧਰੋਂ ਆ ਕੇ ਜੁੜਦੀਆਂ ਰਹੀਆਂ। ਫਿਰ

---

[36] ਜਸਬੀਰ ਸਿੰਘ ਸਾਬਰ (ਸੰਪਾ.), **ਗਿਆਨ ਰਤਨਾਵਲੀ**, ਪੰਨਾ 193.

[37] W.H. Mcheod, *Guru Nanak & Sikh Religion,* pp. 25-26.

[38] ਤਰਲੋਚਨ ਸਿੰਘ ਬੇਦੀ, **ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ**, ਪੰਨਾ 80.

[39] ਪਿਆਰ ਸਿੰਘ, **ਉਪਰੋਕਤ**, ਪੰਨਾ 23 ਅਤੇ ਸ.ਸ. ਪਦਮ, **ਉਪਰੋਕਤ**, ਪੰਨਾ 67.

[40] ਸ.ਸ.ਪਦਮ, **ਉਪਰੋਕਤ**, ਪੰਨਾ 246.

ਉਤਸ਼ਾਹੀ ਸਜਨਾਂ ਨੇ ਇਨ੍ਹਾਂ ਦੇ ਸੰਗ੍ਰਹ ਕਰਨੇ ਸ਼ੁਰੂ ਕੀਤੇ। ਕਿਸੇ ਹੱਥ ਕੋਈ ਖਰੜਾ ਆ ਗਿਆ, ਕਿਸੇ ਹੱਥ ਕੋਈ। ਬਹੁਤ ਵਾਰੀ ਇਨ੍ਹਾਂ ਖਰੜਿਆਂ ਵਿਚ ਸਮੇਂ ਦੇ ਲੰਘਣ ਨਾਲ ਚੋਖੇ ਅੰਤਰ ਵੀ ਆ ਚੁੱਕੇ ਹੁੰਦੇ, ਅਤੇ ਨਾਲ ਹੀ, ਸੰਗ੍ਰਹ ਕਰਨ ਵਾਲਿਆਂ ਦੀ ਸਿਤਮ-ਜ਼ਰੀਫੀ ਆਪਣਾ ਰੰਗ ਲਿਆਉਂਦੀ। ਹਰ ਕੋਈ ਆਪਣੀ ਪ੍ਰਤਿਭਾ ਮੁਤਾਬਿਕ ਉਨ੍ਹਾਂ ਵਿਚ ਦਖਲ-ਅੰਦਾਜ਼ੀ ਕਰਦਾ। ਇਹੀ ਕਾਰਣ ਹੈ ਕਿ ਵੱਖ-ਵੱਖ ਸੰਗ੍ਰਹਾਂ ਵਿਚ ਆਈਆਂ ਸਾਖੀਆਂ ਵੇਰਵੇ ਆਕਾਰ ਅਤੇ ਸ਼ਬਦਾਵਲੀ ਦੇ ਪੱਖੋਂ ਚੋਖਾ ਅੰਤਰ ਰੱਖਦੀਆਂ ਹਨ। ਤਾਂ ਵੀ ਉਨ੍ਹਾਂ ਦਾ ਕਿਸੇ ਇਕ ਮੁੱਢਲੇ ਸਾਂਝੇ ਸ੍ਰੋਤ ਤੋਂ ਆਇਆ ਹੋਣਾ ਭਲੀ-ਭਾਂਤ ਉਘੜ ਆਉਂਦਾ ਹੈ, ਅਤੇ ਜੇ ਕੋਈ ਸਾਖੀਆਂ ਦੇ ਇਨ੍ਹਾਂ ਮੁੱਢਲੇ ਰੂਪਾਂ ਨੂੰ ਲੋੜਨਾ ਚਾਹੇ, ਤਾਂ ਉਹ ਪਰਿਸ਼੍ਰਮ ਅਤੇ ਸੂਝ ਨਾਲ ਇਨ੍ਹਾਂ ਦਾ ਇਕ ਮੋਟਾ ਜੇਹਾ ਖਾਕਾ ਬਣਾਣ ਵਿਚ ਸਫਲ ਹੋ ਜਾਏਗਾ।[41]

ਭਾਵੇਂ ਪੁਰਾਤਨ ਜਨਮਸਾਖੀ ਨੂੰ ਹੀ ਮੁੱਖ ਤੌਰ 'ਤੇ ਜਨਮਸਾਖੀ ਪਰੰਪਰਾ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ, ਪਰ ਰਚਨਾਕਾਲ, ਰਚੈਤਾ ਆਦਿ ਦੇ ਸੰਦਰਭ ਵਿਚ ਇਸ ਜਨਮਸਾਖੀ ਬਾਰੇ ਹਾਲੇ ਮਤਭੇਦ ਹਨ।ਜਨਮਸਾਖੀ ਪਰੰਪਰਾ ਵਿਚ ਪੁਰਾਤਨ ਜਨਮਸਾਖੀ ਇਕ ਅਜਿਹੀ ਸ਼ਾਖਾ ਹੈ, ਜਿਸ ਵਿਚ ਸਭ ਤੋਂ ਪਹਿਲਾਂ 25-26 ਸਾਖੀਆਂ ਦਰਜ ਸਨ ਅਤੇ ਹੌਲੀ-ਹੌਲੀ ਇਨ੍ਹਾਂ ਦੀ ਗਿਣਤੀ ਵਧਦੀ ਗਈ। ਜੋ ਵੀ ਖਰੜੇ ਪ੍ਰਾਪਤ ਹੋਏ ਹਨ ਸਾਰਿਆਂ ਵਿਚ ਸਾਖੀਆਂ ਜਾਂ ਬਾਣੀ ਸੰਬੰਧੀ ਵਾਧਾ-ਘਾਟਾ ਕਰਨ ਦੀ ਮਨਸ਼ਾ, ਜ਼ਰੂਰ ਧਾਰਮਿਕ ਪੱਖ ਨੂੰ ਉਚਿਆਉਣ ਦੀ ਰਹੀ ਹੋਵੇਗੀ। ਇਨ੍ਹਾਂ ਸਾਖੀਆਂ ਵਿਚ ਵਾਧੇ ਸੰਬੰਧੀ ਆਸ਼ਾ ਧਾਰਮਿਕ ਰਿਹਾ ਹੋਵੇਗਾ ਜੋ ਗੁਰੂ ਨਾਨਕ ਦੇਵ ਜੀ ਨੂੰ ਇਕ ਸਰਵਪੱਖੀ ਸ਼ਖ਼ਸੀਅਤ ਵਜੋਂ ਰੂਪਮਾਨ ਕਰਨਾ ਸੀ। ਕੁਝ ਵਿਦਵਾਨਾਂ ਦਾ ਵਿਚਾਰ ਹੈ ਇਹ ਇਕ ਅਜਿਹੀ ਜਨਮਸਾਖੀ ਹੈ, ਜੋ ਸਿੱਖ ਸਿਧਾਂਤਾਂ ਨੂੰ ਉਚਿਆਉਣ ਲਈ ਲਿਖੀ ਗਈ ਸੀ।[42] ਪਰ ਇਸ ਜਨਮਸਾਖੀ ਵਿਚ ਕੱਚੀ-ਬਾਣੀ ਦੀ ਮੌਜੂਦਗੀ ਅਤੇ ਇਸ ਵਿਚ ਦਰਜ ਜੁਗਾਵਲੀ, ਉਨਮਨਿ ਕਾ ਧਿਆਉ, ਰਤਨਮਾਲਾ ਆਦਿ ਰਚਨਾਵਾਂ ਸੰਨਿਆਸ, ਹਠ-ਯੋਗ ਅਤੇ ਜੋਗ-ਮੱਤ ਦੀ ਪ੍ਰੋੜਤਾ ਕਰਦੀਆਂ ਹਨ। ਇਹ ਸਾਰੇ ਤੱਥ ਪੁਰਾਤਨ ਜਨਮਸਾਖੀ ਨੂੰ ਸਿੱਖ ਪੰਥ ਦੀ ਮੁੱਖ ਧਾਰਾ ਵਿਚੋਂ ਉਪਜੀ ਤੇ ਇਸ ਦੇ ਸ਼ੁਧ ਸਿਧਾਂਤਾਂ ਦੇ ਪ੍ਰਚਾਰ ਦੇ ਉਦੇਸ਼ ਨਾਲ ਰਚੀ ਕ੍ਰਿਤ ਦੇ ਤੌਰ 'ਤੇ ਸਵੀਕਾਰ ਕਰਨ ਵਿਚ ਸਭ ਤੋਂ ਵੱਡਾ ਅੜਿੱਕਾ ਹਨ।

ਜਨਮਸਾਖੀ ਸਾਹਿਤ ਇਕ ਅਜਿਹਾ ਸਾਹਿਤ ਹੈ, ਜਿਸ ਸੰਬੰਧੀ ਅਜੇ ਹੋਰ ਘੋਖ ਦੀ ਲੋੜ ਹੈ। ਹੱਥਲੇ ਅਧਿਐਨ ਵਿਚ ਪੁਰਾਤਨ ਜਨਮਸਾਖੀ ਦੇ ਇਤਿਹਾਸ 'ਤੇ ਚਾਨਣਾ ਪਾਉਣ ਤੋਂ ਇਲਾਵਾ ਪੰਜਾਬ ਭਰ ਵਿਚ ਜਿੰਨੀਆਂ ਵੀ ਹੱਥ-ਲਿਖਤਾਂ ਜੋ ਪੁਰਾਤਨ ਜਨਮਸਾਖੀ ਨਾਲ ਮੇਲ ਖਾਂਦੀਆਂ ਹਨ, ਸੰਬੰਧੀ ਵੇਰਵਾ ਇਕੱਤਰ ਕੀਤਾ ਗਿਆ ਹੈ। ਵੱਖੋ-ਵੱਖਰੀਆਂ ਸੰਸਥਾਵਾਂ ਤੇ ਲਾਇਬ੍ਰੇਰੀਆਂ ਵਿਚ ਪੁਰਾਤਨ ਜਨਮਸਾਖੀ ਨਾਲ ਸੰਬੰਧਤ ਜੋ ਹੱਥ-ਲਿਖਤਾਂ ਦ੍ਰਿਸ਼ਟੀਗੋਚਰ ਹੋਈਆਂ ਹਨ ਉਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਹੈ।

[41] ਪਿਆਰ ਸਿੰਘ, **ਉਪਰੋਕਤ**, ਪੰਨੇ 33-34.
[42] ਰਤਨ ਸਿੰਘ ਜੱਗੀ, **ਗੁਰੂ ਨਾਨਕ ਜੀਵਨੀ ਅਤੇ ਵਿਅਕਤਿਤਵ**, ਪੰਨਾ 19.

**1. MS #506 (ਪੁਰਾਤਣ ਜਨਮਸਾਖੀ):** ਇਹ ਹੱਥ-ਲਿਖਤ ਪੁਰਾਤਨ ਜਨਮਸਾਖੀ ਦੇ ਸਿਰਲੇਖ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬ੍ਰੇਰੀ ਦੇ ਦੁਰਲਭ ਸੈਕਸ਼ਨ ਵਿਚ ਪ੍ਰਾਪਤ ਹੈ। ਇਸ ਖਰੜੇ ਵਿਚ ਕੁਲ 46 ਸਾਖੀਆਂ ਦਰਜ ਹਨ। ਇਸ ਹੱਥ-ਲਿਖਤ ਦਾ ਲਿਖਣ ਸਮਾਂ ਸੰਨ 1734 ਈ./ਸੰਮਤ 1791 ਹੈ। ਇਸ ਖਰੜੇ ਦੇ ਲੇਖਕ/ਲਿਖਾਰੀ ਸੰਬੰਧੀ ਕੋਈ ਵੀ ਜਾਣਕਾਰੀ ਪ੍ਰਾਪਤ ਨਹੀਂ ਹੈ। ਇਸ ਜਨਮਸਾਖੀ ਵਿਚ ਜੁਗਾਵਲੀ, ਰਤਨਮਾਲਾ ਆਦਿ ਰਚਨਾਵਾਂ ਦਰਜ ਨਹੀਂ ਹਨ। ਪਰੰਤੂ ਇਸ ਵਿਚ ਹਾਜ਼ਰਨਾਮੇ ਦਾ ਕੁਝ ਕੁ ਅੰਸ਼ ਪ੍ਰਾਪਤ ਹੈ। ਇਸ ਵਿਚ ਕੁਝ ਵਾਧੂ ਸਾਖੀਆਂ ਵੀ ਦਰਜ ਕੀਤੀ ਗਈਆਂ ਹਨ। ਜਿਵੇਂ ਗੁਰੂ ਅੰਗਦ ਦਾ ਰੰਧਾਵੀ ਜੱਟੀ ਕੋਲ ਜਾਣਾ, ਗੁਰੂ ਅੰਗਦ ਦੁਆਰਾ ਸੰਗਤ ਨੂੰ ਮਿਥਿਹਾਸਕ ਹਵਾਲਿਆਂ ਨਾਲ ਗੁਰੂ ਸੰਬੰਧੀ ਸੰਕੇਤ ਦੇਣਾ, ਸਿਧਾਂ ਦੁਆਰਾ ਕਮਲੇ ਨੂੰ ਬਿਭੂਤ ਦੀ ਚੁਟਕੀ ਦੇਣਾ, ਸਾਧਾਰਣ ਨਾਲ ਸਾਖੀ ਆਦਿ ਵਾਧੂ ਸਾਖੀਆਂ ਦਰਜ ਹਨ। ਇਸ ਹੱਥ-ਲਿਖਤ ਵਿਚ ਸਾਖੀਆਂ ਦੇ ਸਿਰਲੇਖ ਦਰਜ ਨਹੀਂ ਹਨ।ਇਸ ਵਿਚ ਸਾਖੀਆਂ ਦੀ ਤਰਤੀਬ ਇਸ ਪ੍ਰਕਾਰ ਹੈ। ਨਿਮਨ ਲਿਖਤ ਲੜੀ ਨੰਬਰ ਤੇ ਸਾਖੀਆਂ ਦੇ ਸਿਰਲੇਖ ਅਸੀਂ ਆਪਣੇ ਵੱਲੋਂ ਲਾਏ ਹਨ:

1. ਜਨਮ, 2. ਪੱਟੀ ਪਾਂਧਾ, 3. ਜਨੇਊ, 4. ਤੋਰਕੀ ਪੜ੍ਹਨਾ, 5. ਮੁਲਾਂ ਨਾਲ ਗੋਸਟ, 6. ਕੁੜਮਾਈ, ਵਿਆਹ, 7. ਮੱਝਾਂ ਚੁਰਾਉਣਾ, 8. ਮਾਤਾ ਪਿਤਾ ਨਾਲ ਖੇਤ੍ਰੀ ਸੰਬੰਧੀ ਗੋਸਟਿ, 9. ਵੈਦ, 10. ਸੁਲਤਾਨਪੁਰ ਨੂੰ ਤਿਆਰੀ, 11. ਮੋਦੀਖਾਨਾ ਸੰਭਾਲਿਆ, 12. ਵੇਈਂ ਪ੍ਰਵੇਸ਼, 13. ਕਾਜੀ ਦਾ ਭੈਅ ਦੂਰ ਕੀਤਾ, 14. ਉੱਪਲ ਖੱਤਰੀ, 15. ਮਰਦਾਨੇ ਦੀ ਭੁੱਖ ਗਵਾਈ, 16. ਤੀਰਥਾਂ 'ਤੇ ਲੋਕਾਂ ਦਾ ਭਰਮ ਗਵਾਇਆ, 17. ਤ੍ਰੀਆ ਰਾਜ, 18. ਰਾਕਸ਼ ਦਾ ਨਿਸਤਾਰਾ, 19. ਕਲਯੁੱਗ ਨਾਲ ਸਾਖੀ, 20. ਸੱਜਣ ਠੱਗ ਨਿਸਤਾਰਾ, 20. ਖੇਤੀ ਕਰਨਾ, 21. ਸੁਮੇਰ ਪਰਬਤ ਵਾਲੀ ਸਾਖੀ, 22. ਸਾਖੀ ਮੱਕੇ ਦੀ, 23. ਮਾਤਾ ਪਿਤਾ ਨਾਲ ਮੇਲ, 24. ਪਟਣ ਦੇਸ ਵਿਚ ਸ਼ੇਖ਼ ਬ੍ਰਾਹਮ ਨਾਲ ਗੋਸਟਿ, 24. ਕਿੜੀਆਂ ਪਠਾਣਾਂ ਦੀ, 25. ਕਰੋੜੀਆ, 26. ਗੋਸਟਿ ਗੁਰੂ ਬਾਬੇ ਦੀ ਮਰਦਾਨੇ ਨਾਲ, 27. ਮਥੁਰਾ ਨਗਰੀ ਗੋਸਟਿ ਪੰਡਤਾਂ ਨਾਲ ਹੋਈ (ਬਨਾਰਸ), 28. ਗੋਸਟ ਗੁਰੂ ਬਾਬੇ ਜੀ ਦੀ ਰਾਮ ਜਨਾਂ ਨਾਲ ਹੋਈ (ਮਿਥਿਹਾਸਕ ਹਵਾਲੇ ਸ਼ਾਮਿਲ), 29. ਭਗੀਰਥ ਵਾਲੀ ਸਾਖੀ, 30. ਸਿਉਨਾਭ, 31. ਅੰਗਦ ਦੀ ਭਾਲ, 32. ਬਾਬਾ ਜੀ ਅਚਲ ਗਿਆ, 33. ਸਿਧ ਗੋਸਟਿ, 34. ਮੂਲਾ ਖਤ੍ਰੀ, 35. ਕਰਤਾਰਪੁਰ ਆਇ ਟਿਕਿਆ, 36. ਗੋਰਖ ਨਾਲ ਗੋਸਟਿ, 37. ਗੁਰੂ ਬਾਬੇ ਦੁਆਰਾ ਸੰਗਤ ਦੀ ਪ੍ਰੀਖਿਆ, 38. ਅੰਗਦ ਨਾਲ ਗੋਸਟਿ, 39. ਅੰਗਦ ਦੁਆਰਾ ਲੋਕਾਂ ਨੂੰ ਰਾਮ ਅਤੇ ਲਛਮਣ ਦੀ ਬਸਿਸਟ ਗੁਸਾਈ ਦੀ ਸਾਖੀ ਸੁਣਾਉਣਾ, 40. ਮੁਰਦਾ ਖਾਣ ਵਾਲੀ ਸਾਖੀ, 41. ਅੰਗਦ ਨੂੰ ਗੁਰੂ ਥਾਪਣਾ ਅਤੇ ਉਸਨੂੰ ਖਡੂਰ ਸਾਹਿਬ ਨਿਹਾਲ ਜੱਟੀ ਦੇ ਘਰ ਜਾਣ ਲਈ ਕਹਿਣਾ, 42. ਕਮਲੇ ਲੂੰ ਚੁਟਕੀ ਬਿਭੂਤ ਦੇਣਾ, 43. ਸਾਧਾਰਣ ਨਾਲ ਸਾਖੀ, 44. ਗੁਰੂ ਦਾ ਚਲਾਣਾ (1595 ਈ.), 45. ਅਜਿਤੇ ਰੰਧਾਵੇ, ਬੂੜੇ ਕਲਾਲ, ਭਗੀਰਥ ਅਤੇ ਧੀਰੋ ਦੁਆਰਾ ਗੁਰੂ ਅੰਗਦ ਨੂੰ ਲੱਭਣਾ, 46. ਗੁਰੂ ਅੰਗਦ ਦੁਆਰਾ ਬੂੜੇ ਦਾ ਹੰਕਾਰ ਗਵਾਉਣਾ।

**2. MSG# 79 (ਜਨਮਸਾਖੀ ਬਾਬੇ ਨਾਨਕ ਜੀ ਕੀ):** ਇਹ ਹੱਥ-ਲਿਖਤ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਪਈ ਹੈ। ਇਹ ਹੱਥ-ਲਿਖਤ 1814 ਬਿਕ੍ਰਮੀ / 1757 ਈ. ਵਿਚ ਸਾਕਮਬਰ ਦਵਾਨਾ ਦੁਆਰਾ ਲਿਖੀ ਗਈ ਅਤੇ ਬਾਬਾ ਕੁਲਦੀਪ ਸਿੰਘ ਬੇਦੀ ਨੇ ਇਹ ਹੱਥ-ਲਿਖਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਸੌਂਪੀ ਸੀ। ਇਸ ਹੱਥ-ਲਿਖਤ ਵਿਚ ਕੁੱਲ 57 ਸਾਖੀਆਂ ਦਰਜ ਹਨ। ਇਸ ਦੀ ਲਿਖਤ ਵਿਚ ਕਿਧਰੇ-ਕਿਧਰੇ ਫ਼ਰਕ ਆਇਆ ਹੈ। ਇਸ ਹੱਥ-ਲਿਖਤ ਵਿਚ ਦਰਜ ਕਲਯੁੱਗ ਵਾਲੀ ਸਾਖੀ ਉਤਾਰਾ ਕਰਨ ਵਾਲੇ ਕੋਲੋਂ ਛੁੱਟ ਗਈ ਜਾਪਦੀ ਹੈ। ਇਸ ਹੱਥ-ਲਿਖਤ ਵਿਚ ਹਾਜ਼ਰਨਾਮਾ ਅਤੇ ਓਅੰਕਾਰ ਬਾਣੀ ਦਾ ਕੁਝ ਹਿੱਸਾ ਦਰਜ ਹੈ ਪਰੰਤੂ ਪ੍ਰਾਣ ਸੰਗਲੀ ਦਰਜ ਨਹੀਂ ਹੈ। ਗੁਰੂ ਬਾਬੇ ਦੇ ਚਲਾਣੇ ਦੀ ਮਿਤੀ ਦਰਜ ਨਹੀਂ ਕੀਤੀ ਗਈ। ਸਾਖੀਆਂ ਦੀ ਤਰਤੀਬ ਨਿਮਨ ਲਿਖਤ ਅਨੁਸਾਰ ਹੈ :-

1. ਜਨਮ, 2. ਬਾਲਪਨ, 3. ਪੱਟੀ ਪਾਂਧਾ, 4. ਤੋਰਕੀ ਪੜ੍ਹਨਾ, 5. ਕੁੜਮਾਈ, 6. ਮਹੀਂ ਚਾਰਣਾ, 7. ਖੇਤ ਹਰਿਆ, 8. ਗੁਰੂ ਘਰ ਦੋ ਬੇਟਿਆਂ ਦਾ ਜਨਮ, 9. ਬਿਰਖ ਦੀ ਛਾਂ ਨਾ ਫਿਰੀ, 10. ਪਿਤਾ ਨਾਲ ਖੇਤ੍ਰੀ ਸੰਬੰਧੀ ਗੋਸਟਿ, 11. ਵੈਦ, 12. ਸੁਲਤਾਨਪੁਰ ਨੂੰ ਤਿਆਰੀ, 13. ਮੋਦੀਖਾਨਾ, 14. ਵੇਈਂ ਪ੍ਰਵੇਸ਼, 15. ਕਾਜੀ ਨਾਲ ਗੋਸਟਿ, 16. ਉੱਪਲ ਖੱਤ੍ਰੀ, 17. ਮਰਦਾਨੇ ਨਾਲ ਗੋਸਟਿ, 18. ਸੱਜਣ ਠੱਗ, 19. ਸ਼ੇਖ਼ ਸਰਫ਼ ਨਾਲ ਗੋਸਟਿ, 20. ਦਿੱਲੀ ਮੋਇਆ ਹਾਥੀ ਜਿਵਾਇਆ, ਪਹਿਲੀ ਉਦਾਸੀ (ਪੂਰਬ ਕੀ), 21. ਸ਼ੇਖ਼ ਬਾਜੀਦ, 22. ਬਨਾਰਸ ਦੇ ਪੰਡਤ ਚਤਰਦਾਸ ਨਾਲ ਗੋਸਟਿ (ਓਅੰਕਾਰ ਬਾਣੀ), 23. ਨਾਨਕਮਤੇ, 24. ਵਣਜਾਰਿਆਂ ਵਾਲੀ ਸਾਖੀ, 25. ਦਾਣਿਆਂ ਦੀ ਮੁੱਠੀ ਬਦਲੇ ਪਾਤਸ਼ਾਹੀ ਮਿਲੀ, 26. ਮੁਹਰਾਂ ਦੇ ਕੋਇਲੇ ਅਤੇ ਸੂਲੀ ਤੋਂ ਸੂਲ, 27. ਠੱਗਾਂ ਦਾ ਨਿਸਤਾਰਾ, 28. ਕਉਰੂ ਦੇਸ਼, 29. ਕਲਯੁੱਗ, 30. ਕੀੜ ਨਗਰ, 31. ਵਸਦਾ ਰਹੇ, ਉਜੜ ਜਾਵੇ, 32. ਆਸਾ ਦੇਸ, 33. ਬਿਸੀਅਰ ਦੇਸ (ਝੰਡਾ ਬਾਢੀ) (ਜੁਗਾਵਲੀ ਸੰਬੰਧੀ ਦੱਸਿਆ ਜ਼ਰੂਰ ਗਿਆ ਹੈ, ਪਰੰਤੂ ਲਿਖੀ ਹੋਈ ਪ੍ਰਾਪਤ ਨਹੀਂ ਹੁੰਦੀ), 34. ਮਰਦਾਨੇ ਦੀ ਭੁੱਖ ਗਵਾਈ, 35. ਮਾਤਾ ਪਿਤਾ ਨਾਲ ਗੋਸਟਿ, 36. ਸ਼ੇਖ਼ ਬਿਰਾਹਮ ਨਾਲ ਗੋਸਟਿ, 37. ਕੋਹੜੀ ਦਾ ਨਿਸਤਾਰਾ, 38. ਕਿੜੀਆਂ ਪਠਾਣਾਂ ਦੀਆਂ, 39. ਸੈਦਪੁਰ, 40. ਮੀਏ ਮਿਠੇ ਨਾਲ ਗੋਸਟਿ, 41. ਦੁਨੀਚੰਦ ਨਿਸਤਾਰਾ, 42. ਆਚਾਰੀ ਬ੍ਰਾਹਮਣ, 43. ਛੋਟੇ ਬਾਲਕ ਦਾ ਗੁਰੂ ਦੇ ਲੜ ਲੱਗਣਾ, <u>ਦੂਜੀ ਉਦਾਸੀ</u>, 44. ਅਨਭੀ ਸਰੇਵੜਾ (ਧਨਾਸਰੀ ਦੇਸ), 45. ਰਾਕਸ਼ ਦਾ ਨਿਸਤਾਰਾ, 46. ਮਖਦੂਮ ਬਹਾਵਦੀ, 47. ਮਛੰਦ੍ਰ ਅਤੇ ਗੋਰਖ ਨਾਲ ਗੋਸਟਿ, 48. ਸਿੰਘਲਾਦੀਪ, ਸਿਓਨਾਭਿ (ਪ੍ਰਾਣਸੰਗਲੀ), 49. ਇਕਸ ਬਾਢੀ ਦਾ ਨਿਸਤਾਰਾ। <u>ਤੀਸਰੀ ਉਦਾਸੀ ਉਤਰਾਖੰਡ ਕੀ</u> 50. ਕਸ਼ਮੀਰ ਦੇ ਪੰਡਤ ਬ੍ਰਹਮਦਾਸ ਨਾਲ ਗੋਸਟਿ, 51. ਸੁਮੇਰ ਪਰਬਤ, <u>ਚਉਥੀ ਉਦਾਸੀ ਪੱਛਮ ਕੀ</u> 52. ਮੱਕੇ ਵਾਲੀ ਸਾਖੀ (ਰੁਕਨਦੀਨ ਨਾਲ ਗੋਸਟਿ) <u>ਉਦਾਸੀ ਪੰਜਵੀਂ</u>, 53. ਗੋਰਖ ਹਟੜੀ (ਸਿਧ ਗੋਸਟਿ) (ਸਿਰਫ਼ ਦੱਸੀ ਗਈ ਹੈ ਦਰਜ ਨਹੀਂ ਹੈ) ਪਉੜੀਆਂ ਸੰਪੂਰਣ, 54. ਅੰਗਦ ਦੀ ਭਾਲ, 55. ਬਾਂਦੀ, 56. ਅੰਗਦ ਦੀ ਪ੍ਰੀਖਿਆ, ਅੰਗਦ ਨੂੰ ਪਾਤਸ਼ਾਹੀ, 57. ਗੁਰੂ ਬਾਬਾ ਚਲਾਣੇ ਦੇ ਘਰ, ਬਾਰਹਮਾਹ ਤੁਖਾਰੀ ਸੰਪੂਰਨ ਦਰਜ।

**3. MSS # 001750022 (ਜਨਮਸਾਖੀ ਗੁਰੂ ਨਾਨਕ ਦੇਵ ਜੀ):** ਪੁਰਾਤਨ ਜਨਮਸਾਖੀ ਦੇ ਇਕ ਹੱਥ-ਲਿਖਤ ਖਰੜੇ ਦੀ ਡਿਜੀਟਲ ਕਾਪੀ ਪੰਜਾਬ ਡਿਜੀਟਲ ਲਾਇਬ੍ਰੇਰੀ, ਚੰਡੀਗੜ੍ਹ ਵਿਚ ਪ੍ਰਾਪਤ ਹੈ, ਜੋ ਡਾ. ਤ੍ਰਿਲੋਚਨ ਸਿੰਘ ਲੁਧਿਆਣਾ ਦੇ ਸੰਗ੍ਰਹਿ ਵਿਚ ਪ੍ਰਾਪਤ ਨੁਸਖੇ ਤੋਂ ਤਿਆਰ ਕੀਤੀ ਹੈ। ਇਸ ਦਾ ਲੇਖਕ ਠਾਕਰ ਦਾਸ ਬ੍ਰਿਹਾਮਣਿ ਉਦਾਸੀ ਹੈ। ਇਹ ਜਨਮਸਾਖੀ ਸੰਮਤ 1815/1758 ਈ. ਵਿਚ ਲਿਖੀ ਗਈ ਸੀ। ਇਸ ਹੱਥ-ਲਿਖਤ ਵਿਚ ਕੁੱਲ 59 ਸਾਖੀਆਂ ਦਰਜ ਹਨ।ਸਾਖੀਆਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੈ:-

1. ਜਨਮ, 2. ਬਚਪਨ, 3. ਪੱਟੀ ਪਾਂਧਾ, 4. ਤੋਰਕੀ, 5. ਕੁੜਮਾਈ, 6. ਖੇਤ ਹਰਿਆ, 7. ਬਿਰਖ ਦੀ ਛਾਂ ਨਾ ਫਿਰੀ, 8. ਮਾਤਾ ਪਿਤਾ ਨਾਲ ਗੋਸਟਿ, 9. ਵੈਦ, 10. ਸੁਲਤਾਨਪੁਰ ਨੂੰ ਤਿਆਰੀ, 11. ਮੋਦੀਖਾਨਾ ਸੰਭਾਲਿਆ, 12. ਵੇਈਂ ਪ੍ਰਵੇਸ਼ (ਜਪੁ ਜੀ ਸਾਹਿਬ ਸੰਪੂਰਣ), 13. ਕਾਜੀ ਨਾਲ ਗੋਸਟਿ, 14. ਉੱਪਲ ਖੱਤ੍ਰੀ, 15. ਸ਼ੇਖ਼ ਸੱਜਣ, 16. ਪਾਣੀਪਥ, 17. ਦਿੱਲੀ ਮੋਇਆ ਹਾਥੀ ਜਿਵਾਇਆ, 18. (ਪਹਿਲੀ ਉਦਾਸੀ) ਸ਼ੇਖ਼ ਬਾਜੀਦ, 19. ਬਨਾਰਸ ਦੇ ਪੰਡਤ ਚਤਰਦਾਸ ਨਾਲ ਗੋਸਟਿ (ਓਅੰਕਾਰ ਬਾਣੀ), 20. ਸਿੱਧਾਂ ਨਾਲ ਗੋਸਟਿ, 21. ਨਾਇ ਕੈ ਬਾਰਿ ਆਇ ਬੈਠੇ, 22. ਪਾਤਸ਼ਾਹੀ ਮਿਲੀ ਚਣਿਆਂ ਦੀ ਮੁੱਠੀ ਬਦਲੇ, 23. ਮੁਹਰਾਂ ਦੇ ਕੋਲੇ ਤੇ ਸੂਲੀ ਤੋਂ ਸੂਲ, 24. ਠੱਗਾਂ ਨਾਲ ਸਾਖੀ, 25. ਕਾਵਰੂ ਦੇਸ਼, 26. ਕਲਯੁੱਗ, 27. ਕੀੜ ਨਗਰ, 28. ਵਸਦਾ ਰਹੈ, ਉਜੜ ਜਾਵੈ, 29. ਆਸਾ ਦੇਸ, 30. ਬਿਸੀਅਰ ਦੇਸ (ਝੰਡਾ ਬਾਢੀ) (ਜੁਗਾਵਲੀ ਲਿਖੀ), 31. ਮਰਦਾਨੇ ਦੀ ਭੁੱਖ ਗਵਾਈ, 32. ਤਲਵੰਡੀ ਵਾਪਸ ਆਏ, 33. ਪਟਣੇ ਸ਼ੇਖ਼ ਬ੍ਰਿਹਮ ਨਾਲ ਗੋਸਟਿ, 34. ਕੋਹੜੀ, 35. ਸੈਦਪੁਰ, 36. ਮੀਏ ਮਿਠੇ ਨਾਲ ਗੋਸਟਿ ਪਸਰੂਰਿ ਵਿਚ (ਨਸੀਹਤਨਾਮਾ), 37. ਦੁਨੀਚੰਦ ਨਿਸਤਾਰਾ, 38. ਬ੍ਰਾਹਮਣ ਦੀ ਸੁੱਚ ਰਸੋਈ, 39. ਉਦਾਸੀ ਲੜਕੇ ਨਾਲ ਗੋਸਟਿ, 40 ਦੂਤੀਆ ਉਦਾਸੀ ਧਨਾਸਰੀ ਦੇਸ, 41. ਅਨਭੀ ਸਰੇਵੜਾ, 42. ਰਾਕਸ਼ ਦਾ ਨਿਸਤਾਰਾ, 43. ਮਖਦੂਮ ਬਹਾਵਦੀ, 44. ਗੋਰਖਨਾਥ, ਮਛੰਦ੍ਰ ਨਾਥ ਨਾਲ ਗੋਸਟਿ, 45. ਸਿੰਗਲਾਦੀਪ (ਰਾਗ ਸੂਹੀ ਮ. 1, ਪਉੜੀਆਂ 68, 2. ਰਾਗ ਰਾਮਕਲੀ ਮ. 1, ਪਉੜੀਆਂ 102, ਧਿਆਓ ਪੰਜਿ। ੧ਓ ਸਤਿਗੁਰਿ ਪ੍ਰਸਾਦਿ ਰਾਗ ਭੈਰੋ ਮਹਲਾ 1, ਸ੍ਰੀ ਸਤਿਗੁਰੂ ਜੀ ਕੀ ਉਸਤਤਿ (ਪਉੜੀਆਂ 27) ਪ੍ਰਾਣ ਸੰਗਲੀ ਧਿਆਓ 85)। 46. ਬਾਢੀ ਦਾ ਨਿਸਤਾਰਾ, 47. ਤ੍ਰਿਤੀਆ ਉਦਾਸੀ ਉਤਰਾਖੰਡ ਕੀ, 48. ਕਸ਼ਮੀਰ ਦੇ ਪੰਡਤ ਬ੍ਰਹਮਦਾਸ ਨਾਲ ਗੋਸਟਿ, ਮਲਾਰ ਕੀ ਵਾਰ (ਪਉੜੀ 28), 49. ਸੁਮੇਰ ਪਰਬਤ (ਸਿਧ ਗੋਸਟ ਪਉੜੀਆਂ 72), 50. ਚਉਥੀ ਉਦਾਸੀ ਪੱਛਮ ਕੀ ਹਜਿ ਵਿਚ ਹਾਜੀ ਨਾਲ ਸਾਖੀ, 51. ਰੁਕਨਦੀਨ ਨਾਲ ਗੋਸਟਿ, ਉਦਾਸੀ ਪੰਜਵੀਂ, 52. ਗੋਰਖ ਹਟੜੀ (ਪਉੜੀਆਂ 73), 53. ਮੀਂਹ ਪਉਣ ਵਾਲੀ ਸਾਖੀ, 54. ਅੰਗਦ ਦੀ ਭਾਲ, 55. ਲੋਕਾਂ ਦੀ ਪ੍ਰੀਖਿਆ, 56. ਪ੍ਰੀਖਿਆ ਲਹਿਣੇ ਦੀ, 57. ਮਖਦੂਮ ਬਹਾਵਦੀ ਚਲਾਣਾ, 58. ਅੰਗਦ ਨੂੰ ਥਾਪਣਾ, (ਬਾਰਹਿ ਮਾਹਾ), 59. ਗੁਰੂ ਬਾਬੇ ਦਾ ਸਮਾਣਾ।

4. **MS # 699 (ਜਨਮਸਾਖੀ ਗੁਰੂ ਨਾਨਕ ਦੇਵ ਜੀ) :** ਪੁਰਾਤਨ ਜਨਮਸਾਖੀ ਸੰਬੰਧੀ ਇਕ ਹੋਰ ਖਰੜਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਪਿਆ ਹੈ। ਇਸ ਹੱਥ-

ਲਿਖਤ ਦੇ ਲੇਖਕ ਅਤੇ ਲਿਖਤ ਸੰਬੰਧੀ ਕੋਈ ਜਾਣਕਾਰੀ ਦਰਜ ਨਹੀਂ। ਪਰ ਇਹ ਹੱਥ-ਲਿਖਤ ਖਰੜਾ ਸਾਡੇ ਆਧਾਰ-ਭੂਤ ਹੱਥ-ਲਿਖਤ ਨਾਲ ਬਹੁਤ ਹੱਦ ਤੱਕ ਸਮਾਨਤਾ ਰੱਖਦਾ ਹੈ। ਇਸ ਖਰੜੇ ਵਿਚ ਕੁਲ 57 ਸਾਖੀਆਂ ਦਰਜ ਹਨ। ਇਸ ਵਿਚ ਬਾਬਰ ਬਾਣੀ, ਓਅੰਕਾਰ ਬਾਣੀ, ਪ੍ਰਾਣਸੰਗਲੀ, ਹਾਜ਼ਰਨਾਮਾ ਆਦਿ ਰਚਨਾਵਾਂ ਦਰਜ ਹਨ। ਇਸ ਜਨਮਸਾਖੀ ਵਿਚ ਬਾਰਹ ਮਾਹ ਰਾਗ ਮਾਝ ਅਤੇ ਰਾਗ ਤੁਖਾਰੀ ਵੀ ਦਰਜ ਹਨ। ਇਸ ਹੱਥ ਲਿਖਤ ਵਿਚ ਲਿਖਾਈ ਦਾ ਕਿਧਰੇ-ਕਿਧਰੇ ਫ਼ਰਕ ਆਇਆ ਹੈ। ਸਾਖੀਆਂ ਦੀ ਤਰਤੀਬ ਇਸ ਪ੍ਰਕਾਰ ਹੈ :-

1. ਜਨਮ, 2. ਪੱਟੀ ਪਾਂਧਾ, 3. ਤੋਰਕੀ, 4. ਕੁੜਮਾਈ, ਵਿਆਹ, 5. ਖੇਤ ਹਰਿਆ, 6. ਬਿਰਖ ਦੀ ਛਾਂ ਨਾ ਫਿਰੀ, 7. ਵੈਦ, 8. ਸੁਲਤਾਨਪੁਰ, 9. ਮੋਦੀਖਾਨਾ ਸੰਭਾਲਿਆ, 10. ਵੇਈਂ ਪ੍ਰਵੇਸ਼, 11. ਕਾਜੀ ਨਾਲ ਗੋਸਟਿ, 12. ਉੱਪਲ ਖੱਤ੍ਰੀ, 13. ਸ਼ੇਖ਼ ਸੱਜਣ, 14. ਸ਼ੇਖ਼ ਸਰਫ਼, 15. ਦਿੱਲੀ ਮੋਇਆ ਹਾਥੀ ਜਿਵਾਇਆ, ਪ੍ਰਿਥਮ ਉਦਾਸੀ ਪੂਰਬ ਕੀ, 16. ਸ਼ੇਖ਼ ਬਾਜੀਦ, 17. ਬਨਾਰਸ ਦੇ ਪੰਡਤ ਚਤਰਦਾਸ ਨਾਲ ਗੋਸਟਿ (ਓਅੰਕਾਰ ਬਾਣੀ), 18. ਨਾਨਕਮਤੇ, 19. ਵਣਜਾਰਿਆਂ ਦੇ ਟਾਂਡੇ, 20. ਚਣਿਆਂ ਦੀ ਮੁੱਠੀ ਬਦਲੇ ਪਾਤਸ਼ਾਹੀ ਮਿਲੀ, 21. ਮੁਹਰਾਂ ਦੇ ਕੋਲੇ ਤੇ ਸੂਲੀ ਤੋਂ ਸੂਲ, 22. ਠੱਗਾਂ ਦਾ ਨਿਸਤਾਰਾ, 23. ਕਾਵਰੂ ਦੇਸ਼, 24. ਕਲਯੁੱਗ, 25. ਕੀੜ ਨਗਰ, 26. ਵਸਦਾ ਰਹੈ, ਉਜੜ ਜਾਵੈ, 27. ਆਸਾ ਦੇਸ, 28. ਬਿਸੀਅਰ ਦੇਸ (ਜੁਗਾਵਲੀ), 29. ਮਰਦਾਨੇ ਦੀ ਭੁੱਖ ਗਵਾਈ, 30. ਤਲਵੰਡੀ ਮਾਤਾ ਪਿਤਾ ਨਾਲ ਗੋਸਟਿ, 31. ਪਟਣ ਦੇ ਸ਼ੇਖ਼ ਬ੍ਰਿਹਮ ਨਾਲ ਗੋਸਟਿ, 32. ਕੋਹੜੀ ਦਾ ਨਿਸਤਾਰਾ, 33. ਕਿੜੀਆਂ ਪਠਾਣਾਂ ਦੀ ਸਾਖੀ, 34. ਸੈਦਪੁਰ (ਬਾਬਰਵਾਣੀ), 35. ਮੀਏ ਮਿਠੇ ਨਾਲ ਗੋਸਟਿ ਪਸਰੂਰਿ ਵਿਚ (ਹਾਜਰਨਾਮਾ), 36. ਦੁਨੀਚੰਦ ਨਿਸਤਾਰਾ, ਆਸਾ ਦੀ ਵਾਰ (ਪਉੜੀਆਂ 15), 37. ਆਚਾਰੀ ਬ੍ਰਾਹਮਣ, ਦੂਜੀ ਉਦਾਸੀ, 38. ਖੁਆਜੇ ਖਿਜਰ ਨਾਲ ਸੈਦੋ ਸੀਹੋ ਦੀ ਗੋਸਟਿ (ਧਨਾਸਰੀ ਦੇਸ), 39. ਅਨਭੀ ਮਰੇਵੜਾ (ਵਾਰ ਮਾਝ ਸੰਪੂਰਨ), 40. ਰਾਕਸ਼ ਦਾ ਨਿਸਤਾਰਾ, 41. ਮਖਦੂਮ ਬਹਾਵਦੀ, 42. ਗੋਰਖਨਾਥ, ਮਛੰਦ੍ਰ ਨਾਥ ਨਾਲ ਗੋਸਟਿ, 43. ਸਿੰਗਲਾਦੀਪ, 44. ਸ਼ਿਵਨਾਭ (ਪ੍ਰਾਣ ਸੰਗਲੀ), 45. ਇਕਸ ਬਾਢੀ ਦੀ ਝੁੱਗੀ ਢਾਹੀ 46. ਕਸ਼ਮੀਰ ਦੇ ਪੰਡਤ ਨਾਲ ਗੋਸਟਿ, 47. ਸੁਮੇਰ ਪਰਬਤ (ਸਿਧ ਗੋਸਟਿ), ਚਉਥੀ ਉਦਾਸੀ 48. ਹਾਜੀ ਨਾਲ ਗੋਸਟਿ, 49. ਕਾਜੀ ਰੁਕਨਦੀਨ ਨਾਲ ਗੋਸਟਿ, ਪੰਜਵੀਂ ਉਦਾਸੀ 50. ਗੋਰਖ ਹਟੜੀ, 51. ਅੰਗਦ ਦੀ ਭਾਲ, ਪ੍ਰੀਖਿਆ, 52. ਬਾਂਦੀ, 53. ਗੁਰੂ ਜੀ ਦੁਆਰਾ ਸੰਗਤ ਦੀ ਪ੍ਰੀਖਿਆ, ਲਹਿਣੇ ਦੀ ਪ੍ਰੀਖਿਆ, 54. ਮਖਦੂਮ ਬਹਾਵਦੀ ਚਲਾਣਾ, 55. ਗੁਰਗੱਦੀ ਗੁਰੂ ਅੰਗਦ ਨੂੰ, 56. ਰਾਗ ਤੁਖਾਰੀ, ਬਾਰਾਮਾਹ, 57. ਗੁਰੂ ਬਾਬੇ ਦਾ ਚਲਾਣਾ।

5. **MS# 1169 (ਜਨਮਸਾਖੀ ਬਾਬੇ ਨਾਨਕ ਜੀ) :** ਇਹ ਹੱਥ-ਲਿਖਤ ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਹੈ। ਇਸ ਜਨਮਸਾਖੀ ਦਾ ਲਿਖਣ ਕਾਲ ਸੰਮਤ 1917 ਦੱਸਿਆ ਗਿਆ ਹੈ। ਇਸ ਹੱਥ-ਲਿਖਤ ਦੇ ਉਤਾਰਾਕਾਰ ਸੰਬੰਧੀ ਕੋਈ ਵੇਰਵਾ ਦਰਜ ਨਹੀਂ।ਇਸ ਜਨਮਸਾਖੀ

ਵਿਚ ਕੁੱਲ 53 ਸਾਖੀਆਂ ਦਰਜ ਹਨ। ਆਸਾ ਦੀ ਵਾਰ (9 ਪਉੜੀਆਂ), ਵਾਰ ਮਾਝ ਸੰਪੂਰਨ, ਨਸੀਹਤਨਾਮਾ, ਬਾਬਰਵਾਣੀ, ਪ੍ਰਾਣਸੰਗਲੀ, ਜੁਗਾਵਲੀ ਆਦਿ ਬਾਣੀਆਂ ਇਸ ਹੱਥ ਲਿਖਤ ਵਿਚ ਦਰਜ ਕੀਤੀਆਂ ਗਈਆਂ ਹਨ। ਇਹ ਖਰੜਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਗੁਰਚਰਨ ਸਿੰਘ ਤੋਂ ਪ੍ਰਾਪਤ ਹੋਇਆ ਹੈ। ਇਸ ਹੱਥ-ਲਿਖਤ ਵਿਚ ਲਿਖਾਈ ਦਾ ਕਿਧਰੇ-ਕਿਧਰੇ ਫ਼ਰਕ ਆਇਆ ਹੈ। ਸਾਖੀਆਂ ਦੀ ਤਰਤੀਬ ਇਸ ਪ੍ਰਕਾਰ ਹੈ :-

1. ਜਨਮ, 2. ਪੱਟੀ ਪਾਂਧਾ, 3. ਤੋਰਕੀ, 4. ਖੇਤ ਹਰਿਆ, 5. ਖੇਤੀ ਸੰਬੰਧੀ ਪਿਤਾ ਨਾਲ ਗੋਸਟਿ, 6. ਵੈਦ, 7. ਸੁਲਤਾਨਪੁਰ ਨੂੰ ਤਿਆਰੀ, 8. ਮੋਦੀਖਾਨਾ ਸੰਭਾਲਿਆ, 9. ਵੇਈਂ ਪ੍ਰਵੇਸ਼ (ਜਪੁ ਜੀ ਸਾਹਿਬ ਸੰਪੂਰਣ), 10. ਦੌਲਤ ਖ਼ਾਂ ਦੇ ਕਾਜੀ ਨਾਲ ਗੋਸਟਿ, 11. ਉੱਪਲ ਖੱਤ੍ਰੀ, 12. ਸ਼ੇਖ਼ ਸੱਜਣ, 13. ਸ਼ੇਖ਼ ਸਰਫ਼ ਨਾਲ ਗੋਸਟਿ, 14. ਦਿੱਲੀ ਮੋਇਆ ਹਾਥੀ ਜਿਵਾਇਆ, 15. ਸ਼ੇਖ਼ ਬਾਜੀਦ, 16. ਚਤਰਦਾਸ ਨਾਲ ਗੋਸਟਿ (ਓਅੰਕਾਰ ਬਾਣੀ), 17. ਸਿੱਧਾਂ ਨਾਲ ਗੋਸਟਿ, 18. ਵਣਜਾਰਿਆਂ ਵਾਲੀ ਸਾਖੀ, 19. ਪਾਤਸ਼ਾਹੀ ਮਿਲੀ ਚਣਿਆਂ ਦੀ ਮੁੱਠੀ ਬਦਲੇ, 20. ਮੁਹਰਾਂ ਦੇ ਕੋਇਲੇ ਤੇ ਸੂਲੀ ਦਾ ਕੰਢਾ, 21. ਠੱਗਾਂ ਦਾ ਨਿਸਤਾਰਾ, 22. ਕਾਵਰੂ ਦੇਸ਼, 23. ਕਲਯੁੱਗ, 24. ਕੀੜ ਨਗਰ, 25. ਵਸਦਾ ਰਹੇ, ਉਜੜ ਜਾਵੇ, 26. ਆਸਾ ਦੇਸ, 27. ਝੰਡਾ ਬਾਢੀ (ਜੁਗਾਵਲੀ ਲਿਖੀ), 28. ਮਰਦਾਨੇ ਦੀ ਭੁੱਖ ਗਵਾਈ, 29. ਤਲਵੰਡੀ ਮਾਤਾ-ਪਿਤਾ ਨਾਲ ਗੋਸਟਿ, 30. ਪਟਣ ਸ਼ੇਖ਼ ਬ੍ਰਿਹਮ ਨਾਲ ਗੋਸਟਿ (ਪਉੜੀਆਂ 9 ਹੋਈਆਂ ਆਸਾ ਦੀ ਵਾਰ), 31. ਕੋਹੜੀ ਦਾ ਨਿਸਤਾਰਾ, 32. ਸੈਦਪੁਰ (ਬਾਬਰਵਾਣੀ), 33. ਮੀਏ ਮਿਠੇ ਨਾਲ ਗੋਸਟਿ ਪਸਰੂਰਿ ਵਿਚ (ਨਸੀਹਤਨਾਮਾ), 34. ਕਰੋੜੀ ਖ੍ਰਤੀ, 35. ਆਚਾਰੀ ਬ੍ਰਾਹਮਣ, 36. ਛੋਟੇ ਬੱਚੇ ਨਾਲ ਗੋਸਟਿ, 37.ਅਨਭੀ ਸਰੇਵੜਾ (ਵਾਰ ਮਾਝ ਸੰਪੂਰਨ), 38. ਰਾਕਸ਼ ਦਾ ਨਿਸਤਾਰਾ, 39. ਮਖਦੂਮ ਬਹਾਵਦੀ, 40. ਗੋਰਖਨਾਥ, ਮਛੰਦ੍ਰ ਨਾਥ ਨਾਲ ਗੋਸਟਿ, 41. ਸਿੰਗਲਾਦੀਪ (ਪ੍ਰਾਣਸੰਗਲੀ), 42. ਇਕਸ ਬਾਢੀ ਦਾ ਨਿਸਤਾਰਾ, 43. ਬ੍ਰਹਮਦਾਸ ਨਾਲ ਗੋਸਿਟ, 44. ਸੁਮੇਰ ਪਰਬਤ (ਸਿਧਾਂ ਨਾਲ ਗੋਸਟਿ), 45. ਹਜ ਵਾਲੀ ਸਾਖੀ, 46. ਰੁਕਨਦੀਨ ਨਾਲ ਗੋਸਟਿ, 47. ਪੰਜਵੀਂ ਉਦਾਸੀ, ਗੋਰਖ ਹਟੜੀ, 48. ਅੰਗਦ ਦੀ ਭਾਲ, ਪ੍ਰੀਖਿਆ, 49. ਬਾਂਦੀ, 50. ਸੰਗਤ, ਲਹਿਣੇ ਦੀ ਪ੍ਰੀਖਿਆ, 51. ਮਖਦੂਮ ਬਹਾਵਦੀ ਚਲਾਣਾ, 52. ਅੰਗਦ ਨੂੰ ਗੁਰੂ ਥਾਪਣਾ, 53. ਗੁਰੂ ਬਾਬੇ ਦਾ ਚਲਾਣਾ (ਰਾਗ ਮਾਝ, ਰਾਗ ਵਡਹੰਸ)।

6. **MSS# 2913** (B) **(ਜਨਮਸਾਖੀ ਬਾਬੇ ਨਾਨਕ ਜੀ ਕੀ) :** ਇਹ ਜਨਮਸਾਖੀ ਸੈਂਟਰਲ ਸਟੇਟ ਲਾਇਬ੍ਰੇਰੀ ਪਟਿਆਲਾ ਵਿਚ ਪ੍ਰਾਪਤ ਹੈ। ਇਸ ਦਾ ਲਿਖਣ ਕਾਲ ਸੰਮਤ 1852/1795 ਈ. ਹੈ ਪਰ ਲੇਖਕ ਸੰਬੰਧੀ ਕੋਈ ਜਾਣਕਾਰੀ ਦਰਜ ਨਹੀਂ ਕੀਤੀ ਗਈ। ਇਸ ਹੱਥ-ਲਿਖਤ ਵਿਚ ਲਿਖਾਈ ਇਕ ਸਮਾਨ ਹੈ। ਜਪੁਜੀ ਸਾਹਿਬ ਸੰਪੂਰਨ ਦਰਜ ਹੈ। ਓਅੰਕਾਰ ਬਾਣੀ ਦੀਆਂ 54 ਪਉੜੀਆਂ ਦਰਜ ਹਨ। ਇਸ ਹੱਥ ਲਿਖਤ ਵਿਚ ਕੁੱਲ 58 ਸਾਖੀਆਂ ਦਰਜ ਹਨ। ਜੁਗਾਵਲੀ ਅਤੇ ਪ੍ਰਾਣ ਸੰਗਲੀ ਦਰਜ ਨਹੀਂ ਕੀਤੀਆਂ ਗਈਆਂ। ਉਨ੍ਹਾਂ ਸੰਬੰਧੀ ਸਿਰਫ਼ ਜਾਣਕਾਰੀ ਹੀ ਦਿੱਤੀ ਗਈ ਹੈ। ਇਸ ਵਿਚ ਦਰਜ ਸਾਖੀਆਂ ਤਰਤੀਬ ਇਸ ਪ੍ਰਕਾਰ ਹੈ :-

1. ਜਨਮ, 2. ਬਾਲਪਨ, 3. ਪੱਟੀ ਪਾਂਧਾ, 4. ਤੋਰਕੀ, 5. ਕੁੜਮਾਈ, 6. ਖੇਤ ਹਰਿਆ, 7. ਬਿਰਖ ਦੀ ਛਾਂ ਨਾ ਫਿਰੀ, 8. ਮਾਤਾ ਪਿਤਾ ਨਾਲ ਖੇਤੀ ਸੰਬੰਧੀ ਗੋਸਿਟ, 9. ਵੈਦ, 10. ਸੁਲਤਾਨਪੁਰ ਨੂੰ ਤਿਆਰੀ, 11. ਮੋਦੀਖਾਨਾ ਸੰਭਾਲਿਆ, 12. ਵੇਈਂ ਪ੍ਰਵੇਸ਼ (ਜਪੁ ਜੀ ਸਾਹਿਬ ਸੰਪੂਰਨ, ਆਰਤੀ ਸੰਪੂਰਨ), 13. ਕਾਜੀ ਨਾਲ ਗੋਸਟਿ, 14. ਉੱਪਲ ਖੱਤ੍ਰੀ, 15. ਸੱਜਣ ਠੱਗ, 16. ਸ਼ੇਖ਼ ਸਰਫ਼ ਨਾਲ ਗੋਸਟਿ, 17. ਦਿੱਲੀ ਮੋਇਆ ਹਾਥੀ ਜਿਵਾਇਆ, 18. (ਪਹਿਲੀ ਉਦਾਸੀ) ਸ਼ੇਖ਼ ਬਾਜੀਦ, 19. ਬਨਾਰਸ ਦੇ ਪੰਡਤ ਚਤਰਦਾਸ ਨਾਲ ਗੋਸਟਿ (ਓਅੰਕਾਰ ਬਾਣੀ 54 ਪਉੜੀਆਂ), 20. ਸਿੱਧਾਂ ਨਾਲ ਗੋਸਟਿ, 21. ਵਣਜਾਰਿਆਂ ਵਾਲੀ ਸਾਖੀ, 22. ਚਣਿਆਂ ਦੀ ਮੁੱਠੀ ਬਦਲੇ ਪਾਤਸ਼ਾਹੀ ਮਿਲੀ, 23. ਮੁਹਰਾਂ ਦੇ ਕੋਇਲੇ ਤੇ ਸੂਲੀ ਦਾ ਕੰਡਾ, 24. ਠੱਗਾਂ ਨਾਲ ਨਿਸਤਾਰਾ, 25. ਕਾਵਰੂ ਦੇਸ਼, 26. ਕਲਯੁੱਗ, 27. ਕੀੜ ਨਗਰ, 28. ਸ਼ੇਖ਼ ਫ਼ਰੀਦ ਨਾਲ ਗੋਸਟਿ, 29. ਆਸਾ ਦੇਸ, 30. ਬਿਸੀਅਰ ਦੇਸ਼ (ਜੁਗਾਵਲੀ ਦਰਜ ਨਹੀਂ ਹੈ), 31. ਮਰਦਾਨੇ ਦੀ ਭੁੱਖ ਗਵਾਈ, 32. ਮਾਤਾ-ਪਿਤਾ ਨਾਲ ਗੋਸਟਿ, 33. ਸ਼ੇਖ਼ ਬ੍ਰਿਹਮ ਨਾਲ ਗੋਸਟਿ, 34. ਕੋਹੜੀ ਦਾ ਨਿਸਤਾਰਾ, 35. ਪਠਾਣਾਂ ਨਾਲ ਗੋਸਟਿ, 36. ਸੈਦਪੁਰ ਦੀ ਬੰਦ, 37. ਮੀਏ ਮਿਠੇ ਨਾਲ ਗੋਸਟਿ ਪਸਰੂਰਿ ਵਿਚ (ਨਸੀਹਤਨਾਮਾ), 38. ਕਰੋੜੀ ਖ੍ਰਤੀ, 39. ਆਚਾਰੀ ਬ੍ਰਾਹਮਣ, 40. ਸੱਤਾਂ ਬਰਸਾਂ ਦੇ ਲੜਕੇ ਨਾਲ ਗੋਸਟਿ, 41. ਸਾਖੀ ਕਰੋੜੀਏ ਨਾਥ, 42. ਭਾਗੀਰਥ, ਦੂਜੀ ਉਦਾਸੀ 43. ਖੁਆਜੇ ਨਾਲ ਸਾਖੀ ਸੈਦੋ ਘੇਹੋ ਦੀ, 44. ਧਨਾਸਰੀ ਦੇਸ, 45. ਸਰੇਵੜਾ ਨਾਲ ਸਾਖੀ, 46. ਰਾਕਸ਼ ਦਾ ਨਿਸਤਾਰਾ, 47. ਮਖਦੂਮ ਬਹਾਵਦੀ, 48. ਸਿਧ ਗੋਸਟਿ, 49. ਸਿੰਗਲਾਦੀਪ ਵਾਲੀ ਸਾਖੀ (ਪ੍ਰਾਣਸੰਗਲੀ ਦਰਜ ਨਹੀਂ ਹੈ), 50. ਬਾਢੀ ਦਾ ਉਧਾਰ, 51. ਤੀਜੀ ਉਦਾਸੀ, ਕਸ਼ਮੀਰ ਦੇ ਪੰਡਤ ਨਾਲ ਗੋਸਟਿ, 52. ਸਿਧਾਂ ਨਾਲ ਗੋਸਟਿ, ਚਉਥੀ ਉਦਾਸੀ 53. ਰੁਕਨਦੀਨ ਨਾਲ ਗੋਸਟਿ, 54. ਗੋਰਖ ਹਟੜੀ, 55. ਬਾਂਦੀ, 56. ਅੰਗਦ ਦੀ ਪ੍ਰੀਖਿਆ, 57. ਮਖਦੂਮ ਬਹਾਵਦੀ ਚਲਾਣਾ, 58. ਗੁਰੂ ਬਾਬੇ ਦਾ ਚਲਾਣਾ।

7. **MSS # 1465 ਕੋਲਬਰੁਕ ਵਾਲੀ ਜਨਮਸਾਖੀ (ਜਨਮਸਾਖੀ ਗੁਰ ਨਾਨਕ):** ਇਸ ਜਨਮਸਾਖੀ ਦੀ ਅਸਲ ਹੱਥ-ਲਿਖਤ ਬ੍ਰਿਟਿਸ਼ ਲਾਇਬ੍ਰੇਰੀ ਲੰਡਨ ਵਿਚ ਪ੍ਰਾਪਤ ਹੈ। ਉਥੇ ਇਹ ਇੰਪੀਰੀਅਲ ਲਾਇਬਰੇਰੀ ਕਲਕੱਤਾ ਦੇ ਲਾਇਬਰੇਰੀਅਨ ਕੋਲਬਰੁਕ ਦੇ ਰਾਹੀਂ ਪਹੁੰਚੀ ਸੀ। ਇਸ ਲਈ ਇਸ ਨੂੰ ਕੋਲਬਰੁਕ ਵਾਲੀ ਜਨਮਸਾਖੀ ਵੀ ਕਿਹਾ ਜਾਂਦਾ ਹੈ। ਇਸ ਦੀ ਖੋਜ ਉਨੀਂਵੀ ਸਦੀ ਦੀ ਅਖੀਰ ਵਿਚ ਅਰਨੈਸਟ ਟਰੰਪ ਨੇ ਕੀਤੀ ਸੀ। ਉਸ ਨੇ ਇਸ ਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਸਭ ਤੋਂ ਪੁਰਾਤਨ ਸਰੋਤ ਮੰਨਿਆ ਸੀ। ਸਿੱਖਾਂ ਦੀ ਮੰਗ ਉਤੇ ਇਸ ਦੀਆਂ ਜ਼ਿੰਕੋਗ੍ਰਾਫ ਕਾਪੀਆਂ ਬ੍ਰਿਟਿਸ਼ ਸਰਕਾਰ ਨੇ ਨਾਮਵਰ ਰਾਜਿਆਂ ਤੇ ਸਰਦਾਰਾਂ ਨੂੰ ਤੋਹਫੇ ਵਿਚ ਮੁੱਹਈਆ ਕਰਵਾਈਆਂ ਸਨ। ਅਜਿਹੀ ਇਕ ਕਾਪੀ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ ਵਿਚ ਉਕਤ ਨੰਬਰ ਉਤੇ ਪ੍ਰਾਪਤ ਹੈ। ਇਸ ਹੱਥ-ਲਿਖਤ ਵਿਚ ਕੁੱਲ 55 ਸਾਖੀਆਂ ਦਰਜ ਹਨ। ਕੋਲਬਰੁਕ ਵਾਲੀ ਜਨਮਸਾਖੀ ਦੇ ਲੇਖਕ ਅਤੇ ਲਿਖਣ ਕਾਲ ਸੰਬੰਧੀ ਕੋਈ ਵੀ ਜਾਣਕਾਰੀ ਦਰਜ ਨਹੀਂ ਹੈ। ਲਿਖਤ ਵਿਚ ਸਮਾਨਤਾ ਹੈ। ਇਸ ਜਨਮਸਾਖੀ ਵਿਚ ਬਾਬਰਵਾਣੀ, ਹਾਜ਼ਰਨਾਮਾ,

ਪ੍ਰਾਣਸੰਗਲੀ, ਵਾਰ ਮਾਝ ਸੰਪੂਰਨ, ਸਿਧ ਗੋਸਿਟ ਆਦਿ ਦਰਜ ਹੈ। ਸਾਖੀਆਂ ਦੀ ਤਰਤੀਬ ਨਿਮਨ ਅਨੁਸਾਰ ਹੈ:-

1. ਜਨਮ, ਬਚਪਨ 2. ਪੱਟੀ ਪਾਂਧਾ 3. ਕੁੜਮਾਈ, ਵਿਆਹ 4. ਖੇਤ ਹਰਿਆ 5. ਬਿਰਖ ਦੀ ਛਾਂ ਨਾ ਫਿਰੀ 6. ਖੇਤੀ ਵਣਜ ਸਉਦਾਗਰੀ 7. ਵੈਦ 8. ਸੁਲਤਾਨਪੁਰ ਨੂੰ ਤਿਆਰੀ 9. ਮੋਦੀਖਾਨਾ ਸੰਭਾਲਿਆ 10. ਵੇਈਂ ਪ੍ਰਵੇਸ਼ 11. ਕਾਜੀ ਨਾਲ ਗੋਸਟਿ 12. ਮਰਦਾਨੇ ਦੀ ਪੂਜਾ ਉੱਪਲ ਖੱਤ੍ਰੀ 13. ਸ਼ੇਖ਼ ਸੱਜਣ 14. ਪਾਣੀਪਥ ਸ਼ੇਖ਼ ਸਰਫ਼ ਨਾਲ ਗੋਸਟਿ 15. ਦਿੱਲੀ ਮੋਇਆ ਹਾਥੀ ਜਿਵਾਇਆ (ਪਹਿਲੀ ਉਦਾਸੀ) 16. ਸ਼ੇਖ਼ ਬਾਜੀਦ 17. ਬਨਾਰਸ ਦੇ ਪੰਡਤ ਚਤਰਦਾਸ ਨਾਲ ਗੋਸਟਿ (ਓਅੰਕਾਰ ਬਾਣੀ) 18. ਨਾਨਕਮਤੇ ਸਿੱਧਾਂ ਨਾਲ ਗੋਸਟਿ 19. ਵਣਜਾਰਿਆਂ ਦੇ ਟਾਂਡੇ 20. ਪਾਲੀ ਨੂੰ ਪਾਤਸ਼ਾਹੀ 21. ਮੁਹਰਾਂ ਦੇ ਕੋਇਲੇ ’ਤੇ ਸੂਲੀ ਤੋਂ ਸੂਲ 22. ਠੱਗਾਂ ਦਾ ਨਿਸਤਾਰਾ 23. ਕਾਵਰੂ ਦੇਸ਼ 24. ਕਲਯੁੱਗ 25. ਕੀੜ ਨਗਰ 26. ਵਸਦਾ ਰਹੇ 27. ਉਜੜ ਜਾਵੇ 28. ਆਸਾ ਦੇਸ 29. ਝੰਡਾ ਬਾਢੀ (ਜੁਗਾਵਲੀ ਲਿਖੀ) 30. ਮਰਦਾਨੇ ਦੀ ਭੁੱਖ ਗਵਾਈ 31. ਤਲਵੰਡੀ ਮਾਤਾ ਪਿਤਾ ਨਾਲ ਗੋਸਟਿ 32. ਪਟਣ ਸ਼ੇਖ਼ ਬ੍ਰਿਹਮ ਨਾਲ ਗੋਸਟਿ 33. ਕੋਹੜੀ ਫਕੀਰ 34. ਕਿੜੀਆਂ ਪਠਾਣਾਂ 35. ਸੈਦਪੁਰ ਦੀ ਬੰਦ (ਬਾਬਰਵਾਣੀ) 36. ਮੀਏ ਮਿਠੇ ਨਾਲ ਗੋਸਟਿ (ਨਸੀਹਤਨਾਮਾ) 37. ਦੁਨੀਚੰਦ ਨਿਸਤਾਰਾ 38. ਆਚਾਰੀ ਬ੍ਰਾਹਮਣ 39. ਵੈਰਾਗੀ ਲੜਕੇ ਨਾਲ ਗੋਸਟਿ 40. ਦੂਤੀਆ ਉਦਾਸੀ ਦੱਖਣ ਦੀ ਖ਼ੁਆਜੇ ਖਿਜਰ ਨਾਲ ਸੈਦੋ ਘੇਹੋ ਦੀ ਗੋਸਟਿ (ਵਾਰ ਮਾਝ ਸੰਪੂਰਨ) 41. ਅਨਭੀ ਸਰੇਵੜਾ 42.ਰਾਕਸ਼ ਦਾ ਨਿਸਤਾਰਾ 43. ਮਖਦੂਮ ਬਹਾਵਦੀ 44. ਨਾਥਾਂ ਨਾਲ ਗੋਸਟਿ 45. ਸਿੰਗਲਾਦੀਪ ਸ਼ਿਵਨਾਭ (ਪ੍ਰਾਣਸੰਗਲੀ) 46. ਬਾਢੀ ਦਾ ਨਿਸਤਾਰਾ ਤ੍ਰਿਤੀਆ ਉਦਾਸੀ 47. ਕਸ਼ਮੀਰ ਦੇ ਪੰਡਤ ਬ੍ਰਹਮਦਾਸ ਨਾਲ ਗੋਸਟਿ 48. ਸੁਮੇਰ ਪਰਬਤ 49. ਚਉਥੀ ਉਦਾਸੀ ਪੱਛਮ ਕੀ ਮਕੇ ਗਇਆ ਕਾਜੀ ਰੁਕਨਦੀਨ ਨਾਲ ਗੋਸਟਿ 50. ਉਦਾਸੀ ਪੰਜਵੀਂ ਗੋਰਖ ਹਟੜੀ (ਸਿਧ ਗੋਸਟਿ) 51. ਅੰਗਦ ਦੀ ਭਾਲ ਪ੍ਰੀਖਿਆ 52. ਗੁਰੂ ਦੁਆਰਾ ਪ੍ਰੀਖਿਆ (ਲਹਿਣੇ ਤੋਂ ਅੰਗਦ) 53. ਮਖਦੂਮ ਬਹਾਵਦੀ ਚਲਾਣਾ 54. ਅੰਗਦ ਨੂੰ ਗੁਰੂ ਥਾਪਣਾ 55. ਰਾਗ ਤੁਖਾਰੀ ਬਾਰਹ ਮਾਹ ਜੋਤੀ ਜੋਤ ਸਮਾਉਣਾ। ਇਸ ਨੁਸਖੇ ਵਿਚ ਕਰੋੜੀਏ ਅਤੇ ਭਗੀਰਥ ਮਨਸੁਖ ਤੇ ਸਿਵਨਾਭ ਨਾਲ ਸੰਬੰਧਤ ਦੋ ਸਾਖੀਆਂ ਦਰਜ ਹੋਣੋਂ ਰਹਿ ਗਈਆਂ ਹਨ।

8. **MSS # 2665** (ਪੁਰਾਤਨ ਜਨਮਸਾਖੀ) :- ਇਹ ਹੱਥ-ਲਿਖਤ ਖਰੜਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬ ਹਿਸਟੌਰੀਕਲ ਸਟੱਡੀਜ਼ ਵਿਭਾਗ ਵਿਚ ਉਕਤ ਨੰਬਰ ਉਤੇ ਪ੍ਰਾਪਤ ਹੈ। ਇਹ ਖਰੜਾ ਸੰਮਤ 1727 ਬਿ. ਵਾਲੇ ਖਰੜੇ ਤੋਂ 1788 ਬਿ. ਵਿਚ ਨਕਲ ਕੀਤਾ ਗਿਆ ਸੀ :

> ਸੰਮਤ 1727 ਲਿਖਤੰ ਗਿਰੰਥ ਸਹਰ ਬੁਰਹਾਨਪੁਰ ਜੀ ਕਾ।...ਮਿਤੀ ਮੰਘਰ ਅਨੇਰੀ ਚਉਦਹ ਵਾਰੁ ਬੁਧਿਵਾਰੁ ਕੇ ਦਿਨਿ ਪੋਥੀ ਲਿਖਣਿ ਲਗਾ ਸੀ ਸੰਮਤੁ 1788 ਪੋਥੀ ਲਿਖੀ ਸਤਲੁਦਿ

ਅਰੁ ਵਿਆਹ ਨਦੀ ਕੇ ਮਧ ਲਿਖੀ ਸੰਗਤਿ ਜੀ ਕਾ ਸਦਕਾ ਰਹਿ ਆਵੈ ਗੁਰੂ ਬਾਬੇ ਨਾਲਿ।[43]

ਸ.ਸ. ਪਦਮ ਨੇ ਉਪਰੋਕਤ ਟੂਕ ਦੇ ਆਧਾਰ ’ਤੇ ਇਸ ਦਾ ਉਤਾਰਾਕਾਰ ਦਇਆ ਰਾਮ ਅਬਰੋਲ ਦੱਸਿਆ ਜੋ ਕਪੂਰਥਲਾ ਸੁਲਤਾਨਪੁਰ ਲੋਧੀ ਸੜਕ ‘ਤੇ ਵੱਸੇ ਨਗਰ ਸੁਰਖਪੁਰ ਦਾ ਨਿਵਾਸੀ ਸੀ।[44] ਇਹ ਉਹੀ ਦਇਆ ਰਾਮ ਅਬਰੋਲ ਹੈ ਜਿਸ ਨੇ ‘B-40 ਜਨਮਸਾਖੀ’ ਦੀ ਰਚਨਾ ਕੀਤੀ ਹੈ। ਇਸ ਤੋਂ ਇਲਾਵਾ ਵਿਚਾਰਾਧੀਨ ਨੁਸਖਾ ਉਹੀ ਵਿਸ਼ੇਸ਼ਤਾਵਾਂ ਦਾ ਮਾਲਕ ਹੈ ਜੋ ਸ. ਕਰਮ ਸਿੰਘ ਹਿਸਟੋਰੀਅਨ ਨੇ ਫੀਰੋਜ਼ਪੁਰ ਵਿਚ ਵੇਖਿਆ ਸੀ, ਫਰਕ ਕੇਵਲ ਇਤਨਾ ਹੈ ਕਿ ਉਨ੍ਹਾਂ ਨੇ ਇਸ ਦਾ ਉਤਾਰਾ 1787 ਬਿ. ਕੀਤੇ ਜਾਣ ਦਾ ਹਵਾਲਾ ਦਿੱਤਾ ਹੈ ਜਦੋਂ ਕਿ ਉਤਾਰਾ 1788 ਬਿ. ਦਾ ਹੈ। ਪੰਜਾਬੀ ਯੂਨੀਵਰਸਿਟੀ ਵਾਲੇ ਇਸ ਨੁਸਖੇ ਵਿਚ ਪੁਰਾਤਨ ਜਨਮਸਾਖੀ ਤੋਂ ਇਲਾਵਾ ਕੁੱਝ ਹੋਰ ਰਚਨਾਵਾਂ ਵੀ ਸੰਗ੍ਰਹਿਤ ਹਨ। ਇਸ ਵਕਤ ਖਰੜੇ ਦੀ ਹਾਲਤ ਬਹੁਤ ਖਸਤਾ ਹੈ ਜਿਸ ਕਰਕੇ ਅਧਿਕਾਰੀ ਇਸ ਦਾ ਵਿਸਤ੍ਰਿਤ ਅਕਾਦਮਿਕ ਨਿਰੀਖਣ ਕਰਨ ਦੀ ਇਜ਼ਾਜ਼ਤ ਨਹੀਂ ਦਿੰਦੇ। ਡਾ. ਰਤਨ ਸਿੰਘ ਜੱਗੀ ਅਨੁਸਾਰ ਇਸ ਵਿਚ ਕਰੋੜੀਏ ਤੇ ਭਗੀਰਥ ਵਾਲੀਆਂ ਦੋਨੋਂ ਸਾਖੀਆਂ ਅਤੇ ਸੈਦਪੁਰ ਦੀ ਬੰਦ ਵਾਲੀ ਸਾਖੀ ਦਾ ਜੋ ਪਾਠ ਕੋਲਬਰੁਕ ਵਾਲੇ ਨੁਸਖੇ ਵਿਚ ਗਾਇਬ, ਉਹ ਇਸ ਵਿਚ ਵੀ ਨਹੀ ਮਿਲਦਾ।[45] ਉਨ੍ਹਾਂ ਦੇ ਕਥਨ ਅਨੁਸਾਰ ਵਲਾਇਤ ਵਾਲੀ ਜਨਮਸਾਖੀ ਇਸ ਪਾਠ-ਭੇਦ ਦੀ ਨਕਲ ਪਰੰਪਰਾ ਨਾਲ ਸੰਬੰਧਿਤ ਹੈ।[46]

9. **MSS#2310 :** ਪੁਰਾਤਨ ਜਨਮਸਾਖੀ ਦਾ ਇਕ ਹੱਥ-ਲਿਖਤ ਨੁਸਖਾ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰੀਸਰਚ ਡਿਪਾਰਟਮੈਂਟ ਵਿਚ 2310 ਨੰ. ਉਪਰ ਪ੍ਰਾਪਤ ਹੈ। ਉਕਤ ਖਰੜਾ ਬਹੁਤ ਸਾਰੀਆਂ ਰਚਨਾਵਾਂ ਦਾ ਸੰਗ੍ਰਹਿ ਹੈ, ਜਿਸ ਵਿਚ ‘ਲਿਖਤੰ ਸਾਖੀ ਬਾਬੇ ਨਾਨਕ ਜੀ ਕੀ’ ਜੋ 1889 ਬਿ. ਭਾਵ 1772 ਈ. ਵਿਚ ਨਕਲ ਕੀਤੀ ਗਈ ਹੈ। ਇਹ ਉਹ ਖਰੜਾ ਹੈ ਜਿਸ ਨੂੰ ਭਾਈ ਵੀਰ ਸਿੰਘ ਨੇ ਪੁਰਾਤਨ ਜਨਮਸਾਖੀ ਦੀ ਦੂਸਰੀ ਐਡੀਸ਼ਨ ਨੂੰ ਸੋਧਣ ਲਈ ਪ੍ਰਯੋਗ ਕੀਤਾ ਹੈ।[47] ਇਸ ਦਾ ਪਾਠ ਕੁੱਝ ਕੁ ਪਾਠ ਭੇਦਾਂ ਨੂੰ ਛੱਡ ਕੇ ਕੋਲਬਰੁਕ ਵਾਲੇ ਖਰੜੇ ਨਾਲ ਮੇਲ ਖਾਂਦਾ ਹੈ। ਉਦਾਹਰਣ ਵਜੋਂ ਸਾਖੀ ਨੰ. 40 ਤੇ 41 ਜੋ ਕ੍ਰਮਵਾਰ ਕਰੋੜੀਏ ਤੇ ਭਗੀਰਥ ਨਾਲ ਸੰਬੰਧਤ ਹਨ, ਇਸ ਵਿਚ ਅਪ੍ਰਾਪਤ ਹਨ। ਜੁਗਾਵਲੀ (ਸਾਖੀ 29) ਬਾਰੇ ਉਲੇਖ ਕੀਤਾ ਹੈ ਪਰ ਪਾਠ ਨਹੀਂ ਦਿਤਾ। ਸਾਖੀ ਨੰ. 36 ਵਿਚਲਾ ਹਾਜ਼ਰਨਾਮਾ ਪੂਰਾ ਪ੍ਰਾਪਤ ਹੈ, ਸਾਖੀ ਨੰ. 47 (ਸਿੰਘਲਾਦੀਪ) ਪ੍ਰਾਣ ਸੰਗਲੀ ਦਾ ਜ਼ਿਕਰ ਹੈ ਤੇ ਇਸ ਦੇ ਪਜੱਤਰ ਅਧਿਆਇ ਬਾਰੇ ਸੰਕੇਤ ਦਿਤਾ ਹੈ, ਸਾਖੀ ਨੰ. 51 (ਚਉਥੀ ਉਦਾਸੀ, ਮੱਕਾ) ਸੀਹਰਫੀ ਦੀ ਪਹਿਲੀ ਲਾਈਨ ਦੇ ਕੇ ਕੁਲ 30 ਬੰਦਾਂ ਦੀ ਸੂਚਨਾ ਦਿਤੀ ਹੈ, ਸਿਧ ਗੋਸਟਿ

---

[43] ਰਤਨ ਸਿੰਘ ਜੱਗੀ, **ਪੁਰਾਤਨ ਜਨਮਸਾਖੀ ਅਧਿਐਨ ਅਤੇ ਸੰਪਾਦਨ**, ਪੰਨਾ 115.
[44] ਸ.ਸ. ਪਦਮ, **ਉਪਰੋਕਤ**, ਪੰਨਾ 24.
[45] ਰਤਨ ਸਿੰਘ ਜੱਗੀ, **ਉਪਰੋਕਤ**, ਪੰਨਾ 116.
[46] **ਉਹੀ**।
[47] **ਪੁਰਾਤਨ ਜਨਮਸਾਖੀ**, ਪੰਨਾ 14, ਪਿਆਰ ਸਿੰਘ, **ਉਪਰੋਕਤ**, ਪੰਨੇ 32-33.

(ਸਾਖੀ 52) ਦੀਆਂ 73 ਪਉੜੀਆਂ ਦੀ ਜਾਣਕਾਰੀ ਹੈ ਪੂਰਾ ਪਾਠ ਨਹੀਂ ਦਿਤਾ। ਇਸ ਉਪਰੰਤ ਇਕ ਹੋਰ ਸਾਖੀ ਜੋ ਮੁਨਾਫਕ ਦੇਸ ਨਾਲ ਸੰਬੰਧਤ ਹੈ ਕਿਸੇ ਹੋਰ ਜਨਮਸਾਖੀ ਪਰੰਪਰਾ ਵਿਚੋਂ ਇਸ ਵਿਚ ਪ੍ਰਵੇਸ਼ ਪਾ ਗਈ ਹੈ।

**10. MSS#1464 ਮੈਕਾਲਿਫ਼ ਵਾਲੀ ਜਨਮਸਾਖੀ (ਬਾਬੇ ਨਾਨਕ ਜੀ ਕੀ) :** ਪੁਰਾਤਨ ਜਨਮਸਾਖੀ ਦਾ ਇਹ ਪੱਥਰ-ਛਾਪ ਸੰਸਕਰਣ ਉਸ ਹੱਥ-ਲਿਖਤ ਖਰੜੇ ਉਪਰ ਆਧਾਰਿਤ ਹੈ ਜੋ ਪ੍ਰੋ. ਗੁਰਮੁਖ ਸਿੰਘ ਨੂੰ 1885 ਈ. ਵਿਚ ਹਾਫਿਜ਼ਾਬਾਦ ਤੋਂ ਪ੍ਰਾਪਤ ਹੋਇਆ ਸੀ ਪ੍ਰੋ. ਪਿਆਰ ਸਿੰਘ ਦੀ ਖੋਜ ਅਨੁਸਾਰ ਹੁਣ ਇਸ ਖਰੜੇ ਦੀ ਕਿਧਰੇ ਉੱਘ-ਸੁੱਘ ਨਹੀਂ ਮਿਲਦੀ।[48] ਮੈਕਾਲਿਫ ਦੁਆਰਾ ਸੰਪਾਦਿਤ ਸੰਸਕਰਣ ਦੀ ਪੱਥਰ ਛਾਪ ਕਾਪੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ ਵਿਚ **MSS#1464** 'ਤੇ ਪਈ ਹੈ।ਇਸ ਜਨਮਸਾਖੀ ਵਿਚ ਸਾਖੀਆਂ ਦਾ ਕ੍ਰਮ 1,2,3...... ਦਿੱਤਾ ਗਿਆ ਹੈ। ਇਸ ਵਿਚ ਕਰਤਾ ਅਤੇ ਰਚਨਾ-ਕਾਲ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਵਿਚ ਨਸੀਹਤ ਨਾਮਾ, ਪ੍ਰਾਣ ਮੰਗਲੀ ਅਤੇ ਰੁਕਨਦੀਨ ਨਾਲ ਗੋਸਟਿ ਸਬੰਧੀ ਕੁਝ ਸਲੋਕ ਦਰਜ ਹਨ। ਜਨਮਸਾਖੀ ਦੇ ਅੰਤ 'ਤੇ ਰਾਗ ਆਸਾ, ਧਨਾਸਰੀ ਵਿਚ ਸਲੋਕ ਅਤੇ ਆਰਤੀ ਦਰਜ ਕੀਤੇ ਗਏ ਹਨ। ਸਿੱਧ ਗੋਸਟਿ ਵੀ ਲਿਖੀ ਹੋਈ ਪ੍ਰਾਪਤ ਹੁੰਦੀ ਹੈ। ਇਸ ਵਿਚ ਕੁਲ 57 ਸਾਖੀਆਂ ਹਨ। ਸਾਖੀਆਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੈ :-

1. ਜਨਮ, 2. ਬਾਲਪਨ, 3. ਤੋਰਕੀ, 4. ਖੇਤ ਹਰਿਆ, 5. ਦਰਖ਼ਤ ਦੀ ਛਾਂ ਨਾ ਫਿਰੀ, 6. ਪਿਤਾ ਨਾਲ ਖੇਤੀ ਸਬੰਧੀ ਗੋਸਟਿ, 7. ਵੈਦ, 8. ਸੁਲਤਾਨਪੁਰ ਨੂੰ ਤਿਆਰੀ, 9. ਮੋਦੀਖਾਨਾ, 10. ਵੇਈ ਪ੍ਰਵੇਸ਼, 11. ਕਾਜੀ ਨਾਲ ਗੋਸਟਿ, 12. ਉਪਲ ਖੜ੍ਰੀ, 13. ਸੇਖ਼ ਸੱਜਣ, 14. ਪਾਣੀਪਥ ਸੇਖ਼ ਸਰਫ਼ ਨਾਲ ਗੋਸਟਿ, 15. ਦਿੱਲੀ ਮੋਇਆ ਹਾਥੀ ਜਿਵਾਇਆ, 16. ਸੇਖ਼ ਬਜੀਦ, 17. ਚਤੁਰਦਾਸ ਨਾਲ ਗੋਸਟਿ, 18. ਨਾਨਕ ਮਤੇ, 19. ਵਣਜਾਰਿਆਂ ਦੇ ਟਾਂਡੇ , 20. ਦਾਣਿਆਂ ਦੀ ਮੁੱਠੀ ਬਦਲੇ ਪਾਤਸ਼ਾਹੀ ਮਿਲੀ, 21. ਮੁਹਰਾਂ ਦੇ ਕੋਲੇ ਸੂਲੀ ਦਾ ਕੰਡਾ, 22. ਠੱਗਾਂ ਦਾ ਨਿਸਤਾਰਾ, 23. ਕਾਵਰੂ ਦੇਸ਼, 24. ਕਲਿਜੁਗ, 25. ਕੀੜ ਨਗਰ, 26. ਵਸਦਾ ਰਹੇ ਉਜੜ ਜਾਏ, 27. ਆਸਾ ਦੇਸ਼, 28. ਬਿਸੀਅਰ ਦੇਸ਼ <u>ਪ੍ਰਿਥਮੇ-ਉਦਾਸੀ ਪੂਰਬ ਕੀ</u>, 29. ਮਰਦਾਨੇ ਦੀ ਭੁੱਖ ਗਵਾਈ, 30. ਮਾਤਾ ਪਿਤਾ ਨਾਲ ਗੋਸਟਿ ਤਲਵੰਡੀ ਵਿਚ, 31. ਸੇਖ ਬ੍ਰਹਮ ਨਾਲ ਗੋਸਟਿ 32. ਕੋਹੜੀ ਦਾ ਨਿਸਤਾਰਾ, 33. ਕਿੜੀਆਂ ਪਠਾਣਾ ਦੀ, 34. ਸੈਦਪੁਰ, 35. ਮੀਏ ਮਿਠੇ ਨਾਲ ਗੋਸਟਿ, 36. ਦੁਨੀ ਚੰਦ ਨਿਸਤਾਰਾ, 37. ਆਚਾਰੀ ਬ੍ਰਾਹਮਣ, 38. ਸਤਾਂ ਬਰਸਾਂ ਦੇ ਲੜਕੇ ਨਾਲ ਗੋਸਟਿ, 39. ਕਰੋੜੀਆ, 40. ਭਾਈ ਭਗੀਰਥ, <u>ਦੂਜੀ ਉਦਾਸੀ</u> 41. ਸੈਦੋ ਘੇਹੋ ਦੀ ਖੁਆਜੇ ਨਾਲ ਗੋਸਟਿ, 42. ਅਨਭੀ ਸਰੇਵੜਾ, 43. ਰਾਕਸ ਦਾ ਨਿਸਤਾਰਾ, 44. ਮਖਦੂੰਮ ਬਹਾਵਦੀ, 45. ਮਛੰਦ੍ਰ ਨਾਲ ਗੋਸਟਿ, 46. ਸਿੰਘਲਾਦੀਪ (ਪ੍ਰਾਣ ਸੰਗਲੀ), 47. ਬਾਢੀ ਦਾ ਨਿਸਤਾਰਾ, <u>ਤ੍ਰਿਤੀਆ ਉਦਾਸੀ</u> 48. ਕਸ਼ਮੀਰ ਦੇ ਪੰਡਤ ਬ੍ਰਹਮਦਾਸ ਨਾਲ ਗੋਸਟਿ,

[48] ਪਿਆਰ ਸਿੰਘ, **ਉਪਰੋਕਤ**, ਪੰਨਾ 31 (ਫੁਟ-ਨੋਟ)।

49. ਸੁਮੇਰ ਪਰਬਤ ਸਿੱਧ ਗੋਸਟਿ, ਚਉਥੀ ਉਦਾਸੀ 50. ਹੱਜ ਗਿਆ 51. ਕਾਜੀ ਰੁਕਨਦੀਨ ਨਾਲ ਮੱਕੇ ਵਿਚ ਗੋਸਟਿ, ਪੰਜਵੀ ਉਦਾਸੀ, 52. ਗੋਰਖ ਹਟੜੀ, 53. ਗੁਰੂ ਅੰਗਦ ਦੀ ਭਾਲ, 54. ਗੋਰਖ ਨਾਥ ਦਾ ਬਚਨ, 55. ਮਖਤੂੰਮ ਬਹਾਵਦੀ ਚਲਾਣਾ, 56. ਸੰਗਤੀ ਦਰਸ਼ਨ ਆਈ, 57. ਗੁਰੂ ਬਾਬੇ ਦਾ ਚਲਾਣਾ।

11. **MS#35570 (ਜਨਮਸਾਖੀ ਗੁਰੂ ਨਾਨਕ ਦੇਵ ਜੀ) :** ਇਹ ਹੱਥ-ਲਿਖਤ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਰੈਫਰੈਂਸ ਲਾਇਬ੍ਰੇਰੀ ਵਿਚ **MS#35570** 'ਤੇ ਪਈ ਹੈ। ਇਹ ਸਾਧੂ ਰਾਮ ਪ੍ਰਗਾਸ ਉਦਾਸੀ ਦੁਆਰਾ ਸੰਮਤ 1916/1859 ਈ. ਵਿਚ ਲਿਖੀ ਗਈ ਸੀ। ਇਹ ਡਾ. ਜਸਵੰਤ ਸਿੰਘ ਜੱਸ ਪਾਸੋਂ ਸਾਹਿਤ ਅਕਾਦਮੀ ਨੂੰ ਪ੍ਰਾਪਤ ਹੋਈ ਹੈ।ਇਹ ਮੂਲ ਰੂਪ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਦੇ ਰੇਅਰ ਸੈਕਸ਼ਨ ਵਿਚ ਪਈ **MS # 506** ਨਾਲ ਕਾਫ਼ੀ ਹੱਦ ਤੱਕ ਮੇਲ ਖਾਂਦੀ ਹੈ।ਇਸ ਹੱਥ-ਲਿਖਤ ਵਿਚ ਸਾਖੀਆਂ ਦੀ ਗਿਣਤੀ 61 ਹੈ। ਇਸ ਜਨਮਸਾਖੀ ਵਿਚ ਲਿਖਤ ਦੀ ਸਮਾਨਤਾ ਹੈ। ਤਰਤੀਬ ਇਸ ਪ੍ਰਕਾਰ ਹੈ:-

1. ਜਨਮ, 2. ਪੱਟੀ ਪਾਧਾਂ, 3. ਖੇਤ ਹਰਿਆ, 4. ਪਿਤਾ ਨਾਲ ਖੇਤ੍ਰੀ ਸਬੰਧੀ ਗੋਸਟਿ, 5. ਵੈਦ, 6. ਸੁਲਤਾਨਪੁਰ ਨੂੰ ਤਿਆਰੀ, 7. ਮੋਦੀਖਾਨਾ, 8. ਵੇਈਂ ਪ੍ਰਵੇਸ਼, 9. ਸਾਖੀ ਕਾਜੀ ਨਾਲ, 9. ਉਪਲ ਖਤ੍ਰੀ, 10. ਮਰਦਾਨੇ ਦੀ ਭੁੱਖ ਗਵਾਈ, 11. ਸੇਖ ਸੱਜਣ, 12. ਸੇਖ ਸਰਫ਼, 13. ਦਿੱਲੀ ਮੋਇਆ ਹਾਥੀ ਜਿਵਾਇਆ, 14. ਸੇਖ ਬਾਜੀਦ, 15. ਬਨਾਰਸ ਦੇ ਪੰਡਤ ਚਤੁਰਦਾਸ ਨਾਲ ਗੋਸਟਿ, 16. ਨਾਨਕ ਅਤੇ ਸਿੱਧ ਗੋਸਟਿ, 17. ਆਰਤੀ ਸੋਹਲੇ ਦਾ ਬੀਚਾਰੁ, 18. ਵਣਜਾਰਿਆਂ ਵਾਲੀ ਸਾਖੀ, 19. ਮੁਹਰਾਂ ਦੇ ਕੋਇਲੇ ਤੇ ਸੂਲੀ ਦਾ ਕੰਡਾ, 20. ਠੱਗਾਂ ਦਾ ਨਿਸਤਾਰਾ, 21. ਕਉਰੂ ਦੇਸ਼, 22. ਪਿਤਾ ਨਾਲ ਗੋਸਟਿ, 23. ਸਾਖੀ ਸੇਖ ਬ੍ਰਹਮ ਨਾਲ, 24. ਕੋਹੜੀਫ਼ਕੀਰ ਦਾ ਨਿਸਤਾਰਾ, 25. ਪੀਰ ਬਾਬਰ ਨਾਲ ਗੋਸਟਿ, 26. ਦੁਨੀਚੰਦ ਨਿਸਤਾਰਾ, 27. ਭਗੀਰਥ, 28. ਰਾਜੇ ਸਿਉਨਾਭ ਵਾਲੀ ਸਾਖੀ, 29. ਸਿੰਗਲਾਦੀਪ, 30. ਪ੍ਰਾਣੀ ਸੰਗਲੀ, 31. ਕੀੜ ਨਗਰ, 32. ਮੁਲਤਾਨ ਵਾਲੇ ਸਿੱਖ ਦੀ ਸਾਖੀ, 33. ਸਾਖੀ ਇਕ ਸ਼ਾਹੂਕਾਰ ਦੀ, 34. ਵਸਦਾ ਰਹੇ ਉਜੜ ਜਾਵੇ, 35. ਆਸਾ ਦੇਸ਼, 36. ਝੰਡਾ ਬਾਢੀ, 37. ਮੀਏ ਮਿਠੇ ਨਾਲ ਗੋਸਟਿ, 38. ਅਚਾਰੀ ਬ੍ਰਾਹਮਣ, 39. ਛੋਟੇ ਲੜਕੇ ਨਾਲ ਗੋਸਟਿ, 40. ਸਰੇਵੜੇ ਨਾਲ ਸਾਖੀ, 41. ਸਾਖੀ ਸੈਦੋ ਘੇਹੋ ਦੀ ਖ਼ੁਆਜੇ ਨਾਲ ਹੋਈ, 42. ਰਾਕਸ਼ ਦਾ ਨਿਸਤਾਰਾ, 43. ਮਕਦੂਮ ਬਹਾਵਦੀ, 44. ਸਿੱਧ ਗੋਸਟਿ, (73 ਪਉੜੀਆਂ) 45. ਕਲਯੁੱਗ ਨਾਲ ਸਾਖੀ, 46. ਸਾਖੀ ਚਰਵਾਹੇ ਨਾਲ, 47. ਕਸ਼ਮੀਰ ਦੇ ਪੰਡਤ ਨਾਲ ਗੋਸਟਿ, 48. ਸਿੱਧ ਗੋਸਟਿ, 49. ਰੁਕਨਦੀਨ ਨਾਲ ਗੋਸਟਿ ਕੁੱਲ 166 ਪਉੜੀਆਂ, 50. ਅੰਗਦ ਦੀ ਭਾਲ, 51. ਮੂਲੇ ਚੌਣੇ ਨਾਲ ਸਾਖੀ, 52. ਅੰਗਦ ਦੀ ਪ੍ਰੀਖਿਆ, 53. ਬਾਂਦੀ ਵਾਲੀ ਸਾਖੀ, 54. ਗੋਰਖਨਾਥ ਦੁਆਰਾ ਸੁਝਾਅ, 55. ਸੰਗਤ ਦੀ ਪ੍ਰੀਖਿਆ, 56. ਗੁਰੂ ਅੰਗਦ ਦੁਆਰਾ ਸੰਗਤ ਨੂੰ ਗੁਰੂ ਲੀਲਾ ਸਬੰਧੀ ਦੱਸਣਾ, 57. ਸਾਖੀ ਰਾਮਜਨਾ ਨਾਲ, 58. ਗੁਰੂ ਅੰਗਦ ਨੂੰ

ਗੁਰੂ ਥਾਪ ਕੇ ਰਿਧਾਵੀ ਜੱਟੀ ਕੋਲ ਭੇਜਣਾ, 59. ਕਮਲੇ ਨੂੰ ਚੁਟਕੀ ਬਿਭੂਤ ਦੇਣਾ, 60. ਬੂੜੇ ਦਾ ਹੰਕਾਰ ਤੋੜਨਾ, 61. ਗੁਰੂ ਬਾਬਾ ਚਲਾਣੇ ਦੇ ਘਰ।

**12. ਪੁਰਾਤਨ ਸਾਖੀ (ਬਾਬੇ ਨਾਨਕ ਕੀ) :** ਇਹ ਜਨਮਸਾਖੀ ਭਾਸ਼ਾ ਵਿਭਾਗ, ਪੰਜਾਬ ਵਿਚ ਨੰ. **MS# 194** ਅਧੀਨ ਪ੍ਰਾਪਤ ਹੈ। ਅਕਾਦਮਿਕ ਹਲਕਿਆਂ ਵਿਚ ਇਹ ਹੱਥ-ਲਿਖਤ ਖਰੜਾ LDP# 194 ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਮੈਕਲਿਓਡ ਨੇ ਇਸ ਨੂੰ ਬੜੀ ਮਹੱਤਵਪੂਰਣ ਤੇ ਵੱਖਰੀ ਜਨਮਸਾਖੀ ਦਾ ਦਰਜਾ ਦਿੱਤਾ ਹੈ।[49] ਸ.ਸ. ਪਦਮ ਨੇ ਇਸ ਨੂੰ ਵੱਖਰੀ ਜਨਮਸਾਖੀ ਪਰੰਪਰਾ ਦੱਸਿਆ ਹੈ ਤੇ ਇਸ ਨੂੰ ਸੀਹਾਂ ਉਪਲ ਦੀ ਕ੍ਰਿਤ ਮੰਨਿਆ ਹੈ ਅਤੇ ਪੁਰਾਤਨ ਜਨਮਸਾਖੀ ਨੂੰ ਏਸੇ ਵਿਚੋਂ ਵਿਕਸਿਤ ਹੋਈ ਸਿੱਧ ਕੀਤਾ ਹੈ।[50]

ਇਸ ਜਨਮਸਾਖੀ ਵਿਚ ਸਿਧ ਗੋਸਟਿ, ਬਾਬਰਵਾਣੀ, ਪਾਕਨਾਮਾ, ਓਅੰਕਾਰ ਬਾਣੀ 54 ਪਉੜੀਆਂ ਆਦਿ ਰਚਨਾਵਾਂ ਦਰਜ ਹਨ। ਇਸ ਜਨਮਸਾਖੀ ਵਿਚ ਕੁੱਲ 30 ਸਾਖੀਆਂ ਦਰਜ ਹਨ। ਇਹ ਹੱਥ-ਲਿਖਤ ਖਸਤਾ ਹਾਲਤ ਵਿਚ ਹੈ। ਜਿਸ ਕਾਰਨ ਪੂਰਨ ਰੂਪ ਵਿਚ ਕੁਲ 19 ਸਾਖੀਆਂ ਹੀ ਪ੍ਰਾਪਤ ਹੁੰਦੀਆਂ ਹਨ।ਤਰਤੀਬ ਹੇਠ ਲਿਖੇ ਅਨੁਸਾਰ ਹੈ:-

1. ਜਨਮ, 2. ਪੱਟੀ, ਪਾਧਾਂ, 3. ਪਿਤਾ ਨਾਲ ਖੇਤ੍ਰੀ ਸਬੰਧੀ ਗੋਸਟਿ, 4. ਵੈਦ, 5. ਸੁਲਤਾਨਪੁਰ ਨੂੰ ਤਿਆਰੀ, 6. ਮੋਦੀ ਖਾਨਾ ਸੰਭਾਲਿਆ, 7.ਵੇਈਂ ਪ੍ਰਵੇਸ਼, 8. ਕਾਜੀ ਨਾਲ ਗੋਸਟਿ, 9. ਉਪਲ ਖਤ੍ਰੀ 10. ਮਰਦਾਨੇ ਦੀ ਭੁੱਖ ਗਵਾਈ, 11. ਮਾਤਾ ਪਿਤਾ ਨਾਲ ਗੋਸਟਿ, 12. ਸੇਖ ਬ੍ਰਹਮ ਨਾਲ ਗੋਸਟਿ, 13. ਕਿੜੀਆ ਪਠਾਣਾਂ ਦੀ, 14. ਸੈਦਪੁਰ, 15. ਕਰੋੜੀਆ, ਭਗੀਰਥ, 16.ਰਾਜਾ ਸਿਉਨਾਭ, 17. ਕਲਯੁੱਗ ਨਾਲ ਸਾਖੀ, 18. ਸਿੱਧ ਗੋਸਟਿ, 73 ਪਉੜੀਆਂ 19. ਪਾਕ ਨਾਮਾ।

ਅਧਿਐਨ ਅਧੀਨ ਜਨਮਸਾਖੀ ਪਰੰਪਰਾ ਜਨਮਸਾਖੀ ਸਾਹਿਤ ਵਿਚ ਬੜਾ ਮਹੱਤਵਪੂਰਣ ਸਥਾਨ ਰੱਖਦੀ ਹੈ ਅਤੇ ਖਿਆਲ ਕੀਤਾ ਜਾਂਦਾ ਹੈ ਕਿ ਦੂਸਰੀਆਂ ਜਨਮ-ਸਾਖੀ ਪਰੰਪਰਾਵਾਂ ਏਸੇ ਵਿਚੋਂ ਵਿਕਸਿਤ ਹੋਇਆਂ ਹਨ। ਭਾਵੇਂ ਇਸ ਦੇ ਲਿਖਾਰੀ ਬਾਰੇ ਠੋਸ ਜਾਣਕਾਰੀ ਦੀ ਅਣਹੋਂਦ ਦੀ ਸਥਿਤੀ ਵਿਚ ਕੋਈ ਨਿਰਨਾ ਕਰਨਾ ਕਠਿਨ ਹੈ ਪਰ ਇਸ ਵਿਚ ਕੁੱਝ ਰਚਨਾਵਾਂ ਜਿਵੇਂ ਪ੍ਰਾਣ ਸੰਗਲੀ, ਜੁਗਾਵਲੀ, ਰਤਨਮਾਲਾ ਆਦਿ ਇਸ ਦੇ ਲੇਖਕ ਨੂੰ ਹਠ-ਯੋਗ, ਨਾਥ-ਜੋਗੀ ਤੇ ਸੰਨਿਆਸੀ ਸੰਪ੍ਰਦਾਇ ਨਾਲ ਜੋੜਦੀਆਂ ਹਨ ਜਿਸ ਉਪਰ ਸੂਫੀ-ਸੰਤਾਂ ਦਾ ਪ੍ਰਭਾਵ ਸੀ ਜਿਸ ਕਰਕੇ ਉਸ ਨੇ ਹਾਜ਼ਰਨਾਮਾ ਤੇ ਸੀਹਰਫੀ ਆਦਿ ਵਰਗੀਆਂ ਰਚਨਾਵਾਂ ਨੂੰ ਵੀ ਇਸ ਵਿਚ ਸ਼ਾਮਿਲ ਕੀਤਾ ਹੈ।ਸੰਭਵ ਹੈ ਕਿ ਇਸ ਦਾ ਲੇਖਕ ਸਿੱਖ ਪੰਥ ਦੀ ਉਦਾਸੀ ਸੰਪ੍ਰਦਾਇ ਨਾਲ ਸੰਬੰਧਤ ਹੋਵੇ ਜਿਸ ਕਰਕੇ ਉਕਤ ਰਚਨਾਵਾਂ ਉਸ ਦੀ ਨਿਜੀ ਧਾਰਮਿਕ ਰੁਚੀ ਕਾਰਣ ਪੁਰਾਤਨ ਜਨਮਸਾਖੀ ਵਿਚ ਪ੍ਰਵੇਸ਼ ਪਾ ਗਈਆਂ। ਉਨੀਵੀਂ ਸਦੀ ਦੇ ਅਖੀਰ ਵਿਚ ਜਦ ਇਸ ਜਨਮਸਾਖੀ ਦੀ ਜਾਣਕਾਰੀ ਬਾਹਰ ਆਈ ਤਾਂ ਉਸ

---

[49] W.H. McLeod, *Early Sikh Tradition*, p. 46.
[50] ਸ.ਸ. ਪਦਮ, **ਉਪਰੋਕਤ**, ਪੰਨਾ 23.

ਵੇਲੇ ਇਸ ਦੇ ਦੋ ਹੱਥ-ਲਿਖਤ ਨੁਸਖੇ-ਕੋਲਬਰੁਕ ਅਤੇ ਹਾਫ਼ਿਜ਼ਾਬਾਦ ਵਾਲਾ ਹੀ ਪ੍ਰਾਪਤ ਸਨ। ਇਨ੍ਹਾਂ ਦੇ ਆਧਾਰ ਤੇ ਜਦੋਂ ਭਾਈ ਵੀਰ ਸਿੰਘ ਨੇ 1926 ਈ. ਵਿਚ ਇਸ ਦਾ ਸੰਪਾਦਨ ਕੀਤਾ ਤਾਂ ਉਨ੍ਹਾਂ ਨੇ ਇਸ ਨੂੰ ਪੁਰਾਤਨ ਜਨਮਸਾਖੀ ਦਾ ਨਾਮ ਦਿਤਾ। ਹੱਥਲੇ ਅਧਿਐਨ ਲਈ ਜਦ ਪੰਜਾਬ ਦੀਆਂ ਲਾਇਬਰੇਰੀਆਂ ਦੀਆਂ ਹੱਥ-ਲਿਖਤਾਂ ਨੂੰ ਫਰੋਲਿਆ ਗਿਆ ਤਾਂ ਇਸ ਦੇ ਅੱਠ ਹੋਰ ਖਰੜੇ ਦ੍ਰਿਸ਼ਟੀਗੋਚਰ ਹੋਏ ਹਨ। ਇਨ੍ਹਾਂ ਵਿਚੋਂ ਸਭ ਤੋਂ ਵਿਸ਼ੇਸ਼ ਤੇ ਪੁਰਾਤਨ ਖਰੜਿਆਂ ਦੇ ਆਧਾਰ 'ਤੇ ਇਸ ਦਾ ਪਾਠ ਨਿਰਧਾਰਿਤ ਕਰਨ ਦਾ ਜਤਨ ਕੀਤਾ ਹੈ।

# ਸਾਖੀਆਂ ਦੀ ਤਰਤੀਬ – ਤੁਲਨਾਤਮਕ ਅਧਿਐਨ

ਪੁਰਾਤਨ ਜਨਮਸਾਖੀ ਵਿਚ ਦਰਜ ਸਾਖੀਆਂ ਦੀ ਤਰਤੀਬ ਸਬੰਧੀ ਗੱਲ ਕਰਦਿਆਂ ਪਹਿਲਾਂ ਤਰਤੀਬ ਦੇ ਨੁਕਤਾ-ਏ-ਨਿਗਾਹ ਤੋਂ ਗੱਲ ਕਰ ਲੈਣੀ ਜ਼ਰੂਰੀ ਹੈ। ਤਰਤੀਬ ਇਕ ਅਜਿਹੀ ਵਿਧੀ ਹੈ ਜਿਸ ਦੁਆਰਾ ਸਬੰਧਿਤ ਕਥਾ/ ਵਸਤੂ ਨੂੰ ਲੜੀਬੱਧ ਕੀਤਾ ਜਾਂਦਾ ਹੈ।ਅਜਿਹਾ ਪਾਠ ਪਾਠਕ ਦੀ ਇਕਾਗਰਤਾ ਨੂੰ ਵਧਾਉਣ ਅਤੇ ਉਸ ਦੀ ਰੁਚੀ ਪਾਠ ਵਿਚ ਬਣਾਈ ਰੱਖਣ ਵਿਚ ਸਹਾਈ ਹੁੰਦਾ ਹੈ। ਤਰਤੀਬ ਮੂਲ ਪਾਠ ਉਤੇ ਆਪਣਾ ਨਿਯੰਤਰਣ ਰੱਖਦੀ ਹੈ ਅਤੇ ਪਾਠ ਨੂੰ ਸਮੁੱਚੀ ਇਕਾਈ ਵਿਚ ਪਰੋਣ ਲਈ ਸਹਾਈ ਹੁੰਦੀ ਹੈ।[1]

ਹੱਥਲੇ ਅਧਿਆਇ ਵਿਚ ਪੁਰਾਤਨ ਜਨਮਸਾਖੀ ਵਿਚ ਦਰਜ ਸਾਖੀਆਂ ਦੀ ਤਰਤੀਬ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਧਿਐਨ ਉਪਰੰਤ ਦੇਖਣ ਵਿਚ ਅਇਆ ਹੈ ਕਿ ਪੁਰਾਤਨ ਜਨਮਸਾਖੀ ਵਿਚ ਦਰਜ ਸਾਖੀਆਂ ਦੀ ਗਿਣਤੀ 54-55 ਹੈ।ਇਹ ਵੀ ਪਰਖਣ ਦੀ ਕੋਸ਼ਿਸ਼ ਰਹੇਗੀ ਕਿ ਕਿਹੜੀ ਸਾਖੀ ਦਰਜ ਹੋਈ ਹੈ ਅਤੇ ਉਸ ਸਾਖੀ ਦੇ ਦਰਜ ਹੋਣ ਪਿਛੇ ਕਿਹੜੇ ਪ੍ਰਭਾਵਾਂ ਨੇ ਆਪਣੀ ਭੂਮਿਕਾ ਅਦਾ ਕੀਤੀ ਹੈ। ਜਨਮਸਾਖੀ ਪਰੰਪਰ ਵਿਚ ਸਾਖੀਆਂ ਦੀ ਤਰਤੀਬ ਤੇ ਇਸ ਦੀ ਮਹੱਤਾ ਬਾਰੇ ਡਾ. ਮਨਜੀਤ ਸਿੰਘ ਨੇ ਬੜਾ ਉਚਿਤ ਦਰਸਾਇਆ ਹੈ ਕਿ :

ਇਹ ਤੱਥ ਤਾਂ ਸੁਤੇ ਸਿੱਧ ਸਪਸ਼ਟ ਹੈ ਕਿ ਜਨਮਸਾਖੀ ਸਾਹਿਤ ਅਥਾਹ ਸ਼ਰਧਾ ਭਰਪੂਰ ਸਾਹਿਤ ਹੈ। ਇਸ ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਤਾਂ ਜਾਣਕਾਰੀ ਦਿਤੀ ਹੀ ਗਈ ਹੈ ਪਰੰਤੂ ਨਾਲ ਹੀ ਇਕ ਅਜਿਹਾ ਦ੍ਰਿਸ਼ਟੀਕੋਣ/ ਪੱਖ ਜੋ ਉੱਭਰ ਕੇ ਪਾਠਕ ਸਾਹਮਣੇ ਆਉਂਦਾ ਹੈ ਉਹ ਇਹ ਹੈ ਕਿ ਲੇਖਕ ਦੀ ਮਾਨਸਿਕਤਾ ਗੁਰੂ ਨਾਨਕ ਦੇਵ ਨੂੰ ਉਚਿਆਉਣ ਦੀ ਰਹੀ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਵਾਪਰੀਆਂ ਕਈ ਘਟਨਾਵਾਂ ਤੋਂ ਸਾਖੀਕਾਰ ਪਾਠਕਾਂ ਨੂੰ ਜਾਣੂ ਕਰਵਾਉਂਦਾ ਹੈ। ਇਥੇ ਉਹ ਗੁਰੂ ਨਾਨਕ ਨੂੰ ਕਿਸੇ ਪੀਰ ਪੈਗੰਬਰ ਤੋਂ ਘੱਟ ਨਾ ਹੋਣ ਦਾ ਅਹਿਸਾਸ ਕਰਵਾ ਜਾਂਦਾ ਹੈ। ਪਾਠਕ ਨੂੰ ਇਹ ਵੀ ਪਤਾ ਲੱਗਦਾ ਹੈ ਕਿ ਸਾਖੀ ਦਾ ਨਾਇਕ ਇਕ ਸਧਾਰਨ ਮਨੁੱਖ ਦੇ ਨਾਲ- ਨਾਲ ਦੈਵੀ ਪੈਗੰਬਰ ਵੀ ਹੈ।ਇਹ ਸ਼ੈਲੀ/ਜੁਗਤ ਕੇਵਲ ਸਾਖੀਕਾਰ ਕੋਲ ਹੀ ਹੈ ਕਿ ਉਹ ਆਪਣੇ ਨਾਇਕ ਨੂੰ ਪਾਠਕਾਂ ਦੇ ਰੂ-ਬ-ਰੂ ਕਿਸ ਪ੍ਰਕਾਰ ਕਰਦਾ ਹੈ। ਤਰਤੀਬ ਦੀ ਗੱਲ ਕਰਦਿਆਂ ਇਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਸਾਖੀਆਂ ਦੀ ਤਰਤੀਬ ਇਸ ਪ੍ਰਕਾਰ ਦੀ ਹੈ ਕਿ ਜੇਕਰ ਉਨ੍ਹਾਂ ਦੇ ਕ੍ਰਮ ਵਿਚ ਕੋਈ ਅਦਲਾ ਬਦਲੀ ਵੀ ਕਰ ਦਿੱਤੀ ਜਾਵੇ ਤਾਂ ਸਾਖੀਆਂ ਦੇ ਪੈਟਰਨ ਵਿਚ ਕੋਈ ਫ਼ਰਕ ਨਹੀਂ ਪੈਂਦਾ। ਇਸ ਤੋਂ ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਸਾਖੀਆਂ ਦਾ ਮੂਲ-ਸ੍ਰੋਤ ਮੌਖਿਕ ਹੀ ਰਿਹਾ ਹੋਵੇਗਾ।ਹੌਲੀ-ਹੌਲੀ ਇਹ ਵਿਧਾ ਵਿਕਸਿਤ ਹੁੰਦੀ ਗਈ ਅਤੇ ਸਰੋਤਿਆਂ ਨੇ ਇਸ ਨੂੰ ਲਿਖਤੀ ਰੂਪ ਦੇਣਾ ਸ਼ੁਰੂ ਕਰ ਦਿਤਾ। ਸੋ ਜੋ ਸਾਖੀ ਪਾਠਕ ਅਤੇ ਸਰੋਤੇ ਸੁਣਦੇ ਗਏ ਉਸ ਵਿਚ ਉਹ ਕੁਝ ਅੰਸ਼ ਹੋਰ ਮਿਲਾ ਕੇ ਉਸ

[1] ਮਨਜੀਤ ਸਿੰਘ, **ਜਨਮਸਾਖੀ/ਮਿਥ ਵਿਗਿਆਨ**, ਪੰਨੇ 56-58.

ਨੂੰ ਲਿਖਦੇ ਗਏ। ਭਾਵੇਂ ਕਿਸੇ ਵੀ ਸਾਖੀ ਵਿਚ ਫੇਰ ਬਦਲ ਕਰਕੇ ਵੇਖ ਲਿਆ ਜਾਵੇ ਤਾਂ ਵੀ ਜਨਮਸਾਖੀ ਦੀ ਮਹੱਤਤਾ, ਮੌਲਿਕਤਾ ਅਤੇ ਪ੍ਰਭਾਵ ਉੱਤੇ ਇਸ ਗੱਲ ਦਾ ਕੋਈ ਅਸਰ ਨਹੀਂ ਪੈਂਦਾ।[2]

ਹੱਥਲੇ ਅਧਿਆਇ ਵਿਚ ਅਸੀਂ ਪੁਰਾਤਨ ਜਨਮਸਾਖੀ ਵਿਚ ਦਰਜ 55 ਸਾਖੀਆਂ ਦੀ ਤਰਤੀਬ ਦਾ ਬਾਕੀ ਦੀਆਂ ਜਨਮਸਾਖੀ ਪਰੰਪਰਾਵਾਂ ਨਾਲ ਮਿਲਾਨ ਕਰਨ ਦਾ ਜਤਨ ਕੀਤਾ ਹੈ। ਇਸ ਸਬੰਧੀ ਮਿਹਰਬਾਨ ਵਾਲੀ ਜਨਮਸਾਖੀ, ਭਾਈ ਬਾਲਾ ਵਾਲੀ ਜਨਮਸਾਖੀ, B-40 ਜਨਮਸਾਖੀ ਅਤੇ ਆਦਿ ਸਾਖੀਆਂ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਇਆ ਹੈ।

1. **ਮਿਹਰਬਾਨ ਵਾਲੀ ਜਨਮਸਾਖੀ :** ਇਸ ਜਨਮਸਾਖੀ ਦਾ ਹੱਥ-ਲਿਖਤ ਖਰੜਾ 1940 ਵਿਚ ਦਮਦਮਾ ਸਾਹਿਬ ਤਲਵੰਡੀ ਸਾਬੋ, ਬਠਿੰਡਾ ਵਿਚੋਂ ਲੱਭਿਆ ਸੀ, ਉਥੋਂ ਇਹ ਖਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਪਹੁੰਚ ਗਿਆ ਜਿਥੇ ਇਹ SHR 427 ਅਧੀਨ ਸੁਰੱਖਿਅਤ ਹੈ। ਇਸ ਦੇ ਅੰਤ ਉਤੇ ਸੰਮਤ 1805 ਭਾਵ 1825 ਈ. ਵਿਚ ਉਤਾਰਾ ਸੰਪੂਰਨ ਕੀਤੇ ਜਾਣ ਦੀ ਸੂਚਨਾ ਹੈ। ਦਰ ਅਸਲ ਇਸ ਦੀ ਰਚਨਾ ਮੀਣਾ ਸੰਪ੍ਰਦਾਇ ਦੇ ਗੁਰੂ ਸੋਢੀ ਮਿਹਰਬਾਨ (15-81-1639 ਈ.) ਜੋ ਪ੍ਰਿਥੀ ਚੰਦ ਦਾ ਪੁੱਤਰ ਸੀ ਦੁਆਰਾ ਕੀਤੀ ਗਈ ਹੈ। ਇਹ ਜਨਮਸਾਖੀ ਖਲਾਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ ਵਲੋਂ ਪੋਥੀ ਸਚਖੰਡ ਤੇ ਪੋਥੀ ਹਰਿ ਜੀ ਦੇ ਸਰਲੇਖ ਹੇਠ ਦੋ ਭਾਗਾਂ ਵਿਚ 1962 ਵਿਚ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ ਅਤੇ ਇਸ ਕ੍ਰਮਵਾਰ ਸੰਪਾਦਨ ਪ੍ਰੋ. ਕਿਰਪਾਲ ਸਿੰਘ ਅਤੇ ਸ਼ਮਸ਼ੇਰ ਸਿੰਘ ਅਸ਼ੋਕ ਅਤੇ ਪ੍ਰੋ. ਕਿਰਪਾਲ ਸਿੰਘ ਤੇ ਪ੍ਰੋ. ਪ੍ਰਕਾਸ਼ ਸਿੰਘ ਨੇ ਕੀਤਾ ਹੈ। ਇਸ ਉਪਰੰਤ ਇਸ ਦੇ ਹੋਰ ਕੋਈ ਹੱਥ-ਲਿਖਤ ਨੁਸਖੇ ਵੀ ਮਿਲੇ ਹਨ। ਇਸ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਸਬੰਧੀ ਸਾਖੀਆਂ ਨੂੰ ਗੋਸ਼ਟਿ ਸ਼ੈਲੀ ਵਿਚ ਪਸਤੁਤ ਕੀਤਾ ਗਿਆ ਹੈ। ਗੋਸ਼ਟਿ ਦੇ ਅੰਤ ਵਿਚ ਇਸ ਦਾ ਲੜੀਵਾਰ ਅੰਕ ਦਰਜ ਹੈ। ਸਾਖੀਆਂ ਦੇ ਅੰਤ ਵਿਚ ਦਿਤੀ ਸੂਚਨਾ ਤੋਂ ਇਸ ਵਿਚ 575 ਗੋਸ਼ਟਾਂ ਹੋਣ ਦੀ ਸੂਚਨਾ ਹੈ ਪਰ ਹੁਣ ਤਕ ਸਿਰਫ 288 ਹੀ ਪ੍ਰਾਪਤ ਹੋਈਆਂ ਹਨ। ਇਹ ਹੱਥ-ਲਿਖਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਦੇ ਰੇਅਰ ਸੈਕਸ਼ਨ ਵਿਚ **MS#83** ’ਤੇ ਪ੍ਰਾਪਤ ਹੈ।ਇਸ ਖਰੜੇ ਦੇ ਲਿਖਣ-ਕਾਲ ਸਬੰਧੀ ਅਸਪੱਸ਼ਟਤਾ ਹੈ। ਇਸ ਨੂੰ ਪੋਥੀ ਸੱਚ ਖੰਡ ਦਾ ਨਾਂ ਵੀ ਦਿੱਤਾ ਗਿਆ ਹੈ। ਇਸ ਜਨਮਸਾਖੀ ਵਿਚ ਹਾਜਰਨਾਮਾ, ਨਸੀਹਤਨਾਮਾ, ਪ੍ਰਾਣਸੰਗਲੀ, ਜੁਗਾਵਲੀ ਵਰਗੀਆਂ ਬਾਣੀਆਂ ਵੀ ਦਰਜ ਨਹੀਂ ਹਨ।ਖਰੜੇ ਵਿਚ ਲੜੀ ਨੰਬਰ ਦਰਜ ਨਹੀਂ ਹਨ। ਇਸ ਜਨਮਸਾਖੀ ਵਿਚ ਦਰਜ ਸਾਖੀਆਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਗੋਸਟਿ ਰਾਜੇ ਜਨਕ ਕੀ ਤ੍ਰੇਤੇ ਜਗ ਮਹਿ ਮਿਥੁਲਾ ਨਗਰੀ ਰਾਜੁ ਜੋਗੁ ਕਮਾਇ ।
2. ਗੋਸਟਿ ਰਾਜੇ ਜਨਕ ਕੀ ਪਾਰਬ੍ਰਹਮ ਕੀ ਆਗਿਆ ਸਾਥਿ ਸਚਖੰਡ ਕਉ ਚਾਲਾ।
3. ਗੋਸਟਿ ਰਾਜੇ ਜਨਕ ਦੀ ਰਾਜਾ ਜਨਕ ਸੁਰਗੁ ਦੇਖਨਿ ਆਇਆ ਜੀਆਂ ਕੈ ਲੀਏ।

---

2.**ਉਹੀ**, ਪੰਨੇ 104-117.

4. **ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਜਨਕ ਤੇ ਨਾਨਕ ਭਇਆ ਕਾਲੂ ਕੈ ਘਰਿ ਕਲਜੁਗ।**

5. ਗੋਸਟਿ ਗੁਰੂ ਬਾਬੇ ਨਾਨਕ ਜੀ ਦੀ ਜਦਿ ਸਤਾਂ ਬਰਸਾਂ ਕਾ ਹੂਆ ਤਬ ਪਾਂਧੈ ਕੇ ਪੜਨੈ ਪਾਇਆ ਦਾਦੈ ਕਾਲੂ।ਸਬਦੁ ਹੋਆ ਸਿਰੀ ਰਾਗ ਮਹਿ।ਜਾਲਿ ਮੋਹਿ ਘਸਿ ਮਸੁ ਕਰ ।

6. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਜਬ ਗੁਰੂ ਬਾਬਾ ਨਾਨਕ ਜੀ ਅਠਾਂ ਬਰਸਾਂ ਕਾ ਹੂਆ ਤਬ ਬਾਲਿਕਾ ਸਾਥ ਖੇਲੈ। ਮੁਲਾਂ ਕੈ ਪਇਆ ਪੜਨਾ। ਤਿਲੰਗ ਸਬਦੁ ਹੋਆ। ਦੁਨੀਆ ਮੁ................।

7. ਗੋਸਟਿ ਗੁਰੂ ਬਾਬੇ ਨਾਨਕ ਜੀ ਦੀ ਜਬ ਨਵਾਂ ਬਰਸਾਂ ਕਾ ਹੂਆ ਤਬ ਜਨੇਊ ਲਾਗੇ ਪਾਪਣੇ ਤਬ ਊਹਾਂ ਗੁਰੂ ਬਾਬੇ ਨਾਨਕ ਜੀ ਸਲੋਕੁ ਕੀਆ। ਦੈਆ ਕਪਾਹਿ ਸੰਤੋਖ ਸੂਤੁ ਜਤੁ.....।

8. **ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਜਬ ਦਸਾਂ ਬਰਸਾਂ ਕਾ ਭੈਆ ਧੰਧੈ ਮਗਰਿ ਭੇਜਿਆ।**

9. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਜਦ ਤੇਹਰ ਚੌਦਹ ਬਰਸਾਂ ਕਾ ਭੈਆ। **ਤਬ ਖੇਤ ਚਾਰਣ ਘਲਿਆ।**

10. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਤਦਿ ਰਾਇ ਭੋਏ ਅਜਮਤਿ ਡਿਠੀ ਹੈਨੁ।

11. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਜਦਿ ਪੰਦਰਹ ਸੋਲਹ ਬਰਸਾਂ ਕਾ ਭਇਆ ਤਲਵੰਡੀ ਰਾਇ ਭੋਏ ਕੀ ਕੁੜਮਾਈ ਆਈ ਵਟਾਲੇ ਤੇ ਮੂਲੇ ਚੋਣੇ ਕੀ ਵੈਸਾਖਿ ਦੇ ਤਬ ਸਾਹਾ ਮਿਲਿਆ ਵੀਵਾਹ ਹੋਆ। ਰਾਗ ਸੂਹੀ ਛੰਤੁ ਕਹਾ।ਹਮ ਘਰਿ ਸਾਜਨ ਆਇ...।

12. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਜਦਿ ਅੰਦਰਿ ਤਾਣੀ ਛੁਹਾਵਣੇ ਗਈਆਂ।

    ਤਦਿ ਤਹਾਂ ਗੁਰੂ ਬਾਬੇ ਨਾਨਕ ਜੀ ਸਬਦੁ ਬੋਲਿਆ ਸੂਹੀ ਮਹਿ ਛੰਤੁ। ਹਰਿਆ ਵਹੁ ਸਾਜਨ।

13. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਜਬ ਅਠਾਹਰ ਬਰਸਾਂ ਕਾ ਭਇਆ ਨਗਰ ਤਲਵੰਡੀ ਚੁਪ ਕਰਿ ਰਹਿਆ।

14. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਜਬ ਗੁਰੂ ਬਾਬਾ ਨਾਨਕ ਛਬੀਹਾਂ ਬਰਸਾਂ ਕਾ ਭੈਆ ਤਲਵੰਡੀ ਪਿਤਾ ਕੇ ਘਰਿ।ਤਬਿ ਬਾਨੀ ਬੋਲੀ ਮਲਾਰ ਰਾਗ ਮਹਿ। ਪਉਣੁ ਪਾਣੀ ਜੋ ਜਾਣੈ....।

15. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਤਬ ਚਾਰਿ ਪੰਜ ਮਹੀਨੇ ਅੰਨੁ ਪਾਣੀ ਨਾ ਲੀਆ।

    **ਵੈਦ ਬੁਲਾਇਆ।ਤਬ ਗੁਰੂ ਨਾਨਕ ਸਲੋਕ ਬੋਲਿਆ ਵੈਦ ਬੁਲਾਇਆ....**

16. ਗੋਸਟਿ ਗੁਰੂ ਬਾਬੇ **ਨਾਨਕ ਜੀ ਕੀ ਵੈਦ ਸਾਥਿ ਹੋਈ।**

17. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਜਬ ਪਹਿਲਾ ਪੀਤਿਉ ਤਲਵੰਡੀ ਮਾਤਾ ਪਿਤਾ।ਤਬ ਪਿਤਾ ਸਾਥਿ ਸਲੋਕੁ ਹੋਇਆ। ਭਉ ਭੁਇ ਪਵਿਤ੍ਰ ਪਾਣੀ ਸਤੁ ਸੰਤੋਖੁ....

18. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਤਲਵੰਡੀ ਮਾਤਾ ਪਿਤਾ ਕੈ ਘਰਿ ਬਾਈ ਹਬ ਤਬ ਮਾਤਾ ਪਿਤਾ ਭਾਈ ਭਚੀਜਿਯੋ ਸਾਥਿ ਸਬਦ ਪਭਾਤੀ ਹੋਆ।

19. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਜਦਿ ਚਉਬੀ ਬਰਸ ਕਾ ਭਇਆ। ਤਬ ਮਾਤਾ ਕੇ ਸਾਥਿ ਏਹੁ ਸਬਦੁ ਰਾਗੁ ਮਲਾਰ ਵਿਚਿ ਹੋਆ। ਰੈਨਿ ਬਿਬੀਹਾਂ ਬੋਲਿਆ ਰੀ ਮਾਈ....।

20. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮਾਤਾ ਸਾਥਿ ਹੋਇ।ਬਿਲਾਵਲੁ ਮੰਨੁ ਮੰਦਰੁ....।

21. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਜਬ ਪੰਜੀਹਛੀਸ ਬਰਸ ਕਾ ਭੈਆ। ਤਬ ਤਲਵੰਡੀ ਕਿਆ ਲੋਕਾਂ ਸਾਥਿ ਬਸੰਤ ਮਹਿ ਸਬਦੁ ਕਹਿਆ। ਮਾਹਾਂ ਮਾਹਿ ਮੁਮਾਰਖੀ....।

22. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਜਬ ਸਤਾਂਈਆਂ ਅਠਾਈਆਂ ਬਰਸਾ ਕਾ ਤਬ ਦਾਦੈ ਕਾਲੂ ਸਾਥਿ ਰਾਗਿ ਸੋਰਠਿ ਵਿਚਿ ਹੋਇਆ। ਮਨੁ ਹਾਲੀ ਕਿਰਸਾਣੀ ਕਰਣੀ..।

23. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਜਬ ਬਤੀਸ ਬਰਸ ਕਾ ਹੋਇਆ। ਤਬ ਪਿਤਾ ਕਾਲੂ ਸਾਥਿ ਏਹੁ ਸਲੋਕੁ ਬੋਲਿਆ। ਫਸਲੁ ਅਹਾੜੀ ਏਕੁ ਨਾ ਮੁਸਾ।

24. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਜਬ **ਤਲਵੰਡੀ ਤੇ ਸੁਲਤਾਨਪੁਰ ਆਇਆ।**

25. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਸੁਲਤਾਨਪੁਰ ਪਹਿਲਾ ਹੀ **ਦਉਲਤਿ ਖਾਨ ਨੂੰ ਮਿਲਿਆ** ਤਬ ਮਨ ਸਾਥਿ ਗੋਸਟਿ ਹੋਈ। ਏਹੁ ਸਬਦੁ ਬੋਲਿਆ।ਅੰਤਰ ਵਸੈ ਨ ਬਾਹਰੁ.....

26. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। **ਸੁਲਤਾਨਪੁਰਿ ਮਨ ਸਾਥਿ।**

27. ਗੋਸਟਿ ਗੁਰੂ ਬਾਬੇ ਨਾਨਕ ਜੀ ਸੁਲਤਾਨਪੁਰਿ ਸਲੋਕੁ ਹੋਆ।

28. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। **ਸੁਲਤਾਨਪੁਰਿ ਜਦ ਦਰੀਆਇ ਚੁਭੀ** ।

29. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਤਬ **ਤੀਸਰੈ ਦਿਨ ਦਰੀਆਵ ਤੇ ਨਿਕਲਿਆ।**

**ਤਬ ਮਾਰੂ ਰਾਗ ਮਹਿ ਗੁਰੂ ਬਾਬੇ ਸਬਦੁ ਬੋਲਿਆ। ਕੋਈ ਆਖੈ ਭੂਤਨਾ ਕੋਈ ਕਹੈ....।**

30. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸੁਲਤਾਨਪੁਰਿ ਦਉਲਤਿ ਖਾਨਿ ਸਾਥਿ ਤਬ **ਕਾਜੀ ਸਾਥਿ ਏਹੁ ਸਲੋਕੁ ਬਾਬੇ ਕੀਤਾ। ਜਿ ਮੁਸਲਮਾਨੁ ਕਹਾਵਨੁ ਮੁਸਕਲੁ.... ।**

31. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। **ਸੁਲਤਾਨਪੁਰਿ ਨਿਵਾਜ** ਉਪਰਿ ਖੜੇ।

32. ਗੋਸਟਿ ਗੁਰੂ ਬਾਬੇਨਾਨਕ ਜੀ ਕੀ। ਸੁਲਤਾਨਿਪੁਰਿ ਮੂਲਾਂ ਨੂੰ ਸਹੁ ਦਸਿਆ।ਤਬ ਗੁਰੂ ਬਾਬੇ ਬਾਨੀ ਬੋਲੀ ਸ੍ਰੀ ਰਾਗ ਮਹਿ। ਮਤੁ ਜਾਣਸੀ ਗਲੀ ਪਾਇਆ ਹੀ....।

33. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸੁਲਤਾਨਪੁਰ ਹੋਈ ਜਦਿ ਬਿਰਕਤੁ ਹੋਈ। ਤਬ ਗੁਰੂ ਬਾਬੇ ਨਾਨਕ ਬਾਨੀ ਬੋਲੀ ਮਨ ਸਾਥਿ। ਸਲੋਕੁ ਰੇ ਮਨ ਡੀਗ ਨ ਡੋਲੀ ਐਸੀ....।

34. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮਰਦਾਨੇ ਕਉ ਸਾਥਿ ਲੈ ਚਲਾ। ਦੋ ਬਰਸ ਰਹਿਆ ਤਬ ਸਬਦੁ ਬੋਲਿਆ ਗਉੜੀ ਰਾਗ ਮਹਿ। ਹਰਨੀ ਹੋਵਾਂ ਬਨਿ ਬਸਾਂ...।

35. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਤਬ ਗੁਰੂ ਬਾਬਾ ਨਾਨਕੁ ਵਸਦੀ ਕਾ **ਤਬ ਉਥੈ ਮਰਦਾਨੈ ਸਾਥਿ ਬਾਨੀ** ਬੋਲੀ ਰਾਗ **ਆਸਾ ਮਹਿ। ਦੇਵਤਿਆਂ ਦਰਸਨ ਕੈ ਤਾਈ...**

36. ਗੋਸਟਿ **ਗੁਰੂ ਬਾਬੇ ਨਾਨਕ ਜੀ ਕੀ। ਗੁਰੂ ਬਾਬੇ ਮਰਦਾਨੈ ਉਦਿਆਨ....।**

37. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਤਬ ਗੁਰੂ ਕਰਨਿ ਕੀ ਨਿਮਤਿ ਅਗਾਂ ਚਲੈ।

ਤਬ ਤਹਾਂ ਕੂੰਜਾ ਸਾਥਿ ਬਾਨੀ ਬੋਲੀ।

38. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। **ਦਿਲੀ ਕੀ ਧਰਤੀ** ਨਗਰ ਮਹਿ ਤਬ ਤਹਾਂ ਦਿਲੀ ਕਿਆ ਲੋਕਾਂ ਸਾਥਿ ਬਾਨੀ ਬੋਲੀ।ਸਲੋਕੁ। ਅੰਧੀ ਕੰਮੀ ਅੰਧੁ ਮੁਨਾ....।

39. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। **ਦਿਲੀ ਤੇ ਗੰਗਾ ਕੰਉ** ਚਲਿਆ।

ਤਬ ਤਹਾਂ ਮਰਦਾਨੇ ਸਾਥਿ ਬਾਨੀ ਬੋਲੀ ਸਲੋਕੁ। ਨਾਨਕ ਬਦ ਰਾਮਾ ਮਲਕਾ ਭੀਤਰ......।

40. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਮਰਦਾਨੇ ਕੀ ਬੇਨਤੀ ਸੁਣਿ ਕਹਿ।

ਤਬ ਤਹਾਂ ਮਰਦਾਨੇ ਸਾਥਿ ਬਾਨੀ ਬੋਲੀ ਸਲੋਕੁ। ਕੁਮਤਿ ਡੂਮਣੀ ਕੂਦੈਆ....।

41. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਗੰਗਾ ਕੈ ਨਾਵਣ ਉਪਰਿ ਹੋਈ। ਤਾਂ ਬੈਸਨੋ ਸਾਥਿ ਬਾਨੀ ਬੋਲੀ।ਰਾਗ ਬਸੰਤ ਮਹਿ ਸੁਇਨੇ ਕਾ ਚਉਕਾ ਕੰਚਨ......

42. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਹਰਿ ਦੁਆਰਿ ਬਿਖੈ ਬੈਠਾ ਥਾ। ਤਬ ਤਹਾਂ ਸੇਵਕਾ ਸਾਥਿ ਬਾਨੀ ਬੋਲੀ। ਧਨਾਸਰੀ ਮਹਿ ਗੁਰ ਸਾਗਰੁ ਗੁਰ ਰਤਨੀ.....

43. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਹਰਿਦੁਆਰਿ ਤੇ ਚਲਿਆ ਤਬ ਪਿਰਾਗ ਮਹਿ ਗੋਬਿੰਦ ਲੰਕਾ ਸਾਥਿ। ਸਲੋਕੁ ਨਾ ਸਤਿ ਸੁਖੀਆ ਨਾ ਸਤ...।

44. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਪਿਰਾਗ ਤੇ **ਬਨਾਰਸੀ** ਕੋ ਗੈਆ ਤਬ ਅਪਨੇ ਸੰਗੀ ਸੇਵਕਾ ਸਾਥਿ ਸਲੋਕ ਕਹਿਆ।ਪੜਿ ਪੜਿ ਗਡੀ ਲਦੀਅਹ.... ।

45. ਗੋਸਟਿ **ਚਲੀ ਬਾਬਾ ਨਾਨਕ ਕਾਂਸੀ ਮਹਿ ਪੰਡਿਤਾ ਸਾਥਿ ਹੋਈ।**

ਤਬ ਤਹਾਂ ਏਹੁ ਸਲੋਕੁ ਗੁਰੂ ਬਾਬੇ ਕਹਿਆ। ਜਿਉ ਜੋਗੁ ਮਾਰਿ ਨਾਵਣੀ...।

46. **ਗੋਸਟਿ ਗੁਰੂ ਬਾਬੇ ਨਾਨਕ ਜੀ ਪੂਰਬ ਕੀ ਧਰਤੀ ਕਾਂਸੀ** ਵਿਚਿ ਤਬ ਗੋਬਿੰਦ ਲੋਕਹੁ ਸਾਥਿ ਭੈਰੋ ਮਹਿ ਬਾਨੀ ਬੋਲੀ। ਨੈਨੀ ਦਿਸਟਿ ਨਾਹੀ ਤਨੁ.....।

47. ਗੋਸਟਿ ਚਲੀ **ਬਨਾਰਸੀ** ਮਹਿ ਧੁੰਮ ਪੜੀ ਜਿ ਭਾਈ ਬਡਾ ਮਹਾ ਤਬ ਓਥੈ ਲੋਕਹੁ ਸਾਥਿ ਸਲੋਕੁ ਕੀਆ ਬਾਬੇ ਨਾਨਕ।ਬੇਦ ਪੁਕਾਰੇ ਪੁੰਨੁ ਪਾਪ....।

48. ਗੋਸਟਿ ਗੁਰੂ ਬਾਬੇ ਨਾਨਕ ਜੀ। **ਬਨਾਰਸੀ ਤੀਰਥਿ ਉਪਰਿ** ਹੋਈ। ਤਬ ਤਹਾਂ ਬਨਾਰਸੀ ਕੇ ਲੋਕੋ ਸਾਥਿ ਸੋਰਠਿ ਮਹਿ ਬਾਨੀ। ਦੁਬਿਧਾ ਨਾ ਪੜਉ ਹਰਿ.....।

49. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਪੂਰਬ ਕੀ **ਧਰਤੀ ਬਨਾਰਸੀ**

50. ਗੋਸਟਿ ਚਲੀ ਤਬ ਕਥਾ ਕਹਾਣੀ ਵੇਦੀਆਂ ਪੰਡਿਤ ਸਾਥਿ ਗੁਰੂ ਬਾਬੇ ਕੀ ਦੀਖਿਆ ਤਬ ਤਹਾਂ ਪੰਡਿਤਾ ਸਾਥਿ ਸੋਰਠਿ ਮਹਿ ਬਾਨੀ ਬੋਲੀ ਆਸਾ ਮਨਸਾ ਬੰਧਨੀ.....

51. ਗੋਸਟਿ ਚਲੀ ਤਬ **ਬਨਾਰਸਿ ਤੇ ਰਮਿਆ** ਹਰਿ ਨਾਥ ਕੇ ਨਗਰ ਤਬ ਤਹਾ ਰਾਜੇ ਸਾਥਿ ਬਾਨੀ ਬੋਲੀ ਧਨਾਸਰੀ ਮਹਿ। ਬਹੁਤਾ ਬੋਲਣੁ ਝਖਣਿ....।

52. ਗੋਸਟਿ ਗੁਰੂ ਬਾਬੇ ਨਾਨਕ ਕੀ ਤਬ ਤਹਾਂ ਤੇ ਕੰਬੀਰ ਕੀ ਘਰੀ ਗੁਰੂ ਆਇਆ।

    ਗਉੜੀ ਰਾਗ ਐਸਾ ਦਾਸੁ ਮਿਲੈ...।

53. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਕੰਬੀਰ ਕੇ ਸਾਥਿ ਗੋਸਟਿ ਹੋਈ।

54. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਹਾਜੀਪੁਰ ਪਟਣੇ ਜਾਇ ਬਸਿਆ।

55. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਹਾਜੀਪੁਰ ਪਟਣੇ ਆਗੇ ਅਉਰ ਗਾਂਇ ਜਾਇ ਬਸਿਆ।

56. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਊਹਾਂ ਤੇ ਗੁਰੂ ਬਾਬਾ ਦਖਣ ਕਉ ਰਮਿਆ।

    ਪ੍ਰਿਥਮੇ ਬ੍ਰਹਮਕਾਲ ਘਰਿ ਆਇਆ।

57. 57.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਦਖਣ ਏਕ ਗਾਉ ਮਹਿ ਮਤਿ ਰਹਿ ਗਏ।

58. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਨਗਰ ਤੇ ਸੁਪਟੇਲ ਕੇ ਉਨਾ ਤਬ ਤਹਾਂ ਭੈਰਉ ਰਾਗ ਮਹਿ ਬਾਨੀ ਬੋਲੀ ਗੁਰੂ ਬਾਬੇ। ਜਗ ਹੋਮ ਪੁੰਨ ਤਪ ਪੂਜਾ ਦੇਹਿ....।

59. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਅਜੋਧਿਆ ਬਿਖੈ ਬੈਠਾ ਤਪੁ ਕਰ,

    ਤਬ ਭਗਤਹੁ ਸਾਥਿ ਬਾਨੀ ਬੋਲੀ ਸ੍ਰੀ ਰਾਗ ਮਹਿ। ਆਵਹੁ ਭੈਣੇ ਗਲਿ ਮਿਲਾ ਅੰਕਸ....।

60. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਅਜੋਧਿਆ ਭਗਤਾ ਸਾਥਿ ਗੋਸਟਿ,
ਤਬ ਪਰਮੇਸਰ ਕੇ ਹਜੂਰਿ ਸੰਦਰ ਕੀ ਪਉੜੀ ਗਾਈ।

61. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਦਰਗਾਹ ਤੇ ਅਜੋਧਿਆ ਆਇਆ ਤਬ ਭਰਥਰੀ ਸਾਥਿ ਰਾਗ ਗਉੜੀ ਮਹਿ ਬਾਨੀ ਬੋਲੀ। ਰਿਧਿ ਸਿਧਿ ਨਿਰਮਲ ਨਾਮੁ ਬਿਚਾਰ.....

62. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਬਾਬਾ ਤੀਨ ਬਰਸ ਪੂਰਬ ਕੀ ਧਰਤ ਤਹਾਂ ਮਨ ਸਾਥਿ ਬਾਬੇ ਸਲੋਕੁ ਕਹਿਆ। ਸਹੰਸ੍ਰ ਦਾਨ ਦੇ ਇੰਦ੍ਰ ਰੁਆਇਆ......

63. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਤਬ ਦੇਹੁਰੇ ਤੇ ਦਖਣ ਕੀ ਧਰਤੀ **ਕਉਰੂ ਗਏ।**

64. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ, ਤਬ ਗਿਦੜਹੁ ਪਾਣੀ ਦਿਖਾਇਆ।

65. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਦਖਣ ਕੀ ਧਰਤੀ ਸੇਤਬੰਧਿਰਮੇਸ ਤਬ ਨਿਰੰਜਨ ਕੈ ਹਜੂਰ ਆਰਤੀ ਹੋਈ ਧਨਾਸਰੀ ਰਾਗ ਮਹਿ। ਗਗਨ ਮਹਿ ਥਾਲੁ ਰਵ ਚੰਦੁ.....

66. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸੇਤ ਬੰਧ, ਦੇਖਿ ਕਰਿ ਗੁਰੂ ਬਾਬੇ ਜੀ ਕੇ ਸੰਗੀਆ ਸੇਵਕਾ ਸਾਥਿ ਗਵੜੀ ਰਾਗ ਮਾਹਿ ਬਾਨੀ ਬੋਲੀ ਦੂਜਾ ਕਵਣੁ ਕਹਾ ਨਹੀ ਕੋਈ......।

67. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਸੇਤ ਬੰਧ ਤੇ ਆਗੇ ਕੰਉ ਰਮੇ ਤਬ ਗੁਰੂ ਬਾਬੇ ਨਾਨਕ ਮਨ ਸਾਥਿ ਬਾਨੀ ਬੋਲੀਆ ਜਿਥੈ ਹਉ ਜਾਈ ਤੂ ਸਭ......

68. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਸੇਤ ਬੰਧ ਤੇ ਦਖਣ ਅੰਧੇਰੇ ਮਹਿ ਤਬ **ਕਲਜੁਗ** ਸਿਉ ਗੋਸਟਿ ਹੋਈ।

69. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ **ਕਲਜੁਗ ਕੰਉ ਮਿਲਿ ਕਰਿ ਫਿਰਿਆ।**

70. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ **ਕਾਲ ਪਕੜੇ ਤੇ ਆਗੇ ਦਖਣ ਕੀ** ਧਰਤ ਤਬ ਮਰਦਾਨੇ ਸਾਥਿ ਏਹੁ ਸਲੋਕ ਬਾਬੇ ਨਾਨਕ ਕੀਆ। ਕੁਦਰਤਿ ਕਰਿ ਕੈ ਵਸਿਆ.....।

71. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਮਰਦਾਨੇ ਕੀ ਬੇਨਤੀ ਸੁਣ ਕਰ.....

72. ਗੋਸਟਿ ਗੁਰੂ **ਬਾਬੇ ਨਾਨਕ ਜੀ ਕੇ ਰਾਕਸਾ ਕੀ ਧਰਤੀ ਦੇਖਣ ਗਏ...**

73. ਗੋਸਟਿ ਗੁਰੂ ਬਾਬੇ ਨਾਨਕ ਕੀ ਦਖਣ ਕੀ ਧਰਤੀ ਦੇਖਣਿ ਸਾਦਕ ਦੇਸ ਤੇ....

74. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ **ਠਗਹੁ ਕੇ ਘਰਿ** ਸੁਮਾਰ ਮਹਿ

75. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ, ਤਬ ਗੁਰੂ ਬਾਬਾ ਦਰਗਾਹ ਤੇ ਦਖਣ ਤਬ ਤਹਾਂ ਰਾਜੇ ਸਾਥਿ ਏਹੁ ਸਲੋਕ ਕੀਆ ਬਾਬੇ ਨਾਨਕ। ਨਾਨਕ ਚੁਲੀਆਂ ਸੁਚੀਆਂ ਜੇ......

76. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ, ਦਖਣ ਕੀ ਧਰਤੀ **ਉਸ ਰਾਜੇ ਸਾਥਿ ਗੋਸਟਿ।**

77. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਪੁਬਾਣ ਕੇ ਤਲਾਉ ਊਪਰਿ। ਤੂ ਵਡਾ ਤਾ ਸਭਿ ਵਡਿਆਈ....।

78. ਗੋਸਟਿ ਗੁਰੂ ਬਾਬੇ ਨਾਨਕ ਜੀ ਦੀ ਤਬ ਦਰਗਾਹ ਤੇ ਦਖਣ ਕੀ ਧਰਤੀ ਤਬ ਤਹਾਂ ਰਾਜੇ ਸਾਥਿ ਬਾਨੀ ਬੋਲੀ। ਏਕ ਸਰੋਵਰ ਕਵਲ ਅਨੂਪ.....

79. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਰਾਜੇ ਸਾਥਿ ਗੋਸਟਿ ਕਰਿ ਕੈ ਰੰਵਿਆ।

80. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਨਹੁਹ ਜਤੀਅਹੁ ਤੇ ਅਗੇ ਦਖਣ ਕੀ ਧ੍ਰਤੀ ਤਬ ਤਹਾਂ ਗੋਬਿੰਦ ਲੋਕਹੁ ਸਾਥਿ ਬਾਨੀ ਬੋਲੀ। ਹਰਿ ਬਿਨ ਕਿਉ ਰਹੀਐ ਦੁਖੁ......।

81. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸੁ ਨਗਰਿ ਤੇ ਗੁਰੂ ਬਾਬਾ ਨਾਨਕ ਜੀ, ਤਬ ਤਹਾਂ ਏਕਿਹੁ ਜਤੀ ਲੋਕ ਥੇ ਤਿਨ ਕੇ ਪ੍ਰਥਾਇ ਗਾਵੜੀ ਬਾਨੀ ਬੋਲੀ। ਗੁਰਮਤਿ ਸਾਚੀ ਹੁਜ..... ਤਬ ਤਹਾਂ ਗੋਬਿੰਦ ਲੋਕਹੁ ਸਾਥਿ ਬਾਨੀ ਬੋਲੀ; ਹਰਿ ਕੀ ਪਿਆਸਿ ਪਿਆਸੀ ਕਾਮਨਿ......

82. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਉਸੁ ਨਗਰਿ ਤੇ ਗੁਰੂ ਬਾਬਾ ਨਾਨਕ ਜੀ ਤਬ ਤਹਾਂ ਗੋਬਿੰਦ ਲੋਕਹੁ ਸਾਥਿ ਬਾਨੀ ਬੋਲੀ। ਇਨਿ ਬਿਧਿ ਹਰਿ ਮਿਲਿਐ ਵਰੁ.....

83. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਨਗਰੀ ਤੇ ਗੁਰੂ ਬਾਬਾ ਜੀ ਰਮੇ ... ਸਲੋਕੁ ਗੁਣੀਐ ਏਕੁ ਵਖਾਣੀਐ......

84. ਗੋਸਟਿ ਚਲੀ ਗੁਰੂ ਬਾਬੇ ਨਾਨਕ ਜੀ ਕੀ ਤਬ ਉਸੁ ਬਾਗ ਤੇ ਦਖਣ ਕੀ ਧਰਤੀ ਪੰਖੀ ਜੀਵਾਏ, ਸਲੋਕੁ ਵਡੀ ਵਡਿਆਈਆ ਜਾ ਵਡਾ.....

85. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸਾਖੀ ਦਰਗਾਹ 'ਤੇ ਦਖਨ ਕੀ ਧਰਤੀ ।

86. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਉਦਿਆਨਿ ਤੇ ਦਖਣ ਕੀ ਧਰਤੀ ਤਬ ਊਹਾਂ ਗੁਰੂ ਬਾਬੇ ਨਾਨਕ ਬਾਨੀ ਬੋਲੀ ਮਾਰੂ ਰਾਗ ਮਹਿ ਦਾਦਰਾ ਤੂੰ ਕਬਹੂੰ ਨ ਜਾਨਸਿ.....

87. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ, ਤਬ ਗੁਰੂ ਬਾਬਾ ਉਜੈਣ ਕੰਉ ਆਇਆ।

88. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਜੈਣ ਤੇ ਦਖਣ ਕੀ ਧਰਤੀ ਗਏ।

89. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਵਿੰਝਣੀ ਤੇ ਦਖਣ ਕੀ ਧਰਤੀ ਆਏ।

90. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਨਿਰਬਦਾ ਨਦੀ ਤੇ ਦਖਣ ਕੀ ਧਰਤੀ ਆਏ ਨਿਕਲੇ।

91. ਗੋਸਟਿ ਗੁਰੂ ਬਾਬੇ ਨਾਨਕ ਜੀ ਦੀ ਤਬ ਦਖਣ **ਠਗਹੁ ਸਾਥਿ ਗੋਸਟਿ।**

92. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਭਰਥਰੀ ਸਾਥਿ ਮਿਲਿਆ।

93. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਦਖਣ ਕੀ ਧਰਤੀ ਭਰਥਰੀ ਸਾਥਿ ਗੋਸਟਿ।

94. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਭਰਥਰੀ ਕੰਉ ਮਿਲਿ ਕਰਿ ਬਾਨੀ ਬੋਲੀ, ਦਰਗਹ ਗਏ।

95. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਦਰਗਾਹ ਤੋਂ ਆ ਕੇ ਗੋਸਟਿ ਸ਼ਬਦ ਜੈ ਘਰਿ ਕੀਰਤਿ ਆਖੀਐ....

96. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਜੇਣ ਤੇ ਦਖਣ ਕੀ ਧਰਤੀ ਤਬ ਤਹਾਂ ਰਾਜੇ ਸਾਥਿ ਬਾਨੀ ਬੋਲੀ ਗਉੜੀ ਮਹਿ।ਰਾਮ ਨਾਮ ਚਿਤੁ ਰੰਪੈ ਜਾ ਕਾ.....

97. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਰਾਜੇ ਕਉ ਮਿਲਿ ਕਰਿ ਗੋਬਿੰਦ ਲੋਕਹੁ ਸਾਥਿ ਬਾਨੀ ਬੋਲੀ ਮਲਾਰ ਮਹਿ। ਅਖਲੀ ਊਡੀ ਜਲੁ ਪੁਜਾ....

98. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਨਗਰ ਤੇ ਦਖਣ ਕਧ ਪੂਜਾ ਕਰਾਵਨਿ ਵਾਲਿਆ ਨਾਲ ਗੋਸਟਿ, ਸ੍ਰੀ ਰਾਗ ਮਹਿ, ਲੇਖੈ ਬੋਲਣੁ ਬੋਲਣਾ.....

99. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਨਗਰਿ ਤੇ ਗੁਰੂ ਬਾਬਾ ਤਬ ਮਰਦਾਨੇ ਕੀ ਬੇਨਤੀ ਸੁਣਿ ਕਰਿ ਬਾਨੀ ਬੋਲੀ ਬਿਲਾਵਲੁ ਛੰਤੁ, ਮੇਰੈ ਮਨਿ ਚਾਉ ਘਨਾ....

100. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਦਖਣ ਤੇ ਬੀਕਾਨੇਰ ਆਇਆ, ਤਬ ਤਹਾਂ ਬੈਸਨੰਉ ਸਾਥਿ ਪ੍ਰਭਾਤੀ ਮਹਿ ਬਾਨੀ ਬੋਲੀ। ਮੇਰੋ ਪ੍ਰਭੁ ਰੰਗਿ ਘਣੋ ਅਤਿ.....

101. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਬੀਕਾਨੇਰ ਕੀ ਧਰਤੀ ਤਬ ਤਹਾਂ ਗੋਬਿੰਦ ਲੋਕਹੁ ਸਾਥਿ ਬਾਨੀ ਬੋਲੀ।ਸਲੋਕੁ।ਭੋਤਣਿ ਭੈ ਮਨਿ ਵਸੈ ਰੇ...

102. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਬੀਕਾਨੇਰ ਮਹਿ ਆਇ ਵੜਿਆ, ਤਬ ਗੋਬਿੰਦ ਲੋਕਹੁ ਸਾਥਿ ਮਾਰੂ ਮਹਿ ਬਾਨੀ।ਸੂਰੁ ਸਰੁਨੋ ਸਿਲੈਸੋ ਮਗਰੁ....

103.. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਨਗਰਿ ਤੇ ਆਗੈ ਉਦਿਆਨ ਮਹਿ ਪਟੇਲ ਸਾਥਿ ਬਾਨੀ ਬੋਲੀ ਰਾਗੁ ਮਾਰੂ ਮਹਿ। ਮਰੈ ਤਉ ਮਰਿ ਮਰੈ ਭਾਗੋ.....

104.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਨਗਰਿ ਤੇ ਗੁਰੂ ਬਾਬਾ ਨਾਨਕੁ, ਤਬ ਗੋਬਿੰਦ ਲੋਕਹੁ ਸਾਥਿ ਆਸਾ ਰਾਗ ਮਹਿ ਰਾਜਡੋ ਠਾਕੁਰੁ ਮਾਹਰੋ ਰੂੜੀ ਗੁਰ.... ।

105.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਉਸ ਨਗਰ ਤੇ ਗੁਰੂ ਬਾਬਾ ਨਾਨਕ ਤਬ ਤਹਾਂ ਬੈਸਨਉ ਸਾਥਿ ਬਾਨੀ ਬੋਲੀ।ਸਲੋਕੁ ਅਲਗੋ ਜੋਇ ਸਧੂਕੜੋ ਸਾਰਗਿ ਪਾਣਿ.....

106. ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਬੀਕਾਨੇਰ ਕੀ ਗੋਸਟਿ।

107.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਬੀਕਾਨੇਰ ਕੀ ਧਰਤੀ ਤੇ ਪਾਣੀ ਵਾਲੀ ਸਾਖੀ।

108.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਬੀਕਾਨੇਰ ਕੀ ਧਰਤੀ ਦੇਖਿ ਕਰਿ ਅਰੁ ਸੋ ।

109.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਦਖਣ ਕੀ ਧਰਤੀ ਤੇ ਉਤਰ ਕੰਉ ਰਮੇ, **ਸਾਧਾਂ ਨਾਲ ਗੋਸਟਿ**।

110.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮਥਰਾ ਵਿਚ ਗਏ।

111.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮਥਰਾ ਵਾਸੀਆਂ ਨਾਲ ਗੋਸ਼ਟਿ,ਸ਼ਬਦ,ਆਪਨੇ ਠਾਕਰੁ ਕੀ ਹੰਉ ਉਚ......

112.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮਥਰਾ ਤੇ ਕੁਲਖੇਤ੍ਰ ਕੇ ਨਾਵਣ ਵਾਲੀ ਸਾਖੀ।

113.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਕੁਲਖੇਤ੍ਰ ਤੇ ਸੁਤਲਾਨਪੁਰ ਆਇਆ ਦਉਲਤ ਖਾਨ ਸਾਥ ਬਾਨੀ ਬੋਲੀ,ਸ੍ਰੀ ਰਾਗ ਮਹਿ।ਮੁਕਾਮ ਕਰਿ ਬੈਸਣਾ ਨਿਤ.....

114.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਅਗਲੈ ਦਿਨ ਫਿਰਿ ਇਕਠੇ ਤਬ ਫਿਰਿ ਦਉਲਤਿ ਖਾਨਿ ਸਾਥਿ ਸ਼ਬਦੁ ਹੋਇਆ ਸ੍ਰੀ ਰਾਗ ਮਹਿ।ਆਖਿ ਆਖਿ ਮਨੁਵਾ.....

115.ਗੋਸਟਿ ਦਉਲਤਿ ਖਾਨਿ ਸਾਥਿ ....

116.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਦਉਲਤ ਖਾਨ ਨੂੰ ਮਿਲਿ ਕਰਿ ਗੁਰੂ ਨਾਨਕ ਤਬ ਏਕ ਜਿ ਸਾਹਿਬ ਦੇ ਜਾਣੀ ਥੇ ਤਿਨਾ ਸਾਥਿ ਸਲੋਕੁ ਹੋਇਆ।

117.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ, ਤਬ ਗੁਰੂ ਬਾਬਾ ਨਾਨਕ ਦਉਲਤ ਖਾਨ ਤਬ ਗੋਰਖ ਨਾਥਿ ਬਾਣੀ ਬੋਲੀ, ਸਚ ਕਾਲੁ ਕੂੜ ਵਰਤਿਆ ਕਲਿ........

118.**ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਗੁਰੂ ਬਾਬਾ ਸਿਧਾ ਸਾਥਿ ਗੋਸਟਿ।**

119.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸਿਧਾਂ ਸਾਥਿ ਹੋਈ।

120.**ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸਿਧਾਂ ਸਾਥਿ ਹੋਈ।**

121.**ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸਿਧਾਂ ਸਾਥਿ ਹੋਈ।**

122.**ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸਿਧਾਂ ਸਾਥਿ।**

123.**ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸਿਧਾਂ ਸਾਥਿ।**

124.**ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸਿਧਾਂ ਸਾਥਿ ।**

125.**ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸਿਧ ਗੋਸਟਿ...।**

126.**ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਜੁਗ ਨਿਸਤਾਰਣ ਕੀ ਸਾਖੀ ਚਲੀ...।**

127.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ **ਉਤਰ ਕੀ ਧਰਤੀ ਤੇ ਪਛਮ ਵਲ ਗਇਆ... ਮਰਦਾਨਾ ਸਾਥਿ**

128.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮੁਲਤਾਨ ਕਿਆ ਲੋਕਾ ਸਾਥਿ ਗੋਸਟਿ।

129.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਚਾਰੇ ਕੁੰਡਾਂ ਢੂੰਢੀਆਂ ਕੰਨੀ.....।

130.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮੁਲਤਾਨ ਸਬਦੁ ਹੋਇਆ ਰਾਗੁ ਮਾਰੂ ਨਾ ਭੈਣਾ ਭਰਜਾਈਆ....।

131.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮੁਲਤਾਨ ਵਿਚ ਪੀਰਜਾਦੇ ਨਾਲ ਗੋਸਟਿ ਰਾਗ ਮਾਰੂ ਮਹਿ.. ਆਵਾਂ ਵੰਞਾ ਡੁਮਣੀ.....।

132.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਪੀਰ ਕੰਬੀਰ ਸਾਥਿ ਮੁਲਤਾਨ ਵਿਚ ਗੋਸਟਿ... ਸ੍ਰੀ ਰਾਗ ਮਹਿ...ਆਪੇ ਰਸੀਆ ਆਪ ਰਸ.....

133.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮੁਲਤਾਨ ਸਹਿਰ ਰਾਵੀ ਤਬ ਪਰਮੇਸਰੁ ਪਾਸਿ ਅਰਦਾਸਿ ਕਰੀ ਆਸਾ ਰਾਗ ਮਹਿ...ਕੋਈ ਭਿਖਕੁ ਭੀਖਿ......।

134.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮੁਲਤਾਨ ਸਹਿਰ ਦੇ ਫਕੀਰਾ ਨਾਲ ਗੋਸਟਿ।

135.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮੁਲਤਾਨ ਸ਼ਹਿਰ ਮੁਲਾਂ ਸਾਥਿ ਸਬਦੁ ਹੋਇਆ ਸ੍ਰੀ ਰਾਗ ਮਹਿ... ਸੋਈ ਮੁਲਾ ਜਿਨਿ ਜਗੁ...... ।

136.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਗੁਰੂ ਪਰਮੇਸਰ ਦੀ ਹਜੂਰੀ ਬਾਨੀ ਹੋਈ...

137.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਦਰਗਾਹ ਤੇ ਗੁਰੂ ਬਾਬਾ **ਮਕੇ ਆਇਆ।**ਸਬਦੁ ਆਸਾ ਰਾਗ ਮਹਿ... ਤੁਧੁ ਬਿਸਾਰੀਐ ਦੁਖੁ.....

138.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਦਰਗਾਹ ਫੇਰਿਨ ਵਾਲੀ ਸਾਖੀ।

139.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਗੁਰੂ ਬਾਬਾ ਹਿੰਙਾਲਜੀ ਕੀ ਤਬ ਤਹਾਂ ਬਾਣੀ ਹੋਈ।

ਰਾਗੁ ਤਿਲੰਗੁ ਜੈਸੀ ਮੈ ਆਵੈ ਖਸਮ ਕੀ ਬਾਣੀ......।

140.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ **ਸੈਦਪੁਰ ਵਾਲੀ ਸਾਖੀ**

141.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ **ਸੈਦਪੁਰ ਤੇ ਮਾਰ**

142.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ **ਮਾਤਾ ਤਿਪਰਾ ਸਾਥਿ** ਹੋਈ ਸਬਦੁ... ਕਪੜੁ ਪਾਟੁ ਰੰਗਾਪੜੀ....

143.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮਾਤਾ ਤਿਪਰਾ ਨਾਲ ਗੋਸਟਿ....ਸਭ ਰਸਿ ਮੀਠੇ ਮੰਨੀਐ.....

144.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਮਾਤਾ ਜੀ ਅਤੇ ਦਾਦੇ ਨਾਲ ਗੋਸਟਿ....ਲਬੁ ਕੁਤਾ ਕੂੜੁ ਚੂਹੜਾ.....

145.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਗੁਰੂ ਬਾਬਾ ਨਾਨਕ ਪੰਜਾਬ ਮਹਿ ਭਇਆ,ਰਾਗ ਮਾਰੂ ਵਿਚ ਜੋ ਮੈ ਵੇਦਨ ਸਾ ਕਿਸੁ ਆਖਾ....।

146.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਸਚੇ ਸਾਹਿਬ ਦੀ ਦਰਗਾਹ ਸਬਦੁ ਹੋਆ.... ਕੋਟਿ ਕੋਟਿ ਮੇਰੀ ਆਰਜਾ.....।

147.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਸਿਸਟਿ ਉਧਾਰਣੇ ਕੀ....ਆਪੇ ਪਟੀ ਕਲਮ ਆਪ.....।

148.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ **ਸੇਖ ਸਰਫ ਨਾਲ ਹੋਈ ਰਾਗ ਆਸਾ ਵਿਚ ਆਪੀਨੈ ਆਪ ਸਾਜਿਆ.....।**

149.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ **ਸੇਖ ਬ੍ਰਹਮ ਸਾਥਿ ਰਾਗ ਵਡਹੰਸ...... ਗੁਣਵੰਤੀ ਸਹੁ ਰਾਵਿਆ...।**

150.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ **ਪਟਣ ਕੇ ਸੇਖ ਫਰੀਦ ਸਾਥਿ... ਸਰਬ ਜੋਤਿ ਤੇਰੀ....।**

151.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਦਰਗਾਹ ਤੇ ਪਟਣਿ ਆਇਆ।

152.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ **ਦਿਪਾਲਪੁਰ ਦੀ ਧਰਤੀ ਤੇ ਹੋਈ।**

153.ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਤਬ ਗੁਰੂ ਬਾਬਾ ਨਾਨਕ ਖੋਖੋਵਾਲ ਤੇ ਆਇਆ।

ਪੋਥੀ ਹਰਿ ਜੀ ਤੇ ਪੋਥੀ ਚਤੁਰਭੁਜ ਏਹ ਤਤਕਰਾ ਸਚਖੰਡ ਪੋਥੀ ਦਾ ਹੈ.... ।[3]

ਮਿਹਰਬਾਨ ਦਾ ਅਸਲ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਆਖਿਆ/ ਪਰਮਾਰਥ ਲਿਖਣ ਦਾ ਸੀ। ਉਸ ਨੇ ਸਾਖੀ / ਬ੍ਰਿਤਾਂਤ ਨੂੰ ਗੋਸਟ ਦੀ ਸ਼ੈਲੀ ਵਿਚ ਪ੍ਰਸਤੁਤ ਕੀਤਾ ਹੈ। ਗੁਰੂ ਜੀ ਦੇ ਬਾਲ-ਕਾਲ ਨਾਲ ਸੰਬੰਧਿਤ ਗੋਸ਼ਟਾਂ, ਜਿਨ੍ਹਾਂ ਵਿਚ ਬ੍ਰਿਤਾਂਤ ਅਧਿਕ ਹੈ, ਦੀ ਤੁਲਨਾ ਜੇ ਪੁਰਾਤਨ ਜਨਮਸਾਖੀ ਨਾਲ ਕੀਤੀ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਇਸ ਜਨਮਸਾਖੀ ਦੀਆਂ ਬਹੁਤੀਆਂ ਸਾਖੀਆਂ 'ਪੁਰਾਤਨ ਜਨਮਸਾਖੀ' ਨਾਲ ਮੇਲ ਖਾਂਦੀਆਂ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ 'ਪੁਰਾਤਨ ਜਨਮਸਾਖੀ' ਰੂਪੀ ਬੀਜ ਇਸ ਜਨਮਸਾਖੀ ਦੇ ਬਹੁਤੇਰੇ ਭਾਗ ਵਿਚ ਬੋਹੜ ਰੂਪ ਧਾਰਣ ਕਰ ਗਿਆ ਹੈ। ਪ੍ਰੋ. ਪਿਆਰ ਸਿੰਘ ਅਤੇ ਡਾ. ਬਲਬੀਰ ਸਿੰਘ ਦੀ ਵੀ ਇਹੀ ਧਾਰਣਾ ਹੈ ਕਿ 'ਸਚਖੰਡ ਪੋਥੀ' ਦਾ ਆਧਾਰ 'ਪੁਰਾਤਨ ਜਨਮਸਾਖੀ' ਵਿਚ ਨਿਰੂਪਤ ਜੀਵਨ ਘਟਨਾਵਾਂ ਹਨ ਜਿਨ੍ਹਾਂ ਦੇ ਇਕ ਇਕ ਪ੍ਰਸੰਗ ਦੀਆਂ ਕਈ ਕਈ ਸਾਖੀਆਂ ਬਣਾ ਲਈਆਂ ਗਈਆਂ ਹਨ।[4]

2**. ਆਦਿ ਸਾਖੀਆਂ :** ਤੁਲਨਾਤਮਿਕ ਅਧਿਐਨ ਲਈ ਅਗਲੀ ਜਨਮਸਾਖੀ ਆਦਿ ਸਾਖੀਆਂ ਹਨ। ਇਸ ਦਾ ਇਕ ਹੋਰ ਨਾਮ, ਜਨਮਪਤ੍ਰੀ ਬਾਬੇ ਨਾਨਕ ਜੀ ਕੀ ਵੀ ਹੈ। ਇਸ ਦੀ ਇਕ ਹੱਥ-ਲਿਖਤ ਦੀ ਦੱਸ ਡਾ. ਮੋਹਨ ਸਿੰਘ ਦੀਵਾਨਾ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਦੀ ਲਾਇਬ੍ਰੇਰੀ ਵਿਚ PUL 4141 ਨੂੰ ਉਪਰ ਦਿੱਤੀ ਸੀ। ਇਸ ਦਾ ਇਕ ਹੋਰ ਹੱਥ-ਲਿਖਤ ਖਰੜਾ ਮੋਤੀ ਬਾਗ ਪਟਿਆਲਾ ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਹੋ ਜੋ ਸੰਮਤ 1758/1701 ਵਿਚ ਲਿਖੀ ਗਈ ਸੀ। ਆਦਿ-ਸਾਖੀਆਂ ਦਾ ਇਕ ਹੱਥ-ਲਿਖਤ ਖਰੜਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ MS#1173 ਉਪਰ ਸਰੱਖਿਅਤ ਹੈ। ਪ੍ਰੋ. ਪਿਆਰ ਸਿੰਘ ਨੇ ਪ੍ਰਾਪਤ ਹੱਥ-ਲਿਖਤ ਖਰੜਿਆਂ ਦੇ ਆਧਾਰ 'ਤੇ ਇਸ ਦਾ ਤੀਜਾ ਤੇ ਸੋਧਿਆ ਹੋਇਆ ਸੰਸਕਰਣ 1983 ਈ. ਵਿਚ ਪ੍ਰਕਾਸ਼ਿਤ ਕੀਤਾ ਸੀ। ਇਸ ਵਿਚ ਸਾਖੀਆਂ ਦੀ ਗਿਣਤੀ 30 ਹੈ ਪਰ ਕਈ ਸਾਖੀਆਂ ਵਿਚ ਇਕ ਤੋਂ ਵੱਧ ਸਾਖੀਆਂ ਪਰੋਈਆਂ ਹੋਈਆਂ ਹਨ। ਇਸ ਤਰ੍ਹਾਂ ਸਾਖੀਆਂ ਦੀ ਗਿਣਤੀ 30 ਤੋਂ ਵਧ ਕੇ 46 ਤੱਕ ਪਹੁੰਚ ਜਾਂਦੀ ਹੈ। ਸਾਖੀਆਂ ਦੀ ਤਰਤੀਬ ਨਿਮਨ-ਲਿਖਤ ਅਨੁਸਾਰ ਹੈ :

1. ਬਾਬਾ ਪਰਮੇਸੁਰ ਦੀ ਦਰਗਾਹ ਵਿਚ, 2. **ਅਵਤਾਰ, ਬਾਲਪਨ, ਪੱਟੀ ਪਾਂਧਾ, ਤੋਰਕੀ ਪੜਨ, 3. ਕੁੜਮਾਈ, ਖੇਤ ਹਰਿਆ, 4. ਬ੍ਰਿਛ ਦੀ ਛਾਂ ਨਾ ਫਿਰੀ, 5. ਖੇਤੀ, ਵਣਜ, ਸਉਦਾਗਰੀ, ਚਾਕਰੀ, 6. ਗੋਸਟ ਵੈਦ ਨਾਲ, 7. ਸਾਖੀ ਸੁਲਤਾਨਪੁਰ ਕੀ, 8. ਮੋਦੀਖਾਨਾ ਸੰਭਾਲਿਆ, ਵੇਈਂ ਪ੍ਰਵੇਸ਼, 9. ਕਾਜੀ ਨਾਲ ਚਰਚਾ, 10. ਮਰਦਾਨੇ ਦੀ ਭੁੱਖ ਗਵਾਈ**, 11. ਬਾਬੇ ਤਪ ਆਰੰਭਿਆ, 12. ਬਾਬਾ ਤੀਰਥਾਂ ਨੂੰ ਗਇਆ, **13. ਤ੍ਰਿਆ ਰਾਜ, 14. ਸਾਖੀ ਰਾਕਸ ਨਾਲ, 15. ਕਲਿਜੁਗ ਨਾਲ ਗੋਸਟਿ, 16. ਸਜਣ ਠਗ**

---

3. **ਜਨਮਸਾਖੀ ਗੁਰੂ ਨਾਨਕ ਦੇਵ ਜੀ ਕੀ, ਮਿਹਰਬਾਨ ਵਾਲੀ ਜਨਮਸਾਖੀ,** ਪੱਤਰੇ 1-30

4 ਜੱਗੀ,ਰਤਨ ਸਿੰਘ, **ਗੁਰੂ ਨਾਨਕ ਜੀਵਨੀ ਤੇ ਵਿਅਕਤਿਤਵ**, ਪੰਨਾ 47.

**ਨਿਸਤਾਰਾ,** 17. ਬਾਬੇ ਦੀ ਪ੍ਰਸਿਧੀ, 18. ਸਾਖੀ ਮੁਨਾਫਕ ਦੇਸ ਦੀ, **19. ਸੁਮੇਰ ਪਰਬਤ/ਸਿਧ ਗੋਸਟਿ,** 20. **ਸਾਖੀ ਮਕੇ ਦੀ,** 21. **ਮਾਤਾ ਪਿਤਾ ਨਾਲ ਮੇਲ**, 22. **ਸੇਖ ਬ੍ਰਹਮ ਨਾਲ ਗੋਸਟਿ,** 23. **ਸੈਦਪੁਰ ਦਾ ਕਤਲਾਮ,** 24. ਬਾਬਰ ਨੂੰ ਵਰਦਾਨ/ਕਰਤਾਰਪੁਰ ਬਧਾ, 25. **ਸਾਖੀ ਕਰੋੜੀਏ ਨਾਲ,** 26. **ਭਗੀਰਥ ਤੇ ਬਾਣੀਆ,** 27. **ਸਾਖੀ ਰਾਜੇ ਸ਼ਿਵਨਾਭ ਨਾਲ,** 28. ਭਾਈ ਲਹਿਣਾ ਗੁਰੂ ਜੀ ਦੀ ਸ਼ਰਨ ਵਿਚ, 29. ਪ੍ਰੀਖਿਆ, 30. ਲਹਣਾ ਜੀ ਮੁੜ ਗੁਰੂ ਜੀ ਦੀ ਹਜ਼ੂਰ ਵਿਚ, 31. ਗੋਸਟ ਸਿਧਾਂ ਨਾਲ ਅਚਲ ਵਟਾਲੇ, 32. ਸਾਖੀ ਮੂਲੇ ਖੜ੍ਰੀ ਨਾਲ, 33. ਬਾਬੇ ਤਪਸਿਆ ਸ਼ੁਰੂ ਕੀਤੀ, 34. ਲਹਣਾ ਜੀ ਨੂੰ ਠੰਢ ਪਸਰ ਗਈ, 35. ਬਾਬੇ ਸੇਵਾ ਆਰੰਭੀ, 36. **ਗੋਰਖ ਨਾਲ ਭੇਟ,** 37. **ਸਿਖਾਂ ਦੀ ਪਰੀਖਿਆ,** 38. ਬਾਬੇ ਧਾਣਕ ਰੂਪ ਧਾਰਿਆ, 39. ਪੰਖੀ ਮੋਏ ਉਡਾਏ, 40. ਸੋਦਰੁ ਦੀ ਸਿਫਤ, 41. ਜੰਗਲ ਮਹਿ ਗੰਗਾ ਆਣੀ, 42. ਗੁਰਸਿਖ ਪ੍ਰੀਖਿਆ, 43. ਬਸਿਸਟ ਗੁਸਾਈ ਦੀ ਕਥਾ, 44. ਗੁਰਸਿਖ ਪਰੀਖਿਆ, 45. **ਲਹਣੇ ਨੂੰ ਗੁਰਿਆਈ,** 46. ਸਾਖੀ ਓੜਕ ਕੀ[5]

ਡਾ. ਕਿਰਪਾਲ ਸਿੰਘ ਦੇ ਮਤ ਅਨੁਸਾਰ ਇਸ ਦੀਆਂ (ਆਦਿ-ਸਾਖੀਆਂ) ਲਗਭਗ ਅੱਧੀਆਂ ਸਾਖੀਆਂ ਦਾ ਆਧਾਰ ਪੁਰਾਤਨ ਜਨਮਸਾਖੀ ਹੈ।[6] ਇਸ ਨੂੰ ਨਵਾਂ ਰੂਪ ਅਤੇ ਆਕਾਰ ਦੇਣ ਲਈ ਪ੍ਰਚਲਿਤ ਸਾਖੀਆਂ ਵਿਚ ਅਧਿਕ ਬ੍ਰਿਤਾਂਤ ਸ਼ਾਮਲ ਕਰ ਦਿੱਤੇ ਗਏ ਹਨ। ਕਈ ਥਾਵਾਂ 'ਤੇ ਗੁਰੂ ਨਾਨਕ ਬਾਣੀ ਦੀਆਂ ਟੂਕਾਂ ਦੀ ਥਾਂ ਹੋਰ ਕਾਵਿ ਅਵਤਰਣ ਲਿਖੇ ਗਏ ਹਨ ਅਤੇ ਬਹੁਤ ਸਾਰੀਆਂ ਪੌਰਾਣਿਕ ਕਥਾਵਾਂ ਵੀ ਜੋੜ ਦਿਤੀਆਂ ਗਈਆਂ ਹਨ ਜੋ ਗੁਰੂ ਨਾਨਕ ਦੇ ਸੰਬੰਧ ਵਿਚ ਸਾਡੇ ਗਿਆਨ ਵਿਚ ਕੋਈ ਵਾਧਾ ਨਹੀਂ ਕਰਦੀਆਂ।[7]

**3. ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (ਭਾਈ ਮਨੀ ਸਿੰਘ) :** ਇਸ ਜਨਮਸਾਖੀ ਦਾ ਕਰਤਿਤਵ ਭਾਈ ਮਨੀ ਸਿੰਘ ਨਾਲ ਜੋੜਿਆ ਜਾਂਦਾ ਰਿਹਾ ਹੈ। ਜਿਵੇਂ ਕਿ ਅਸੀਂ ਪਿਛੇ ਜਿਕਰ ਕਰ ਆਏ ਹਾਂ ਇਸ ਦਾ ਅਸਲ ਲਿਖਾਰੀ, ਭਾਈ ਮਨੀ ਸਿੰਘ ਦੇ ਸ਼ਿਸ਼ ਪ੍ਰਣਾਲੀ ਵਿਚੋਂ ਭਾਈ ਸੂਰਤ ਸਿੰਘ ਸੀ ਅਤੇ ਉਸ ਨੇ ਇਸ ਦੀ ਰਚਨਾ 1780 ਈ. ਏ ਨੇੜੇ-ਤੇੜੇ ਕੀਤੀ ਸੀ। ਇਸ ਜਨਮਸਾਖੀ ਦੀਆਂ ਕਈ ਹੱਥ-ਲਿਖਤ ਕਾਪੀਆਂ ਪ੍ਰਾਪਤ ਹਨ। ਜਸਬੀਰ ਸਿੰਘ ਸਾਬਰ ਨੇ ਇਸ ਦਾ ਸੰਪਾਦਤ ਸੰਸਕਰਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਾਹੀਂ ਪ੍ਰਕਾਸ਼ਿਤ 1993 ਵਿਚ ਪ੍ਰਕਾਸ਼ਿਤ ਕਰਵਾਇਆ ਸੀ। ਇਸ ਵਿਚ ਕੁਲ 111 ਸਾਖੀਆਂ ਦਰਜ ਹਨ ਜੋ ਵੱਖੋ-ਵੱਖਰੇ ਸਰੋਤਾਂ ਤੋਂ ਆਈਆਂ ਹਨ। ਸਾਖੀਆਂ ਦੀ ਤਰਤੀਬ ਇਸ ਪ੍ਰਕਾਰ ਹੈ :-

**1. ਗੁਰੂ ਬਾਬੇ ਦਾ ਜਨਮ, 2.** ਮਾਤਾ ਪਿਤਾ ਦੁਆਰਾ ਬ੍ਰਹਮ ਭੋਜ ਦਾ ਆਯੋਜਨ, 3. ਤਿੰਨ ਬਰਸਾਂ ਤੱਕ ਦੇ ਹੋਣ ਦੀ ਵਿਥਿਆ ਸੁਣਾਉਣਾ, 4. ਮਾਤਾ ਪਿਤਾ ਨੂੰ ਓਅੰਕਾਰ ਦਾ ਮਹੱਤਵ ਦੱਸਣਾ, 5. **ਪੰਡਤ ਪਾਸ ਪੜਨ ਪਾਉਣਾ, 6. ਪੱਟੀ ਪਾਧਾਂ,** 7. ਸਾਖੀ ਪਟਨ ਨਗਰ ਕੀ, 8. **ਸਾਖੀ ਸੇਖ ਬ੍ਰਹਮ ਦੀ, 9. ਸੇਖ ਬ੍ਰਹਮ ਨਾਲ**

[5] ਬਾਬਾ ਕੁੰਦਨ ਸਿੰਘ, ਪਿਆਰ ਸਿੰਘ, **ਆਦਿ-ਸਾਖੀਆਂ**, ਪੰਨਾ 1-13.
[6] ਪਿਆਰ ਸਿੰਘ, **ਆਦਿ ਸਾਖੀਆਂ**, ਪੰਨਾ 38.
[7] ਜੱਗੀ, ਰਤਨ ਸਿੰਘ, **ਉਪਰੋਕਤ**, ਪੰਨੇ 69-70.

**ਗੋਸਟਿ, 10.** ਰਾਇ ਬੁਲਾਰ, 11. ਜਨੇਊ, 12. **ਖੇਤ ਹਰਿਆ, 13. ਬਿਰਖ ਦੀ ਛਾਂ ਨਾ ਫਿਰੀ, 14. ਵੈਦ, 15. ਵਿਆਹ,** ਪੁਤ੍ਰ ਹੋਏ, 16. **ਸੁਲਤਾਨਪੁਰ, 17. ਦੌਲਤ ਖਾਂ, 18. ਮਰਦਾਨੇ ਦੀ ਭੁਖ ਗਵਾਈ,** 19. ਸਾਖੀ ਬਬੇਕ ਅਤੇ ਸੁਮਤ ਨਾਲ ਹੋਈ, 20. **ਕਲਯੁਗ,** 21. **ਸਾਖੀ ਸਾਹ ਸਰਫ ਨਾਲ ਹੋਈ,** 22. **ਦਿਲੀ ਸ਼ਹਿਰ ਦੀ ਸਾਖੀ,** 23. **ਮੋਇਆ ਹਾਥੀ ਜੀਵਾਲਣ ਵਾਲੀ ਸਾਖੀ,** 24. ਸਾਖੀ ਗੋਵਰਧਰ ਪਰਬਤ ਦੀ, 25. ਕਤਕ ਪੂਰਬੀ ਨੂੰ ਰਾਸ ਕਾ ਮੇਲਾ ਵਾਲੀ ਸਾਖੀ, 26. ਬਾਬਾ ਜੀ ਗੰਗਾ ਗਏ, 27. ਸਾਖੀ ਗੋਰਖ ਮਤਾ ਦੀ, 28. **ਸੱਜਨ ਠੱਗ ਨਾਲ ਸਾਖੀ,** 29. ਬਾਬਾ ਜੀ ਕਾਂਸੀ ਗਏ, 30. ਅਯੁਧਿਆ ਗਏ, 31. ਬਾਬਾ ਜੀ ਗਇਆ ਗਏ, 32. ਗੁਰੁ ਬਾਬਾ ਪਟਨੇ ਗਿਆ, 33. ਗੁਰੂ ਬਾਬਾ ਜਗਨਨਾਥ ਜਾਇ ਨਿਕਲਿਆ, 34. ਸਾਖੀ ਬਘਿਆੜ ਦੀ, 35. ਕਲਯੁਗ ਨਾਲ ਸਾਖੀ, 36. ਮਰਦਾਨੇ ਨਾਲ ਗੋਸਟਿ, 37. **ਸਾਖੀ ਕੌਡੇ ਰਾਕਸ਼ ਦੀ,** 38. **ਤ੍ਰਿਅ ਰਾਜ,** 39. ਜਾਪ ਪਟਣ ਗਏ, 40. ਸਾਖੀ **ਰਾਜੇ ਸ਼ਿਵਨਾਭ ਦੀ,** 41. ਬਾਬਾ ਜੀ ਸਮੁੰਦਰ ਤੇ ਟੁਰੇ, 42. ਸਾਖੀ ਗਰੂ ਸ਼ਹਿਰ ਵਿਚ ਹੋਈ, 43. **ਬਾਬਾ ਜੀ ਕੋ ਰਾਕਸ਼ ਮਿਲੇ,** 44. ਬਾਬਾ ਜੀ ਬਿਸੰਭਰਪੁਰ ਕੋ ਗਏ, 45. ਗੁਰੂ ਬਾਬਾ ਬੀਕਾਨੇਰ ਗਏ, 46. **ਗੁਰੂ ਬਾਬਾ ਜੀ ਦੀਪਾਲਪੁਰ ਗਏ,** 47. ਮਰਦਾਨੇ ਨੂੰ ਤਲਵੰਡੀ ਭੇਜਿਆ, 48. ਸਾਖੀ ਏਮਨਾਬਾਦ ਦੀ, 49. ਬਾਬਾ ਜੀ ਸਿਆਲਕੋਟ ਗਏ, 50. **ਸਾਖੀ ਕਸ਼ਮੀਰ ਦੇ ਪੰਡਤਾਂ ਨਾਲ,** 51. ਬਾਬਾ ਜੀ ਕਾਬਲ ਗਏ, 52. ਸਾਖੀ ਭਾਈ ਮੂਲੇ ਨਾਲ ਹੋਈ, 53. ਸਾਖੀ ਸਾਹ ਵਲੀ ਨਾਲ ਹੋਈ, 54. ਸਾਖੀ ਅਬਦੁਲ ਰਹਿਮਾਨ ਦੀ, 55. **ਸਾਖੀ ਠੱਗਾਂ ਨਾਲ,** 56. ਸਾਖੀ ਕੇਸੀ ਖੰਡ ਦੀ ਚਲੀ, 57. ਸਾਖੀ ਕੁਰਖੰਡ ਦੀ, 58. ਸਾਖੀ ਟਿਲਾ ਪਰਬਤ ਖੰਡ ਦੀ ਹੋਈ, 59. ਸਾਖੀ ਜੰਬੂ ਖੰਡ ਦੀ ਚਲੀ, 60. ਸਾਖੀ ਹਿਰਨ ਖੰਡ ਦੀ ਹੋਈ, 61. ਸਾਖੀ ਕੇਤਲਾਮ ਖੰਡ ਦੀ ਹੋਈ, 62. ਸਾਖੀ ਅਰਥ ਖੰਡ ਦੀ, 63. ਸਾਖੀ ਤਿਲਗਚੀ ਦੀ, 64. ਸਾਖੀ ਰਮੇਸਰ ਦੀ ਹੋਈ, 65. ਸਾਖੀ ਮਛ ਦੀ, 66. ਸਾਖੀ ਲੰਕਾ ਪੁਰੀ ਦੀ, 67. ਆਗੈ ਸਾਖੀ ਮਰਦਾਨੇ ਨਾਲ ਹੋਈ, 68. ਬਾਬਾ ਜੀ ਸਤਦੀਪ ਦੇਖਣ ਗਏ, 69. ਬਾਬਾ ਜੀ ਸਤਵੇਂ ਦੀਪ ਗਏ, 70. ਸਾਖੀ ਹਨੀਫੇ ਸਿਧ ਨਾਲ ਹੋਈ, 71. ਸਾਖੀ ਕਾਗ ਭਸੁੰਡ ਦੀ ਹੋਈ, 72. **ਸਿਧਾ ਨਾਲ ਗੋਸਟ,** 73. ਜਪ ਜੀ ਗੋਸਟ, 74. ਸਾਖੀ ਦਤਾ ਤ੍ਰਿਉ_ਦੀ ਹੋਈ, 75. ਸਾਖੀ ਪ੍ਰਹਿਲਾਦ ਭਗਤ ਨਾਲ ਹੋਈ, 76. ਸਾਖੀ ਬਾਬਾ ਜੀ ਬੈਕੁੰਠ ਧਾਮ ਗਏ, 77. ਸਾਖੀ ਦੋਦਾ ਜੱਟ ਦੀ, 78. **ਮਾਤਾ ਪਿਤਾ ਨਾਲ ਮੇਲ,** 79. ਬਾਬਾ ਜੀ ਦਾ ਪਿਤਾ ਨੂੰ ਉਪਦੇਸ਼, 80. ਬਾਬਾ ਜੀ ਸਖਰ ਭਖਰ ਗਏ, 81. ਸਾਖੀ ਬਹਾਵਦੀਨ ਦੀ, 82. **ਬਾਬਾ ਜੀ ਮਕੇ ਗਏ,** 83. ਬਾਬਾ ਜੀ ਰੂਮ ਸ਼ਹਿਰ ਗਏ, 84. ਬਾਬਾ ਬਗਦਾਦ ਗਿਆ, 85. ਬਾਬਾ ਜੀ ਮਦੀਨੇ ਗਏ, 86. ਸਰਾਈ ਬਕਰੀਆ ਵਾਲਾ ਨਾਲ ਸਾਖੀ, 87. ਬਾਬਾ ਜੀ ਸਿੰਧ ਨਦੀ ਦੇ ਕੰਢੇ ਆਏ, 88. ਕਰਤਾਰਪੁਰ ਆਏ, 89. ਬਾਬਾ ਜੀ ਸਿਵਰਾਤਰੀ ਦੇ ਮੇਲੇ ਤੇ ਗਏ, 90. ਬਾਬਾ ਜੀ ਅਚਲ ਵਟਾਲੇ ਗਏ, 91. **ਸਾਖੀ ਸੇਖ ਬ੍ਰਹਮ ਸਾਥਿ ਹੋਈ,** 92. ਸਾਖੀ ਇਕ ਸ਼ਾਹੂਕਾਰ ਦੀ, 93. ਸਾਖੀ ਦੀਪਲੂ ਸ਼ਹਿਰ ਘੋਏ ਜਟ ਦੀ, 94. ਸਾਖੀ ਕ੍ਰਿਪਾਲ ਚੰਦ ਦੀ, 95. ਸਾਖੀ ਸੈਦੇ ਚਮਾਰ ਸਾਥਿ ਹੋਈ, 96. ਸਾਖੀ ਇਕ ਰਾਜੇ ਨਾਲ ਹੋਈ, 97. ਅਗੇ ਸਾਖੀ ਸਹੁ ਸੁਹਾਗਣ ਤੇ ਫਕੀਰ ਨਾਲ ਹੋਈ, 98. ਅਗੇ ਸਾਖੀ ਇਕ ਦੇਵ ਨਾਲ ਹੋਈ, 99. ਸਾਖੀ ਬਾਬਾ ਜੀ ਦੁਆਰਾ ਜਲ ਵਿਚ ਰੋਟੀਆਂ ਪਕਾਉਣ ਦੀ, 100. ਸਾਖੀ ਮਰਦਾਨੇ ਨਾਲ

ਹੋਈ, 101. ਅਗੈ ਸਾਖੀ ਸਬਦ ਕੇ ਪਖਰਾਇ ਸੰਤਾਂ ਸੇ ਹੋਈ, 102. ਸਾਖੀ ਮਾਤਾ ਪਿਤਾ ਨਾਲ ਹੋਈ, 103. ਬਾਬਾ ਜੀ ਕਰਤਾਰਪੁਰ ਰਹੇ, 104. ਸਾਖੀ ਮਰਦਾਨੇ ਦੁਆਰਾ ਸਰੀਰ ਤਿਆਗਣ ਦੀ, 105. ਬਾਬਾ ਜੀ ਧਾਣਕ ਰੂਪ ਧਾਰਿਆ, 106. **ਬਾਬਾ ਜੀ ਦੁਆਰਾ ਅੰਗਦ ਨੂੰ ਉਪਦੇਸ਼,** 107. ਕਿੱਕਰ ਤੋਂ ਮਠਿਆਈ ਝਾੜਨ ਵਾਲੀ ਸਾਖੀ, 108. ਪਿਤਾ ਕਾਲੂ ਜੀ ਦਾ ਪਰਲੋਕ ਗਮਨ, 109.ਮਾਤਾ ਜੀ ਭੀ ਪਰਲੋਕ ਗਮਨ, 110. **ਅੰਗਦ ਨੂੰ ਗੁਰਿਆਈ ਦਿੱਤੀ,** 111. ਗੁਰੂ ਜੀ ਸਣਦੇਹ ਗਏ[8]

ਇਸ ਜਨਮਸਾਖੀ ਅਨੁਸਾਰ ਗੁਰੂ ਨਾਨਕ ਦੇਵ ਨੇ ਤਿੰਨ ਮੁੱਖ ਯਾਤਰਾਵਾਂ ਕੀਤੀਆਂ। ਪਹਿਲੀ ਅਤੇ ਤੀਜੀ ਵਿਚ ਕੇਵਲ ਮਰਦਾਨਾ ਗੁਰੂ ਜੀ ਦੇ ਨਾਲ ਸੀ, ਪਰ ਦੂਜੀ ਵੇਲੇ ਬਾਲੇ ਦਾ ਵੀ ਜ਼ਿਕਰ ਕੀਤਾ ਗਿਆ ਹੈ।ਇਸ ਰਚਨਾ ਅਨੁਸਾਰ ਗੁਰੂ ਨਾਨਕ ਦੇਵ ਵਿਸ਼ਨੂੰ ਦਾ ਅਵਤਾਰ ਸਨ ਅਤੇ ਉਹ ਇਸ ਦੁਨੀਆਂ ਵਿਚ ਵੈਸ਼ਨਵ ਭਗਤੀ ਦ੍ਰਿੜਾਉਣ ਲਈ ਆਏ ਸਨ।ਇਸ ਰਚਨਾ ਦੀ ਸ਼ੈਲੀ ਵਿਸ਼ਥਾਰ-ਮਈ, ਗੱਲਬਾਤੀ, ਉਪਦੇਸ਼ਾਤਮਕ ਤੇ ਕਿਤੇ ਕਿਤੇ ਦਾਰਸ਼ਨਿਕ ਹੈ। ਇਸ ਵਿਚ ਨਾ ਤੇ 'ਸੱਚ ਖੰਡ ਪੋਥੀ' ਵਾਲੇ ਗੁਣ ਹਨ ਤੇ ਨਾ ਹੀ 'ਪੁਰਾਤਨ ਜਨਮਸਾਖੀ' ਵਰਗਾ ਸੰਜਮ।[9]

**4. ਭਾਈ ਬਾਲੇ ਵਾਲੀ ਜਨਮਸਾਖੀ :** ਪੁਰਾਤਨ ਜਨਮਸਾਖੀ ਦੇ ਪ੍ਰਕਾਸ਼ ਵਿਚ ਆਉਣ ਤੋਂ ਪੂਰਵ ਗੁਰੂ ਨਾਨਕ ਦੇਵ ਜੀ ਦੇ ਜੀਵਨ ਬ੍ਰਿਤਾਂਤ ਸਿਰਜਣ ਲਈ ਬਾਲਾ ਜਨਮਸਾਖੀ ਹੀ ਆਧਾਰ ਬਣਦੀ ਰਹੀ ਹੈ। ਸ. ਕਰਮ ਸਿੰਘ ਹਿਸਟੋਰੀਅਨ ਦੀ ਖੋਜ ਨੇ ਇਸ ਨੂੰ ਹਿੰਦਾਲੀਆ ਕ੍ਰਿਤੀ ਦੱਸਿਆ ਹੈ ਕਿਉਂਕਿ ਇਸ ਸੰਪ੍ਰਦਾਇ ਨੇ ਨਿਜੀ ਹਿਤਾਂ ਲਈ ਗੁਰੂ ਨਾਨਕ ਦੇਵ ਜੀ ਦੇ ਅਕਸ ਨੂੰ ਵਿਗਾੜਨ ਦਾ ਬੜਾ ਕੋਝਾ ਜਤਨ ਕੀਤਾ ਹੈ। ਉਸ ਨੇ ਇਸ ਦੇ ਕਥਿਤ ਕਰਤਾ ਭਾਈ ਬਾਲਾ ਨੂੰ ਇਤਿਹਾਸਕ ਵਿਅਕਤੀ ਹੋਣ ਦਾ ਦਾਅਵਾ ਖਾਰਜ ਕਰਦਿਆਂ ਇਸ ਦਾ ਰਚਨਾ-ਕਾਲ ਸੰਮਤ 1750/1963 ਈ. ਤੋਂ ਬਾਅਦ ਦਾ ਨਿਸ਼ਚਿਤ ਕੀਤਾ ਹੈ।[10] ਮੈਕਾਲਿਫ ਨੇ ਇਸ ਜਨਮਸਾਖੀ ਦਾ ਰਚਨਾ-ਕਾਲ 1640 ਈ. ਤੋਂ ਬਾਅਦ ਦਾ ਨਿਸ਼ਚਿਤ ਕੀਤਾ ਹੈ।[11] ਏਸੇ ਤਰ੍ਹਾਂ ਮੈਕਲਿਓਡ ਵੀ ਇਸ ਨੂੰ 17ਵੀਂ ਸਦੀ ਦੇ ਪਹਿਲੇ ਅੱਧ ਦੀ ਕ੍ਰਿਤ ਦੱਸਦਾ ਹੈ।[12] ਗੁਰਬਚਨ ਕੌਰ ਨੇ ਇਸ ਦਾ ਜੋ ਸੰਪਾਦਿਤ ਸੰਸਰਣ ਪ੍ਰਕਾਸ਼ਿਤ ਕਰਵਾਇਆ ਉਸ ਵਿਚ ਇਸ ਦਾ ਰਚਨਾ-ਕਾਲ 1651-58 ਈ. ਨਿਸਚਿਤ ਕੀਤਾ ਹੈ।[13] ਸ. ਸ. ਪਦਮ ਨੇ ਇਸ ਦੀ ਰਚਨਾ ਦੇ ਤਿੰਨ ਪੜਾਅ ਦੱਸਦਿਆਂ ਇਸ ਦੀ ਰਚਨਾ ਹਿੰਦਾਲੀਆਂ ਦੇ ਲਿਖਾਰੀ ਗੋਰਖ ਦਾਸ ਦੁਆਰਾ 1657-59 ਵਿਚ ਕੀਤੀ ਜਾਣ ਦੇ ਹਵਾਲੇ ਦਿਤੇ ਹਨ।[14]

---

[8] **ਜਨਮਸਾਖੀ ਗੁਰੂ ਨਾਨਕ ਦੇਵ ਜੀ ਕੀ (ਭਾਈ ਮਨੀ ਸਿੰਘ),** ਪੱਤਰੇ 1-30

[9] ਸੁਰਿੰਦਰ ਸਿੰਘ ਕੋਹਲੀ ਤੇ ਜਗਜੀਤ ਸਿੰਘ, **ਜਨਮਸਾਖੀ ਭਾਈ ਬਾਲਾ**, ਪੰਨਾ 14-15.

[10] ਕਰਮ ਸਿੰਘ ਹਿਸਟੋਰੀਅਨ, **ਕਤਕ ਕਿ ਵਿਸਾਖ**, ਪੰਨੇ 131-217.

[11] Macauliffe, *The Sikh Religion*, Vol . 1, p.82.

[12] W.H.Mcleod, *Guru Nanak and the Sikh Religion*, p 23.

[13] ਗੁਰਬਚਨ ਕੌਰ ਸੰਧੂ, **ਜਨਮਸਾਖੀ ਭਾਈ ਬਾਲਾ**, ਪੰਨਾ 60.

[14] ਸ.ਸ. ਪਦਮ, **ਸਾਖੀ ਮਹਲੁ ਪਹਿਲੇ ਕੀ**, ਪੰਨੇ 137-51.

ਉਪਰੋਕਤ ਸਾਰੀ ਵਾਰਤਾ ਦਾ ਸਾਰ ਇਹ ਹੈ ਕਿ ਬਾਲਾ ਜਨਮਸਾਖੀ ਦੇ ਆਰੰਭ ਵਿਚ ਅੰਕਿਤ ਕੀਤਾ ਇਹ ਦਾਅਵਾ ਕਿ ਜਨਮਸਾਖੀ ਗੁਰੂ ਅੰਗਦ ਨੇ ਭਾਈ ਬਾਲਾ ਦੀ ਸਹਾਇਤਾ ਨਾਲ ਪੈੜੇ ਮੋਖੇ ਤੋਂ ਲਿਖਵਾਈ ਅਤੇ ਇਹ ਕਾਰਜ 'ਜਨਮਸਾਖੀ ਗੁਰੂ ਨਾਨਕ ਜੀ॥ ਸੰਮਤ 1582 ॥ ਪੰਦ੍ਹ ਜੈ ਬਿਆਸੀਆ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ' ਬਿਲਕੁਲ ਨਿਰਧਾਰ ਸਾਬਤ ਹੁੰਦਾ ਹੈ। ਭਾਵੇਂ ਇਸ ਦੇ ਕਈ ਹੱਥ-ਲਿਖਤ ਖਰੜੇ ਪ੍ਰਾਪਤ ਹਨ ਪਰ ਪਿਆਰੇ ਲਾਲ ਕਪੂਰ ਵਾਲਾ ਹੱਥ-ਲਿਖਤ ਖਰੜਾ ਜੋ 1715 ਈ. ਬਿ./1668 ਈ. ਵਿਚ ਲਿਖਿਆ ਗਿਆ ਸੀ, ਸਭ ਤੋਂ ਪੁਰਾਤਨ ਹੈ। ਸੁਰਿੰਦਰ ਸਿੰਘ ਕੋਹਲੀ ਨੇ ਇਸ ਦਾ ਸੰਪਾਦਤ ਸੰਸਕਰਣ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 1990 ਵਿਚ ਅਤੇ ਗੁਰਚਰਨ ਕੌਰ ਸੰਧੂ ਨੇ ਆਪਣਾ ਸੰਪਾਦਨਾ ਕਾਰਜ ਭਾਸ਼ਾ ਵਿਭਾਗ, ਪਟਿਆਲਾ ਤੋਂ 1987 ਵਿਚ ਪ੍ਰਕਾਸ਼ਿਤ ਕਰਵਾਇਆ ਸੀ।

ਇਸ ਜਨਮਸਾਖੀ ਦੇ ਹੱਥ-ਲਿਖਤ ਖਰੜਿਆਂ ਤੇ ਸੰਪਾਦਤ ਸੰਸਕਰਣਾਂ ਵਿਚ ਸਾਖੀਆਂ ਦੀ ਗਿਣਤੀ ਵਿਚ ਬੜਾ ਫਰਕ ਹੈ। ਗੁਰਬਚਨ ਕੌਰ ਸੰਧੂ ਦੁਆਰਾ ਸੰਪਾਦਤ ਸੰਸਕਰਣ ਵਿਚ ਸਾਖੀਆਂ ਦੀ ਤਰਤੀਬ ਇਸ ਪ੍ਰਕਾਰ ਹੈ :-

**1. ਜਨਮ , 2. ਪਾਧਾਂ,** 3. ਨਾਗ ਦੁਆਰਾ ਛਾਂ ਕਰਨੀ, 4. ਸੱਚਾ ਸੌਦਾ, 5. ਨਾਨਕੀ ਦਾ ਵਿਆਹ, **6. ਮੋਦੀ ਖਾਨਾ ਸੰਭਾਲਿਆ** (ਤੁਲਸਾ, ਲਾਲੋ, ਜੈਰਾਮ, ਨਾਨਕੀ ਨਾਲ ਗੋਸਟਿ), 7. ਸੰਮਤ 1544 ਮੂਲੇ ਚੋਣੇ ਪਰ ਵਧਾਈ, ਮਰਦਾਨੇ ਨੂੰ ਆਪਣੀ ਸ਼ਰਨ ਵਿਚ ਲੈਣਾ, ਮੋਦੀਖਾਨੇ ਦਾ ਹਿਸਾਬ ਕਰਨਾ, **8. ਵਿਆਹ,** 9. **ਬਾਬੇ ਘਰ ਦੋ ਪੁੱਤਰਾਂ ਦਾ ਜਨਮ, ਵੇਈਂ ਪ੍ਰਵੇਸ਼, 10.** ਸਮਾ ਪੰਡਤ ਅਤੇ ਮੂਲੇ ਚੋਣੇ ਦੁਆਰਾ ਗੁਰੂ ਨੂੰ ਸਮਝਾਉਣਾ, 11. **ਮੂਲੇ ਚੋਣੇ ਦੀ ਨਵਾਬ ਦਉਲਤ ਖਾਂ ਨਾਲ ਭੇਂਟ, ਕਾਜੀ ਨਾਲ ਗੋਸਟਿ,** 12. ਗੁਰੂ ਨਾਨਕ ਅਤੇ ਮਰਦਾਨੇ ਦਾ ਇਕੱਠੇ ਬੇਬੇ ਨਾਨਕੀ ਘਰ ਜਾਣਾ, 13. ਰਬਾਬ ਮੰਗਾਉਣ ਦਾ ਬਿਰਤਾਂਤ, 14. ਫਿਰੰਦੇ ਰਬਾਬੀ ਨਾਲ ਗੱਲਬਾਤ, 15. ਲਾਲੋ ਨਾਲ ਸਾਖੀ, 16. **ਮਾਤਾ, ਪਿਤਾ, ਲਾਲੂ ਨਾਲ ਗੋਸਟਿ,** 17. ਬੰਗਾਲੇ ਢਾਕੇ ਨਿਕਲੇ **(ਲੰਮੀ ਉਡਾਰੀ ਕੀਤੀ),** 18. ਮਰਦਾਨੇ ਦੀ ਭੁੱਖ ਗਵਾਈ, 19. **ਝੰਡੇ ਬਾਢੀ ਵਾਲੀ ਸਾਖੀ, 20. ਕਉਰੂ ਦੇਸ਼,** 21. **ਰਾਜੇ ਸ਼ਿਵਨਾਭ ਨਾਲ ਸਾਖੀ,** 22. ਰਾਜੇ ਮਧਰਬੈਨ ਨਾਲ ਗੋਸਟਿ, 23. ਦੇਵਗੰਧਾਰ ਵਾਲੀ ਸਾਖੀ (ਰਾਜ ਦੇਵਦੂਤ), 24. ਸੋਨ ਨਗਰ (ਧਰਮ ਸਿੰਘ ਵਾਲੀ ਸਾਖੀ), 25. **ਸੁਮੇਰ ਪਰਬਤ,** 26. **ਮਕੇ ਵਿਚ ਗੋਸਟ,** 27. **ਮਦੀਨੇ ਸ਼ਹਿਰ ਵਿਚ,** 28. ਬੇਬੇ ਨਾਨਕੀ ਨੂੰ ਮਿਲਣ ਆਏ, 29. **ਸਿਧ ਮੰਡਲੀ ਵਲ ਸੁਮੇਰ ਪਰਬਤ,** 30. ਹਿਮੰਚਲ, ਊਨਾ, ਸਿਲਕਾ ਅਤੇ ਕੂੰਨਾ ਪਰਬਤ, (ਉਦਾਸੀ ਦੂਜੀ), 31. ਮੀਨਾ ਪਰਬਤ ਗਏ, 32. **ਸੁਮੇਰ ਪਰਬਤ ਆਏ,** ਕਾਗ ਭੁਸੰਡ ਨਾਲ ਸਾਖੀ, 33. ਪ੍ਰਹਲਾਦ ਭਗਤ ਵਾਲੀ ਸਾਖੀ, 34. ਧ੍ਰੂਹ ਭਗਤ ਨਾਲ ਗੋਸਟਿ, 35. ਸਾਖੀ ਵਿਸਨ ਲੋਕ ਕੀ ਚਲੀ, 36. ਸਾਖੀ ਪ੍ਰਾਣ ਅਕਾਰ ਚੜਨੇ ਕੀ ਚਲੀ (ਸ੍ਰੀ ਦੁਰਗਾ ਭਵਾਨੀ), 37. ਸਾਖੀ ਸੁੰਨਿਅਕਾਰ ਕੀ (ਸ੍ਰੀ ਨਿਰੰਜਨ ਨਿਰੰਕਾਰ), 38. ਸਾਖੀ ਸਚਖੰਡ ਕੀ, 39. ਸਾਖੀ ਧ੍ਰੂਹ ਮੰਡਲ ਆਵਣੇ ਕੀ, 40. ਸਾਖੀ 40 ਲੱਖ ਜੋਨ ਫਿਰ ਆਵਣ ਕੀ, 41. ਉਹਾਰ ਪਰਬਤ ਆਏ ਸਿੱਧਾਂ ਨਾਲ

ਸਾਖੀ ਹੋਈ, 42. ਸਾਖੀ ਉਲਕਾ ਪਰਬਤ ਦੀ, 43. ਸਾਖੀ ਚੰਦ੍ਰਭਾਨ ਦੇ ਖੂਹ ’ਤੇ ਆਉਣ ਦੀ, 44. **ਸੱਜਣ,** 45. ਖੁਰਮੇ ਸ਼ਹਿਰ ਮਰਦਾਨੇ ਦੇ ਪੁੱਤਰ ਨੂੰ ਮਰਦਾਨੇ ਦੀ ਸਮਾਧ ਦਿਖਾਉਣਾ, 46. ਕੰਧਾਰ ਸ਼ਹਿਰ ਵਾਲੀ ਸਾਖੀ, 47. ਖਤਰੇਟੇ ਨਾਲ ਸਾਖੀ ਰਾਜੇ ਜਨਕ ਦੇ ਪੁੱਤਰ ਬਿਮਲਜੋਤ ਨੂੰ ਮਿਲਣ ਲਈ ਕਹਿਣਾ, 48. ਵਲੀ ਕੰਧਾਰੀ, 49. ਕਾਬਲ ਸ਼ਹਿਰ ਆਏ, 50. ਭਾਈ ਮਾਨਚੰਦ ਨਾਲ ਸਾਖੀ, 51. ਬਾਲ ਗੁੰਦਾਈ ਦੇ ਡੇਰੇ (ਜੋਗੀਆਂ ਨਾਲ ਗੋਸਟਿ), 52. ਲਾਲੋ ਤ੍ਰਿਖਾਣ ਵਾਲੀ ਸਾਖੀ, 53. ਮੂਲੇ ਚੌਣੇ ਨਾਲ ਸਾਖੀ, 54. ਕੁਰਖੇਤ੍ਰ ਉਦਾਸੀ ਗਏ, 55. **ਦਿਲੀ ਦੀ ਸਾਖੀ,** 56. **ਬਾਬਰ ਨਾਲ ਸਾਖੀ (ਬਾਬਰਵਾਣੀ ਦਰਜ ਹੈ),** 57. ਪੱਖੋਕੇ ਰੰਧਾਵੇ, 58. ਸਾਖੀ ਮੂਲੇ ਅਤੇ ਅਜਿਤੇ ਰੰਧਾਵੇ ਨਾਲ ਹੋਈ, 59. ਸਾਖੀ ਬੂੜੇ ਨਾਲ, 60. ਮਾਨੋ ਤ੍ਰਿਖਾਣ ਨਾਲ ਸਾਖੀ, 61. ਸਾਖੀ ਉਬਾਰੇ ਖਾਨ ਨਾਲ ਹੋਈ, 62. ਸਾਖੀ ਸ਼ਾਹ ਅਦਮਾਨਾ ਨਾਲ, 63. ਸਾਖੀ ਉੱਚ ਦੀ ਧਰਤੀ ਦੀ ਹੋਈ, 64. **ਸਾਖੀ ਮਕੇ ਦੀ,** 65. ਸਾਖੀ ਗੁਸਾਈ ਨਾਰਦੁ ਦੇ ਸਿਖਾਂ ਨਾਲ ਹੋਈ, 66. **ਗੋਸਟ ਸੇਖ ਬ੍ਰਹਮ ਨਾਲ ਹੋਈ,** 67. ਸਾਖੀ ਗੁਰੂ ਬਾਬੇ ਦਾ ਉਦਾਸੀਆਂ ਤੋਂ ਤਲਵੰਡੀ ਆਉਣਾ ਪਿਤਾ ਕਾਲੂ ਅਤੇ ਮਾਤਾ ਦਾ ਚਲਾਣਾ, 68. ਕਰਤਾਰਪੁਰ ਬਾਬੇ ਦੁਆਰਾ ਵਾਸ ਕਰਨਾ, 69. **ਅੰਗਦ ਦੀ ਪ੍ਰੀਖਿਆ,** 70. ਸਾਖੀ ਗੁਰੂ ਬਾਬੇ ਨਾਨਕ ਜੀ ਕੇ ਚਲਾਣੇ ਕੀ, 71. ਸਧਾਰਣ ਨਾਲ ਸਾਖੀ, 72. ਰਿਧਾਵੀ ਜਟੀ ਵਲ ਜਾਣਾ, 73. ਅੰਗਦ ਨੂੰ ਗੁਰੂ ਥਾਪਣਾ, 74. ਅੰਗਦ ਦੁਆਰਾ ਭਾਈ ਬਾਲੇ ਦੀ ਦੇਹ ਨੂੰ ਅਲੰਬੂ ਦੇਣਾ [15]

ਐਮ. ਏ. ਮੈਕਾਲਿਫ ਨੇ ਆਪਣੀ ਪੁਸਤਕ ‘The Sikh Religion...’ ਦੀ ਭੂਮਿਕਾ ਦੇ ਸੱਤਵੇਂ ਅਧਿਆਇ ਵਿਚ ਜਨਮਸਾਖੀਆਂ ਦਾ ਵਿਸ਼ਲੇਸ਼ਣ ਕਰਦੇ ਹੋਇਆਂ ਬਾਲੇ ਦੀ ਹੋਂਦ ਬਾਰੇ ਸੰਦੇਹ ਪ੍ਰਗਟ ਕੀਤਾ ਅਤੇ ਦੱਸਿਆ ਹੈ ਕਿ ਇਸ ਜਨਮਸਾਖੀ ਦੀ ਸਿਰਜਨਾ ਹੰਦਾਲ ਦੇ ਪੁੱਤਰ ਬਿਧੀ ਚੰਦ ਦੁਆਰਾ ਸੰਨ 1640 ਈ. ਵਿਚ ਹੋਈ ਸੀ। ਇਸ ਦੀ ਰਚਨਾ ਦਾ ਮੂਲ ਉਦੇਸ਼ ਗੁਰੂ ਨਾਨਕ ਦੇ ਮੁਕਾਬਲੇ ਹੰਦਾਲ ਦੀ ਪ੍ਰਭਤਾ ਸਥਾਪਿਤ ਕਰਨਾ ਸੀ।[16]

ਉਪਰੋਕਤ ਚਾਰ ਜਨਮਸਾਖੀ ਪਰੰਪਰਾਵਾਂ ਵਿਚ ਦਰਜ ਸਾਖੀਆਂ ਦਾ **ਜਨਮਸਾਖੀ ਗੁਰ ਨਾਨਕ** ਵਿਚ ਪ੍ਰਾਪਤ ਸਾਖੀਆਂ ਦੀ ਤਰਤੀਬ ਨਾਲ ਤੁਲਨਾਤਮਕ ਅਧਿਐਨ ਕੀਤਾ ਜਾਵੇਗਾ। ਇਸ ਲਈ **ਜਨਮਸਾਖੀ ਗੁਰ ਨਾਨਕ** ਵਿਚ ਦਰਜ ਤਰਤੀਬ ਦੇ ਵੇਰਵੇ ਦਾ ਉਲੇਖ ਕਰਨਾ ਵੀ ਉਚਿਤ ਹੈ। ਜਿਵੇਂ ਕਿ **ਜਨਮਸਾਖੀ ਗੁਰ ਨਾਨਕ** ਸਬੰਧੀ ਸਪਸ਼ਟ ਹੈ ਕਿ ਇਸ ਜਨਮਸਾਖੀ ਨੂੰ **ਕੋਲਬਰੁਕ ਵਾਲੀ ਜਨਮਸਾਖੀ** ਵਜੋਂ ਜਾਣਿਆ ਜਾਂਦਾ ਹੈ।

ਇਸ ਵਿਚ ਸਾਖੀਆਂ ਦੇ ਸਿਰਲੇਖ ਅਤੇ ਲੜੀ ਨੰਬਰ ਦਰਜ ਨਹੀਂ ਕੀਤੇ ਗਏ, ਇਹ ਅਸੀਂ ਆਪਣੇ ਅਧਾਰ ’ਤੇ ਦਿਤੇ ਹਨ। ਇਸ ਹੱਥ-ਲਿਖਤ ਵਿਚ ਦਰਜ ਸਾਖੀਆਂ ਦੀ ਤਰਤੀਬ ਇਸ ਪ੍ਰਕਾਰ ਹੈ।

---

[15] **ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (ਭਾਈ ਬਾਲਾ ਵਾਲੀ ਜਨਮਸਾਖੀ),** ਪੱਤਰੇ 1-30.
[16] ਜੱਗੀ,ਰਤਨ ਸਿੰਘ, **ਉਪਰੋਕਤ**, ਪੰਨਾ 53.

1. ਜਨਮ, ਬਾਲਪਨ 2. ਪੱਟੀ ਪਾਧਾਂ 3. ਕੁੜਮਾਈ,ਵਿਆਹ 4. ਖੇਤ ਹਰਿਆ 5. ਬ੍ਰਿਛ ਦੀ ਛਾਂ ਨਾ ਫਿਰੀ, 6. ਖੇਤੀ ਸਬੰਧੀ ਮਾਤਾ ਪਿਤਾ ਨਾਲ ਗੋਸਟਿ 7. ਵੈਦ 8. ਸੁਲਤਾਨਪੁਰ ਨੂੰ ਤਿਆਰੀ 9. ਮੋਦੀਖਾਨਾ ਸੰਭਾਲਿਆ 10. ਵੇਈਂ ਪ੍ਰਵੇਸ਼ 11. ਕਾਜੀ ਨਾਲ ਗੋਸਟ 12. ਉਪਲ ਖਤ੍ਰੀ 13. ਸੇਖ ਸਜਣ 14. ਪਾਣੀਪਥ ਸੇਖ ਸਰਫ ਨਾਲ ਗੋਸਟਿ 15. ਦਿਲੀ ਮੋਇਆ ਹਾਥੀ ਜੀਵਾਇਆ 16. ਸ਼ੇਖ਼ ਬਾਜੀਦ 17. ਬਨਾਰਸ ਦੇ ਪੰਡਤ ਚਤੁਰਦਾਸ ਨਾਲ ਗੋਸਟਿ, 18. ਨਾਨਕ ਮਤੇ ਸਿਧਾ ਨਾਲ ਗੋਸਟਿ 19. ਵਣਜਾਰਿਆਂ ਦਾ ਟਾਂਡੇ 20. ਪਾਲੀ ਨੂੰ ਪਾਤਸ਼ਾਹੀ 21. ਮੁਹਰਾਂ ਦੇ ਕੋਲੇ ਤੇ ਸੂਲੀ ਤੋਂ ਸੂਲ 22. ਠੱਗਾਂ ਦਾ ਨਿਸਤਾਰਾ 23. ਕਉਰੂ ਦੇਸ਼ (ਨੂਰ ਸ਼ਾਹ ਨਿਸਤਾਰਾ) 24. ਕਲਿਯੁਗ 25. ਕੀੜ ਨਗਰ 26. ਵਸਦਾ ਰਹੇ 27. ਉਜੜ ਜਾਏ 28. ਆਸਾ ਦੇਸ 29. ਝੰਡਾ ਬਾਢੀ (ਜੁਗਾਵਲੀ) 30. ਮਰਦਾਨੇ ਦੀ ਭੁਖ ਗਵਾਈ 31. ਮਾਤਾ ਪਿਤਾ ਨਾਲ ਗੋਸਟਿ 32. ਸੇਖ ਬ੍ਰਿਹਮ ਨਾਲ ਗੋਸਟਿ 33. ਕੋਹੜੀ ਦਾ ਨਿਸਤਾਰਾ, 34. ਕਿੜੀਆ ਪਠਾਣਾ ਦੀਆ, 35. ਸੈਦਪੁਰ, 36. ਗੋਸ਼ਟਿ ਮੀਆਂ ਮਿਠਾ (ਹਾਜਰਨਾਮਾ ਨਾਮਾ) 37. ਦੁਨੀ ਚੰਦ ਨਿਸਤਾਰਾ 38. ਅਚਾਰੀ ਬ੍ਰਾਹਮਣ 39. ਵੈਰਾਗੀ ਬਾਲਕ ਨਾਲ ਗੋਸ਼ਟਿ **(ਦੂਤੀਆ ਉਦਾਸੀ ਦਖਣ ਕੀ)** 40. ਸੈਦੋ ਘੇਹੋ ਦੀ ਖੁਆਜੇ ਨਾਲ ਗੋਸਟਿ (ਵਾਰ ਮਾਝ ਸੰਪੂਰਨ) 41. ਅਨਭੀ ਸਰੇਵੜਾ 42. ਰਾਕਸ਼ ਦਾ ਨਿਸਤਾਰਾ 43. ਮਖਦੂਮ ਬਹਾਵਦੀ 44. ਨਾਥਾ ਨਾਲ ਗੋਸ਼ਟਿ 45. ਸਿੰਗਲਾਦੀਪ ਰਾਜਾ ਸ਼ਿਵਨਾਭ ਨਾਲ ਗੋਸਟਿ (ਪ੍ਰਾਣਸੰਗਲੀ) 46. ਏਕਸ ਬਾਢੀ ਦਾ ਨਿਸਤਾਰਾ **ਤ੍ਰਿਤੀਆ ਉਦਾਸੀ ਉਤਰਖੰਡ ਕੀ** 47. ਕਸਮੀਰ ਦੇ ਪੰਡਤ ਬ੍ਰਹਮਦਾਸ ਨਾਲ ਗੋਸਟਿ 48. ਸੁਮੇਰ ਪਰਬਤ **ਚਉਥੀ ਉਦਾਸੀ ਪਛਮ ਕੀ** 49. ਗੁਰੂ ਬਾਬਾ ਹੱਜ ਗਿਆ (ਕਾਜੀ ਰੁਕਨਦੀਨ ਨਾਲ ਗੋਸ਼ਟਿ) **ਪੰਜਵੀਂ ਉਦਾਸੀ** 50. ਗੋਰਖ ਹਟੜੀ 51. ਗੁਰੂ ਅੰਗਦ ਦੀ ਭਾਲ 52. ਗੋਰਖਨਾਥ ਦੁਆਰਾ ਬਚਨ, ਪ੍ਰੀਖਿਆ 53. ਮਖਦੂਮ ਬਹਾਵਦੀ ਚਲਾਣਾ 54. ਗੁਰੂ ਅੰਗਦ ਨੂੰ ਗੁਰਿਆਈ, ਸੰਗਤੀਂ ਦਰਸ਼ਨ ਨੂੰ ਆਈ 55. ਗੁਰੂ ਬਾਬੇ ਦਾ ਚਲਾਣਾ (ਰਾਗ ਆਸਾ, ਧਨਾਸਰੀ ਅਤੇ ਆਰਤੀ)[17]

ਉਕਤ ਵਰਣਿਤ ਚਾਰ ਜਨਮਸਾਖੀ ਪਰੰਪਰਾਵਾਂ ਭਾਵ: 1. ਮਿਹਰਬਾਨ ਵਾਲੀ ਜਨਮਸਾਖੀ, 2. ਜਨਮਸਾਖੀ ਗੁਰੂ ਨਾਨਕ ਦੇਵ ਜੀ ਕੀ ਭਾਈ ਬਾਲੇ ਵਾਲੀ, 3. ਆਦਿ ਸਾਖੀਆਂ, 4. ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਭਾਈ ਮਨੀ ਸਿੰਘ ਵਿਚ ਦਰਜ ਸਾਖੀਆਂ ਦੀ ਤਰਤੀਬ ਦਾ **ਜਨਮਸਾਖੀ ਗੁਰ ਨਾਨਕ** ਵਿਚ ਦਰਜ ਸਾਖੀਆਂ ਦੀ ਤਰਤੀਬ ਨਾਲ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਸਾਖੀਆਂ ਦੀ ਤੁਲਨਾ ਲਈ ਹੇਠ ਦਿਤੀ ਤਰਤੀਬ ਦਾ ਪ੍ਰਯੋਗ ਕੀਤਾ ਗਿਆ ਹੈ ਤਾਂ ਜੋ ਕਿਹੜੀ ਸਾਖੀ ਵੱਖ-ਵੱਖ ਪਰੰਪਰਾਵਾਂ ਵਿਚ ਕਿਸ ਪ੍ਰਕਾਰ ਦਰਜ ਹੈ, ਨੂੰ ਸਮਝਣ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਸਬੰਧਿਤ ਪਰੰਪਰਾ ਵਾਲੀ ਜਿਹੜੀ ਸਾਖੀ, **ਜਨਮਸਾਖੀ ਗੁਰ ਨਾਨਕ** ਦੇ ਹੱਥ-ਲਿਖਤ ਦੀ ਤਰਤੀਬ ਨਾਲ ਮੇਲ ਖਾਂਦੀ ਹੋਵੇਗੀ ਉਸ ਪਰੰਪਰਾ ਦਾ ਲੜੀ ਕ੍ਰਮ ਦਰਜ ਕਰ ਦਿੱਤਾ ਹੈ। ਤਾਂ ਜੋ ਜਿਹੜੀ ਸਾਖੀ ਦੇ **ਜਨਮਸਾਖੀ ਗੁਰ ਨਾਨਕ** ਵਾਲੇ ਖਰੜੇ ਨਾਲ ਮਿਲਦੀ ਹੈ ਉਸ ਦੀ ਪਛਾਣ ਕਰਨੀ ਸੌਖੀ ਹੋ ਜਾਵੇ। ਇਸ ਸਭ ਲਈ ਇਕ ਖਾਕਾ ਤਿਆਰ ਕੀਤਾ ਗਿਆ ਹੈ ਜਿਸ ਵਿਚ **ਜਨਮਸਾਖੀ ਗੁਰ ਨਾਨਕ** ਦਾ ਤਤਕਰਾ ਹੈ। ਉਸ ਤੋਂ ਬਾਅਦ ਚਾਰੇ ਭਾਗਾਂ ਵਿਚ ਵੱਖ-ਵੱਖ ਪਰੰਪਰਾਵਾਂ ਨੂੰ ਵੰਡ ਕੇ ਉਨ੍ਹਾਂ ਦੇ ਖਾਕੇ ਤਿਆਰ ਕਰ ਕੇ ਸਾਖੀਆਂ ਦੀ ਤਰਤੀਬ/ਕ੍ਰਮ ਨੂੰ ਪਾਠਕਾਂ ਸਾਹਮਣੇ ਲਿਆਉਣ ਦਾ ਜਤਨ ਕੀਤਾ ਹੈ।

---

[17] **ਜਨਮਸਾਖੀ ਗੁਰ ਨਾਨਕ (ਕੋਲਬਰੁਕ ਵਾਲੀ ਜਨਮਸਾਖੀ)।**

## ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 1

**ਜਨਮ,ਬਚਪਨ**

ਮਨੀ ਸਿੰਘ ਵਾਲੀ ਜਨਮਸਾਖੀ - 1

ਆਦਿ-ਸਾਖੀਆਂ - 2

ਮਿਹਰਬਾਨ ਜਨਮਸਾਖੀ - 4

ਭਾਈ ਬਾਲਾ ਪ੍ਰੰਪਰਾ - 1

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 2

**ਪੱਟੀ ਪਾਧਾਂ**

ਭਾਈ ਮਨੀ ਸਿੰਘ ਪ੍ਰੰਪਰਾ 5, 6

ਆਦਿ ਸਾਖੀਆਂ - 2

ਮਿਹਰਬਾਨ ਪ੍ਰੰਪਰਾ - 5

ਭਾਈ ਬਾਲਾ ਪ੍ਰੰਪਰਾ - 2

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 3

**ਕੁੜਮਾਈ,ਵਿਆਹ**

ਭਾਈ ਮਨੀ ਸਿੰਘ ਪ੍ਰੰਪਰਾ 15

ਆਦਿ ਸਾਖੀਆਂ - 3

ਮਿਹਰਬਾਨ ਪ੍ਰੰਪਰਾ - 11, 12

ਭਾਈ ਬਾਲਾ ਪ੍ਰੰਪਰਾ - 7,8

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 4

**ਖੇਤ ਹਰਿਆ**

ਭਾਈ ਮਨੀ ਸਿੰਘ 4 — ਮਿਹਰਬਾਨ ਵਾਲੀ ਜਨਮਸਾਖੀ - 9

ਆਦਿ ਸਾਖੀਆਂ - 3 — ਭਾਈ ਬਾਲਾ ਜਨਮਸਾਖੀ-×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 5

**ਬ੍ਰਿਛ ਦੀ ਛਾਂ ਨਾ ਫਿਰੀ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ - 13 — ਮਿਹਰਬਾਨ ਵਾਲੀ ਜਨਮਸਾਖੀ ਦਰਜ ਨਹੀ ਹੈ

ਆਦਿ ਸਾਖੀਆਂ - 4 — ਭਾਈ ਬਾਲਾ ਜਨਮਸਾਖੀ - ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 6

**ਖੇਤੀ ਸਬੰਧੀ ਮਾਤਾ ਪਿਤਾ ਨਾਲ ਗੋਸਟਿ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ ਦਰਜ ਨਹੀਂ — ਮਿਹਰਬਾਨ ਵਾਲੀ ਜਨਮਸਾਖੀ - 8

ਆਦਿ ਸਾਖੀਆਂ - 5 — ਭਾਈ ਬਾਲਾ ਜਨਮਸਾਖੀ - ×

ਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 7

**ਵੈਦ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ - 14 — ਮਿਹਰਬਾਨ ਪ੍ਰੰਪਰਾ - 15, 16

ਆਦਿ ਸਾਖੀਆਂ - 6 — ਭਾਈ ਬਾਲਾ ਜਨਮਸਾਖੀ - ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 8

**ਸੁਲਤਾਨਪੁਰ ਨੂੰ ਤਿਆਰੀ**

ਭਾਈ ਮਨੀ ਸਿੰਘ ਵਾਲੀ - 16

ਆਦਿ ਸਾਖੀਆਂ - 7

ਮਿਹਰਬਾਨ ਵਾਲੀ ਜਨਮਸਾਖੀ - 24.25.26.27

ਭਾਈ ਬਾਲਾ ਜਨਮਸਾਖੀ - 6

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 9

**ਮੋਦੀਖਾਨਾ ਸੰਭਾਲਿਆ**

ਭਾਈ ਮਨੀ ਸਿੰਘ ਵਾਲੀ - 17

ਆਦਿ ਸਾਖੀਆਂ - 8

ਮਿਹਰਬਾਨ ਪ੍ਰੰਪਰਾ - 26

ਭਾਈ ਬਾਲਾ ਜਨਮਸਾਖੀ - 11

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 10

**ਵੇਈਂ ਪ੍ਰਵੇਸ਼**

ਭਾਈ ਮਨੀ ਸਿੰਘ ਵਾਲੀ ਜਨਮਸਾਖੀ - ×

ਆਦਿ ਸਾਖੀਆਂ - 8

ਮਿਹਰਬਾਨ ਪ੍ਰੰਪਰਾ - 28,

ਭਾਈ ਬਾਲਾ ਜਨਮਸਾਖੀ - 9

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 11

**ਕਾਜੀ ਨਾਲ ਗੋਸਟ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ - ×

ਆਦਿ ਸਾਖੀਆਂ - 9

ਮਿਹਰਬਾਨ ਪ੍ਰੰਪਰਾ - 30, 31, 32, 33

ਭਾਈ ਬਾਲਾ ਜਨਮਸਾਖੀ - 11

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 12

**ਓਪਲ ਖਤ੍ਰੀ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

ਮਿਹਰਬਾਨ ਪ੍ਰੰਪਰਾ – 35, 36

ਆਦਿ ਸਾਖੀਆਂ ਵਿਚ ਦਰਜ ਨਹੀਂ

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 13

**ਸੇਖ ਸੱਜਣ**

ਭਾਈ ਮਨੀ ਸਿੰਘ ਵਾਲੀ – 28

ਮਿਹਰਬਾਨ ਵਾਲੀ ਜਨਮਸਾਖੀ – 73

16 – ਆਦਿ ਸਾਖੀਆਂ

ਭਾਈ ਬਾਲਾ ਜਨਮਸਾਖੀ – 44

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 14

**ਪਾਣੀਪਥ ਸ਼ੇਖ ਸ਼ਰਫ ਨਾਲ ਗੋਸਟਿ**

ਭਾਈ ਮਨੀ ਸਿੰਘ ਵਾਲੀ – 21

ਮਿਹਰਬਾਨ ਵਾਲੀ ਜਨਮਸਾਖੀ – 148

× – ਆਦਿ ਸਾਖੀਆਂ

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 15

**ਦਿਲੀ ਮੋਇਆ ਹਾਥੀ ਜਿਵਾਇਆ**

↑

ਭਾਈ ਮਨੀ ਸਿੰਘ ਵਾਲੀ – 22, 23

× – ਆਦਿ ਸਾਖੀਆਂ

ਮਿਹਰਬਾਨ ਪ੍ਰੰਪਰਾ – 38, 39

ਭਾਈ ਬਾਲਾ ਜਨਮਸਾਖੀ – 35

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 16

**ਸ਼ੇਖ਼ ਬਾਜੀਦ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਜਨਮਸਾਖੀ – ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 17

**ਬਨਾਰਸ ਦੇ ਪੰਡਤ ਚਤੁਰਦਾਸ ਨਾਲ ਗੋਸਟਿ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

×– ਆਦਿ ਸਾਖੀਆਂ

ਮਿਹਰਬਾਨ ਪ੍ਰੰਪਰਾ – 47, 48, 49, 50, 51

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 18

**ਨਾਨਕ ਮਤੇ ਸਿਧਾਂ ਨਾਲ ਗੋਸਟਿ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – 72

× – ਆਦਿ ਸਾਖੀਆਂ

ਮਿਹਰਬਾਨ ਪ੍ਰੰਪਰਾ – ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 19

**ਵਣਜਾਰਿਆਂ ਦੇ ਟਾਂਡੇ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – ×

ਭਾਈ ਬਾਲਾ ਜਨਮਸਾਖੀ –×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 20

**ਪਾਲੀ ਨੂੰ ਪਾਤਸ਼ਾਹੀ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ ਦਰਜ ਨਹੀਂ ਹੈ

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 21

**ਮੁਹਰਾਂ ਦੇ ਕੋਲੇ ਤੇ ਸੂਲੀ ਤੋਂ ਸੂਲ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਹਿਰਬਾਨ ਪ੍ਰੰਪਰਾ – ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 22

**ਠੱਗਾਂ ਦਾ ਨਿਸਤਾਰਾ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ - 55

× - ਆਦਿ ਸਾਖੀਆਂ

ਮਹਿਰਬਾਨ ਪ੍ਰੰਪਰਾ - 74, 91

ਭਾਈ ਬਾਲਾ ਜਨਮਸਾਖੀ - ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 23

**ਕਉਰੂ ਦੇਸ਼ (ਨੂਰ ਸ਼ਾਹ ਨਿਸਤਾਰਾ)**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ - 38

13 - ਆਦਿ ਸਾਖੀਆਂ

ਮਹਿਰਬਾਨ ਪ੍ਰੰਪਰਾ - 63

ਭਾਈ ਬਾਲਾ ਜਨਮਸਾਖੀ - 20

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 24

**ਕਲਿਯੁਗ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ - 20, 35

15 - ਆਦਿ ਸਾਖੀਆਂ

ਮਹਿਰਬਾਨ ਪ੍ਰੰਪਰਾ - 69, 70

ਭਾਈ ਬਾਲਾ ਜਨਮਸਾਖੀ - ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 25

**ਕੀੜ ਨਗਰ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਪ੍ਰੰਪਰਾ ਵਿਚ ਦਰਜ ਨਹੀਂ ਹੈ

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 26

**ਵਸਦਾ ਰਹੇ ਉਜੜ ਜਾਵੇ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਪ੍ਰੰਪਰਾ ਵਿਚ ਦਰਜ ਨਹੀਂ ਹੈ

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 27

**ਉਜੜ ਜਾਵੇ ਆਸਾ ਦੇਸ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – 150

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 28

**ਆਸਾ ਦੇਸ**

ਭਾਈ ਮਨੀ ਸਿੰਘ ਵਾਲੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ ਵਿਚ ਦਰਜ ਨਹੀਂ ਹੈ

ਭਾਈ ਬਾਲਾ ਜਨਮਸਾਖੀ – 19

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 29

**ਝੰਡਾ ਬਾਢੀ (ਜੁਗਾਵਲੀ)**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – 18

10 – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – ×

ਭਾਈ ਬਾਲਾ ਜਨਮਸਾਖੀ – 18

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 30

**ਮਰਦਾਨੇ ਦੀ ਭੁਖ ਗਵਾਈ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – 78, 79

21 – ਆਦਿ ਸਾਖੀਆਂ

ਮਹਿਰਬਾਨ ਵਾਲੀ ਜਨਮਸਾਖੀ– 142, 143, 144

ਭਾਈ ਬਾਲਾ ਜਨਮਸਾਖੀ – 16

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 31

**ਮਾਤਾ ਪਿਤਾ ਨਾਲ ਗੋਸਟਿ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ–8, 9, 91

22 – ਆਦਿ ਸਾਖੀਆਂ

ਮਹਿਰਬਾਨ ਵਾਲੀ ਜਨਮਸਾਖੀ– 149

ਭਾਈ ਬਾਲਾ ਜਨਮਸਾਖੀ – 66

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 32

**ਗੋਸ਼ਟਿ ਸੇਖ਼ ਬ੍ਰਿਹਮ ਨਾਲ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ– ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 33

**ਕੋਹੜੀ ਦਾ ਨਿਸਤਾਰਾ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – 46

×– ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ– 152

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 34

**ਕਿੜੀਆਂ ਪਠਾਣਾਂ ਦੀ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

23 – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ– 140, 141

ਭਾਈ ਬਾਲਾ ਜਨਮਸਾਖੀ – 56

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 35

**ਸੈਦਪੁਰ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ– ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 36

**ਗੋਸਟ ਮੀਆਂ ਮਿੱਠਾ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ– ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 37

**ਦੁਨੀ ਚੰਦ ਨਿਸਤਾਰਾ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

×– ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ– ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 38

**ਆਚਾਰੀ ਬ੍ਰਾਹਮਣ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ– ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 39

**ਵੈਰਾਗੀ ਬਾਲਕ ਨਾਲ ਗੋਸ਼ਟਿ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ– ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 40

ਦੂਤੀਆ ਉਦਾਸੀ ਦਖਣ ਕੀ

**ਖੁਆਜੇ ਨਾਲ ਸੈਦੋ ਘੇਹੋ ਦੀ ਗੋਸ਼ਟਿ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ - 37, 43

14 - ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ- 72

ਭਾਈ ਬਾਲਾ ਜਨਮਸਾਖੀ - ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 41

**ਅਨਭੀ ਸਰੇਵੜਾ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ - ×

× - ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ- ×

ਭਾਈ ਬਾਲਾ ਜਨਮਸਾਖੀ - ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 42

**ਰਾਕਸ਼ ਦਾ ਨਿਸਤਾਰਾ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ - ×

× - ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ - 125

ਭਾਈ ਬਾਲਾ ਜਨਮਸਾਖੀ - ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 43

**ਮਖਦੂਮ ਬਹਾਵਦੀ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ–76, 77, 78, 79

ਭਾਈ ਬਾਲਾ ਜਨਮਸਾਖੀ – 21

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 44

**ਨਾਥਾਂ ਨਾਲ ਗੋਸ਼ਟਿ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 45

**ਸਿੰਗਲਾਦੀਪ ਰਾਜੇ ਸ਼ਿਵਨਾਭ ਨਾਲ ਗੋਸ਼ਟਿ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – 50

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 46

**ਬਾਢੀ ਦਾ ਨਿਸਤਾਰਾ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

19 – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – 11, 8, 19, 20, 121, 122, 123, 124, 126

ਭਾਈ ਬਾਲਾ ਜਨਮਸਾਖੀ – 25, 29, 32

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 47

(ਤ੍ਰਿਤੀਆ ਉਦਾਸੀ ਉਤਰਖੰਡ ਕੀ)

**ਕਸ਼ਮੀਰ ਦੇ ਪੰਡਤ ਬ੍ਰਿਹਮਦਾਸ ਨਾਲ ਗੋਸ਼ਟਿ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – 82

20 – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – 137

ਭਾਈ ਬਾਲਾ ਜਨਮਸਾਖੀ–26, 27, 64

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 48

**ਸੁਮੇਰ ਪਰਬਤ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 49

(ਚਉਥੀ ਉਦਾਸੀ)

**ਕਾਜੀ ਰੁਕਨਦੀਨ ਨਾਲ ਗੋਸ਼ਟਿ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – 106

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – ×

ਭਾਈ ਬਾਲਾ ਜਨਮਸਾਖੀ – 69

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 50

(ਪੰਜਵੀਂ ਉਦਾਸੀ)

**ਗੋਰਖ ਹਟੜੀ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

36, 37 – ਆਦਿ –

ਮਿਹਰਬਾਨ ਵਾਲੀ ਜਨਮਸਾਖੀ – ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 51

**ਅੰਗਦ ਦੀ ਭਾਲ**

↑

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×

× – ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – ×

ਭਾਈ ਬਾਲਾ ਜਨਮਸਾਖੀ – ×

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 52

**ਲਹਿਣੇ ਤੋਂ ਅੰਗਦ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ - 110

45 - ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ - ×

ਭਾਈ ਬਾਲਾ ਜਨਮਸਾਖੀ - 73

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 53

**ਮਖਦੂਮ ਬਹਾਵਦੀ ਦਾ ਚਲਾਣਾ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ - ×

46 - ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ - 153

ਭਾਈ ਬਾਲਾ ਜਨਮਸਾਖੀ - 70

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 54

**ਗੁਰੂ ਅੰਗਦ ਨੂੰ ਗੁਰਿਆਈ ਸੰਗਤੀਂ ਦਰਸ਼ਨ ਨੂੰ ਆਈ**

ਭਾਈ ਮਨੀ ਸਿੰਘ ਵਾਲੀ ਜਨਮਸਾਖੀ - ×

47- ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ - 155

ਭਾਈ ਬਾਲਾ ਜਨਮਸਾਖੀ - 78

ਜਨਮਸਾਖੀ ਗੁਰ ਨਾਨਕ ਵਿਚ ਦਰਜ

ਸਾਖੀ 55

**ਬਾਬੇ ਦਾ ਚਲਾਣਾ**

**(ਰਾਗ ਆਸਾ, ਧਨਾਸਰੀ ਅਤੇ ਆਰਤੀ)**

ਭਾਈ ਮਨੀ ਸਿੰਘ ਵਾਲੀ ਜਨਮਸਾਖੀ – ×


48– ਆਦਿ ਸਾਖੀਆਂ

ਮਿਹਰਬਾਨ ਵਾਲੀ ਜਨਮਸਾਖੀ – 157

ਭਾਈ ਬਾਲਾ ਜਨਮਸਾਖੀ – 77

ਉਪਰੋਕਤ ਸਾਰਣੀ ਦੇ ਅਧਾਰ ’ਤੇ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਜਨਮਸਾਖੀ ਪਰੰਪਰਾਵਾਂ ਵਿਚ ਕਿਹੜੀਆਂ ਸਾਖੀਆਂ **ਜਨਮਸਾਖੀ ਗੁਰ ਨਾਨਕ** ਵਿਚਲੀ ਤਰਤੀਬ ਨਾਲ ਮੇਲ ਖਾਂਦੀਆਂ ਹਨ। ਜਿਹੜੀਆਂ ਸਾਖੀਆਂ ਕਿਸੇ ਪਰੰਪਰਾ ਵਿਚ ਦਰਜ ਨਹੀਂ ਹਨ ਉਨ੍ਹਾਂ ਦੇ ਅੱਗੇ (*) ਅੰਕਿਤ ਕੀਤਾ ਗਿਆ ਹੈ। ਇਥੇ ਇਕ ਤੱਥ ਹੋਰ ਸਪੱਸ਼ਟ ਹੁੰਦਾ ਹੈ ਕਿ ਸਾਖੀਆਂ ਕੋਈ ਮੁੱਢੋਂ ਸੁੱਢੋਂ ਹੀ ਘੜੀਆਂ ਨਹੀਂ ਗਈਆਂ ਪਰੰਤੂ ਇਨ੍ਹਾਂ ਦੀ ਵੀ ਆਪਣੀ ਇਕ ਸਰੰਚਨਾ ਹੈ। ਉਹ ਬੁਨਿਆਦੀ ਸੰਰਚਨਾ ਇਹ ਹੈ ਕਿ ਭਾਵੇਂ ਇਹਨਾਂ ਦਾ ਵਿਕਾਸ ਕ੍ਰਮ ਲੋਕਬਾਣੀ ਹੀ ਰਿਹਾ ਹੈ ਪਰੰਤੂ ਸਮੇਂ ਦੇ ਨਾਲ-ਨਾਲ ਇਨ੍ਹਾਂ ਨੇ ਆਪਣਾ ਲਿਖਤੀ ਰੂਪ ਲੈਣਾ ਆਰੰਭ ਕਰ ਦਿੱਤਾ ਸੀ।

ਕਿਸੇ ਵੀ ਸਾਖੀ ਦੀ ਸੰਰਚਨਾ ਸਾਖੀ ਦੇ ਸਮੁੱਚੇ ਪ੍ਰਭਾਵ ਲਈ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਬਣਤਰ ਹੀ ਕਿਸੇ ਲਿਖਤ ਦਾ ਅਜਿਹਾ ਪੱਖ ਹੁੰਦਾ ਹੈ ਜੋ ਪਾਠਕ ’ਤੇ ਆਪਣੀ ਛਾਪ ਛੱਡਣ ਵਿਚ ਸਹਾਈ ਹੁੰਦਾ ਹੈ। ਇਸੇ ਪ੍ਰਕਾਰ ਸਾਖੀ ਦੀ ਸੰਰਚਨਾ ਵੀ ਕੁਝ ਇਸੇ ਪ੍ਰਕਾਰ ਦੀ ਹੀ ਹੈ।



ਜਨਮਸਾਖੀ ਸਾਖੀ ਅਧੀਨ ਕਿਸੇ ਵੀ ਸਾਖੀ ਨੂੰ ਵੇਖ ਲਿਆ ਜਾਵੇ ਤਾਂ ਹਰ ਸਾਖੀ ਇਸੇ ਸੰਰਚਨਾਤਮਕ ਅਧਾਰ ਨੂੰ ਪ੍ਰਵਾਨਿਤ ਕਰਕੇ ਹੀ ਉਕਰੀ ਗਈ ਹੈ।[18]

ਤੁਲਨਾਤਮਕ ਅਧਿਐਨ ਦੇ ਅਧਾਰ 'ਤੇ ਇਕ ਵਾਰ ਫੇਰ ਇਹ ਸਪੱਸਟ ਕਰ ਦੇਣਾ ਜਰੂਰੀ ਹੈ ਕਿ ਭਾਵੇਂ ਸਾਹਿਤ ਇਤਿਹਾਸਕਾਰਾਂ ਕੋਲ ਕਿਸੇ ਵੀ ਜਨਮਸਾਖੀ ਖਰੜੇ ਦੀ ਲਿਖਣ ਮਿਤੀ ਸਬੰਧੀ ਸਪੱਸ਼ਟਤਾ ਨਹੀਂ ਹੈ ਪਰੰਤੂ ਇਹ ਵਿਧਾ ਕਿਸੇ ਇਕ ਪੱਧਰ ਤੋਂ ਹੀ ਅੱਡ-ਅੱਡ ਪੱਧਰਾਂ ਤੱਕ ਫੈਲੀ ਹੈ। ਤੁਲਨਾਤਮਕ ਪ੍ਰਕਿਰਿਆ ਦੇ ਅਧੀਨ ਉਹ ਸਾਖੀਆਂ ਜਿਹੜੀਆਂ **ਜਨਮਸਾਖੀ ਗੁਰ ਨਾਨਕ (ਕੋਲਬਰੁਕ ਵਾਲੀ ਜਨਮਸਾਖੀ)** ਨਾਲ ਮੇਲ ਖਾਂਦੀਆਂ ਹਨ: ਉਹਨਾਂ ਦੀ ਤਰਤੀਬ ਇਸ ਪ੍ਰਕਾਰ ਹੈ:

ਸਾਖੀ 1: ਜਨਮ

ਸਾਖੀ 2: ਬਾਲਪਨ

ਸਾਖੀ 8: ਸੁਲਤਾਨਪੁਰ ਨੂੰ ਤਿਆਰੀ

ਸਾਖੀ 13: ਸੇਖ ਸਜਣ

ਸਾਖੀ 23: ਕਉਰੂ ਦੇਸ ਨੂਰਸ਼ਾਹ ਨਿਸਤਾਰਾ

ਸਾਖੀ 51: ਕਾਜੀ ਰੁਕਨਦੀਨ ਨਾਲ ਗੋਸਟਿ[19]

ਇਹ ਸਾਖੀਆਂ ਸਾਰੀਆਂ ਪਰੰਪਰਾਵਾਂ ਵਿਚ ਪ੍ਰਾਪਤ ਹੁੰਦੀਆਂ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਜਨਮਸਾਖੀ ਪਰੰਪਰਾ ਜਦ ਮੌਖਿਕ ਤੌਰ 'ਤੇ ਵਿਕਾਸ ਕਰ ਰਹੀ ਸੀ ਤਾਂ ਲਿਖਤੀ ਹੋਂਦ ਅਖ਼ਤਿਆਰ ਕਰਨ ਸਮੇਂ ਸ਼ਰਧਾਲੂ ਭਗਤਾਂ ਨੇ ਆਪਣੇ ਆਸ਼ੇ ਅਨੁਸਾਰ ਗੁਰੂ ਜੀ ਦੀ ਵਡਿੱਤਣ ਨੂੰ ਦਰਸਾਉਣ ਲਈ ਹੋਰ ਸਾਖੀਆਂ ਨਾਲ-ਨਾਲ ਦਰਜ ਕਰਨੀਆਂ ਸ਼ੁਰੂ ਕਰ ਦਿਤੀਆਂ। ਅਜਿਹਾ ਕਰਨ ਪਿੱਛੇ ਲੇਖਕ ਦਾ ਮਨਸ਼ਾ ਕੇਵਲ ਏਨਾ ਹੀ ਸੀ ਕਿ ਉਹ ਧਾਰਮਿਕ ਉੱਚਤਾ, ਮਰਿਆਦਾ ਨੂੰ ਸਥਾਪਿਤ ਕਰੇ।

[18] ਮਨਜੀਤ ਸਿੰਘ, **ਜਨਮਸਾਖੀ/ਮਿਥ ਵਿਗਿਆਨ**, ਪੰਨਾ 93.
[19] **ਜਨਮਸਾਖੀ ਗੁਰ ਨਾਨਕ(ਕੋਲਬਰੁਕ ਵਾਲੀ ਜਨਮਸਾਖੀ)**

# ਪੁਰਾਤਨ ਜਨਮਸਾਖੀ ਵਿੱਚ ਦਰਜ ਕੱਚੀ – ਬਾਣੀ : ਸ੍ਰੋਤ ਤੇ ਸਰੋਕਾਰ

ਕੱਚੀ ਬਾਣੀ ਮੂਲ-ਰੂਪ ਵਿਚ ਉਹ ਰਚਨਾ ਜਾਂ ਰਚਨਾਵਾਂ ਹਨ ਜੋ ਨਾਨਕ-ਛਾਪ ਹੇਠ ਸਿੱਖ ਗੁਰੂ ਸਹਿਬਾਨ ਦੀਆਂ ਰਚਨਾਵਾਂ ਦੇ ਤੌਰ 'ਤੇ ਠੇਲ੍ਹੀਆਂ ਗਈਆਂ ਹਨ। ਐਸੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਕੋਈ ਸਥਾਨ ਪ੍ਰਾਪਤ ਨਹੀਂ ਕਿਉਂਕਿ 'ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ' ਦੇ ਸਿਧਾਂਤ ਅਨੁਸਾਰ ਜਿਸ ਸ਼ਬਦ ਦਾ ਉਚਾਰਨ ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਨਹੀਂ ਹੋਇਆ ਉਸ ਨੂੰ ਬਾਣੀ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ।[1] ਯਥਾ ਗੁਰੂ ਸਾਹਿਬ ਦੁਆਰਾ ਉਚਾਰੀ ਬਾਣੀ ਨੂੰ ਸੱਚੀ ਬਾਣੀ ਤੇ ਉਨ੍ਹਾਂ ਦੇ ਨਾਮ ਹੇਠ ਪ੍ਰਚਾਰੀਆਂ ਅਪ੍ਰਮਾਣੀਕ ਰਚਨਾਵਾਂ ਨੂੰ ਕੱਚੀ-ਬਾਣੀ ਕਿਹਾ ਜਾਂਦਾ ਹੈ।ਪਹਿਲੇ ਗੁਰੂ ਅਰਜਨ ਦੇਵ ਨੇ 1604 ਈ. ਵਿਚ ਆਦਿ ਗ੍ਰੰਥ ਦੀ ਸੰਪਾਦਨਾ ਦੇ ਮੌਕੇ ਤੇ ਫਿਰ 1706 ਈ. ਵਿਚ ਸਿੱਖ ਧਰਮ ਗ੍ਰੰਥ ਨੂੰ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸੰਪੂਰਨਤਾ ਪ੍ਰਦਾਨ ਕਰਨ ਵੇਲੇ ਅਜਿਹੀਆਂ ਸਭ ਰਚਨਾਵਾਂ ਨੂੰ ਸਿੱਖ ਧਰਮ ਗ੍ਰੰਥ ਵਿਚ ਪ੍ਰਵੇਸ਼ ਪਾਉਣ ਤੋਂ ਸਦਾ ਲਈ ਰੋਕ ਦਿੱਤਾ ਸੀ। ਫਿਰ ਵੀ ਦੇਖਣ ਵਿਚ ਆਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ ਤੇ ਗੁਰਬਾਣੀ ਦੀਆਂ ਹੱਥ-ਲਿਖਤ ਪੋਥੀਆਂ ਤੇ ਖਰੜਿਆਂ ਵਿਚ ਨਾਨਕ-ਛਾਪ ਅਧੀਨ ਕੁੱਝ ਐਸੀਆਂ ਰਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਦਾ ਕਰਤਿਤਵ ਸੰਦਿਗਧ ਹੈ। ਪੁਰਾਤਨ ਜਨਮਸਾਖੀ ਦੀਆਂ ਵੱਖੋ-ਵੱਖਰੀਆਂ ਸਾਖੀਆਂ ਵਿਚ ਵੀ ਨਾਨਕ-ਛਾਪ ਹੇਠ ਕੱਚੀ-ਬਾਣੀ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੇ ਸ਼ਬਦ, ਸਲੋਕ ਤੇ ਲੰਮੀਆਂ ਰਚਨਾਵਾਂ ਮਿਲਦੀਆਂ ਹਨ। ਪੁਰਾਤਨ ਜਨਮਸਾਖੀ ਵਿਚ ਪ੍ਰਾਪਤ ਇਸ ਕੱਚੀ-ਬਾਣੀ ਨੂੰ ਖੋਜਣ ਤੋਂ ਪਹਿਲੇ ਕੱਚੀ-ਬਾਣੀ ਦੀ ਉਤਪਤੀ ਤੇ ਉਦੇਸ਼ ਦੇ ਵਿਸ਼ੇ ਉਪਰ ਵਿਚਾਰ ਕਰਨੀ ਉਚਿਤ ਜਾਪਦੀ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੇ ਸਿੱਖ ਧਰਮ ਨੂੰ ਆਪਣੇ ਮੁੱਢਲੇ ਦਿਨਾਂ ਵਿਚ ਹੀ ਗੁਰਿਆਈ ਦੇ ਦਾਅਵੇਦਾਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣਾ ਉਤਰਾਧਿਕਾਰੀ ਭਾਈ ਲਹਣੇ ਨੂੰ, ਉਸ ਦੀ ਸੇਵਾ-ਭਾਵਨਾ, ਗੁਰੂ ਪ੍ਰਤੀ ਪ੍ਰਤਿਬਧਤਾ ਅਤੇ ਗੁਰ ਸਿਧਾਂਤ ਪ੍ਰਤੀ ਨਿਸ਼ਠਾ ਤੇ ਇਸ ਨੂੰ ਅੱਗੋਂ ਪ੍ਰਚਾਰਨ ਦੀ ਰੁਚੀ ਅਤੇ ਯੋਗਤਾ ਨੂੰ ਧਿਆਨ ਵਿਚ ਰੱਖਦੇ ਹੋਏ ਚੁਣਿਆ ਸੀ। ਉਨ੍ਹਾਂ ਨੇ ਉਤਰਾਧਿਕਾਰੀ ਸੰਬੰਧੀ ਪਿਤਾ-ਪੁਰਖੀ ਪਰੰਪਰਾ/ਸਿਧਾਂਤ ਨੂੰ ਲਾਂਭੇ ਕਰਦੇ ਹੋਏ ਯੋਗਤਾ ਨੂੰ ਪਹਿਲ ਦਿੱਤੀ ਸੀ। ਆਪਣੇ ਜਾਇਜ਼ ਉਤਰਾਧਿਕਾਰੀ ਦੀ ਚੋਣ ਕਰਨ ਹਿਤ ਉਨ੍ਹਾਂ ਨੇ ਆਪਣੇ ਪੁੱਤਰਾਂ ਤੇ ਕਰੀਬੀ ਸਿੱਖਾਂ ਦੀ ਪਰੀਖਿਆ ਵੀ ਲਈ ਸੀ। ਅੰਤ ਗੁਰਿਆਈ ਭਾਈ ਲਹਣੇ ਨੂੰ ਬਖਸ਼ੀ ਸੀ। ਉਹ ਗੁਰੂ ਅੰਗਦ ਵਜੋਂ ਪ੍ਰਸਿੱਧ ਹੋਏ।ਗੁਰੂ ਬਾਬੇ ਦੁਆਰਾ ਗੁਰੂ ਅੰਗਦ ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤੇ ਜਾਣ ਤੋਂ ਗੁਰੂ ਸਾਹਿਬ ਦੇ ਪੁੱਤਰ ਵਿਸ਼ੇਸ਼ ਕਰਕੇ ਬਾਬਾ ਸ੍ਰੀ ਚੰਦ ਬੜਾ ਨਾਖੁਸ਼ ਸੀ। ਬਾਬਾ ਸ੍ਰੀ ਚੰਦ ਸਿੱਖ ਮੱਤ ਦਾ ਪ੍ਰਚਾਰ ਆਪਣੇ ਢੰਗ ਨਾਲ ਕਰਨਾ ਲੋਚਦਾ ਸੀ ਜਿਸ ਵਿਚ ਬ੍ਰਹਮਚਰਯ ਤੇ ਸੰਨਿਆਸ ਉੱਪਰ ਵਧੇਰੇ ਬਲ ਸੀ। ਗੁਰੂ ਬਾਬੇ ਦਾ ਪੁੱਤਰ

---

[1]ਕਾਨ੍ਹ ਸਿੰਘ ਨਾਭਾ, **ਗੁਰਸ਼ਬਦ ਰਤਨਾਕਰ ਮਹਾਨਕੋਸ਼**,ਪੰਨਾ 289.

ਹੋਣ ਕਰਕੇ ਉਹ ਆਪਣੇ ਆਪ ਨੂੰ ਗੁਰਿਆਈ ਦਾ ਵਾਰਿਸ ਸਮਝਦਾ ਸੀ। ਇਤਿਹਾਸ ਗਵਾਹ ਹੈ ਕਿ ਉਸ ਨੇ ਆਪਣੇ ਆਪ ਨੂੰ ਧਾਰਮਿਕ ਨੇਤਾ ਸਥਾਪਿਤ ਕਰਨ ਹਿਤ ਆਪਣੇ ਪੈਰੋਕਾਰਾਂ ਦੀ ਇਕ ਜਮਾਤ ਇਕੱਠੀ ਕਰ ਲਈ ਸੀ, ਜਿਸ ਤੋਂ ਸਿੱਖ ਮੱਤ ਵਿਚ ਉਦਾਸੀ ਨਾਮ ਦੀ ਪਹਿਲੀ ਸੰਪ੍ਰਦਾਇ ਉਤਪੰਨ ਹੋਈ। ਗੁਰੂ ਅੰਗਦ ਤੇ ਉਨ੍ਹਾਂ ਦੇ ਉਤਰਾਧਿਕਾਰੀ, ਗੁਰੂ ਅਮਰਦਾਸ ਨੂੰ ਸਿੱਖ ਧਰਮ ਦੀ ਸਿਧਾਂਤਕ ਮੌਲਿਕਤਾ ਤੇ ਸਿੱਖਾਂ ਵਿਚ ਸਮਾਜਿਕ ਏਕਤਾ ਨੂੰ ਬਰਕਰਾਰ ਰੱਖਣ ਲਈ ਬਹੁਤ ਮਿਹਨਤ ਕਰਨੀ ਪਈ।ਗੁਰੂ ਅਮਰਦਾਸ ਨੇ ਸਿੱਖਾਂ ਨੂੰ ਉਦਾਸੀ ਮੱਤ ਵਿਚ ਕੋਈ ਰੁਚੀ ਨਾ ਰੱਖਣ ਦੀ ਪ੍ਰੇਰਨਾ ਵੀ ਦਿੱਤੀ।[2] ਇਉਂ ਜਾਪਦਾ ਹੈ ਕਿ ਗੁਰੂ ਅਮਰਦਾਸ ਦੇ ਸਮੇਂ ਉਦਾਸੀ ਸੰਪ੍ਰਦਾਇ ਦੇ ਹਲਕਿਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਮ ਹੇਠ ਕੁੱਝ ਅਪ੍ਰਮਾਣਿਕ ਰਚਨਾਵਾਂ ਪ੍ਰਚਾਰੀਆਂ ਜਾ ਰਹੀਆਂ ਸਨ।ਇਸ ਸੰਬੰਧੀ ਸਿੱਖਾਂ ਨੂੰ ਸਾਵਧਾਨ ਕਰਨ ਦੇ ਉਦੇਸ਼ ਨਾਲ ਉਨ੍ਹਾਂ ਫੁਰਮਾਇਆ:

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥

ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥[3]

ਉਪਰੋਕਤ ਤੋਂ ਸਾਫ ਜ਼ਾਹਿਰ ਹੈ ਕਿ ਸਿੱਖ ਹਲਕਿਆਂ ਵਿਚ ਕੁੱਝ ਅਨਸਰਾਂ ਦੁਆਰਾ ਐਸੀਆਂ ਰਚਨਾਵਾਂ ਪ੍ਰਚਾਰੀਆਂ ਜਾ ਰਹੀਆਂ ਸਨ ਜੋ ਅਪ੍ਰਮਾਣਿਕ ਸਨ ਭਾਵ ਕੱਚੀ-ਬਾਣੀ ਦਾ ਦਰਜਾ ਰੱਖਦੀਆਂ ਸਨ। ਗੁਰਬਾਣੀ ਜਾਂ ਸਿੱਖ ਸਿਧਾਂਤ ਨੂੰ ਦੂਸ਼ਿਤ ਕਰਨ ਜਾਂ ਇਸ ਵਿਚ ਰਲਾਵਟ ਨੂੰ ਰੋਕਣ ਲਈ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਪ੍ਰੇਰਨਾ ਦਿੱਤੀ ਕਿ ਉਨ੍ਹਾਂ ਲਈ ਸਿਰਫ ਗੁਰੂ ਨਾਨਕ ਦੀ ਪੱਧਤੀ ਵਿਚ ਜਾਇਜ਼ ਉਤਰਾਧਿਕਾਰੀਆਂ ਦੁਆਰਾ ਰਚੀ ਬਾਣੀ ਹੀ ਮੰਨਣਯੋਗ ਹੈ:

ਆਵਹੁ ਸਿਖ ਸਤਿਗੁਰੂ ਕੇ ਪਿਆਰੋ ਗਾਵਹੁ ਸਚੀ ਬਾਣੀ॥

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ॥[4]

ਉਪਰੋਕਤ ਦੇ ਆਧਾਰ 'ਤੇ ਅਸੀਂ ਇਸ ਸਿੱਟੇ ਉਤੇ ਪਹੁੰਚਦੇ ਹਾਂ ਕਿ ਸੱਚੀ-ਬਾਣੀ ਦੇ ਮੁਕਾਬਲੇ ਕੱਚੀ- ਬਾਣੀ ਵੀ ਪ੍ਰਚਾਰਨ ਦਾ ਜਤਨ ਕੀਤਾ ਗਿਆ। ਗੁਰੂ ਸਾਹਿਬਾਨ ਦੀ ਦ੍ਰਿੜਤਾ ਤੇ ਸਾਵਧਾਨੀ ਨਾਲ ਰੋਕਣ ਦਾ ਉਦਮ ਵੀ ਕੀਤਾ ਗਿਆ।ਗੁਰੂ ਅਮਰਦਾਸ ਦੇ ਗੁਰਿਆਈ ਕਾਲ ਤੱਕ ਜੇਕਰ ਕੋਈ ਸਿੱਖ ਪੰਥ ਦੀ ਮੁੱਖ-ਧਾਰਾ ਦੇ ਸਮਾਨੰਤਰ ਆਪਣੀ ਸੰਪ੍ਰਦਾਇ ਚਲਾ ਰਿਹਾ ਸੀ ਤਾਂ ਉਹ ਸਿਰਫ ਬਾਬਾ ਸ੍ਰੀ ਚੰਦ ਸੀ। ਦੂਜੇ ਸਬਦਾਂ ਵਿਚ ਕੱਚੀ- ਬਾਣੀ ਦੀ ਉਤਪਤੀ ਦਾ ਪਹਿਲਾ ਅੱਡਾ ਉਦਾਸੀਆਂ ਦਾ ਕੇਂਦਰ ਸੀ ਜਿਥੋਂ ਕੱਚੀ-ਬਾਣੀ ਅੱਗੋਂ ਪ੍ਰਚਾਰਨੀ ਅਰੰਭ ਹੋਈ। ਇਉਂ ਸਿੱਖ ਧਾਰਮਿਕ ਸਾਹਿਤ ਵਿਚ ਕੁਝ ਐਸੀਆਂ ਰਚਨਾਵਾਂ ਰਤਨਮਾਲਾ,

---

[2] Balwant singh Dhillon, *Early Sikh Scriptural Tradition*, p.46.
[3] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 920.
[4] **ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨੇ 1174-75.

ਪ੍ਰਣਸੰਗਲੀ ਆਦਿ ਜੋ ਨਾਨਕ ਛਾਪ ਹੇਠ ਪ੍ਰਚਲਿਤ ਕੀਤੀਆਂ ਗਈਆਂ ਉਨ੍ਹਾਂ ਵਿਚ ਬਾਬਾ ਸ੍ਰੀ ਚੰਦ ਦੀ ਰੁਚੀ ਅਨੁਸਾਰ ਸੰਨਿਆਸ, ਹਠ-ਯੋਗ ਆਦਿ ਉਪਰ ਵਧੇਰੇ ਜ਼ੋਰ ਸੀ।

ਕੱਚੀ-ਬਾਣੀ ਦੀ ਉਤਪਤੀ ਤੇ ਪ੍ਰਚਾਰ ਬਾਬਾ ਸ੍ਰੀ ਚੰਦ ਦੀ ਸੰਪ੍ਰਦਾਇ ਉਦਾਸੀਆਂ ਤੱਕ ਹੀ ਸੀਮਿਤ ਨਹੀਂ ਸੀ ਕਿਉਂਕਿ ਬਾਅਦ ਵਿਚ ਗੁਰੂ ਰਾਮਦਾਸ ਤੇ ਗੁਰੂ ਅਰਜਨ ਨੂੰ ਵੀ ਸਿੱਖ ਧਰਮ ਵਿਚ ਫੁੱਟ-ਪਾਊ ਅਨਸਰਾਂ ਦੀ ਵਿਰੋਧਤਾ ਸਹਿਣ ਕਰਨੀ ਪਈ। ਗੁਰੂ ਰਾਮਦਾਸ ਜੀ ਦੀ ਗੁਰਿਆਈ ਨੂੰ ਗੁਰੂ ਅਮਰਦਾਸ ਦਾ ਵੱਡਾ ਪੁੱਤਰ ਬਾਬਾ ਮੋਹਨ ਗੁਰੂ ਰਾਮਦਾਸ ਨੂੰ ਗੁਰੂ ਮੰਨਣ ਲਈ ਤਿਆਰ ਨਹੀਂ ਸੀ।ਭਾਈ ਗੁਰਦਾਸ ਅਨੁਸਾਰ ਉਹ ਇਸ ਸਦਮੇ ਦੇ ਕਾਰਣ ਆਪਣਾ ਮਾਨਸਿਕ ਸੰਤੁਲਨ ਵੀ ਗਵਾ ਬੈਠਾ ਸੀ।[5] ਗੋਇੰਦਵਾਲ ਵਿਚ ਆਪਣੀ ਪਿਤਾ-ਪੁਰਖੀ ਗੱਦੀ ਸਥਾਪਿਤ ਕਰਨ ਦੇ ਆਹਰ ਵਿਚ ਉਸ ਦਾ ਪੁੱਤਰ ਸਹੰਸਰ ਰਾਮ ਗੁਰਬਾਣੀ ਦੀਆਂ ਪੋਥੀਆਂ ਲਿਖਣ ਦੇ ਨਾਲ-ਨਾਲ, 'ਨਾਨਕ-ਛਾਪ' ਹੇਠ ਕੱਚੀ-ਬਾਣੀ ਦੀਆਂ ਰਚਨਾਵਾਂ ਵੀ ਲਿਖੀ ਜਾ ਰਿਹਾ ਸੀ।[6] ਗੁਰਬਾਣੀ ਵਿਚ ਇਸ ਰੱਲੇ ਨੂੰ ਠੱਲ੍ਹ ਪਾਉਣ ਲਈ ਗੁਰੂ ਰਾਮਦਾਸ ਨੇ ਸਿੱਖਾਂ ਨੂੰ ਬਹੁਤ ਸਾਵਧਾਨ ਰਹਿਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਲਿਖਿਆ ਕਿ ਗੁਰੂ ਦੀ ਰੀਸ ਕਰਦਿਆਂ ਕੁੱਝ ਨਾਮ-ਧਰੀਕ ਗੁਰੂ ਸਿੱਖਾਂ ਨੂੰ ਕੱਚੀ-ਬਾਣੀ ਰਾਹੀਂ ਵਰਗਲਾਉਣ ਦਾ ਬੇਲੋੜਾ ਜਤਨ ਕਰ ਰਹੇ ਹਨ:

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਾਣੀਐ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥
ਓਨਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ।[7]

ਗੁਰੂ ਅਰਜਨ ਦੇਵ ਦੀ ਗੁਰਿਆਈ ਨੂੰ ਚੁਣੌਤੀ ਦੇਣ ਵਾਲਾ ਉਨ੍ਹਾਂ ਦਾ ਵੱਡਾ ਭਾਈ ਪ੍ਰਿਥੀ ਚੰਦ ਬਹੁਤ ਸਰਗਰਮ ਸੀ।ਉਸ ਨੇ ਆਪਣੇ ਆਪ ਨੂੰ  ਗੁਰੂ ਸਥਾਪਿਤ ਕਰਨ ਲਈ ਮੁਗ਼ਲ ਅਧਿਕਾਰੀਆਂ ਨਾਲ ਸਾਜ਼-ਬਾਜ਼ ਵੀ ਕੀਤਾ ਅਤੇ ਸਿੱਖ ਧਰਮ ਦੇ ਪ੍ਰਚਾਰਕਾਂ-ਮਸੰਦਾਂ,ਰਬਾਬੀਆਂ ਤੇ ਭੱਟਾਂ ਨੂੰ ਵੀ ਆਪਣੇ ਨਾਲ ਰਲਾਉਣ ਦਾ ਭਰਪੂਰ ਜਤਨ ਕੀਤਾ।ਉਸ ਦੇ ਮੱਕਰ-ਫਰੇਬ ਨੂੰ ਗੁਰੂ ਰਾਮਦਾਸ ਬਹੁਤ ਨਾ-ਪਸੰਦ ਕਰਦੇ ਸਨ। ਉਸ ਦੀਆਂ ਛਲ-ਦੰਭ ਵਾਲੀਆਂ ਗਤੀਵਿਧੀਆਂ ਕਾਰਣ ਹੀ ਉਸ ਨੂੰ 'ਮੀਣਾ' ਦੀ ਸੰਗਿਆ ਦਿੱਤੀ ਸੀ। ਉਸ ਬਾਰੇ ਭਾਈ ਗੁਰਦਾਸ ਦਾ ਕਥਨ ਹੈ ਕਿ:

ਮੀਣਾ ਹੋਆ ਪਿਰਥੀਆ ਕਰਿ ਕਰਿ ਤੋਢਕ ਬਰੁਲ ਚਲਾਇਆ।[8]

ਇਸ ਤੋਂ ਸੰਕੇਤ ਮਿਲਦਾ ਹੈ ਕਿ ਪ੍ਰਿਥੀ ਚੰਦ ਬਹੁਤ ਅਪ੍ਰਮਾਣੀਕ ਗੱਲਾਂ ਪ੍ਰਚਾਰ ਰਿਹਾ ਸੀ। ਉਸ ਨੇ ਗੁਰੂ ਅਰਜਨ ਦੇਵ ਜੀ ਦੇ ਸਾਮਾਨੰਤਰ ਆਪਣੇ ਸਹੁਰੇ ਪਿੰਡ, ਹੇਹਰ ਵਿਚ ਆਪਣੀ ਗੱਦੀ ਸਥਾਪਿਤ ਕਰ ਲਈ

---

[5] **ਵਾਰਾਂ ਭਾਈ ਗੁਰਦਾਸ**, ਵਾਰ 26, ਪਉੜੀ 33.
[6] Balwant Singh Dhillon, *op.cit.* pp.122-127.
[7] **ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ 304
[8] **ਵਾਰਾਂ ਭਾਈ ਗੁਰਦਾਸ**, ਵਾਰ 26, ਪਉੜੀ 33.

ਸੀ। ਇਸ ਉਪਰੰਤ ਉਸ ਦੇ ਪੁੱਤਰ ਮਿਹਰਬਾਨ ਤੇ ਪੋਤਰੇ ਹਰਿ ਜੀ ਨੇ ਬੜੀ ਸਰਗਰਮੀ ਨਾਲ ਆਪਣੀ ਗੁਰਿਆਈ ਸਥਾਪਿਤ ਕਰਨ ਦਾ ਜਤਨ ਕੀਤਾ। ਏਸੇ ਕਰਕੇ ਗੁਰੂ ਅਰਜਨ ਦੇਵ ਨੇ ਗੁਰਬਾਣੀ ਵਿਚ ਮੀਣਾ ਸੰਪ੍ਰਦਾਇ ਦੁਆਰਾ ਰਲਾਵਟ ਨੂੰ ਰੋਕਣ ਲਈ ਆਦਿ ਗ੍ਰੰਥ ਦਾ ਸੰਪਾਦਨ ਕਰਨ ਦਾ ਬੀੜਾ ਉਠਾਇਆ । ਮੀਣਾ ਸੰਪ੍ਰਦਾਇ ਦੇ ਉਕਤ ਤਿੰਨੋ ਆਗੂ ਕੱਚੀ-ਬਾਣੀ ਰਚਣ ਵਿਚ ਵੀ ਬੜੀ ਮੁਹਾਰਤ ਰੱਖਦੇ ਸਨ। ਇਨ੍ਹਾਂ ਨੇ ਨਾਨਕ-ਛਾਪ ਹੇਠ ਜੋ ਰਚਨਾਵਾਂ ਰਚੀਆਂ ਹਨ ਹੁਣ ਉਹ ਸਹਿਜੇ-ਸਹਿਜੇ ਪਾਠਕਾਂ ਦੇ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ ਹਨ।[9] ਮੀਣਾ ਸੰਪ੍ਰਦਾਇ ਦੇ ਗੁਰੂਆਂ ਨੇ 'ਨਾਨਕ-ਛਾਪ' ਦਾ ਪ੍ਰਯੋਗ ਕਰਨ ਤੋਂ ਇਲਾਵਾ ਸਿੱਖ ਗੁਰੂਆਂ ਦੀ ਰੀਸ ਵਿਚ ਆਪਣੇ ਆਪ ਨੂੰ ਮਹਲਾ 6, ਮਹਲਾ 7 ਤੇ ਮਹਲਾ 8 ਹੋਣ ਦਾ ਦਾਅਵਾ ਵੀ ਕੀਤਾ ਹੈ। ਇਨ੍ਹਾਂ ਦੁਆਰਾ ਰਚੀ ਕੱਚੀ-ਬਾਣੀ ਦਾ ਆਕਾਰ ਬਹੁਤ ਜ਼ਿਆਦਾ ਹੈ। ਇਨ੍ਹਾਂ ਦੁਆਰਾ ਰਚੀ ਕੱਚੀ-ਬਾਣੀ ਸਤਹੀ ਪੱਧਰ 'ਤੇ ਅਧਿਆਤਮਿਕ ਵਿਸ਼ਿਆਂ ਨੂੰ ਨਿਖਾਰਨ ਤੇ ਗੁਰਬਾਣੀ ਦੀ ਵਿਆਖਿਆ ਕਰਦੀ ਜਾਪਦੀ ਹੈ। ਪਰ ਜਦੋਂ ਇਸ ਦਾ ਗੰਭੀਰਤਾ ਸਹਿਤ ਅਧਿਐਨ ਕੀਤਾ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਮੀਣਾ ਸੰਪ੍ਰਦਾਇ ਨੇ ਸਚੀ-ਬਾਣੀ ਦੇ ਨਾਲ-ਨਾਲ ਨਾਨਕ-ਛਾਪ ਹੇਠ ਆਪਣੀ ਰਚੀ ਕੱਚੀ-ਬਾਣੀ ਨੂੰ ਵੀ ਪ੍ਰਚਾਰਨ ਦਾ ਭਰਪੂਰ ਉਪਰਾਲਾ ਕੀਤਾ ਹੈ।ਇਸ ਦੀ ਇਕ ਮਿਸਾਲ ਮਿਹਰਬਾਨ ਰਚਿਤ ਗੁਰੂ ਨਾਨਕ ਦੀ ਜਨਮਸਾਖੀ ਹੈ, ਜਿਸ ਦੀਆਂ ਗੋਸ਼ਟਾਂ ਦੇ ਅੰਤ ਵਿਚ ਮਿਹਰਬਾਨ ਤੇ ਹਰਿ ਜੀ ਨੇ ਆਪਣੇ ਰਚੇ ਸਲੋਕ ਜੜੇ ਹਨ। ਇਸ ਤੋਂ ਇਲਾਵਾ ਗੁਰਬਾਣੀ ਦੀ ਨਕਲ ਵਿਚ ਓਅੰਕਾਰ ਵੱਡਾ, ਸੁਖਮਨੀ ਸਹੰਸਰਨਾਮਾ,ਵਾਰਾਂ ਆਦਿ ਰਚੇ ਹਨ।ਇਨ੍ਹਾਂ ਦੇ ਵਿਸ਼ੇ ਬੇਸ਼ੱਕ ਅਧਿਆਤਮਕ ਹਨ ਪਰ ਇਸ ਸਾਹਿਤ ਵਿਚ ਸ਼ਖ਼ਸੀ ਗੁਰੂ ਦੀ ਉਚਿਤਤਾ ਤੋਂ ਇਲਾਵਾ ਸੰਨਿਆਸ, ਹਠ-ਯੋਗ, ਅਵਤਾਰਵਾਦ, ਹਿੰਦੂ-ਮਿਥਿਹਾਸ ਆਦਿ ਤੋਂ ਇਲਾਵਾ ਮੁਸਲਿਮ ਸਾਸ਼ਕ ਸ਼੍ਰੇਣੀ ਤੋਂ ਸਹਾਨਭੂਤੀ ਗ੍ਰਹਿਣ ਕਰਨ ਦੇ ਉਦੇਸ਼ ਨਾਲ ਮਸਲੇ ਸ਼ੈਖ ਫਰੀਦ ਕੇ, ਮਸਲਾ ਹਜ਼ਰਤ ਮੂਸਾ ਕਾ, ਵਾਰ ਪੀਰਾਂ ਕੀ ਆਦਿ ਰਚਨਾਵਾਂ ਵੀ ਰਚੀਆਂ ਹਨ। ਮਹੱਤਵਪੂਰਣ ਤੱਥ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਰਚਨਾਵਾਂ ਪ੍ਰਾਣ ਸੰਗਲੀ ਵਿਚ ਵੀ ਦਰਜ ਹਨ।[10] ਇਸ ਤਰ੍ਹਾਂ ਮੀਣਾ ਸੰਪ੍ਰਦਾਇ ਕੱਚੀ-ਬਾਣੀ ਦਾ ਬਹੁਤ ਵੱਡਾ ਸਰੋਤ ਸੀ। ਇਸ ਸੰਪ੍ਰਦਾਇ ਦੁਆਰਾ ਨਾਨਕ-ਛਾਪ ਹੇਠ ਰਚੀਆਂ ਕੱਚੀ-ਬਾਣੀ ਦੀਆਂ ਰਚਨਾਵਾਂ ਪ੍ਰਾਣ-ਸੰਗਲੀ ਵਿਚ ਕਦੋਂ ਪ੍ਰਵੇਸ਼ ਹੋਈਆਂ? ਇਸ ਬਾਰੇ ਗਹਿਨ ਅਧਿਐਨ ਦੀ ਲੋੜ ਹੈ।ਇਸ ਲਈ ਜਦੋਂ ਅਸੀਂ ਪੁਰਾਤਨ ਜਨਮ-ਸਾਖੀ ਵਿਚਲੀ ਕੱਚੀ-ਬਾਣੀ ਦੇ ਸਰੋਤ ਵੱਲ ਨਜ਼ਰ ਮਾਰਦੇ ਹਾਂ ਤਾਂ ਸਿੱਖ ਇਤਿਹਾਸ ਤੇ ਸਾਹਿਤ ਦਾ ਅਧਿਐਨ ਇਹ ਸੁਝਾਉਂਦਾ ਹੈ ਕਿ ਇਸ ਦੀ ਉਤਪਤੀ ਦਾ ਸੰਬੰਧ ਉਦਾਸੀ ਸੰਪ੍ਰਦਾਇ ਤੇ ਮੀਣਾ ਸੰਪ੍ਰਦਾਇ ਨਾਲ ਕਿਵੇਂ ਨਾ ਕਿਵੇਂ ਜੁੜਿਆ ਹੋਇਆ ਹੈ।

ਉਪਰੋਕਤ ਦੀ ਰੌਸ਼ਨੀ ਵਿਚ ਹੁਣ ਅਸੀਂ ਪੁਰਾਤਨ ਜਨਮ-ਸਾਖੀ ਵਿਚ ਉਕਤ ਕਿਸਮ ਦੀਆਂ ਰਚਨਾਵਾਂ ਭਾਵ ਕੱਚੀ-ਬਾਣੀ ਉਪਰ ਆਪਣਾ ਧਿਆਨ ਕੇਂਦ੍ਰਿਤ ਕਰਦੇ ਹਾਂ।ਪੁਰਾਤਨ ਜਨਮਸਾਖੀ ਵਿਚ ਗੁਰੂ

[9] ਵੇਖੋ,ਪ੍ਰੋ.ਪ੍ਰੀਤਮ ਸਿੰਘ ਤੇ ਜੋਗਿੰਦਰ ਸਿੰਘ ਆਹਲੂਵਾਲੀਆ, **ਸਿੱਖਾਂ ਦਾ ਛੋਟਾ ਮੇਲ: ਇਤਿਹਾਸ ਤੇ ਸਰਵੇਖਣ ;** ਜੋਗਿੰਦਰ ਸਿੰਘ ਆਹਲੂਵਾਲੀਆ, **ਸੋਢੀ ਪ੍ਰਿਥੀ ਚੰਦ ਦੀ ਰਚਨਾ** ਅਤੇ Simarjit Singh , *Demeaning The Sikh Tradition*.

[10] Simarjit Singh, *op.cit*, pp. 89, 92-100.

ਨਾਨਕ ਦੇਵ ਜੀ ਨਾਲ ਕਈ ਐਸੀਆਂ ਕਾਵਿ ਰਚਨਾਵਾਂ ਸੰਬੰਧਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ 'ਨਾਨਕ-ਛਾਪ' ਦਾ ਪ੍ਰਯੋਗ ਤਾਂ ਹੋਇਆ ਹੈ ਪਰ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਕੋਈ ਸਥਾਨ ਪ੍ਰਾਪਤ ਨਹੀਂ ਹੈ। ਪੁਰਾਤਨ ਜਨਮਸਾਖੀ ਉਪਰ ਹੁਣ ਤੱਕ ਖੋਜ ਕਰਨ ਵਾਲੇ ਵਿਦਵਾਨਾਂ ਨੇ ਇਨ੍ਹਾਂ ਰਚਨਾਵਾਂ ਦੀ ਮੌਜੂਦਗੀ ਤਾਂ ਸਵੀਕਾਰ ਕੀਤੀ ਹੈ ਪਰ ਇਨ੍ਹਾਂ ਦੇ ਸਰੋਤ ਤੇ ਸਰੋਕਾਰ ਦੇ ਮੁੱਦੇ ਉਪਰ ਗੰਭੀਰਤਾ ਤੇ ਸੰਜੀਦਗੀ ਸਹਿਤ ਵਿਚਾਰ ਕਰਨ ਵਿਚ ਕੋਈ ਦਿਲਚਸਪੀ ਨਹੀਂ ਵਿਖਾਈ। ਹੱਥਲੇ ਅਧਿਆਇ ਵਿਚ ਪੁਰਾਤਨ ਜਨਮਸਾਖੀ ਵਿਚ ਪ੍ਰਾਪਤ ਕੱਚੀ-ਬਾਣੀ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ।ਉਮੀਦ ਹੈ ਕਿ ਕੱਚੀ-ਬਾਣੀ ਦੇ ਗਹਿਰ-ਗੰਭੀਰ ਅਧਿਐਨ ਰਾਹੀਂ ਪੁਰਾਤਨ ਜਨਮਸਾਖੀ ਦੇ ਰਚੈਤਾ ਤੇ ਰਚਨਾ-ਕਾਲ ਦੀਆਂ ਪਰਤਾਂ ਖੋਲ੍ਹਣ ਵਿਚ ਵੀ ਕੋਈ ਸਹਾਇਤਾ ਮਿਲ ਸਕਦੀ ਹੈ।

ਪੁਰਾਤਨ ਜਨਮਸਾਖੀ ਦੇ ਅਧਿਐਨ ਉਪਰੰਤ ਪਤਾ ਚਲਦਾ ਹੈ ਕਿ ਇਸ ਵਿਚ ਕੱਚੀ-ਬਾਣੀ ਦੀਆਂ ਦੋ ਵੰਨਗੀਆਂ ਹਨ। ਪਹਿਲੀ ਵੰਨਗੀ ਸ਼ਬਦ ਤੇ ਸਲੋਕ ਹਨ ਜੋ ਵੱਖੋ-ਵੱਖਰੀਆਂ ਸਾਖੀਆਂ ਵਿਚ ਇਧਰ-ਉਧਰ ਬਿਖਰੇ ਹੋਏ ਹਨ। ਇਨ੍ਹਾਂ ਸ਼ਬਦ-ਸਲੋਕਾਂ ਦੀ ਗਿਣਤੀ ਅਠਾਰਾਂ ਦੇ ਕਰੀਬ ਹੈ ਤੇ ਇਨ੍ਹਾਂ ਵਿਚ ਨਾਨਕ-ਛਾਪ ਦਾ ਪ੍ਰਯੋਗ ਵੀ ਹੋਇਆ ਹੈ। ਇਸ ਤੋਂ ਇਲਾਵਾ ਸ਼ੈਖ਼ ਬਾਬਾ ਫਰੀਦ ਨਾਲ ਸੰਬੰਧਿਤ ਪੰਜ ਸਲੋਕ ਐਸੇ ਉਧਰਿਤ ਕੀਤੇ ਹਨ ਜੋ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੇ ਹਨ। ਦੂਜੀ ਵੰਨਗੀ ਵਿਚ ਲੰਬੀਆਂ ਰਚਨਾਵਾਂ ਆਉਂਦੀਆਂ ਹਨ ਜਿਨ੍ਹਾਂ ਵਿਚ ਜੁਗਾਵਲੀ, ਹਾਜਰਨਾਮਾ, ਨਸੀਹਤਨਾਮਾ, ਰਤਨਮਾਲਾ ਤੇ ਪ੍ਰਾਣ-ਸੰਗਲੀ ਗਿਣੀਆਂ ਜਾ ਸਕਦੀਆਂ ਹਨ। ਪ੍ਰਾਣ-ਸੰਗਲੀ ਬਹੁਤ ਸਾਰੀਆਂ ਰਚਨਾਵਾਂ ਦਾ ਸਮੂਹ ਹੈ ਤੇ ਇਸ ਬਾਰੇ ਪੁਰਾਤਨ ਜਨਮਸਾਖੀ ਵਿਚ ਕੋਈ ਵਿਵਰਣ ਨਹੀਂ ਮਿਲਦਾ।ਉਕਤ ਰਚਨਾਵਾਂ ਪੰਜਾਬੀ ਦੇ ਹੱਥ-ਲਿਖਤ ਖਰੜਿਆਂ ਵਿਚ ਸੁਤੰਤਰ ਰਚਨਾਵਾਂ ਦੇ ਵਜੋਂ ਵੀ ਪ੍ਰਾਪਤ ਹੁੰਦੀਆਂ ਹਨ। ਜਗਜੀਤ ਸਿੰਘ ਖਾਨਪੁਰੀ ਦੀ ਧਾਰਨਾ ਹੈ ਕਿ ਪੁਰਾਤਨ ਜਨਮਸਾਖੀ ਦੀਆਂ ਸਾਖੀਆਂ ਵਿਚ ਜਿਹੜੀ ਆਦਿ ਗ੍ਰੰਥ ਤੋਂ ਬਾਹਰਲੀ ਬਾਣੀ ਦਰਜ ਹੈ ਉਹ ਹਾਜਰਨਾਮਾ ਨੂੰ ਛੱਡ ਕੇ ਸਾਰੀ ਪ੍ਰਾਣ-ਸੰਗਲੀ ਵਿਚੋਂ ਆਈ ਹੈ।[11] ਕਿਉਂਕਿ ਪੁਰਾਤਨ ਜਨਮਸਾਖੀ ਵਿਚ ਜੁਗਾਵਲੀ, ਰਤਨਮਾਲਾ, ਸੁੰਨ ਮਹਲ ਕੀ ਕਥਾ (ਉਨਮਨਿ ਕਾ ਧਿਆਉ) ਆਦਿ ਪ੍ਰਾਣੀ-ਸੰਗਲੀ ਵਿਚ ਵੀ ਦਰਜ ਹਨ ਇਸ ਲਈ ਅਸੀਂ ਸਭ ਤੋਂ ਪਹਿਲੇ ਪ੍ਰਾਣ-ਸੰਗਲੀ ਉਪਰ ਵਿਚਾਰ ਕਰਦੇ ਹਾਂ।

**ਪ੍ਰਾਣ ਸੰਗਲੀ :** ਪੁਰਾਤਨ ਜਨਮਸਾਖੀ ਵਿਚ ਸਾਖੀ 46, ਜੋ ਸਿੰਘਲਾਦੀਪ ਤੇ ਉਥੋਂ ਦੇ ਰਾਜੇ ਸ਼ਿਵਨਾਭ ਨਾਲ ਸੰਬੰਧਿਤ ਹੈ, ਵਿਚ ਗੁਰੂ ਬਾਬੇ ਦੁਆਰਾ ਪ੍ਰਾਣ-ਸੰਗਲੀ ਨਾਮੀ ਰਚਨਾ ਉਚਾਰੇ ਜਾਣ ਦਾ ਜ਼ਿਕਰ ਮਿਲਦਾ ਹੈ। ਇਸ ਸਾਖੀ ਦੇ ਅੰਤ ਵਿਚ ਇਸ ਰਚਨਾ ਦੀ ਉਤਪਤੀ ਸੰਬੰਧੀ ਉਲੇਖ ਹੈ ਕਿ:

> ਸ੍ਰੀ ਸਤਿਗੁਰੂ ਪ੍ਰਸਾਦਿ ॥ ਲਿਖਤੰ ਪ੍ਰਾਣ ਸੰਗਲੀ ਸੁਨ ਮਹਲ ਕੀ ਕਥਾ ਨਿਰੰਕਾਰ ਕਾ ਧਿਆਨ॥ ਗੁਹਜੀ ਬਾਣੀ ਬਾਬੇ ਕਾ ਬੋਲਣਾ॥ ਪ੍ਰਾਨ ਪਿੰਡ ਕਾ ਮਾਥੰਤ॥ ਤਦਹੁ ਬਾਬਾ ਪਉਣੁ

[11] ਜਗਜੀਤ ਸਿੰਘ ਖਾਨਪੁਰੀ, **ਪ੍ਰਾਣ ਸੰਗਲੀ**, ਪੰਨਾ 18.

ਅਹਾਰੁ ਕਰਦਾ ਥਾ। ਸਮੁੰਦ੍ਰ ਕੇ ਪਾਰਿ ਹੋਈ ਸਿੰਘਲਾਦੀਪ ਰਾਜੇ ਸਿਉਨਾਭ ਕੀ ਧਰਤੀ ਹੋਈ। ਤਦਹੁ ਨਾਲਿ ਸੈਦੋ ਅਤੈ ਸੀਹੋ ਥੇ ਸਿਖ॥ ਤਬ ਪ੍ਰਾਣ ਸੰਗਲੀ ਹੋਈ।ਦੇਹੀ ਕੀ ਚੀਨ ਮਥੀ॥ ਪਰ ਲੈ ਕਿਨੇ ਨ ਸਕੀਆ। ਓਥੈ ਹੀ ਛਡੀ। ਸੈਦੋ ਘੇਹੋ ਲਿਖਾਈ ।ਚਰਣ ਮਝਾਰ ਕੈ॥ ਗੋਰਖ ਹਟੜੀ ਪਾਸਿ।ਗੋਰਖ ਹਟੜੀ ਕੈ ਪਾਸਿ ਇਕੁ ਚਉਕੁ ਹੈ॥ ਦੋ ਕੋਹ ਕਾ ਉਸ ਮੜੀ ਤੈ ਚਾਰਿ ਕੋਸ ਹੈ। ਤਿਸ ਵਿਚਿ ਅਲਿਪਤੁ ਰਹਿਣ ਲਗਾ। ਪਰਗਟਿ ਕੀਤੀ ਨਾਹੀ॥ ਅਨਾਹਦ ਬਾਣੀ॥ ਪਰ ਅਧ ਵਿਚ ਨ ਪਾਈਐਗੀ॥ ਰਾਜੈ ਸਿਉਨਾਭ ਜੋਗੁ ਮਿਲੀ। ਬਚਨੁ ਹੋਆ॥ ਜੋ ਇਕੁ ਆਦਮੀ ਆਵੈਗਾ ਜੰਬੁ ਦੀਪ ਤੇ ਉਸ ਜੋਗੁ ਲਿਖਿ ਦੇਵਣੀ। ਸਲੋਕ ੧੫। ਸੈਦੋ ਥੈ ਸੰਪੂਰਨੁ ਥੀ॥ ਦੁਏ ਉਦਾਸੀ ਹੋਏ। ਬਾਬੈ ਆਪਣੈ ਨਾਲਿ ਰਖੇ॥ ਰਾਜੇ ਸਿਉਨਾਭ ਜੋਗੁ ਇਕ ਮੰਜੀ ਮਿਲੀ।

ਉਪਰੋਕਤ ਟੂਕ ਵਿਚ ਬੜੀ ਮਹੱਤਵਪੂਰਨ ਜਾਣਕਾਰੀ ਉਪਲਬਧ ਹੈ ਜੋ ਪ੍ਰਾਣ ਸੰਗਲੀ ਦੇ ਕਰਤਾ ਤੇ ਸਰੋਤ ਦੇ ਮਸਲੇ ਨੂੰ ਹੱਲ ਕਰਨ ਲਈ ਕੁੱਝ ਸੰਕੇਤਕ ਵਿਵਰਣ ਪ੍ਰਦਾਨ ਕਰਦੀ ਹੈ।ਜਿਵੇਂ ਪ੍ਰਾਣ ਸੰਗਲੀ ਉਚਾਰਣ ਉਪਰੰਤ "ਦੇਹੀ ਕੀ ਚੀਨ ਮਥੀ ਪਰ ਲੈ ਕਿਨੇ ਨ ਸਕੀਆ ਉਥੈ ਹੀ ਛਡੀ ਸੈਦੋ ਘੇਹੋ ਲਿਖਾਈ ਚਰਣ ਮਝਾਰ ਕੈ ਗੋਰਖਿ ਹਟੜੀ ਪਾਸਿ।" ਇਸ ਤੋਂ ਇਲਾਵਾ ਸਾਖੀਕਾਰ ਨੇ ਗੋਰਖ ਹਟੜੀ ਦੇ ਨੇੜੇ ਜਿਥੇ ਸੈਦੋ ਘੇਹੋ ਰਹਿੰਦਾ ਸੀ ਉਸ ਦਾ ਸਟੀਕ ਵਰਣਨ ਵੀ ਕੀਤਾ ਹੈ।ਭਾਵ ਸਾਖੀਕਾਰ ਦਾ ਪ੍ਰਾਣ ਸੰਗਲੀ ਬਾਰੇ ਸਰੋਤ ਸੈਦੋ ਘੇਹੋ ਸੀ ਅਤੇ ਇਸ ਵਿਚ 15 ਸਲੋਕ ਸ਼ਾਮਿਲ ਸਨ।ਹੈਰਾਨੀ ਜਨਕ ਤੱਥ ਇਹ ਹੈ ਕਿ ਪ੍ਰਾਣ-ਸੰਗਲੀ ਨਾਮ ਦੀ ਰਚਨਾ ਜੋ ਹੱਥ-ਲਿਖਤ ਖਰੜਿਆਂ ਵਿਚ ਪ੍ਰਾਪਤ ਹੈ,ਉਹ ਕੋਈ ਇਕ ਰਚਨਾ ਨਹੀਂ ਬਲਕਿ ਕਈ ਰਚਨਾਵਾਂ ਦਾ ਸੰਗ੍ਰਹਿ ਹੈ। ਸੰਤ ਸੰਪੂਰਨ ਸਿੰਘ ਨੇ ਦੇਵਨਾਗਰੀ ਲਿਪੀ ਵਿਚ ਜਿਸ ਸੰਸਕਰਣ ਦਾ ਪ੍ਰਕਾਸ਼ਨ ਕੀਤਾ ਸੀ ਉਸ ਵਿਚ ਵੱਖੋ-ਵੱਖਰੀਆਂ ਰਚਨਾਵਾਂ ਵਾਲੇ 80 ਅਧਿਆਇ ਹਨ।[12] ਜਗਜੀਤ ਸਿੰਘ ਖਾਨਪੁਰੀ ਨੇ ਪ੍ਰਾਣ-ਸੰਗਲੀ ਦੇ ਵੱਖੋ-ਵੱਖਰੇ ਹੱਥ-ਲਿਖਤ ਖਰੜਿਆਂ ਦਾ ਅਧਿਐਨ ਕਰਨ ਉਪਰੰਤ ਇਸ ਦਾ ਜੋ ਪਾਠ ਨਿਰਧਾਰਤ ਕੀਤਾ ਹੈ ਉਸ ਵਿਚ 59 ਅਧਿਆਇ ਹਨ।[13] ਉਨ੍ਹਾਂ ਦਾ ਇਹ ਕਥਨ ਵੀ ਹੈ ਕਿ 1658 ਈ. ਤੱਕ ਬਾਲਾ ਜਨਮ-ਸਾਖੀ ਲਿਖੇ ਜਾਣ ਤੱਕ ਇਸ ਵਿਚ ਕਾਫੀ ਹੋਰ ਸਮਗ੍ਰੀ ਸੰਮਲਿਤ ਹੋ ਗਈ ਸੀ ਕਿਉਂਕਿ ਇਸ ਜਨਮਸਾਖੀ ਵਿਚ ਲਿਖਿਆ ਹੈ ਕਿ " ਤਿਥੇ ਗੁਰੂ ਨਾਨਕ ਪ੍ਰਾਣ ਸੰਗਲੀ ਉਚਾਰੀ ਹਿਕ ਸੌ ਤੇਰਾ ਅਧਿਆਇ ਬੋਲੇ-ਦੁਇ ਵਰ੍ਹੇ ਤੇ ਪੰਜ ਮਹੀਨੇ ਉਥੇ ਗੁਰੂ ਨਾਨਕ

[12] **ਉਹੀ** ,ਪੰਨਾ 26.
[13] **ਉਹੀ,** ਦੇਖੋ ਤਤਕਰਾ।

ਰਹਿਆ।"[14] ਜਗਜੀਤ ਸਿੰਘ ਖਾਨਪੁਰੀ ਹੁਰਾਂ ਨੇ ਇਹ ਨਿਰਨਾ ਕੀਤਾ ਹੈ ਕਿ ਪਹਿਲੇ-ਪਹਿਲ ਪ੍ਰਾਣ-ਸੰਗਲੀ ਲਘੂ-ਰੂਪ, ਉਨਮੁਨ ਵਾਲੇ ਤੇ ਕੁੱਝ ਹੋਰ ਅਧਿਆਇ ਤੱਕ ਸੀਮਤ ਸੀ ਜੋ 1601-1650 ਦੇ ਵਿਚਕਾਰਲੇ ਸਮੇਂ ਵਿਚ ਬਣਿਆ ਲਗਦਾ ਹੈ।ਇਸ ਵਿਚ ਜੋ ਹੋਰ ਸਮਗ੍ਰੀ ਸ਼ਾਮਿਲ ਹੋਈ ਹੈ ਉਹ 1650-1658 ਈ. ਦੇ ਦਰਮਿਆਨ ਦੀ ਉਪਜ ਹੈ।[15] ਉਨ੍ਹਾਂ ਦੇ ਇਸ ਮੱਤ ਦੀ ਹੋਰਨਾਂ ਸਰੋਤਾਂ ਤੋਂ ਵੀ ਪੁਸ਼ਟੀ ਹੁੰਦੀ ਹੈ।

ਸਿੰਘਲਾਦੀਪ ਤੇ ਰਾਜੇ ਸ਼ਿਵਨਾਭ ਵਾਲੀ ਸਾਖੀ ਵਿਚ ਸਿੰਘਲਾਦੀਪ ਦੀ ਸੰਗਤ ਦੇ ਨਿਤਨੇਮ ਤੇ ਮਰਯਾਦਾ ਬਾਰੇ ਥੋੜਾ ਜਿਹਾ ਵਿਵਰਣ ਪ੍ਰਾਪਤ ਹੈ ਜੋ ਸਾਡੇ ਵਿਸ਼ੇ ਲਈ ਬਹੁਤ ਲਾਭਵੰਦ ਹੈ। ਉਥੇ ਲਿਖਿਆ ਹੈ ਕਿ :

> ਸਿੰਘਲਾਦੀਪ ਕੀ ਸੰਗਤਿ ਕੀ ਰਹੁਰਾਸਿ॥ ਜਬ ਰਾਤਿ ਪਵੇ ਤਾ ਸਭੈ ਇਕਠੇ ਆਇ ਬਹਿਨਿ ਧਰਮਸਾਲਾ। ਤਬ ਇਕ ਸਿਖੁ ਪਰਸਾਦ ਰਾਤੀ ਕਹਿ ਜਾਵੈ॥ ਭਲਕੇ ਇਕਠੇ ਜਾਇ ਖਾਵਨਿ।ਜਿਸ ਸਿਖ ਦੈ ਪਰਸਾਦ ਹੋਵੈ ਤਿਸਕੇ ਇਕੀਸ ਮਣ ਲੂਣ ਰਸੋਈ ਪਵੈ।[16]

ਸਿੱਖ ਸੰਗਤ ਦਾ ਇਤਨੇ ਵਿਸ਼ਾਲ ਪੱਧਰ 'ਤੇ ਇਕੱਠ ਅਤੇ ਲੰਗਰ ਦਾ ਇਤਨੇ ਵੱਡੇ ਪੱਧਰ 'ਤੇ ਇੰਤਜ਼ਾਮ ਸਿੱਖ ਧਰਮ ਦੇ ਮੁੱਢਲੇ/ਸ਼ੁਰੂਆਤੀ ਸਮੇਂ ਵਿਚ ਸੰਭਵ ਨਹੀਂ ਜਾਪਦਾ। ਨਿਸ਼ਚਿਤ ਤੌਰ'ਤੇ ਇਹ ਬਾਅਦ ਦੇ ਸਮੇਂ ਨਾਲ ਸੰਬੰਧਤ ਹੈ ਜਦੋਂ ਸਿੱਖ ਸੰਗਤਾਂ ਦਾ ਸੰਗਠਨ ਤੇ ਧਰਮਸ਼ਾਲਾਵਾਂ ਦੀ ਸਥਾਪਨਾ ਤੇ ਸੰਗਤ-ਪੰਗਤ ਦੀ ਪਰੰਪਰਾ ਚੰਗੀ ਤਰ੍ਹਾਂ ਸਥਾਪਿਤ ਹੋ ਗਈ ਸੀ। ਮਿਹਰਬਾਨ ਪਰੰਪਰਾ ਦੀ ਜਨਮਸਾਖੀ ਗੁਰੂ ਨਾਨਕ ਦੀ ਹਰਿ ਜੀ ਪੋਥੀ ਜੋ 1650 ਈ. ਦੀ ਰਚਨਾ ਹੈ, ਵਿਚ ਪ੍ਰਾਣ-ਸੰਗਲੀ ਬਾਰੇ ਤਾਂ ਭਾਵੇਂ ਕੋਈ ਕਥਨ ਨਹੀਂ ਹੋਇਆ ਪਰ ਰਾਜੇ ਸ਼ਿਵਨਾਭ ਨਾਲ ਸੰਬੰਧਤ ਸਾਖੀ ਤੋਂ ਇਲਾਵਾ ਓਅੰਕਾਰ ਬਾਣੀ ਉਚਾਰਨ ਕਰਨ ਦਾ ਹਵਾਲਾ ਆਇਆ ਹੈ। ਉਕਤ ਤੋਂ ਇਲਾਵਾ ਜੋ ਸੂਚਨਾ ਸਾਡੇ ਕੰਮ ਦੀ ਹੈ ਉਹ ਇਹ ਹੈ ਕਿ "ਰਾਜਾ ਉਸ ਦੇਸ ਕਾ ਸਨਮੁਖ ਹੂਆ ਦੀਨ ਕਾ। ਉਹਾਂ ਏਨਾ ਲੋਕ ਜੁੜੇ ਗੁਰੂ ਕਾ ਸਿਖ ਤਿਸ ਕੀ ਮਿਤ ਮਰਜਾਦਾ ਕਿਛੁ ਨਾਹੀ ਜਿ ਕਿਤਨੀ ਸੰਗਤਿ ਆਇ ਜੁੜੇ ਐਪਰ ਲੂਣ ਤੇ ਜਾਣੀਐ ਜਿ ਚਾਲੀਸ ਮਣ ਲੂਣ ਰਸੋਈ ਅੰਨ ਮਹਿ ਪੜਤਾ ਹੈ।"[17] ਇਹ ਸੂਚਨਾ ਪੁਰਾਤਨ ਜਨਮਸਾਖੀ ਵਿਚ ਪ੍ਰਾਪਤ ਜਾਣਕਾਰੀ ਨਾਲ ਕੁੱਝ ਮੇਲ ਖਾਂਦੀ ਹੈ। ਇਸ ਸੰਬੰਧੀ ਆਦਿ ਗ੍ਰੰਥ ਦੀਆਂ ਪੁਰਾਤਨ ਹੱਥ-ਲਿਖਤ ਬੀੜਾਂ ਵਿਸ਼ੇਸ਼ ਕਰਕੇ ਜੋ ਬੰਨੋ-ਸ਼ਾਖ ਵਾਲੀਆਂ ਹਨ, ਉਨ੍ਹਾਂ ਵਿਚ ਅੰਤ 'ਤੇ ਇਕ ਛੋਟੀ ਜਿਹੀ ਵਾਰਤਕ ਰਚਨਾ, 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਉਧਰਿਤ ਕੀਤੀ ਮਿਲਦੀ ਹੈ ਜੋ ਇਸ ਪ੍ਰਕਾਰ ਹੈ:

---

[14] **ਉਹੀ,** ਪੰਨਾ 37.
[15] **ਉਹੀ** ਪੰਨਾ 38.
[16] ਭਾਈ ਵੀਰ ਸਿੰਘ, **ਪੁਰਾਤਨ ਜਨਮਸਾਖੀ**, ਪੰਨੇ 148-149
[17] ਹਰਿ ਜੀ, **ਜਨਮਸਾਖੀ ਗੁਰੂ ਨਾਨਕ ਦੇਵ ਜੀ**, ਭਾਗ ਦੂਜਾ, ਪੰਨਾ 66.

ਹਕੀਕਤ ਰਾਹ ਮੁਕਾਮ ਸਿਵਨਾਭ ਰਾਜੇ ਕੀ। ਨਾਗਪਟੁ ਬਿਦਰ ਤਿਜਵਰ ਸਹਰ ਤਹਾਂ ਕਾ ਰਾਜਾ ਐਇਰਾਪਤਿ ਨਾਇਕ ਹੈ। ਤਹਾ ਵਿਲਾਇਤ ਰਾਮ ਰਾਜੇ ਦੀ ਹੈ। ਤਹਾਂ ਤੇ ਲੋਕ ਜਹਾਜ ਚੜ੍ਹਤਾ ਹੈ। ਤਿਨ ਦਿਨ ਤਿਨ ਰਾਤਿ ਵਿਚ ਜਾਪਾਪਟਣੁ ਪਾਰਿ ਕਾ ਬੰਦਰ ਹੈ ਤਹਾ ਜਾਇ ਉਤਰਤਾ ਹੈ। ਸੋ ਸੰਗਲਾਦੀਪ ਹੈ। ਚਉਦਹ ਸੈ ਗਾਉਂ ਵਿਚ ਵਸਦਾ ਹੈ। ਤਹਾਂ ਸਤ ਰਾਜੇ ਥੇ। ਗੁਰੂ ਬਾਬੇ ਕੇ ਵਚਨਿ ਇਕ ਰਾਜ ਹੋਆ ਹੈ। ਸਿਵਨਾਭ ਰਾਜੇ ਕੀ ਸੰਤਤਿ ਸਤਾਵਰ ਸਹਰਿ ਹੈ। ਤਖਤਗਾਹ ਤਹਾਂ ਰਾਜਾ ਮਾਇਆ ਦਉਨੀ ਹੈ ਰਾਜੇ ਰਾਏ ਸਿੰਘ ਦਾ ਬੇਟਾ ਰਾਜੇ ਸਿਵਨਾਭ ਕਾ ਪੋਤਾ ਹੈ। ਤਹਾਂ ਗੁਰੂ ਜੀ ਕੀ ਧਰਮਸਾਲਾ ਹੈ। ਸੰਗਤਿ ਜੁੜਤੀ ਹੈ ਕੀਰਤਨ ਹੋਤਾ ਹੈ ਰਸੋਈ ਬੀਸ ਮਣ ਲੂਣ ਹਰ ਰੋਜ ਲਗਤਾ ਹੈ।[18]

ਏਥੇ ਇਹ ਵਰਣਨਯੋਗ ਹੈ ਕਿ ਉਪਰੋਕਤ ਟੂਕ ਜੋ ਆਦਿ ਗ੍ਰੰਥ ਦੀ ਬੰਨੋ ਸ਼ਾਖ ਵਾਲੀਆਂ ਹੱਥ-ਲਿਖਤ ਬੀੜਾਂ ਦਾ ਵਿਸ਼ੇਸ਼ ਲੱਛਣ ਹੈ ਪਹਿਲੇ-ਪਹਿਲ ਭਾਈ ਬੰਨੋ ਵਾਲੀ ਸਮਝੀ ਜਾਂਦੀ ਬੀੜ ਜੋ ਅੱਜਕੱਲ ਕਾਨ੍ਹਪੁਰ ਵਿਚ ਸਥਾਪਤ ਹੈ, ਵਿਚ 1642 ਈ (1699 ਬਿ.) ਜੋ ਇਸ ਦਾ ਲਿਖਣ-ਕਾਲ ਹੈ[19] ਵਿਚ ਅੰਕਿਤ ਕੀਤੀ ਗਈ ਸੀ।

ਉਪਰੋਕਤ ਹਵਾਲਿਆ ਤੋਂ ਇਲਾਵਾ ਇਹ ਤੱਥ ਵੀ ਬੜਾ ਵਿਚਾਰਨਣੋਗ ਹੈ ਕਿ ਪ੍ਰਾਣ-ਸੰਗਲੀ ਵਿਚਲੀਆਂ ਕੁੱਝ ਰਚਨਾਵਾਂ ਜਿਵੇਂ-ਓਅੰਕਾਰ ਦਖਣੀ ਧਿਆਉ ਆਤਮ ਪ੍ਰਬੋਧ, ਅਉਤਾਰਮਾਲਾ ਜੁਗਾਂ ਦੀ, ਵਾਰ ਮਾਲ ਕੌਂਸ ਕੀ, ਸਹੰਸਰਨਾਮਾ ਰਾਗ ਮਾਰੂ, ਸੋਰਠਿ ਕੀ ਵਾਰ, ਤਿਲੰਗ ਕੀ ਵਾਰ ਆਦਿ ਮੀਣਾ ਸੰਪ੍ਰਦਾਇ ਦੇ ਗੁਰੂਆਂ ਵਿਸ਼ੇਸ਼ ਕਰਕੇ ਮਿਹਰਬਾਨ ਤੇ ਹਰਿ ਜੀ ਦੀਆਂ ਰਚਨਾਵਾਂ ਹਨ।[20]

ਉਪਰੋਕਤ ਸਾਰੀ ਵਿਚਾਰ ਦਾ ਸਾਰ ਇਹ ਹੈ ਕਿ ਅਰੰਭ ਵਿਚ ਪ੍ਰਾਣਸੰਗਲੀ ਦਾ ਆਕਾਰ ਬੜਾ ਸੀਮਿਤ ਸੀ ਪਰ ਬਾਅਦ ਵਿਚ ਹੋਰ ਰਚਨਾਵਾਂ ਵੀ ਪ੍ਰਵੇਸ਼ ਪਾ ਗਈਆਂ। ਇਨ੍ਹਾਂ ਰਚਨਾਵਾਂ ਦੀ ਮੀਣਾ ਸੰਪ੍ਰਦਾਇ ਨਾਲ ਸਮੀਪਤਾ ਤੋਂ ਇਹ ਸੰਕੇਤ ਵੀ ਮਿਲਦਾ ਹੈ ਕਿ ਕੱਚੀ-ਬਾਣੀ ਜੋ ਪੁਰਾਤਨ ਜਨਮਸਾਖੀ ਵਿਚ ਪ੍ਰਾਣ-ਸੰਗਲੀ ਦੀ ਕਥਿਤ ਮਿਥ ਰਾਹੀਂ ਇਸ ਵਿਚ ਆਈ ਹੈ, ਉਸ ਦਾ ਸੰਬੰਧ ਮੀਣਾ ਸੰਪ੍ਰਦਾਇ ਨਾਲ ਵੀ ਜਾ ਜੁੜਦਾ ਹੈ। ਵਿਸ਼ੇਸ਼ ਤੱਥ ਇਹ ਹੈ ਕਿ ਪੁਰਾਤਨ ਜਨਮਸਾਖੀ ਦੀ ਸਾਖੀ ਨੰ. 7 ਜੋ ਵੈਦ ਨਾਲ ਸੰਬੰਧਤ ਹੈ ਵਿਚ ਦੋ ਸਲੋਕ ਕੱਚੀ-ਬਾਣੀ ਦੇ ਐਸੀ ਚੁਸਤੀ ਨਾਲ ਸੱਚੀ-ਬਾਣੀ ਵਿਚ ਜੋੜੇ ਹਨ ਕਿ ਸਿਖਾਂਦਰੂ ਪਾਠਕ ਨੂੰ ਇਸ ਦੀ ਭਿਣਕ ਹੀ ਨਹੀਂ ਪੈਂਦੀ :

ਵੈਦੁ ਬੁਲਾਇਆ ਵੈਦਗੀ ਪਕੜ ਢੰਢੋਲੇ ਬਾਂਹ।

---

[18] ਜੀ.ਬੀ.ਸਿੰਘ, **ਪ੍ਰਾਚੀਨ ਬੀੜਾਂ**, p 372.
[19] ਪਿਆਰ ਸਿੰਘ, **ਗਾਥਾ ਸ੍ਰੀ ਆਦਿ ਗ੍ਰੰਥ**, ਪੰਨਾ 233.
[20] Simarjit Singh, *op.cit* , pp. 89-92 ; ਵਿਸਥਾਰ ਲਈ ਵੇਖੋ ਜਗਜੀਤ ਸਿੰਘ ਖਾਨਪੁਰੀ, ਉਕਤ ਦਾ ਤਤਕਰਾ।

ਭੋਲਾ ਵੈਦ ਨਾ ਜਾਣਾਈ।

ਉਪਰੋਕਤ ਵਿਚੋਂ ਦੋ ਸਲੋਕ ਜੋ ਕੱਚੀ-ਬਾਣੀ ਦੇ ਹਨ, ਮੀਣਾ ਸੰਪ੍ਰਦਾਇ ਦੇ ਗੁਰੂ ਮਿਹਰਬਾਨ ਦੀ ਰਚਨਾ ਹਨ[21] ਪੁਰਾਤਨ ਜਨਮ ਸਾਖੀ ਦੇ ਕਰਤਾ ਨੇ ਕੱਚੀ-ਬਾਣੀ ਨੂੰ ਗੁਰੂ ਨਾਨਕ ਦੀ ਰਚਨਾ ਸਿੱਧ ਕਰਨ ਲਈ ਝੰਡਾ ਬਾਢੀ (ਜੁਗਾਵਲੀ ਸਾਖੀ ਨੰ. 29), ਸੈਦੋ ਜੱਟ (ਪ੍ਰਾਣ ਸੰਗਲੀ ਸਾਖੀ ਨੰ. 46), ਝਾੜੂ ਕਲਾਲ (ਸੈਦਪੁਰ ਦੀ ਕੈਦ ਸਾਖੀ ਨੰ. 35), ਸ਼ੀਹਾਂ ਛੀਬਾ ਤੇ ਹੱਸੂ ਲੁਹਾਰ (ਤ੍ਰਿਤੀਆ ਉਦਾਸੀ ਕਸ਼ਮੀਰ ਬ੍ਰਹਮਦਾਸ ਪੰਡਿਤ ਸਾਖੀ ਨੰ. 49), ਨਾਮ ਦੇ ਪਾਤਰਾਂ ਨੂੰ ਗਵਾਹੀ ਜਾਂ ਆਪਣੇ ਸਰੋਤ ਵਜੋਂ ਪੇਸ਼ ਕੀਤਾ ਹੈ। ਸ.ਸ. ਪਦਮ ਦੇ ਕਥਨ ਅਨੁਸਾਰ ਸੈਦੋ ਜੱਟ [ਸਾਖੀਕਾਰ] ਨੇ ਇਕ ਪਾਤਰ, ਬਾਲਾ ਜਨਮਸਾਖੀ ਦੇ ਕਥਿਤ ਕਰਤਾ ਬਾਲਾ ਸੰਧੂ ਦੇ ਨਿੰਦਨੀਯ ਬਿਰਤਾਂਤ ਨੂੰ ਗਲਤ ਦਰਸਾਉਣ ਦੇ ਉਦੇਸ਼ ਨਾਲ ਸਿਰਜੇ ਅਤੇ ਬਿਰਤਾਂਤ ਵਿਚ ਚਸ਼ਮਦੀਦ ਗਵਾਹ ਵਜੋਂ ਵਰਤੇ ਹਨ।[22]

ਉਕਤ ਪਾਤਰਾਂ ਸੰਬੰਧੀ ਪੁਰਾਤਨ ਜਨਮਸਾਖੀ ਵਿਚ ਜੋ ਉਲੇਖ ਆਏ ਹਨ ਉਹ ਵੀ ਬੜੀ ਮਹੱਤਾ ਰੱਖਦੇ ਹਨ। ਸਿੰਘਲਾਦੀਪ ਦੀ ਸਾਖੀ ਵਿਚ ਰਾਜੇ ਸਿਵਨਾਭ ਨੂੰ ਪਾਹੁਲ ਦੇਣ ਸੰਬੰਧੀ ਜ਼ਿਕਰ ਹੈ ਕਿ "ਜਨਮ ਮਰਣੁ ਰਾਜੇ ਸਿਵਨਾਭ ਕਾ ਕਟਿਆ ਸਿਖ ਹੋਆ ਸੈਦੋ ਜਟ ਜਾਤਿ ਘੇਹੋ ਪਾਹੁਲਿ ਹੁਕਮ ਨਾਲ ਦਿਤੀ। ਸਾਰਾ ਸਿੰਘਲਦੀਪ ਸਿਖ ਹੋਇਆ"[23]।

ਅੱਗੇ ਜਾ ਕੇ ਜੁਗਾਵਲੀ ਸੰਬੰਧੀ ਜ਼ਿਕਰ ਹੈ ਕਿ "ਸੈਦੋ ਥੇ ਸੰਪੁਰਣ ਥੀ, ਦੁਏ ਉਦਾਸੀ ਹੋਏ ਬਾਬੈ ਆਪਣੇ ਨਾਲਿ ਰਖੇ"।[24] ਝਾੜੂ ਕਲਾਲ ਬਾਰੇ ਵੀ ਜ਼ਿਕਰ ਹੈ ਕਿ "ਖਰੜ ਖਾਨਪੁਰ ਕਾ ਥਾ ਪਰ ਸੰਗਤਿ ਵਿਚ ਗਵਿਆਛਣੀ, ਤਬ ਕਾ ਉਦਾਸੀ ਹੋਆ।[25] ਵਿਚਾਰਯੋਗ ਤੱਥ ਇਹ ਹੈ ਕਿ ਇਥੇ ਉਦਾਸੀ ਪਦ ਦਾ ਪ੍ਰਯੋਗ ਦੂਹਰੇ ਅਰਥਾਂ ਵਿਚ ਹੋਇਆ ਹੈ। ਘਰਬਾਰ ਤਿਆਗ ਕੇ ਭਾਵ ਸੰਨਿਆਸੀ ਹੋ ਕੇ ਵਿਚਰਨ ਵਾਲਾ ਵਿਅਕਤੀ ਜਾਂ ਉਦਾਸੀ ਸੰਪ੍ਰਦਾਇ ਦਾ ਪੈਰੋਕਾਰ। ਮਹੱਤਵਪੂਰਣ ਗੱਲ ਇਹ ਹੈ ਕਿ ਸ਼ਿਵਨਾਭ ਨੂੰ ਸਿਖ ਬਣਾਉਣ ਲਈ ਪਾਹੁਲ ਸੈਦੋ ਤੋਂ ਦਿਵਾਈ ਹੈ। ਸਾਖੀਕਾਰ ਦਾ ਇਹ ਬਿਰਤਾਂਤ ਉਸ ਨੂੰ ਉਦਾਸੀ ਸੰਪ੍ਰਦਾਇ ਦੇ ਨਾਲ ਜੋੜਦਾ ਪ੍ਰਤੀਤ ਹੁੰਦਾ ਹੈ।

**ਜੁਗਾਵਲੀ** : ਪੁਰਾਤਨ ਜਨਮਸਾਖੀ ਦੀ ਸਾਖੀ 29 ਵਿਚ ਜੁਗਾਵਲੀ ਨਾਮ ਦੀ ਰਚਨਾ ਨੂੰ ਗੁਰੁ ਨਾਨਕ ਦੇਵ ਦੀ ਰਚਨਾ ਦੱਸਿਆ ਹੈ।ਜੁਗਾਵਲੀ ਤੋਂ ਭਾਵ ਹੈ ਜੁਗਾਂ ਦਾ ਸਿਲਸਿਲਾ ਜਾਂ ਇਤਿਹਾਸਕ ਕ੍ਰਮ। ਇਹ ਸਾਖੀ ਝੰਡਾ ਬਾਢੀ ਤੇ ਬਿਸੀਅਰ ਦੇਸ ਨਾਲ ਸੰਬੰਧਤ ਹੈ ਤੇ ਇਸ ਵਿਚ ਉਕਤ ਰਚਨਾ ਨੂੰ ਗੁਰੂ ਨਾਨਕ ਦੀ ਉਚਾਰੀ

---

[21] ਮਿਹਰਬਾਨ, **ਜਨਮਸਾਖੀ ਗੁਰੂ ਨਾਨਕ ਦੇਵ ਜੀ**, ਪੰਨਾ 46.
[22] ਸ.ਸ. ਪਦਮ, **ਸਾਖੀ ਮਹਲੁ ਪਹਿਲੇ ਕੀ**, ਪੰਨੇ 45, 156.
[23] ਭਾਈ ਵੀਰ ਸਿੰਘ, **ਪੁਰਾਤਨ ਜਨਮਸਾਖੀ**, ਪੰਨਾ 148.
[24] **ਉਹੀ**, ਪੰਨਾ 150.
[25] **ਉਹੀ**, ਪੰਨਾ 115.

ਦੱਸਿਆ ਹੈ। ਸਾਖੀ ਦਾ ਬਿਰਤਾਂਤ ਤਾਂ ਬਹੁਤ ਹੀ ਸੰਖੇਪ ਹੈ ਪਰ ਇਸ ਦਾ ਵਧੇਰੇ ਭਾਗ 'ਜੁਗਾਵਲੀ' ਦੇ ਵਿਵਰਣ ਨਾਲ ਸੰਬੰਧਤ ਹੈ। ਜੁਗਾਵਲੀ ਦੀ ਉਥਾਨਕਾ ਨਿਮਨਲਿਖਤ ਅਨੁਸਾਰ ਅਰੰਭ ਹੁੰਦਾ ਹੈ:

> ਸ੍ਰੀ ਸਤਿਗੁਰੂ ਪ੍ਰਸਾਦਿ ॥ ਲਿਖਤ ਜੁਗਾਵਲੀ ਮ:1॥ ਪ੍ਰਥਮੇ ਉਦਾਸੀ ਕੀਤੀ ਪੂਰਬ ਕੀ। ਤਿਤੁ ਸਮੈ ਬੈਠਾ ਥਾ ਸਮੁੰਦ੍ਰ ਕੀ ਬਰੇਤੀ ਵਿਚਿ ਪਉਣ ਆਹਾਰ ਕੀਆ। ਨਾਲ ਝੰਡਾ ਬਾਢੀ ਬਿਸੀਅਰੁ ਦੇਸ ਕਾ। ਤਿਸ ਕਉ ਜੁਗਾਵਲੀ ਪ੍ਰਾਪਤ ਹੋਈ। ਨਗਰ ਛੁਟਾਘਾਟਕਾ ਆਗੈ ਜੁਗਾਵਲੀ ਕਾ ਸੁਮਾਰੁ ਸਾਰਾ ਹੀ ਲਿਖਿਆ **ਹੈ**।[26]

ਪੁਰਾਤਨ ਜਨਮਸਾਖੀ ਦੇ ਲਗਭਗ ਸਭ ਹੱਥ-ਲਿਖਤ ਖਰੜਿਆਂ ਵਿਚ ਉਕਤ ਗਵਾਹੀ ਤੋਂ ਇਲਾਵਾ ਇਸ ਦਾ ਮੁਕੰਮਲ ਜਾਂ ਅਧੂਰਾ ਪਾਠ ਉਪਲਬਧ ਹੈ। ਇਸ ਤੋਂ ਇਲਾਵਾ ਕਈ ਹੱਥ-ਲਿਖਤ ਖਰੜਿਆਂ ਵਿਚ ਇਸ ਦੇ ਉਤਾਰੇ ਪ੍ਰਾਣ-ਸੰਗਲੀ ਦੀਆਂ ਹੋਰਨਾਂ ਰਚਨਾਵਾਂ ਸਮੇਤ ਵੀ ਪ੍ਰਾਪਤ ਹੁੰਦੇ ਹਨ।[27] ਉਥੇ ਇਸ ਦੇ ਵਿਸ਼ੇ ਤੇ ਰਚਨਾ ਦੇ ਉਦੇਸ਼ ਬਾਰੇ ਉਲੇਖ ਹੈ ਕਿ "ਵਾਹਗੁਰੂ ਕੀ ਮਿਰਜਾਦਾ ਚਹੁ ਅਖਰਾਂ ਕਾ ਮਥੰਤ ਜੁਗਾ ਚਾਲੀਹਾ ਵਿਚਿ ਹੋਇਆ" ਭਾਵ 'ਵਾਹਿਗੁਰੁ' ਪਦ ਦੇ ਅਰਥਾਂ ਦਾ ਵਿਸਥਾਰ ਚਾਲੀ ਜੁਗਾਂ ਵਿਚ ਹੋਇਆ ਹੈ। ਇਸ ਦੇ ਚਾਰ ਜੁਗਾਂ-ਸਹਿਜਵਾਣ, ਸੰਜਮਵਾਨਿ, ਸੁਪਾਉਵਾਨਿ ਤੇ ਅਤੀਤਵਾਨਿ ਵਿਚ ਵ, ਹ, ਰ ਤੇ ਗ ਅੱਖਰਾਂ ਨੂੰ ਆਧਾਰ ਬਣਾਕੇ ਅੱਗੋ' ਹਰੇਕ ਦੇ ਨੌਂ-ਨੌਂ ਜੁਗ ਦਰਸਾਏ ਹਨ। ਇਨ੍ਹਾਂ ਸਭ ਦਾ ਵਿਸ਼ਾ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਸਾਧਨਾ ਤੇ ਪ੍ਰਭੂ ਭਗਤੀ ਨੂੰ ਦ੍ਰਿੜ ਕਰਵਾਉਂਦਿਆਂ ਅੰਤ ਉਤੇ ਚਾਰ ਜੁਗਾ-ਸਤਿਜੁਗ, ਤ੍ਰੇਤਾ, ਦੁਆਪਰਿ ਤੇ ਕਲਿਜੁਗ ਦੇ ਪ੍ਰਧਾਨ ਲੱਛਣ ਵਰਣਨ ਕੀਤੇ ਹਨ। ਅਖੀਰ ਵਿਚ ਗੁਰੂ ਨਾਨਕ ਦਾ ਨਾਮ ਨਾਰਾਇਣ ਨਾਲ ਸੰਬੰਧਤ ਕਰਦੇ ਹੋਏ ਲਿਖਿਆ ਹੈ ਕਿ "ਨਾਨਕ ਕਉ ਤਬ ਹਰਿ ਮਿਲੇ ਤਬ ਨਾਨਕ ਰਖਿਆ ਨਾਮ' ਭਾਵ ਗੁਰੁ ਸਾਹਿਬ ਨੂੰ ਅਵਤਾਰ ਵਾਦ ਦੀ ਧਾਰਨਾ ਅਧੀਨ ਕਲਿਜੁਗ ਦਾ ਅਵਤਾਰ ਦੱਸਿਆ ਹੈ।

ਪੁਰਾਤਨ ਜਨਮਸਾਖੀ ਦੇ ਕੋਲਬਰੁਕ ਵਾਲੇ ਖਰੜੇ ਵਿਚ ਅੰਤ ਵਿਚ ਇਨ੍ਹਾਂ ਜੁਗਾਂ ਦੇ ਬਾਰੇ ਉਲੇਖ ਕਰਦਿਆਂ ਇਹ ਟੂਕ ਦਿਤੀ ਹੈ: 'ਚਾਲੀਸ ਜੁਗ ਕੀ ਮਿਰਜਾਦਾ ਸੰਤੁ ਲਿਖੀ'।ਇਸ ਤੋਂ ਭਾਈ ਵੀਰ ਸਿੰਘ ਹੋਰਾਂ ਇਹ ਨਿਰਣਾ ਕੱਢਿਆ ਹੈ ਕਿ ਜੁਗਾਵਲੀ ਨਾਮ ਦੀ ਇਹ ਰਚਨਾ ਕਿਸੇ ਸੰਤ ਪੁਰਸ਼ ਨੇ ਬਾਅਦ ਵਿਚ ਲਿਖੀ ਹੈ।[28] ਅਸਲ ਵਿਚ ਇਹ ਕਾਤਿਬ ਜਾਂ ਰਚੈਤਾ ਦੀ ਉਕਾਈ ਹੈ ਜੋ 'ਸਭੁ' ਨੂੰ ਸੰਤ ਦਾ ਰੂਪ ਦੇ ਗਿਆ ਹੈ। ਪੰਜਾਬੀ ਯੂਨੀਵਰਸਿਟੀ, ਹਿਸਟੌਰੀਕਲ ਸਟੱਡੀਜ਼ ਵਾਲੇ ਖਰੜੇ ਵਿਚ ਇਹ ਟੂਕ ਚਾਲੀਸ ਜੁਗ ਕੀ ਮਰਜਾਦਾ ਸਭੁ ਲਿਖਿਆ ਹੀ ਅੰਕਤ ਹੈ। ਹੋਰਨਾਂ ਖਰੜਿਆਂ ਵਿਚ ਇਸ ਨੂੰ 'ਜੁਗਾਵਲੀ ਕਾ ਸੁਮਾਰ ਸਾਰਾ ਹੀ ਲਿਖਿਆ' ਰਾਹੀਂ ਬਿਆਨ ਕੀਤਾ ਗਿਆ ਹੈ।[29]

---

[26] **ਜਨਮਸਾਖੀ ਗੁਰ ਨਾਨਕ,** ਕੋਲਬਰੁਕ, ਪੱਤਰਾ 121.
[27] ਰਤਨ ਸਿੰਘ ਜੱਗੀ**, ਪੁਰਾਤਨ ਜਨਮਸਾਖੀ :ਅਧਿਐਨ ਅਤੇ ਸੰਪਾਦਨ**, ਪੰਨਾ 32.
[28] ਭਾਈ ਵੀਰ ਸਿੰਘ, **ਪੁਰਾਤਨ ਜਨਮਸਾਖੀ**, ਪੰਨਾ 187.
[29] ਰਤਨ ਸਿੰਘ ਜੱਗੀ, **ਉਪਰੋਕਤ**, ਪੰਨਾ 32.

ਜਿਥੋਂ ਤੱਕ ਜੁਗਾਵਲੀ ਦੇ ਰਚਨਾ-ਕਾਲ ਦਾ ਸੰਬੰਧ ਹੈ ਉਹ ਇਸ ਦੇ ਪਾਠ ਵਿਚ ਹੀ ਨਿਹਿਤ ਹੈ। ਸਾਖੀ ਦੇ ਅੰਤ ਵਿਚ ਲਿਖਿਆ ਹੈ ਕਿ 'ਤਬ ਝੰਡਾ ਬਾਢੀ ਬਿਸਹਰ ਦੇਸ ਕਉ ਬਿਦਾ ਕੀਤਾ। ਝੰਡੇ ਬਾਢੀ ਕੀ ਮੰਜੀ ਬਿਸੀਆਰੁ ਦੇਸ ਵਿਚਿ ਹੈ। ਕਲਿਜੁਗ ਚਾਰ ਹਜਾਰ ਸੱਤ ਸੈ ਪੈਂਤੀਸ ਬਰਸ ਵਰਤਿਆ ਹੈ'।[30] ਸ. ਕਰਮ ਸਿੰਘ ਹਿਸਟੋਰੀਅਨ ਨੇ ਇਸ ਦੇ ਆਧਾਰ 'ਤੇ ਜੁਗਾਵਲੀ ਦਾ ਰਚਨਾ-ਕਾਲ 1692 ਬਿ. ਭਾਵ 1635 ਈ. ਨਿਸ਼ਚਿਤ ਕੀਤਾ ਹੈ।[31] ਇਸ ਤੋਂ ਇਹ ਅਨੁਮਾਨ ਵੀ ਲਾਇਆ ਹੈ ਕਿ ਪੁਰਾਤਨ ਜਨਮਸਾਖੀ ਦੀ ਰਚਨਾ 1635 ਈ. ਤੋਂ ਬਾਅਦ ਦੀ ਹੈ। ਇਸ ਦੇ ਰਚੈਤਾ ਦੀ ਧਾਰਮਿਕ ਪ੍ਰਤੀਬਧਤਾ ਸੰਬੰਧੀ ਸੰਕੇਤ ਪੁਰਾਤਨ ਜਨਮਸਾਖੀ ਦੇ ਹੱਥ-ਲਿਖਤ ਖਰੜਿਆਂ ਵਿਚ ਹੀ ਪ੍ਰਾਪਤ ਹੈ। ਇਨ੍ਹਾਂ ਵਿਚ ਅੰਕਿਤ ਹੈ ਕਿ :

ਨਾਨਕ ਤੇ ਅੰਗਦ ਹੋਆ ਜੋਤੀ ਜੋਤ ਮਿਲਾਇ॥
ਨਾਨਕ ਆਈ ਪੰਥ ਕੇ ਕਿਆ ਗੁਨ ਕਹਾ ਸੁਨਾਇ॥
ਆਈ ਪੰਥ ਕੀ ਕਥਾ ਸੁਰਨਰ ਨ ਜਾਨਿਤ॥
ਜੁਗਾਵਲੀ ਲਿਖੀ ਸੰਪੂਰਨ ਹੋਈ॥[32]

ਉਕਤ ਟੂਕ ਵਿਚ ਜੋਗੀਆਂ ਦੀ ਇਕ ਸੰਪ੍ਰਦਾਇ, ਆਈ ਪੰਥ ਦੀ ਉਪਮਾ ਕਰਨ ਦੇ ਨਾਲ-ਨਾਲ ਗੁਰੂ ਅੰਗਦ ਦੇਵ ਦੀ ਗੁਰਿਆਈ ਦਾ ਹਵਾਲਾ ਵੀ ਆਇਆ ਹੈ। ਇਉਂ ਇਸ ਦੀ ਰਚਨਾ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੇ ਜਾਣ ਦਾ ਮੱਤ ਖੁਦ-ਬ-ਖੁਦ ਰੱਦ ਹੋ ਜਾਂਦਾ ਹੈ। ਉਤਾਰਾਕਾਰ/ ਸਾਖੀਕਾਰ ਆਈ ਪੰਥ ਦੀ ਉਚਿਤਤਾ ਨੂੰ ਸਥਾਪਿਤ ਕਰਨਾ ਇਕ ਕਿਸਮ ਨਾਲ ਗੁਰੂ ਸਾਹਿਬ ਦੀ ਵਿਚਾਰਧਾਰਾ ਦੇ ਵਿਪਰੀਤ ਹੈ। ਇਸ ਤੋਂ ਸਾਫ ਸਿੱਧ ਹੈ ਕਿ ਜੁਗਾਵਲੀ ਦਾ ਰਚੈਤਾ ਜੋਗੀਆਂ ਦੇ ਆਈ ਪੰਥ ਦਾ ਉਪਾਸਕ/ਪ੍ਰਸ਼ੰਸ਼ਕ ਸੀ, ਜਿਸ ਨੇ ਇਸ ਨੂੰ ਗੁਰੂ ਨਾਨਾਕ ਦੇ ਨਾਮ ਹੇਠ ਠੇਲ੍ਹਣ ਦਾ ਅਸਫਲ ਜਤਨ ਕੀਤਾ ਹੈ। ਵਿਸ਼ੇਸ਼ ਤੱਥ ਇਹ ਹੈ ਕਿ ਪ੍ਰਾਣ ਸੰਗਲੀ ਵਿਚ ਦਰਜ ਜੁਗਾਵਲੀ ਦੀ ਉਥਾਨਕਾ ਪੁਰਾਤਨ ਜਨਮਸਾਖੀ ਦੇ ਪਾਠ ਨਾਲ ਮੇਲ ਖਾਂਦੀ ਹੈ। ਦੋਨਾਂ ਦਾ ਪਾਠ ਵੀ ਲਗਭਗ ਇਕੋ-ਜਿਹਾ ਹੈ।[33] ਇਸ ਤੋਂ ਇਲਾਵਾ ਸ਼ਬਦਾਂ ਦੀ ਸਾਂਝ ਵੀ ਕਮਾਲ ਦੀ ਹੈ। ਇਸ ਲਈ ਪੁਰਾਤਨ ਜਨਮਸਾਖੀ ਦੀ ਜੁਗਾਵਲੀ ਤੇ ਪ੍ਰਾਣ ਸੰਗਲੀ ਦੀ ਜੁਗਾਵਲੀ ਵਿਚ ਅੰਤਾਂ ਦੀ ਇਕਸਾਰਤਾ ਹੈ। ਪ੍ਰਾਣ ਸੰਗਲੀ ਵਿਚ ਕੱਚੀ-ਬਾਣੀ ਜੋ 'ਨਾਨਕ' ਛਾਪ ਅਧੀਨ ਰਚੀ ਗਈ ਹੈ, ਦੀ ਬੜੀ ਭਰਮਾਰ ਹੈ। ਸਿੱਖ ਪਰੰਪਰਾ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ 'ਪ੍ਰਾਣ ਸੰਗਲੀ' ਬਾਰੇ ਜਾਣਕਾਰੀ ਸੀ ਪਰ ਉਨ੍ਹਾਂ ਨੇ ਇਸ ਨੂੰ ਅਪ੍ਰਮਾਣਿਕ ਸਮਝਦਿਆਂ ਇਸ ਵਿਚਲੀ ਕਿਸੇ ਵੀ ਰਚਨਾ ਨੂੰ ਸਿੱਖ ਧਰਮ ਗ੍ਰੰਥ ਵਿਚ

[30] **ਪੁਰਾਤਨ ਜਨਮਸਾਖੀ ਕੋਲਬਰੁਕ**, ਪੱਤਰਾ 120.
[31] ਕਰਮ ਸਿੰਘ ਹਿਸਟੋਰੀਅਨ, **ਕਤਕ ਕਿ ਵਿਸਾਖ** ,ਪੰਨਾ 250.
[32] ਭਾਈ ਵੀਰ ਸਿੰਘ, **ਪੁਰਾਤਨ ਜਨਮਸਾਖੀ**, ਪੰਨਾ 187; ਜਗਜੀਤ ਸਿੰਘ ਖਾਨਪੁਰੀ, **ਉਪਰੋਕਤ**, ਪੰਨਾ 30.
[33] ਜਗਜੀਤ ਸਿੰਘ ਖਾਨਪੁਰੀ,**ਉਪਰੋਕਤ**, ਪੰਨੇ 26-27., ਪ੍ਰਾਣ ਸੰਗਲੀ ਵਾਲੇ ਪਾਠ ਵਿਚ 'ਕਲਿਜੁਗ ਚਾਰ ਹਜਾਰ ਸੱਤ ਸੈ ਪੈਂਤੀਸ ਬਰਸ ਵਰਤਿਆ ਹੈ' ਵਾਲੀ ਟੂਕ ਨਹੀਂ ਮਿਲਦੀ।

ਸ਼ਾਮਿਲ ਨਹੀਂ ਸੀ ਕੀਤਾ।[34] ਸਿੱਖ ਪਰੰਪਰਾ ਤੇ ਸਰੋਤ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਜੁਗਾਵਲੀ ਸਮੇਤ ਪ੍ਰਾਣ-ਸੰਗਲੀ ਜੋ ਨਾਨਕ-ਛਾਪ ਅਧੀਨ ਗੁਰੂ ਨਾਨਕ ਦੀ ਰਚਨਾ ਦੇ ਤੌਰ'ਤੇ ਪ੍ਰਚਲਿਤ ਕੀਤੀ ਗਈ ਸੀ ਉਸ ਨੂੰ ਪੰਜਵੇਂ ਪਾਤਿਸਾਹ ਨੇ ਅਸਵੀਕਾਰ ਕਰ ਦਿੱਤੀ ਸੀ।

**ਸੁਨ ਮਹਲ ਕੀ ਕਥਾ ਨਿਰੰਕਾਰ ਕਾ ਧਿਆਨ**: ਪੁਰਾਤਨ ਜਨਮਸਾਖੀ ਦੀ ਸਾਖੀ 45, ਜੋ ਸਿੰਘਲਾਦੀਪ ਦੇ ਰਾਜੇ ਸ਼ਿਵਨਾਭ ਅਤੇ ਗੁਰੂ ਨਾਨਕ ਦੁਆਰਾ ਉਸ ਨੂੰ ਉਪਦੇਸ਼ ਹਿਤ ਪ੍ਰਾਣ ਸੰਗਲੀ ਦੇ ਉਚਾਰੇ ਜਾਣ ਨਾਲ ਸੰਬਧਿਤ ਹੈ, ਵਿਚ ਲਿਖਿਆ ਹੈ "ਸ੍ਰੀ ਸਤਿਗੁਰੂ ਪ੍ਰਸਾਦਿ ਲਿਖਤੰ ਪ੍ਰਾਣ ਸੰਗਲੀ ਸੁਨ ਮਹਲ ਕੀ ਕਥਾ ਨਿਰੰਕਾਰ ਕਾ ਧਿਆਨ ਗੁਹਜੀ ਬਾਣੀ ਬਾਬੇ ਕਾ ਬੋਲਣਾ"[35] ਏਸੇ ਸਾਖੀ ਅਧੀਨ 21 ਪਉੜੀਆਂ 'ਤੇ ਆਧਾਰਿਤ ਇਕ ਰਚਨਾ ਦਰਜ ਕੀਤੀ ਗਈ ਹੈ ਜਿਸ ਦੀਆਂ ਜ਼ਿਆਦਾਤਰ ਤੁਕਾਂ 'ਉਨਮਨਿ' ਨਾਲ ਆਰੰਭ ਹੁੰਦੀਆਂ ਹਨ। ਉਨਮਨਿ ਤੋਂ ਭਾਵ ਅਧਿਆਤਮਿਕ ਗਿਆਨ ਦੀ ਉਹ ਉਚਤਮ ਅਵਸਥਾ ਹੈ ਜਿੱਥੇ ਸੁਰਤ ਜਾਂ ਮਨ ਟਿਕਾਉ ਵਿਚ ਆ ਜਾਂਦਾ ਹੈ।[36] ਇਸ ਰਚਨਾ ਵਿਚ ਜਿਹੜਾ ਪਾਠ ਪੁਰਾਤਨ ਜਨਮਸਾਖੀ ਵਿਚ ਉਪਲਬਧ ਹੈ, ਉਹੀ ਪਾਠ ਪ੍ਰਾਣ ਸੰਗਲੀ ਦੇ ਉਨਮਨਿ ਵਾਲੇ ਪਹਿਲੇ ਅਧਿਆਇ ਵਿਚ ਪ੍ਰਾਪਤ ਹੈ ਅਤੇ ਇਸ ਦੀ ਆਰੰਭਕ ਸ਼ਬਦਾਵਲੀ ਵੀ ਪੁਰਾਤਨ ਜਨਮਸਾਖੀ ਨਾਲ ਮੇਲ ਖਾਂਦੀ ਹੈ।[37] ਇਸ ਰਚਨਾ ਦਾ ਪ੍ਰਧਾਨ ਵਿਸ਼ਾ ਉਨਮਨਿ ਦੀ ਅਵਸਥਾ ਜਿਥੇ ਹਰਖ-ਸੋਗ,ਆਸਾ-ਅੰਦੇਸ਼ਾ ਆਦਿ ਤੋਂ ਅਤੀਤ ਸੁੰਨ ਦੀ ਅਵਸਥਾ ਗ੍ਰਹਿਣ ਕਰਨਾ ਹੈ।[38] ਇਸ ਦੀ ਵਿਆਖਿਆ ਨਾਥ-ਜੋਗੀ ਸ਼ਬਦਾਵਲੀ ਰਾਹੀਂ ਕੀਤੀ ਗਈ ਹੈ ਜਿਸ ਵਿਚ ਸੁੰਨ ਮਹਲ, ਬਿਹੰਗਮ,ਸੁੰਨ ਗੁਫਾ, ਸੁੰਨ ਦੇਹੁਰੀ ਆਦਿ ਰਾਹੀਂ ਕੀਤੀ ਗਈ ਹੈ। ਉਦਾਹਰਣ ਵਜੋਂ:

1. ਏਕੋ ਏਕ ਰਹਤ ਨਿਰਬਾਣ। ਸੁੰਨ ਮਹਲੁ ਕਾ ਏਹੀ ਧਿਆਨੁ।

   ਅਪਨੇ ਜੀਅ ਕੀ ਆਪੇ ਜਾਨੇ । ਨਾਨਕ ਰਹਤਾ ਸੁੰਨ ਧਿਆਨੇ॥16॥

2. ਸੁੰਨ ਨਿਰੰਤਰਿ ਦਿਜੈ ਬੰਧੁ। ਉਡੈ ਨ ਹੰਸਲਾ ਪੜੈ ਨ ਕੰਧ॥

   ਸੁੰਨ ਗੁਫਾ ਘਰਿ ਛਾਵਨ ਛਾਇਆ। ਪੜੇ ਨ ਦੇਹੁ ਜੋਨਿ ਨਹੀ ਆਇਆ॥17॥

ਉਪਰੋਕਤ ਤੋਂ ਸਪਸ਼ਟ ਹੈ ਕਿ ਇਸ ਰਚਨਾ ਵਿਚ ਸੰਨਿਆਸ ਅਤੇ ਜੋਗ-ਮੱਤ ਦੀ ਉਚਿਤਤਾ ਨੂੰ ਪ੍ਰਚਾਰਿਆ ਗਿਆ ਹੈ ਜੋ ਕਿ ਗੁਰੂ ਨਾਨਕ ਦੇਵ ਜੀ ਦੇ 'ਅੰਜਨ ਮਾਹਿ ਨਿਰੰਜਨ ਰਹੀਐ' ਦੇ ਸਿਧਾਂਤ ਦੇ ਅਨੁਕੂਲ ਨਹੀਂ ਹੈ। ਇਸ ਲਈ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਕਹਿਣਾ ਉਚਿਤ ਨਹੀਂ ਹੈ। ਇਸ

---

[34] ਸਰੂਪ ਦਾਸ ਭੱਲਾ, **ਮਹਿਮਾ ਪ੍ਰਕਾਸ਼**, ਪੰਨਾ 361-62.

[35] ਭਾਈ ਵੀਰ ਸਿੰਘ, **ਉਪਰੋਕਤ**, ਪੰਨਾ 149.

[36] ਕਾਨ੍ਹ ਸਿੰਘ ਨਾਭਾ, **ਗੁਰਸ਼ਬਦ ਰਤਨਾਕਰ ਮਹਾਨਕੋਸ਼**, ਪੰਨਾ 11.

[37] ਜਗਜੀਤ ਸਿੰਘ ਖਾਨਪੁਰੀ, **ਉਪਰੋਕਤ**, ਪੰਨਾ 39.

[38] ਇਸ ਦਾ ਸਾਰਾ ਪਾਠ ਹੱਥਲੇ ਅਧਿਐਨ ਵਿਚ ਸੰਬੰਧਿਤ ਸਾਖੀ ਵਾਲੇ ਪਾਠ ਵਿਚ ਦਿੱਤਾ ਗਿਆ ਹੈ।

ਰਚਨਾ ਦੇ ਵਿਸ਼ੇ ਤੇ ਸ਼ਬਦਾਵਲੀ ਤੋਂ ਜਾਪਦਾ ਹੈ ਕਿ ਇਹ ਸਿੱਖ ਪੰਥ ਦੇ ਕਿਸੇ ਸੰਨਿਆਸੀ ਸੰਪ੍ਰਦਾਇ ਦੇ ਕਿਸੇ ਪੈਰੋਕਾਰ, ਜਿਸ ਉਪਰ ਜੋਗ-ਮੱਤ ਦਾ ਗਹਿਰਾ ਪ੍ਰਭਾਵ ਸੀ, ਦੀ ਕ੍ਰਿਤ ਹੈ।

**ਰਤਨਮਾਲਾ:** ਪੁਰਾਤਨ ਜਨਮਸਾਖੀ ਦੀ ਸਾਖੀ 50 ਜੋ ਸੁਮੇਰ ਪਰਬਤ ਉਤੇ ਸਿਧਾਂ ਨਾਲ ਗੋਸ਼ਟਿ ਨਾਲ ਸੰਬੰਧਿਤ ਹੈ ਵਿਚ ਸਾਖੀਕਾਰ ਨੇ ਗੁਰੂ ਬਾਬੇ ਦੁਆਰਾ ਰਚਿਤ ਸਿਧੁ ਗੋਸਟਿ ਬਾਣੀ ਵਿਚ ਜੋ ਸਿਧਾਂ ਦੁਆਰਾ ਪ੍ਰਸ਼ਨ ਉਠਾਏ ਸਨ, ਉਨ੍ਹਾਂ ਦੇ ਜਵਾਬ ਵਿਚ ਗੁਰੂ ਬਾਬੇ ਰਾਹੀਂ ਐਸੀ ਰਚਨਾ ਉਚਰਾਈ ਹੈ ਜੋ ਅਕਾਦਮਿਕ ਹਲਕਿਆਂ ਵਿਚ ਰਤਨਮਾਲ ਕਰਕੇ ਜਾਣੀ ਜਾਂਦੀ ਹੈ ਪਰ ਸਾਖੀਕਾਰ ਨੇ ਪੁਰਾਤਨ ਜਨਮਸਾਖੀ ਵਿਚ ਰਤਨਮਾਲਾ ਦਾ ਸਿਰਲੇਖ ਨਹੀਂ ਦਿੱਤਾ। ਪੁਰਾਤਨ ਜਨਮਸਾਖੀ ਵਿਚ ਇਹ ਚਾਰ ਵੱਖੋ-ਵੱਖਰੇ ਪ੍ਰਸ਼ਨਾਂ ਦੇ ਉੱਤਰ ਹੋਣ ਕਰਕੇ ਚਾਰ ਹਿੱਸਿਆਂ ਵਿਚ ਦਰਜ ਹੈ ਜੋ ਇਸ ਪ੍ਰਕਾਰ ਅਰੰਭ ਹੁੰਦੇ ਹਨ:

1. ਤਿਹ ਕਾ ਮਾਰਿ ਮਿਲਾਵੈ ਮਾਨੁ॥...
2. ਗੁਰ ਕਾ ਭਗਤ ਇੰਦ੍ਰੀ ਕਾ ਜਤੀ॥...
3. ਆਸਣ ਸਾਧਿ ਨਿਰਾਲਮ ਰਹੈ॥...

4. ਸੋ ਬੈਰਾਗੀ ਜੋ ਬੈ ਮਹਿ ਆਵੈ॥...। ਸਲੋਕ ਸ਼ੈਲੀ ਵਿਚ ਰਚੀ ਇਸ ਰਚਨਾ ਦੇ ਕੁਲ 28 ਸਲੋਕ ਹਨ। ਇਸ ਦੇ ਗਹੁ ਨਾਲ ਕੀਤੇ ਪਾਠ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਹਠ-ਯੋਗ ਜੋ ਨਾਥ - ਜੋਗੀਆਂ ਦੀਆਂ ਵਿਸ਼ੇਸ਼ ਕ੍ਰਿਆਵਾਂ ਸਨ ਉਨ੍ਹਾਂ ਦੀ ਪ੍ਰੋੜਤਾ ਕਰਦੀ ਹੈ, ਜੋ ਸਰਾਸਰ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦੇ ਵਿਰੁਧ ਹੈ। ਇਹ ਰਚਨਾ ਵੀ ਪ੍ਰਾਣ-ਸੰਗਲੀ ਦਾ ਹਿੱਸਾ ਹੈ।[39] ਸਾਫ਼ ਜ਼ਾਹਿਰ ਹੈ ਕਿ ਪੁਰਾਤਨ ਜਨਮਸਾਖੀਕਾਰ/ ਉਤਾਰਾਕਾਰ ਨੇ ਇਹ ਉਥੋਂ ਚੁੱਕੀ ਹੈ ਅਤੇ ਗੁਰੂ ਨਾਨਕ-ਛਾਪ ਹੇਠ ਠੇਲ੍ਹ ਦਿੱਤੀ ਹੈ।

**ਹਾਜਰਨਾਮਾ:-** ਪੁਰਾਤਨ ਜਨਮਸਾਖੀ ਵਿਚਲੀ ਸਾਖੀ ਨੰ: 36 ਵਿੱਚ ਗੁਰੂ ਨਾਨਕ ਦੇਵ ਨਾਲ ਸੰਬੰਧਤ ਇਕ ਕਾਵਿ ਰਚਨਾ, **ਹਾਜਰਨਾਮਾ** ਦਰਜ ਕੀਤਾ ਗਿਆ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ ਹੈ। ਇਸ ਨੂੰ ਵਿਦਵਾਨਾਂ ਨੇ ਇਸ ਦੇ ਵਿਸ਼ੇ ਦੇ ਮੁਤਾਬਕ ਹਾਜ਼ਰਨਾਮਾ ਦਾ ਸਿਰਲੇਖ ਦਿਤਾ ਹੈ ਭਾਵੇਂ ਕਿ ਜਨਮਸਾਖੀ ਵਿਚ ਐਸਾ ਕੋਈ ਸੰਕੇਤ ਨਹੀਂ ਮਿਲਦਾ। ਪੁਰਾਤਨ ਜਨਮਸਾਖੀ ਦੇ ਹੱਥ-ਲਿਖਤ ਖਰੜਿਆਂ ਤੋਂ ਇਲਾਵਾ ਇਹ ਸੁਤੰਤਰ ਰੂਪ ਵਿਚ ਹੋਰਨਾਂ ਰਚਨਾਵਾਂ ਸਮੇਤ ਵੀ ਪ੍ਰਾਪਤ ਹੁੰਦਾ ਹੈ। ਸਾਖੀਕਾਰ ਅਨੁਸਾਰ ਇਹ ਰਚਨਾ ਸ਼ੇਖ਼ ਮੀਆਂ ਮਿਠਾ ਨਾਲ ਜੋ ਗੁਰੂ ਸਾਹਿਬ ਦੀ ਵਾਰਤਾਲਾਪ ਹੋਈ ਉਸ ਵਿਚੋਂ ਉਪਜੀ ਹੈ। ਇਸ ਰਚਨਾ ਦੀ ਉਥਾਨਕਾ ਬਾਰੇ ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ ਕਿ:

> ਤਬ ਸੇਖ ਮਿਠੇ ਆਖਿਆ ਜੀ ਤੁਸਾ ਜੋ ਹਿਕੁ ਨਾਵੈ ਦੀ ਸਿਫਤਿ ਕੀਤੀ ਸੋ ਹਿਕੁ ਨਾਮੁ ਕੈਸਾ ਹੈ॥ ਤਬ ਬਾਬੇ ਆਖਿਆ ਸੇਖ ਮਿਠਾ ਹਿਕ ਨਾਵੈ ਦੀ ਕੀਮਤਿ ਕਿਸ ਨਉ ਆਈ ਹੈ॥ ਤਾ ਸੇਖ ਮਿਠੇ ਆਖਿਆ ਜੀ ਮਿਹਰ ਕਰਿ ਦਸਿ॥ ਤਬ ਗੁਰੂ ਬਾਬੇ ਸੇਖ ਮਿਠੇ ਕੀ ਬਾਹ ਪਕੜੀ

[39] ਜਗਜੀਤ ਸਿੰਘ ਖਾਨਪੁਰੀ, **ਉਪਰੋਕਤ**, ਪੰਨੇ 227-232.

ਗੋਸੇ ਲੈ ਗਇਆ॥ ਤਬ ਬਾਬੇ ਆਖਿਆ ਮਿਠਿਆ ਇਕੁ ਨਾਮ ਖੁਦਾਇ ਸੁਣੁ ਥਾ॥ ਤਾ ਬਾਬਾ ਬੋਲਿਆ ਅਲਹ॥ ਅਲਹ ਆਖਣਿ ਨਾਲਿ ਦੂਸਰਾ ਭਸਮ ਹੋਇ ਗਇਆ।ਤਬ ਸੇਖ ਮਿਠਾ ਦੇਖਿ ਕਰਿ ਹੈਰਾਣੁ ਹੋਆ॥ ਜਾ ਦੇਖੇ ਤਾ ਇਕ ਮੁਠੀ ਭਸਮ ਕੀ ਹੈ॥ ਤਬ ਫਿਰਿ ਅਵਾਜ ਆਇਆ ਹੈ ਅਲਾਹ॥ ਇਤਨੇ ਕਹਣੈ ਨਾਲਿ ਉਠੀ ਖੜਾ ਹੋਆ॥ ਤਬ ਸੇਖ ਮਿਠੈ ਆਇ ਪੈਰ ਚੁਮੇ॥ ਤਬ ਬਾਬਾ ਬਿਸਮਾਦੁ ਦੇ ਘਰਿ ਵਿਚਿ ਬੋਲਿਆ:

ੴ ਸਤਿਗੁਰ ਪ੍ਰਸਾਦਿ। ਹਾਜਰਨਾਮਾ ਮਹਲਾ।
ਹਾਜਰਾਂ ਕਉ ਮਿਹਰ ਹੈ ਬਿਹਾਜਰਾਂ ਕਉ ਬਿਮਿਹਰ ਹੈ
ਈਮਾਨੁ ਦੋਸਤੁ ਹੈ ਬੇਈਮਾਨ ਕਾਫਰ ਹੈ
ਤਕਬਰ ਕਹਰ ਹੈ ਗੁਸਾ ਹਰਾਮੁ ਹੈ।
ਨਫਸ ਸ਼ੈਤਾਨ ਹੈ।
ਗੁਮਾਨ ਲਾਨਤੀ ਹੈ। ਸਿਗਬਤਿ ਕਾ ਮੁਹ ਕਾਲਾ ਹੈ।
ਬੇਈਮਾਨ ਨਾ ਪਾਕ ਹੈ। ਹਿਰਸੀ ਬਿਰੂਨਿ ਹੈ।
ਬਿਹਿਰਸੀ ਅਉਨੀਆਉ ਹੈ।
ਬੇ ਦਿਆਨਤ ਨਸਰਖਰੂ ਹੈ
ਅਕਿਤਘਣ ਜਰਦਰੂ ਹੈ।
ਸਚੁ ਬਹਿਸਤੁ ਹੈ।
ਦਰੋਗ ਦੋਜਕ ਹੈ। ਇਲਮ ਹਲੀਮੀ ਹੈ।
ਜੋਰ ਜੁਲਮੁ ਹੈ। ਇਨਸਾਫ ਸਾਫ ਹੈ।
ਸਿਫਤਿ ਵੁਜੂ ਹੈ। ਬਾਂਗ ਬਲੇਲ ਹੈ।
ਚੋਰੀ ਲਾਲਚ ਹੈ। ਜਾਰੀ ਪਲੀਤੀ ਹੈ। ਫਕੀਰੀ
ਸਬੂਰੀ ਹੈ। ਨਾ ਸਬੂਰੀ ਮਕਰੂ ਹੈ। ਰਾਹ ਪੀਰਾ ਹੈ।
ਬੇਰਾਹ ਬੇਪੀਰਾ ਹੈ। ਦੁਆਇ ਦਉਲਤ ਹੈ।
ਬਦ ਦੁਆਇ ਕਹਰ ਹੈ। ਤੇਗ ਮਰਦਾ ਹੈ।
ਅਦਲ ਪਾਤਿਸਾਹਾ ਹੈ। ਦਰਦਵੰਦ ਦਰਵੇਸ ਹੈ।
ਬੇਦਰਦ ਕਸਾਈ ਹੈ। ਏ ਤਿਆ ਟੋਲਾ ਜੋ ਜਾਣਿ
ਜਣਾਵੈ। ਤਉ ਨਾਨਕ ਦਾ ਨਾਸਵੰਦ ਕਹਾਵੈ॥[40]

ਹਾਜਰਨਾਮਾ ਦੀ ਭਾਸ਼ਾ ਤੇ ਸ਼ਬਦਾਵਲੀ ਉਪਰ ਇਸਲਾਮ ਤੇ ਸੂਫ਼ੀਵਾਦ ਦੀ ਗੂੜ੍ਹੀ ਛਾਪ ਪ੍ਰਤੱਖ ਦਿਸਦੀ ਹੈ। ਜਾਪਦਾ ਹੈ ਇਹ ਕਿਸੇ ਫਾਰਸੀ ਸ੍ਰੋਤ ਤੋਂ ਪ੍ਰਾਪਤ ਕੀਤਾ ਗਿਆ ਹੈ ਜਾਂ ਫਿਰ ਕਿਸੇ ਸੂਫ਼ੀ ਫਕੀਰ ਨੇ

[40] MS# 970 **ਹਾਜਰਨਾਮਾ,** ਭਾਈ ਗੁਰਦਾਸ ਲਾਇਬ੍ਰੇਰੀ (ਹੱਥ-ਲਿਖਤ ਸੈਕਸ਼ਨ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਆਪਣੇ ਅਕੀਦੇ ਦੇ ਪ੍ਰਗਟਾਉ ਲਈ ਸਿੱਧੀ-ਸਾਦੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ।ਇਸ ਦੇ ਪਾਠ ਵਿੱਚ ਪ੍ਰਮੁੱਖ ਸ਼ਬਦ ਜਿਵੇਂ **ਈਮਾਨ, ਕੁਫਰ, ਕਾਫਰ, ਤਕਬਰ, ਨਫਸ, ਸ਼ੈਤਾਨ, ਹਰਾਮ, ਅਉਲੀਆ, ਸੁਰਖਰੂ, ਜਰਦਰੂ, ਭਿਸਤ, ਦਰੋਗ, ਦੋਜਕ, ਇਲਮ, ਹਲੀਮੀ, ਸਿਫਤਿ, ਬਾਂਗ, ਮਕਰੂਹ,** ਆਦਿ ਸ਼ਬਦ ਫਾਰਸੀ ਸ੍ਰੋਤਾਂ ਤੋਂ ਆਏ ਹਨ ਜੋ ਸੂਫੀਵਾਦ ਦੀ ਪਰਿਭਾਸ਼ਿਕ ਸ਼ਬਦਾਵਲੀ ਨਾਲ ਸੰਬੰਧਿਤ ਹਨ।ਇਸ ਤੋਂ ਸਾਫ ਜ਼ਾਹਿਰ ਹੈ ਕਿ ਇਹ ਰਚਨਾ ਸੂਫ਼ੀਵਾਦ ਸੰਬੰਧੀ ਫਾਰਸੀ ਸਾਹਿਤ ਤੋਂ ਪ੍ਰੇਰਿਤ ਹੈ।

ਹਾਜਰਨਾਮਾ ਦਾ ਉਦੇਸ਼ ਪ੍ਰਮਾਤਮਾ ਵਿਚ ਰੁਚਿਤ ਗਿਆਨਵਾਨ/ਦਾਨਸਬੰਦ ਦੀ ਅਧਿਆਤਮਿਕ ਸਾਧਨਾ ਤੇ ਰਹਿਤ ਨੂੰ ਇਸਲਾਮਿਕ ਸ਼ਬਦਾਵਲੀ ਰਾਹੀਂ ਵਿਅਕਤ ਕਰਨਾ ਹੈ। ਨਿਸ਼ਚਿਤ ਤੌਰ 'ਤੇ ਇਹ ਰਚਨਾ ਇਸਲਾਮ/ ਸੂਫੀਵਾਦ ਤੋਂ ਪ੍ਰੇਰਿਤ ਹੈ ਜੋ ਕਿਸੇ ਉਦਾਸੀ ਡੇਰੇ ਵਿਚ ਸੂਫੀਆਂ ਨੂੰ ਸੰਬੋਧਨ ਕਰਨ ਹਿਤ ਰਚੀ ਹੈ, ਪਰ ਇਸ ਨੂੰ ਪ੍ਰਚਾਰਨ ਹਿਤ ਨਾਨਕ- ਛਾਪ ਦਾ ਆਸਰਾ ਲਿਆ ਗਿਆ ਹੈ।

**ਸਿਹਰਫ਼ੀ** :-ਪੁਰਾਤਨ ਜਨਮਸਾਖੀ ਦੀ ਸਾਖੀ 50 ਪੱਛਮ ਦੀ ਉਦਾਸੀ ਨਾਲ ਸੰਬੰਧਤ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਮੱਕੇ ਵਿਚ ਕਾਜ਼ੀ ਰੁਕਨਦੀਨ ਨਾਲ ਗੋਸ਼ਟਿ ਵੀ ਵਰਨਣ ਕੀਤੀ ਗਈ ਹੈ। ਇਸੇ ਵਿਚ ਰੁਕਨਦੀਨ ਵੱਲੋਂ ਗੁਰੂ ਸਾਹਿਬ ਨੂੰ ਪ੍ਰਸ਼ਨ ਕੀਤਾ ਜਾਂਦਾ ਹੈ ਕਿ "ਨਾਨਕ ਦਰਵੇਸ ਇਹ ਜੋ ਹਿੰਦੂ ਮੁਸਲਮਾਨ ਬੇਦ ਕਤੇਬ ਪੜਦੇ ਹੈਨਿ ਸੋ ਖੁਦਾਇ ਪਾਇਨਗੇ ਕਿ ਨਾ ਪਾਇਨਗੇ।" ਇਸ ਦੇ ਉਤਰ ਵਿਚ ਗੁਰੂ ਸਾਹਿਬ ਵਲੋਂ ਤਿਲੰਗ ਰਾਗ ਵਿਚ 30 ਬੰਦਾਂ ਦੀ ਇਕ ਰਚਨਾ ਉਚਾਰਨ ਦਾ ਹਵਾਲਾ ਹੈ, ਜੋ ਇਸ ਜਨਮਸਾਖੀ ਦੇ ਕੁਝ ਹੱਥ-ਲਿਖਤ ਖਰੜਿਆਂ ਵਿਚ ਪੂਰੀ ਦਰਜ ਹੈ ਤੇ ਕੁਝ ਵਿਚ ਇਸ ਦੇ ਰਚੇ ਜਾਣ ਦਾ ਹਵਾਲਾ ਦੇਣ ਲਈ ਪਹਿਲੇ ਕੁੱਝ ਬੰਦ ਹੀ ਉਸਰਿਤ ਕੀਤੇ ਹਨ।ਇਹ ਰਚਨਾ ਫਾਰਸੀ ਸਾਹਿਤ ਵਿਚ ਸਿਹਰਫੀ ਦੀ ਵਿਧਾ ਦੇ ਆਧਾਰ 'ਤੇ ਉਸਾਰਨ ਦਾ ਜਤਨ ਕੀਤਾ ਹੈ ਪਰ ਫਾਰਸੀ ਦੇ ਕੁੱਝ ਅੱਖਰ ਜਿਵੇਂ ਪੇ, ਚਿਹ, ਤੋਇ, ਜ਼ੋਇ ਆਦਿ ਦੇ ਆਧਾਰ 'ਤੇ ਕੋਈ ਬੰਦ ਨਹੀਂ ਰਚਿਆ। ਸ਼ਬਦਾਵਲੀ ਸੂਫ਼ੀਵਾਦ ਤੇ ਇਸਲਾਮ ਵਾਲੀ ਵਰਤੀ ਹੈ ਪਰ ਇਸ ਵਿਚ ਸਿੱਖ ਸਿਧਾਂਤ ਓਤਪੋਤ ਹੋਏ ਹਨ। ਇਕ ਕਿਸਮ ਨਾਲ ਕਿਸੇ ਉਦਾਸੀ ਲੇਖਕ ਨੇ ਸੂਫ਼ੀ ਦਰਵੇਸ਼ ਨਾਲ ਸੰਵਾਦ ਰਚਾਇਆ ਹੈ ਜਿਸ ਵਿਚ ਉਸ ਨੂੰ ਇਸਲਾਮ ਅਤੇ ਸ਼ਰੀਅਤ ਅਨੁਸਾਰ ਸਹੀ ਮੁਸਲਮਾਨ ਬਣਨ ਦਾ ਸਬਕ ਦਿੱਤਾ ਹੈ।ਭਾਵੇਂ ਇਸ ਵਿਚ ਨਾਨਕ-ਛਾਪ ਦੀ ਵਰਤੋਂ ਹੋਈ ਹੈ, ਪਰ ਇਹ ਗੁਰੂ ਨਾਨਕ ਦੇ ਨਾਮ 'ਤੇ ਪ੍ਰਚਾਰੀ ਗਈ ਅਪ੍ਰਮਾਣੀਕ ਰਚਨਾ ਹੈ।

ਪੁਰਾਤਨ ਜਨਮਸਾਖੀ ਵਿੱਚ ਦਰਜ ਕੀਤੀ ਗਈ ਉਪਰੋਕਤ ਕੱਚੀ-ਬਾਣੀ ਤੋਂ ਇਲਾਵਾ ਗੁਰੂ ਨਾਨਕ ਦੇ ਨਾਮ ਹੇਠ ਕੁੱਝ ਹੋਰ ਸਲੋਕ ਵੀ ਪ੍ਰਾਪਤ ਹਨ ਜਿਨ੍ਹਾਂ ਦਾ ਵੇਰਵਾ ਸਾਖੀ-ਕ੍ਰਮ ਅਨੁਸਾਰ ਨਿਮਨਲਿਖਤ ਹੈ:-

**ਸਾਖੀ 7: ਵੈਦ**

1. ਜਾਹਿ ਵੈਦਾ ਘਰਿ ਆਪਣੈ ਮੇਰੀ ਆਹਿ ਨ ਲੇਹਿ।
   ਹਮ ਰਤੇ ਸਹਿ ਆਪਣੈ ਤੂ ਕਿਸ ਦਾਰੂ ਦੇਹਿ।

2. ਦੁਖੁ ਲਾਗੈ ਦਾਰੂ ਘਣਾ ਵੈਦੁ ਖੜੋਆ ਆਇ
ਕਾਇਆ ਹੰਸੁ ਪੁਕਾਰੇ ਵੈਦਿ ਨ ਦਾਰੂ ਲਾਇ।
ਜਾਹਿ ਵੈਦਾ ਘਰਿ ਆਪਣੇ ਜਾਣੇ ਕੋਇ ਮਕੋਇ।
ਜਿਨਿ ਕਰਤੇ ਦੁਖੁ ਲਾਇਆ ਨਾਨਕ ਲਾਹੈ ਸੋਇ।[41]

## ਸਾਖੀ 11: ਕਾਜ਼ੀ ਚਰਚਾ,ਨਮਾਜ਼,ਮੋਦੀ ਦੀ ਕਾਰ ਕਰਾਈ

ਮੁਸਲਮਾਨ ਮੁਸਾਵੈ ਆਪੁ ।
ਸਿਦਕੁ ਸਬੂਰੀ ਕਲਮਾ ਪਾਕ।
ਖੜੀ ਨ ਛੇੜੈ ਪੜੀ ਨ ਖਾਇ।
ਨਾਨਕ ਸ ਮੁਸਲਮਾਨ ਭਿਸਤ ਕਉ ਜਾਇ।[42]

## ਸਾਖੀ 14: ਗੋਸ਼ਟ ਸ਼ੇਖ ਸਰਫ

1. ਪੀਰ ਮਤਿ ਮੁਰੀਦ ਹੋਇ ਰਹਨੰ।ਖਫਨੀ ਟੋਪੀ ਮਨਿ ਸਬਦੁ ਗਹਨੰ।
ਭਹਤਾ ਦਰੀਆਉ ਕਰਿ ਰਹੈ ਬਰੇਤੀ।ਸਹਜਿ ਬੈਸਿ ਤਤਾ ਸੁਖ ਮਨਾਤੀ।
ਹਰਖ ਸੋਗੁ ਕੀਨਾ ਅਹਾਰੰ।ਪਹਿਰੇ ਖਫਨੀ ਸਭਿ ਦੁਸਟ ਬਿਡਾਰੰ।
ਸੁੰਨ ਨਗਰ ਲੈ ਬਸਤੀ ਰਹਾਈ।ਤਉ ਕਫਨੀ ਕੀ ਜੁਗਤਿ ਪਾਇ॥
ਕੁਟੰਬੁ ਛੇਦਿ ਹੂਆ ਇਕੇਲਾ।ਨਾਨਕ ਪਹਿਰਿ ਕਫਨੀ ਭਇਆ ਸੁਹੇਲਾ।
2. ਗੁਰੂ ਸਬਦਿ ਦੀਖਿਆ ਮਹਿ ਸਹਿਜ ਗਹਨੰ ਪੰਰ ਇੰਦ੍ਰੀ ਦਿਲਿ ਅਟਲ ਰਹਨੰ
ਦਿਸਟਿ ਬੰਧਿ ਭਰਮਤਾ ਰਹੀਅੰ॥ਦਸ ਹੀ ਦੁਆਰੇ ਤਾਲੇ ਚੜੀਅੰ॥ਅਠ ਸਠਿ ਹਾਟ ਤਾੜ ਕਰਨੰ॥ਲਾਇ ਲੰਗੋਟੀ ਜਰਾ ਨਾ ਮਰਨੰ॥ ਪਹਿਰ ਲੰਗੋਟੀ ਰਹੈ ਇਕੇਲਾ॥ਉਲਟਿ ਲਬਿ ਕਾ ਪੀਵੈ ਉਵਾ ਜਲਾ॥ ਬਿਲੰਦ ਮਤਿ ਗੁਰ ਹਿਰਿ ਛੋਟੀ।
ਇਹੁ ਜੁਗਤ ਨਾਨਕ ਪਹਿਰਿਬੋ ਲੰਗੋਟੀ।
3. ਰਾਗ ਦੇਵਗੰਧਾਰੀ ਮ:੧
ਜੀਵਤਾ ਮਰੇ ਜਾਗਤ ਫੁਨਿ ਸੋਵੈ॥ਜਾਨਤ ਆਪੁ ਮੁਸਾਵੈ॥
ਗਗਨ ਮੰਡਲ ਮਹਿ ਆਸਣ ਬੈਠੇ ਅਨਹਦੁ ਨਾਦ ਵਜਾਵੈ॥
ਕਹੁ ਨਾਨਕ ਸਾਧ ਕੀ ਮਹਮਾ ਬੇਦ ਕੁਰਾਨੁ ਨ ਪਾਵੈ।[43]

## ਸਾਖੀ 15: ਦਿੱਲੀ ਹਾਥੀ ਮੋਇਆ ਜਿਵਾਇਆ

ਸਲੋਕੁ॥

---

[41] **ਜਨਮਸਾਖੀ ਗੁਰ ਨਾਨਕ ਕੋਲਬਰੁਕ**, ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ, ਖਾਲਸਾ ਕਾਲਜ,ਅੰਮ੍ਰਿਤਸਰ।
[42].**ਉਹੀ**, ਪੱਤਰਾ 39.
[43] **ਜਨਮਸਾਖੀ ਗੁਰ ਨਾਨਕ ਕੋਲਬਰੁਕ,** ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ, ਖਾਲਸਾ ਕਾਲਜ,ਅੰਮ੍ਰਿਤਸਰ।

1. ਮਾਰੇ ਜੀਵਾਲੈ ਸੋਈ॥
   ਨਾਨਕ ਏਕਸੁ ਬਿਨ ਅਵਰੁਨ ਕੋਈ॥
2. ਨਾਨਕ ਭੁਖ ਖੁਦਾਇ ਕੀ ਬਿਆ ਬੇਪਰਵਾਹੀ।
   ਅਸਾਂ ਤਲਬ ਦੀਦਾਰ ਕੀ ਬਿਆ ਤਲਬ ਨ ਕਾਈ।[44]

**ਸਾਖੀ 16: ਪਹਿਲੀ ਉਦਾਸੀ ਦਾ ਪਹਿਰਾਵਾ ਸ਼ੇਖ ਬਜੀਦ**

ਸਲੋਕੁ॥

ਪੂਰਬ ਜਨਮ ਕੇ ਤਪੀਏ ਪਾਲੇ ਸਹਿਆ ਡੰਗੁ।
ਤਬ ਕੇ ਥਕੇ ਨਾਨਕਾ ਅਬਿ ਮੰਡਾਵਨਿ ਅੰਗੁ।1।[45]

**ਸਾਖੀ 19: ਵਣਜਾਰਿਆਂ ਦੇ ਟਾਂਡੇ**

ਸਲੋਕੁ॥

ਜਿਤ ਮੁਹਿ ਮਿਲਨਿ ਮੁਬਾਰਖੀ ਲਖ ਲਖ ਮਿਲੈ ਆਸੀਸ।
ਤੇ ਮੁਹੁ ਫਿਰਿ ਪਿਟਾਈਅਨ ਮਨੁ ਤਨੁ ਸਹੇ ਕਸੀਸ॥
ਇਕ ਮੁਏ ਇਕ ਦਬਿਆ ਇਕ ਦਿਤੇ ਨਦੀ ਵਹਾਇ॥
ਗਇਆ ਮੁਬਾਰਖੀ ਨਾਨਕਾ ਭੀ ਸਚੇ ਨੂੰ ਸਾਲਾਹ॥[46]

**ਸਾਖੀ 20: ਪਾਲੀ ਨੂੰ ਪਾਤਸ਼ਾਹੀ**

ਸਲੋਕੁ॥

ਸਥਰੁ ਤੇਹਾ ਲੇਫੁ ਨਿਹਾਲੀ ਭਾਉ ਤੇਰਾ ਪਕਵਾਨੁ।
ਨਾਨਕ ਸਿਫਤੀ ਤ੍ਰਿਪਤਿਆ ਬਹੁ ਰੇ ਸੁਲਤਾਨੁ।[47]

**ਸਾਖੀ 22 : ਠੱਗਾਂ ਦਾ ਨਿਸਤਾਰਾ**

ਸਲੋਕੁ॥

ਬਲਦ ਮਸਾਇਕ ਹਾਲੀ ਸੇਖਿ।ਧਰਤਿ ਕੇਤਬਾਂ ਓਢੀ ਲੇਖੁ।
ਚੋਟੀ ਕਾ ਪਰਸੇਉ ਅਡੀ ਜਾਇ ।ਤਾਂ ਕਾ ਖਟਿਆ ਸਭ ਕੋ ਖਾਇ।
ਘਾਲਿ ਖਟਿ ਕਿਛੁ ਹਥਹੁ ਦੇਇ।ਨਾਨਕ ਰਾਹ ਪਛਾਨੈ ਸੋਇ।੧।[48]

---

[44] **ਉਹੀ,** ਪੱਤਰਾ
[45] **ਉਹੀ**, ਪੱਤਰਾ 56.
[46] **ਉਹੀ**, ਪੱਤਰਾ 67.
[47] **ਉਹੀ**, ਪੱਤਰਾ
[48] **ਉਹੀ**, ਪੱਤਰਾ 74.

**ਸਾਖੀ 23: ਨੂਰ ਸ਼ਾਹ ਨਿਸਤਾਰਾ**

ਸਲੋਕੁ॥
ਕਲਰੁ ਕੀਆ ਵਣਜਾਰੀਆ ਝੁੰਗੈ ਮੁਸਕੁ ਮੰਗੇਨ।
ਅਮਲਾ ਬਾਝੁ ਨਾਨਕਾ ਕਿਉ ਕਰਿ ਖਸਮਿ ਮਿਲੇਨਿ।੧।[49]

**ਸਾਖੀ 26: ਵਸਦਾ ਰਹੇ**

ਏਸ ਕਲੀਓ ਪੰਜ ਭੀਤਿਓ ਕਿਓ ਕਰਿ ਰਖਾ ਪਤਿ॥
ਜੇ ਬੋਲਾ ਤਾ ਆਖਿਐ ਬੜ ਬੜ ਕਰੇ ਬਹੁਤ॥
ਚੁਪ ਰਹਾਂ ਤਾ ਆਖਿਐ ਇਤ ਘਟਿ ਨਾਹੀ ਮਤਿ॥
ਜੇ ਬਹਿ ਰਹਾਂ ਤਾਂ ਆਖਿਐ ਬੈਠਾ ਸਥਰ ਘਤੁ॥
ਉਠ ਜਾਈ ਤਾਂ ਆਖਿਐ ਛਾਰ ਗਇਆ ਸਿਰ ਘਤਿ॥
ਜੇਕਰ ਨਿਵਾਂ ਤਾਂ ਆਖਿਐ ਡਰਦਾ ਕਰੇ ਭਗਤ॥
ਕਾਈ ਗਲੀ ਨਾ ਮੇਵਣੀ ਜਿਥੇ ਕਢਾਂ ਝਤਿ॥
ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥[50]

**ਸਾਖੀ 28: ਆਸਾ ਦੇਸ਼, ਸ਼ੇਖ ਫਰੀਦ ਨਾਲ ਗੋਸ਼ਟ**

1. ਅਕੈ ਤਾ ਲੋੜੁ ਮੁਕੱਦਮੀ ਅਕੈ ਤੈ ਅਲਹੁ ਲੋੜੁ॥
ਦੁਹੁ ਬੇੜੀ ਨਾ ਲਤ ਧਰੁ ਮਤੁ ਵੰਞਹੁ ਵਖਰੁ ਬੋੜਿ॥
2. ਦੁਹੀ ਬੇੜੀ ਲਤ ਧਰੁ ਦੁਹੀ ਵਖਰੁ ਚਾੜਿ॥
ਕੋਈ ਬੇੜੀ ਡੁਬਸੀ ਕੋਈ ਲੰਘੇ ਪਾਰਿ॥
ਨਾ ਪਾਣੀ ਨ ਬੇੜੀਆ ਨਾ ਡੁਬੈ ਨਾ ਜਾਇ॥
ਨਾਨਕ ਵਖਰੁ ਸਚੁ ਧਨੁ ਸਹਜੇ ਰਹਿਆ ਸਮਾਇ॥੧॥
3. ਫਰੀਦਾ ਚੂੜੇਲੀ ਸਿਉ ਰਤਿਆ ਦੁਨੀਆ ਕੂੜਾ ਭੇਤੁ॥ ਨਾਨਕ ਆਖੀ ਦੇਖਦਿਆ ਉਜੜਿ ਵੰਞੈ ਖੇਤੁ॥
4. ਫਰੀਦਾ ਧੁਰਹੁ ਧੁਰਹੁ ਹੋਂਦਾ ਆਇਆ ਚੂੜੇਲੀ ਸਿਉ ਹੇਤ॥
ਨਾਨਕ ਖੇਤ ਨ ਉਜੜੈ ਜੇ ਰਾਖਾ ਹੋਇ ਸੁਚੇਤ॥
5. ਫਰੀਦਾ ਤਨੁ ਰਹਿਆ ਮਨੁ ਫਟਿਆ ਤਾਗਤਿ ਰਹੀ ਨ ਕਾਇ॥
ਉਠ ਪਿਰੀ ਤਬੀਬ ਥੀਓ ਕਾਰੀ ਦਾਰੂ ਲਾਇ॥[51]

---

[49] **ਉਹੀ,** ਪੱਤਰਾ 76.
[50] *MSS#1465:***ਜਨਮਸਾਖੀ ਗੁਰ ਨਾਨਕ ਕੋਲਬਰੁਕ**, ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ, ਖਾਲਸਾ ਕਾਲਜ,ਅੰਮ੍ਰਿਤਸਰ
[51] **ਉਹੀ**, ਪੱਤਰਾ 100.

### ਸਾਖੀ 32: ਸ਼ੇਖ ਬ੍ਰਹਮੁ ਨਾਲ ਗੋਸ਼ਟ

ਸੇਵਾ ਕਰੈ ਜੁ ਕੰਤੁ ਕੀ ਕੰਤੁ ਤਿਸੀ ਕਾ ਹੋਇ।
ਨਾਨਕ ਸਭੇ ਸਹੀਆਂ ਛੋਡਿ ਕਰਿ ਕੰਤਿ ਤਿਸੀ ਪਹਿ ਹੋਇ।[52]

### ਸਾਖੀ 35: ਸੈਦਪੁਰ ਦੀ ਬੰਦ

1. ਜਿਸ ਤੂੰ ਰਖਹਿ ਮਿਹਰਿਵਾਨੁ ਕੋਈ ਨ ਸਕੈ ਮਾਰੇ॥
ਤੇਰੀ ਉਪਮਾ ਕਿਆ ਗਨੀ ਤਉ ਅਗਨਤ ਉਧਾਰੇ॥੧॥
ਰਖਿ ਲਹਿ ਪਿਆਰੇ ਰਾਖਿ ਲੇਹ ਮੈ ਦਾਸਰਾ ਤੇਰਾ॥
ਜਲਿ ਥਲਿ ਮਹੀਅਲ ਰਵਿ ਰਹਿਆ ਸਚਾ ਠਾਕੁਰ ਮੇਰਾ॥ਰਹਾਉ॥
ਜੈ ਦੇਉ ਨਾਮਾ ਦੀਆ ਤੈ ਰਾਖ ਲੀਏ ਤੇਰੇ ਭਗਤਿ ਪਿਆਰੇ॥
ਜਿਨ ਕਉ ਤੈ ਆਪਣਾ ਨਾਮ ਦੀਆ ਸੇ ਤੈ ਪਾਰਿ ਉਤਾਰੇ॥ 2]
ਨਾਮਾ ਸੈਨੁ ਕਬੀਰ ਤਿਲੋਚਨ ਤਉ ਰਾਖਿ ਲੀਏ ਤੇਰੇ ਨਾਮਿ ਸੰਗਿ ਬਨਿਆ॥
ਰਵਦਾਸ ਚਮਿਆਰੁ ਧੰਨਾ ਤਉ ਰਾਖਿ ਲੀਆ ਤੇਰਿਆ ਭਗਤਾ ਸੰਗਿ ਗਨਿਆ॥ 3]
ਨਾਨਕ ਕਰਤਾ ਬੇਨਤੀ ਕੁਲ ਜਾਨਿ ਕਾ ਹੀਨਾ॥
ਸੰਸਾਰ ਸਾਗਰ ਤੇ ਕਾਢਿ ਕੈ ਆਪੁਨਾ ਕਰਿ ਲੀਨਾ।੪॥[53]

### ਸਾਖੀ 36: ਗੋਸ਼ਟ ਮੀਆਂ ਮਿਠਾ

ਸਲੋਕੁ॥

1. ਅਵਲ ਨਾਉ ਖੁਦਾਇ ਕਾ ਦੂਜਾ ਨਬੀ ਰਸੂਲ॥
ਨਾਨਕ ਕਲਮਾ ਜੇ ਪੜਹਿ ਤਾਂ ਦਰਗਾਹ ਪਵਹਿ ਕਬੂਲ॥
2. ਅਵਲ ਨਾਉ ਖੁਦਾਇ ਕਾ ਦਰਿ ਦਰਵਾਨ ਰਸੂਲੁ॥
ਸੇਖਾ ਨੀਅਤ ਰਾਸਿ ਕਰਿ ਤਾਂ ਦਰਗਹਿ ਪਵਹਿ ਕਾਬੂਲੁ॥[54]

### ਸਾਖੀ 49: ਚਉਥੀ ਉਦਾਸੀ ਪਛਮ ਦੀ, ਮੱਕਾ

**ਸਲੋਕੁ॥**
ਰੋਜਾ ਬੰਦਗੀ ਕਬੂਲੁ॥
ਦਸ ਦੁਆਰੇ ਚੀਨੀ ਮਰਦਾ ਹੋਇ ਰਹੁ ਰੰਜੂਲੁ।ਰਹਾਉ।
ਮਾਰਿ ਮਨੂਆ ਦ੍ਰਿਸਟਿ ਬਾਧਹੁ ਦਉੜ ਤਲਬ ਦਲੀਲ॥

---

[52] *MSS#1465:* **ਜਨਮਸਾਖੀ ਗੁਰ ਨਾਨਕ ਕੋਲਬਰੁਕ,** ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ, ਖਾਲਸਾ ਕਾਲਜ,ਅੰਮ੍ਰਿਤਸਰ।
[53] **ਉਹੀ**, ਪੱਤਰਾ 160.
[54] *MSS#1465:***ਜਨਮਸਾਖੀ ਗੁਰ ਨਾਨਕ ਕੋਲਬਰੁਕ**, ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ, ਖਾਲਸਾ ਕਾਲਜ,ਅੰਮ੍ਰਿਤਸਰ।

ਤੀਸ ਦਿਨ ਸਿਉ ਰੰਗ ਰਾਖਹੁ ਪਾਕ ਮਰਦ ਅਸੀਲਿ॥
ਸੁਰਤਿ ਕਾ ਤੂੰ ਰਾਖ ਰੋਜਾ ਨਿਰਤਿ ਤਜਹੁ ਚਾਉ॥
ਆਤਮੇ ਕਉ ਨਿਗਹ ਰਾਖਹੁ ਸਤੀ ਤੂੰ ਉਲਮਾਉ॥
ਤਜਿ ਸੁਆਦਿ ਸਹਿਜ ਬੇਕਾਰ ਰਸਨਾ ਅੰਦੇਸ ਮਨਿ ਦਲਗੀਰ॥
ਮਿਹਰ ਲੇ ਮਨ ਮਹਿ ਰਾਖਹੁ ਕੁਫਰੁ ਤਜਿ ਤਕਬੀਰ॥
ਕੰਮਿ ਲਹਿਰ ਬੁਝਾਇ ਮਨ ਤੇ ਹੋਇ ਰਹੁ ਠਰੂਰੁ॥
ਕਹੈ ਨਾਨਕ ਰਾਖੁ ਰੋਜਾ ਸਿਦਕ ਰਹੀ ਮਾਮੂਰ॥੪॥

2. ਅਲਫ ਅਲਹ ਕਉ ਯਾਦ ਕਰਿ ਗਫਲਤ ਮਨਹੁ ਵਿਸਾਰਿ॥
ਸਾਸ ਪਲੇਟੇ ਨਾਮੁ ਬਿਨੁ ਧ੍ਰਿਗ ਜੀਵਨ ਸੰਸਾਰਿ॥੧॥
ਬੇ ਬਿਦਾਇਤਿ ਦੂਰਿ ਕਰੁ ਕਦਮ ਸਰਿਅਤਿ ਰਾਖੁ॥
ਸਭਸਿ ਕਿਸੇ ਨੂੰ ਨਿਵਿ ਚਲੁ ਮੰਦਾ ਕਿਸੇ ਨ ਆਖੁ॥੨॥
ਤੇ ਤੋਬਾ ਕਰਿ ਸਿਦਕ ਦਿਲ ਮਤੁ ਤੂ ਪਛੋਤਾਹਿ॥
ਤਨ ਬਿਨਸੈ ਮੁਖ ਗਡੀਐ ਤਬ ਤੂੰ ਕਹਾ ਕਰਾਹਿ॥੩॥
ਸੇ ਸਨਾਇਤਿ ਬਹੁਤ ਕਰਿ ਖਾਲੀ ਸਾਸ ਨ ਕਢ॥
ਹਟਹੁ ਹਟ ਵਿਕਾਇਦਿਆ ਬਹੁੜਿ ਨ ਲਹਿਸੈ ਅਢੁ॥੪॥ਆਦਿ[55]

**ਸਾਖੀ 50: ਸੁਮੇਰ ਤੇ ਅਚਲ ਪਰ ਸਿੱਧਾਂ ਨਾਲ ਗੋਸ਼ਟਿ**

**ਸਲੋਕੁ॥**
ਭੰਨੇ ਘੜੇ ਸਵਾਰੇ ਸੋਇ॥
ਨਾਨਕ ਸਚਿ ਬਿਨੁ ਅਵਰ ਨ ਕੋਇ॥[56]

**ਸਾਖੀ 53: ਮਖ਼ਦੂਮ ਬਹਾਵਦੀਂ ਦਾ ਚਲਾਣਾ**

ਜੋ ਭਰਿਆ ਸੋ ਲਦਸੀ ਸਭਨਾ ਹੁਕਮੁ ਰਜਾਇ॥
ਨਾਨਕ ਤੇ ਮੁਖ ਉਜਲੈ ਚਲੈ ਹਕੁ ਕਮਾਇ॥[57]

ਪੁਰਾਤਨ ਜਨਮਸਾਖੀ ਦੇ ਅੰਤ ਵਿੱਚ ਨਾਮਾ ਸਾਹਿਤ ਅਧੀਨ ਆਉਂਦੀ ਇਕ ਹੋਰ ਰਚਨਾ ਦਰਜ ਕੀਤੀ ਗਈ ਹੈ ਜਿਸ ਨੂੰ **ਨਸੀਹਤਨਾਮਾ** ਵਜੋਂ ਜਾਣਿਆ ਜਾਂਦਾ ਹੈ। ਪੁਰਾਤਨ ਜਨਮਸਾਖੀ ਵਿਚ ਇਸ ਦਾ ਕੁਝ ਕੁ ਅੰਸ਼ ਹੀ ਪ੍ਰਾਪਤ ਹੁੰਦਾ ਹੈ। ਇਸ ਦਾ ਸੁਤੰਤਰ ਤੇ ਸੰਪੂਰਨ ਪਾਠ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਭਾਈ

[55] *MSS#1465:* **ਜਨਮਸਾਖੀ ਗੁਰ ਨਾਨਕ ਕੋਲਬਰੁਕ,** ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ।
[56] **ਉਹੀ**, ਪੱਤਰਾ 227.
[57] **ਉਹੀ**, ਪੱਤਰਾ 264.

ਗੁਰਦਾਸ ਲਾਇਬ੍ਰੇਰੀ ਦੇ ਦੁਰਲਭ ਸ਼ੈਕਸ਼ਨ ਵਿੱਚ **MS # 398**'ਤੇ ਪ੍ਰਾਪਤ ਹੈ। ਇਸ ਰਚਨਾ ਨੂੰ ਵੀ ਗੁਰੂ ਨਾਨਕ ਦੇਵ ਦੀ ਛਾਪ ਅਧੀਨ ਦਰਜ ਕੀਤਾ ਗਿਆ ਹੈ।

"ੴ ਸਤਿਗੁਰੂ ਪ੍ਰਸਾਦਿ
ਨਸੀਹਤ ਨਾਮਾ। ਤਿਲੰਗ ਮਹਲਾ ੧
ਕੀਜੈ ਨੇਕ ਨਾਮੀ ਜੋ ਦੇਵੈ ਖੁਦਾਇ॥
ਜੋ ਦੀਸੈ ਜਿਮੀ ਪਰ ਸੁ ਹੋਸੀ ਫਨਾਇ॥ "[58]

ਉਪਰੋਕਤ ਨਸੀਹਤਨਾਮਾ ਕਿਸੇ ਫਰਾਸੀ ਸ੍ਰੋਤ ਤੋਂ ਪੁਰਾਤਨ ਜਨਮਸਾਖੀ ਵਿੱਚ ਅਇਆ ਹੈ। ਇਸ ਵਿਚ ਹਾਕਿਮ ਸ਼੍ਰੇਣੀ ਦੇ ਵਿਹਾਰ ਅਤੇ ਵਧੀਕੀਆਂ ਬਾਰੇ ਜਾਣੂ ਕਰਵਾਇਆ ਗਿਆ ਹੈ ਅਤੇ ਮਨੁੱਖ ਨੂੰ ਨੇਕ ਕਰਮ ਕਰਨ ਲਈ ਪ੍ਰੇਰਿਆ ਗਿਆ ਹੈ।ਇਸ ਵਿਚ ਦਿੱਤੀਆਂ ਨਸੀਹਤਾਂ ਕਿਸੇ ਵੀ ਕੌਮ ਦੇ ਹਾਕਮ ਦੇ ਲਈ ਕਾਰਗਰ ਹਨ। ਇਸ ਰਚਨਾ ਵਿਚ ਅਰਬੀ ਫਾਰਸੀ ਦੀ ਸ਼ਬਦਾਵਲੀ ਦੀ ਭਰਮਾਰ ਹੈ। ਮੌਤ, ਸਵਰਗ ਦੀ ਪ੍ਰਾਪਤੀ, ਨੇਕ ਅਮਲਾਂ ਤੇ ਜ਼ੋਰ, ਪ੍ਰਭੂ ਭਗਤੀ, ਆਦਿ ਕੁਝ ਪ੍ਰਸੰਗਾਂ 'ਤੇ ਗੱਲ ਕੀਤੀ ਹੈ। ਇਸ ਦੀ ਭਾਸ਼ਾ ਉਰਦੂ ਨੁਮਾ ਪੰਜਾਬੀ ਹੈ ਜਿਸ ਵਿਚ ਮੁਲਤਾਨੀ ਦੇ ਤੈਂਕੂ, ਤੈਂਡੀ ਆਦਿ ਸ਼ਬਦ ਆਏ ਹਨ। ਜੀ. ਬੀ. ਸਿੰਘ ਦੇ ਕਥਨ ਅਨੁਸਾਰ ਨਸੀਹਤਨਾਮੇ ਦਾ ਪਿੱਛਾ ਬਾਈਬਲ ਦੇ ਪਾਤਰ ਕਾਰੂੰ ਪਾਤਸ਼ਾਹ ਨਾਲ ਜੁੜਿਆ ਹੋਇਆ ਹੈ। ਜਿਥੋਂ ਇਹ ਕੁਰਾਨ ਤੇ ਅਰਬੀ ਸਾਹਿਤ ਵਿਚ ਪ੍ਰਵੇਸ਼ ਕੀਤਾ। ਉਨ੍ਹਾਂ ਦੀ ਖੋਜ ਅਨੁਸਾਰ ਗਿਆਰਵੀਂ ਸਦੀ ਵਿਚ ਇਮਾਮ ਗਜ਼ਾਲੀ ਨੇ ਛੋਟਾ ਜਿਹਾ ਰਿਸਾਲਾ ਨਸੀਹਤਾਂ ਨਾਲ ਭਰਿਆ ਲਿਖ ਕੇ ਖੁਰਾਸਾਨ ਦੇ ਬਾਦਸ਼ਾਹ ਮੁਹੰਮਦ ਸਲਜੂਕੀ ਨੂੰ ਭੇਜਿਆ ਸੀ ਤੇ ਇਸ ਦਾ ਨਾਮ 'ਨਸੀਹਤ-ਉਲ-ਸਲੂਕ' ਸੀ।[59] ਜੀ.ਬੀ. ਸਿੰਘ ਲਿਖਦੇ ਹਨ ਕਿ ਬਾਅਦ ਵਿਚ ਇਮਾਮ ਗਜ਼ਾਲੀ ਨੇ ਇਸ ਦਾ ਨਾਮ 'ਅਤ-ਤਿਬਰੁਲ ਮਸਬੂਕ' ਰੱਖ ਦਿਤਾ ਅਤੇ 1590 ਈ. ਲਾਗੇ ਬਾਦਸ਼ਾਹ ਅਕਬਰ ਦੇ ਜਮਾਨੇ ਵਿਚ ਮਹਿਕਮਾ ਅਰਜ਼ਬੇਗੀ ਦੇ ਕਿਸੇ ਮੁਸਲਮਾਨ ਨੇ ਇਸ ਨੂੰ ਪੰਜਾਬੀ ਬੈਤਾਂ ਦਾ ਰੂਪ ਦੇ ਦਿਤਾ। ਪਿਛੋਂ ਕਿਸੇ ਤਰ੍ਹਾਂ ਸਿੱਖਾਂ ਨੇ ਇਸ ਨੂੰ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਸੰਬੰਧਿਤ ਕਰ ਦਿਤਾ।[60] ਇਸ ਤੋਂ ਸਿਧ ਹੋਇਆ ਕਿ ਸਿੱਖ ਪੰਥ ਵਿਚ ਕੁਝ ਐਸੇ ਸੰਪ੍ਰਦਾਇ ਵੀ ਸਨ ਜੋ ਫਾਰਸੀ ਸਾਹਿਤ ਦੀਆਂ ਰਚਨਾਵਾਂ ਨੂੰ ਸਰਲ ਪੰਜਾਬੀ ਦਾ ਰੂਪ ਦੇ ਕੇ ਗੁਰੂ ਨਾਨਕ ਦੇ ਨਾਮ ਹੇਠ ਪ੍ਰਚਲਿਤ ਕਰ ਦਿੰਦੇ ਸਨ।

ਉਕਤ ਕੱਚੀ-ਬਾਣੀ ਦੀਆਂ ਲੰਮੀਆਂ ਰਚਨਾਵਾਂ ਤੇ ਸ਼ਬਦ-ਸਲੋਕਾਂ ਤੋਂ ਇਲਾਵਾ ਪੁਰਾਤਨ ਜਨਮਸਾਖੀ ਦੀ ਸਾਖੀ 28 ਵਿਚ ਬਾਬਾ ਫਰੀਦ ਦੇ ਉਚਾਰੇ ਅਜਿਹੇ ਪੰਜ ਸਲੋਕ ਹਨ ਜੋ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੇ ਹਨ ਅਤੇ ਨਾ ਹੀ ਪੰਜਾਬੀ ਸਾਹਿਤ ਦੇ ਕਿਸੇ ਹੋਰ ਸਰੋਤ ਵਿਚ ਕਿਧਰੇ ਨਜਰੀਂ ਆਏ ਹਨ।ਉਪਰੋਕਤ ਕੱਚੀ

---

[58] .MS#*398* : **ਨਸੀਹਤਨਾਮਾ:** ਭਾਈ ਗੁਰਦਾਸ ਲਾਇਬ੍ਰੇਰੀ (ਹੱਥ-ਲਿਖਤ ਸੈਕਸ਼ਨ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

[59] ਜੀ.ਬੀ. ਸਿੰਘ, **ਪ੍ਰਾਚੀਨ ਬੀੜਾਂ**, ਪੰਨਾ 398.

[60] **ਉਹੀ,**ਪੱਤਰਾ।

ਬਾਣੀ ਰਚਨਾਵਾਂ ਵਿਚੋਂ ਜੁਗਾਵਲੀ, ਉਨਮਨਿ ਕਾ ਧਿਆਉ ਤੇ ਰਤਨਮਾਲਾ, ਪੁਰਾਤਨ ਜਨਮਸਾਖੀ ਵਿਚ ਪ੍ਰਾਣ ਸੰਗਲੀ ਵਿਚੋਂ ਆਈਆਂ ਹਨ। ਨਸੀਹਤਨਾਮੇ ਦਾ ਪਿਛੋਕੜ ਇਮਾਮ ਗਜ਼ਾਲੀ ਦੀ ਰਚਨਾ ਨਸੀਹਤ-ਉਲ-ਮਲੂਕ ਨਾਲ ਜੁੜਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਕੀਤੀ ਕੱਚੀ-ਬਾਣੀ ਦੇ ਸ਼ਬਦਾਂ ਤੇ ਸਲੋਕਾਂ ਦੇ ਸਰੋਤ ਲੱਭਣ ਲਈ ਪ੍ਰਾਣ-ਸੰਗਲੀ ਦੇ ਸਭਨਾਂ ਨੁਸਖਿਆਂ ਸਮੇਤ ਗੁਰਮਤਿ ਤੇ ਪੰਜਾਬੀ ਸਾਹਿਤ ਦੇ ਸਾਰੇ ਹੱਥ-ਲਿਖਤ ਖਰੜਿਆਂ ਦਾ ਗੰਭੀਰਤਾ ਅਤੇ ਸੰਜੀਦਗੀ ਨਾਲ ਅਧਿਐਨ ਕਰਨਾ ਹੋਵੇਗਾ ਜੋ ਇਕ ਕਠਿਨ ਕਾਰਜ ਤਾਂ ਹੈ ਪਰ ਅਸੰਭਵ ਨਹੀਂ। ਇਸ ਦੇ ਨਤੀਜੇ ਜਰੂਰ ਲਾਹੇਵੰਦ ਸਾਬਤ ਹੋਣਗੇ। ਇਸ ਦੀ ਛੋਟੀ ਜਿਹੀ ਉਦਾਹਰਣ ਇਹ ਹੈ ਕਿ ਜਦੋਂ ਮਿਹਰਬਾਨ ਰਚਿਤ ਗੁਰੂ ਨਾਨਕ ਦੀ ਜਨਮਸਾਖੀ ਨੂੰ ਵਾਚਿਆ ਗਿਆ ਤਾਂ ਪਤਾ ਚੱਲਿਆ ਕਿ ਇਸ ਵਿਚਲੇ ਕੱਚੀ-ਬਾਣੀ ਦੇ ਦੋ ਸਲੋਕ ਗੁਰੂ ਨਾਨਕ ਦੇ ਨਾਮ ਹੇਠ ਪੁਰਾਤਨ ਜਨਮਸਾਖੀ ਵਿਚ ਪ੍ਰਾਪਤ ਹਨ।ਕੁੱਝ ਥਾਂਈ ਸਾਖੀਕਾਰ/ਉਤਾਰਾਕਾਰ ਨੇ ਕੱਚੀ-ਬਾਣੀ ਨੂੰ ਅਜਿਹੀ ਜੁਗਤ ਸਹਿਤ ਗੁਰਬਾਣੀ ਦੇ ਸ਼ਬਦਾਂ ਵਿਚ ਸਮੋਇਆ ਹੈ ਕਿ ਉਨ੍ਹਾਂ ਦਾ ਪਤਾ ਹੀ ਨਹੀਂ ਚਲਦਾ।ਪੁਰਾਤਨ ਜਨਮਸਾਖੀ ਵਿਚ ਕੱਚੀ-ਬਾਣੀ ਦੀ ਭਰਮਾਰ ਸਾਖੀਕਾਰ ਦੀ ਗੁਰਬਾਣੀ ਪ੍ਰਤੀ ਜਾਣਕਾਰੀ ਉਤੇ ਪ੍ਰਸ਼ਨ ਚਿੰਨ੍ਹ ਲਾਉਣ ਤੋਂ ਇਲਾਵਾ ਉਸ ਦੀ ਸਿੱਖ ਮੱਤ ਦੀ ਮੁੱਖ ਧਾਰਾ ਲਈ ਪ੍ਰਤਿਬਧਤਾ ਉਪਰ ਵੀ ਸਵਾਲ ਖੜ੍ਹੇ ਕਰਦੀ ਹੈ।

# ਪੁਰਾਤਨ ਜਨਮਸਾਖੀ ਦੇ ਕਰਤਾ ਦੀ ਗੁਰਬਾਣੀ ਪ੍ਰਤੀ ਪਹੁੰਚ-ਵਿਧੀ

ਪੁਰਾਤਨ ਜਨਮਸਾਖੀ ਦੇ ਰਚੈਤਾ ਨੇ ਆਪਣੀ ਕ੍ਰਿਤ ਦੀ ਸਰੰਚਨਾ ਅਤੇ ਇਸ ਨੂੰ ਸੰਵਾਰਨ ਤੇ ਰੌਚਕ ਢੰਗ ਨਾਲ ਪੇਸ਼ ਕਰਨ ਲਈ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਤੋਂ ਇਲਾਵਾ ਦੂਸਰੇ ਗੁਰੂ ਸਹਿਬਾਨ ਦੀ ਬਾਣੀ ਦਾ ਖੂਬ ਪ੍ਰਯੋਗ ਕੀਤਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਉਸ ਨੇ ਕੱਚੀ-ਬਾਣੀ ਦਾ ਇਸਤੇਮਾਲ ਕਰਨ ਵਿਚ ਵੀ ਕੋਈ ਗੁਰੇਜ਼ ਨਹੀਂ ਕੀਤਾ। ਗੁਰਬਾਣੀ ਦੇ ਸੰਚਾਰ ਤੇ ਵਿਆਖਿਆ ਉਪਰ ਸਿਰਫ ਪੁਰਾਤਨ ਜਨਮਸਾਖੀ ਦੇ ਕਰਤਾ ਨੇ ਹੀ ਹੱਥ ਨਹੀਂ ਅਜਮਾਇਆ ਬਲਕਿ ਹੋਰਨਾਂ ਸਾਖੀਕਾਰਾਂ ਵਿਸ਼ੇਸ਼ ਕਰਕੇ ਮਿਹਰਬਾਨ ਨੂੰ ਤਾਂ ਇਸ ਵਿਚ ਬੜੀ ਮੁਹਾਰਤ ਹਾਸਿਲ ਸੀ। ਜਨਮਸਾਖੀ ਪਰੰਪਰਾ ਦੇ ਸਾਖੀਕਾਰਾਂ ਦੀ ਗੁਰਬਾਣੀ ਪ੍ਰਤੀ ਪਹੁੰਚਵਿਧੀ ਨੂੰ ਸਮਝਣ ਬਾਰੇ ਸਾਡੇ ਵਿਦਵਾਨਾਂ ਨੇ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਇਸ ਅਧਿਆਇ ਵਿਚ ਅਸੀਂ ਪੁਰਾਤਨ ਜਨਮਸਾਖੀ ਦੇ ਰਚੈਤਾ ਦੀ ਗੁਰਬਾਣੀ ਪ੍ਰਤੀ ਪਹੁੰਚ ਅਤੇ ਸਮਝ ਸੰਬੰਧੀ ਚਰਚਾ ਕਰਾਂਗੇ।

ਪੁਰਾਤਨ ਜਨਮਸਾਖੀ ਦੀਆਂ 57 ਸਾਖੀਆਂ ਵਿਚੋਂ ਲਗਭਗ 10 ਸਾਖੀਆਂ ਵਿਚ ਸਾਖੀਕਾਰ ਨੇ ਗੁਰਬਾਣੀ ਦਾ ਕੋਈ ਸ਼ਬਦ ਪ੍ਰਯੋਗ ਨਹੀਂ ਕੀਤਾ। ਬਾਕੀ ਰਹੀਆਂ ਸਾਖੀਆਂ ਵਿਚ ਉਸ ਨੇ ਸਾਖੀ ਦੇ ਵਿਸ਼ੇ ਨੂੰ ਸਪਸ਼ਟ ਕਰਨ ਲਈ ਗੁਰਬਾਣੀ ਤੋਂ ਇਲਾਵਾ ਕੱਚੀ-ਬਾਣੀ ਦਾ ਪ੍ਰਯੋਗ ਵੀ ਕੀਤਾ ਹੈ। ਕਈ ਸਾਖੀਆਂ ਵਿਚ ਜਿੱਥੇ ਉਸ ਨੇ ਸੰਵਾਦ ਰਚਾਇਆ ਹੈ ਉਥੇ ਗੁਰਬਾਣੀ ਦੇ ਸ਼ਬਦਾਂ ਦਾ ਵਧੇਰੇ ਆਸਰਾ ਲਿਆ ਹੈ। ਏਸੇ ਕਰਕੇ ਉਸ ਨੇ ਕਈ ਸਾਖੀਆਂ ਵਿਚ ਪੰਜ ਤੋਂ ਵਧੇਰੇ ਸ਼ਬਦ ਵੀ ਉਧਰਿਤ ਕੀਤੇ ਹਨ। ਇਸ ਜਨਮਸਾਖੀ ਦਾ ਗੰਭੀਰਤਾ ਸਹਿਤ ਕੀਤਾ ਅਧਿਐਨ ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿਣ ਦਿੰਦਾ ਕਿ ਸਾਖੀਕਾਰ ਗੁਰਬਾਣੀ ਦੇ ਪਰਮਾਰਥ ਨੂੰ ਸਪਸ਼ਟ ਕਰਨ ਵਿਚ ਰੁਚੀ ਰਖਦਾ ਸੀ। ਉਹ ਆਪਣੀ ਰਚਨਾ ਦੇ ਆਰੰਭ ਵਿਚ ਹੀ ਪਟੀ ਤੇ ਪਾਂਧੇ ਵਾਲੀ ਸਾਖੀ ਵਿਚ ਗੁਰਬਾਣੀ ਦਾ ਪਰਮਾਰਥ ਵਰਣਨ ਕਰਨ ਲੱਗ ਪੈਂਦਾ ਹੈ। ਜਿਉਂ-ਜਿਉਂ ਅਸੀਂ ਅੱਗੇ ਵਧਦੇ ਹਾਂ ਤਾਂ ਉਹ ਪਰਮਾਰਥ ਤੋਂ ਹਟ ਕੇ ਗੋਸਟਿ ਦੀ ਸ਼ੈਲੀ ਅਖਤਿਆਰ ਕਰ ਲੈਂਦਾ ਹੈ ਪਰ ਕਦੇ- ਕਦੇ ਪੁਰਾਣੀ ਰੁਚੀ ਅਨੁਸਾਰ ਪਰਮਾਰਥ ਵੱਲ ਵੀ ਇਕ ਦੋ ਥਾਂਈ ਆਪਣੀ ਜ਼ੋਰ ਅਜ਼ਮਾਈ ਕਰਦਾ ਹੈ।ਏਸ ਕਰਕੇ ਓਸ ਨੇ ਬਹੁਤ ਘੱਟ ਸ਼ਬਦਾਂ ਦੇ ਪਰਮਾਰਥ ਦਿਤੇ ਹਨ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਸਾਖੀਕਾਰ ਇਸ ਵਿਸ਼ੇ ਨੂੰ ਨਿਰੰਤਰ ਨਿਭਾ ਨਹੀਂ ਸਕਿਆ। ਇੰਜ ਇਹ ਸਾਖੀ ਪਰਮਾਰਥ ਅਤੇ ਗੋਸਟਿ ਸ਼ੈਲੀ ਦਾ ਮਿਸ਼ਰਣ ਜਾਪਦੀ ਹੈ।

ਪੁਰਾਤਨ ਜਨਮਸਾਖੀ ਵਿਚ ਦਰਜ/ਪ੍ਰਯੋਗ ਕੀਤੀ ਗੁਰਬਾਣੀ ਦਾ ਜਦੋਂ ਅਸੀਂ ਗਹੁ ਨਾਲ ਅਧਿਐਨ ਕਰਦੇ ਹਾਂ ਤਾਂ ਗੁਰਬਾਣੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਪਾਠ ਨਾਲੋਂ ਇਸ ਵਿਚ ਕਈ ਪ੍ਰਕਾਰ ਦੇ ਪਾਠ-ਭੇਦ ਨਜ਼ਰੀਂ ਆਉਂਦੇ ਹਨ। ਉਦਾਹਰਣ ਦੇ ਵਜੋਂ ਸਾਖੀਕਾਰ ਨੇ ਆਪਣੀ ਰਚਨਾ ਵਿਚ ਮੰਗਲਾਚਰਣ ਦਾ ਸੰਖਿਪਤ ਰੂਪ ਪ੍ਰਯੋਗ ਕੀਤਾ ਹੈ ਅਤੇ ਇਸ ਵਿਚ ਵੀ ਕਾਫ਼ੀ ਅੰਤਰ ਹੈ। ਉਹ ਆਪਣੀ ਰਚਨਾ ਦਾ ਆਰੰਭ 'ਸਤਿਗੁਰੂ

ਪ੍ਰਸਾਦਿ' ਨਾਲ ਕਰਦਾ ਹੈ ਪਰ ਤੁਰੰਤ '੧ੳ ਸਤਿਗੁਰ ਪ੍ਰਸਾਦਿ' ਵੱਲ ਵੀ ਆ ਜਾਂਦਾ ਹੈ। ਉਹ ਆਪਣੀ ਰਚਨਾ ਵਿਚ ੧ੳ ਬਹੁਤ ਘੱਟ ਥਾਂਈ ਵਰਤਦਾ ਹੈ। ਜਿਆਦਾਤਰ ਉਸ ਦੀ ਰੁਚੀ 'ਸ੍ਰੀ ਸਤਿਗੁਰੂ ਪ੍ਰਸਾਦਿ' ਅਤੇ 'ਸ੍ਰੀ ਸਤਿਗੁਰ ਪ੍ਰਸਾਦਿ' ਉਪਰ ਟਿਕੀ ਰਹਿੰਦੀ ਹੈ।

ਪੁਰਾਤਨ ਜਨਮਸਾਖੀ ਵਿਚ ਉਧਰਿਤ ਕੀਤੇ ਸ਼ਬਦਾਂ ਵਿਚਲੇ ਪਾਠ-ਭੇਦਾਂ ਦਾ ਇਕ ਪੱਖ ਸੰਗੀਤ ਨਾਲ ਵੀ ਸੰਬੰਧਤ ਹੈ। ਉਦਾਹਰਣ ਦੇ ਵਜੋਂ ਉਸ ਨੇ ਆਪਣੀ ਰਚਨਾ ਵਿਚ ਸ਼ਬਦਾਂ ਦੇ ਜੋ ਰਾਗ ਦੱਸੇ ਹਨ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਭਿੰਨ ਹਨ।ਮਰਦਾਨੇ ਦੀ ਭੁਖ ਗਵਾਈ ਸਾਖੀ ਨੰ. 12 ਵਿਚ ਗੁਰਬਾਣੀ ਦਾ ਜੋ ਸ਼ਬਦ (ਮਾਤਾ ਪ੍ਰੀਤਿ ਕਰੇ...) ਉਧਰਿਤ ਕੀਤਾ ਹੈ, ਉਸ ਦਾ ਰਾਗ ਗਉੜੀ ਦੀਪਕੀ ਲਿਖਿਆ ਹੈ ਜਦੋਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਗਉੜੀ ਗੁਆਰੇਰੀ ਵਿਚ ਅੰਕਿਤ ਹੈ।[1] ਇਸ ਵੰਨਗੀ ਦੀਆਂ ਹੋਰ ਉਦਹਾਰਣਾਂ ਨਿਮਨਲਿਖਤ ਅਨੁਸਾਰ ਹਨ:

1. ਸਾਖੀ ਨੰ. 18, ਰਾਗੁ ਸੂਹੀ ਲਲਤਾ, ਜੋਗੁ ਨ ਖਿੰਥਾ ਜੋਗੁ ਨ ਡੰਡੈ.....[2]
2. ਸਾਖੀ ਨੰ. 23, ਰਾਗੁ ਸ੍ਰੀ ਰਾਗੁ, ਤਾਲ ਮਦੀਰੇ ਘਟ ਕੇ ਘਾਟ.....[3]
3. ਸਾਖੀ ਨੰ. 33, ਰਾਗੁ ਜੈਤਸਰੀ, ਜੀਉ ਤਪਤੁ ਹੈ ਬਾਰੋ ਬਾਰ....[4]

ਉਪਰੋਕਤ ਉਲੇਖ ਕੀਤੇ ਸ਼ਬਦਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕ੍ਰਮਵਾਰ ਸੂਹੀ, ਆਸਾ ਤੇ ਧਨਾਸਰੀ ਰਾਗ ਹਨ। ਇਸ ਤੋਂ ਦੋ ਤੱਥ ਸਾਹਮਣੇ ਆਉਂਦੇ ਹਨ। ਪਹਿਲੇ, ਸੰਭਵ ਹੈ ਸਾਖੀਕਾਰ ਨੂੰ ਗੁਰਬਾਣੀ ਦੇ ਇਨ੍ਹਾਂ ਸ਼ਬਦਾਂ ਦੇ ਰਾਗਾਂ ਦਾ ਗਿਆਨ ਨਹੀਂ ਸੀ। ਦੂਜੇ, ਸ਼ਾਇਦ ਉਸ ਪਾਸ ਗੁਰਬਾਣੀ ਦੀ ਕੋਈ ਅਜਿਹੀ ਸੰਗੀਤ ਪਰੰਪਰਾ ਤੱਕ ਰਸਾਈ ਸੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਗੀਤ ਪਰੰਪਰਾ ਤੋਂ ਜ਼ਰਾ ਭਿੰਨ ਸੀ।

ਸਾਖੀਕਾਰ ਨੇ ਵਿਭਿੰਨ ਸਾਖੀਆਂ ਵਿਚ ਜੋ ਗੁਰਬਾਣੀ ਦੇ ਸ਼ਬਦ/ਸਲੋਕ ਉਧਰਿਤ ਕੀਤੇ ਹਨ, ਉਨ੍ਹਾਂ ਸਭ ਦਾ ਗੁਰੂ ਨਾਨਕ ਦੇਵ ਦੁਆਰਾ ਉਚਾਰੇ ਜਾਣ ਦਾ ਜ਼ਿਕਰ ਕੀਤਾ ਹੈ। ਪਰ ਜਦੋਂ ਅਸੀਂ ਇਨ੍ਹਾਂ ਸ਼ਬਦਾਂ ਦਾ ਗਹੁ ਨਾਲ ਅਧਿਐਨ ਕਰਦੇ ਹਾਂ ਤਾਂ ਸਾਖੀਕਾਰ ਦਾ ਕੁੱਝ ਸ਼ਬਦਾਂ ਦੇ ਕਰਤਿਤਵ ਬਾਰੇ ਦਾਅਵਾ ਦਰੁਸਤ ਸਿੱਧ ਨਹੀਂ ਹੁੰਦਾ। ਉਦਾਹਰਣ ਦੇ ਵਜੋਂ ਸਾਖੀਕਾਰ ਨੇ ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਭਗਤ ਕਬੀਰ ਦੇ ਸ਼ਬਦ/ਸਲੋਕਾਂ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੇ ਜਾਣਾ ਦੱਸਿਆ ਹੈ। ਇਨ੍ਹਾਂ ਸ਼ਬਦਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:

1. ਸਾਖੀ ਨੰ. 7, ਵੈਦਾ ਵੈਦੁ ਸੁ ਵੈਦੁ ਤੂ....

---

[1] ਭਾਈ ਵੀਰ ਸਿੰਘ, **ਪੁਰਾਤਨ ਜਨਮਸਾਖੀ**, ਪੰਨਾ 49.
[2] **ਉਹੀ** ਪੰਨਾ 60.
[3] **ਉਹੀ** ਪੰਨਾ 73.
[4] **ਉਹੀ** ਪੰਨਾ 103

2. ਸਾਖੀ ਨੰ. 12, ਮਾਤਾ ਪ੍ਰੀਤਿ ਕਰੇ ਪੁਤੁ ਖਾਏ.....

3. ਸਾਖੀ ਨੰ. 24, ਡਰਪੈ ਧਰਤੀ ਅਕਾਸੁ ਨਖਤ੍ਰਾ....

4. ਸਾਖੀ ਨੰ. 28, ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ....

5. ਸਾਖੀ ਨੰ. 32, ਸਦਾ ਸਦਾ ਸੋ ਸੇਵੀਐ ਜੋ ਸਭਿ ਮਹਿ.....

6. ਸਾਖੀ ਨੰ. 32, ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ....

7. ਸਾਖੀ ਨੰ. 33, ਕਰਹਲੇ ਮਨ ਪਰਦੇਸੀਆ ਜਿਉ ਮਿਲੀਐ....

8. ਸਾਖੀ ਨੰ. 35, ਹਰਿ ਕੀਆ ਕਥਾ ਕਹਾਣੀਆ.....,

9. ਸਾਖੀ ਨੰ. 35, ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਈ....

10. ਸਾਖੀ ਨੰ. 36, ਅਲਹ ਅਗਮ ਖੁਦਾਈ ਬੰਦੇ.....

11. ਸਾਖੀ ਨੰ. 39, ਘੜੀ ਮੁਹਤ ਕਾ ਪਾਹੁਣਾ...

12. ਸਾਖੀ ਨੰ. 42, ਅਠੀ ਪਹਰੀ ਅਠ ਖੰਡ ਨਾਵਾ ਖੰਡ ਸਰੀਰ...

13. ਸਾਖੀ ਨੰ. 42, ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤ...॥

14. ਸਾਖੀ ਨੰ. 44, ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸ...

15. ਸਾਖੀ ਨੰ. 49, ਗੁਰਿ ਮਿਲੀਐ ਮਨ ਰਹਿਸੀਐ....

16. ਸਾਖੀ ਨੰ. 51, ਖਾਕ ਨੂਰ ਕਰਦੰ ਆਲਮ ਦੁਨੀਆਇ....॥

17. ਸਾਖੀ ਨੰ. 51, ਬੇਦ ਕਤੇਬ ਇਤਰਫਾ ਭਾਈ...

18. ਸਾਖੀ ਨੰ. 52, ਪ੍ਰਥਮੇ ਗਰਭ ਵਾਸ ਤੇ ਟਰਿਆ....

19. ਸਾਖੀ ਨੰ. 56, ਓਤਪੋਤਿ ਸੇਵਕ ਸੰਗਿ ਰਾਤਾ...॥[5]

ਉਪਰੋਕਤ ਸ਼ਬਦ/ਸਲੋਕਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਮੇਲਾਨ ਕਰਨ ਉਪਰੰਤ ਪਤਾ ਚਲਦਾ ਹੈ ਕਿ ਇਨ੍ਹਾਂ ਵਿਚੋਂ ਨੰ. 1, 12 ਅਤੇ 13 ਗੁਰੂ ਅੰਗਦ; ਨੰ. 5, 6 ਅਤੇ 15 ਗੁਰੂ ਅਮਰਦਾਸ; ਨੰ. 2, 7 ਅਤੇ 8 ਗੁਰੂ ਰਾਮਦਾਸ; ਨੰ. 3, 4, 9, 10, 11, 14, 16, 18 ਅਤੇ 19 ਗੁਰੂ ਅਰਜਨ ਦੇਵ; ਅਤੇ ਨੰ.17 ਭਗਤ ਕਬੀਰ ਜੀ ਦੀਆਂ ਰਚਨਾਵਾਂ ਹਨ।ਭਾਈ ਵੀਰ ਸਿੰਘ ਨੇ ਸਾਖੀਕਾਰ ਦੀਆਂ ਉਕਤ ਕਿਸਮ ਦੀਆਂ ਉਕਾਈਆਂ ਨੂੰ ਬੜੇ ਉਦਾਰ ਚਿਤ ਸਹਿਤ ਸਾਖੀਕਾਰ/ਉਤਾਰਾਕਾਰ ਦੀਆਂ ਅਚੇਤ ਭੁਲਾਂ ਕਹਿ ਕੇ ਨਜ਼ਰ-ਅੰਦਾਜ਼ ਕਰ ਦਿੱਤਾ ਹੈ।[6] ਇਹ ਭੁਲੇਖਾ ਇਕ ਜਾਂ ਦੋ ਵਾਰ ਹੋ ਜਾਣ ਦੀ ਸੰਭਾਵਨਾ ਤੋਂ ਤਾਂ ਇਨਕਾਰ ਮਹੀਂ ਕੀਤਾ ਜਾ ਸਕਦਾ ਪਰ ਇਤਨੀ ਵੱਡੀ ਗਿਣਤੀ ਵਿਚ ਇਨ੍ਹਾਂ ਗਲਤੀਆਂ ਨੂੰ ਅਚੇਤ ਭੁਲੇਖਾ ਕਹਿਣਾ ਤਰਕ ਸੰਗਤ ਨਹੀਂ। ਉਪਰੋਕਤ ਵਰਣਨ ਕੀਤੀਆਂ ਉਕਾਈਆਂ ਸਾਖੀਕਾਰ ਦੀ ਗੁਰਬਾਣੀ ਦੀ ਸਮਝ ਵਿਸ਼ੇਸ਼ ਕਰਕੇ ਕਰਤਿਤਵ ਬਾਰੇ ਜਾਣਕਾਰੀ ਉਪਰ ਪ੍ਰਸ਼ਨ ਚਿੰਨ੍ਹ ਲਾਉਂਦੀਆਂ ਹਨ।

---

[5] ਭਾਈ ਵੀਰ ਸਿੰਘ, **ਉਪਰੋਕਤ**, ਪੰਨੇ 34, 49, 74, 81, 99, 103, 109, 113, 120, 125, 134, 136, 138, 152, 163, 169, 173, 179.

[6] **ਉਹੀ** ।

ਸਾਖੀਕਾਰ ਨੇ ਗੁਰੂ ਬਾਬੇ ਦੀਆਂ ਲੰਮੇਰੀਆਂ ਰਚਨਾਵਾਂ ਵਿਚੋਂ ਰਾਗੁ ਆਸਾ ਪਟੀ ਤੇ ਬਾਰਹ ਮਾਹ ਤੁਖਾਰੀ ਦਾ ਮੁਕੰਮਲ ਪਾਠ ਦਿੱਤਾ ਹੈ। ਹੋਰਨਾਂ ਰਚਨਾਵਾਂ ਜਿਵੇਂ ਜਪੁ ਜੀ ਦਾ ਪੂਰਾ ਪਾਠ ਨਹੀਂ ਦਿੱਤਾ ਪਰ ਇਸ਼ਾਰੇ ਮਾਤਰ ਲਿਖ ਦਿਤਾ ਹੈ "ਜਪੁ ਸੰਪੂਰਨ ਕੀਤਾ"[7] ਆਸਾ ਦੀ ਵਾਰ ਦੀ ਰਚਨਾ ਬਾਰੇ ਸਾਖੀਕਾਰ ਦਾ ਵਿਚਾਰ ਹੈ ਕਿ ਇਸ ਦੀਆਂ ਪਹਿਲੀਆਂ ਨੌਂ ਪਉੜੀਆਂ, ਸ਼ੇਖ ਬ੍ਰਿਹਮ (ਇਬਰਾਹੀਮ), ਜੋ ਬਾਬਾ ਫਰੀਦ ਦੀ ਗੱਦੀ ਦਾ ਵਾਰਿਸ, ਦੇ ਪ੍ਰਥਾਇ ਉਚਾਰੀਆਂ ਦੱਸੀਆਂ ਹਨ।[8] ਏਸੇ ਵਾਰ ਦੀਆਂ ਹੋਰ ਛੇ ਪਉੜੀਆਂ ਸਾਖੀ ਨੰ. 37 ਅਨੁਸਾਰ ਦੁਨੀ ਚੰਦ ਕਰੋੜੀਏ ਪ੍ਰਥਾਇ ਹੋਈਆਂ ਦੀ ਗੱਲ ਕੀਤੀ ਹੈ।[9] ਰਾਮਕਲੀ ਮ.1 ਦਖਣੀ ਓਅੰਕਾਰ ਨਾਮੀ ਬਾਣੀ ਦਾ ਉਚਾਰਨ ਸਾਖੀਕਾਰ ਅਨੁਸਾਰ ਬਨਾਰਸ ਦੇ ਪੰਡਤ ਚਤੁਰਦਾਸ ਦੀ ਬੇਨਤੀ ਕਰਨ 'ਤੇ ਕਿ 'ਜੀ ਵਚਨ ਪ੍ਰਾਬਹਮ ਕਿ ਸਿਉ ਪਹਲੀ ਪਟੀ ਪੜਾਵਉ ਸੰਸਾਰ ਜੋਗੁ', ਤਾਂ ਗੁਰੂ ਬਾਬੇ ਨੇ ਉਕਤ ਬਾਣੀ ਦਾ ਉਚਾਰਣ ਕੀਤਾ। ਸਾਖੀਕਾਰ ਨੇ ਓਅੰਕਾਰ ਬਾਣੀ ਦੀ ਸਿਰਫ ਪਹਿਲੀ ਪਉੜੀ ਦਰਜ ਕੀਤੀ ਹੈ ਅਤੇ ਅੰਤ ਤੇ ਇਹ ਸੂਚਨਾ ਦਿਤੀ ਹੈ ਕਿ ' ਤਬਿ ਪਉੜੀਆਂ ਚਉਰੰਜਹ 54 ਓਅੰਕਾਰ ਹੋਇਆ।[10] ਗੁਰੂ ਨਾਨਕ ਦੇਵ ਜੀ ਦੀ ਰਚਨਾ 'ਮਾਝ ਕੀ ਵਾਰ' ਬਾਰੇ ਸਾਖੀਕਾਰ ਨੇ ਦੱਸਿਆ ਹੈ ਕਿ ਇਸ ਦਾ ਉਚਾਰਨ ਦੱਖਣ ਦੀ ਉਦਾਸੀ ਸਮੇਂ ਧਨਾਸਰੀ ਦੇਸ ਵਿਚ ਹੋਇਆ ਸੀ ਅਤੇ ਇਸ ਦਾ ਸੰਪੂਰਨ ਪਾਠ ਗੁਰੂ ਬਾਬੇ ਨਾਲ ਯਾਤਰਾ ਤੇ ਗਏ ਸੈਦੋ ਘੇਹੋ ਨੇ ਲਿਖ ਲਿਆ ਸੀ।[11] ਏਸੇ ਹੀ ਤਰ੍ਹਾਂ ਗੁਰੂ ਸਾਹਿਬ ਦੀ 'ਮਲ੍ਹਾਰ ਕੀ ਵਾਰ' ਬਾਰੇ ਸਾਖੀਕਾਰ ਦਾ ਕਥਨ ਹੈ ਕਿ ਇਸ ਦੀਆਂ 27 ਪਉੜੀਆਂ ਦਾ ਉਚਾਰਨ ਤੀਜੀ ਉਦਾਸੀ ਸਮੇਂ ਕਸ਼ਮੀਰ ਦੇ ਪੰਡਤ ਬ੍ਰਹਮਦਾਸ ਪ੍ਰਥਾਇ ਹੋਇਆ ਸੀ।[12] ਰਾਮਕਲੀ ਰਾਗੁ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਨਾ, 'ਸਿਧ ਗੋਸਟਿ' ਸੰਬੰਧੀ ਸਾਖੀਕਾਰ ਦਾ ਕਥਨ ਹੈ ਕਿ ਇਸ ਦਾ ਉਚਾਰਨ ਗੋਰਖ ਹਟੜੀ ਵਿਖੇ ਸਿਧਾਂ ਨਾਲ ਹੋਈ ਗੋਸਟਿ ਸਮੇਂ ਹੋਇਆ ਸੀ। ਸਾਖੀਕਾਰ ਨੇ ਇਸ ਦੇ ਪਾਠ ਦੀਆਂ ਪਹਿਲੀਆਂ ਪੰਜ ਪਉੜੀਆਂ ਉਧਰਿਤ ਕੀਤੀਆਂ ਹਨ ਪਰ ਇਸ ਦੀਆਂ ਕੁਲ 73 ਪਉੜੀਆਂ ਹੋਣ ਬਾਰੇ ਸੂਚਨਾ ਵੀ ਦਰਜ ਕਰ ਦਿੱਤੀ ਹੈ।[13] ਇਸ ਤੋਂ ਸੰਕੇਤ ਮਿਲਦਾ ਹੈ ਕਿ ਗੁਰੂ ਬਾਬੇ ਦੀਆਂ ਜਿਹੜੀਆ ਲੰਮੀਆਂ ਰਚਨਾਵਾਂ ਸਨ, ਉਨ੍ਹਾਂ ਦਾ ਸੰਪੂਰਨ ਪਾਠ ਦੇਣ ਨਾਲ ਸਾਖੀਕਾਰ ਦੇ ਬ੍ਰਿਤਾਂਤ ਵਿਚ ਵਿਘਨ ਪੈਂਦਾ ਸੀ, ਇਸ ਕਰਕੇ ਉਸ ਨੇ ਸੰਪੂਰਨ ਪਾਠ ਦੇਣ ਤੋਂ ਗੁਰੇਜ਼ ਕੀਤਾ ਹੈ।

ਪੁਰਾਤਨ ਜਨਮਸਾਖੀ ਦੇ ਰਚੈਤਾ ਨੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਉਚਿਆਉਣ ਅਤੇ ਉਨ੍ਹਾਂ ਦੇ ਸੰਦੇਸ਼ ਦੀ ਵਿਆਖਿਆ ਕਰਨ ਤੇ ਇਸ ਨੂੰ ਸੰਚਾਰਨ ਦੇ ਆਸ਼ੇ ਨਾਲ ਗੁਰਬਾਣੀ ਦਾ ਭਰਪੂਰ ਸਹਾਰਾ ਲਿਆ ਹੈ। ਬਿਰਤਾਂਤ ਦੇ ਦੌਰਾਨ ਜਿੱਥੇ ਕਿਤੇ ਵੀ ਸਿਧਾਂਤ/ਸਿਖਿਆਵਾਂ ਨੂੰ ਸਪਸ਼ਟ ਕਰਨ ਦੀ ਲੋੜ ਮਹਿਸੂਸ

[7] **ਉਹੀ,** ਪੰਨਾ 40.
[8] **ਉਹੀ,** ਪੰਨਾ 102.
[9] **ਉਹੀ,** ਪੰਨਾ 123.
[10] **ਉਹੀ,** ਪੰਨਾ 59.
[11] **ਉਹੀ,** ਪੰਨਾ 137.
[12] **ਉਹੀ,** ਪੰਨਾ 153.
[13] **ਉਹੀ,** ਪੰਨਾ 172.

ਹੋਈ ਹੈ ਉਥੇ ਗੁਰਬਾਣੀ ਦੇ ਢੁੱਕਵੇਂ ਸ਼ਬਦਾਂ ਦੀ ਚੋਣ ਕੀਤੀ ਗਈ ਹੈ। ਇਕ ਕਿਸਮ ਨਾਲ ਗੁਰਬਾਣੀ ਦੀ ਵਿਆਖਿਆ ਹਿਤ ਸ਼ਬਦ ਦੀ ਉਥਾਨਕਾ ਦਾ ਆਧਾਰ ਸਾਖੀ ਨੂੰ ਬਣਾਇਆ ਗਿਆ ਹੈ ਜਿਸ ਨਾਲ ਪ੍ਰਸੰਗ ਦੀ ਪੇਸ਼ਕਾਰੀ ਰੌਚਕ ਤੇ ਪ੍ਰਭਾਵਸ਼ਾਲੀ ਬਣ ਗਈ ਹੈ। ਜਿਹੜੀਆਂ ਸਾਖੀਆਂ ਗੁਰੂ ਨਾਨਕ ਦੇਵ ਜੀ ਦੀਆਂ ਹੋਰਨਾਂ ਧਾਰਮਿਕ ਪੁਰਸ਼ਾਂ ਨਾਲ ਹੋਈਆਂ ਗੋਸ਼ਟੀਆਂ ਨਾਲ ਸੰਬੰਧਤ ਹਨ ਉਨ੍ਹਾਂ ਵਿਚ ਗੁਰਬਾਣੀ ਦੇ ਸ਼ਬਦਾਂ ਦਾ ਵਧੇਰੇ ਪ੍ਰਯੋਗ ਹੋਇਆ ਹੈ। ਇਕ ਕਿਸਮ ਨਾਲ ਗੋਸ਼ਟੀ ਦੌਰਾਨ ਉਠਾਏ ਗਏ ਪ੍ਰਸ਼ਨਾਂ ਦੇ ਉਤਰ ਗੁਰਬਾਣੀ ਦੇ ਸ਼ਬਦਾਂ ਰਾਹੀਂ ਦਿੱਤੇ ਗਏ ਹਨ।

ਸਾਖੀਕਾਰ ਦੁਆਰਾ ਉਧਰਿਤ ਕੀਤੇ ਹਏ ਗੁਰਬਾਣੀ ਦੇ ਸ਼ਬਦਾਂ ਦਾ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਮਿਲਾਨ ਕਰਦੇ ਹਾਂ ਤਾਂ ਹੈਰਾਨੀਜਨਕ ਤੱਥ ਇਹ ਸਾਹਮਣੇ ਆਉਂਦਾ ਹੈ ਕਿ ਇਸ ਜਨਮਸਾਖੀ ਵਿਚ ਉਧਰਿਤ ਗੁਰਬਾਣੀ ਦੇ ਸ਼ਬਦਾਂ ਵਿਚ ਕਈ ਪ੍ਰਕਾਰ ਦੇ ਪਾਠ-ਭੇਦ ਦ੍ਰਿਸ਼ਟੀਗੋਚਰ ਹੁੰਦੇ ਹਨ। ਸੰਗੀਤ ਦੀ ਦ੍ਰਿਸ਼ਟੀ ਦੇ ਪੱਖੋਂ ਰਾਗਾਂ ਵਿਚ ਭਿੰਨਤਾ ਅਤੇ ਸ਼ਬਦਾਂ ਦੇ ਕਰਤਿਤਵ ਸੰਬੰਧੀ ਫਰਕ ਅਸੀਂ ਪਹਿਲੋਂ ਹੀ ਜ਼ਿਕਰ ਕਰ ਚੁੱਕੇ ਹਾਂ। ਗੁਰਬਾਣੀ ਵਿਚਲੇ ਪਾਠ-ਭੇਦ, ਅਚੇਤ ਭੁਲਾਂ ਭਾਵ ਅਣਜਾਣਪੁਣੇ ਦਾ ਨਤੀਜਾ ਕਹਿ ਕੇ ਅੱਖੋਂ ਪਰੋਖੇ ਕੀਤੇ ਜਾ ਸਕਦੇ ਹਨ ਪਰ ਗੰਭੀਰਤਾ ਸਹਿਤ ਅਧਿਐਨ ਉਪਰੰਤ ਇਹ ਪਾਠ-ਭੇਦ ਇਹੋ ਜਿਹੇ ਹਨ ਕਿ ਇਨ੍ਹਾਂ ਨੂੰ ਰੱਦ ਕਰਨ ਲਈ ਉਕਤ ਦਲੀਲ ਕੋਈ ਵਜ਼ਨ ਨਹੀਂ ਰੱਖਦੀ। ਜਨਮਸਾਖੀ ਪਰੰਪਰਾ ਦਾ ਅਧਿਐਨ ਕਰਨ ਵਾਲੇ ਵਿਦਵਾਨਾਂ ਨੂੰ ਇਨ੍ਹਾਂ ਪਾਠ-ਭੇਦਾਂ ਦੀ ਜਾਣਕਾਰੀ ਤਾਂ ਹੈ ਪਰ ਪੁਰਾਤਨ ਜਨਮਸਾਖੀ ਦੀ ਗੁਰਬਾਣੀ ਪਰੰਪਰਾ 'ਤੇ ਇਸ ਵਿਚ ਪਾਠ-ਭੇਦਾਂ ਦੀਆਂ ਵੰਨਗੀਆਂ ਬਾਰੇ ਉਨ੍ਹਾਂ ਕੋਈ ਸਪਸ਼ਟ ਨਹੀਂ ਕੀਤਾ। ਕੁੱਝ ਕੁ ਵਿਦਵਾਨਾਂ ਨੇ ਤਾਂ ਪੁਰਾਤਨ ਜਨਮਸਾਖੀ ਨੂੰ ਆਦਿ ਗ੍ਰੰਥ ਦੀ ਸਮਕਾਲੀ ਅਤੇ ਬੋਲੀ ਤੇ ਵਿਆਕਰਣ ਦੇ ਪੱਖੋਂ ਉਸ ਦਾ ਅਨੁਸਰਣ ਕਰਨ ਦੀ ਹਾਮੀ ਭਰੀ ਹੈ। ਅਸੀਂ ਇਸ ਅਧਿਆਇ ਦੀ ਅੰਤਿਕਾ ਵਿਚ ਪੁਰਾਤਨ ਜਨਮਸਾਖੀ ਵਿਚ ਦਰਜ ਗੁਰਬਾਣੀ ਦੇ ਸ਼ਬਦ/ਸਲੋਕਾਂ ਦਾ ਪਾਠ ਤੇ ਇਸ ਦੇ ਬਰਾਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲਾ ਪਾਠ ਦਿੱਤਾ ਹੈ। ਪੁਰਾਤਨ ਜਨਮਸਾਖੀ ਵਿਚਲੇ ਗੁਰਬਾਣੀ ਦੇ ਪਾਠ ਵਿਚ ਮੌਜੂਦ ਪਾਠ-ਭੇਦਾਂ ਨੂੰ ਅਸੀਂ ਲਾਲ ਰੰਗ ਦੇ ਛਾਪੇ ਵਿਚ , ਪਾਠ ਦੀਆਂ ਤੁਕਾਂ ਅਗਾਂਹ-ਪਿਛਾਂਹ ਹੋਣ ਦੀ ਸੂਚਨਾ ਨੀਲੇ ਰੰਗ ਦੇ ਛਾਪੇ ਵਿਚ ਦਿੱਤੀ ਹੈ। ਜੇਕਰ ਗੁਰਬਾਣੀ ਦੀ ਕੋਈ ਪੰਕਤੀ ਸਾਖੀਕਾਰ ਨੇ ਦਰਜ ਨਹੀਂ ਕੀਤੀ ਤਾਂ ਉਥੇ ਕਾਟੇ (×) ਦਾ ਨਿਸ਼ਾਨ ਦਰਜ ਕੀਤਾ ਹੈ। ਇਸ ਉਪਰ ਸਰਸਰੀ ਨਜ਼ਰ ਮਾਰਿਆਂ ਸਪਸ਼ਟ ਹੁੰਦਾ ਹੈ ਕਿ ਪੁਰਾਤਨ ਜਨਮਸਾਖੀ ਦੇ ਗੁਰਬਾਣੀ ਪਾਠ ਵਿਚ ਵਿਭਿੰਨ ਕਿਸਮ ਦੇ ਸ਼ਬਦ-ਜੋੜਾਂ ਨੂੰ ਅਣਗੌਲਿਆਂ ਕਰ ਵੀ ਦੇਈਏ ਤਾਂ ਵੀ ਇਨ੍ਹਾਂ ਪਾਠ ਭੇਦਾਂ ਨੂੰ ਸਹਿਜੇ ਨਕਾਰਿਆ ਨਹੀਂ ਜਾ ਸਕਦਾ। ਮਸਲਨ ਪੁਰਾਤਨ ਜਨਮਸਾਖੀ ਦੀ ਗੁਰਬਾਣੀ ਪਰੰਪਰਾ ਵਿਚ ਪਹਿਲੀ ਕਿਸਮ ਦੇ ਪਾਠ-ਭੇਦ ਉਹ ਹਨ ਜੋ ਸਾਖੀਕਾਰ ਨੇ ਸਮਾਨਾਰਥੀ ਸ਼ਬਦਾਂ ਦੇ ਬਦਲ ਵਜੋਂ ਪ੍ਰਯੋਗ ਕੀਤੇ ਹਨ। ਦੂਜੀ ਕਿਸਮ ਦੇ ਪਾਠ-ਭੇਦ ਐਸੇ ਹਨ ਜਿਨ੍ਹਾਂ ਵਿਚ ਤੁਕ ਵਿਚਲੇ ਸ਼ਬਦ ਅਗਾਂਹ-ਪਿਛਾਂਹ ਕਰ ਦਿਤੇ ਹਨ। ਤੀਜੀ ਕਿਸਮ ਦੇ ਪਾਠ-ਭੇਦਾਂ ਵਿਚ ਸਾਖੀਕਾਰ ਨੇ ਕੁੱਝ ਨਵੇਂ ਸ਼ਬਦ ਭਰਤੀ ਕੀਤੇ ਹਨ,ਜੋ ਜਿਆਦਾਤਰ ਸੰਬੋਧਨੀ ਵੰਨਗੀ ਦੇ ਹਨ। ਚੌਥੀ ਕਿਸਮ ਦੇ ਪਾਠ-ਭੇਦ ਉਹ ਹਨ ਜੋ ਸਾਖੀਕਾਰ ਦੁਆਰਾ ਸ਼ਬਦ

ਦੀਆਂ ਤੁਕਾਂ ਨੂੰ ਅਗਾਂਹ-ਪਿਛਾਂਹ ਭਾਵ ਬੰਦਾਂ ਦੀ ਤਰਤੀਬ ਬਦਲਣ ਕਰਕੇ ਪ੍ਰਵੇਸ਼ ਹੋਏ ਹਨ। ਪੰਜਵੀਂ ਕਿਸਮ ਸ਼ਬਦਾਂ ਦੇ ਅਰੰਭ ਨਾਲ ਸੰਬੰਧਤ ਹੈ। ਬਹੁਤ ਸਾਰੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਉਸੇ ਸ਼ਬਦ ਦੀ ਵੱਖਰੀ ਤੁਕ ਨਾਲ ਅਰੰਭ ਹੁੰਦੇ ਹਨ। ਛੇਵੀਂ ਕਿਸਮ ਦੇ ਪਾਠ-ਭੇਦ ਐਸੇ ਹਨ ਜੋ ਸਾਖੀਕਾਰ ਨੇ ਗੁਰਬਾਣੀ ਦੇ ਪਾਠ ਨਾਲ ਛੇੜ-ਛਾੜ ਕਰਕੇ ਪੈਦਾ ਕੀਤੇ ਹਨ। ਸੱਤਵੀਂ ਕਿਸਮ ਦੇ ਪਾਠ-ਭੇਦ ਉਹ ਹਨ, ਜਿਥੇ ਸਾਖੀਕਾਰ ਨੇ ਗੁਰਬਾਣੀ ਦੇ ਨਾਲ ਕੱਚੀ-ਬਾਣੀ ਨੂੰ ਜ਼ਜ਼ਬ ਕਰਨ ਦਾ ਜਤਨ ਕੀਤਾ ਹੈ।

ਉਪਰੋਕਤ ਪਾਠ-ਭੇਦਾਂ ਦੀਆਂ ਵੰਨਗੀਆਂ ਨੂੰ ਦਰਸਾਉਣ ਲਈ ਅਸੀਂ ਪੁਰਾਤਨ ਜਨਮਸਾਖੀ ਦੀ ਗੁਰਬਾਣੀ ਪਰੰਪਰਾ ਵਾਲੇ ਪਾਠ ਵਿਚੋਂ ਕੁੱਝ ਉਦਹਾਰਣਾਂ ਪੇਸ਼ ਕਰ ਰਹੇ ਹਾਂ। ਸਾਖੀ ਨੰ, 23 ਜੋ ਨੂਰਸ਼ਾਹ ਦੇ ਨਿਸਤਾਰੇ ਨਾਲ ਸੰਬੰਧਤ ਹੈ ਵਿਚ ਕਿਵੇਂ ਸਮਾਨਾਰਥ ਅਤੇ ਨਵੇਂ ਸ਼ਬਦ ਭਰਤੀ ਕੀਤੇ ਹਨ ਅਤੇ ਤੁਕਾਂ ਅਗਾਂਹ-ਪਿਛਾਂਹ ਕੀਤੀਆਂ ਹਨ, ਇਹ ਸਭ ਨਿਮਨਲਿਖਤ ਸ਼ਬਦ ਦੇ ਪਾਠ ਤੋਂ ਭਲੀਭਾਂਤ ਉਜਾਗਰ ਹੋ ਜਾਂਦਾ ਹੈ:

ਤਾਲ ਮਦੀਰੇ ਘਟ ਕੇ ਘਾਟ॥
ਦੋਲਕ ਦੁਨੀਅ ਵਾਜੇ ਵਾਜ॥
ਨਾਰਦ ਨਾਚੈ ਕਲਿ ਕੈ ਭਾਇ।
ਜਤੀ ਸਤੀ ਕਹ ਰਾਖਹਿ ਪਾਉ।
ਨਾਨਕ ਨਾਮ ਵਿਟਹੁ ਕੁਰਬਾਣੁ॥
ਅੰਧੀ ਦੁਨੀਆ ਮੇਰਾ ਸਾਹਿਬੁ ਜਾਣੁ॥ਰਹਾਉ॥
ਦਰਸਨ ਦੇਖੇ ਬਿਨੁ ਦਇਆ ਨ ਹੋਇ॥
ਲਏ ਦਿਤੇ ਵਿਣੁ ਰਹੈ ਨ ਕੋਇ॥
ਰਾਜਾ ਨਿਆਉ ਕਰੈ ਹਥਿ ਹੋਇ॥
ਕਹੈ ਖੁਦਾਇ ਨ ਮਾਨੈ ਕੋਇ॥2॥
ਜੇ ਗੁਰ ਪਾਸਹੁ ਚੇਲਾ ਖਾਇ॥
ਤਾਸੁ ਪਰੀਤਿ ਵਸੈ ਮਨਿ ਆਇ॥
ਜੇ ਸਉ ਵਰਿਆ ਪੈਨਣ ਖਾਣੁ॥
ਖਸਮ ਪਛਾਣੈ {ਸੋ} ਦਿਨ ਪਰਵਾਣੁ॥3॥
ਮਾਣਸ ਮੂਰਤਿ ਨਾਨਕ ਨਾਉ॥
ਕਰਣੀ ਕੂਕਰ ਦਰ ਪਰਵਾਣੁ॥
ਗੁਰ ਪਰਸਾਦਿ ਰਹੈ ਮਿਹਮਾਨੁ॥
ਤਾ ਕਿਛੁ ਦਰਗਹ ਪਾਵੈ ਮਾਣੁ॥4॥

ਉਪਰੋਕਤ ਸ਼ਬਦ ਦੇ ਬੰਦ ਨੰ. 2 ਤੇ ਬੰਦ ਨੰ. 3 ਦੀ ਤਰਤੀਬ ਵਿਚ ਅਦਲਾ ਬਦਲੀ ਕਰਨ ਤੋਂ ਇਲਾਵਾ 'ਮੇਰਾ, ਜੇ' ਆਦਿ ਦੇ ਨਵੇਂ ਸ਼ਬਦ ਲਿਆਉਣ ਤੋਂ ਇਲਾਵਾ ਤਾਮਿ/ ਤਾਸੁ, ਦੇਖਿਐ ਦਇਆ ਨ/ ਦੇਖੈ ਬਿਨੁ, ਜੀਵਣ/ ਪੈਨਣ, ਕੁਤਾ/ ਕੂਕਰ, ਫੁਰਮਾਨੁ/ ਪਰਵਾਣੁ, ਜਾਣੈ/ ਰਹੈ ਆਦਿ ਰਾਹੀਂ ਗੁਰਬਾਣੀ ਦੇ ਵਿਚ ਤਬਦੀਲੀਆਂ ਕੀਤੀਆਂ ਹਨ। ਏਸੇ ਹੀ ਤਰ੍ਹਾਂ ਦੀ ਇਕ ਹੋਰ ਉਦਹਾਰਣ ਏਸੇ ਸਾਖੀ ਵਿਚ ਦਰਜ ਨਿਮਨਲਿਖਤ ਸਲੋਕ ਵਿਚ ਦੇਖੀ ਜਾ ਸਕਦੀ ਹੈ:

ਗਲੀ ਅਸੀ ਚੰਗੇਰੀਆ ਆਚਾਰੀ ਬੁਰੀਆਹ॥
ਰੀਸ ਕਰਨਿ ਤਿਨਾ ਦੀਆ ਸੇਵਨਿ ਦਰਿ ਖੜੀਆ॥
ਹੋਦੈ ਤਾਣਿ ਨਿਤਾਣੀਆ ਰਹਨਿ ਨਿਮਾਨੜੀਆ॥
ਨਾਲਿ ਖਸਮੈ ਰਤੀਆ ਨਾਨਕ ਮਾਣਨਿ ਸੇ ਰਲੀਆ॥

ਦੇਖਣਯੋਗ ਇਹ ਵੀ ਹੈ ਕਿ ਸਾਖੀਕਾਰ ਨੇ ਇਸ ਸਲੋਕ ਵਿਚੋਂ ਦੋ ਤੁਕਾਂ ਗਾਇਬ ਕਰ ਦਿੱਤੀਆਂ ਹਨ। ਇਸ ਸਲੋਕ ਦੀ ਦੂਜੀ ਤੁਕ, 'ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥ ਅਤੇ ਅਖੀਰਲੀ ਤੁਕ 'ਨਾਨਕ ਜਨਮ ਸਕਾਰਥਾ ਜੇ ਤਿਨ ਕੇ ਸੰਗਿ ਮਿਲਾਹ' ਪਾਠ ਵਿਚੋਂ ਖਾਰਿਜ ਕਰ ਦਿਤੀਆਂ ਹਨ।[14]

ਏਸੇ ਹੀ ਤਰ੍ਹਾਂ ਦੀ ਇਕ ਹੋਰ ਉਦਹਾਰਣ ਸਾਖੀ ਨੰ. 28, ਜੋ ਬਾਬਾ ਸ਼ੇਖ ਫਰੀਦ ਨਾਲ ਸੰਬੰਧਤ ਹੈ, ਵਿਚ ਉਧਰਿਤ ਕੀਤੀ ਉਨ੍ਹਾਂ ਦੀ ਰਚਨਾ ਜੋ ਆਸਾ ਰਾਗੁ ਵਿਚ ਹੈ, ਵਿਚ ਵੀ ਦੇਖਣ ਨੂੰ ਮਿਲਦੀ ਹੈ। ਪੁਰਾਤਨ ਜਨਮਸਾਖੀ ਵਿਚ ਇਸ ਦਾ ਪਾਠ ਇਸ ਤਰ੍ਹਾਂ ਹੈ:

ਰਤੇ ਇਸਕਿ ਖੁਦਾਇ ਰੰਗਿ ਦੀਦਾਰ ਦੈ॥
ਜਿਨਾ ਵਿਸਰਿਆ ਹਰਿ ਨਾਉ ਸੇ ਭਾਰਿ ਗਏ॥ ਰਹਾਉ॥
ਦਿਲਹੁ ਮੁਹਬਤਿ ਜਿਸ ਸੇਈ ਸਚਿਆ॥
ਮਨਿ ਹੋਰੁ ਤੈ ਮੁਖਿ ਹੋਰੁ ਸੇ ਕਾਚੀ ਹੂ ਕਚਿਆ॥
ਪਰਵਰਦਗਾਰੁ ਅਪਾਰੁ ਅਗਮ ਬੇਅੰਤ ਤੂ॥
ਜਿਨਾ ਸੁਣਿਆ ਮਨ ਸਚੁ ਨਿਤ ਚੁਮਾ ਪੈਰ ਮੂ॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥[15]

ਉਪਰੋਕਤ ਸ਼ਬਦ ਦੀ ਰਹਾਉ ਵਾਲੀ ਪੰਕਤੀ ਦੇ ਨਾਲ ਸ਼ਬਦ ਸ਼ੁਰੂ ਕਰਕੇ ਸਾਖੀਕਾਰ ਨੇ ਇਸ ਵਿਚ ਕੁੱਝ ਨਵੇਂ ਸ਼ਬਦਾਂਸ਼ ਵੀ ਬਣਾਏ ਹਨ। ਮੱਹਤਵਪੂਰਣ ਤੱਥ ਇਹ ਹੈ ਕਿ ਇਸ ਵਿਚੋਂ ਦੋ ਪੰਕਤੀਆਂ 'ਆਪ ਲੀਏ ਲੜਿ ਲਾਇ ਦਰ ਦਰਵੇਸ ਸੇ॥ ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥' ਪਾਠ ਵਿਚ ਦਰਜ ਨਹੀਂ

[14] **ਪੁਰਾਤਨ ਜਨਮਸਾਖੀ ਕੋਲਬਰੁਕ**, ਪੱਤਰਾ 96.
[15] **ਉਹੀ**, ਪੱਤਰਾ 88.

ਕੀਤੀਆਂ। ਗੁਰਬਾਣੀ ਵਿਚ ਸਮਾਨਾਰਥ ਸ਼ਬਦ ਤੇ ਵਾਕਾਂਸ਼ ਭਰਤੀ ਕਰਕੇ ਸਾਖੀਕਾਰ ਨੇ ਕਿਵੇਂ ਗੁਰਬਾਣੀ ਦਾ ਸੰਚਾਰ ਤੇ ਵਿਆਖਿਆ ਕੀਤੀ ਹੈ, ਉਸ ਦੀ ਇਕ ਹੋਰ ਮਿਸਾਲ ਸਾਖੀ ਨੰ. 12 ਜੋ ਮਰਦਾਨੇ ਦੀ ਪੂਜਾ ਕਰਵਾਈ ਨਾਲ ਸੰਬੰਧਤ ਹੈ, ਵਿਚ ਮ. ੪ ਦੇ ਗਉੜੀ ਰਾਗੁ ਦੇ ਨਿਮਨਲਿਖਤ ਸ਼ਬਦ ਵਿਚ ਵੀ ਦੇਖਣਯੋਗ ਹੈ:

ਮਾਤਾ ਤ੍ਰਿਪਤੇ ਜਾ ਸੁਤ ਕਿਛੁ ਖਾਵੈ॥
ਬਛੁਰਾ ਤ੍ਰਿਪਤੇ ਜਾ ਗਉ ਚੁਘਾਵੈ॥
ਸਤਿਗੁਰ ਤ੍ਰਿਪਤੇ ਜਾ ਸਿਖੁ ਸੁਖਿ ਪਾਵੈ॥1॥
ਐਸੇ ਹਰਿ ਮਨਿ ਮਿਲਹਿ ਪਿਆਰੇ॥
ਕਾਮਨਿ ਤ੍ਰਿਪਤੈ ਜਾ ਪਿਰ ਘਰਿ ਆਵੈ॥
ਮੀਨਾ ਤ੍ਰਿਪਤੈ ਜਾ ਜਲਹਿ ਸਮਾਵੈ॥
ਹਰਿ ਜਨੁ ਤ੍ਰਿਪਤੈ ਜਾ ਹਰਿ ਗੁਣ ਗਾਵੈ॥2॥
ਚਾਤ੍ਰਿਕ ਤ੍ਰਿਪਤੈ ਜਾ ਬਰਸੈ ਬੂੰਦ ਧਾਰਾ॥
ਨਰੁ ਤ੍ਰਿਪਤੈ ਮਾਇਆ ਦੇਖਿ ਪਸਾਰਾ॥
ਸਾਧੂ ਤ੍ਰਿਪਤੈ ਜਪਿ ਨਿਰੰਕਾਰਾ॥3॥
ਰਾਜਾ ਤ੍ਰਿਪਤੈ ਜਾ ਪਰ ਭੂਮ ਧਨ ਖਾਟੈ॥
ਸਿਖ ਤ੍ਰਿਪਤੈ ਜਾ ਗੁਰੂ ਰੰਗੁ ਕਾਗੁ ਲੁਟੈ॥
ਜਨ ਨਾਨਕ ਤ੍ਰਿਪਤੈ ਸੰਤਨ ਪਗ ਚਾਟੈ॥4॥[16]

ਉਪਰੋਕਤ ਸ਼ਬਦ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਮਿਲਾਨ ਕਰਨ ਉਪਰੰਤ, ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀ ਰਹਿੰਦੀ ਕਿ ਸਾਖੀਕਾਰ ਨੇ ਇਸ ਵਿਚ ਪ੍ਰੀਤਿ ਦੀ ਥਾਂ ਤ੍ਰਿਪਤੈ, ਸਾਰਿੰਗ ਦੀ ਥਾਂ ਚਾਤ੍ਰਿਕ, ਸਾਧ ਦੀ ਥਾਂ ਸੰਤਨ ਸਮਾਨਾਰਥ ਸ਼ਬਦ ਤਾਂ ਲਿਆਂਦੇ ਹੀ ਹਨ ਪਰ ਆਪਣੇ ਵਲੋਂ ਨਵੇਂ ਵਾਕਾਂਸ਼ ਜੋੜ ਕੇ ਗੁਰਬਾਣੀ ਦੇ ਸ਼ੁਧ ਪਾਠ ਦਾ ਸਰੂਪ ਅਲੋਪ ਕਰ ਦਿਤਾ ਹੈ।

ਸਾਖੀ ਨੰ. 31 ਗੁਰੂ ਬਾਬੇ ਦੀ ਲੰਮੀ ਉਦਾਸੀ ਤੋਂ ਬਾਅਦ ਆਪਣੇ ਪਿੰਡ ਤਲਵੰਡੀ ਆਉਣ ਤੇ ਮਾਤਾ-ਪਿਤਾ ਨਾਲ ਮੇਲ-ਮਿਲਾਪ ਨਾਲ ਸੰਬੰਧਤ ਹੈ। ਇਸ ਸਾਖੀ ਵਿਚ ਸਾਖੀਕਾਰ ਨੇ ਬੜਾ ਰੌਚਕ ਤੇ ਮਨਮੋਹਕ ਦ੍ਰਿਸ਼ ਉਲੀਕਿਆ ਹੈ। ਗੁਰੂ ਜੀ ਦੀ ਮਾਤਾ ਉਨ੍ਹਾਂ ਨੂੰ ਬੜੇ ਮੋਹ ਨਾਲ ਕੁੱਝ ਖਾਣ ਲਈ ਅਤੇ ਚੰਗੇ ਵਸਤਰ ਪਹਿਨਣ ਲਈ ਸਨੇਹ ਜਤਾਉਂਦੀ ਹੈ:

"ਤਬਿ ਫਿਰਿ ਮਾਤਾ ਕਪੜੇ ਮਠਿਆਈ ਆਗੇ ਰਖੀ। ਤਬ ਮਾਤਾ ਆਖਿਆ ਬਚਾ ਤੂ ਖਾਹਿ। ਤਾ ਬਾਬੇ ਆਖਿਆ ਮਾਤਾ ਹਉ ਰਜਿਆ ਹਾ ਤਾਂ ਮਾਤਾ ਆਖਿਆ ਬੇਟਾ ਤੂੰ ਕਿਤੁ ਖਾਧੈ ਰਜਿਆ ਹੈਂ। ਤਬ ਸ੍ਰੀ ਗੁਰੂ

[16] **ਪੁਰਾਤਨ ਜਨਮਸਾਖੀ ਕੋਲਬਰੁਕ**, ਪੱਤਰਾ 164.

ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ ਤਾਂ ਮਰਦਾਨੇ ਰਬਾਬੁ ਵਜਾਇਆ ਤਾਂ ਬਾਬੇ ਸਬਦ ਕੀਤਾ ਸ੍ਰੀ ਰਾਗੁ ਵਿਚਿ:

ਸਭ ਰਸ ਮਿਠੇ ਮਨਿਆ {ਸੁਣਿਐ} ਸਾਲੂਣੇ॥

ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥

ਛਤੀਹ ਅੰਮ੍ਰਿਤ ਭਾਉ ਇਕੁ ਜਾਕਉ ਨਦਰਿ ਕਰੇ॥

ਮਾਤਾ ਹੋਰ ਖਾਣਾ ਖੁਸੀ ਖੁਆਰੁ॥

ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਬਿਕਾਰੁ॥[17]

ਏਥੇ ਸਾਖੀਕਾਰ ਨੇ ਸਾਖੀ ਦੇ ਪਾਤਰ ਤੇ ਬ੍ਰਿਤਾਂਤ ਉਪਰ ਧਿਆਨ ਕੇਂਦ੍ਰਿਤ ਕਰਨ ਦੇ ਉਦੇਸ਼ ਨਾਲ 'ਬਾਬਾ ਹੋਰ ਖਾਣਾ' ਨੂੰ 'ਮਾਤਾ ਹੋਰ ਖਾਣਾ' ਵਿਚ ਪਰਵਰਤਿਤ ਕਰ ਲਿਆ ਹੈ ਤਾਂ ਕਿ ਸਾਖੀ ਵਧੇਰੇ ਰੌਚਕ ਅਤੇ ਨਾਟਕੀ ਅਨੁਭਵ ਦੇਣ ਵਾਲੀ ਬਣ ਜਾਵੇ।ਏਸੇ ਹੀ ਤਰ੍ਹਾਂ ਸਾਖੀਕਾਰ ਨੇ ਅਗਲੇ ਬੰਦ ਵਿਚ ਵੀ ਤਜ਼ਰਬਾ ਕੀਤਾ ਹੈ ਜਿਸ ਵਿਚ 'ਬਾਬਾ ਹੋਰ ਪੈਨਣੁ' ਨੂੰ 'ਮਾਤਾ  ਹੋਰੁ ਪੈਨਣੁ ਖੁਸੀ ਖੁਆਰੁ' ਵਿਚ ਬਦਲ ਲਿਆ ਹੈ।ਪਰ ਸਾਖੀਕਾਰ ਨੇ ਏਸੇ ਸ਼ਬਦ ਦੇ ਅਗਲੇ ਦੋ ਬੰਦਾਂ ਵਿਚ 'ਬਾਬਾ ਹੋਰ ਚੜਣਾ ਖੁਸੀ ਖੁਆਰੁ' ਅਤੇ 'ਬਾਬਾ ਹੋਰੁ ਸਉਣਾ ਖੁਸੀ ਖੁਆਰੁ' ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਪਾਠ ਵਾਲਾ ਹੀ ਰਹਿਣ ਦਿੱਤਾ ਹੈ ਕਿਉਂਕਿ ਸਾਖੀਕਾਰ ਦੀ ਕਲਪਨਾ ਵਿਚ ਇਹ ਦੋਨੋਂ ਬੰਦ ਸਾਖੀਕਾਰ ਨੇ ਗੁਰੂ ਬਾਬੇ ਦੇ ਪਿਤਾ ਮਹਿਤਾ ਕਾਲੂ ਪ੍ਰਤੀ ਉਚਾਰੇ ਸਮਝੇ ਹਨ। ਸਾਫ ਸਿੱਧ ਹੈ ਕਿ ਸਾਖੀਕਾਰ ਵਿਸ਼ੇ ਤੇ ਪਾਤਰ ਅਨੁਸਾਰ ਗੁਰਬਾਣੀ ਨੂੰ ਢਾਲਣ ਦੀ ਪਰਵਿਰਤੀ ਰੱਖਦਾ ਸੀ।

ਸਾਖੀਕਾਰ ਨੇ ਕੱਚੀ-ਬਾਣੀ ਦੇ ਸ਼ਬਦਾਂ ਨੂੰ ਇਕ ਦੋ ਥਾਈਂ ਐਸੀ ਜੁਗਤ ਨਾਲ ਗੁਰਬਾਣੀ ਦੇ ਪਾਠ ਵਿਚ ਸੰਜੋਇਆ ਹੈ ਕਿ ਸਾਧਾਰਨ ਪਾਠਕ ਨੂੰ ਪਤਾ ਵੀ ਨਹੀਂ ਚਲਦਾ ਕਿ ਇਹ ਕੱਚੀ-ਬਾਣੀ ਹੈ। ਇਸ ਦੀ ਇਕ ਮਿਸਾਲ ਸਾਖੀ ਨੰ.7, ਜੋ ਵੈਦ ਨਾਲ ਸੰਬੰਧਿਤ ਹੈ,ਵਿਚ ਉਧਰਿਤ ਕੀਤੇ ਸਲੋਕਾਂ ਤੋਂ ਭਲੀਭਾਂਤ ਪ੍ਰਗਟ ਹੁੰਦੀ ਹੈ:

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥1]
ਜਾਹਿ ਵੈਦਾ ਘਰਿ ਆਪਣੈ ਮੇਰੀ ਆਹਿ ਨ ਲੇਹਿ॥
ਹਮ ਰਤੇ ਸਹਿ ਆਪਣੈ ਤੂ ਕਿਸ ਦਾਰੂ ਦੇਹਿ॥2]
ਵੈਦੁ ਸੁਵੈਦਾ ਵੈਦੁ ਤੂ ਪਹਿਲਾ ਰੋਗ ਪਛਾਣੁ॥
ਐਸਾ ਦਾਰੂ ਢੂੰਢਿ ਲਹੁ ਜਿਤੁ ਵੰਞੈ ਰੋਗਾ ਘਾਣਿ॥3]

---

[17] **ਉਹੀ,** ਪੱਤਰਾ 131.

ਦੁਖ ਲਾਗੈ ਦਾਰੂ ਘਣਾ ਵੈਦੁ ਖੜੋਆ ਆਇ॥
ਕਾਇਆ ਹੰਸ ਪੁਕਾਰੇ ਵੈਦੁ ਨ ਦਾਰੂ ਲਾਇ॥
ਜਾਹਿ ਵੈਦਾ ਘਰਿ ਆਪਣੇ ਜਾਣੇ ਕੋਇ ਮਕੋਇ॥
ਜਿਨਿ ਕਰਤੇ ਦੁਖੁ ਲਾਇਆ ਨਾਨਕ ਲਾਹੈ ਸੋਇ॥ 4 ][18]

ਉਪਰੋਕਤ ਵਿਚ ਮਹਲਾ. 1 ਤੇ ਮਹਲਾ. 2 ਦੇ ਸਲੋਕਾਂ (ਨੰ. 1 ਤੇ 3) ਦੇ ਨਾਲ ਮਿਹਰਬਾਨ ਰਚਿਤ ਸਲੋਕਾਂ (ਨੰ. 2 ਤੇ 4) ਨੂੰ ਐਸੇ ਜੜਿਆ ਹੈ ਕਿ ਉਹ ਸਾਖੀ ਦੇ ਪਾਤਰ ਤੇ ਵਿਸ਼ੇ ਨਾਲ ਇਕਮਿਕ ਹੋ ਗਏ ਹਨ।

ਪੁਰਾਤਨ ਜਨਮਸਾਖੀ ਵਿਚ ਗੁਰਬਾਣੀ ਦੇ ਸ਼ਬਦ/ਸਲੋਕਾਂ ਦਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਪਾਠ ਨਾਲੋਂ ਕਾਫੀ ਸਾਰੇ ਪੱਖਾਂ ਤੋਂ ਭਿੰਨ ਹੈ। ਗੁਰੂ ਬਾਬੇ ਦੀ ਸ਼ਖ਼ਸੀਅਤ ਨੂੰ ਵਡਿਆਉਣ ਤੇ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਸਪਸ਼ਟ ਕਰਨ ਲਈ ਸਾਖੀਕਾਰ ਨੇ ਗੁਰਬਾਣੀ ਦਾ ਭਰਪੂਰ ਸਹਾਰਾ ਲਿਆ ਹੈ। ਅਧਿਐਨ ਉਪਰੰਤ ਅਸੀਂ ਇਸ ਨਤੀਜੇ ‘ਤੇ ਪਹੁੰਚਦੇ ਹਾਂ ਕਿ ਸਾਖੀਕਾਰ ਨੂੰ ਕੁੱਝ ਸਬਦਾਂ ਦੇ ਕਰਤਿਤਵਵ ਦਾ ਗਿਆਨ ਨਹੀਂ ਸੀ। ਦੂਜੇ, ਪਾਠ-ਭੇਦਾਂ ਦੀਆਂ ਐਸੀਆਂ ਵੰਨਗੀਆਂ ਹਨ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਪੁਰਾਤਨ ਜਨਮਸਾਖੀ ਦੀ ਗੁਰਬਾਣੀ ਪਰੰਪਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਪਰੰਪਰਾ ਤੋਂ ਭਿੰਨ ਸੀ। ਕੱਚੀ-ਬਾਣੀ ਵਿਸ਼ੇਸ਼ ਕਰਕੇ ਮਿਹਰਬਾਨ ਰਚਿਤ ਸਲੋਕਾਂ ਦਾ ਇਸ ਵਿਚ ਪ੍ਰਵੇਸ਼ ਪਾ ਜਾਣਾ ਇਸ਼ਾਰਾ ਕਰਦਾ ਹੈ ਕਿ ਪੁਰਾਤਨ ਜਨਮਸਾਖੀ ਦਾ ਕਰਤਾ ਸਿੱਖ ਪੰਥ ਦੀ ਮੁੱਖ-ਧਾਰਾ ਦੀ ਬਜਾਇ ਇਸ ਦੇ ਕਿਸੇ ਸੰਪ੍ਰਦਾਇ ਨਾਲ ਸੰਬੰਧਤ ਸੀ।

[18] **ਪੁਰਾਤਨ ਜਨਮਸਾਖੀ ਕੋਲਬਰੁਕ**, ਪੱਤਰਾ 22; **ਮਿਹਰਬਾਨ ਜਨਮਸਾਖੀ ਗੁਰੂ ਨਾਨਕ ਦੇਵ ਜੀ**, ਪੰਨਾ 49.

## ਪੁਰਾਤਨ ਜਨਮਸਾਖੀ: ਧਾਰਮਿਕ ਅਤੇ ਸਮਾਜਿਕ ਸਰੋਕਾਰ

ਧਰਮ ਇਕ ਅਜਿਹਾ ਅਧਾਰ ਹੈ ਜੋ ਸਾਫ਼-ਸੁਥਰਾ ਤੇ ਸਿਹਤਮੰਦ ਸਮਾਜ ਸਿਰਜਣ ਲਈ ਬੜੀ ਅਹਿਮ ਭੂਮਿਕਾ ਨਿਭਾਉਂਦਾ ਹੈ।ਸਮਾਜ ਤੋਂ ਬਿਨਾਂ ਧਰਮ ਦੀ ਕੋਈ ਹੋਂਦ ਨਹੀਂ ਉਸ ਸਮਾਜ ਵਿਚ ਉਚੀਆਂ ਇਖਲਾਕੀ ਕਦਰਾਂ-ਕੀਮਤਾਂ ਦੀ ਕੋਈ ਹੋਂਦ ਨਹੀਂ।ਧਰਮ ਅਤੇ ਸਮਾਜ ਦੋਵੇਂ ਇਕ ਦੂਜੇ ਦੇ ਪੂਰਕ ਹਨ।ਇਸ ਪ੍ਰਕਾਰ ਧਰਮ ਅਤੇ ਸਮਾਜ ਦਾ ਆਪਸ ਵਿੱਚ ਅਜਿਹਾ ਸਬੰਧ ਹੈ ਜਿਨ੍ਹਾਂ ਨੂੰ ਇਕ ਦੂਜੇ ਤੋ ਨਿਖੇਰ ਕੇ ਨਹੀਂ ਦੇਖਿਆ ਜਾ ਸਕਦਾ।[1]

'ਧਰਮ' ਸ਼ਬਦ ਤੋਂ ਕੇਵਲ ਮਨੁਖ ਦੇ ਵਿਚ ਦਾ ਸੰਬੰਧ ਹੀ ਨਹੀਂ: ਇਕ ਬਹੁਤ ਉਚੀ ਸ਼ਕਤੀ ਦੇ ਪ੍ਰਤੀ ਮਨੁੱਖ ਦਾ ਸੰਬੰਧ ਵੀ ਸੂਚਿਤ ਹੁੰਦਾ ਹੈ।ਇਸ ਤਰ੍ਹਾਂ ਧਰਮ ਸਾਡੇ ਵਿਚ ਸਾਧਾਰਨ ਰੂਪ ਵਿਚ ਸਮਾਜ ਤੋਂ ਪਰ੍ਹੇ ਇਕ ਪਰਵਾਨਗੀ ਉਤਪੰਨ ਕਰਦਾ ਹੈ,ਭਾਵੇਂ ਉਹ ਭੂਤਾਂ-ਪਰੇਤਾਂ ਤੋਂ ਡਰ ਕਾਰਨ ਹੋਵੇ ਜਾਂ ਅਜ ਕਲ ਦੇ "ਦੈਵੀ ਕ੍ਰੋਧ" ਦੇ ਕਾਰਣ ਤੋਂ ਜਾਂ ਮੌਤ ਦੇ ਪਿਛੋਂ ਨਰਕ ਦੇ ਤਸੀਹੇ ਤੇ ਦੁਖਾਂ ਦੇ ਕਾਰਣ ਤੋਂ ਹੋਵੇ।ਇਸ ਤਰ੍ਹਾਂ ਕੋਈ ਵੀ ਅਧਿਆਦੇਸ਼ ਧਾਰਮਿਕ ਨਿਯਮ ਦਾ ਇਕ ਅੰਸ਼ ਹੈ ਜੋ ਕਿਸੀ ਅਵਸਥਾ ਦੇ ਨਿਰਵਚਨਕਰਤਾ ਜਾਂ "ਈਸ਼ਵਰ ਦੇ ਪ੍ਰਤੀਨਿਧ" ਦੇ ਰੂਪ ਵਿਚ ਧਾਰਮਿਕ ਆਧਾਰ ਉਤੇ ਪ੍ਰਵਾਨਗੀ ਅਧਿਕਾਰ ਤੋਂ ਉਤਪੰਨ ਹੁੰਦਾ ਹੈ।[2]

ਧਰਮ ਮੂਲ ਰੂਪ ਵਿਚ ਇਕ ਅਜਿਹੀ ਜੀਵਨ ਸ਼ੈਲੀ ਹੈ ਜਿਸ ਵਿੱਚ ਮੱਨੁਖ ਨੈਤਿਕਤਾ ਅਤੇ ਰੂਹਾਨੀ ਸਰੋਕਾਰਾਂ ਨੂੰ ਪਹਿਲ ਦਿੰਦਾ ਹੈ ਅਤੇ ਇਨਾਂ ਦੋਹਾਂ ਪਹਿਲੂਆਂ ਦੇ ਅਧਾਰ 'ਤੇ ਧਰਮ ਦੇ ਨਿਯਮਾਂ ਪਾਲਣਾ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਧਰਮ ਇਕ ਅਜਿਹਾ ਸਾਧਨ ਹੈ ਜਿਸ ਰਾਹੀਂ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਰਗੇ ਦਵੈਤਾਂ ਨੂੰ ਨਿਯੰਤ੍ਰਿਤਿ ਕਰਨ ਦਾ ਯਤਨ ਕਰਦਾ ਹੈ।ਨੈਤਿਕਤਾ ਦੀ ਵਰਤੋਂ ਮਨੁੱਖ ਦੁਆਰਾ ਉਸ ਸਮੇਂ ਕੀਤੀ ਜਾਂਦੀ ਹੈ ਜਦ ਮਨੁੱਖ ਨੂੰ ਇਕ ਸਮਾਜਿਕ ਪ੍ਰਾਣੀ ਵਜੋਂ ਰਹਿਣ ਦੀ ਨਸੀਹਤ ਦਿੱਤੀ ਜਾਂਦੀ ਹੈ। ਦੂਜਾ ਇਹ ਕਿ ਮਨੁੱਖ ਦੁਆਰਾ ਸਦੀਆਂ ਤੋਂ, ਭਾਵੇਂ ਕਿ ਨੈਤਿਕਤਾ ਨੂੰ ਮੂਲ ਆਸ਼ਾ ਮੰਨ ਕੇ ਨਹੀਂ, ਹਮੇਸ਼ਾ ਹੀ ਕਿਸੇ ਨਾ ਕਿਸੇ ਦੈਵੀ-ਹਸਤੀ ਦਾ ਆਸਰਾ ਲਿਆ ਗਿਆ ਹੈ। ਭਾਵੇਂ ਇਸ ਆਸਰੇ ਦਾ ਅਸਾਨ ਆਸ਼ਾ ਡਰ ਰਿਹਾ ਜਾਂ ਕੁਝ ਹੋਰ ਪ੍ਰੰਤੂ ਇਹ ਸਭ ਕੁਝ ਤਾਂ ਹੀ ਹੋਂਦ ਵਿੱਚ ਆਇਆ ਹੈ ਜਦੋ ਮੱਨੁਖ ਸਮਾਜਿਕ ਪੱਧਰਾਂ 'ਤੇ ਆਪਣਾ ਜੀਵਨ ਬਤੀਤ ਕਰਨ ਲੱਗਾ। ਇਸ ਪ੍ਰਕਾਰ ਇਹ ਸਪਸ਼ਟ ਹੈ ਕਿ ਧਰਮ ਦਾ ਪ੍ਰਯੋਜਨ ਮੱਨੁਖੀ ਜੀਵਨ ਦੇ ਅੰਤਮ-ਲਕਸ਼, ਭਾਵ ਪ੍ਰਮਾਤਮਾ ਨਾਲ ਰੂਹਾਨੀ ਮਿਲਾਪ ਪ੍ਰਾਪਤ ਕਰਨਾ ਹੈ।[3]

ਹੱਥਲੇ ਅਧਿਆਇ ਵਿੱਚ ਪੁਰਾਤਨ ਜਨਮਸਾਖੀ ਵਿੱਚ ਨਿਹਿਤ ਧਾਰਮਿਕ ਅਤੇ ਸਮਾਜਿਕ ਸਰੋਕਾਰਾਂ ਨੂੰ ਸਮਝਣ ਦਾ ਜਤਨ ਕੀਤਾ ਜਾਵੇਗਾ। ਇਸ ਪੱਖ ਤੋਂ ਪੁਰਾਤਨ ਜਨਮਸਾਖੀ ਵਿੱਚ ਸਾਖੀਆਂ

---

[1] ਐਫ. ਮੈਕਸਮੂਲਰ ਅਤੇ ਤਾਰਨ ਸਿੰਘ**, ਧਰਮ ਦੀ ਉਤਪਤੀ ਅਤੇ ਵਿਕਾਸ** ਪੰਨੇ 18-19.

[2] ਆਰ.ਐਮ. ਮੈਕਾਈਵਰ ਤੇ ਐਚ.ਪੇਜ ਚਾਰਲਸ, **ਸਮਾਜ : ਇਕ ਪ੍ਰਾਰੰਭਿਕ ਵਿਸ਼ਲੇਸ਼ਣ**, ਪੰਨਾ 272.

[3] **ਉਹੀ**, ਪੰਨਾ 278.

ਦੀ ਤਰਤੀਬ ਨੂੰ ਤਿੰਨ ਪੱਧਰਾਂ 'ਤੇ ਵੰਡ ਲਿਆ ਗਿਆ ਹੈ। ਪਹਿਲਾ ਪੱਧਰ ਧਾਰਮਿਕ ਸਰੋਕਾਰਾਂ ਨੂੰ ਦ੍ਰਿਸ਼ਟੀਗੋਚਰ ਕਰੇਗਾ, ਦੂਸਰਾ ਪੱਧਰ ਸਮਾਜਿਕ ਸਰੋਕਾਰਾਂ ਨੂੰ ਅਤੇ ਤੀਸਰੇ ਪੱਧਰ ਵਿੱਚ ਬਹੁ-ਧਰਾਤਲੀ ਅੰਤਰਦ੍ਰਿਸ਼ਟੀਆਂ ਸਬੰਧੀ ਵਿਚਾਰ-ਚਰਚਾ ਕੀਤੀ ਗਈ ਹੈ। ਭਾਵੇਂ ਕਿ ਪੁਰਾਤਨ ਜਨਮਸਾਖੀ ਦਾ ਮੂਲ-ਅਧਾਰ ਧਾਰਮਿਕਤਾ ਹੀ ਹੈ, ਪਰੰਤੂ ਸਮਾਜਿਕ ਬੁਰਾਈਆਂ ਨੂੰ ਖਤਮ ਕਰਨਾ ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਉਦੇਸ਼ ਵੀ ਸੀ। ਉਹ ਸਮਝਦੇ ਸਨ ਕਿ ਧਰਮ ਹੀ ਇਕ ਅਜਿਹਾ ਅਧਾਰ ਹੈ ਜਿਸ ਰਾਹੀਂ ਮੱਨੁਖ ਸਹੀ ਅਤੇ ਸੁੱਚਜੇ ਸਮਾਜ ਦੀ ਉਸਾਰੀ ਕਰ ਸਕਦਾ ਹੈ।ਪੁਰਾਤਨ ਜਨਮਸਾਖੀ ਵਿੱਚ ਕਿਸੇ ਇਕ ਖਾਸ ਧਰਮ ਬਾਰੇ ਨਹੀਂ ਬਲਕਿ ਮਨੁੱਖ ਭਾਵੇਂ ਕਿਸੇ ਵੀ ਧਰਮ ਵਿੱਚ ਵਿਸ਼ਵਾਸ ਰੱਖਦਾ ਹੈ ਉਸ ਨੂੰ ਨੇਕਨੀਤੀ, ਸੱਚੀ ਭਾਵਨਾ, ਵਿਸ਼ਵਾਸ ਅਤੇ ਸਤਿਕਾਰ ਸਹਿਤ ਧਰਮ ਦੀ ਮਰਿਯਾਦਾ ਦੀ ਪਾਲਣਾ ਕਰਨੀ ਚਾਹੀਦੀ ਹੈ।

ਧਰਮ ਦਾ ਮੂਲ ਸਮਾਜ ਨਾਲ ਹੀ ਜੁੜਿਆ ਹੋਇਆ ਹੈ।ਸਮਾਜ ਵਿੱਚ ਰਹਿਣ ਦੇ ਲਈ ਹੀ ਮਨੁੱਖ ਨੂੰ ਕੁਝ ਸਭਿਅਕ ਪੱਧਰਾਂ ’ਤੇ ਵਿਚਰਨਾ ਪੈਂਦਾ ਹੈ। ਧਰਮ ਦਾ ਮੂਲ ਅਰਥ ਇਹ ਹੈ ਕਿ ਸਾਰੇ ਨੈਤਿਕ ਫਰਜਾਂ ਨੂੰ ਰੱਬ ਦਾ ਹੁਕਮ ਮੰਨ ਕੇ ਸਵੀਕਾਰਨਾ।ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਸਮਾਜ ਮਨੁੱਖ ਨੇ ਆਪਣੀ ਹੋਂਦ, ਸੁਰੱਖਿਆ, ਲੋੜਾਂ ਅਤੇ ਇਛਾਵਾਂ ਪੂਰਤੀ ਕਰਨ ਲਈ ਬਣਾਇਆ। ਧਰਮ ਵੀ ਸਮਾਜ ਵਿੱਚ ਹੀ ਅੰਤਰ ਨਿਹਿਤ ਹੈ। ਸਮਾਜਿਕ ਪੱਧਰਾਂ ਦੇ ਅਧਾਰ ’ਤੇ ਹੀ ਸਮਾਜ ਦੀ ਹੱਦ ਬੰਦੀ ਵਿੱਚ ਰਹਿ ਕੇ ਹੀ ਮਨੁੰਖ ਧਰਮ ਦੀ ਮਰਿਆਦਾ ਨੂੰ ਅਖਤਿਆਰ ਕਰਦਾ ਹੈ।[4]

ਧਾਰਮਿਕ ਅਤੇ ਸਮਾਜਿਕ ਸਰੋਕਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੱਥਲੇ ਅਧਿਆਇ ਨੂੰ ਤਿੰਨ ਪੱਖਾਂ ਤੋਂ ਵਿਚਾਰਿਆ ਗਿਆ ਹੈ।ਪਹਿਲਾ ਭਾਗ ਧਾਰਮਿਕ ਸੰਦਰਭ ਵਜੋਂ ਅਤੇ ਦੂਜੇ ਨੂੰ ਸਮਾਜਿਕ ਸੰਦਰਭ ਅਧੀਨ ਰੱਖਿਆ ਹੈ ਜਿਸ ਵਿੱਚ ਮਿਥਿਹਾਸਿਕ, ਰਾਜਨੀਤਿਕ, ਆਰਥਿਕ , ਮਨੋਵਿਗਿਆਨਿਕ ਵਿਸ਼ਿਆਂ ਨੂੰ ਕੇਂਦਰ ਵਿੱਚ ਰੱਖਿਆ ਜਾਵੇਗਾ। ਪਹਿਲੇ ਸੰਦਰਭ ਦਾ ਅਧਾਰ ਰੱਵਈਆ ਹੈ। ਭਾਵ ਕਿਸੇ ਚੀਜ ਜਾਂ ਗੱਲ ਪ੍ਰਤਿ ਸਾਡਾ ਦ੍ਰਿਸ਼ਟੀਕੋਣ ਕਿਸ ਪ੍ਰਕਾਰ ਦਾ ਹੁੰਦਾ ਹੈ। ਦੂਜਾ ਪੱਧਰ ਰੁਚੀ ਦਾ ਹੈ ਜੋ ਸਮਾਜਿਕ ਸਰੋਕਾਰਾਂ ਨੂੰ ਹੱਲ ਕਰਨ ਵਿੱਚ ਸਹਾਇਕ ਹੁੰਦਾ ਹੈ। ਤੀਸਰੇ ਭਾਗ ਦੇ ਅਧਾਰ ’ਤੇ ਮਿਥਿਹਾਸਿਕ ਪ੍ਰੰਪਰਾਵਾਂ ਰਾਹੀਂ ਧਰਮ ਅਤੇ ਸਮਾਜ ਦੀਆਂ ਵੱਖ-ਵੱਖ ਪਰਤਾਂ ਸਬੰਧੀ ਜਾਣੂ ਹੋਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਸੰਖੇਪ ਵਿਚ ਰਵੱਈਆ ਧਰਮ ਨੂੰ ਦ੍ਰਿਸ਼ਟੀ ਗੋਚਰ ਕਰਦਾ ਹੈ ਅਤੇ ਰੁਚੀ ਸਮਾਜਿਕ ਪਰਿਪੇਖਾਂ ਨੂੰ।

ਰੱਵਈਆ ਰੁਚੀ
(ਧਾਰਮਿਕ ਸੰਦਰਭ) (ਸਮਾਜਿਕ ਸੰਦਰਭ)
ਡਰ ਦੁਸ਼ਮਣ
ਪਿਆਰ ਮਿੱਤਰ
ਹੈਰਾਨੀ ਖੋਜ

---

[4]. **ਉਹੀ**, ਪੰਨਾ 273.

ਹਮਦਰਦੀ ਪਰਿਵਾਰ

ਇੱਜਤ ਦੁਰਘਟਨਾ ਦਾ ਸ਼ਿਕਾਰ

ਆਤਮ ਪਰਕ ਪ੍ਰਤਿਭਾਵਾਂ ਰੱਬ[5]

ਪੁਰਾਤਨ ਜਨਮਸਾਖੀ ਦੀ ਲਗਭਗ ਹਰ ਸਾਖੀ ਵਿਚ ਧਾਰਮਿਕ ਅਤੇ ਅਧਿਆਤਮਕ ਸਰੋਕਾਰ ਨਿਹਿਤ ਹਨ। ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੀ ਵਜੋਂ ਵਿਲੱਖਣਤਾ, ਉਨ੍ਹਾਂ ਦੇ ਸੰਦੇਸ਼ ਦੀ ਉਚਿਤਤਾ ਅਤੇ ਧਰਮ ਦੀ ਅਸਲੀ ਰੂਹ ਭਾਵ ਆਤਮਿਕ ਸ਼ੁਧੀ ਬਾਰੇ ਗਿਆਨ ਦਾ ਸੰਚਾਰ ਕਰਨਾ ਹੈ। ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਉਚਿਆਉਣ ਦੇ ਦੈਵੀ ਮਿਸ਼ਨ ਨੂੰ ਦਰਸਾਉਣ ਲਈ ਸਾਖੀਕਾਰ ਨੇ ਪਹਿਲੀ ਸਾਖੀ ਵਿਚ ਇਹ ਦੱਸਿਆ ਹੈ ਕਿ ਕਿਸ ਤਰ੍ਹਾਂ ਗੁਰੂ ਬਾਬੇ ਦੇ ਜਨਮ ਸਮੇਂ ਰੱਬੀ ਦਰਗਾਹ ਵਿਚ ਅਨਹਦ ਸ਼ਬਦ ਦੀ ਧੁੰਨਕਾਰ ਉਠੀ, ਤੇਤੀ ਕਰੋੜ ਦੇਵਤਿਆਂ, ਨਾਥਾਂ ਚੁਰ੍ਹਾਸੀ ਸਿੱਧਾਂ, ਚੌਹਟ ਜੋਗਣੀਆਂ, ਛੇ ਜਤੀਆਂ ਤੇ ਬਵੰਜਾਂ ਬੀਰਾਂ ਨੇ ਨਮਸਕਾਰ ਕੀਤਾ। ਸਾਖੀ ਗੁਰੂ ਸਾਹਿਬ ਨੂੰ ਵੱਡਾ ਭਗਤ ਕਹਿੰਦੇ ਹੋਇਆਂ ਉਨ੍ਹਾਂ ਦਾ ਮਿਸ਼ਨ 'ਜਗਤ ਨਿਸਤਾਰਣ' ਦੱਸਦਾ ਹੈ। ਪਾਂਧੇ ਵਾਲੀ ਸਾਖੀ ਵਿਚ ਮਨੁੱਖ ਲਈ ਅੱਖਰੀ ਗਿਆਨ ਜੋ ਰੁਜ਼ਗਾਰ ਕਮਾਉਣ ਲਈ ਲੋੜੀਂਦਾ ਹੈ, ਦੇ ਨਾਲ-ਨਾਲ ਆਤਮਿਕ ਗਿਆਨ ਦੀ ਲੋੜ ਨੂੰ ਰੂਪਮਾਨ ਕੀਤਾ ਹੈ ਕਿ ਕਿਸ ਤਰ੍ਹਾਂ ਇਹ ਗਿਆਨ ਇਕ ਸਾਧਾਰਣ ਮਨੁੱਖ ਨੂੰ ਆਤਮਿਕ ਤੌਰ 'ਤੇ ਚੇਤੰਨ ਵਿਅਕਤੀ ਵਿਚ ਤਬਦੀਲ ਕਰਕੇ ਉਸ ਨੂੰ ਮੁਕੰਮਲ ਇਨਸਾਨ ਦੀ ਸ਼ਕਲ ਦਿੰਦਾ ਹੈ। ਵੈਦ ਵਾਲੀ ਸਾਖੀ ਵਿਚ ਵੀ ਆਤਮਿਕ/ਰੂਹਾਨੀ ਤ੍ਰਿਪਤੀ ਦੀ ਖਾਹਿਸ਼ ਨੂੰ ਪ੍ਰਗਟ ਕਰਦੀ ਹੈ। ਭਾਵੇਂ ਪੁਰਾਤਨ ਜਨਮਸਾਖੀ ਦੀਆਂ ਬਹੁਤ ਸਾਰੀਆਂ ਸਾਖੀਆਂ ਵਿਚ ਧਾਰਮਿਕ ਸਰੋਕਾਰ ਉਤਪਤ ਹਨ ਪਰ ਇਸ ਉਪਰ ਵਿਚਾਰ ਚਰਚਾ ਲਈ ਕੁੱਝ ਚੋਣਵੀਆਂ ਸਾਖੀਆ ਨੂੰ ਆਪਣੇ ਅਧਿਐਨ ਵਿਚ ਸ਼ਾਮਿਲ ਕਰ ਸਕਦੇ ਹਾਂ।

### 1. ਵੇਈਂ ਪ੍ਰਵੇਸ਼:

ਇਸ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਪ੍ਰਭੂ-ਪਰਮਾਤਮਾ ਦੇ ਦਰਬਾਰ ਵਿੱਚ ਹਾਜ਼ਰ ਕੀਤਾ ਜਾਂਦਾ ਹੈ ਜਿਥੇ ਗੁਰੂ ਬਾਬੇ ਨੂੰ ਨਾਮ, ਦਾਨ, ਇਸਨਾਨ ਤੇ ਸੇਵਾ, ਸਿਮਰਨ ਵਿੱਚ ਰਹਿਣ ਲਈ ਪ੍ਰੇਰਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਇਕ ਧਾਰਮਿਕ ਰਹਿਬਰ ਦੀ ਭੂਮਿਕਾ ਸੌਂਪੀ ਜਾਂਦੀ ਹੈ ਅਤੇ ਰੱਬ ਵਲੋਂ ਉਨ੍ਹਾਂ ਨੂੰ 'ਗੁਰ ਪਰਮੇਸਰ' ਦਾ ਰੁਤਬਾ ਬਖਸ਼ਿਸ਼ ਕੀਤਾ ਜਾਂਦਾ ਹੈ। ਇਕ ਕਿਸਮ ਨਾਲ ਗੁਰੂ ਸਾਹਿਬ ਦੇ ਮਿਸ਼ਨ ਨੂੰ ਦੈਵੀ ਉਚਿਤਤਾ ਪ੍ਰਦਾਨ ਕੀਤੀ ਜਾਂਦੀ ਹੈ। ਸਧਾਰਣ ਮਨੁੱਖ ਦੇ ਰੂਪ ਵਿਚ ਗੁਰੂ ਜੀ ਦੁਆਰਾ ਅਸਾਧਾਰਣ ਅਤੇ ਅਲੌਕਿਕ ਸੰਦੇਸ਼ ਪ੍ਰਚਾਰਨ ਦੀ ਜਿੰਮੇਵਾਰੀ ਦਿਤੀ ਜਾਂਦੀ ਹੈ ਜਿਸ ਦਾ ਮੁੱਖ ਅਦੇਸ਼ ਲੋਕਾਈ ਨੂੰ ਰੱਬੀ-ਨਾਮ ਨਾਲ ਜੋੜਨਾ ਹੈ।

### 2. ਕਾਜੀ ਚਰਚਾ:

ਇਸ ਸਾਖੀ ਵਿੱਚ ਧਾਰਮਿਕ ਰਹੁ-ਰੀਤਾਂ ਦੀ ਉਚਿਤਤਾ ਸੰਬੰਧੀ ਵਰਨਣ ਕੀਤਾ ਗਿਆ ਹੈ। ਧਰਮ ਮਨੁੱਖ ਨੂੰ ਆਤਮ ਚਿੰਤਨ ਲਈ ਪ੍ਰੇਰਦਾ ਹੈ, ਧਰਮ ਹੀ ਮਨੁੱਖ ਨੂੰ ਨੈਤਿਕਤਾ ਸਿਖਾਉਂਦਾ, ਉਸ ਦਾ

[5] ਆਰ.ਐਮ ਮੈਕਾਈਵਰ ਤੇ ਚਾਰਲਸ ਐਚ.ਪੇਜ, **ਉਪਰੋਕਤ**, ਪੰਨੇ 34-37.

ਮਾਰਗ ਦਰਸ਼ਨ ਕਰਦਾ ਤੇ ਰੂਹਾਨੀ ਸੰਤੁਸ਼ਟੀ ਪ੍ਰਦਾਨ ਕਰਦਾ ਹੈ। ਇਹ ਸਾਰੇ ਸੰਦਰਭ, ਇਸ ਸਾਖੀ ਵਿੱਚ ਵਿਦਮਾਨ ਹਨ। ਸਬੰਧਿਤ ਸਾਖੀ ਵਿਚ ਕਾਜੀ ਇਕ ਅਜਿਹੇ ਵਿਅਕਤੀ ਵਜੋਂ ਰੂਪਮਾਨ ਹੋਇਆ ਹੈ ਜੋ ਪ੍ਰਮਾਤਮਾ ਦੀ ਵਿਆਪਕਤਾ ਸੰਬੰਧੀ ਜਾਣੂੰ ਤਾਂ ਭਾਵੇਂ ਹੋ ਗਿਆ ਹੈ ਪਰ ਇਸ ਸੱਚਾਈ ਨੂੰ ਉਸ ਨੇ ਕਰਮ-ਕਾਂਡ ਜਾਂ ਰਹੁ-ਰੀਤ ਤੱਕ ਸੀਮਤ ਕਰ ਦਿੱਤਾ ਹੈ।

### 3. ਬਨਾਰਸ ਵਿੱਚ ਚਤਰਦਾਸ:

ਇਸ ਵਿੱਚ ਪ੍ਰਭੂ ਭਗਤੀ ਨੂੰ ਲੋਕ ਦਿਖਾਵੇ ਲਈ ਨਹੀਂ ਬਲਕਿ ਅੰਤਰ-ਆਤਮੇ ਪਰਮਾਤਮਾ ਨਾਲ ਜੁੜਨ ਦਾ ਮਾਰਗ ਦੱਸਿਆ ਹੈ।ਇਸ ਸਾਖੀ ਵਿੱਚ ਪੰਡਤ ਚਤਰਦਾਸ ਨੂੰ ਧਾਰਮਿਕ ਆਕੀਦੇ ਰਾਹੀਂ ਪ੍ਰਭੂ ਪ੍ਰੇਮ, ਭਗਤੀ, ਨਿਸ਼ਕਾਮ ਕਰਮ, ਸੇਵਾ ਭਾਵਨਾ, ਸਤਿਕਾਰ ਆਦਿ ਨੂੰ ਸਨਮੁੱਖ ਰੱਖ ਕੇ ਈਸ਼ਵਰ ਦੀ ਟੇਕ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ ਹੈ। ਇਥੇ ਚਤਰਦਾਸ ਕੇਵਲ ਇਕ ਮਨੁੱਖ ਨਹੀਂ ਹੈ ਬਲਕਿ ਚਤਰਦਾਸ ਉਹ ਪਾਤਰ ਹੈ ਜਿਸ ਦੁਆਰਾ ਸਮੁੱਚੇ ਜਨ ਸਮੂਹ ਤਕ ਇਹ ਸੰਦੇਸ਼ ਪਹੁੰਚਾਇਆ ਗਿਆ ਹੈ।ਇਸ ਪ੍ਰਕਾਰ ਇਹ ਸਾਖੀ ਧਾਰਮਿਕ ਸਰੋਕਾਰ ਅਧੀਨ ਨਿਵੇਕਲਾ ਦਰਜਾ ਅਖਤਿਆਰ ਕਰਦੀ ਹੈ।

### 4. ਆਸਾ ਦੇਸ:

ਇਹ ਸਾਖੀ ਆਪਣੇ ਅੰਦਰ ਧਾਰਮਿਕ-ਸਮਾਜਿਕ ਦੋਵੇਂ ਪ੍ਰਕਾਰ ਦੇ ਸਰੋਕਾਰ ਸਮੋਈ ਬੈਠੀ ਹੈ। ਧਾਰਮਿਕਤਾ ਦੀ ਪੱਧਰ ’ਤੇ ਜਿਥੇ ਏਕੀਸ਼ਵਰਵਾਦ, ਪ੍ਰਭੂ-ਪ੍ਰੇਮ, ਨੇਕ-ਅਮਲ ਆਦਿ ਸਬੰਧਾਂ ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ ਉਥੇ ਸਮਾਜਿਕ ਵਿਵਸਥਾ ਅਧੀਨ ਮਨੁੱਖ ਨੂੰ ਝੂਠੀਆਂ ਕਦਰਾਂ-ਕੀਮਤਾਂ ਅਤੇ ਲੋਕ ਦਿਖਾਵੇ ਨੂੰ ਛੱਡ ਕੇ ਸਧਾਰਨ ਜੀਵਨ ਬਸਰ ਕਰਨ ਦੀ ਸੇਧ ਵੀ ਪ੍ਰਦਾਨ ਕੀਤੀ ਗਈ ਹੈ। ਦੋਵੇਂ ਧਰਾਤਲ ਇਕ ਦੂਸਰੇ ਵਿਚ ਸੰਮਲਿਤ ਹਨ ਅਤੇ ਇਕ ਦੂਸਰੇ ਦੀ ਪੈਰਵੀ ਕਰਦੇ ਹਨ।

### 5. ਸ਼ੇਖ-ਬ੍ਰਹਮ:

ਧਰਮ ਨੂੰ ਮਨੁੱਖੀ ਜੀਵਨ ਦਾ ਰਾਹ ਦਰਸਾਊ/ਪੱਥ ਪ੍ਰਦਰਸ਼ਕ ਦੱਸਿਆ ਗਿਆ ਹੈ।ਇਸ ਅਧੀਨ ਮਨੁੱਖ ਨੂੰ ਬਿਨਾਂ ਕਿਸੇ ਦਵੈਤ ਦੇ ਆਪਣਾ ਧਰਮ ਨਿਭਾਉਣ ਲਈ ਪ੍ਰੇਰਿਆ ਗਿਆ ਹੈ। ਧਰਮ ਹੀ ਇਕ ਅਜਿਹਾ ਢੰਗ/ਤਰੀਕਾ ਹੈ ਜਿਸ ਦੇ ਅਧਾਰ ’ਤੇ ਮਨੁੱਖ ਅਤੇ ਜਾਨਵਰ ਵਿੱਚ ਬੁਨਿਆਦੀ ਫਰਕ ਸਥਾਪਿਤ ਕੀਤਾ ਜਾ ਸਕਦਾ ਹੈ।

### 6. ਅਨਭੀ ਸਰੇਵੜਾ:

ਇਸ ਸਾਖੀ ਵਿੱਚ ਦਰਸਾਇਆ ਹੈ ਕਿ ਮਨੁੱਖ ਨੂੰ ਧਾਰਮਿਕ ਵਿਸ਼ਵਾਸ਼ ਨੂੰ ਮੰਨਣ ਲਈ ਕਿਸੇ ਖਾਸ ਕਿਸਮ ਦਾ ਦਿਖਾਵਾ ਕਰਨ ਦੀ ਲੋੜ ਨਹੀਂ।ਧਰਮ ਦਾ ਸਬੰਧ ਕਿਸੇ ਕਾਰਨ ਜਾਂ ਕਾਰਕ ਨਾਲ ਬੱਝ ਜਾਣ ਨਾਲ ਨਹੀਂ ਬਲਕਿ ਧਰਮ ਨੂੰ ਜੀਵਨ ਸ਼ੈਲੀ ਦਾ ਅਜਿਹਾ ਹਿਸਾ ਮੰਨਿਆ ਹੈ ਜਿਸ ਦੁਆਰਾ ਮਨੁੱਖ ਨੂੰ ਸਹੀ ਸੇਧ, ਸਹੀ ਸੋਚ, ਮਰਿਆਦਾ ਅਤੇ ਜੀਵਨ ਜਾਚ ਦੀ ਪ੍ਰਾਪਤੀ ਹੋ ਸਕੇ।

## 7. ਮਕੇ ਗਇਆ (ਰੁਕਨਦੀਨ ਨਾਲ ਚਰਚਾ):

ਇਸ ਸਾਖੀ ਵਿੱਚ ਧਾਰਮਿਕ ਆਕੀਦਿਆਂ/ਸੰਕਲਪਾਂ ਨੂੰ ਉਭਾਰਿਆ ਹੈ। ਇਹ ਸਾਖੀ ਵਿਸ਼ੇਸ਼ ਤੌਰ ਤੇ ਮੁਸਲਿਮ ਤੇ ਮੁਸਲਿਕ ਧਾਰਮਿਕ ਸ਼੍ਰੇਣੀ ਨੂੰ ਸੰਬੋਧਤ ਹੈ। ਇਸ ਵਿਚ ਗੁਰੂ ਸਾਹਿਬ ਨੇ ਇਸਲਾਮਦੀ ਪਰਿਭਾਸ਼ਿਕ ਸ਼ਬਦਾਵਲੀ ਵਿਚ ਪੂਰੀ ਮੁਸਲਿਮ ਪਰਜਾ ਨੂੰ ਸੱਚਾ-ਸੁੱਚਾ ਮੁਸਲਮਾਨ ਬਣਨ ਦੀ ਪ੍ਰੇਰਨਾ ਦਿਤੀ ਹੈ। ਅਲਾਹ ਪ੍ਰਤੀ ਪ੍ਰਤਿਬਧਤਾ, ਨੇਕ-ਅਮਲ ਤੇ ਆਖਰਿਤ ਦੇ ਫੈਸਲੇ ਦੇ ਦਿਨ ਯਾਦ ਰੱਖਣ ਦੀ ਚਿਤਾਵਨੀ ਵੀ ਦਿਤੀ ਹੈ। ਸ਼ੇਖ ਸ਼ਰਫ, ਸ਼ੇਖ ਬ੍ਰਿਹਮ ਤੇ ਸ਼ੇਖ ਫਰੀਦ ਵਾਲੀਆਂ ਸਾਖੀਆਂ ਦੀ ਤਰ੍ਹਾਂ ਇਹ ਸਾਖੀ ਅੰਤਰ-ਧਰਮ ਸੰਵਾਦ ਦਾ ਇਕ ਬਹੁਤ ਅੱਛਾ ਨਮੂਨਾ ਹੈ ਕਿ ਕਿਸ ਤਰ੍ਹਾਂ ਦੋ ਧਾਰਮਿਕ ਆਗੂ ਵੱਖੋ-ਵੱਖਰੇ ਮੱਤਾਂ ਦੇ ਨਾਲ ਸੰਬੰਧਿਤ ਹੁੰਦੇ ਹੋਏ, ਆਪਿਸ ਵਿਚ ਸਤਿਕਾਰ ਤੇ ਪ੍ਰੇਮ-ਭਾਵ ਨਾਲ ਮਿਲ ਬੈਠ ਕੇ ਧਾਰਮਿਕ ਮੁੱਦਿਆਂ ਉਤੇ ਵਾਰਤਾਲਾਪ ਕਰ ਸਕਦੇ ਹਨ। ਇਹ ਇਥੇ ਗੁਰੂ ਜੀ ਕਿਸੇ ਇਕ ਵਿਅਕਤੀ ਨੂੰ ਸੰਬੋਧਨ ਨਹੀਂ ਕਰ ਰਹੇ, ਬਲਕਿ ਉਹ ਸਮੁੱਚੀ ਮਨੁੱਖਤਾ ਨੂੰ ਨਿਮਰਤਾ, ਪ੍ਰੇਮਭਗਤੀ, ਨਿਰਵੈਰਤਾ ਅਤੇ ਪਿਆਰ ਦਾ ਸੁਨੇਹਾ ਦਿੰਦੇ ਹਨ।

## 8. ਲਹਿਣੇ ਦੀ ਪ੍ਰੀਖਿਆ:

ਇਸ ਸਾਖੀ ਵਿੱਚ ਮਨੁੱਖ ਨੂੰ ਪਰਮਾਤਮਾ ਦੇ ਹੁਕਮ ਵਿੱਚ ਰਹਿਣ ਦਾ ਪ੍ਰਤੀਕਾਤਮਕ ਪੱਧਰ 'ਤੇ ਸੰਦੇਸ਼ ਦਿੱਤਾ ਹੈ। ਇਥੇ ਪ੍ਰਭੂ ਦੀ ਰਜ਼ਾ, ਹੁਕਮ ਮੰਨਣ ਵਾਲਾ ਸਿਰਫ ਭਾਈ ਲਹਿਣਾ ਹੀ ਨਹੀਂ ਹੈ, ਬਲਕਿ ਪ੍ਰਤੀਕਾਤਮਕ ਪਧੱਰ 'ਤੇ ਇਹ ਸੰਦੇਸ਼ ਸਮੁੱਚੀ ਮਨੁੱਖਤਾ ਨੂੰ ਦਿੱਤਾ ਗਿਆ ਹੈ। ਦ੍ਰਿੜ ਧਾਰਮਿਕ ਵਿਸ਼ਵਾਸ ਮਨੁੱਖ ਨੂੰ ਰਹੱਸਮਈ ਛੂਹਾਂ ਪ੍ਰਾਪਤ ਕਰਨ ਵਿੱਚ ਸਫਲ ਬਣਾਉਂਦਾ ਹੈ। ਰੱਹਸ ਆਤਮਕ ਪ੍ਰਾਪਤੀਆਂ ਮਨੁੱਖੀ ਮਨ ਦਾ ਉਹ ਪਧੱਰ ਹਨ ਜਿਥੇ ਮਨੁੱਖ ਆਪਣੀਆਂ ਆਤਮਪਰਕ ਪ੍ਰਤਿਕਿਰਿਆਵਾਂ ਸਬੰਧੀ ਜਾਣੂ ਹੁੰਦਾ ਹੈ।

## 9. ਲਹਿਣੇ ਤੋਂ ਅੰਗਦ:

ਇਸ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਮੌਤ, ਮਾਇਆ, ਜਨਮ, ਕਰਮ ਆਦਿ ਦੇ ਸਬੰਧਾਂ ਦੇ ਅਧਾਰ 'ਤੇ ਮਨੁੱਖ ਨੂੰ ਸੇਧ ਪ੍ਰਦਾਨ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਦੀ ਰਾਹ-ਨੁਮਾਈ ਵਿਚ ਲਹਿਣੇ ਤੋਂ ਅੰਗਦ ਹੋਣ ਤੱਕ ਦਾ ਸਫਰ ਮਨੁੱਖ ਨੂੰ ਸਬਰ, ਸੰਤੋਖ ਅਤੇ ਨੇਕ-ਨੀਤੀ ‘ਤੇ ਚੱਲਣ ਦਾ ਮਾਰਗ ਦੱਸਦਾ ਹੈ।ਇਹ ਸਾਖੀ ਗੁਰੂ ਸਾਹਿਬ ਦੁਆਰਾ ਆਪਣੇ ਮਿਸ਼ਨ ਦਾ ਅੱਗੋਂ ਪ੍ਰਚਾਰ ਜਾਰੀ ਰੱਖਣ ਲਈ ਗੁਰਿਆਈ ਦੀ ਸੰਸਥਾ ਸਥਾਪਿਤ ਕਰਨ ਦੀ ਗਵਾਹੀ ਵੀ ਪੇਸ਼ ਕਰਦੀ ਹੈ।

ਉਪਰੋਕਤ ਸਾਖੀਆਂ ਦੇ ਵਿਵਰਣ ਤੋਂ ਸਪਸ਼ਟ ਹੁੰਦਾ ਹੈ ਕਿ ਧਰਮ ਇਕ ਅਜਿਹਾ ਰਸਤਾ, ਮਾਰਗ, ਜਾਂ ਪੱਥ ਹੈ ਜੋ ਮਨੁੱਖ ਨੂੰ ਉਸ ਦੇ ਮਨੁੱਖੀਪਣ ਦੀ ਪਹਿਚਾਣ ਕਰਵਾਉਂਦਾ ਹੈ। ਸਮਾਜ ਅਤੇ ਮਨੁੱਖੀ ਕਿਰਦਾਰ ਵਿਚ ਆਏ ਵਿਗਾੜ ਨੂੰ ਧਾਰਮਿਕ ਲੀਹਾਂ ਉੱਤੇ ਮੁੜ ਸਥਾਪਿਤ ਕਰਨਾ ਗੁਰੂ ਸਾਹਿਬ ਦੇ ਜੀਵਨ ਦਾ ਮੁੱਖ ਉਦੇਸ਼ ਸੀ। ਉਨ੍ਹਾਂ ਮਨੁੱਖ ਨੂੰ ਸੁਚਾਰੂ ਜੀਵਨ ਜੀਉਣ ਅਤੇ ਅੰਧ-ਵਿਸ਼ਵਾਸਾਂ ਨੂੰ ਮੰਨਣ ਦੀ ਜਗ੍ਹਾ ਅੱਖਾਂ ਖੋਲ੍ਹ ਕੇ ਸੱਚ ਪਰਖਣ ਅਤੇ ਸੱਚਾ-ਸੁੱਚਾ ਜੀਵਨ ਜੀਉਣ ਦਾ ਉਪਦੇਸ਼ ਦਿਤਾ।

ਪੁਰਾਤਨ ਜਨਮਸਾਖੀ ਦੀਆਂ ਇਨ੍ਹਾਂ ਸਾਖੀਆਂ ਦਾ ਮੁੱਖ ਉਦੇਸ਼ ਮਨੁੱਖ ਦਾ ਆਦਰਸ਼ ਮਨੁੱਖ ਹੋਣਾ ਹੀ ਸਰਵਉੱਚ ਧਰਮ ਹੈ ਅਤੇ ਇਸ ਧਰਮ ਦੇ ਰਸਤੇ ਉਤੇ ਚਲਦਿਆਂ ਹੀ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਸਮਾਜ ਇਕ ਅਜਿਹੀ ਵਿਵਸਥਿਤ ਇਕਾਈ ਹੈ ਜਿਸ ਵਿੱਚ ਮਨੁੱਖ ਦੀ ਸੰਪੂਰਨ ਜੀਵਨ ਸ਼ੈਲੀ, ਨਿਰਭਰਤਾ, ਸਲੀਕਾ, ਤੌਰ-ਤਰੀਕਾ, ਰਸਮਾਂ-ਰੀਤਾਂ, ਸੁਭਾਅ, ਪਹਿਰਾਵਾ ਆਦਿ ਅਨੇਕਾਂ ਪੱਖ ਸ਼ਾਮਲ ਹਨ ਜਿਸ ਤੋਂ ਉਹ ਇਕ ਸਭਿਅ-ਜੀਵ ਦੀ ਤਰ੍ਹਾਂ ਸਮਾਜ ਵਿੱਚ ਰਹਿ ਸਕਦਾ ਹੈ।[6] ਪੁਰਾਤਨ ਜਨਮਸਾਖੀ ਵਿੱਚ ਅੰਤਰਨਿਹਿਤ ਸਮਾਜਿਕ ਸਰੋਕਾਰਾਂ ਨੂੰ ਉਕਤ ਨਜ਼ਰੀਏ ਤੋਂ ਵਿਚਾਰੀਏ ਤਾਂ ਸਮਾਜਿਕ ਪ੍ਰਤਿਮਾਨਾਂ ਅਧੀਨ ਕੁਲ 16 ਸਾਖੀਆਂ ਵਿਚਾਰ-ਚਰਚਾ ਦਾ ਵਿਸ਼ਾ ਬਣਦੀਆਂ ਹਨ।

1. **ਪਾਂਧਾ:** ਇਸ ਸਾਖੀ ਵਿਚਲੇ ਪ੍ਰਸੰਗ ਮਨੁੱਖ ਨੂੰ ਗਿਆਨ ਪ੍ਰਾਪਤੀ ਅਤੇ ਚੰਗੇ ਅਮਲ ਵਾਲੇ ਜੀਵਨ ਦੀ ਪ੍ਰੇਰਨਾ ਦਿੰਦੇ ਹਨ। ਸਮਾਜ ਇਕ ਅਜਿਹੀ ਸੰਸਥਾ ਹੈ ਜੋ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਤਾਂ ਸਿਖਾਉਂਦੀ ਹੀ ਹੈ ਪਰੰਤੂ ਨਾਲ ਹੀ ਉਸ ਵਿੱਚ ਨਿਮਰਤਾ, ਸੁਚਾਰੂ ਜੀਵਨ ਬਤੀਤ ਕਰਨ ਦੇ ਢੰਗ, ਸਹੀ ਨਿਰਣਾ ਕਰਨ ਦੀ ਸੂਝ ਆਦਿ ਪੱਖਾਂ ਸਬੰਧੀ ਸੋਚਣ ਦਾ ਕੰਮ ਵੀ ਕਰਦੀ ਹੈ। ਪੱਟੀ ਪਾਂਧਾ ਵਾਲੀ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਦੋ ਪਧੱਰਾਂ 'ਤੇ ਗੱਲ ਕੀਤੀ ਗਈ ਹੈ ਜਿਸ ਦੇ ਅੰਤਰਗਤ ਸਮਾਜਿਕ ਅਤੇ ਧਾਰਮਿਕ ਦੋਵੇਂ ਸਰੋਕਾਰ ਪੂਰੇ ਹੋਏ ਹਨ।ਸਮਾਜਿਕ ਪੱਧਰ 'ਤੇ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਉਸ ਸਮੇਂ ਸਿੱਖਿਆ/ਵਿਦਿਆ ਦੇ ਪ੍ਰੰਪਰਾਗਤ ਅਧਿਆਪਕ ਭਾਵ ਪਾਂਧਾ ਤੇ ਮੌਲਵੀ ਹੀ ਇਹ ਸਿੱਖਿਆ ਪ੍ਰਦਾਨ ਕਰਦੇ ਸਨ। ਸਿੱਖਿਆ ਪ੍ਰਾਪਤੀ ਦਾ ਅਧਿਕਾਰ ਬਹੁਤ ਹੀ ਸੀਮਿਤ ਲੋਕਾਂ ਨੂੰ ਪ੍ਰਾਪਤ ਸੀ। ਵਿਦਿਆ ਦਾ ਉਦੇਸ਼ ਅੱਖਰੀ ਵਿਦਿਆ ਤੋਂ ਇਲਾਵਾ ਕਿਸੇ ਨਿਮ-ਪੱਧਰ ਦੀ ਚਾਕਰੀ ਦੇ ਯੋਗ ਬਣਾਉਣਾ ਸੀ। ਇਸ ਸਾਖੀ ਵਿਚੋਂ ਪ੍ਰੰਪਰਾਗਤ ਅਧਿਆਪਕ ਦੀ ਸਮਾਜ ਵਿਚ ਸਥਿਤੀ ਦੇ ਸਤਿਕਾਰ ਦੇ ਵੀ ਇਸ਼ਾਰੇ ਮਿਲਦੇ ਹਨ। ਇਸ ਪ੍ਰਕਾਰ ਸਮਕਾਲੀ ਸਮਾਜਿਕ ਚਿਤਰਣ ਸਹਿਜੇ ਹੀ ਪਾਠਕਾਂ ਦੇ ਨਜਰੀਂ ਪੈਂਦਾ ਹੈ।

2. **ਕੁੜਮਾਈ, ਵਿਆਹ:** ਇਸ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਵਿਆਹ ਸਬੰਧੀ ਚਰਚਾ ਕੀਤੀ ਗਈ ਹੈ। ਵਿਆਹ ਇਕ ਸਮਾਜਿਕ ਬੰਧਨ ਹੈ। ਕਿਸੇ ਵੀ ਸਮਾਜ ਦੇ ਵਿਕਾਸ ਵਿਚ ਵਿਆਹ-ਸ਼ਾਦੀ ਦੀ ਰਸਮ ਅਹਿਮ ਥਾਂ ਰੱਖਦੀ ਹੈ। ਇਸ ਸਾਖੀ ਰਾਹੀਂ ਗੁਰੂ ਨਾਨਕ ਦੇਵ ਜੀ ਦੁਆਰਾ ਸਮਾਜਿਕ ਸੀਮਾਵਾਂ ਵਿੱਚ ਰਹਿਣ ਲਈ ਸਿਰਫ ਪ੍ਰੇਰਿਆ ਹੀ ਨਹੀ ਗਿਆ ਬਲਕਿ ਖੁਦ ਗੁਰੂ ਨਾਨਕ ਦੇਵ ਜੀ ਦੁਆਰਾ ਇਸ ਧਾਰਨਾ ਨੂੰ ਅਪਣਾਇਆ ਵੀ ਗਿਆ ਹੈ। ਮਨੁੱਖੀ ਸਮਾਜ ਵਿੱਚ ਵਿਆਹ ਇਕ ਅਜਿਹਾ ਬੰਧਨ ਹੈ ਜੋ ਮਨੁੱਖ ਨੂੰ ਜਿੰਮੇਵਾਰੀਆਂ ਨਿਭਾਉਣ ਦਾ ਰਾਹ ਦੱਸਦਾ ਹੈ। ਗੁਰੂ ਨਾਨਕ ਦੇਵ ਜੀ ਦੇ ਧਰਮ ਵਿਚ ਗ੍ਰਹਿਸਥ ਮਾਰਗ ਨੂੰ ਜੋ ਮਹੱਤਾ ਪ੍ਰਾਪਤ ਹੈ ਉਸ ਦੇ ਨਿਰੂਪਣ ਲਈ ਇਹ ਸਾਖੀ ਬਹੁਤ ਉਪਯੋਗੀ ਸੰਦੇਸ਼ ਦਿੰਦੀ ਹੈ।

---

[6] ਪਰਕਾਸ਼ ਸਿੰਘ ਜੰਮੂ, **ਮਨੁੱਖੀ ਸਮਾਜ**, ਪੰਨਾ-227.

3. **ਖੇਤੀ, ਵਣਜ, ਸੌਦਾਗਰੀ, ਚਾਕਰੀ:** ਇਸ ਸਾਖੀ ਵਿਚਲੇ ਪ੍ਰਯੋਜਨ ਸਮਾਜਿਕਤਾ ਅਤੇ ਆਰਥਿਕਤਾ ਨਾਲ ਸਬੰਧਿਤ ਹਨ। ਇਥੇ ਸਮਾਜਿਕ ਪ੍ਰਬੰਧਾਂ ਦੀ ਗੱਲ ਕਰਦੇ ਹੋਏ ਦੱਸ ਦੇਣਾ ਜਰੂਰੀ ਹੈ ਕਿ ਉਸ ਸਮੇਂ ਹਰੇਕ ਮਦਰ ਨੂੰ ਆਪਣੇ ਵਰਣ-ਆਸ਼ਰਮ ਅਨੁਸਾਰ ਰੁਜ਼ਗਾਰ ਕਮਾਉਣ ਭਾਵ ਕੰਮ ਕਰਨ ਦਾ ਅਧਿਕਾਰ ਨਿਸਚਿਤ ਸੀ। ਪਰਿਵਾਰ, ਸਮਾਜਿਕ ਵਿਵਸਥਾ ਦਾ ਇਕ ਇਕਾਰੀ ਹੈ। ਕਿਸੇ ਪਰਿਵਾਰ ਦੀ ਹੋਂਦ ਲਈ ਰੁਜ਼ਗਾਰ ਦਾ ਪ੍ਰਬੰਧ ਦਾ ਹੋਣਾ ਲਾਜਮੀ ਹੈ।ਸੋ ਉਸ ਵਕਤ ਰੁਜ਼ਗਾਰ ਦੇ ਚਾਰ ਮੁੱਖ ਸਾਧਨ ਭਾਵ ਖੇਤੀ, ਵਣਜ, ਸੌਦਾਗਰੀ ਤੇ ਚਾਕਰੀ ਸਨ। ਖੱਤਰੀ ਜਾਤੀ ਵਿਚੋਂ ਹੋਣ ਕਰਕੇ ਗੁਰੂ ਨਾਨਕ ਦੇਵ ਜੀ ਲਈ ਇਹ ਚਾਰੋਂ ਕਿਤੇ ਖੁਲ੍ਹੇ ਸਨ। ਇਹ ਸਾਖੀ ਕਿਸੇ ਵੀ ਮਾਤਾ-ਪਿਤਾ ਲਈ ਆਪਣੇ ਬੱਚੇ ਨੂੰ ਰੁਜ਼ਗਾਰ ਦੇ ਕਾਬਿਲ ਬਣਾਉਣ ਤੇ ਉਸ ਵਿਚ ਸਥਾਪਿਤ ਕਰਨ ਦੀ ਚਿੰਤਾ ਨੂੰ ਪ੍ਰਗਟ ਕਰਦੀ ਹੈ। ਰੁਜ਼ਗਾਰ ਦਾ ਸਮਾਜਿਕ ਵਿਵਸਥਾ 'ਤੇ ਨੂੰ ਬਣੋ ਰੱਖਣ ਲਈ ਬੜੀ ਵੱਡੀ ਭੂਮਿਕਾ ਹੈ। ਇਸ ਲਈ ਜੀਵਨ ਨਿਰਬਾਹ ਲਈ ਕੋਈ ਰੁਜ਼ਗਾਰ ਕਰਨਾ ਉਸ ਵਕਤ ਵਿੱਚ ਵੀ ਮੱਹਤਵਪੂਰਨ ਲੋੜ ਸੀ।

4. **ਵੈਦ:** ਇਸ ਸਾਖੀ ਵਿੱਚ ਸਮਾਜ ਵਿੱਚ ਵਿਚਰਨ ਲਈ ਮਨੁੱਖੀ ਸੰਬੰਧਾਂ ਜਾਂ ਆਪਸੀ ਨਿਰਭਰਤਾ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਵੱਖ-ਵੱਖ ਮਨੁੱਖੀ ਸਮੂਹ ਲੋੜ ਪੈਣ 'ਤੇ ਇਕੱਤਰ ਹੁੰਦੇ ਹਨ ਅਤੇ ਇਕ ਦੂਜੇ ਮਨੁੱਖ ਦੀ ਸਹਾਇਤਾ ਕਰਦੇ ਹਨ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਜਿਸ ਦੇ ਅਧਾਰ 'ਤੇ ਉਸ ਨੂੰ ਲੋੜ ਪੈਣ 'ਤੇ ਹੋਰਨਾਂ ਮਨੁੱਖਾਂ ਦੀ ਸਹਾਇਤਾ ਲੈਣੀ ਪੈਂਦੀ ਹੈ। ਇਹ ਸਾਖੀ ਤੀਹਰੇ ਪ੍ਰਕਰਣਾਂ ਦੀ ਧਾਰਣੀ ਹੈ।ਪਹਿਲਾ ਸਮਾਜਿਕ ਜਿਸ ਦੇ ਅਧਾਰ 'ਤੇ ਸਮਾਜਿਕ ਰੁਤਬਾ ਸਪਸ਼ਟ ਹੁੰਦਾ ਹੈ। ਦੂਜਾ, ਪਾਰਲੌਕਿਕ ਜੋ ਇਸ ਗੱਲ ਨੂੰ ਦਰਸਾ ਜਾਂਦਾ ਹੈ ਕਿ ਸਮੁੱਚੇ ਇਕੱਠ ਵਿਚ ਵੈਦ ਹੀ ਇਕ ਅਜਿਹਾ ਗਿਆਨਵਾਨ/ਸਮਝਦਾਰ ਵਿਅਕਤੀ ਹੈ ਜਿਸ ਵਿਚ ਗੁਰੂ ਬਾਬੇ ਜੀ ਦੇ ਆਲੌਕਿਕ ਵਿਅਕਤਿਤਵ ਨੂੰ ਪ੍ਰਤੱਖਣ ਦੀ ਪ੍ਰਤਿਭਾ ਹੈ।

5. **ਸੁਲਤਾਨ ਪੁਰ ਨੂੰ ਤਿਆਰੀ:** ਇਸ ਸਾਖੀ ਵਿੱਚ ਵੀ ਸਮਾਜਿਕ ਪ੍ਰਬੰਧਾਂ ਦੇ ਅੰਤਰਗਤ ਮਨੁੱਖ ਨੂੰ ਜੀਵਨ ਨਿਰਬਾਹ ਕਰਨ ਲਈ ਕੰਮ/ਰੁਜ਼ਗਾਰ ਕਰਨ ਸਬੰਧੀ ਪ੍ਰੇਰਿਆ ਗਿਆ ਹੈ। ਜੇਕਰ ਰੁਜ਼ਗਾਰ ਸਥਾਨਕ ਪੱਧਰ 'ਤੇ ਪ੍ਰਾਪਤ ਨਹੀਂ ਹੁੰਦਾ ਤਾਂ ਇਸ ਦੇ ਲਈ ਪਿੰਡ, ਨਗਰ ਇਥੋਂ ਤੱਕ ਇਕ ਆਪਣਾ ਇਲਾਕਾ ਤਿਆਗ ਕੇ ਕਿਸੇ ਦੂਸਰੇ ਸਥਾਨ ਤੇ ਇਸ ਦੀ ਢੂੰਡ ਕਰਨੀ ਪੈਂਦੀ ਹੈ। ਇਹ ਸਾਖੀ ਵਿਹਲੇ ਰਹਿਣ ਨਾਲੋਂ ਸਮਾਜ ਵਿਚ ਰੁਜ਼ਗਾਰ ਦੀ ਮਹੱਤਾ ਨੂੰ ਦਰਸਾਉਂਦੀ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਈਮਾਨਦਾਰੀ ਤੇ ਪੂਰੀ ਸਮਰਪਿਤ ਭਾਵਨਾ ਨਾਲ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਹਨ।

6. **ਮੋਦੀਖਾਨਾ ਸੰਭਾਲਿਆ:** ਇਸ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਮੋਦੀਖਾਨਾ ਜੋ ਕਿ ਸੁਲਤਾਨ ਪੁਰ ਵਿੱਚ ਸਥਿਤ ਸੀ, ਵਿੱਚ ਕੰਮ ਕਰਨ ਸਬੰਧੀ ਚਰਚਾ ਕੀਤੀ ਗਈ ਹੈ। ਸਮਾਜਿਕ ਰਸਮਾਂ- ਰੀਤਾਂ ਦੀ ਪੂਰਤੀ ਕਰਦੇ ਹੋਏ ਅਤੇ ਨਵਾਬ ਦਉਲਤ ਖਾਂ ਨੂੰ ਪੇਸ਼ਕਸ/ਨਜ਼ਰਾਨਾ ਦੇਣ

ਸਬੰਧੀ ਵੀ ਗੱਲ ਕੀਤੀ ਗਈ ਹੈ। ਸੋ ਇਹ ਸਾਖੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ, ਤੀਹਰੇ ਸਰੋਕਾਰਾਂ ਨੂੰ ਪੂਰਿਆਂ ਕਰਦੀ ਹੈ।

7. **ਮਰਦਾਨੇ ਦੀ ਪੂਜਾ ਕਰਾਈ:** ਇਸ ਸਾਖੀ ਰਾਹੀਂ ਸਮਾਜਿਕ ਪ੍ਰਤਿਮਾਨਾਂ, ਅੰਤਰਦ੍ਰਿਸ਼ਟੀਆਂ ਅਤੇ ਸਮਾਜਿਕ ਸਮੂਹਾਂ, ਸੰਗਠਨਾਂ ਸਬੰਧੀ ਸਰੋਕਾਰਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਸਮਾਜਿਕ ਸੰਦਰਭ ਅਧੀਨ ਇਸ ਸਾਖੀ ਵਿਚ ਕਈ ਪਰਤਾਂ ਵਿਦਮਾਨ ਹਨ ਜੋ ਸਪਸ਼ਟ ਕਰਦੀਆਂ ਹਨ ਕਿ ਸਮਾਜ ਕਈ ਵਰਗਾਂ ਵਿੱਚ ਵੰਡਿਆ ਹੋਇਆ ਸੀ। ਸਮਾਜ ਵਿੱਚ ਕਬੀਲਿਆਂ ਅਤੇ ਜਾਤ ਦੇ ਅਧਾਰ 'ਤੇ ਸਮਾਜਿਕ ਵਰਗੀਕਰਨ ਮੌਜੂਦ ਸੀ।

8. **ਸੱਜਣ ਠੱਗ:** ਇਹ ਸਾਖੀ ਤੀਹਰੇ ਪ੍ਰਤਿਮਾਨਾਂ ਨੂੰ ਪੂਰਾ ਕਰਦੀ ਹੈ।ਸੱਜਣ ਇਕ ਅਜਿਹਾ ਵਿਅਕਤੀ ਹੈ ਜੋ ਦੋਹਰੇ ਪ੍ਰਤਿਮਾਨ ਪੂਰੇ ਕਰਦਾ ਹੈ ਭਾਵ ਰਾਹਗੀਰਾਂ ਨੂੰ ਰਾਤ ਬਿਤਾਉਣ ਲਈ ਸਹੂਲਤ ਪ੍ਰਦਾਨ ਕਰਦਾ ਹੈ ਜੋ ਕਿ ਉਸ ਦੇ ਨਾਮ ਨੂੰ ਸਮਾਜਿਕ ਰੁਤਬਾ ਹਾਸਲ ਕਰਾਉਂਦਾ ਹੈ ਪਰੰਤੂ **ਸੱਜਣ** ਦੇ ਅਰਥ ਤੋਂ ਉਲਟ ਉਹ ਮਾਇਆ ਕਮਾਉਣ ਲਈ ਲੋਕ-ਹੱਤਿਆ ਨੂੰ ਅੰਜਾਮ ਦਿੰਦਾ ਹੈ।ਪਰ ਧਾਰਮਿਕ ਆਸ਼ੇ 'ਤੇ ਚਲਦੇ ਉਸ ਨੇ ਆਪਣੇ ਗੁਨਾਹ ਮੰਨ ਲਏ ਅਤੇ ਧਾਰਮਿਕ ਕਰਮ ਕਰਨ ਨੂੰ ਤਰਜੀਹ ਦਿੱਤੀ।

1. **ਸਮਾਜਿਕ**: ਸੱਜਣ ਦੁਆਰਾ ਧਰਮਸਾਲਾ ਦਾ ਨਿਰਮਾਣ ਕੀਤਾ ਗਿਆ ਜਿਸ ਵਿਚ ਉਹ ਰਾਹਗੀਰਾਂ ਨੂੰ ਰਾਤ ਗੁਜਾਰਣ ਲਈ ਥਾਂ ਦਿੰਦਾ ਹੈ।
2. **ਆਰਥਿਕ**: ਪੈਸੇ ਦੇ ਲਾਲਚ ਵਸ ਪੈ ਕੇ ਲੋਕਾਂ ਦੀ ਹੱਤਿਆ ਕਰਕੇ ਉਨ੍ਹਾਂ ਦਾ ਸਮਾਨ ਲੁੱਟ ਕੇ ਆਪਣੇ-ਆਪ ਨੂੰ ਆਰਥਿਕ ਪੱਖੋਂ ਮਜਬੂਤ ਹੋਣ ਦੀ ਕੋਸ਼ਿਸ਼।
3. **ਧਾਰਮਿਕ**: ਗੁਰੂ ਨਾਨਕ ਦੁਆਰਾ ਉਪਦੇਸ਼ਣ 'ਤੇ ਧਾਰਮਿਕ/ਰੂਹਾਨੀ ਗਿਆਨ ਦੀ ਪ੍ਰਾਪਤੀ ਹੋ ਗਈ ਅਤੇ ਆਪਣੇ ਗੁਨਾਹ ਕਬੂਲ ਕਰ ਕੇ ਸੁਕਰਮ ਦਾ ਰਸਤਾ ਚੁਣ ਲਿਆ।

9. **ਵਣਜਾਰਿਆਂ ਦੇ ਟਾਂਡੇ:** ਇਸ ਸਾਖੀ ਵਿੱਚ ਸਮਾਜਿਕ/ਧਾਰਮਿਕ ਦੋਹਰੇ ਪ੍ਰਤਿਮਾਨ ਸਾਕਾਰ ਹੋਏ ਹਨ। ਇਸ ਸਾਖੀ ਵਿੱਚ ਸਮਾਜਿਕ ਰਸਮ ਨੂੰ ਦਰਸਾਇਆ ਗਿਆ ਹੈ। ਇਸ ਅਧੀਨ ਘਰ ਵਿੱਚ ਬੱਚੇ ਦੇ ਜਨਮ ਲੈਣ ਉਪਰੰਤ ਘਰ ਦੇ ਮਾਹੌਲ ਦਾ ਚਿਤਰਨ ਕੀਤਾ ਗਿਆ ਹੈ, ਪਰੰਤੂ ਨਾਲ ਹੀ ਨਾਲ ਇਹ ਸਾਖੀ ਦੂਸਰੀ ਸਤ੍ਹਾ ਉਤੇ ਧਾਰਮਿਕ ਸਰੋਕਾਰ ਵੀ ਸਮੋਈ ਬੈਠੀ ਹੈ। ਸਮਾਜਿਕ ਰਸਮਾਂ-ਰਿਵਾਜਾਂ ਸਬੰਧੀ ਤਾਂ ਬੇਸ਼ਕ ਦਰਸਾਇਆ ਹੀ ਗਿਆ ਹੈ ਪਰੰਤੂ ਨਾਲ ਦੀ ਨਾਲ ਇਹ ਵੀ ਦੱਸਿਆ ਹੈ ਕਿ ਮੌਤ ਵਰਗੀ ਅਟੱਲ ਸੱਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ।

10. **ਮੁਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ**: ਸਮਾਜਿਕ ਸਰੋਕਾਰਾਂ ਅਧੀਨ ਆਉਂਦੀ ਇਹ ਸਾਖੀ ਮਨੁੱਖ ਨੂੰ ਸੁਕਰਮ ਕਰਨ ਦੀ ਪ੍ਰੇਰਨਾ ਦਿੰਦੀ ਹੈ।ਸਾਖੀ ਦੁਆਰਾ ਇਹ ਸੰਦੇਸ਼ ਦਿੱਤਾ ਗਿਆ ਹੈ ਕਿ ਮਨੁੱਖ

ਦੁਆਰਾ ਕੀਤਾ ਹੋਇਆ ਕਰਮ ਹੀ ਉਸ ਨੂੰ ਫਲ ਦੇ ਰੂਪ ਵਿਚ ਪ੍ਰਾਪਤ ਹੋਵੇਗਾ।ਇਹ ਸਾਖੀ ਸਮਾਜਿਕ,ਧਾਰਮਿਕ ਅਤੇ ਕਰਮ-ਫਲ ਪ੍ਰਾਪਤੀ ਦੇ ਸੂਤਰਧਾਰ ਵਜੋਂ ਪ੍ਰੇਰਨਾਦਾਇਕ ਸ੍ਰੋਤ ਹੈ।

1. **ਸਮਾਜਿਕ**: ਦੋ ਵਿਅਕਤੀਆਂ ਦੀ ਆਪਸੀ ਸਾਂਝ ਤੇ ਮੇਲ-ਮਿਲਾਪ ਸਮਾਜਿਕ ਪੱਖ ਨੂੰ ਪੇਸ਼ ਕਰਦੇ ਹੈ।
2. **ਧਾਰਮਿਕ**: ਜੀਵਨ ਨੂੰ ਨੇਮਬੱਧ ਸੂਤਰ ਪਰੋਣਾ ਇਸ ਸਾਖੀ ਬ-ਖੂਬੀ ਪ੍ਰਗਟ ਹੋਇਆ ਹੈ। ਸਮਾਜ ਵਿਚ ਪ੍ਰਮਾਤਮਾ ਦੇ ਦਰ ’ਤੇ ਨਤਮਸਤਕ ਹੋ ਕੇ ਦਿਨ ਦੀ ਸ਼ੁਰੂਆਤ ਕਰਨ ਵਾਲੇ ਸ਼ਖ਼ਸ ਅਤੇ ਇਸੇ ਨੇਮ ਦਾ ਆਸਰਾ ਲੈ ਕੇ ਗਲਤ ਰਾਹ ਤੁਰ ਪੈਣ ਵਾਲੇ ਵਿਅਕਤੀਆਂ ਦੀ ਸਮਾਜ ਵਿਚ ਮੌਜੂਦਗੀ ਦਾ ਪਤਾ ਚਲਦਾ ਹੈ।
3. **ਮਿਥਿਹਾਸਿਕ**: ਕਰਮਾਂ ਦੇ ਅਧਾਰ 'ਤੇ ਫਲ ਪ੍ਰਾਪਤੀ ਹੋਣ ਦਾ ਸੰਦੇਸ਼ ਹੀ ਇਸ ਸਾਖੀ ਦਾ ਅੰਤਮ ਉਦੇਸ਼ ਹੈ।ਮਨੁੱਖ ਨੂੰ ਸੁਚਾਰੂ ਕਰਮ ਕਰਨ ਲਈ ਉਪਦੇਸ਼ਿਆ ਗਿਆ ਹੈ।

**11.ਠੱਗਾਂ ਦਾ ਨਿਸਤਾਰਾ**: ਇਹ ਸਾਖੀ ਤੀਹਰੇ ਮਾਪਦੰਡਾਂ ਨੂੰ ਪੂਰਾ ਕਰਦੀ ਹੈ। ਜਿਨ੍ਹਾਂ ਵਿਚ ਸਮਾਜਿਕ, ਆਰਥਿਕ ਅਤੇ ਪਾਰਲੌਕਿਕ ਸੰਦਰਭਾਂ ਤੋਂ ਜਾਣੂ ਕਰਵਾਇਆ ਗਿਆ ਹੈ।

1. **ਸਮਾਜਿਕ ਪੱਧਰ ’ਤੇ**: ਠੱਗਾਂ ਦਾ ਹੋਣਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਸਮਾਜ ਵਿੱਚ ਲੁੱਟਾਂ-ਖੋਹਾਂ ਦਾ ਦੌਰ ਆਮ ਸੀ।
2. **ਆਰਥਿਕ ਪੱਖ ਤੋਂ**: ਸਮਾਜ ਵਿਚ ਗ਼ੈਰ-ਇਖ਼ਲਾਕੀ ਢੰਗ ਨਾਲ ਰੁਜ਼ਗਾਰ ਚਲਾਉਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਸੀ। ਅਜਿਹੇ ਢੰਗ ਨਾਲ ਪੈਸਾ ਕਮਾਉਣਾ ਉਸ ਸਮੇਂ ਦੇ ਆਰਥਿਕ ਪੱਖ ਨੂੰ ਵੀ ਦ੍ਰਿਸ਼ਟੀਗੋਚਰ ਕਰਦਾ ਹੈ।
3. **ਹੱਥੀਂ ਕਿਰਤ ਕਰਨ ਦਾ ਉਪਦੇਸ਼**: ਸੋ ਮੂਲ ਰੂਪ ਵਿੱਚ ਮਨੁੱਖ ਨੂੰ ਚੰਗੇ ਅਤੇ ਨੇਕ ਅਮਲ ਕਰਨ ਲਈ ਪ੍ਰੇਰਿਆ ਗਿਆ ਹੈ।

**12. ਵਸਦੇ ਰਹੋ, ਉਜੜ ਜਾਵੋ**: ਮਨੁੱਖ ਨੂੰ ਸਮਾਜ ਵਿੱਚ ਕਿਸ ਪ੍ਰਕਾਰ ਵਿਚਰਨਾ ਚਾਹੀਦਾ ਹੈ,ਇਸ ਸਬੰਧੀ ਵਿਵੇਚਨ ਕੀਤਾ ਗਿਆ ਹੈ। ਚੰਗੇ ਸਮਾਜਿਕ ਗੁਣਾਂ ਕਰਕੇ ਉਹਨਾਂ ਵਿਅਕਤੀਆਂ ਨੂੰ ਸਮਾਜਿਕ ਪੱਧਰ 'ਤੇ ਪ੍ਰਤੀਕਾਤਮਕ ਅਰਥਾਂ ਦੇ ਪ੍ਰਯੋਗ ਦੁਆਰਾ ਉਜੜ ਜਾਣ ਦੀ ਨਸੀਹਤ ਦਿੱਤੀ ਗਈ ਅਤੇ ਉਹ ਮਨੁੱਖ ਜੋ ਅਸੱਭਿਅ ਤਰੀਕੇ ਨਾਲ ਵਿਹਾਰ ਕਰਦੇ ਰਹੇ ਉਨ੍ਹਾਂ ਨੂੰ ਇਕ ਹੀ ਜਗ੍ਹਾ ਬੈਠੇ ਰਹਿਣ ਦੀ ਤਾਕੀਦ ਵੀ ਪ੍ਰਤੀਕਾਤਮਕ ਸ਼ਬਦਾਂ ਦੁਆਰਾ ਕੀਤੀ ਗਈ ਹੈ। ਇਸ ਪ੍ਰਕਾਰ ਮਨੁੱਖ ਸਮਾਜ ਦਾ ਇਕ ਅਹਿਮ ਅੰਗ ਹੈ ਅਤੇ ਉਸ ਨੂੰ ਆਪਣੀਆਂ ਸਮਾਜਿਕ ਜਿੰਮੇਵਾਰੀਆਂ ਅਤੇ ਵਿਵਹਾਰ ਸਬੰਧੀ ਚੇਤੰਨ ਰਹਿਣਾ ਚਾਹੀਦਾ ਹੈ।

**13.ਮਾਤਾ ਪਿਤਾ ਨਾਲ ਮੇਲ**: ਇਸ ਸਾਖੀ ਵਿੱਚ ਵੀ ਦੋਹਰੇ ਸੰਦਰਭ ਕਾਰਜਸ਼ੀਲ ਹਨ। ਸਮਾਜਿਕ ਅਤੇ ਧਾਰਮਿਕ ਦੋਹਾਂ ਪੱਧਰਾਂ 'ਤੇ ਇਹ ਸਾਖੀ ਸੰਪੂਰਨਤਾ ਗ੍ਰਹਿਣ ਕਰਦੀ ਹੈ। ਪਹਿਲਾਂ ਸਮਾਜਿਕ

ਸਰੋਕਾਰਾਂ ਦੇ ਪ੍ਰਸੰਗ ਵਿੱਚ ਜਿਹੜੇ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ ਉਹ ਹਨ ਮਾਤਾ-ਪਿਤਾ ਦਾ ਪਿਆਰ, ਨਾਨਕ ਸਬੰਧੀ ਉਨ੍ਹਾਂ ਦੀ ਚਿੰਤਾ, ਨਾਨਕ ਨੂੰ ਖੁਸ਼ ਕਰਨ ਲਈ ਵੱਖ-ਵੱਖ ਤਰ੍ਹਾਂ ਦੀ ਸਮੱਗਰੀ ਲੈ ਕੇ ਜਾਣਾ, ਉਨ੍ਹਾਂ ਨੂੰ ਦੂਸਰੇ ਵਿਆਹ ਸਬੰਧੀ ਪੁੱਛਣਾ ਅਤੇ ਘੋੜੇ, ਸੋਨੇ, ਰੁਪਏ, ਪੈਸੇ ਆਦਿ ਚੀਜਾਂ ਦੇਣ ਸਬੰਧੀ ਗੱਲ ਕਰਨਾ। ਇਥੇ ਪ੍ਰਤੀਕਾਤਮਕ ਪੱਧਰ ਮੋਹ-ਮਾਇਆ ਤੋਂ ਉਪਰ ਉਠਣ ਦਾ ਸੰਦੇਸ਼ ਹੈ।ਦੂਸਰਾ ਪੱਧਰ ਧਾਰਮਿਕ ਸਰੋਕਾਰਾਂ ਨਾਲ ਸਬੰਧ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਇੱਛਾਵਾਂ, ਮਨੋ ਵੇਗਾਂ, ਮਨੋ ਭਾਵਾਂ ਨੂੰ ਨਕਾਰਿਆ ਬੇਸ਼ਕ ਨਹੀਂ ਪਰੰਤੂ ਗੁਰੂ ਜੀ ਦੁਆਰਾ ਆਪਣੇ ਆਪ ਨੂੰ ਨਿਯੰਤ੍ਰਣ ਵਿਚ ਰੱਖ ਕੇ ਜੀਵਨ ਨੂੰ ਹੋਰ ਸੁਚਾਰੂ ਬਣਾਉਣ ਦਾ ਰਾਹ ਦੱਸਿਆ ਹੈ।ਪਰਮਾਤਮਾ ਦੇ ਹੁਕਮ ਤੇ ਰਜ਼ਾ ਵਿੱਚ ਰਹਿ ਕੇ ਹੀ ਮਨੁੱਖ ਨੂੰ ਸਹੀ ਮਾਰਗ ਦੀ ਪ੍ਰਾਪਤੀ ਹੋ ਸਕਦੀ ਹੈ।

14. **ਬ੍ਰਾਹਮਣ ਦੀ ਸੁੱਚ ਰਸੋਈ**: ਇਸ ਸਾਖੀ ਵਿੱਚ ਵੀ ਦੋਹਰੇ ਸੰਦਰਭ ਕਾਰਜਸ਼ੀਲ ਹਨ। ਪਹਿਲਾ ਸਮਾਜਿਕ ਅਰਥਚਾਰੇ ਨਾਲ ਸਬੰਧਿਤ ਹੈ ਜਿਥੇ ਸਮਾਜ ਵਿੱਚ ਪੁਜਾਰੀ/ਬ੍ਰਾਹਮਣ ਵਰਗ ਦੀ ਮੌਜੂਦਗੀ ਤੇ ਅੱਤ ਦਾ ਜ਼ਿਕਰ ਕੀਤਾ ਹੈ। ਉਸ ਵੇਲੇ ਦਾ ਹਿੰਦੂ ਸਮਾਜ ਕਈ ਵਰਗਾਂ ਵਿਚ ਵੰਡਿਆ ਹੋਇਆ ਸੀ ।ਬ੍ਰਾਹਮਣ ਆਪਣੇ ਆਪ ਨੂੰ ਮਨੁੱਖ ਅਤੇ ਰੱਬ ਵਿਚਕਾਰ ਵਿਚੋਲੀਆ ਸਮਝਦਾ ਸੀ। ਪੁਜਾਰੀ ਵਰਗ ਕਿਸ ਤਰ੍ਹਾਂ ਅਸਤੁੰਲਿਤ ਵਿਵਹਾਰ ਕਰਦਾ ਸੀ, ਧਾਰਮਿਕ ਸਰੋਕਾਰ ਨਾਲ ਸਬੰਧਿਤ ਹੈ ਅਤੇ ਦੂਸਰਾ ਕੇਵਲ ਸਮਾਜਿਕ ਅਰਥਚਾਰੇ ਨਾਲ।

15. **ਬਾਢੀ ਦੀ ਝੁਗੀ ਢਾਹੀ**: ਇਸ ਵਿੱਚ ਮਨੁੱਖ ਨੂੰ ਸੇਵਾ-ਭਗਤੀ ਦੇ ਫਲ-ਸਰੂਪ ਵਰਦਾਨ ਦੀ ਪ੍ਰਾਪਤੀ ਹੁੰਦੀ ਹੈ। ਇਸ ਸਾਖੀ ਵਿੱਚ ਮਨੁੱਖ ਨੂੰ ਨਿਸ਼ਕਾਮ ਸੇਵਾ ਕਰਨ ਲਈ ਪ੍ਰੇਰਿਆ ਗਿਆ ਹੈ। ਇਕ ਵਿਅਕਤੀ ਜੋ ਗੁਰੂ ਨਾਨਕ ਦੇਵ ਜੀ ਦੀ ਬਿਨਾਂ ਕਿਸੇ ਲਾਲਚ ਦੇ ਸੇਵਾ ਕਰਦਾ ਹੈ, ਨੂੰ ਝੁਗੀ ਦੀ ਜਗ੍ਹਾ ਮਹਿਲ ਪ੍ਰਾਪਤ ਹੁੰਦੇ ਹਨ।ਇਥੇ ਪ੍ਰਤੀਕਾਤਮਕ ਪੱਧਰ 'ਤੇ ਉਪਦੇਸ਼ ਕੀਤਾ ਗਿਆ ਹੈ ਕਿ ਨਿਸ਼ਕਾਮ ਸੇਵਾ ਦਾ ਫਲ ਸਦਾ ਉਤੱਮ ਹੁੰਦਾ ਹੈ। ਮਨੁੱਖ ਨੂੰ ਸਮਾਜ ਵਿੱਚ ਵਿਚਰਦਿਆਂ ਪਹਿਲਾ ਧਰਮ ਇਹੀ ਸਮਝਣਾ ਚਾਹੀਦਾ ਹੈ ਕਿ ਉਹ ਮਨੁੱਖ ਵਜੋਂ ਮਨੁੱਖ ਦੀ ਸਹਾਇਤਾ ਕਰੇ।

16. **ਮਖਦੂਮ ਬਹਾਵਦੀ ਦਾ ਚਲਾਣਾ**: ਇਸ ਸਾਖੀ ਵਿੱਚ ਵੀ ਦੋਹਰੇ ਪ੍ਰਕਰਣ ਕਾਰਜਸ਼ੀਲ ਹਨ। ਕਿਉਂਕਿ ਮੌਤ ਦਾ ਸੰਬੰਧ ਜੀਵਨ ਨਾਲ ਹੈ, ਧਰਾਤਲੀ ਪੱਧਰ 'ਤੇ ਵੇਖਦਿਆਂ ਇਹ ਇਕ ਅੱਟਲ ਸੱਚਾਈ ਵੀ ਹੈ ਕਿ ਜੋ ਜੀਵ ਜਨਮ ਲਏਗਾ ਉਸ ਦਾ ਅੰਤ ਨਿਸ਼ਚਿਤ ਹੈ। ਇਸ ਪ੍ਰਕਾਰ ਇਹ ਸਾਖੀ ਸਮਾਜਿਕ ਸੰਦਰਭ ਦੇ ਨਾਲ-ਨਾਲ ਮੌਤ ਦੀ ਅਟਲਤਾ ਸੰਬੰਧੀ ਵੀ ਜਾਣੂੰ ਕਰਵਾ ਜਾਂਦੀ ਹੈ।

ਤੀਸਰੇ ਹਿੱਸੇ ਵਿੱਚ ਆਰਥਿਕ, ਰਾਜਨੀਤਿਕ, ਵਿਅਕਤੀਗਤ, ਮਿਥਿਹਾਸਿਕ ਆਦਿ ਸਰੋਕਾਰਾਂ ਨੂੰ ਸਾਹਮਣੇ ਰੱਖ ਕੇ ਸਾਖੀਆਂ ਦੀ ਪੁਣ-ਛਾਣ ਕੀਤੀ ਗਈ ਹੈ।ਉਕਤ ਪ੍ਰਕਰਣ ਅਧੀਨ ਇਸ ਭਾਗ ਵਿੱਚ ਕੁਲ 09 ਸਾਖੀਆਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ।

1. **ਅਵਤਾਰ ਬਾਲਪਨ:** ਇਸ ਸਾਖੀ ਵਿੱਚੋਂ ਮਿਥਿਹਾਸਿਕ ਹਵਾਲੇ ਪ੍ਰਾਪਤ ਹੁੰਦੇ ਹਨ। ਇਸ ਤੋਂ ਇਲਾਵਾ ਹਿੰਦੂ ਤੇ ਮੁਸਲਿਮ ਸਮਾਜ ਦੇ ਸੁਵਿਵਸਿਥਤ ਹੋਣ ਸੰਬੰਧੀ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਤੇਤੀ ਕਰੋੜ ਦੇਵਤਿਆਂ, ਚੌਹਟ ਜੋਗਾਣੀਆਂ, ਬਵੰਜਾਂ ਬੀਰਾਂ, ਛੇ ਜਤੀਆਂ ਤੇ ਚੌਰਾਸੀ ਸਿਧਾਂ ਦੁਆਰਾ ਨਮਸਕਾਰ ਕਰਨ ਦਾ ਜ਼ਿਰਕ ਆਉਂਦਾ ਹੈ। ਇਹ ਸਾਖੀ ਜਿੱਥੇ ਗੁਰੂ ਸਾਹਿਬ ਦੀ ਸਖ਼ਸ਼ੀਅਤ ਦੀ ਕੀਰਤੀ ਤੇ ਜਸ ਗਾਇਨ ਕਰਦੀ ਹੈ ਉਥੇ ਉਕਤ ਮਿਥਿਹਾਸ ਹਸਤੀਆਂ ਤੋਂ ਵੀ ਉਪਰ ਹੋਣ ਦਾ ਹਵਾਲਾ ਦਿੰਦੀ ਹੈ।

2. **ਖੇਤ ਹਰਿਆ:** ਇਸ ਸਾਖੀ ਵਿੱਚ ਕਈ ਮਾਪਦੰਡ ਪ੍ਰਸਤੁਤ ਕੀਤੇ ਗਏ ਹਨ। ਪਹਿਲਾ ਸਮਾਜ ਨਾਲ ਜੋੜਦਾ ਹੈ, ਦੂਸਰਾ ਮਾਪਦੰਡ ਪ੍ਰਾਭੌਤਿਕ/ਮਿਥਿਹਾਮਿਕ ਅਤੇ ਤੀਸਰਾ ਰਾਜਨੀਤਿਕ ਹਵਾਲਿਆਂ ਨਾਲ ਜਾ ਜੁੜਦਾ ਹੈ। ਸਮਾਜ ਦੇ ਇਕ ਕ੍ਰਿਆਸ਼ੀਲ ਮੈਂਬਰ ਹੋਣ ਦੇ ਨਾਤੇ ਰੁਜਗਾਰ ਕਰਨਾ ਮੁੱਖ ਲੋੜ ਬਣ ਜਾਂਦਾ ਹੈ ਸੋ ਇਸ ਸਾਖੀ ਵਿੱਚ ਗੁਰੂ ਨਾਨਕ ਦੇਵ ਮੱਝਾਂ ਚਰਾਉਣ ਲਈ ਜਾਂਦੇ ਹਨ, ਜਿਸ ਨੂੰ ਸਮਾਜਿਕ ਪ੍ਰਾਸੰਗਿਕਤਾ ਵਿੱਚ ਰੱਖਿਆ ਜਾ ਸਕਦਾ ਹੈ।ਮੱਝਾਂ ਦੁਆਰਾ ਹੋਏ ਨੁਕਸਾਨ ਸੰਬੰਧੀ ਸੁਣਵਾਈ ਨੂੰ ਰਾਜਨੀਤਿਕ ਪੱਧਰ ’ਤੇ ਵੇਖਿਆ ਜਾ ਸਕਦਾ ਹੈ। ਇਸ ਤੋਂ ਬਾਅਦ ਸਾਖੀ ਦਾ ਅੰਤ ਕਰਾਮਾਤੀ ਤੇ ਮਿਥਿਹਾਸਿਕ ਸਰੋਕਾਰਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ।

3. **ਬ੍ਰਿਛ ਦੀ ਛਾਂ ਨਾ ਫਿਰੀ:** ਇਸ ਸਾਖੀ ਵਿੱਚ ਕਰਾਮਾਤੀ ਅੰਸ਼ਾਂ ਦੀ ਭਰਮਾਰ ਹੈ। ਸਾਖੀ ਵਿੱਚ ਜਿਸ ਰੁੱਖ ਦੇ ਹੇਠਾਂ ਗੁਰੂ ਨਾਨਕ ਦੇਵ ਜੀ ਸੁੱਤੇ ਹੋਏ ਹਨ ਉਸ ਰੁੱਖ ਦੀ ਛਾਇਆ ਘੁੰਮਦੀ ਨਹੀ ਬਲਕਿ ਗੁਰੂ ਜੀ ਉੱਤੇ ਹੀ ਸਥਿਰ ਰਹਿੰਦੀ ਹੈ। ਇਥੇ ਸਾਖੀਕਾਰ ਦੀ ਗੁਰੂ ਜੀ ਪ੍ਰਤਿ ਅਪਾਰ ਸ਼ਰਧਾ ਦਾ ਝਲਕਾਰਾ ਪੈਂਦਾ ਹੈ।

4. **ਦਿਲੀ ਮੋਇਆ ਹਾਥੀ ਜਿਵਾਇਆ:** ਇਸ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਦਿੱਲੀ ਵਿੱਚ ਮਰੇ ਹੋਏ ਹਾਥੀ ਨੂੰ ਜੀਵਨ ਦੇਣ ਦੀ ਗੱਲ ਕੀਤੀ ਗਈ ਹੈ। ਤੀਹਰੇ ਸਮੀਕਰਣਾਂ ਦੇ ਅਧਾਰ ’ਤੇ ਇਸ ਸਾਖੀ ਵਿਚੋਂ ਆਰਥਿਕ, ਸਮਾਜਿਕ ਅਤੇ ਮਿਥਿਹਾਸਿਕ ਹਵਾਲੇ ਪਾਠਕ ਸਾਹਮਣੇ ਆਉਂਦੇ ਹਨ। ਮਹਾਵਤਾਂ ਲਈ ਹਾਥੀ ਰੁਜਗਾਰ ਦਾ ਜ਼ਰੀਆ ਸੀ, ਉਸ ਦੀ ਮੌਤ ਅਟੱਲ ਸਚਾਈ ਹੈ ਅਤੇ ਉਸ ਦਾ ਜਿਉਂਦਾ ਹੋ ਜਾਣਾ ਕਰਾਮਾਤੀ ਘਟਨਾ ਹੈ।

5. **ਨੂਰਸ਼ਾਹ ਨਿਸਤਾਰਾ:** ਇਸ ਸਾਖੀ ਨੂੰ ਮਿਥਿਹਾਸਿਕ ਪ੍ਰਕਰਣ ਵਿੱਚ ਰੱਖਿਆ ਗਿਆ ਹੈ। ਇਸ ਵਿੱਚ ਇਸਤਰੀ ਪ੍ਰਧਾਨ ਇਕ ਐਸੇ ਸਮਾਜ ਦਾ ਚਿਤਰਨ ਕੀਤਾ ਗਿਆ ਹੈ, ਜੋ ਅੱਡ-ਅੱਡ ਪ੍ਰਕਾਰ ਦੇ ਮੰਤਰਾਂ ਦੁਆਰਾ ਪ੍ਰਕਿਰਤੀ, ਮਨੁੱਖ ਅਤੇ ਵਸਤੂਆਂ ਨੂੰ ਨਿਯੰਤਰਣ ਵਿੱਚ ਰੱਖਦੀਆਂ ਹਨ। ਸਮਾਜਿਕ ਤ੍ਰਾਸਦੀ ਦਾ ਪ੍ਰਸੰਗ ਵੀ ਇਸ ਸਾਖੀ ਵਿੱਚੋਂ ਨਜ਼ਰੀਂ ਪੈਂਦਾ ਹੈ ਕਿਉਂਕਿ ਕੋਈ ਵੀ ਸਮਾਜ ਉਸ ਸਮੇਂ ਤੱਕ ਸੰਪੂਰਨਤਾ ਗ੍ਰਹਿਣ ਨਹੀਂ ਕਰਦਾ ਜਦ ਤੱਕ ਕੇਵਲ ਇਕ ਹੀ ਪ੍ਰਜਾਤੀ ਵਿਕਸਿਤ ਹੋਵੇ।

6. **ਕਲਜੁਗ**: ਇਸ ਸਾਖੀ ਦਾ ਮਿਥਿਹਾਸਿਕ ਪ੍ਰਕਰਣ ਆਕਾਸ਼ ਨਾਲ ਚੋਟੀ ਦਾ ਖਹਿਣਾ, ਭਿਆਨਕ ਕਾਲੀ ਘਟਾ ਹੋਣੀ, ਅਚਾਨਕ ਹਨੇਰਾ ਹੋ ਜਾਣਾ ਆਦਿ ਮਿਥਿਹਾਸਕ ਤੱਥ ਹਨ ਜੋ ਕਿ ਮੌਤ ਦੇ ਪ੍ਰਤਿਮਾਨ ਨੂੰ ਦਰਸਾਉਂਦੇ ਹਨ। ਦੂਸਰਾ ਤੱਥ ਲਾਲਚ ਹੈ ਜੋ ਇਸ ਸਾਖੀ ਨੂੰ ਸਮਾਜਿਕਤਾ ਦੇ ਅਧਾਰ ’ਤੇ ਸਮਾਜ ਨਾਲ ਜੋੜਦਾ ਹੈ।ਮਨੁੱਖ ਇਕ ਅਜਿਹਾ ਪ੍ਰਾਣੀ ਹੈ ਜੋ ਲਾਲਚ ਨੂੰ ਆਪਣੇ ਵਸ ਕਰ ਸਕਦਾ ਹੈ।

7. **ਕੀੜ ਨਗਰ**: ਇਹ ਸਾਖੀ ਬਹੁ-ਪਰਤੀ ਹੈ ਭਾਵ ਰਾਜਨੀਤਿਕ, ਆਰਥਿਕ, ਸਮਾਜਿਕ, ਵਿਅਕਤੀਗਤ ਅਤੇ ਮਿਥਿਹਾਸਕ ਇਨ੍ਹਾਂ ਸਾਰੇ ਵਿਸ਼ਿਆਂ ਨੂੰ ਇਸ ਸਾਖੀ ਵਿੱਚ ਦਰਜ ਕੀਤਾ ਗਿਆ ਹੈ।ਇਸ ਸਾਖੀ ਰਾਹੀਂ ਮਨੁੱਖ ਨੂੰ ਨਿਮਰ ਸੁਭਾਅ ਅਪਣਾਉਣ ਅਤੇ ਹੰਕਾਰ ਤੋਂ ਕੰਨੀ ਕਰਨ ਲਈ ਪ੍ਰੇਰਨਾ ਮਿਲਦੀ ਹੈ।ਸਾਖੀ ਵਿਚ ਪੇਸ਼ ਕੀੜੀਆਂ ਅਸਲ ਵਿਚ ਕੀੜੀਆਂ ਨਹੀਂ ਬਲਕਿ ਆਰਥਿਕ ਰੁਤਬੇ ਦਾ ਪ੍ਰਤੀਕਾਤਮਕ ਸੰਕੇਤ ਹਨ ਕਿ ਮਨੁੱਖ ਕੇਵਲ ਪੈਸੇ ਦੀ ਹੋਂਦ ਕਾਰਨ ਸ਼ਕਤੀਸ਼ਾਲੀ ਨਹੀਂ ਬਲਕਿ ਉਸ ਵਿਚਲੀ ਇੱਛਾ-ਸ਼ਕਤੀ/ਇੱਛਾ-ਬਲ, ਆਤਮ-ਵਿਸ਼ਵਾਸ ਹੀ ਇਕ ਅਜਿਹੀ ਤਾਕਤ ਹੈ ਜੋ ਉਸ ਨੂੰ ਮੁਸ਼ਕਲ ਤੋਂ ਮੁਸ਼ਕਲ ਸਮੇਂ ਦਾ ਸਾਹਮਣਾ ਕਰਨ ਦਾ ਬਲ ਦਿੰਦੀ ਹੈ,ਇਸ ਤਰ੍ਹਾਂ ਇਹ ਸਾਖੀ ਪ੍ਰੇਰਨਾਦਾਇਕ ਹੋ ਨਿਬੜਦੀ ਹੈ।

8. **ਸੈਦਪੁਰ ਦੀ ਬੰਦ**: ਇਸ ਸਾਖੀ ਵਿੱਚ ਵੀ ਬਹੁ-ਪੱਖੀ ਪਰਤਾਂ ਹਨ।ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਆਦਿ ਪੱਧਰਾਂ ਨੂੰ ਪ੍ਰਮੁੱਖ ਰੱਖਿਆ ਗਿਆ ਹੈ ।ਸਮਕਾਲੀ ਰਾਜਨੀਤਿਕ ਅਤੇ ਸਮਾਜਿਕ ਹਾਲਾਤ ਸੁਖਾਵੇਂ ਨਹੀਂ ਸਨ। ਸਮਾਜ ਵਿਚ ਰਾਜਨੀਤਿਕ ਉਥਲ-ਪੁਥਲ ਸਮੇਂ ਇਸਤਰੀ ਅਪਮਾਨ ਤੇ ਅਤਿਆਚਾਰ ਦਾ ਸ਼ਿਕਾਰ ਹੋ ਜਾਂਦੀ ਸੀ। ਗੁਰੂ ਨਾਨਕ ਦੇਵ ਦੁਆਰਾ ਇਸਤਰੀ ਜਾਤੀ ਦੀ ਬੇਪਤੀ ਵਿਰੁੱਧ ਆਵਾਜ ਉਠਾਈ ਗਈ, ਉਨ੍ਹਾਂ ਨੇ ਸਮਾਜਿਕ ਸਮਾਨਤਾ ਦੀ ਗੱਲ ਕੀਤੀ ਅਤੇ ਨਾਲ ਹੀ ਨਾਲ ਰਾਜਨੀਤਿਕ ਅਰਾਜਕਤਾ/ਅਸਥਿਰਤਾ ਨੂੰ ਸਮਾਜ ਵਿਚ ਅਮਨ-ਸਾਂਤੀ ਦੇ ਰਾਹ ਵਿਚ ਵੱਡੀ ਰੁਕਾਵਟ ਦੱਸਿਆ।

9. **ਦੁਨੀ ਚੰਦ ਨਿਸਤਾਰਾ**: ਇਸ ਸਾਖੀ ਵਿੱਚ ਵੀ ਸਮਾਜਿਕ, ਆਰਥਿਕ, ਮਿਥਿਹਾਸਿਕ ਪੱਧਰਾਂ ’ਤੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਾਖੀ ਰਾਹੀਂ ਵਹਿਮਾਂ-ਭਰਮਾਂ ਤੋਂ ਨਿਰਲੇਪ ਰਹਿ ਕੇ,ਪ੍ਰਮਾਤਮਾ ਦਾ ਨਾਮ-ਸਿ**ਮ**ਰਨ ਕਰ ਕੇ ਅਤੇ ਹੱਥੀਂ ਕਿਰਤ ਕਰ ਕੇ, ਦਾਨ-ਪੁੰਨ ਕਰਕੇ ਜੀਵਨ ਨਿਰਬਾਹ ਕਰਨ ਦਾ ਸੰਦੇਸ਼ ਦਿੱਤਾ ਗਿਆ ਹੈ।

ਭਾਵੇਂ ਸਾਖੀਕਾਰ ਦਾ ਮੱਖ-ਮੰਤਵ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਨੂੰ ਰੁਸ਼ਨਾਉਣਾ ਤੇ ਵਡਿਆਉਣਾ ਹੈ ਪਰ ਉਸ ਨੇ ਇਨ੍ਹਾਂ ਸਾਖੀਆਂ ਰਾਹੀਂ ਗੁਰੂ ਸਾਹਿਬ ਦੇ ਸੰਦੇਸ਼ ਨੂੰ ਪ੍ਰਚਾਰਨ ਦਾ ਜਤਨ ਕੀਤਾ ਹੈ। ਅਜਿਹਾ ਕਰਦਿਆਂ ਉਸ ਨੇ ਜਿਥੇ ਧਾਰਮਿਕ-ਸਮਾਜਿਕ ਮਾਹੌਲ ਚਿਤਰਿਆ ਹੈ ਉਥੇ ਸਮਾਜ ਵਿਚ ਪ੍ਰਚਲਤ ਕਰਮ-ਕਾਂਡ, ਅੰਧ-ਵਿਸ਼ਵਾਸ, ਮਨੌਤਾਂ ਤੇ ਮਿੱਥਾਂ ਵੱਲ ਵੀ ਇਸ਼ਾਰਾ ਕੀਤਾ ਹੈ।

# ਪੁਰਾਤਨ ਜਨਮਸਾਖੀ ਵਿੱਚ ਗੁਰੂ ਨਾਨਕ ਦਾ ਬਿੰਬ

ਬਿੰਬ-ਵਿਧਾਨ ਇਕ ਅਜਿਹੀ ਵਿਧੀ ਹੈ ਜਿਸ ਦੁਆਰਾ ਸਬੰਧਿਤ ਵਿਅਕਤੀ/ਮਨੁੱਖ ਦੀ ਸਖ਼ਸੀਅਤ ਨੂੰ ਮੂਰਤੀਮਾਨ ਕੀਤਾ ਜਾ ਸਕਦਾ ਹੈ। ਬਿੰਬਾਵਲੀ ਇਕ ਅਜਿਹਾ ਸਰੋਤ ਹੈ ਜਿਸ ਦੇ ਅਧਾਰ 'ਤੇ ਕਿਸੇ ਮਨੁੱਖ ਦੀ ਸ਼ਖ਼ਸੀਅਤ ਨੂੰ ਪ੍ਰਤਿਬਿੰਬਤ ਕੀਤਾ ਜਾ ਸਕਦਾ ਹੈ। ਹੱਥਲੇ ਅਧਿਆਇ ਵਿੱਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਜੋ ਪੁਰਾਤਨ ਜਨਮਸਾਖੀ ਵਿੱਚ ਦ੍ਰਿਸ਼ਟੀਮਾਨ ਹੋਈ ਹੈ ਉਸ ਸਬੰਧੀ ਬਹੁ-ਪੱਖੀ ਚਰਚਾ ਕੀਤੀ ਗਈ ਹੈ। ਅਧਿਐਨ ਉਪਰੰਤ ਅਸੀਂ ਦੇਖਦੇ ਹਾਂ ਕਿ ਪੁਰਾਤਨ ਜਨਮਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੇ ਬਹੁ-ਪੱਖੀ ਪਾਸਾਰ ਹਨ।[1]

**1. ਪਿਆਰਾ ਭਰਾ :**

ਪੁਰਾਤਨ ਜਨਮਸਾਖੀ ਵਿੱਚ ਗੁਰੂ ਨਾਨਕ ਦੇਵ ਜਾ ਦਾ ਇਕ ਭਰਾ ਵਜੋਂ ਜੋ ਬਿੰਬ ਉਭਰ ਕੇ ਪਾਠਕਾਂ ਦੇ ਸਾਹਮਣੇ ਆਉਂਦਾ ਹੈ ਉਹ ਇਕ ਪਿਆਰੇ, ਮਿਲਾਪੜੇ ਤੇ ਸੁਚੱਜੇ ਭਰਾ ਵਜੋਂ ਉਭਰਦਾ ਹੈ। ਸੁਲਤਾਨ ਪੁਰ ਨੂੰ ਤਿਆਰੀ ਵਾਲੀ ਸਾਖੀ ਵਿੱਚ ਗੁਰੂ ਜੀ ਆਪਣੀ ਭੈਣ ਨਾਨਕੀ ਤੇ ਜੀਜੇ ਜੈਰਾਮ ਨਾਲ ਸੁਲਤਾਨਪੁਰ ਨੂੰ ਤੁਰਨ ਲਈ ਤਿਆਰੀ ਕਰਦੇ ਹਨ। ਗੁਰੂ ਨਾਨਕ ਦਾ ਵਤੀਰਾ ਨਿਮਰਤਾ ਭਰਿਆ ਦ੍ਰਿਸ਼ਟੀਗੋਚਰ ਹੁੰਦਾ ਹੈ। ਭਰਾ ਵਜੋਂ ਗੁਰੂ ਨਾਨਕ ਦਾ ਬਿੰਬ ਇਕ ਉਤਮ ਦਰਜਾ ਅਖਤਿਆਰ ਕਰਦਾ ਹੈ।

**2. ਸੂਝਵਾਨ ਪੁੱਤਰ :**

ਪੁਰਾਤਨ ਜਨਮਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦਾ ਬਿੰਬ ਇਕ ਸੂਝਵਾਨ ਪੁੱਤਰ ਵਜੋਂ ਵੀ ਪ੍ਰਤਿਬਿੰਬਤ ਹੁੰਦਾ ਹੈ।ਜਨਮਸਾਖੀ ਵਿਚ ਸਾਖੀ 5 ਖੇਤੀ, ਵਣਜ, ਸੌਦਾਗਰੀ, ਚਾਕਰੀ ਅਤੇ ਸਾਖੀ 29 ਮਾਤਾ-ਪਿਤਾ ਜੀ ਨਾਲ ਮੇਲ ਵਿਚ ਗੁਰੂ ਜੀ ਦਾ ਸੂਝਵਾਨ ਪੁੱਤਰ ਦਾ ਬਿੰਬ ਪਾਠਕਾਂ ਨੂੰ ਸਹਿਜੇ ਹੀ ਆਪਣੇ ਵੱਲ ਖਿੱਚ ਲੈਂਦਾ ਹੈ। ਇਨ੍ਹਾਂ ਦੋਹਾਂ ਸਾਖੀਆਂ ਵਿੱਚ ਗੁਰੂ ਜੀ ਦਾ ਮਾਤਾ-ਪਿਤਾ ਲਈ ਸਤਿਕਾਰ ਕੇਵਲ ਆਪਣੇ ਮਾਤਾ-ਪਿਤਾ ਤੱਕ ਹੀ ਸੰਦੇਸ਼ਵਾਹਕ ਦਾ ਕੰਮ ਹੀ ਨਹੀਂ ਕਰਦਾ ਬਲਕਿ ਇਹ ਸੁਨੇਹਾ ਗੁਰੂ ਨਾਨਕ ਦੇਵ ਜੀ ਦੁਆਰਾ ਸਮੁੱਚੀ ਮਨੁੱਖਤਾ ਨੂੰ ਦਿੱਤਾ ਗਿਆ ਹੈ ਤਾਂ ਜੋ ਹਰ ਵਿਅਕਤੀ ਆਪਣੇ ਨਿੱਜੀ ਅਤੇ ਵਿਹਾਰਿਕ ਜੀਵਨ ਵਿੱਚ ਸੰਜਮ, ਸਲੀਕੇ ਅਤੇ ਦੂਸਰਿਆਂ ਲਈ ਸਤਿਕਾਰ ਦੀਆਂ ਖ਼ੂਬੀਆਂ ਨੂੰ ਪੈਦਾ ਕਰੇ।

**3. ਜ਼ਿੰਮੇਵਾਰ ਪਤੀ :**

ਭਾਵੇਂ ਕਿ ਪੁਰਾਤਨ ਜਨਮਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਇਕ ਪਤੀ ਵਜੋਂ ਵਧੇਰੇ ਸਲਾਹਿਆ ਨਹੀਂ ਗਿਆ ਪ੍ਰੰਤੂ ਜਿਥੇ ਗੱਲ ਵਿਅਕਤਿਤਵ ਨੂੰ ਬਿਆਨ ਕਰਨ ਦੀ ਹੈ ਉਥੇ ਇਹ ਪ੍ਰਦਰਸ਼ਿਤ ਹੋ ਰਿਹਾ ਹੈ ਕਿ ਗੁਰੂ ਨਾਨਕ ਦੇਵ ਦਾ ਬਿੰਬ ਇਕ ਜ਼ਿੰਮੇਵਾਰ ਅਤੇ ਵਫਾਦਾਰ ਪਤੀ ਵਾਲਾ ਵੀ ਹੈ। ਗੁਰੂ ਸਾਹਿਬ ਆਪਣੇ ਪਤਨੀ

---

[1]. ਅਮਰਜੀਤ ਕੌਰ, **ਬਿੰਬ ਵਿਧਾਨ ਤੇ ਪੰਜਾਬੀ ਪ੍ਰਗੀਤ,** ਪੰਨਾ 35.

ਦੀਆਂ ਉਨ੍ਹਾਂ ਦੀ ਗ਼ੈਰ-ਮੌਜੂਦਗੀ ਵਿਚ ਚਿੰਤਾਵਾਂ ਤੋਂ ਬੇਫਿਕਰ ਨਹੀਂ ਬਲਕਿ ਚੇਤੰਨ ਹਨ ਅਤੇ ਬੜੇ ਪਿਆਰ ਨਾਲ ਪਤਨੀ ਨੂੰ ਧਰਵਾਸ ਦਿੰਦੇ ਹਨ। ਪੁਰਾਤਨ ਜਨਮਸਾਖੀ ਵਿਚ ਦਰਜ ਸਾਖੀ 8 ਵਿਚਲੀ ਵਾਰਤਾਲਾਪ ਉਕਤ ਪੱਖ ਤੋਂ ਬੜੀ ਧਿਆਨ ਦੇਣ ਯੋਗ ਹੈ :

> 'ਤਬ ਗੁਰੂ ਨਾਨਕ ਸੁਲਤਾਨ ਪੁਰ ਕਉ ਲਗਾ ਪਹੁਚਣ।ਤਬਿ ਬਾਬਾ ਜੀ ਉਠ ਚਲਿਆ, ਤਬਿ ਬਾਬੇ ਕੀ ਇਸਤ੍ਰੀ ਲਗੀ ਬੈਰਾਗੁ ਕਰਣੇ।ਤਬਿ ਬਾਬੇ ਆਖਿਆ ਭੋਲੀਏ ਅਸੀਂ ਇਥੇ ਕਿਆ ਕਰਦੇ ਆਹੇ ਅਰੁ ਓਥੈ ਕਿਆ ਕਰਹਂਗੇ।ਤਬਿ ਫਿਰਿ ਓਨਿ ਬੇਨਤੀ ਕੀਤੀਆਸੁ ਜੋ ਜੀ ਤੁਸੀ ਘਰਿ ਬੈਠੇ ਹੋਂਦੇ ਆਹੇ ਤਾ ਮੇਰੇ ਭਾਣੇ ਸਾਰੇ ਜਹਾਨ ਦੀ ਪਾਤਿਸਾਹੀ ਹੋਂਦੀ ਆਹੀ।'[2]

**4. ਸੱਚਾ ਮਿੱਤਰ :**

ਪੁਰਾਤਨ ਜਨਮਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਇਕ ਹਮਾਇਤੀ ਦੋਸਤ ਵਜੋਂ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ। ਗੁਰੂ ਨਾਨਕ ਭਾਈ ਮਰਦਾਨਾ ਦੇ ਸੱਚੇ ਤੇ ਸੁਹਿਰਦ ਮਿੱਤਰ ਵਜੋਂ ਹਰ ਔਕੜ ਵਿਚ ਮਦਦਗਾਰ ਸਾਬਤ ਹੁੰਦੇ ਹਨ। ਸਾਖੀ 12 ਮਰਦਾਨੇ ਦੀ ਪੂਜਾ ਕਰਾਈ, ਸਾਖੀ 19 ਵਣਜਾਰਿਆਂ ਦੇ ਟਾਂਡੇ, ਸਾਖੀ 23 ਨੂਰ ਸ਼ਾਹ ਨਿਸਤਾਰਾ, ਸਾਖੀ 29 ਮਰਦਾਨੇ ਦੀ ਭੁੱਖ ਗਵਾਈ ਆਦਿ ਮਿਤਰਤਾਈ ਦੇ ਗੁਣਾਂ ਨੂੰ ਪੇਸ਼ ਕਰਦੀਆਂ ਹਨ। ਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਸਹੀ ਮਾਰਗ ਤੋਂ ਭਟਕਣ ਨਹੀਂ ਦਿੰਦੇ। ਇਥੇ ਮਰਦਾਨਾ ਪ੍ਰਤੀਕਾਤਮਕ ਪੱਧਰ 'ਤੇ ਪ੍ਰਸਤੁਤ ਕੀਤਾ ਗਿਆ ਹੈ, ਜਦੋਂ ਕਿ ਧਰਾਤਲੀ ਪੱਧਰ 'ਤੇ ਹਰੇਕ ਮਨੁੱਖ ਨੂੰ ਸਨਮੁੱਖ ਰੱਖਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਇਥੇ ਦੋਹਰੀ ਭੂਮਿਕਾ ਨਿਭਾਉਂਦੇ ਦਿਖਾਈ ਦੇਂਦੇ ਹਨ। ਪਹਿਲਾ ਇਕ ਦੋਸਤ ਵਜੋਂ ਅਤੇ ਦੂਸਰਾ ਇਕ ਸਮਾਜ ਸੁਧਾਰਕ ਵਜੋਂ ਉਕਤ ਭੂਮਿਕਾ ਨੂੰ ਸਾਖੀਕਾਰ ਨੇ ਇਸ ਤਰ੍ਹਾਂ ਚਿੰਨ੍ਹਤ ਕੀਤਾ ਹੈ:

1. ਤਬਿ ਬਾਬੇ ਮਰਦਾਨੇ ਬੰਨੇ ਦੇਖਿਆ, ਤਾਂ ਮਰਦਾਨਾ ਲਗਾ ਮੇਆਕਣਿ; ਤਬਿ ਗੁਰੂ ਬਾਬਾ ਹਸਿਆ। ਆਖਿਓਸੁ: 'ਮਰਦਾਨਿਆ! ਵਾਹਿਗੁਰੂ ਕਹਿ ਕਰਿ ਮਥਾ ਟੇਕੁ'। ਗਲੋਂ ਧਾਗਾ ਤੁਟ ਪਇਆ, ਰਬਾਬ ਲੇਕਰਿ ਆਇਆ। ਤਬਿ ਬਾਬੇ ਆਖਿਆ: 'ਮਰਦਾਨਿਆਂ! ਰਬਾਬੁ ਵਜਾਇ'। ਮਰਦਾਨੇ ਰਬਾਬੁ ਵਜਾਇਆ।[3]
2. ਤਬਿ ਬਾਬੇ ਆਖਿਆ: 'ਮਰਦਾਨਿਆਂ! ਹਉਂ ਤੈਨੂੰ ਆਈ ਬਿਨਾਂ ਮਰਣਿ ਨਾਹੀ ਦੇਂਦਾ, ਉਸੀਆਰ ਹੋਹੁ'। ਤਬਿ ਮਰਦਾਨੇ ਆਖਿਓਸੁ: 'ਜੀ ਹਉ ਕਿਉਂ ਕਰਿ ਉਸੀਆਰੁ ਹੋਵਾਂ? ਹਉ ਮਰਦਾ ਹਾਂ, ਜੀਵਣੈ ਦੀ ਗਲਿ ਰਹੀ'। ਤਬ ਮਰਦਾਨੇ ਆਖਿਆ: 'ਜੀ ਮੈਨੂੰ ਦੁਖ ਨ ਦੇਇ'। ਤਾਂ ਬਾਬੇ ਆਖਿਆ: 'ਮਰਦਾਨਿਆਂ! ਇਸ ਰੁਖੁ ਦੇ ਫਲ ਖਾਹਿ, ਪਰੁ ਰਜਿ ਕੈ ਖਾਹਿ, ਜਿਤਨੇ ਖਾਇ ਸਕਦਾ ਹੈਂ, ਪਰੁ ਹੋਰੁ ਪਲੈ ਬੰਨਿ ਨਾਹੀਂ'।[4]

---

[2]. **ਜਨਮਸਾਖੀ ਗੁਰ ਨਾਨਕ** (ਕੋਲਬਰੁਕ ਵਾਲੀ ਜਨਮਸਾਖੀ), ਪੱਤਰਾ 26.
[3]. **ਉਹੀ,** ਪੱਤਰਾ 77.
[4]. **ਉਹੀ,** ਪੱਤਰਾ 125.

## 5. ਧਾਰਮਿਕ ਰਹਿਬਰ:

ਪੁਰਾਤਨ ਜਨਮਸਾਖੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਧਾਰਮਿਕ ਰਹਿਬਰ ਵਜੋਂ ਬਿੰਬ ਵਿਸ਼ੇਸ਼ ਤੌਰ 'ਤੇ ਉਭਰ ਕੇ ਪਾਠਕਾਂ ਦੇ ਸਾਹਮਣੇ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੇ ਇਸੇ ਪਹਿਲੂ ਨੂੰ ਪ੍ਰਤੀਬਿੰਬਤ ਕਰਨ ਵਾਲੀਆਂ ਨਿਮਨਲਿਖਤ ਸਾਖੀਆਂ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਯੋਗ ਹਨ:

ਸਾਖੀ 6 : ਖੇਤੀ, ਵਣਜ, ਸੌਦਾਗਰੀ, ਚਾਕਰੀ

ਸਾਖੀ 7 : ਵੈਦ

ਸਾਖੀ 10: ਵੇਈਂ ਪਰਵੇਸ਼

ਸਾਖੀ 14: ਗੋਸ਼ਟ ਸ਼ੇਖ ਸ਼ਰਫ

ਸਾਖੀ 15: ਦਿੱਲੀ ਹਾਥੀ ਮਰਿਆ ਜਿਵਾਇਆ

ਸਾਖੀ 18: ਨਾਨਕ ਮਤੇ ਸਿੱਧਾਂ ਨਾਲ ਗੋਸ਼ਟ

ਸਾਖੀ 22: ਠੱਗਾਂ ਦਾ ਨਿਸਤਾਰਾ

ਸਾਖੀ 23: ਨੂਰ ਸ਼ਾਹ ਨਿਸਤਾਰਾ

ਸਾਖੀ 24: ਕਲਜੁਗ

ਸਾਖੀ 35: ਸੈਦਪੁਰ ਦੀ ਬੰਦ

ਸਾਖੀ 44: ਸਿੱਧਾਂ ਨਾਲ ਗੋਸ਼ਟ

ਸਾਖੀ 50: ਸੁਮੇਰ ਤੇ ਅਚਲ ਪਰ ਸਿੱਧਾਂ ਨਾਲ ਗੋਸ਼ਟ

ਉਪਰੋਕਤ ਸਾਖੀਆਂ ਦੇ ਅਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਇਕ ਧਾਰਮਿਕ ਨੇਤਾ/ਰਹਿਬਰ ਵਜੋਂ ਪੁਰਾਤਨ ਜਨਮਸਾਖੀ ਵਿੱਚ ਹਰੇਕ ਥਾਂ ਦ੍ਰਿਸ਼ਟੀਮਾਨ ਹੁੰਦੇ ਹਨ।

## 6. ਸਰਬਸਾਂਝਾ ਧਾਰਮਿਕ ਰਹਿਬਰ/ ਮਾਰਗ ਦਰਸ਼ਕ:

ਪੁਰਾਤਨ ਜਨਮਸਾਖੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਸਰਬ-ਸਾਂਝੇ ਧਾਰਮਿਕ ਨੇਤਾ ਦੇ ਰੂਪ ਵਜੋਂ ਵੀ ਪ੍ਰਤਿਬਿੰਬਤ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਅਜਿਹਾ ਰੂਪ ਕੇਵਲ ਸਮਾਜਿਕ ਪੱਧਰ 'ਤੇ ਵਾਚਿਆ ਜਾਵੇ ਤਾਂ ਉਨ੍ਹਾਂ ਨੂੰ ਵਿਸ਼ਵ ਦੇ ਧਾਰਮਿਕ ਨੇਤਾ ਦੇ ਰੂਪ ਵਜੋਂ ਵੀ ਵੇਖਿਆ ਜਾ ਸਕਦਾ ਹੈ।ਗੁਰੂ ਨਾਨਕ ਦੇਵ ਜੀ ਦਾ ਬਿੰਬ ਇਕ ਅਜਿਹੇ ਦੈਵੀ ਪੁਰਖ ਵਜੋਂ ਉਜਾਗਰ ਕੀਤਾ ਗਿਆ ਹੈ ਜੋ ਵਿਸ਼ਵ ਦੇ ਕਿਸੇ ਵੀ ਦੇਸ਼, ਕੌਮ, ਨਸਲ ਆਦਿ ਦੇ ਲੋਕਾਂ ਲਈ ਰਾਹ-ਦਿਸੇਰੇ ਹਨ।

## 7. ਪਰਮਾਤਮਾ ਵਲੋਂ ਨਾਮਜ਼ਦ ਗੁਰੂ:

ਸਿੱਖ ਧਰਮ ਵਿਚ ਗੁਰੂ ਦਾ ਸਿਧਾਂਤ ਤੇ ਸੰਸਥਾ ਵਿਸ਼ੇਸ਼ ਸਥਾਨ ਰੱਖਦੇ ਹਨ। ਕਈ ਵਾਰ ਗੁਰੂ ਨਾਨਕ ਦੇਵ ਜੀ ਦੇ ਗੁਰੂ ਬਾਰੇ ਵਿਵਾਦ ਵੀ ਦੇਖਣ ਨੂੰ ਮਿਲਦੇ ਹਨ। ਪੁਰਾਤਨ ਜਨਮਸਾਖੀ ਵਿਚ ਅਜਿਹੀਆਂ ਕਈ ਸਾਖੀਆਂ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਨੂੰ ਧੁਰ ਰੱਬੀ-ਦਰਗਾਹ ਤੋਂ ਗੁਰੂ ਨਾਮਜ਼ਦ ਕਰਨ ਤੇ ਲੋਕਾਈ ਨੂੰ ਰੱਬੀ-ਨਾਮ ਨਾਲ ਜੋੜਨ ਦਾ ਮਿਸ਼ਨ ਸੌਂਪਣ ਦੀ ਗਵਾਹੀ ਮੌਜੂਦ ਹੈ। ਇਸ ਪੱਖੋਂ ਗੁਰੂ ਨਾਨਕ ਦੇਵ ਇਕ ਸਾਧਾਰਣ ਮਨੁੱਖ ਨਹੀਂ ਬਲਕਿ ਇਕ ਦੈਵੀ-ਪੁਰਸ਼ ਦੇ ਤੌਰ 'ਤੇ ਪਾਠਕਾਂ ਦੇ ਸਾਹਮਣੇ ਆਉਂਦੇ ਹਨ। ਨਿਮਨ-ਲਿਖਤ ਸਾਖੀਆਂ ਗੁਰੂ ਨਾਨਕ ਦੇ ਮਿਸ਼ਨ ਨੂੰ ਦੈਵੀ ਰੁਤਬਾ ਪ੍ਰਦਾਨ ਕਰਨ ਦੀ ਭੂਮਿਕਾ ਵੀ ਨਿਭਾਉਂਦੀਆਂ ਹਨ।

**ਸਾਖੀ 1 ਜਨਮ, ਬਚਪਨ** ਹਿੰਦੂ ਕਹਨਿ ਜੋ ਕੋਈ ਦੇਵਤਾ ਸਰੂਪ ਪੈਦਾ ਹੋਇਆ ਹੈ ਅਤੇ ਮੁਸਲਮਾਨ ਕਹਨਿ ਜੋ ਕੋਈ ਖੁਦਾਇ ਕਾ ਸਾਦਿਕੁ ਪੈਦਾ ਹੋਇਆ ਹੈ।'[5]

**ਸਾਖੀ 5 ਬ੍ਰਿਛ ਦੀ ਛਾਂ ਨਾ ਫਿਰੀ** 'ਤਬਿ ਰਾਇ ਬੁਲਾਰ ਭਟੀ ਘਰ ਆਇਆ। ਆਇ ਕਰਿ ਕਾਲੂ ਨੂ ਸਦਾਇਓਸੁ। ਅਰੁ ਆਖਿਓਸੁ। ਕਾਲੂ ਮਤੁ ਇਸੁ ਪੁਤ੍ਰ ਨੋ ਫਿਟੁ ਮਾਰ ਦੇਦਾ ਹੋਵੈ ਏਹੁ ਮਹਾਪੁਰਖ ਹੈ। ਇਸ ਦਾ ਸਦਕਾ ਮੇਰਾ ਸਹਰੁ ਵਸਦਾ ਹੈ।ਕਾਲੂ ਤੂ ਭੀ ਨਿਹਾਲੁ ਹੋਆ ਅਤੇ ਮੈ ਭੀ ਨਿਹਾਲੁ ਹਾਂ।' [6]

**ਸਾਖੀ 11 ਕਾਜੀ ਨਾਲ ਗੋਸ਼ਟਿ** 'ਤਬਿ ਲੋਕਾਂ ਜਾਇ ਕਰ ਖਾਨ ਜੋਗੁ ਕਹਿਆ', ਜੋ 'ਬਾਬਾ ਨਾਨਕੁ ਆਖਦਾ ਹੈ, ਜੋ ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨ ਹੈ'। ਤਬਿ ਖਾਨ ਕਹਿਆ, 'ਇਸਕੇ ਖਿਆਲ ਨਾਹੀ ਪਉਣਾ, ਇਹੁ ਫ਼ਕੀਰੁ ਹੈ।'[7]

## 8. ਪ੍ਰੀਖਿਅਕ:

ਜਨਮਸਾਖੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਿੰਬ ਇਕ ਨਿਰੀਖਿਅਕ ਵਜੋਂ ਵੀ ਦ੍ਰਿਸ਼ਟੀਮਾਨ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਹੰਕਾਰ ਤੋਂ ਦੂਰ ਰਹਿਣ ਲਈ ਪ੍ਰੇਰਦੇ ਹੋਏ ਉਸ ਦਾ ਪ੍ਰੀਖਣ ਕਰਦੇ ਹਨ ਅਤੇ ਇਕ ਸੂਝਵਾਨ ਪ੍ਰੀਖਿਅਕ ਵਜੋਂ ਉਸਦਾ ਮਾਰਗ ਦਰਸ਼ਨ ਵੀ ਕਰਦੇ ਹਨ।ਮਿਸਾਲ ਦੇ ਤੌਰ 'ਤੇ ਸਾਖੀ 37 ਬ੍ਰਾਹਮਣ ਦੀ ਸੁਚ ਰਸੋਈ ਬੜੇ ਹੀ ਭਾਵਪੂਰਤ ਅੰਦਾਜ਼ ਵਿਚ ਆਪਣਾ ਸੰਦੇਸ਼ ਸੰਚਾਰਦੀ ਹੈ :

> 'ਤਬ ਬਾਬੈ ਆਖਿਆ ਇਸ ਪੰਡਿਤ ਕਉ ਰਸੋਈ ਕੋਰੀ ਦੇਵਹੁ। ਤਬ ਕੋਰੀ ਰਸੋਈ ਮਿਲੀ। ਪੰਡਤੁ ਬਾਹਰਿ ਲੈ ਗਇਆ ਜਾਇ ਲਗਾ ਚਉਂਕਾ ਬਣਾਵਣਿ ਧਰਤੀ ਖੋਦਿਨ ਜਿਥੈ ਧਰਤੀ ਖੋਦੈ ਓਤੇ ਹਡੀਆਂ ਨਿਕਲਨਿ। ਤਬ ਚਾਰ ਪਹਿਰਿ ਖੋਦਦਾ ਫਿਰਿਆ। ਜਾਂ ਭੁਖਾ ਆਜਜੁ ਹੋਆ ਤਾ ਆਖਿਓਸੁ ਬਾਬੇ ਤੇ ਜਾਵਾਂ। ਤਾਂ ਆਇ ਪੈਰੀ ਪਇਆ ਆਖਿਓਸੁ ਜੀ ਓਹ ਪਰਸਾਦੁ ਮੈਨੂੰ ਮਿਲੈ

---

[5]. **ਉਹੀ**, ਪੱਤਰਾ 2.
[6]. **ਉਹੀ**, ਪੱਤਰਾ 14.
[7]. **ਉਹੀ**, ਪੱਤਰਾ 35.

ਮੈਂ ਭੁੱਖਾ ਮੁਆ ਹਾਂ। ਤਦਹੁ ਗੁਰੂ ਆਖਿਆ ਸੁਆਮੀ ਓਹੁ ਵਖਤੁ ਗਇਆ ਪਰਸਾਦ ਕਾ ਪਰੁ ਜਾਹਿ ਵਾਹਿਗੁਰੂ ਕਰਿਕੈ ਧਰਤੀ ਖੋਦੁ ਰਸੋਈ ਕਰੁ ਖਾਹਿ'[8]

ਇਸੇ ਤਰ੍ਹਾਂ ਹੀ **ਸਾਖੀ 52 ਸ੍ਰੀ ਲਹਿਣਾ ਪ੍ਰੀਖਿਆ** ਇਸ ਲਹਿਜੇ ਵਿਚ ਲਿਖੀ ਹੋਈ ਹੈ :-

'ਤਬ ਆਗੈ ਜਾਵਨਿ ਤਾਂ ਇਕੁ ਚਿਖਾ ਜਲਦੀ ਹੈ; ਤਿਸ ਕੈ ਉਪਰਿ ਚਾਰਿ ਚਰਾਗਿ ਜਲਦੇ ਹੈਨਿ ਅਤੇ ਚਾਦਰ ਤਾਣੀ ਮੁਰਦਾ ਸੁਤਾ ਪਇਆ ਹੈ, ਪਰੁ ਦੁਰਗੰਧ ਬਾਸੁ ਆਂਵਦੀ ਹੈ।ਤਬ ਬਾਬੈ ਬਚਨ ਕੀਤਾ ਆਖਿਓਸ ਕੋਈ ਹੈ ਜੁ ਇਸ ਨੂੰ ਭਖੈ ਤਬ ਦੂਸਰਾ ਸਿਖੁ ਜੋ ਥਾ ਸੋ ਉਹਿ ਮੁਹੁ ਫੇਰਿ ਕਰਿ ਥੁਕੁ ਸੁਟੀ ਥੁਕਾ ਸੁਟਿ ਕਰਿ ਚਲਦਾ ਰਹਿਆ। ਤਬ ਇਕ ਗੁਰੂ ਅੰਗਦ ਆਇ ਰਹਿਆ। ਤਬ ਬਚਨੁ ਲੈ ਕਰਿ ਜਾਇ ਖੜਾ ਰਹਿਆ। ਤਾਂ ਆਖਿਓਸ ਜੀ ਕਿਸ ਵਲਿ ਤੇ ਮੁਹੁ ਪਾਈ ਤਬ ਬਚਨ ਹੋਇਆ ਪੈਰਾਂ ਵਲ ਮੁਹੁ ਪਾਵਣਾ ਜਬ ਗੁਰੂ ਅੰਗਦ ਚਾਦਰ ਉਠਾਵੈ ਤਾਂ ਗੁਰੂ ਨਾਨਕ ਸੁਤਾ ਪਇਆ ਹੈ।[9]

**9. ਦੁਖ ਨਿਵਾਰਕ:**

ਜਨਮਸਾਖੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਲੋਕਾਈ ਲਈ ਇਕ ਦੁਖ ਨਿਵਾਰਕ ਦੇ ਰੂਪ ਵਜੋਂ ਵੀ ਉਭਰ ਕੇ ਸਾਹਮਣੇ ਆਉਂਦੇ ਹਨ। **ਸਾਖੀ 28 ਆਸਾ ਦੇਸ਼** ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ ਦਾ ਇਹ ਗੁਣ ਇਸ ਪ੍ਰਕਾਰ ਚਿਤਰਿਆ ਗਿਆ ਹੈ :

'ਤਬਿ ਓਥਹੁ ਗੁਰੂ ਬਾਬਾ ਅਤੇ ਸੇਖੁ ਫਰੀਦੁ ਆਸਾ ਦੇਸਿ ਆਏ ਤਬਿ ਆਸਾ ਦੇਸ ਦਾ ਰਾਜਾ ਸਮੁੰਦਰ ਥਾ ਸੋ ਉਸਕਾ ਕਾਲੁ ਹੋਆ ਥਾ। ਤਬ ਉਸਕੀ ਖੋਪਰੀ ਜਲੈ ਨਾਹੀ ਅਨੇਕ ਜਤਨ ਕਰਿ ਰਹੈ ਤਬਿ ਜੋਤਕੀ ਪੁਛੇ ਤਾਂ ਜੋਤਕੀਆਂ ਆਖਿਆ ਇਨ ਏਕ ਬਾਰਿ ਮਿਥਿਆ ਕਹਿਆ ਹੈ ਤਿਸ ਤੇ ਇਸਕਾ ਜੀਉ ਕਸਟ ਪਾਇਆ ਹੈ। ਅਰ ਆਸਾ ਦੇਸ ਕਾ ਲੋਕੁ ਸਤਿਬਾਦੀ ਥਾ ਦਿਨੁ ਕਉ ਬੀਜਦਾ ਹੈ ਅਰੁ ਰਾਤਿ ਕਉ ਲੁਣਿ ਦਿਨ ਕਉ ਲੁਣਦਾ ਹੈ। ਤਬਿ ਆਸਾ ਦੇਸ ਕਾ ਲੋਕ ਲਾਗੈ ਹਾਇ ਹਾਇ ਕਰਣਿ। ਤਾਂ ਜੋਤਕੀਆਂ ਆਖਿਆ ਜੋ ਇਸ ਕੀ ਮੁਕਤਿ ਤਬ ਹੋਵੈ ਜਾਂ ਸਾਧੂ ਕੇ ਚਰਣ ਲਗਨਿ'। ਤਬਿ ਉਨ੍ਹਾਂ ਆਸਾ ਦੇਸ ਕਾ ਰਾਹ ਬੰਦ ਕਰਿਆ, ਏਕੁ ਦਰਵਾਜਾ ਰਖਿਆ ਥਾ, ਜੇ ਕੋਈ ਫਕੀਰੁ ਆਵੈ ਤਾਂ ਓਤੈ ਦਰਵਾਜ਼ੈ ਕਢੀਐ। ਤਬ ਬਾਬਾ ਅਤੇ ਸੇਖੁ ਜਾਇ ਨਿਕਲੇ। ਜਬ ਨੇੜੈ ਗਏ ਤਬਿ ਗੁਰੂ ਨਾਨਕ ਕਹਿਆ ਸੇਖ ਫਰੀਦਾ ਪੈਰੁ ਧਰਿ ਤਬਿ ਸੇਖ ਫਰੀਦ ਕਹਿਆ ਜੀ ਮੇਰੀ ਕਿਆ ਮਜਾਲ ਹੈ ਜੋ ਮੈਂ ਆਗੈ ਪੈਰੁ ਧਰਾਂ ਤਬਿ ਬਾਬੇ ਪੈਰੁ ਧਰਿਆ ਤਾਂ ਖੋਪਰੀ ਫੁਟਿ ਗਈ। ਉਸ ਜੀਅ ਕੀ ਮੁਕਤਿ ਹੋਈ ਤਬ ਸਾਰਾ ਦੇਸ ਆਇ ਪੈਰੀ ਪਇਆ।'[10]

---

8. **ਉਹੀ**, ਪੱਤਰਾ 78.
9. **ਉਹੀ**, ਪੱਤਰਾ 260.
10. **ਉਹੀ**, ਪੱਤਰਾ 104.

ਸਪਸ਼ਟ ਹੈ ਇਸ ਸਾਖੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਭਲੇ ਲਈ ਦੁੱਖ ਨਿਵਾਰਕ ਦੇ ਰੂਪ ਵਿੱਚ ਪ੍ਰਤਿਬਿੰਬਤ ਹੋਏ ਹਨ। ਮਨੁੱਖਤਾ ਦੇ ਭਲੇ ਲਈ ਉਨ੍ਹਾਂ ਦਾ ਦੁਖ ਦੂਰ ਕਰਨ ਵਿੱਚ ਸਹਾਇਤਾ ਕਰਦੇ ਹਨ।

**10. ਪਰਮ ਪੁਰਖ/ਆਦਰਸ਼ ਮਨੁੱਖ :**

ਪੁਰਾਤਨ ਜਨਮਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਿੰਬ ਪਰਮ ਪੁਰਖ ਵਜੋਂ ਵੀ ਮੂਰਤੀਮਾਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਕ ਪਰਮ ਪੁਰਖ ਵਜੋਂ ਸੰਸਾਰ ਨੂੰ ਬਰਾਬਰੀ ਅਤੇ ਭਾਈਵਾਲੀ ਦੀ ਲੜੀ ਵਿੱਚ ਪਰੋਣ ਦਾ ਜਤਨ ਕੀਤਾ। ਉਨ੍ਹਾਂ ਦੁਆਰਾ ਈਰਖਾ, ਦਵੈਤ, ਲਾਲਚ, ਕ੍ਰੋਧ ਆਦਿ ਤੋਂ ਉਪਰ ਉੱਠ ਕੇ ਮਨੁੱਖ ਨੂੰ ਜੀਵਨ ਬਸਰ ਕਰਨ ਦਾ ਸਹੀ ਰਸਤਾ ਦਿਖਾਇਆ ਗਿਆ।

**11. ਸਮਾਜ ਸੁਧਾਰਕ :**

ਜਨਮਸਾਖੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਸਮਾਜ ਸੁਧਾਰਕ ਦੇ ਰੂਪ ਵਜੋਂ ਅਜਿਹਾ ਪਿੜ ਬੰਨ੍ਹਦੇ ਹਨ ਜਿਸ ਅਧੀਨ ਮਨੁੱਖ ਨੂੰ ਮਨੁੱਖਤਾ ਦੇ ਅਧਾਰ 'ਤੇ ਜੀਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਗੁਰੂ ਜੀ ਦੁਆਰਾ ਇਕ ਅਜਿਹੇ ਸਮਾਜ ਨਿਰਮਾਣ ਦਾ ਯਤਨ ਕੀਤਾ ਗਿਆ ਜਿਸ ਵਿੱਚ ਭਾਈਚਾਰਾ, ਸਮਾਨਤਾ, ਸਦਭਾਵਨਾ, ਇੱਜ਼ਤ ਅਤੇ ਪਿਆਰ ਦੀ ਮਹਿਕ ਹੋਵੇ।

**12. ਬਹੁਪੱਖੀ ਦਾਰਸ਼ਨਿਕ:**

ਸ੍ਰੀ ਗੁਰੂ ਨਾਨਕ ਦੇਵ ਜੀ ਇਕ ਬਹੁਪੱਖੀ ਦਾਰਸ਼ਨਿਕ ਵਜੋਂ ਵੀ ਪੁਰਾਤਨ ਜਨਮਸਾਖੀ ਵਿੱਚ ਪ੍ਰਤਿਬਿੰਬਤ ਹੁੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਇਕ ਅਜਿਹੀ ਸ਼ਖ਼ਸੀਅਤ ਦੇ ਮਾਲਕ ਹਨ ਜਿਨ੍ਹਾਂ ਨੇ ਆਪਣੇ ਸਰਬਪੱਖੀ ਗਿਆਨ ਤੇ ਰੂਹਾਨੀ ਨੀਝ ਨਾਲ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਖੋ-ਵੱਖਰੇ ਧਾਰਮਿਕ ਫਿਰਕਿਆਂ ਦੇ ਧਾਰਮਿਕ ਕੇਂਦਰਾਂ 'ਤੇ ਉਨ੍ਹਾਂ ਦੇ ਨੇਤਾਵਾਂ ਨਾਲ ਗੋਸ਼ਟਾਂ ਕੀਤੀਆਂ ਬਲਕਿ ਉਨ੍ਹਾਂ ਨੂੰ ਧਰਮ ਦੀ ਅਸਲੀ ਰੂਹ ਤੋਂ ਜਾਣੂੰ ਵੀ ਕਰਵਾਇਆ।

**13. ਤਰਕਸ਼ੀਲ ਸੋਚ:**

ਜਨਮਸਾਖੀ ਅਧੀਨ ਗੁਰੂ ਨਾਨਕ ਦੇਵ ਜੀ ਦਾ ਬਿੰਬ ਇਕ ਤਰਕਸ਼ੀਲ ਪੁਰਖ ਵਜੋਂ ਵੀ ਉਭਰਦਾ ਹੈ। ਜਨਮਸਾਖੀ ਵਿਚ ਗੁਰੂ ਜੀ ਦੁਆਰਾ ਲਕੀਰ ਦੇ ਫਕੀਰ ਬਣਨ ਤੋਂ ਵਰਜਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਮਨੁੱਖ ਨੂੰ ਤਰਕ ਦੇ ਅਧਾਰ 'ਤੇ ਫੈਸਲੇ ਲੈਣ ਲਈ ਪ੍ਰੇਰਿਆ ਗਿਆ ਹੈ, ਭਾਵੇਂ ਕਿ ਉਸ ਸਮੇਂ ਸਮਾਜ ਵਿੱਚ, ਲੋਕ ਪਿਛਾਂਹ ਖਿੱਚੂ, ਜਾਦੂ ਟੂਣਾ, ਰੂੜੀਵਾਦੀ ਸੋਚ ਅਤੇ ਵਹਿਮਾਂ ਭਰਮਾਂ ਵਿਚ ਫਸੇ ਹੋਏ ਸਨ।

**14. ਮਹਾਨ ਬਾਣੀਕਾਰ:**

ਜਨਮਸਾਖੀ ਕਰਤਾ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੇ ਇਕ ਮਹਾਨ ਬਾਣੀਕਾਰ ਵਜੋਂ ਵੀ, ਨਿਵੇਕਲੀ ਪਛਾਣ ਦੇ ਦਰਸ਼ਨ ਕਰਾਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵੱਖੋ-ਵੱਖਰੀਆਂ ਪ੍ਰਸਥਿਤੀਆਂ ਅਤੇ ਵਿਸ਼ਿਆਂ ਬਾਰੇ ਕਿਸ ਤਰ੍ਹਾਂ ਦੀ ਬਾਣੀ ਦੀ ਰਚਨਾ ਕੀਤੀ, ਇਸ ਸਭ ਕੁਝ ਬਾਰੇ ਸਾਖੀਕਾਰ ਨੇ ਬੜੀ ਵਿਸਥਾਰ ਨਾਲ ਚਰਚਾ ਕੀਤੀ ਹੈ।

**15. ਅਲਾਹੀ ਬਾਣੀ ਦਾ ਸਿਰਜਕ:**

ਜਨਮਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਲਾਹੀ ਬਾਣੀ ਦੇ ਰਚੈਤਾ ਵੀ ਹਨ। ਉਹ ਅਨੇਕਾਂ ਕਾਵਿ ਜੁਗਤਾਂ/ ਸ਼ੈਲੀਆਂ ਦੇ ਜਾਣੂੰ ਸਨ ਅਤੇ ਉਨ੍ਹਾਂ ਦੁਆਰਾ ਉਚਾਰੀ ਬਾਣੀ ਸਧਾਰਨ ਕਿਸਮ ਦੀ ਕਵਿਤਾ ਨਹੀਂ ਬਲਕਿ ਇਸ ਦਾ ਅਵਤਰਣ ਸਿੱਧੇ ਤੌਰ 'ਤੇ ਪਰਮਾਤਮਾ ਤੋਂ ਪ੍ਰਾਪਤ ਹੋਏ ਦੈਵੀ-ਇਲਹਾਮ ਵਿਚੋਂ ਹੋਇਆ ਹੈ। ਇਸ ਲਈ ਸਾਖੀਕਾਰ ਗੁਰੂ ਦੀ ਬਾਣੀ ਨੂੰ ਉਚਤਮ ਕਿਸਮ ਦਾ ਇਲਹਾਮ/ਬ੍ਰਹਮ ਗਿਆਨ ਹੀ ਨਹੀਂ ਮੰਨਦਾ ਬਲਕਿ ਇਸ ਨੂੰ ਮਨੁੱਖਤਾ ਦੇ ਕਲਿਆਣ ਲਈ ਦੈਵੀ-ਪ੍ਰਯੋਜਨ ਦਾ ਹਿੱਸਾ ਵਿਸ਼ਵਾਸ ਕਰਦਾ ਹੈ।

**16. ਸੰਗੀਤਕਾਰ:**

ਗੁਰੂ ਨਾਨਕ ਦੇਵ ਦਾ ਬਿੰਬ ਇਕ ਸੰਗੀਤਕਾਰ ਵਜੋਂ ਵੀ ਉਭਰ ਕੇ ਸਾਹਮਣੇ ਆਉਂਦਾ ਹੈ। ਉਹ ਬਾਣੀ ਦੇ ਅਵਤਰਣ 'ਤੇ ਮਰਦਾਨੇ ਨੂੰ ਰਬਾਬ ਸੁਰ ਕਰਨ ਦਾ ਹੁਕਮ ਕਰਦੇ ਹਨ। ਕਿਹੜਾ ਸ਼ਬਦ/ਸਲੋਕ ਕਿਸ ਰਾਗ ਵਿਚ ਗਾਉਣਾ ਹੈ, ਇਸ ਦਾ ਨਿਰਣਾ ਆਪ ਹੀ ਕਰਦੇ ਹਨ। ਗੁਰਬਾਣੀ ਵਿਚ ਉਹ ਆਪਣੇ ਆਪ ਨੂੰ ਪ੍ਰਮਾਤਮਾ ਦੇ ਨਾਮ ਦਾ ਗਾਇਨ ਕਰਨ ਵਾਲਾ ਢਾਡੀ ਕਹਿੰਦੇ ਹਨ। ਕੁਝ ਸਾਖੀਆਂ ਵਿਚ ਉਦਰਿਤ ਕੀਤੀ ਬਾਣੀ ਵਿਚ ਜੋ ਸਾਜ਼, ਲੈਅ ਅਤੇ ਤਾਲ ਹੈ, ਉਹ ਗੁਰੂ ਜੀ ਦੀ ਉਤਮ ਸੰਗੀਤਕਾਰ ਦੀ ਭੂਮਿਕਾ ਨੂੰ ਪ੍ਰਗਟ ਕਰਦੀ ਹੈ। ਉਦਹਾਰਣ ਵਜੋਂ :

> **ਸਾਖੀ 10 ਵੇਈ ਪ੍ਰਵੇਸ਼:** ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥1॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ। ਅਨਹਤਾ ਸਬਦ ਵਾਜੰਤ ਭੇਰੀ॥1॥ਰਹਾਉ। ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥2॥ ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭਿ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥3॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥4॥[11]

---

[11] **ਉਹੀ**, ਪੱਤਰਾ 32.

**ਸਾਖੀ 24 ਕਲਜੁਗ:** ਰਾਗੁ ਸਿਰੀਰਾਗੁ ਮਹਲਾ ਪਹਿਲਾ ਘਰੁ 1॥ ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨ ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥1॥ ਹਰਿ ਬਿਨੁ ਜੀਉ ਜਲਿ ਬਲਿ ਜਾਉ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥1॥ਰਹਾਉ॥[12]

ਪੁਰਾਤਨ ਜਨਮਸਾਖੀ ਦੇ ਅਧਿਐਨ ਉਪਰੰਤ ਅਸੀਂ ਦੇਖਦੇ ਹਾਂ ਕਿ ਇਸ ਵਿਚ ਗੁਰੂ ਨਾਨਕ ਦੇਵ ਜੀ ਦੀ ਬਹੁ-ਪੱਖੀ ਸ਼ਖਸੀਅਤ ਦੇ ਕਈ ਬਿੰਬ ਪ੍ਰਦਰਸ਼ਿਤ ਹੁੰਦੇ ਹਨ। ਜਿਵੇਂ ਸਾਖੀ 6 ਖੇਤੀ, ਵਣਜ, ਸਉਦਾਗਰੀ, ਚਾਕਰੀ ਅਧੀਨ ਗੁਰੂ ਨਾਨਕ ਦੇਵ ਜੀ ਦਾ ਬਿੰਬ ਜਿਥੇ ਅਧਿਆਤਮਿਕ ਪ੍ਰਸੰਗਿਕਤਾ ਦਾ ਧਾਰਨੀ ਹੈ ਉਥੇ ਸਮਾਨ ਰੂਪ ਵਿਚ ਸਮਾਜਿਕ, ਆਰਥਿਕ ਅਤੇ ਨੈਤਿਕ ਮੁੱਲਾਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਇਹੀ ਵਿਧਾਨ ਹਰ ਸਾਖੀ ਵਿੱਚ ਵੇਖਿਆ ਜਾ ਸਕਦਾ ਹੈ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਇਕ ਅਜਿਹੀ ਸ਼ਖ਼ਸੀਅਤ ਵਜੋਂ ਰੂਪ ਮਾਨ ਹੁੰਦੇ ਹਨ ਜੋ ਨਾ ਸਿਰਫ ਅਧਿਆਤਮਿਕਤਾ ਦੇ ਖੇਤਰ ਤੱਕ ਸੀਮਤ ਹਨ ਬਲਕਿ ਉਹ ਜਗਤ ਗੁਰੂ ਦੇਵੀ ਪਥ-ਪ੍ਰਦਰਸ਼ਕ, ਤਰਕ-ਸ਼ਾਸਤਰੀ,ਉਤਮ ਸੰਵਾਦ ਸ਼ਾਸਤਰੀ,ਸਰੋਦੀ ਕਵੀ, ਸੰਗੀਤਕਾਰ ਅਤੇ ਨਵੇਂ ਸਮਾਜ ਦੇ ਸਿਰਜਕ ਆਦਿ ਦੇ ਰੂਪ ਵਜੋਂ ਵੀ ਪ੍ਰਤਿਬਿੰਬਤ ਹੁੰਦੇ ਹਨ।

[12] **ਉਹੀ**, ਪੱਤਰਾ 86.

# ਨਿਸ਼ਕਰਸ਼

ਅਧਿਐਨ ਅਧੀਨ ਜਨਮਸਾਖੀ ਪਰੰਪਰਾ ਜਨਮਸਾਖੀ ਸਾਹਿਤ ਵਿਚ ਬੜਾ ਮਹੱਤਵਪੂਰਣ ਸਥਾਨ ਰੱਖਦੀ ਹੈ ਅਤੇ ਖਿਆਲ ਕੀਤਾ ਜਾਂਦਾ ਹੈ ਕਿ ਦੂਸਰੀਆਂ ਜਨਮ-ਸਾਖੀ ਪਰੰਪਰਾਵਾਂ ਏਸੇ ਵਿਚੋਂ ਵਿਕਸਿਤ ਹੋਇਆਂ ਹਨ। ਭਾਵੇਂ ਇਸ ਦੇ ਲਿਖਾਰੀ ਬਾਰੇ ਠੋਸ ਜਾਣਕਾਰੀ ਦੀ ਅਣਹੋਂਦ ਦੀ ਸਥਿਤੀ ਵਿਚ ਕੋਈ ਨਿਰਨਾ ਕਰਨਾ ਕਠਿਨ ਹੈ ਪਰ ਇਸ ਵਿਚ ਕੁੱਝ ਰਚਨਾਵਾਂ ਜਿਵੇਂ ਪ੍ਰਾਣ ਸੰਗਲੀ, ਜੁਗਾਵਲੀ, ਰਤਨਮਾਲਾ ਆਦਿ ਇਸ ਦੇ ਲੇਖਕ ਨੂੰ ਹਠ-ਯੋਗ, ਨਾਥ-ਜੋਗੀ ਤੇ ਸੰਨਿਆਸੀ ਸੰਪ੍ਰਦਾਇ ਨਾਲ ਜੋੜਦੀਆਂ ਹਨ ਜਿਸ ਉਪਰ ਸੂਫੀ-ਸੰਤਾਂ ਦਾ ਪ੍ਰਭਾਵ ਸੀ ਜਿਸ ਕਰਕੇ ਉਸ ਨੇ ਹਾਜ਼ਰਨਾਮਾ ਤੇ ਸੀਹਰਫੀ ਆਦਿ ਵਰਗੀਆਂ ਰਚਨਾਵਾਂ ਨੂੰ ਵੀ ਇਸ ਵਿਚ ਸ਼ਾਮਿਲ ਕੀਤਾ ਹੈ।ਸੰਭਵ ਹੈ ਕਿ ਇਸ ਦਾ ਲੇਖਕ ਸਿੱਖ ਪੰਥ ਦੀ ਉਦਾਸੀ ਸੰਪ੍ਰਦਾਇ ਨਾਲ ਸੰਬੰਧਤ ਹੋਵੇ ਜਿਸ ਕਰਕੇ ਉਕਤ ਰਚਨਾਵਾਂ ਉਸ ਦੀ ਨਿਜੀ ਧਾਰਮਿਕ ਰੁਚੀ ਕਾਰਣ ਪੁਰਾਤਨ ਜਨਮਸਾਖੀ ਵਿਚ ਪ੍ਰਵੇਸ਼ ਪਾ ਗਈਆਂ। ਉਨੀਵੀ ਸਦੀ ਦੇ ਅਖੀਰ ਵਿਚ ਜਦ ਇਸ ਜਨਮਸਾਖੀ ਦੀ ਜਾਣਕਾਰੀ ਬਾਹਰ ਆਈ ਤਾਂ ਉਸ ਵੇਲੇ ਇਸ ਦੇ ਦੋ ਹੱਥ-ਲਿਖਤ ਨੁਸਖੇ - ਕੋਲਬਰੁਕ ਅਤੇ ਹਾਫ਼ਿਜਾਬਾਦ ਵਾਲਾ ਹੀ ਪ੍ਰਾਪਤ ਸਨ।ਇਨ੍ਹਾਂ ਦੇ ਆਧਾਰ ਤੇ ਜਦੋਂ ਭਾਈ ਵੀਰ ਸਿੰਘ ਨੇ 1926 ਈ. ਵਿਚ ਇਸ ਦਾ ਸੰਪਾਦਨ ਕੀਤਾ ਤਾਂ ਉਨ੍ਹਾਂ ਨੇ ਇਸ ਨੂੰ ਪੁਰਾਤਨ ਜਨਮਸਾਖੀ ਦਾ ਨਾਮ ਦਿਤਾ। ਹੱਥਲੇ ਅਧਿਐਨ ਲਈ ਜਦ ਪੰਜਾਬ ਦੀਆਂ ਲਾਇਬਰੇਰੀਆਂ ਦੀਆਂ ਹੱਥ-ਲਿਖਤਾਂ ਨੂੰ ਫਰੋਲਿਆ ਗਿਆ ਤਾਂ ਇਸ ਦੇ ਅੱਠ ਹੋਰ ਖਰੜੇ ਦ੍ਰਿਸ਼ਟੀਗੋਚਰ ਹੋਏ ਹਨ।ਇਨ੍ਹਾਂ ਵਿਚੋਂ ਸਭ ਤੋਂ ਵਿਸ਼ੇਸ਼ ਤੇ ਪੁਰਾਤਨ ਖਰੜਿਆਂ ਦੇ ਆਧਾਰ ’ਤੇ ਇਸ ਦਾ ਪਾਠ ਨਿਰਧਾਰਿਤ ਕਰਨ ਦਾ ਜਤਨ ਕੀਤਾ ਹੈ।

ਇਹ ਸਾਖੀਆਂ ਸਾਰੀਆਂ ਪਰੰਪਰਾਵਾਂ ਵਿਚ ਪ੍ਰਾਪਤ ਹੁੰਦੀਆਂ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਜਨਮਸਾਖੀ ਪਰੰਪਰਾ ਜਦ ਮੌਖਿਕ ਤੌਰ ’ਤੇ ਵਿਕਾਸ ਕਰ ਰਹੀ ਸੀ ਤਾਂ ਲਿਖਤੀ ਹੋਂਦ ਅਖ਼ਤਿਆਰ ਕਰਨ ਸਮੇਂ ਸ਼ਰਧਾਲੂ ਭਗਤਾਂ ਨੇ ਆਪਣੇ ਆਸ਼ੇ ਅਨੁਸਾਰ ਗੁਰੂ ਜੀ ਦੀ ਵਡਿੱਤਣ ਨੂੰ ਦਰਸਾਉਣ ਲਈ ਹੋਰ ਸਾਖੀਆਂ ਨਾਲ-ਨਾਲ ਦਰਜ ਕਰਨੀਆਂ ਸ਼ੁਰੂ ਕਰ ਦਿਤੀਆਂ। ਅਜਿਹਾ ਕਰਨ ਪਿੱਛੇ ਲੇਖਕ ਦਾ ਮਨਸ਼ਾ ਕੇਵਲ ਏਨਾ ਹੀ ਸੀ ਕਿ ਉਹ ਧਾਰਮਿਕ ਉੱਚਤਾ, ਮਰਿਆਦਾ ਨੂੰ ਸਥਾਪਿਤ ਕਰੇ।

ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਕੀਤੀ ਕੱਚੀ-ਬਾਣੀ ਦੇ ਸ਼ਬਦਾਂ ਤੇ ਸਲੋਕਾਂ ਦੇ ਸਰੋਤ ਲੱਭਣ ਲਈ ਪ੍ਰਾਣ-ਸੰਗਲੀ ਦੇ ਸਭਨਾਂ ਨੁਸਖਿਆਂ ਸਮੇਤ ਗੁਰਮਤਿ ਤੇ ਪੰਜਾਬੀ ਸਾਹਿਤ ਦੇ ਸਾਰੇ ਹੱਥ-ਲਿਖਤ ਖਰੜਿਆਂ ਦਾ ਗੰਭੀਰਤਾ ਅਤੇ ਸੰਜੀਦਗੀ ਨਾਲ ਅਧਿਐਨ ਕਰਨਾ ਹੋਵੇਗਾ ਜੋ ਇਕ ਕਠਿਨ ਕਾਰਜ ਤਾਂ ਹੈ ਪਰ ਅਸੰਭਵ ਨਹੀਂ। ਇਸ ਦੇ ਨਤੀਜੇ ਜਰੂਰ ਲਾਹੇਵੰਦ ਸਾਬਤ ਹੋਣਗੇ। ਇਸ ਦੀ ਛੋਟੀ ਜਿਹੀ ਉਦਾਹਰਣ ਇਹ ਹੈ ਕਿ ਜਦੋਂ ਮਿਹਰਬਾਨ ਰਚਿਤ ਗੁਰੂ ਨਾਨਕ ਦੀ ਜਨਮਸਾਖੀ ਨੂੰ ਵਾਚਿਆ ਗਿਆ ਤਾਂ ਪਤਾ ਚੱਲਿਆ ਕਿ ਇਸ ਵਿਚਲੇ ਕੱਚੀ-ਬਾਣੀ ਦੇ ਦੋ ਸਲੋਕ ਗੁਰੂ ਨਾਨਕ ਦੇ ਨਾਮ ਹੇਠ ਪੁਰਾਤਨ ਜਨਮਸਾਖੀ ਵਿਚ ਪ੍ਰਾਪਤ ਹਨ।ਕੁੱਝ

ਥਾਂਈ ਸਾਖੀਕਾਰ/ਉਤਾਰਾਕਾਰ ਨੇ ਕੱਚੀ-ਬਾਣੀ ਨੂੰ ਅਜਿਹੀ ਜੁਗਤ ਸਹਿਤ ਗੁਰਬਾਣੀ ਦੇ ਸ਼ਬਦਾਂ ਵਿਚ ਸਮੋਇਆ ਹੈ ਕਿ ਉਨ੍ਹਾਂ ਦਾ ਪਤਾ ਹੀ ਨਹੀਂ ਚਲਦਾ।ਪੁਰਾਤਨ ਜਨਮਸਾਖੀ ਵਿਚ ਕੱਚੀ-ਬਾਣੀ ਦੀ ਭਰਮਾਰ ਸਾਖੀਕਾਰ ਦੀ ਗੁਰਬਾਣੀ ਪ੍ਰਤੀ ਜਾਣਕਾਰੀ ਉਤੇ ਪ੍ਰਸ਼ਨ ਚਿੰਨ੍ਹ ਲਾਉਣ ਤੋਂ ਇਲਾਵਾ ਉਸ ਦੀ ਸਿੱਖ ਮੱਤ ਦੀ ਮੁੱਖ ਧਾਰਾ ਲਈ ਪ੍ਰਤਿਬਧਤਾ ਉਪਰ ਵੀ ਸਵਾਲ ਖੜ੍ਹੇ ਕਰਦੀ ਹੈ।

ਭਾਵੇਂ ਸਾਖੀਕਾਰ ਦਾ ਮੱਖ-ਮੰਤਵ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਨੂੰ ਰੁਸ਼ਨਾਉਣਾ ਤੇ ਵਡਿਆਉਣਾ ਹੈ ਪਰ ਉਸ ਨੇ ਇਨ੍ਹਾਂ ਸਾਖੀਆਂ ਰਾਹੀਂ ਗੁਰੂ ਸਾਹਿਬ ਦੇ ਸੰਦੇਸ਼ ਨੂੰ ਪ੍ਰਚਾਰਨ ਦਾ ਜਤਨ ਕੀਤਾ ਹੈ। ਅਜਿਹਾ ਕਰਦਿਆਂ ਉਸ ਨੇ ਜਿਥੇ ਧਾਰਮਿਕ-ਸਮਾਜਿਕ ਮਾਹੌਲ ਚਿਤਰਿਆ ਹੈ ਉਥੇ ਸਮਾਜ ਵਿਚ ਪ੍ਰਚਲਤ ਕਰਮ-ਕਾਂਡ, ਅੰਧ-ਵਿਸ਼ਵਾਸ, ਮਨੌਤਾਂ ਤੇ ਮਿੱਥਾਂ ਵੱਲ ਵੀ ਇਸ਼ਾਰਾ ਕੀਤਾ ਹੈ।

ਪੁਰਾਤਨ ਜਨਮਸਾਖੀ ਦੇ ਅਧਿਐਨ ਉਪਰੰਤ ਅਸੀਂ ਦੇਖਦੇ ਹਾਂ ਕਿ ਇਸ ਵਿਚ ਗੁਰੂ ਨਾਨਕ ਦੇਵ ਜੀ ਦੀ ਬਹੁ-ਪੱਖੀ ਸ਼ਖਸੀਅਤ ਦੇ ਕਈ  ਬਿੰਬ ਪ੍ਰਦਰਸ਼ਿਤ ਹੁੰਦੇ ਹਨ। ਜਿਵੇਂ ਸਾਖੀ ਨੰ-6 ਖੇਤੀ, ਵਣਜ, ਸਉਦਾਗਰੀ, ਚਾਕਰੀ ਅਧੀਨ ਗੁਰੂ ਨਾਨਕ ਦੇਵ ਜੀ ਦਾ ਬਿੰਬ ਜਿਥੇ ਅਧਿਆਤਮਿਕ ਪ੍ਰਸੰਗਿਕਤਾ ਦਾ ਧਾਰਨੀ ਹੈ ਉਥੇ ਸਮਾਨ ਰੂਪ ਵਿਚ ਸਮਾਜਿਕ, ਆਰਥਿਕ ਅਤੇ ਨੈਤਿਕ ਮੁੱਲਾਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਇਹੀ ਵਿਧਾਨ ਹਰ ਸਾਖੀ ਵਿੱਚ ਵੇਖਿਆ ਜਾ ਸਕਦਾ ਹੈ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਇਕ ਅਜਿਹੀ ਸ਼ਖ਼ਸੀਅਤ ਵਜੋਂ ਰੂਪ ਮਾਨ ਹੁੰਦੇ ਹਨ ਜੋ ਨਾ ਸਿਰਫ ਅਧਿਆਤਮਿਕਤਾ ਦੇ ਖੇਤਰ ਤੱਕ ਸੀਮਤ ਹਨ ਬਲਕਿ ਉਹ ਜਗਤ ਗੁਰੂ ਦੇਵੀ ਪਥ-ਪ੍ਰਦਰਸ਼ਕ, ਤਰਕ-ਸ਼ਾਸਤਰੀ,ਉਤਮ ਸੰਵਾਦ ਸ਼ਾਸਤਰੀ,ਸਰੋਦੀ ਕਵੀ, ਸੰਗੀਤਕਾਰ ਅਤੇ ਨਵੇਂ ਸਮਾਜ ਦੇ ਸਿਰਜਕ ਆਦਿ ਦੇ ਰੂਪ ਵਜੋਂ ਵੀ ਪ੍ਰਤਿਬਿੰਬਤ ਹੁੰਦੇ ਹਨ।

[1]੧ਓ ਸਤਿਗੁਰ ਪ੍ਰਸਾਦਿ।

**[2]ਸਾਖੀ[3]** [4]ਸ੍ਰੀ ਬਾਬੇ ਨਾਨਕ ਜੀ ਕੀ[4] **[5]** ।

ਸ੍ਰੀ ਸਤਿਗੁਰੂ ਜੀ ਜਗਤ ਨਿਸਤਾਰਣ ਕੁ ਆਇਆ।ਕਲਿਜੁਗ ਵਿਚ ਬਾਬਾ ਨਾਨਕ ਹੋਇ ਜਨਮਿਆ।[7]ਪਾਰਬ੍ਰਹਮ ਕਾ ਨਿਜ ਭਗਤ।[6]

ਸਤਿਗੁਰ ਪ੍ਰਸਾਦਿ[7]।ਸੰਮਤ ੧੫੨੬।ਬਾਬਾ ਨਾਨਕ ਜਨਮਿਆ।ਵੈਸਾਖ ਮਾਹਿ।ਤ੍ਰਿਤੀਆ ਚਾਨਣੀ ਰਾਤਿ ਅੰਮ੍ਰਿਤ ਵੇਲਾ ਪਹਰੁ ਰਾਤਿ ਰਹਦੀ ਕੁ ਜਨਮਿਆ।ਅਨਹਦ ਸਬਦ ਪਰਮੇਸਰ ਕੇ ਦਰਬਾਰਿ ਵਾਜੇ।ਤੇਤੀਸ ਕਰੋੜੀ ਦੇਵਤਿਆ ਨਮਸਕਾਰ ਕੀਆ।ਚਉਸਠਿ ਜੋਗਣੀ [8]। ਬਵੰਜਾਹ ਬੀਰ [9] ਛਿਆ ਜਤੀਆ[10] ਚੌਰਾਸੀਆ ਸਿਧਾ [11]ਨਵਾ ਨਾਥਾ।ਨਮਸਕਾਰ ਕੀਆ[11] । ਜੋ ਵਡਾ ਭਗਤੁ ਜਗਤੁ ਨਿਸਤਾਰਣ ਕਉ ਆਇਆ।ਇਸ ਕਉ ਨਮਸਕਾਰੁ ਕੀਜੀਐ ਜੀ।ਤਬ ਕਾਲੂ ਖਤ੍ਰੀ ਜਾਤਿ ਵੇਦੀ[12] ਤਲਵੰਡੀ ਰਾਇ ਭੋਇ ਭਟੀ ਕੀ ਵਸਦੀ ਵਿਚ ਵਸਦਾ ਆਹਾ। ਉਥੈ ਜਨਮ ਪਾਇਆ। ਵਡਾ ਹੋਆ ਤਾ ਲਗਾ ਬਾਲਕਾ ਨਾਲਿ ਖੇਡਣ ਪਰ ਬਾਲਕਾ ਤੇ ਇਸ ਕੀ ਦਿਰਸਟਿ ਅਉਰੁ ਆਵੇ[13]। ਆਤਮੇ ਅਭਿਆਸ ਪਰਮੇਸਰ ਕਾ ਕਰੇ।[14] ਜਬ ਬਾਬਾ ਬਰਸਾਂ ਪੰਜਾ ਕਾ ਹੋਆ ਤਾ ਲਗਾ ਬਾਤਾਂ ਅਗਮ ਨਿਗਮ ਕੀਆ ਕਰਣ [15]ਜੋ ਕਿਛੁ ਬਾਤ ਕਰੇ ਸੋ ਸਮਝਿ ਕਰੇ[15] ਤਿਸ ਤੇ ਸਭ ਸਾ ਕਿਸੇ ਕੀ ਨਿਸਾ ਹੋਇ ਆਵੇ। ਹਿੰਦੂ ਕਹਨਿ ਜੋ ਕੋਈ ਦੇਵਤਾ [16]ਸਰੂਪ ਪੈਦਾ ਹੋਇਆ[16] ਹੈ।[17]ਅਤੇ[17] ਮੁਸਲਮਾਨ ਕਹਨਿ ਜੋ ਕੋਈ ਖੁਦਾਇ [18]ਕਾ ਸਾਦਿਕ ਪੈਦਾ ਹੋਇਆ[18] ਹੈ।[19] ਜਬ ਬਾਬਾ ਬਰਸਾਂ ਸਤਾਂ ਕਾ ਹੋਇਆ ਤਬਿ ਕਾਲੂ ਕਹਿਆ ਨਾਨਕ ਤੂੰ ਪੜੁ। ਤਬ ਗੁਰੁ ਨਾਨਕ ਕਉ ਪਾਧੇ ਪਾਸਿ ਲੈ

---

[1] ਹ : ਸਤਿਗੁਰੂ, ਸਤਿਗੁਰੂ ਪ੍ਰਸਾਦਿ

[2] ਸ : ਸ੍ਰੀ ਗੁਰੁ ਬਾਬੇ ਜੀ ਕੀ

[3] ਸ : ਆਦਿ ਅੰਤ ਕੀ॥ਮਹਲਾ 1

[4] ਸ : ਇਹ ਪਾਠ ਸ ਵਿਚ ਦਰਜ ਨਹੀਂ ਹੈ

[5] ਸ : ਬਾਣੀ

[6] ਹ : ੧. ਅਵਤਾਰ, ਬਾਲਪਨ

[7] ਸ : ਇਹ ਪਾਠ ਅ ਵਿਚ ਦਰਜ ਨਹੀਂ ਹੈ

[8] ੲ : ਸ ਜੋਗਨੀ ਨਮਸਕਾਰੁ ਕੀਆ

[9] ੲ: ਸ ਨਮਸਕਾਰੁ ਕੀਆ

[10] ੲ : ਸ ਨਮਸਕਾਰੁ ਕੀਆ

[11] ਇਹ ਪਾਠ ੲ,ਸ ਵਿਚ ਦਰਜ ਨਹੀਂ ਹੈ

[12] ੲ : ਮਾਤਾ ਤਿਪਰਾ ਜੀ ਕੈ ਉਦਰ ਮਹਿ ਜਨਮਿਆ

[13] ਸ: ਅਤੈ

[14] ਸ: ਸੋ ਸਮਝਿ ਕੈ ਕਰੈ।

[15] ਇਹ ਪਾਠ ਸ ਵਿਚ ਦਰਜ ਨਹੀਂ

[16] ਇਹ ਪਾਠ ਅ:ੲ: ਸ ਵਿਚ ਦਰਜ ਨਹੀਂ ਹੈ

[17] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[18] ਇਹ ਪਾਠ ੲ ਵਿਚ ਦਰਜ ਨਹੀਂ ਹੈ

[19] ਹ:੨.ਪਟੀ,ਪਾਂਧਾ

ਗਇਆ।[20]ਕਾਲੂ ਕਹਿਆ ਪਾਧਾ ਇਸ ਨੂ ਪੜਾਇ। ਤਬਿ ਪਾਧੇ ਪਟੀ ਲਿਖਿ ਦਿਤੀ। ਅਖਰ ਪੈਤੀਸ ਕੀ ਮੁਹਾਰਣੀ [21]ਰਾਗੁ ਆਸਾ ਵਿਚ ਪਟੀ।ਮ:1[21]। ਤਬ ਗੁਰੁ ਨਾਨਕੁ ਲਗਾ ਪੜਨਿ ਆਦਿ ਬਾਣੀ ਹੋਈ।

[22]ਰਾਗੁ ਆਸਾ ਮਹਲਾ ੧ ਪਟੀ ਲਿਖੀ[22]

ਸ੍ਰੀ ਸਤਿਗੁਰ ਪ੍ਰਸਾਦਿ॥

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਹਿਬੁ ਏਕੁ ਭਇਆ॥
ਸੇਵਤੁ ਰਹਹਿ ਚਿਤੁ ਜਿਨ ਕਾ ਲਾਗਾ ਆਇਆ ਤਾ ਕਾ ਸਫਲੁ ਭਇਆ॥
ਮਨ ਕਾਹੇ ਭੂਲਹਿ ਮੂੜ ਮਨਾ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥੧॥ਰਹਾਉ॥
ਇਓੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ॥
ਇਨ ਅਖਰਾ ਮਹਿ ਜੋ ਗੁਰਮੁਖਿ ਬੂਝੇ ਤਿਸੁ ਸਿਰਿ ਲੇਖੁ ਨ ਹੋਈ॥੨॥
ਊੜੈ ਉਪਮਾ ਤਾ ਕੀ ਕੀਜੈ ਜਾਕਾ ਅੰਤੁ ਨ ਪਾਇਆ॥
ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨਿ ਇਕ ਮਨ ਸਚੁ ਕਮਾਇਆ॥੩॥
ਙੰਙਾ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥੪॥
ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਊਜਲਿਆ॥
ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬਾਧਿ ਲੀਆ॥੫॥
ਖਖੈ ਖੁੰਦਕਾਰਿ ਸਆ ਅਲਮੁ ਕਰਿ ਖਰੀਦ ਜਿਨਿ ਖਰਚੁ ਦੀਆ॥
ਬੰਧਨਿ ਜਾਕੈ ਸਭੁ ਜਗੁ ਬਾਧਿਆ ਅਵਰਾ ਕਾ ਨਹੀ ਹੁਕਮੁ ਭਇਆ॥੬॥
ਗਗੈ ਗੋਇ ਗੋਇ ਜਿਨਿ ਛੋਡੀ ਗਲੀ ਗੋਵਿਦੁ ਗਰਬਿ ਭਇਆ॥
ਘੜਿ ਭਾਡੇ ਜਿਨਿ ਆਵੇ ਸਾਜੀ ਚੜਾਵਣ ਵਾਹੈ ਤੈਈ ਕੀਆ॥੭॥
ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ॥
ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਵਤੁ ਰਹੈ॥੮॥
ਚਚੈ ਚਾਰਿ ਬੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ॥
ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ॥੯॥
ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ॥
ਭਰਮੁ ਭੁਲਾਇ ਉਪਾਈਅਨੁ ਆਪੇ ਤੇਰਾ ਕਰਮ ਹੋਆ ਤਿਨਾ ਗੁਰ ਮਿਲਿਆ॥੧੦॥
ਜਜੈ ਦਾਨੁ ਮੰਗਤੁ ਜਨੁ ਜਾਚੈ ਲਖ ਚਉਰਾਸੀਹ ਭੀਖ ਭਇਆ॥
ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ॥੧੧॥
ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ॥

---

[20] ਏ: ਸ : ਤਬ

[21] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[22] ਇਹ ਪਾਠ ਸ ਵਿਚ ਦਰਜ ਨਹੀਂ ਹੈ

ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ॥੧੨॥

ਵਵੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ॥

ਏਕੋ ਰਵਿ ਰਹਿਆ ਸਭ ਠਾਈ ਏਕੁ ਵਸਿਆ ਮਨ ਮਾਹੀ॥੧੩॥

ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤ ਕਿ ਉਠਿ ਚਲਣਾ॥

ਜੂਐ ਜਨਮੁ ਨ ਹਾਰਿਹੁ ਅਪੁਣਾ ਭਜਿ ਪੜਹੁ ਤੁਮ ਹਰਿ ਸਰਣਾ॥੧੪॥

ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨਕਾ ਚਿਤੁ ਲਾਗਾ॥

ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ॥੧੫॥

ਡਡੈ ਡੰਫੁ ਕਰਹੁ ਕਿਆ ਪ੍ਰਣੀ ਜੋ ਕਿਛੁ ਹੋਆ ਸੋ ਸਭੁ ਚਲਣਾ॥

ਤਿਸਹਿ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰ ਰਵਿ ਰਹਿਆ॥੧੬॥

ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ॥

ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ॥੧੭॥

ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ॥

ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥੧੮॥

ਤਤੈ ਤਾਰੂ ਭਵਜਲੁ ਹੋਆ ਤਾਕਾ ਅੰਤੁ ਨ ਪਾਇਆ॥

ਨਾ ਤਰ ਨਾ ਭੁਲਹਾ ਹਮ ਬੂਡਾ ਸਿ ਤਾਰਿ ਲੈ ਤਾਰਣ ਰਾਇਆ॥੧੯॥

ਥਥੈ ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ॥

ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੇ ਸੋਈ ਭਲਾ॥੨੦॥

ਦਦੈ ਦੋਸੁ ਨ ਦੇਉ ਕਿਸੈ ਦੋਸੁ ਕਰੰਮਾ ਆਪਣਿਆ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥

ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ॥

ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ॥੨੨॥

ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸਮਲਿਆ॥

ਗਲੀ ਠਉ ਸੋਹਾਗਣਿ ਭੈਣੇ ਕੰਤੁ ਨਾ ਕਬਹੂ ਮੈ ਮਿਲਿਆ॥੨੩॥

ਪਪੈ ਪਾਤਿਸਾਹੁ ਪਰਮੇਸੁਰ ਵੇਖਣ ਕਉ ਪਰਪੰਚੁ ਕੀਆ॥

ਦੇਖੈ ਬੂਝੈ ਸਭ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥੨੪॥

ਫਫੈ ਫਾਹੀ ਸਭੁ ਜਗੁ ਫਾਥਾ ਜਮ ਕੈ ਸੰਗਲਿ ਬੰਧੇ ਲੀਆ॥

ਗੁਰ ਪਰਸਾਦੀ ਸੇ ਨਰ ਉਬਰੇ ਜੋ ਹਰਿ ਸਰਣਾਗਤਿ ਭਜਿ ਪਇਆ॥੨੫॥

ਬਬੈ ਬਾਜੀ ਖੇਲਣਿ ਲਾਗਾ ਚਉਪੜਿ ਕੀਤੀ ਚਾਰ ਜੁਗਾ॥

ਜੀਅ ਜੰਤ ਸਭਿ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ॥੨੬॥

ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨਿ ਭਉ ਪਇਆ॥

ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀ ਫੇਰੁ ਪਇਆ॥੨੭॥

ਮਮੈ ਮੋਹੁ ਮਰਣੁ ਮਧੁਸੂਦਨ ਮਰਣੁ ਭਇਆ ਤਬ ਚੇਤਵਿਆ॥
ਕਾਇਆ ਭੀਤਰਿ ਹੋਰੋ ਪੜਿਆ ਮਮਾ ਅਖਰੁ ਬੀਸਰਿਆ॥੨੮॥
ਯਯੈ ਜਨਮੁ ਨ ਹੋਵੀ ਕਦਹੀ ਜੇਕਰਿ ਸਚੁ ਪਛਾਣੈ॥
ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ॥੨੯॥
ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ॥
ਜੰਤ ਉਪਾਇ ਧੰਧੈ ਸਭਿ ਲਾਏ ਕਰਮ ਹੋਆ ਤਿਨ ਨਾਉ ਲਇਆ॥੩੦॥
ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ॥
ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾ ਕੈ ਹੁਕਮੁ ਪਇਆ॥੩੧॥
ਵਵੈ ਵਾਸਦੇਉ ਪਰਮੇਸਰ ਵੇਖਣ ਕਉ ਜਿਨਿ ਵੇਸੁ ਕੀਆ॥
ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥੩੨॥
ੜਾੜੈ ੜਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜੋ ਅਮਰੁ ਹੋਆ॥
ਤਿਸਹਿ ਧਿਆਵਹੁ ਸਾਚ ਸਮਾਵਹੁ ਓਸ ਵਿਟਹੁ ਕੁਰਬਾਣੁ ਕੀਆ॥੩੩॥
ਹਾਹੈ ਹੋਰ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ॥
ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ॥੩੪॥
ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ॥
ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ॥੩੫॥
(ਅਗੇ ਪਤ੍ਰੇ ਦੋ ਹੈ ਨਹੀ) ਅਸਲ ਵਿਚ) (ਗੁ.ਗ੍ਰੰ.ਸਾ.ਪੰਨਾ ੪੩੨-੩੮)

[[23]]ਪਰਮੇਸਰ ਕਾ ਨਾਮੁ ਲਿਖੀਐ। [24]ਸਾਲਾਹ ਲਿਖੀਐ[24]। [25]ਜਿਤ ਲਿਖੇ[25] ਸਭ ਵਿਕਾਰ ਮਿਟ ਜਾਵਹਿ। ਬੇਅੰਤ ਸੋਭਾ [26]ਲਿਖੇ[26] ਜਿਤੁ ਲਿਖੇ ਤਨੁ ਸੁਖੀ [27]ਹੋਇ[27]। ਤਿਸਕਾ ਅੰਤ ਪਾਰਾਵਾਰ ਕਿਛੁ ਪਾਇਆ ਨਾਹੀ

[23] ਹ: ਤਬ ਗੁਰੂ ਨਾਨਕ ਜੀ ਇਕ ਦਿਨ ਪੜ੍ਹਿਆ ਅਗਲੇ ਦਿਨ ਚੁਪ ਕਰ ਰਹਿਆ। ਜਾਂ ਚੁਪ ਕਰ ਰਹਿਆ ਤਾਂ ਪਾਂਧੇ ਪੁਛਿਆ: 'ਨਾਨਕ! ਤੂੰ ਪੜ੍ਹਦਾ ਕਿਉਂ ਨਹੀਂ? 'ਤਬ ਗੁਰੂ ਨਾਨਕ ਕਹਿਆ: 'ਪਾਂਧਾ! ਤੂੰ ਕੁਛ ਪੜ੍ਹਿਆ ਹੈਂ ਜੋ ਮੇਰੇ ਤਾਈਂ ਪੜ੍ਹਾਉਂਦਾ ਹੈਂ? ਤਬ ਪਾਂਧੇ ਕਹਿਆ, ਮੈਂ ਸਭੋ ਕਿਛ ਪੜ੍ਹਿਆ ਹਾਂ ਜੋ ਕਿਛ ਹੈ ਬੇਦ ਸ਼ਾਸਤ੍ਰ ਪੜ੍ਹਿਆ ਹਾਂ 'ਜਮਾ, ਖਰਚ, ਰੋਜ਼ ਨਾਵਾਂ, ਖਾਤਾ, ਲੇਖਾ, ਮੈਂ ਸਭ ਕਿਛੁ ਪੜ੍ਹਿਆ ਹਾਂ' ਤਬ ਬਾਬੇ_ਕਹਿਆ 'ਪਾਂਧਾ! ਇਨੀਂ ਪੜ੍ਹੇ ਗਲ ਫਾਹੇ ਪਾਉਂਦੇ ਹੈਨ, ਇਹ ਜੇ ਪੜ੍ਹਨਾ ਹੈ ਸਭ ਬਾਦ ਹੈ'। ਤਬ ਗੁਰੂ ਨਾਨਕ ਇਹ ਸਬਦ ਉਠਾਇਆ, ਸਿਰੀ ਰਾਗੁ ਵਿਚ ਮਹਲੁ 1 ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤ ਨ ਪਾਰਾਵਾਰੁ॥੧॥ ਬਾਬਾ ਏਹੁ ਲੇਖਾ ਲਿਖਿ ਜਾਣੁ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥੧॥ (ਰਹਾਉ॥ ਪੰਨਾ ੧6) ਤਬ ਗੁਰੂ ਕਹਿਆ: 'ਹੇ ਪੰਡਿਤ! ਹੋਰਿ ਜਿਤਨਾ ਪੜਿਨਾ ਸੁਣਿਨਾ ਸਭੁ ਬਾਦਿ ਹੈ।' ਬਿਨਾ ਪਰਮੇਸੁਰਿ ਕੇ ਨਾਮ ਸਭ ਬਾਦਿ ਹੈ। ਤਬਿ ਪਾਂਧੈ ਕਹਿਆ: 'ਨਾਨਕੁ ਹੋਰ ਪੜਿਣਾ ਮੇਰੇ ਤਾਈ ਬਤਾਈ ਵਿਖਾ ਜਿਤੁ ਪੜਿਐ ਛੁਟੀਦਾ ਹੈ।' ਤਬਿ ਨਾਨਕ ਕਹਿਆ: 'ਸੁਣਿ ਹੇ ਸੁਆਮੀ! ਇਹੁ ਜੁ ਸੰਸਾਰਿ ਕਾ ਪੜਿਆ ਹੈ ਐਸਾ ਹੈ ਜੋ ਮਸੁ ਦੀਵੇ ਕੀ ਅਰੁ ਕਾਗਦੁ ਸਣੀ ਕਾ ਅਰ ਕਲਮ ਕਾਨੇ ਕੀ ਅਰੁ ਮਨੁ ਲਿਖਣਹਾਰੁ ਅਰ ਲਿਖਿਆ ਸੋ ਕਿਆ ਲਿਖਿਆ? ਮਾਇਆ ਕਾ ਜੰਜਾਲੁ ਲਿਖਿਆ। ਜਿਤੁ ਲਿਖਿਐ ਸਭ ਵਿਕਾਰ ਹੋਵਨਿ।ਓਹੁ ਜਿ ਲਿਖਣੁ ਸਭੁ ਸਚਿ ਕਾ ਹੈ ਸੋ ਐਸਾ ਹੈ: ਜੋ ਮਾਇਆ ਕਾ ਮੋਹੁ ਜਾਲਿ ਕਰਿ ਮਸੁ ਕਰੀਐ ਅਰ ਤਪਸਿਆ ਕਾਗਦੁ ਕਰੀਐ। ਅਰੁ ਜੋ ਕਛੁ ਇਛਿਆ ਅੰਤੁ ਕਛੁ ਭਾਉ ਹੈ ਤਿਸਕੀ ਕਲਮ ਕਰੀਐ। ਅਰ ਚਿਤੁ ਲਿਖਣਿਹਾਰ ਕਰਹੁ ਅਰ ਲਿਖੀਐ; ਸੋ ਕਿਆ ਲਿਖੀਐ

[24] ਇਹ ਪਾਠ ੲ ਵਿਚ ਦਰਜ ਨਹੀਂ ਹੈ

[25] ਇਹ ਪਾਠ ੲ ਵਿਚ ਦਰਜ ਨਹੀਂ ਹੈ

[26] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਜਾਤਾ। ਹੋ ਪੰਡਿਤ ਜੇ ਏਹੁ ਲੇਖਾ ਪੜਿਆ ਹੈ ਤਾਂ ਪੜੁ।ਅਰੁ ਮੁਝ ਕਉ ਭੀ ਪੜਾਇ। ਨਾਹੀ ਤਾ ਨਾ ਪੜਾਇ। ਸੁਣਿ ਹੋ ਪੰਡਤਾ ਜਹਾ ਏਹੁ ਤੇਰਾ ਜੀਉ ਜਾਵੇਗਾ ਤਹਾ [28]ਤੇਰੇ ਹਥਿ[28] ਏਹੁ ਪੜਨਾ[[29]] ਨੀਸਾਣ ਹੋਵੈਗਾ।ਤੇਰੇ ਨਜੀਕਿ [30]ਜਮ[30] ਕਾਲੁ ਨ ਆਵੈਗਾ। ਤਬਿ ਉਨਿ ਪੰਡਿਤ ਕਹਿਆ। ਏ ਨਾਨਕ ਏਹੁ ਬਾਤਾ ਤੈ ਕਿਸ ਤੇ ਪਾਈਆ [31]ਹਨਿ[31] ।ਪਰ ਸੁਣਿ ਹੋ ਨਾਨਕ ਏਹੁ ਜੋ ਪਰਮੇਸਰ ਕਾ ਨਾਮ ਲੈਤੇ ਹੈ। ਤਿਨ ਕਉ ਕਵਨੁ ਫਲ ਲਗਤੇ ਹੈ ਤਬ ਗੁਰੂ ਨਾਨਕ ਦੂਜੀ ਪਉੜੀ ਕਹੀ।

**ਅਗੈ**[32] ਮਿਲਨਿ ਵਡਿਆਈਆ ਸਦਾ ਖੁਸੀਆ ਸਦਾ ਚਾਉ॥
ਤਿਨਾ ਮੁਖਿ ਟਿਕੇ ਉਜਲੇ ਜਿਨਿ ਮੁਖਿ ਸਾਚਾ ਨਾਉ॥
ਕਰਮਿ ਮਿਲੈ ਤਾ ਪਾਈਐ ਨਾਹਿ ਤਾ ਗਲੀ ਵਾਉ ਦੁਆਉ॥੨॥ (ਗੁ.ਗ੍ਰੰ.ਸਾ. ਪੰਨਾ ੧੬)

ਤਬਿ ਗੁਰੂ ਬਾਬੇ ਨਾਨਕ ਕਹਿਆ ਸੁਣਿ ਹੋ ਪੰਡਿਤਾ ਜਹਾ ਤੇਰਾ ਏਹੁ ਜੀਉ ਜਾਵੈਗਾ ਤਹਾ ਇਸ ਪਰਮੇਸਰ[[33]] ਸਿਮਰਣ ਕਾ ਏਹੁ ਪੁੰਨ ਹੋਵੈਗਾ। ਜੋ ਸਦਾ ਸਦਾ ਖੁਸੀਆ ਨਿਤ ਨਿਤ ਅਨੰਦ ਮਹਾਮੰਗਲ ਨਿਧਾਨ ਪਰਾਪਤਿ ਹੋਵਹਿਗੇ। ਪਰੁ ਜਿਨਾ ਮਨਿ ਬਚ ਕਰਮਿ ਕਰਕੈ ਸਿਮਰਿਆ ਹੈ[[34]] । ਅਰੁ ਉਪਾਇ ਕਰਿ ਕਰਿ ਗਲੀ ਪਰਮੇਸਰੁ ਲੀਆ ਨਾਹੀ ਜਾਤਾ। ਤਬਿ ਉਹੁ ਪੰਡਿਤ ਹੈਰਾਨ ਹੋਇ **ਰਹਿਆ**[35] । ਫਿਰਿ [36]ਉਨਿ[36] ਪੰਡਿਤ ਕਹਿਆ ਏ ਨਾਨਕ ਏਹੁ ਜੋ ਪਰਮੇਸਰ ਕਾ ਨਾਮ ਲੇਤੇ ਹੈ। ਤਿਨ ਕਉ ਤਾ ਕੋਈ ਨਾਹੀ ਜਾਣਤਾ।ਉਨ ਕਉ [37]ਤਾ[37] ਰੋਟੀਆ ਭੀ ਨਾਹੀ ਜੁੜਿ ਆਵਤੀਆ।ਅਰੁ ਇਕਿ ਜੋ ਪਾਤਸਾਹੀ ਕਰਦੇ ਹੈਨਿ। [38]ਅਰ[38] ਪਰਮੇਸਰ ਭੀ ਨਾਹੀ ਸਿਮਰਤੇ। ਕਹੁ ਦੇਖਾ ਉਨਿ ਕਵਨ ਪਾਪ ਕੀਤੇ ਹੈਨਿ। ਜੋ ਪਾਤਸਾਹੀ ਭੀ ਕਰਹਿ। ਅਰੁ ਪਰਮੇਸਰ ਤੇ ਭੀ ਨਾ ਡਰਹਿ ਤਬਿ ਫਿਰ ਗੁਰੁ ਨਾਨਕ ਤੀਜੀ ਪਉੜੀ ਕਹੀ।

ਇਕਿ ਆਵੈ ਇਕਿ ਜਾਹਿ ਉਠਿ ਇਕਨਾ ਰਖੀਅਹਿ ਨਾਉ ਸਲਾਰ॥
ਇਕਿ ਉਪਾਏ ਮੰਗਤੇ ਇਕਨਾ ਵਡੇ ਦਰਬਾਰ॥
ਅਗੈ ਗਇਆ ਸੇ ਜਾਣੀਅਨਿ ਵਿਣ ਨਾਵੈ ਵੇਕਾਰ॥੩॥ (ਗੁ.ਗ੍ਰੰ.ਸਾ. ਪੰਨਾ ੧੬)

---

[27] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ
[28] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ
[29] ੲ: ਸ : ਤੇਰੈ ਹਥਿ
[30] ਇਹ ਪਾਠ ੲ: ਸ ਵਿਚ ਦਰਜ ਨਹੀਂ
[31] ਇਹ ਪਾਠ ਅ:ਸ ਵਿਚ ਦਰਜ ਨਹੀਂ ਹੈ
[32] ਹ:ਜਿਥੈ
[33] ਅ:ਸ : ਕੇ
[34] ੳ: ਤਿੰਨ ਕੋਂ ਦਰਗਹਿ ਮੰਹਿ ਵਡਾ ਪ੍ਰਤਾਪ ਹੋਵੈਗਾ
[35] ਅ:ੲ : ਸ : ਗਇਆ
[36] ਇਹ ਪਾਠ ਅ:ੲ: ਸ ਵਿਚ ਦਰਜ ਨਹੀਂ
[37] ਇਹ ਪਾਠ ੲ: ਸ ਵਿਚ ਦਰਜ ਨਹੀਂ
[38] ਇਹ ਪਾਠ ੲ ਵਿਚ ਦਰਜ ਨਹੀਂ

ਤਬ ਗੁਰੂ ਬਾਬੇ ਨਾਨਕ ਕਹਿਆ ਸੁਣਿ ਹੋ ਪੰਡਿਤ ਇਕ ਆਵਤੇ ਹੈ ਇਕ ਜਾਤੇ ਹੈ। ਇਕ ਸਾਹ [39]ਹੈ[39]। ਇਕ ਪਾਤਸਾਹ ਹੈ। ਇਕ ਉਨ ਕੇ ਆਗੈ ਭਿਖਿਆ ਮੰਗਿ ਮੰਗਿ ਖਾਤੇ ਹੈ। ਪਰੁ ਸੁਣਿ ਹੋ ਪੰਡਿਤ ਜੋ ਊਹਾਂ ਆਗੈ ਜਾਵਹਿਗੇ ਅਰੁ ਜੋ ਈਹਾਂ ਸੁਖ ਕਰਤੇ ਹੈ [[40]] ਪਰਮੇਸਰ ਨਹੀ ਸਿਮਰਤੇ [5]ਉਨ[41] ਕਉ ਐਸੀ ਸਜਾਇ ਮਿਲੈਗੀ ਜੈਸੀ ਕਪੜੇ ਕਉ ਧੋਬੀ ਦੇਤਾ ਹੈ।ਅਰ ਤਿਲਾ ਕਉ ਤੇਲੀ ਦੇਤਾ ਹੈ।[42]ਅਰੁ ਚਕੀ ਦਾਣਿਆ ਕਉ ਦੇਤੀ ਹੈ। ਐਸੀ ਸਜਾਇ ਪਾਵਹਿਗੇ[42] ਅਰ ਨਰਕ ਕੁੰਡੇ **ਮਿਲਹਿਗੇ**[43] ਅਰ ਜੋ ਪਰਮੇਸਰ ਕਉ ਸਿਮਰਤੇ ਹੈ ਅਰੁ ਭਿਖਿਆ ਮੰਗਿ ਮੰਗਿ ਖਾਤੇ ਹੈ ਉਨ ਕਉ ਦਰਗਾਹ ਵਡਿਆਈਆ ਮਿਲਹਿਗੀਆ। ਤਬਿ ਪੰਡਿਤ ਹੈਰਾਨ ਹੋਇ ਗਇਆ। ਕਹਿਓਸੁ ਏਹੁ ਕੋਈ ਵਡਾ ਭਗਤ ਹੈ। ਤਬ ਫਿਰਿ ਪੰਡਿਤ ਕਹਿਆ ਨਾਨਕ ਤੂ ਜੋ ਐਸੀ **ਬਾਤਾ**[44] ਕਰਤਾ ਹੈ ਸੋ ਕਿਉ ਕਰਦਾ ਹੈ। ਅਜੇ ਤਾ ਬਾਲਕ ਹੈ।ਕੁਛੁ ਮਾਤਾ ਪਿਤਾ ਇਸਤ੍ਰੀ ਕੁਟੰਬ ਕਾ ਸੁਖੁ ਦੇਖ ਅਜੇ ਤੇਰਾ ਕਿਥੇ ਓੜਕੁ ਹੈ। ਤਬ ਗੁਰੂ ਨਾਨਕ ਚਉਥੀ ਪਉੜੀ ਕਹੀ।

ਭੈ ਤਿਸਦੇ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥
ਨਾਉ ਜਿਨਾ ਸੁਲਤਾਨ ਖਾਨ ਹੋਦੇ ਦਿਸਨਿ ਖੇਹ॥
ਨਾਨਕ ਓਠੀ ਚਲਿਆ ਸਭਿ ਕੂੜੈ ਤੁਟੈ ਨੇਹ॥੪॥ (ਗੁ.ਗ੍ਰੰ.ਸਾ. ਪੰਨਾ ੧੬.) [[45]]

[46]ਤਿਸ ਕਾ ਪਰਮਾਰਥ[46] ਗੁਰੂ ਨਾਨਕ ਕਹਿਆ।

[47]ਸੁਣੁ[47] ਹੋ ਪੰਡਿਤ ਉਸ ਸਾਹਿਬ ਕਾ ਐਸਾ ਡਰ ਹੈ ਜੋ ਮੇਰੀ ਦੇਹ ਭੈਮਾਨੁ ਹੋਇ ਗਈ ਹੈ ਜੀ ਈਹਾ ਖਾਨ ਸੁਲਤਾਨ ਕਹਾਇਦੇ ਥੇ ਸੋ ਭੀ ਮਰਿ ਖਾਕ ਹੋਇ ਗਏ। ਜਿਨ ਕਾ ਅਮਰ ਮਨੀਤਾ ਥਾ। ਜਿਨਕੈ ਡਰਿ ਪ੍ਰਿਥਮੀ ਭੈਮਾਨ ਹੋਤੀ ਥੀ ਸੋ ਭੀ ਮਰਿ ਗਏ ਸੁਣ ਹੋ ਪੰਡਿਤਾ ਮੈ ਕੂੜਾ ਨੇਹੁ ਕਿਸ ਸੋ ਕਰਉ ਹਮ ਭੀ ਉਠਿ ਜਾਹਿਗੇ [48]ਖਾਕ ਦਰ ਖਾਕ ਹੋਇ ਜਾਹਿਗੇ[48] ਹਮ ਤਿਸਕੀ ਬੰਦਗੀ [[49]] [[50]] ਜੀਅ ਲਏਗਾ ਫਿਰ ਇ [[51]] ਕੂੜਾ ਨੇਹੁ ਕਿਆ ਕਰਹਿ

[39] ਇਹ ਪਾਠ ਏ: ਸ ਵਿਚ ਦਰਜ ਨਹੀਂ
[40] ਅ:ਏ : ਸ :ਆਰੁ
[41] ਅ: ਏ: ਸ :ਤਿਨ
[42] ਹ: ਪਾਠ ਦਰਜ ਨਹੀ
[43] ਏ: ਸ :ਲੇ ਸੁਟਿਅਹਿਗੇ
[44] ਅ:ਏ: ਸ :ਗਲਾ
[45] ਏ : ਜਿਨ ਕਉ ਰਾਮੁ ਰਖੈ ਸੋਈ ਰਹੈ; ਸ: ਜਿਸ ਕਉ ਆਪਿ ਰਾਮੁ ਰਖੈ ਸੋਈ ਰਹੈ
[46] ਇਹ ਪਾਠ ਏ ਵਿਚ ਦਰਜ ਨਹੀਂ
[47] ਇਹ ਪਾਠ ਏ: ਸ ਵਿਚ ਦਰਜ ਨਹੀਂ
[48] ਇਹ ਪਾਠ ਏ:ਸ ਵਿਚ ਦਰਜ ਨਹੀਂ
[49] ਹ: ਕਰਹਿੰਗੇ ਜੋ
[50] ਅ :ਏ: ਸ :ਕੋਈ
[51] ੳ,ਅ, ਏ, ਸ,ਹ: ਸ ਸੰਸਾਰ ਸਉ

ਤਬ ਪੰਡਤਿ ਹੈਰਾਨ ਹੋਇ ਗਇਆ। ਨਮਸਕਾਰੁ ਕੀਤੋਸੁ। ਜੁ ਕੋਈ ਪੂਰਾ ਹੈ ਜੋ [52] ਤੇਰੇ ਆਤਮੈ ਆਉਦੀ ਹੈ ਸੋ ਕਰਿ। ਤਬ ਗੁਰੂ ਬਾਬਾ ਜੀ ਘਰਿ ਆਇ [53]ਕੈ[53] ਬੈਠ ਰਹਿਆ। ਬੋਲਹੁ ਵਾਹਿਗੁਰੂ

[54] ਆਗਿਆ ਪਰਮੇਸਰ ਕੀ ਹੋਈ ਸੋ ਕਿਰਤਿ ਕਿਛੁ ਨ ਕਰੈ ਜੇ ਬੈਠੇ ਤਾ ਬੈਠਾ ਹੀ ਰਹੇ। ਜਾ ਸੋਵੈ ਤਾ ਸੋਇਆ ਹੀ ਰਹੈ ਫਕੀਰ ਨਾਲਿ ਮਜਲਸ ਕਰੈ ਬਾਬਾ ਕਾਲੂ ਹੈਰਾਨ ਹੋਇ ਗਇਆ ਕਹਿਆ ਸੁ ਨਾਨਕ ਤੂੰ ਇਵੈ ਰਹੈ ਤਾ ਕਿ ਹੋਵੈ **[55]**

**ਜਬਿ**[56] ਗੁਰੂ ਨਾਨਕ ਬਰਸਾਂ **ਨਵਾਂ**[57] ਕਾ ਹੋਆ ਤਬਿ ਫਿਰ ਤੋ [58] ਦੇਵਾਨਾ ਹੈ ਜੀ [59] ਇਸ ਦਾ ਕੁਛ ਨਾਹੀ ਉਜੜਿਆ

ਤਬ ਭਟੀ ਕਹਿਆ ਜੀ ਮੇਰਾ ਖੇਤੁ ਉਜੜਿਆ [60]ਹੈ**[60]**, [61]ਮੈ ਮੁਠਾ ਹਾਂ ਮੇਰਾ ਤਉ ਖੇਤ ਉਜੜਿਆ ਹੈ[61]। ਮੇਰਾ ਤਪਾਵਸੁ ਕਰਿ ਨਾਹੀ ਤਾਂ ਮੈਂ ਤੁਰਕਾ ਪਾਸ ਵੈਦਾ ਹਾ। ਤਬ ਗੁਰੂ ਨਾਨਕ ਆਖਿਆ ਦੀਵਾਨ ਸਲਾਮਤਿ ਜੇ ਹਿਕੁ ਪਠਾ [62]ਰੁੜਿਕਾ**[62]** ਟੁਕਿਆ ਹੋਵੈ ਤਾਂ [63]ਜਬਾਬੁ ਕਰਣਾ ਪਰੁ**[63]** ਤੁਸੀ ਆਪਣਾ ਆਦਮੀ

---

[52] ੲ :ਕੋਈ

[53] ਇਹ ਪਾਠ ੲ: ਸ ਵਿਚ ਦਰਜ ਨਹੀਂ

[54] ਹ:ੜ.ਕੁੜਮਾਈ,ਵਿਆਹ

[55] ੲ :ਇਵੈ ਕਿਵੈ ਗੁਰੂ ਨਾਨਕ ਰਹੈ।ਅਤੇ ਆਤਮੈ ਵਿਚ ਉਦਾਸੁ ਰਹੈ।ਸ ਏਵੈ ਕਿਵੈ ਨਾਨਕ ਰਹੈ

[56] ੲ:ਸ :ਤਬ

[57] ੲ: ਸ :ਸਤਾ

[58] ਹ: ਤੋਰਕੀ ਪੜ੍ਹਨ ਪਾਇਆ।ਵਤ ਘਰਿ ਬਹਿ ਗਇਆ ਦਿਲ ਦੀ ਖ਼ਬਰ ਗਲ ਕਿਸੈ ਨਾਲ ਕਰੈ ਨਾਹੀਂ। ਤਬ ਕਾਲੂ ਨੂੰ ਲੋਕਾਂ ਆਖਿਆ 'ਕਾਲੂ! ਇਸਦਾ ਵਿਵਾਹ ਕਰ'।ਤਬ ਕਾਲੂ ਉਠ ਖੜਾ ਹੋਇਆ ਚਿਤਵਨੀ ਕੀਤੀਆਸੁ ਜੋ ਕਿਵੇ ਕੁੜਮਾਈ ਹੋਵੈ।ਤਦ ਮੂਲਾ ਖੱਤ੍ਰੀ ਜਾਤਿ ਚੋਣਾ ਤਿਸਦੇ ਘਰ ਕੁੜਮਾਈ ਹੋਈ।ਤਾਂ ਬਾਬਾ ਬਰਸਾਂ ਬਾਰਾਂ ਕਾ ਹੋਇਆ ਤਬ ਵੀਵਾਹਿਆ । ਬਾਬਾ ਲੱਗਾ ਸੰਸਾਰ ਕੀ ਕਿਰਤ ਕਰਣ, ਪਰ ਚਿਤ ਕਿਸੈ ਨਾਲ ਲਾਏ ਨਾਹੀਂ, ਘਰ ਦੀ ਖ਼ਬਰ ਲਏ ਨਾਹੀਂ, ਘਰ ਦੇ ਆਦਮੀ ਆਖਣ: ਜੋ ਅੱਜ ਕਲ ਫ਼ਕੀਰਾਂ ਨਾਲ ਉਠ ਜਾਂਦਾ ਹੈ'। ਬੋਲੋ ਵਾਹਿਗੁਰੂ।ਖੇਤ ਹਰਿਆ ਤਬ ਆਗਿਆ ਪਰਮੇਸਰ ਕੀ ਹੋਈ, ਜੋ ਇਕ ਦਿਨ ਕਾਲੂ ਕਹਿਆ: 'ਨਾਨਕ ਇਹ ਘਰ ਦੀਆਂ ਮਹੀਂ ਹਨ ਤੂੰ ਚਾਰ ਲੈ ਆਉ'। ਤਬ ਗੁਰੂ ਨਾਨਕ ਮਹੀਂ ਲੈ ਕਰ ਬਾਹਰ ਗਿਆ ਤਾਂ ਚਰਾਇ ਲੈ ਆਇਆ। ਫਿਰ ਅਗਲੇ ਦਿਨ ਗਇਆ ਤਾਂ ਮਹੀਂ ਛੱਡਕੇ ਕਣਕ ਦੇ ਬੰਨੇ ਪੈ ਸੁੱਤਾ, ਤਬ ਮਹੀਂ ਜਾਇ ਕਣਕ ਨੂੰ ਪਈਆਂ, ਤਬ ਕਣਕ ਉਜਾੜ ਦੂਰ ਕੀਤੀ। ਤਬ ਇਕ ਭੱਟੀ ਥਾ ਕਣਕ ਦਾ ਖਾਂਵਦ । ਉਹ ਆਇ ਗਇਆ; ਉਨ ਭੱਟੀ ਕਹਿਆ: 'ਭਾਈ ਵੇ! ਤੂੰ ਜੋ ਖੇਤ ਉਜਾੜਿਆ ਹੈ, ਸੋ ਕਿਉ ਉਜਾੜਿਆ ਹੈ? ਇਸ ਉਜਾੜੇ ਜਵਾਬ ਦੇਹ'। ਤਬ ਗੁਰੂ ਨਾਨਕ ਕਹਿਆ 'ਭਾਈ ਵੇ! ਤੇਰਾ ਕਿਛੁ ਨਾਹੀਂ ਉਜਾੜਿਆ! ਕਿਆ ਹੋਇਆ ਜਿ ਕਿਸੈ ਮਹੀਂ ਮੂੰਹ ਪਾਇਆ? ਖ਼ੁਦਾਇ ਇਸੈ ਵਿਚ ਬਰਕਤ ਘੱਤਸੀ'। ਤਾਂ ਭੀ ਉਹ ਰਹੈ ਨਾਹੀ, ਗੁਰੂ ਨਾਨਕ ਨਾਲ ਲੱਗਾ ਲੜਨ । ਤਬ ਗੁਰੂ ਨਾਨਕ ਅਤੇ ਭੱਟੀ ਝਗੜਦੇ ਝਗੜਦੇ ਰਾਇ ਬੁਲਾਰ ਪਾਸ ਆਇ ਖੜੇ ਹੋਏ, ਤਬ ਰਾਇ ਬੁਲਾਰ ਕਹਿਆ:

[59]ਹ: ਤੁਸੀਂ ਕਾਲੂ ਨੂੰ ਸਦਾਵਹੁ'। ਤਬ ਕਾਲੂ ਨੂੰ ਸਦਾਇਆ। ਤਬ ਰਾਇ ਬੁਲਾਰ ਆਖਿਆ: 'ਕਾਲੂ ਇਸ ਪੁਤ੍ਰ ਨੂੰ ਸਮਝਾਇਦਾ ਕਿਉਂ ਨਾਂਹੀ, ਜੋ ਪਰਾਈ ਖੇਤੀ ਉਜਾੜ ਆਇਆ ਹੈ? ਭਲਾ ਦਿਵਾਨਾ ਕਰ ਛਡਿਆ ਆਹੀ । ਭਾਈ ਵੇ! ਏਹ ਉਜਾੜਾ ਜਾਇ ਭਰ ਦੇਹ, ਨਾਹੀ ਤਾਂ ਤੁਰਕਾਂ ਪਾਸ ਜਾਇ ਖੜਾ ਹੋਸੀਆ'।ਤਬ ਕਾਲੂ ਕਹਿਆ, 'ਜੀ ਮੈਂ ਕਿਆ ਕਰੀਂ? ਏਹ ਅਜੈ ਭੀ ਦਿਵਾਨਾ ਫਿਰਦਾ ਹੈ'। ਤਬ ਰਾਇ ਬੁਲਾਰ ਆਖਿਆ, 'ਮੈਂ ਤੇਰੇ ਤਾਈਂ ਗੁਨਾਹ ਬਖਸ਼ਿਆ, ਪਰ ਤੂੰ ਇਸਦਾ ਉਜਾੜਾ ਭਰ ਦੇਹ'। ਤਬਿ ਨਾਨਕੁ ਮਹੀਨੇ ਤਿੰਨ ਤਾਈ ਖਾਵੈ ਪੀਵੈ ਕਿਛੁ ਨਾਹੀ । ਤਬ ਗੁਰੂ ਨਾਨਕ ਆਖਿਆ: 'ਜਾਇ ਦੇਖਹੁ,

[60] ਇਹ ਪਾਠ ੲ ਵਿਚ ਦਰਜ ਨਹੀਂ ਹੈ

[61] ਹ: ਪਾਠ ਦਰਜ ਨਹੀਂ

[62] ਇਹ ਪਾਠ ਅ:ੲ: ਸ ਵਿਚ ਦਰਜ ਨਹੀਂ ਹੈ

[63] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਭੇਜਿ ਕਰਿ ਦੇਖਹੁ। ਤਬਿ ਰਾਇ ਬੁਲਾਰ ਆਪਣੇ ਪਿਆਦੇ ਭੇਜੇ ਜੋ ਊਹਾ ਆਦਮੀ **ਜਾਵਨਿ[64]** ਤਾ [[65]] ਇਕ ਪਠਾ [66]ਖੇਤੀ ਦਾ ਉਜੜਿਆ**[66]** [**[67]**] ਨਾਹੀ [**[68]**]। ਤਬ ਬਾਬੇ ਸਬਦ [[69]] ਕੀਤਾ।

ਰਾਗੁ ਸੂਹੀ ਮ: ੧

ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ॥
ਤਪੀਆ ਹੋਵੈ ਤਪੁ ਕਰੈ ਤੀਰਥ ਮਲਿ ਮਿਲਿ ਨਾਇ॥੧॥
ਤੇਰਾ ਸਦੜਾ ਸੁਣੀਜੈ ਵਾਰੀ ਜੇ ਕੋ ਬਹੇ ਅਲਾਇ॥੧॥ ਰਹਾਉ॥
ਜੇਹਾ ਬੀਜੈ ਸੋ ਲੁਣੈ ਜੋ ਖਟੇ ਸੋ ਖਾਇ॥
ਅਗੈ ਪੁਛਿ ਨ ਹੋਵਹੀ ਜੇ ਸਣੁ ਨੀਸਾਣਾ ਜਾਇ॥੨॥
ਜੈਸੋ ਤੈਸਾ ਕਾਢੀਐ ਜੈਸੀ ਕਾਰ ਕਮਾਇ॥
ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ॥੩॥
ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ॥
ਨਾਨਕ ਕੰਮਿ ਨਾ ਆਵਈ ਜਿਤੁ ਤਨਿ ਨਹੀ ਹਰਿ ਕਾ ਨਾਉ॥੪॥ **(ਗੁ.ਗ੍ਰੰ.ਸਾ.ਪੰਨਾ-730)**

ਤਬਿ ਰਾਇ ਬੁਲਾਰ ਉਸ ਭੱਟੀ ਕਉ ਝੂਠਾ ਕੀਤਾ। ਗੁਰੂ ਨਾਨਕੁ ਅਤੈ ਕਾਲੂ ਦੋਵੈ ਘਰਿ ਆਏ।।[70]॥ *ਤਬਿ ਆਗਿਆ ਪਰਮੇਸਰ ਕੀ ਹੋਈ ਜੋ ਗੁਰੂ ਨਾਨਕ ਦੇ ਘਰਿ ਦੁਇ ਬੇਟੇ ਹੋਏ। ਲਖਮੀਦਾਸ ਤੈ ਸਿਰੀ ਚੰਦੁ ਪਰੁ ਬਾਬੇ ਦੀ ਉਦਾਸੀ ਮਿਟੈ ਨਾਹੀ। ਗੁਰੂ ਨਾਨਕ ਰੁਖੀ ਬਿਰਖੀ ਜਾਇ ਉਦਾਸੁ ਰਹੈ ਤਬਿ ਇਕ ਦਿਨ ਗੁਰੂ ਬਾਬਾ ਨਾਨਕ ਜੀ ਜਾਇ ਕਰ ਬਾਗ ਵਿਚਿ ਸੁਤਾ। ਫਿਰ ਦਿਨੁ ਲਥਾ ਉਠੈ ਨਾਹੀ। ਤਬ ਰਾਇ ਬੁਲਾਰ [71]ਦੇਵ**[71]** ਭਟੀ ਸਿਕਾਰ **ਚੜਿਆ[72]** ਥਾ ਆਉਦਾ ਆਉਦਾ ਜਾ ਬਾਗ ਵਿਚ ਆਵੈ ਤਾ ਕੋਈ ਦਰਖਤ ਹੇਠਿ ਸੁਤਾ ਪਇਆ ਹੈ। ਪਰੁ ਜਾ ਦੇਖੈ ਤਾ ਹੋਰਨਾ ਦਰਖਤਾ [[73]] ਦਾ ਪਾਛਾਵਾ ਖੜਾ ਹੈ ਤਬ ਰਾਇ ਬੁਲਾਰ ਆਖਿਆ ਇਸਨੂੰ ਜਗਾਇਹੁ । ਜਬ **ਉਠਾਇਆ[74]** ਤਾ [[75]] ਕਾਲੂ ਦਾ ਪੂਤ ਹੈ। ਤਬਿ ਰਾਇ ਬੁਲਾਰ ਆਖਿਆ ਯਾਰੋ ਕੱਲ ਵਾਲੀ ਭੀ ਗਲਿ ਡਿਠੀ [76]ਹੈ[76]। ਅਰੁ ਏਹੁ ਭੀ ਦੇਖਹੁ ਏਹੁ ਖਾਲੀ ਨਾਹੀ ਤਬਿ ਰਾਇ ਬੁਲਾਰ ਭਟੀ ਘਰ ਆਇਆ। ਆਇ ਕਰਿ ਕਾਲੂ ਨੂ ਸਦਾਇਓਸੁ। ਅਰੁ ਆਖਿਓਸੁ। ਕਾਲੂ ਮਤੁ ਇਸੁ ਪੁਤ੍ਰ ਨੋ ਫਿਟੁ ਮਾਰ

[64] ਅ: ਜਾ ਉਹ ਆਦਮੀ ਜਾਇ ਦੇਖਣ; ਏ : ਜਾ ਉਹ ਜਾਇ ਦੇਖਨ; ਸ : ਜਾ ਉਹੁ ਦੇਖਨਿ
[65] ਹ: ਖੇਤੀ ਸਬੂਤ ਖੜੀ ਹੈ
[66] ਇਹ ਪਾਠ ਅ, ਸ ਵਿਚ ਦਰਜ ਨਹੀਂ ਹੈ
[67] ਸ : ਭੀ
[68] ਅ: ਸ :ਟੁਕਿਆ
[69] ਹ: ਉਚਾਰਣ
[70] ਹ : ਪ. ਬ੍ਰਿਛ ਦੀ ਛਾਂ ਨਾ ਫਿਰੀ
[71] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[72] ੲ : ਸ : ਗਇਆ
[73] ੳ:ਅ:ੲ:ਸ:ਹ: ਦੀ ਛਾਇਆ ਚਲਿ ਗਈ ਹੈ, ਅਰ ਇਸੁ ਦਰਖਤ
[74] ਅ: ਉਠਾਲਨ, ੲ : ਸ : ਉਠਿਆ
[75] ੲ:ਸ: ਦੇਖੈ
[76] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਦੇਦਾ ਹੋਵੈ ਏਹੁ ਮਹਾਪੁਰਖ ਹੈ। [77]ਇਸ ਦਾ ਸਦਕਾ ਮੇਰਾ ਸਹਰੁ ਵਸਦਾ ਹੈ[77] ।ਕਾਲੂ ਤੂ ਭੀ ਨਿਹਾਲੁ ਹੋਆ [[78]] ਅਤੇ ਮੈ ਭੀ ਨਿਹਾਲੁ ਹਾਂ। ਜਿਸ ਦੇ ਸਹਰ ਵਿਚਿ ਏਹ ਪੈਦਾ ਹੋਇਆ ਹੈ ਤਬਿ ਕਾਲੂ ਆਖਿਆ ਜੀ ਖੁਦਾਇ ਦੀਆ ਖੁਦਾਇ [79]ਹੀ[79] ਜਾਣੈ ਕਾਲੂ ਘਰਿ ਆਇਆ।[[80]] ਤਬਿ ਗੁਰੂ ਨਾਨਕ ਫਕੀਰਾ ਨਾਲਿ ਮਜਲਸਿ ਕਰੈ। ਹੋਰੁ ਕਿਸੈ ਨਾਲਿ ਗਲ ਕਰੈ ਨਾਹੀ। ਤਬ [[81]] ਸਭੁ ਪਰਵਾਰੁ ਦੁਖਿਆ। ਆਖਨਿ ਜੋ ਏਹੁ ਕਮਲਾ ਹੋਆ ਹੈ ਤਬਿ ਗੁਰੂ ਨਾਨਕ ਜੀ ਕੀ ਮਾਤਾ ਆਈ। ਉਸਿ ਆਖਿਆ ਬੇਟਾ ਤੁਧੁ ਫਕੀਰਾ ਨਾਲਿ ਬੈਠਿਆ ਸਰਦੀ ਨਾਹੀ। ਤੈਨੋ ਘਰੁ ਬਾਰੁ ਹੋਇਆ [82]ਧੀਆਂ ਪੁਤ੍ਰ ਹੋਏ[82] [[83]] ਰੁਜਗਾਰ ਭੀ ਕਰਿ। ਨਿਤ ਨਿਤ **ਭਲੇਰੀਆਂ**[84] ਗਲਾ ਛਡਿ। ਅਸਾ ਨੂ ਲੋਕ ਹਸਦੇ ਹੈਨਿ ਜੁ ਕਾਲੂ ਦਾ ਪੁਤ੍ਰ ਮਾਖੁਟੂ ਹੋਆ ਹੈ। ਜਾ ਏਹੁ ਗਲਾ ਮਾਤਾ ਆਖੀਆ। ਪਰੁ ਗੁਰੂ ਨਾਨਕ ਦੇ ਦਿਲਿ ਕਾਈ ਲਗੀਆ ਨਾਹੀ। ਫਿਕਰਵਾਨ ਹੋਇ ਕਰਿ ਪੈ ਰਹਿਆ। [[85]] ਜਿਉ ਪਇਆ ਤਿਉ ਦਿਹਾੜੇ [86]ਚਾਰਿ[86] ਗੁਜਰਿ ਗਏ। ਜਾ ਮਲਿ ਚੁਕੀ ਤਾ ਬਾਬੇ ਦੀ ਇਸਤ੍ਰੀ ਸਸੁ ਪਾਸਿ ਆਈ। ਉਨਿ ਆਖਿਆ ਸਸੁ ਤੂ ਕਿਆ ਬੈਠੀ ਹੈ। ਜਿਸ ਦਾ ਪੁਤ੍ਰ ਪਇਆ ਚਉਥਾ ਦਿਹਾੜਾ ਹੋਇਆ ਹੈ। ਖਾਦਾ ਪੀਦਾ ਕਿਛੁ ਨਾਹੀ ਤਬ ਮਾਤਾ ਆਈ ਉਨਿ ਆਖਿਆ ਬੇਟਾ ਤੁਧ ਪਇਆ ਬਣਦੀ ਨਾਹੀ ਕੁਛੁ ਖਾਹਿ ਪੀਉ ਖੇਤੀ ਪਤੀ ਦੀ ਖਬਰ ਸਾਰਿ ਲਹੁ ਕਿਛੁ ਰੁਜਗਾਰ ਦੀ ਖਬਰਿ ਲਹੁ। ਤੇਰਾ ਸਭ ਕੁਟੰਬ ਦਿਲਗੀਰ [[87]] ਹੈ।ਅਤੈ ਬੇਟਾ ਜੋ ਤੁਧੁ ਨਾਹੀ ਭਾਵਦਾ **ਸੁ**[88] ਨਾ ਕਰਿ ਅਸੀ ਤੈਨੋ ਕਿਛੁ ਨਹੀ ਆਖਦੇ ਤੂ ਫਿਕਰਵਾਨ ਕਿਓ ਹੈ। ਤਬ ਕਾਲੂ ਨੂੰ ਖਬਰਿ ਹੋਈ [89]ਤਾ[89] ਕਾਲੂ [90]ਆਇਆ[90] ਆਖਿਆ ਬਚਾ ਅਸੀ ਤੈਨੂ ਕਿ ਆਖਦੇ ਹਾਂ। ਪਰੁ ਰੁਜਗਾਰੁ ਕੀਤਾ ਭਲਾ ਹੈ। ਜੇ ਖੱਤ੍ਰੀਆ ਦਿਆ ਪੁਤ੍ਰਾ ਪਾਸਿ ਪੰਜੀਹੇ ਹੋਦੇ ਹੈਨਿ ਤਾ ਰੁਜਗਾਰੁ ਕਰਦੇ **ਹੈਨਿ**[91] ।[[92]]ਰੁਜਗਾਰੁ ਕੀਤਾ ਭਲਾ ਹੈ ਬੇਟਾ ਅਸਾਡੀ ਖੇਤੀ ਬਾਹਰਿ ਪਕੀ ਖੜੀ ਹੈ **ਅਰੁ**[93] ਤੂ ਉਜਾੜ ਨਾਹੀ [94]ਕਿਉ ਜਿ ਵਿਚਿ ਖਲਾ ਹੋਵੈ ਤਾ[94] **ਆਖਿਨਿ**[95] ਜੋ ਕਾਲੂ ਦਾ ਪੁਤ੍ਰ ਭਲਾ ਹੋਆ ਹੈ। ਬੇਟਾ

---

[77] ਇਹ ਪਾਠ ੲ ਵਿਚ ਦਰਜ ਨਹੀਂ ਹੈ
[78] ਅ : ਸ : ਹੈ
[79] ਇਹ ਪਾਠ ਅ:ੲ: ਸ ਵਿਚ ਦਰਜ ਨਹੀਂ ਹੈ
[80] ਹ: 6. ਖੇਤੀ, ਵਣਜ, ਸਉਦਾਗਰੀ, ਚਾਕਰੀ
[81] ੲ : ਫਿਰਿ
[82] ਇਹ ਪਾਠ ਅ ਵਿਚ ਦਰਜ ਨਹੀਂ ਹੈ
[83] ਅ:ੲ: ਸ : ਕੁਛੁ
[84] ੲ : ਕਮਲਿਆਂ
[85] ਅ:ੲ : ਸ : ਬੋਲੈ ਕਿਸੇ ਨਾਲ ਨਾਹੀ
[86] ਇਹ ਪਾਠ ੲ ਵਿਚ ਦਰਜ ਨਹੀਂ ਹੈ
[87] ਅ:ਸ : ਰਹਦਾ
[88] ਅ:ੲ: ਸ :ਤਾਂ
[89] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[90] ਇਹ ਪਾਠ ਅ:ੲ: ਸ ਵਿਚ ਦਰਜ ਨਹੀਂ ਹੈ
[91] ਸ :ਨਾਹੀ
[92] ਸ :ਬਚਾ
[93] ਅ:ੲ: ਸ :ਉਹੁ
[94] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[95] ੲ :ਕਿਵਹਿ: ਸ :ਕਿਵਹੁ

ਖੇਤੀ ਖਸਮਾ ਸੇਤੀ। ਤਾ ਗੁਰੂ ਨਾਨਕ ਬੋਲਿਆ ਪਿਤਾ ਜੀ ਅਸੀ ਨਵੇਕਲੀ ਖੇਤੀ ਵਾਹੀ ਹੈ। ਸੋ ਅਸੀ ਤਕਰੀ ਰਖਦੇ ਹਾਂ ਅਸਾਂ ਹਲੁ ਵਾਹਿਆ ਹੈ ਬੀਉ ਪਾਇਆ ਹੈ **ਵਾੜਿ**[96] ਕੀਤੀ ਹੈ ਅਠੇ ਪਹਿਰ ਖੜੇ **ਰਖਦੇ**[97] ਹਾ। ਪਿਤਾ ਜੀ ਅਸੀ ਆਪਣੀ ਖੇਤ੍ਰੀ ਸਭਾਲਿ ਸੰਘਦੇ ਨਾਹੀ ਪਰਾਈ ਦੀ ਸਾਰਿ ਕਿਆ ਜਾਣਹਿ।ਤਬਿ ਕਾਲੂ ਹੈਰਾਨ ਹੋਇ ਰਹਿਆ। ਆਖਿਆਸੁ ਵੇਖਹੁ ਲੋਕੋ ਇਹੁ ਕਿਆ ਆਖਦਾ ਹੈ। ਤਬਿ ਕਾਲੂ ਆਖਿਆ ਤੈ ਨਵੇਕਲੀ ਖੇਤੀ ਕਦਿ ਵਾਹੀ ਹੈ ਕਮਲੀਆ ਗਲਾਂ ਛਡਿ ਅਗੈ ਅਗੈਰੇ ਪਰੁ ਜੇ ਤੁਧੁ ਭਾਵਸੀ ਤਾਂ ਅਗਲੀ ਫਸਲੀ ਤੈਨੂ ਨਵੇਕਲੀ ਖੇਤੀ ਵਾਹਿ ਦੇਸਾ ਹੇ। ਦਿਖਾ ਤੂ ਕਿਉ ਕਰਿ ਪਕਾਇ ਖਾਵਸੀ । ਤਬਿ ਗੁਰੂ ਨਾਨਕ ਆਖਿਆ ਪਿਤਾ ਜੀ ਅਸਾ ਖੇਤੀ ਹੁਣਿ ਵਾਹੀ ਹੈ।ਅਤੇ ਭਲੀ ਜੰਮੀ ਹੈ। ਦਿਸਣਿ ਪਾਸਣਿ ਭਲੀ ਹੈ। ਤਬਿ ਕਾਲੂ ਆਖਿਆ ਬਚਾ ਅਸਾ ਤੇਰੀ ਖੇਤੀ ਡਿਠੀ ਕਾਈ ਨਾਹੀ। ਤੂ ਕਿਆ ਆਖਦਾ ਹੈ। ਤਬਿ ਗੁਰੂ ਨਾਨਕ ਆਖਿਆ ਪਿਤਾ ਜੀ ਅਸਾ ਏਹੁ ਖੇਤੀ ਵਾਹੀ ਹੈ ਜੋ ਤੂੰ ਸੁਣੇਗਾ ਤਬਿ ਬਾਬੇ ਨਾਨਕ ਇਕੁ ਸਬਦੁ ਉਠਾਇਆ

ਰਾਗੁ ਸੋਰਠਿ ਵਿਚ ਮ:੧ ਸਬਦੁ

ਮਨੁ ਹਾਲੀ ਕਰਣੀ ਕਿਰਸਾਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਾਖੁ ਗਰੀਬੀ ਵੇਸੁ॥
ਭਾਉ ਕਰਮੁ ਕਰਿ ਜੰਮਸੀ ਸੇ ਘਰ ਭਾਗਠ ਵੇਖੁ॥੧॥
ਭੋਲਿਆ ਮਾਇਆ ਸਾਥਿ ਨ ਹੋਇ॥
ਇਨ ਮਾਇਆ ਜਗੁ ਮੋਹਿਆ ਬਿਰਲਾ ਬੂਝੈ ਕੋਇ॥ਰਹਾਉ॥ (ਗੁ.ਗ੍ਰੰ.ਸਾ.ਪੰਨਾ ੫੯੫)

[98] ਤਬਿ ਫਿਰ ਬਾਬਾ ਬੋਲਿਆ। ਆਖਿਓਸੁ ਪਿਤਾ ਜੀ ਅਸਾਡੀ ਖੇਤੀ ਬੀਜੀ ਸੁਣੀਆ ਜੀ ਪਿਤਾ ਜੀ ਅਸਾਡੀ ਖੇਤੀ ਬੀਜੀ ਖਰੀ ਜੰਮੀ ਹੈ ਅਸਾ [99] ਇਸਿ ਖੇਤੀ ਦਾ ਇਤਨਾ ਆਸਰਾ ਹੈ ਜੋ ਹਾਸਲੁ ਦੀਵਾਨ ਕਾ [100]ਸਭੁ[100] ਉਤਰੇਗਾ ਤਲਬ ਕੋਈ ਨਾ ਕਰੇਗਾ ਪੁਤ੍ਰ ਧੀਆ ਸੁਖਾਲੇ ਹੋਵਨਿਗੇ ਅਤੈ ਫਕੀਰ ਭਿਰਾਉ ਭਾਈ ਸਭ ਕੋਈ ਵਰਸਾਵੈਗਾ। ਜਿਸੁ ਸਾਹਿਬ ਦੀ ਮੈ ਕਿਰਸਾਣੀ ਵਾਹੀ ਹੈ ਸੋ ਮੇਰਾ ਬਹੁਤ ਖਸਮਾਨਾ ਕਰਦਾ ਹੈ। ਜਿਸ ਦਿਨ ਦੀ ਉਸ ਦੇ ਨਾਲਿ ਬਣਿ ਆਈ ਹੈ ਤਿਸ ਦਿਨ ਦਾ ਬਹੁਤ ਖੁਸੀ ਰਹਦਾ ਹਾ ਜੋ ਕਿਛੁ ਮੰਗਦਾ ਹਾ ਸੋ

---

[96] ਅ:ਏ :ਸ: ਵਤ੍ਰ

[97] ੲ:ਸ : ਰਹਦੇ

[98] ੳ: ਅ: ੲ: ਸ: ਹ: ਤਬ ਫੇਰ ਕਾਲੂ ਬੋਲਿਆ, 'ਬੱਚਾ! ਤੂ ਹੱਟ ਬਹੁ, ਅਸਾਡੀ ਭੀ ਹੱਟ ਹੈ'। ਤਬ ਫੇਰ ਗੁਰੂ ਨਾਨਕ ਜੀ ਦੂਜੀ **ਪਉੜੀ ਆਖੀ** :- ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ॥ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ॥੨॥ਤਬ ਫਿਰ ਕਾਲੂ ਕਹਿਆ, ਬੱਚਾ, ਜੋ ਤੂੰ ਹੱਟ ਨਾਹੀਂ ਬਹਿੰਦਾ, ਤਾਂ ਘੋੜੇ ਲੈ ਕਰ ਸੌਦਾਗਰੀ ਕਰ, ਤੇਰੀ ਆਤਮਾ ਉਦਾਸ ਹੈ, ਪਰ ਤੂੰ ਰੁਜ਼ਗਾਰ ਭੀ ਕਰ, ਅਤੇ ਪ੍ਰਦੇਸ ਭੀ ਦੇਖਿ, ਅਸੀਂ ਆਖਾਂਹੇ ਜੋ ਰੁਜਗਾਰ ਗਇਆ ਹੈ: ਹੁਣ ਆਂਵਦਾ ਹੈ'।'ਤਬ ਗੁਰ ਨਾਨਕ ਜੀ ਤੀਜੀ ਪਉੜੀ ਆਖੀ:-ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥ ਤਬ ਫੇਰ ਕਾਲੂ ਆਖਿਆ: 'ਨਾਨਕ ਤੂ ਅਸਾਥਹੁ ਗਇਆ ਹੈਂ, ਪਰ ਤੂ ਜਾਹਿ ਚਾਕਰੀ ਕਰ।ਦੌਲਤ ਖਾਨ ਕਾ ਮੋਦੀ ਤੇਰਾ ਬਹਿਣੋਈ ਹੈ, ਓਹ ਚਾਕਰੀ ਕਰਦਾ ਹੈ, ਤੂੰ ਭੀ ਜਾਇ ਜੈਰਾਮ ਨਾਲ ਚਾਕਰੀ ਕਰ, ਮਤ ਤੇਰਾ ਆਤਮਾ ਓਥੈ ਟਿਕੈ। ਅਸਾਂ ਤੇਰਾ ਖਟਨ ਛਡਿਆ ਹੈ। ਬੇਟਾ, ਜੇਕਰ ਤੂ ਉਦਾਸ ਹੋਇ ਕਰ ਜਾਸੀ, ਤਾਂ ਸਭ ਕੋਈ ਆਖਸੀ, ਜੋ ਕਾਲੂ ਦਾ ਪੁਤ੍ਰ ਫਕੀਰ ਹੋਇ ਗਇਆ, ਲੋਕ ਮੇਹਣੇ ਦੇਸਨ'। ਤਬ ਗੁਰੂ ਨਾਨਕ ਜੀ ਪਉੜੀ ਚਉਥੀ ਆਖੀ:- ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥ਬੰਨੁ ਬਦੀਆ ਕਰਿ ਧਾਵਣੀ ਤਾਕੋ ਆਖੈ ਧੰਨੁ॥ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥੪॥੨॥

[99] ੲ : ਨੂ

[100] ਇਹ ਪਾਠ ਅ: ੲ: ਸ ਵਿਚ ਦਰਜ ਨਹੀਂ ਹੈ

ਦੇਦਾ ਹੈ ਪਿਤਾ ਜੀ ਅਸਾ ਏਵਡੁ ਸਾਹਿਬੁ ਟੋਲਿ ਲਧਾ ਹੈ ।ਸਉਦਾਗਰੀ ਚਾਕਰੀ ਹਟੁ ਪਟਣੁ ਸਭ ਸਉਪ ਛਡਿਆ ਹੈਸੁ ਤਬ ਕਾਲੂ ਹੈਰਾਨੁ ਹੋਇ ਗਇਆ ਅਖਿਓਸੁ ਬੇਟਾ ਤੇਰਾ ਸਾਹਿਬ ਅਸਾ ਡਿਠਾ ਸੁਣਿਆ [101]ਕਿਛੁ[101] ਨਾਹੀ। ਤਬਿ ਗੁਰੂ ਬਾਬੇ ਨਾਨਕ ਆਖਿਆ [102]ਪਿਤਾ ਜੀ[102] ਜਿਨਾ ਮੇਰਾ ਸਾਹਿਬੁ ਡਿਠਾ ਹੈ ਤਿਨਾ ਸਲਾਹਿਆ ਹੈ ਤਬ ਗੁਰੂ ਨਾਨਕ ਹਿਕੁ ਸਬਦੁ ਉਠਾਇਆ

ਰਾਗੁ ਆਸਾ ਵਿਚਿ ਮ:੧ [[103]]

ਸੁਣਿ ਵਡਾ ਆਖੇ ਸਭ ਕੋਇ॥
ਕੇਵਡੁ ਵਡਾ ਡੀਠਾ ਹੋਇ॥
ਕੀਮਤਿ ਪਾਇ ਨ ਕਹਿਆ ਜਾਇ॥
ਕਹਣੈ ਵਾਲੇ ਤੇਰੇ ਰਹੇ ਸਮਾਇ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ ਰਹਾਉ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
ਸਭਿ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰ ਹਾਈ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ॥
ਸਿਧਾ ਪੁਰਖਾ ਕੀਆ ਵਡਿਆਈਆ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥
ਆਖਣ ਵਾਲਾ ਕਿਆ ਵੇਚਾਰਾ॥
ਸਿਫਤੀ ਭਰੇ ਤੇਰੇ ਭੰਡਾਰਾ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥
ਨਾਨਕ ਸਚੁ ਸਵਾਰਣ ਹਾਰਾ॥੪॥੧॥ (ਗੁ.ਗ੍ਰੰ.ਸਾ. ਪੰਨੇ ੩੪੮-੪੯.)

ਤਬਿ ਫਿਰਿ ਕਾਲੂ ਕਹਿਆ ਏਹ ਗਲਾ ਛਡਿ ਲੋਕਾ ਦਾ ਮਾਰਗੁ ਪਕੜੁ। ਕਿਰਤਿ ਬਿਨਾ ਜੀਵਣੁ ਥੋੜਾ ਹੈ। ਤਬਿ ਫਿਰਿ ਬਾਬਾ ਨਾਨਕ ਚੁਪ ਕਰ ਰਹਿਆ। ਕਾਲੂ ਉਠ ਗਇਆ ਜਾਇ [104]ਕਿਰਤਿ ਲਗਾ[104]। ਆਖਿਓਸੁ ਏਹੁ ਅਸਾਡੇ ਕੰਮਹੁ ਕਾਜਹੁ ਗਇਆ। ਪਰੁ ਬਾਹਰਹੁ ਖੇਤੀ ਉਜੜੈ ਨਾਹੀ।

[101] ਇਹ ਪਾਠ ਅ: ੲ: ਸ ਵਿਚ ਦਰਜ ਨਹੀਂ ਹੈ
[102] ਇਹ ਪਾਠ ਅ: ੲ: ਸ ਵਿਚ ਦਰਜ ਨਹੀਂ ਹੈ
[103] ਹ: ਚਉਪਦੇ ਘਰੁ ੨
[104] ਇਹ ਪਾਠ ਅ ਵਿਚ ਦਰਜ ਨਹੀਂ ਹੈ

ਤਬਿ ਮਾਤਾ ਆਈ ਆਇ ਕਰਿ ਲਗੀ ਉਪਦੇਸਨਿ।ਆਖਿਓਸੁ ਬੇਟਾ ਤੂ ਚਾਰਿ ਦਿਨਿ ਨਾਮੁ ਵਿਸਾਰਿ ਦੇਹਿ ਅਤੇ ਉਠਿ ਖੜਾ ਹੋਹੁ। ਕਪੜੇ ਲਾਇ [105] ਗਲੀ ਕੂਚੇ ਫਿਰਿ ਜੋ ਲੋਕਾ ਦਾ ਵਿਸਾਹੁ ਹੋਵੈ ਸਭ ਕੋਈ ਆਖੈ ਜੋ ਕਾਲੂ ਦਾ ਪੁਤ੍ਰ ਚੰਗਾ ਹੋਆ ਤਬਿ ਬਾਬਾ ਬੋਲਿਆ। ਸਬਦੁ।[106]

ਆਖਾ ਜੀਵਾ ਵਿਸਰੈ ਮਰਿ ਜਾਉ॥
ਆਖਣ ਅਉਖਾ ਸਾਚਾ ਨਾਉ॥
ਸਾਚੇ ਨਾਮ ਕੀ ਲਾਗੈ ਭੂਖ॥
ਉਤੁ ਭੂਖੈ ਖਾਇ ਚਲੀਅਹਿ ਦੂਖੁ॥੧॥
ਸੋ ਕਿਉ ਵਿਸਰੇ ਮੇਰੀ ਮਾਇ॥
ਸਾਚਾ ਸਾਹਿਬੁ ਸਾਚੈ ਨਾਇ॥੧॥ ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ॥
ਆਖਿ ਥਕੇ ਕੀਮਤਿ ਨਹੀ ਪਾਈ॥
ਜੇ ਸਭਿ ਮਿਲਿ ਕੈ ਆਖਣ ਪਾਇ॥
ਵਡਾ ਨ ਹੋਵੈ ਘਾਟਿ ਨ ਜਾਇ॥੨॥
ਨਾ ਓਹੁ ਮਰੈ ਨ ਹੋਵੈ ਸੋਗੁ॥
ਦੇਦਾ ਰਹੈ ਨ ਚੂਕੈ ਭੋਗੁ॥
ਗੁਣੁ ਏਹੋ ਹੋਰੁ ਨਾਹੀ ਕੋਇ॥
ਨਾ ਕੋ ਹੋਆ ਨਾ ਕੋ ਹੋਇ॥੩॥
ਜੇਵਡੁ ਆਪਿ ਤੇਵਡੁ ਤੇਰੀ ਦਾਤਿ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥
ਖਸਮੁ ਵਿਸਾਰਹਿ ਤੇ ਕਮਜਾਤਿ॥
ਨਾਨਕ ਨਾਵੈ ਬਾਝੁ ਸਨਾਤਿ॥੪॥ (ਗੁ.ਗ੍ਰੰ.ਸਾ.ਪੰਨਾ ੩੪੯)

ਤਬਿ ਮਾਤਾ ਉਠਿ ਗਈ ਜਾਇ ਖਬਰਿ ਕੀਤੀ ਪਰਵਾਰ ਵਿਚ। ਤਬ ਸਾਰਾ ਪਰਵਾਰੁ ਸਭੁ ਕੁਟੰਬੁ ਵੇਦੀਆ ਕਾ ਲਾਗਾ ਝੂਰਣਿ। ਆਖਣ ਲਗੇ ਜੋ ਵਡਾ ਹੈਫੁ ਹੋਆ ਜੋ ਕਾਲੂ ਦਾ ਪੁਤ੍ਰ ਦਿਵਾਨਾ ਹੋਆ।[107] ♠ਤਬਿ ਬਾਬਾ ਨਾਨਕੁ ਮਹੀਨੇ ਤਿਨਿ ਤਾਈ ਖਾਵੈ ਪੀਵੈ ਕਿਛੁ ਨਾਹੀ ਸਾਰਾ ਪਰਵਾਰੁ ਵੇਦੀਆ ਕਾ ਓਦਰਿਆ। ਸਭੇ ਲਗੇ ਆਖਣਿ ਕਾਲੂ [108] ਤੂੰ ਕਿਆ ਬੈਠਾ ਹੈ। ਜਿਦਾ ਪੁਤ੍ਰ ਪਇਆ ਹੈ ਤੂ ਕੋਈ ਵੈਦ ਸਦਿ [109]ਲੈ**[109]** ਕਿਛੁ ਦਾਰੂ ਕਰਿ। ਕਿਆ ਜਾਪੇ ਕਥੈ ਦੇ ਓਲੈ ਲਖੁ ਹੈ। ਤੇਰਾ ਪੁਤ੍ਰ ਚੰਗਾ ਹੋਵੈਗਾ। ਤਾਂ ਪੰਜੀਹੇ ਕਿਤਨੇ [110]ਹੀ**[110]**

---

[105] ਸ: ਕਰਿ

[106] ਹ:ਰਾਗੁ ਆਸਾ ਮਹਲਾ ੧

[107] ਹ:੭.ਵੈਦ

[108] ਏ : ਨੋ

[109] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[110] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

ਹੋਵਨਗੇ। ਤਬ ਕਾਲੂ ਉਠਿ ਖਲਾ ਹੋਆ ਜਾਇ ਕਰੁ ਵੈਦੁ ਸਦਿ ਘਿਨਿ ਆਇਆ। ਤਬਿ ਵੈਦੁ ਆਇ ਖੜਾ ਹੋਇਆ [111]ਤਬਿ ਗੁਰੂ ਨਾਨਕ ਬਾਹੁ ਪਕੜਿ ਲਗਾ ਨਾਟਕਾ ਦੇਖਣਿ[111] ਤਬਿ ਗੁਰੂ ਨਾਨਕ ਬਾਹ **ਖਿਚਿ**[112] ਘਿਧੀ ਪਗ ਛਿਕਿ ਕਰਿ ਉਠਿ ਬੈਠਾ। ਆਖਣਿ ਲਗਾ ਰੇ ਵੈਦ ਤੂੰ ਕਿਆ ਕਰਦਾ ਹੈ ਤਬਿ ਵੈਦ ਕਹਿਆ ਜੋ [113]ਕਿਛੁ[113] ਤੇਰੈ ਆਤਮੈ ਰੋਗ ਹੋਵੈ ਸੋ ਵੇਖਦਾ ਹਾਂ। ਤਬ ਬਾਬਾ ਹਸਿਆ ਸਲੋਕ ਦਿਤੋਸ।

ਵੈਦੁ ਬੁਲਾਇਆ ਵੈਦਗੀ, ਪਕੜਿ ਢੰਢੋਲੇ ਬਾਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥੧॥ (ਗੁ.ਗ੍ਰੰ.ਸਾ. ਪੰਨਾ ੧੨੭੯)

ਜਾਹਿ ਵੈਦਾ ਘਰਿ ਆਪਣੈ ਮੇਰੀ ਆਹਿ ਨ ਲੇਹਿ॥
ਹਮ ਰਤੇ ਸਹਿ ਆਪਣੈ ਤੂ ਕਿਸੁ ਦਾਰੂ ਦੇਹਿ॥[114]
**ਵੈਦ ਸੁਵੈਦਾ ਵੈਦੁ ਤੂ ਪਹਿਲਾਂ ਰੋਗੁ ਪਛਾਣੁ॥
ਐਸਾ ਦਾਰੂ ਢੂੰਢਿ ਲਹੁ ਜਿਤੁ ਵੰਞੈ ਰੋਗਾ ਘਾਣਿ॥ (ਮ:੨)
ਦੁਖੁ ਲਾਗੈ ਦਾਰੂ ਘਣਾ ਵੈਦੁ ਖੜੋਆ ਆਇ॥
ਕਾਇਆ ਹੰਸੁ ਪੁਕਾਰੇ ਵੈਦਿ ਨ ਦਾਰੂ ਲਾਇ॥
ਜਾਹਿ ਵੈਦਾ ਘਰਿ ਆਪਣੇ ਜਾਣੇ ਕੋਇ ਮਕੋਇ॥
ਜਿਨਿ ਕਰਤੇ ਦੁਖੁ ਲਾਇਆ ਨਾਨਕ ਲਾਹੈ ਸੋਇ॥੧॥[115]

ਤਬ ਗੁਰੂ ਬਾਬੇ ਫਿਰ ਵੈਦ ਕੈ ਪਰਥਾਇ ਏਕ ਸਬਦਿ ਕੀਤਾ ਰਾਗੁ ਮਲਾਰ ਵਿਚਿ ਮ:੧।ਸਬਦu

ਭੂਲੈ ਵੈਦ ਨਾ ਦਾਰੂ ਲਾਇ॥
ਇਸ ਮਨ ਅਪਨੇ ਕਉ ਮਿਲੈ ਸਜਾਇ॥
ਦਰਦੁ ਹੋਵੈ ਦੁਖ ਰਹੈ ਸਰੀਰੁ॥
ਐਸਾ ਦਾਰੂ ਨਾ ਲਾਗੈ ਬੀਰ॥ਰਹਾਉ॥
ਦੁਖੁ ਬਿਛੋੜਾ ਇਕ ਦੁਖੁ ਭੂਖ॥
ਇਕੁ ਦੂਖ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥
ਵੈਦ ਨ ਭੂਲਿਆ ਦਾਰੂ ਲਾਇ॥੧॥
[116]ਖਸਮੁ ਬਿਸਾਰਿ ਕੀਏ ਰਸ ਭੋਗ॥
ਤਾ ਤਨਿ ਉਠਿ ਖੜੋਏ ਰੋਗ॥
ਮਨ ਅੰਧੇ ਕਉ ਮਿਲੈ ਸਜਾਇ॥

[111] ਇਹ ਪਾਠ ਹ ਵਿਚ ਦਰਜ ਨਹੀਂ
[112] ਅ: ੲ : ਸ : ਛਿਕਿ
[113] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[114] ਇਹ ਗੁਰੂਬਾਣੀ ਨਹੀਂ ਹੈ
[115] ਇਹ ਗੁਰੂਬਾਣੀ ਨਹੀਂ ਹੈ

ਬੈਦ ਨ ਭੋਲੇ ਦਾਰੂ ਲਾਇ॥੨॥

ਚੰਦਨ ਕਾ ਫਲੁ ਚੰਦਨ ਵਾਸੁ॥

ਮਾਣਸ ਕਾ ਫਲੁ ਘਟ ਮਹਿ ਸਾਸੁ॥

ਸਾਸਿ ਗਏ ਕਾਇਆ ਢਲਿ ਪਾਇ॥

ਤਾ ਕੇ ਪਾਛੈ ਕੋਇ ਨ ਖਾਇ॥੩॥

ਕੰਚਨ ਕਾਇਆ ਨਿਰਮਲ ਹੰਸੁ॥

ਤਿਸੁ ਮਹਿ ਨਾਮੁ ਨਿਰੰਜਨ ਅੰਸੁ॥

ਦੂਖ ਰੋਗ ਸਭਿ ਗਏ ਗਵਾਇ॥

ਨਾਨਕ ਛੁਟਸਿ ਸਾਚੈ ਨਾਇ॥੪॥[116] (ਗੁ.ਗ੍ਰੰ.ਸਾ. ਪੰਨਾ ੧੨੪੬)

[[117]] ਤਬਿ ਵੈਦ ਡਰਿ ਹਟਿ ਖੜਾ ਹੋਆ। ਆਖਿਓਸੁ ਭਾਈ ਤੁਸੀ ਚਿੰਤਾ ਕਿਛੁ ਨ ਕਰੋ। ਏਹੁ ਪਰਿ ਦੁਖੁ ਭੰਜਨਹਾਰ ਹੈ।[[118]] ਤਬਿ ਬਾਬੇ ਸਬਦੁ ਉਠਾਇਆ।

ਰਾਗ ਗਉੜੀ ਵਿਚ ਮ:੧

ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮਿ ਆਏ॥

ਅਗਨਿ ਬਿੰਬ ਜਲ ਭਤਿਰਿ ਨਿਪਜੇ ਕਾਹੇ ਉਪਾਇ॥੧॥

ਮੇਰੇ ਸਾਹਿਬਾ ਕਵਣ ਜਾਣੈ ਗੁਣ ਤੇਰੇ॥

ਕਹੇ ਨ ਜਾਈ ਅਵਗਣ ਮੇਰੇ॥੧॥ਰਹਾਉ॥

ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥

ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥੨॥

ਹਟ ਪਟਣ ਬ੍ਰਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥

ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥੩॥

ਤਟ ਤੀਰਥ ਹਮਿ ਨਵ ਖੰਡ ਦੇਖੇ ਹਟ ਪਟਣ ਬਾਜਾਰਾ॥

ਲੈ ਕੇ ਤਕੜੀ ਤੋਲਣਿ ਜਬ ਲਾਗਾ ਘਟਿ ਹੀ ਮਹਿ ਵਣਜਾਰਾ॥੪॥

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਵਗਣ ਹਮਾਰੇ॥

ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥੫॥

ਜੀਅੜੇ ਆਸਨਿ ਸਭ ਬਰੋਬਰਿ ਤੁਧੁ ਭੀਤਰਿ ਵਗੈ ਕਾਤੀ॥

---

[116] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[117] ਓ, ਅ ,ਏ, ਸ, ਹ : ਮਿਲਾਰ ਮਹਲਾ ੧ ਦੁਖ ਮਹੁਰਾ ਮਾਰਣ ਹਰਿ ਨਾਮੁ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ॥ ਨਿਤ ਨਿਤ ਲੇਹੁ ਨ ਛੀਜੈ ਦੇਹ॥ ਅੰਤ ਕਾਲਿ ਜਮੁ ਮਾਰੇ ਠੇਹ॥੧॥ ਐਸਾ ਦਾਰੂ ਖਾਹਿ ਗਵਾਰ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ॥੧॥ਰਹਾਉ॥ ਰਾਜੁ ਮਾਲੁ ਜੋਬਨੁ ਸਭ ਛਾਂਵ॥ ਰਥਿ ਫਿਰੰਦੈ ਦਸਿਹਿ ਥਾਵ॥ ਦੇਹ ਨ ਨਾਉ ਨ ਹੋਵੈ ਜਾਤਿ॥ ਓਥੈ ਦਿਹੁ ਐਥੈ ਸਭ ਰਾਤਿ॥੨॥ ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ॥ ਹੋਮ ਜਗ ਅਰੁ ਪਾਠ ਪੁਰਾਣ॥ ਜੋ ਤਿਸੁ ਭਾਵੈ ਸੋ ਪਰਵਾਣ॥੩॥ ਤਪੁ ਕਾਗਦੁ ਤੇਰਾ ਨਾਮੁ ਨੀਸਾਨੁ॥ ਜਿਨ ਕਉ ਲਿਖਿਆ ਏਹੁ ਨਿਧਾਨੁ॥ ਸੇ ਧਨਵੰਤ ਦਿਸਹਿ ਘਰਿ ਜਾਇ॥ ਨਾਨਕ ਜਨਨੀ ਧੰਨੀ ਮਾਇ॥੪॥

[118] ਏ , ਸ: ਤਬ ਵੈਦੁ ਨਮਸਕਾਰੁ ਕਰਿ ਕੈ ਵਿਦਿਆ ਹੋਆ

ਪ੍ਰਣਵਤਿ ਨਾਨਕ ਹੁਕਮੁ ਪਛਾਣਹੁ ਸੁਖ ਹੋਵੈ ਦਿਨੁ ਰਾਤੀ॥੬॥ (ਗੁ.ਗ੍ਰੰ.ਸਾ. ਪੰਨਾ ੧੫੬)

[[119]] ਤਬਿ ਆਗਿਆ ਪਰਮੇਸਰੁ ਕੀ ਹੋਈ। ਜੋ ਗੁਰੂ ਨਾਨਕ **ਬਾਹਰਿ**[120] ਆਇਆ ਤਾਂ ਬਾਬੇ ਨਾਨਕ ਦਾ ਬਹਣੋਯਾ ਜੈਰਾਮ ਥਾ ਸੋ ਨਬਾਬ ਦਉਲਤ ਖਾਨ ਦਾ ਮੋਦੀ ਸਾ। ਜੈਰਾਮ ਸੁਣਿਆਂ ਜੋ ਨਾਨਕੁ ਹੈਰਾਨ ਰਹਿਦਾ ਹੈ। ਕੰਮ ਕਾਜ ਕਿਛੁ ਨਹੀ ਕਰਦਾ।[121]ਤਬਿ[121] ਉਨਿ ਕਿਤਾਬਤ ਲਿਖੀ ਜੋ ਨਾਨਕ [122]ਤੂੰ[122] ਅਸਾ ਜੋਗੁ ਮਿਲਿ। ਤਬਿ ਏਹ ਕਿਤਾਬਤ ਗੁਰੂ ਨਾਨਕ ਪੜੀ।[123]ਤ[123] ਆਖਿਓਸੁ ਹੋਵੈ ਤਾ ਜੈਰਾਮ ਜੋਗੁ ਮਿਲਹਾਂ। [124]ਤਬ ਘਰਿ ਦਿਆਂ ਆਦਮੀਆਂ[124] [[125]] ਆਖਿਆ ਜੋ ਇਹੁ ਜਾਵੈ ਤਾ ਭਲਾ ਹੋਵੈ। ਮਤੁ ਇਸ ਦਾ ਮਨੁ [[126]] [127]ਊਹਾਂ ਟਿਕੈ[127] ਤਬਿ ਗੁਰੂ ਨਾਨਕ ਸੁਲਤਾਨ ਪੁਰ ਕਉ ਲਗਾ ਪਹੁਚਣ। ਤਬਿ ਬਾਬਾ ਜੀ ਉਠਿ ਚਲਿਆ। ਤਬਿ ਬਾਬੇ ਦੀ ਇਸਤ੍ਰੀ ਲਗੀ ਬੈਰਾਗੁ ਕਰਣੈ। ਆਖਿਓਸੁ ਜੀ ਤੂੰ ਅਸਾਂ ਜੋਗੁ ਅਗੇ ਨਾਹਿ ਸੀ ਮੁਹਿ ਲਾਇਦਾ।ਪਰਦੇਸਿ ਗਇਆ ਕਿਉਂ ਕਰਿ ਆਵਹਿਗਾ ਤਬ ਬਾਬੇ ਆਖਿਆ ਭੋਲੀਏ ਅਸੀ ਇਥੇ ਕਿਆ ਕਰਦੇ ਆਹੇ। [128]ਅਰੁ ਓਥੈ ਕਿਆ ਕਰਹਿਗੇ[128] [129]ਅਸੀ ਤੁਸਾਡੇ ਕਿਤੈ ਕੰਮਿ ਨਾਹੀ[129] । ਤਬਿ ਓਨਿ ਫਿਰਿ ਬੇਨਤੀ ਕੀਤੀਆਸੁ ਜੋ [[130]] ਤੁਸੀ ਘਰਿ ਬੈਠੇ ਹੁੰਦੇ ਆਹੇ ਤਾ ਮੇਰੇ ਭਾਣੇ ਸਾਰੇ **ਜਹਾਨ**[131] ਦੀ ਪਾਤਸਾਹੀ ਹੋਂਦੀ ਆਹੀ।[132]ਜੀ[132] ਏਹੁ ਸੰਸਾਰੁ ਮੇਰੇ ਕਿਤੇ ਕੰਮਿ ਨਾਹੀ। ਤਬਿ ਗੁਰੂ [133]ਮੇਹਰਵਾਨੁ ਹੋਆ[133] । ਆਖਿਓਸੁ ਤੂ ਚਿੰਤਾ ਕਿਛੁ ਨ ਕਰਿ ਦਿਨੁ ਦਿਨੁ ਤੇਰੀ ਪਾਤਿਸਾਹੀ ਹੋਵੈਗੀ। ਤਬਿ ਓਨਿ ਕਹਿਆ ਜੀ ਮੈ ਪਿਛੇ ਰਹਿਦੀ ਨਾਹੀ। [134]ਮੈਨੂੰ ਨਾਲੈ[134] ਲੈ ਚਲੁ। ਤਬਿ ਬਾਬੇ ਆਖਿਆ ਪਰਮੇਸਰ ਕੀ [[135]] ਮੈ ਜਾਦਾ ਹਾ। ਜੇ ਮੇਰੇ ਰੁਜਗਾਰ ਦੀ ਕਾਈ ਬਣਸੀ ਤਾ ਮੈ ਸਦਾਇ ਲੈਸਾ।[[136]] ਤਬਿ ਗੁਰੂ ਨਾਨਕ ਭਾਈਆ ਬੰਧਾ ਪਾਸੂੰ ਬਿਦਾ ਕੀਤਾ ਸੁਲਤਾਨ ਪੁਰ ਕਉ ਚਲਿਆ ਬੋਲਹੁ ਵਾਹਿਗੁਰੂ [[137]]। [[138]] ਜਾ [[139]] ਸੁਲਤਾਨ ਪੁਰ ਕਉ ਗਇਆ ਤਬਿ

[119] ਹ:8.ਸੁਲਤਾਨਪੁਰ ਨੂੰ ਤਿਆਰੀ

[120] ੲ : ਸ:ਬਹਿ ਰਹਿਆ

[121] ਇਹ ਪਾਠ ਸ ਵਿਚ ਦਰਜ ਨਹੀਂ ਹੈ।

[122] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[123] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[124] ਇਹ ਪਾਠ ੲ ਵਿਚ ਦਰਜ ਨਹੀਂ ਹੈ

[125] ੲ :ਤਬ ਕਾਲੂ ਅਤੇ ਮਾਤਾ ਜੀ ਅਤੇ ਸਭ ਪਰਵਾਰੁ ਸੁਣਿਆ

[126] ੲ : ਸ : ਹਠ ਤੇ ਭਲਾ ਹੋਵੈ

[127] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[128] ਇਹ ਪਾਠ ੲ ਵਿਚ ਦਰਜ ਨਹੀਂ ਹੈ

[129] ਇਹ ਪਾਠ ਅ ਵਿਚ ਦਰਜ ਨਹੀਂ ਹੈ

[130] ੳ,ਅ, ਹ: ਜੀ

[131] ਅ: ੲ: ਸ: ਸੰਸਾਰੈ

[132] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[133] ਇਹ ਪਾਠ ਅ ਵਿਚ ਦਰਜ ਨਹੀਂ ਹੈ

[134] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[135] ਹ: ਹੁਣ ਤਾਂ

[136] ੳ, ਅ,ੲ,ਸ,ਹ:ਤੂੰ ਆਗਿਆ ਮੰਨਿ ਲੈ। ਤਬਿ ਓਹੁ ਚੁਪ ਕਰਿ ਰਹੀ।

[137] ੲ :ਜੀ

[138] ਹ:9.ਮੋਦੀਖਾਨਾ ਸੰਭਾਲਿਆ

[139] ਹ:ਭਾਣਾ ਤਾ

ਜੈਰਾਮ ਨੂੰ ਮਿਲਿਆ। ਜੈਰਾਮ ਬਹੁਤ ਖੁਸੀ ਹੋਆ ਆਖਿਓਸੁ ਭਾਈ ਵੇ ਨਾਨਕ ਚੰਗਾ ਭਲਾ ਹੈ [[140]] ਤਬਿ ਜੈਰਾਮੁ ਦਰਬਾਰਿ ਗਇਆ ਜਾਇ ਦਉਲਤ ਖਾਨ ਜੋਗ ਅਰਜੁ ਕੀਤੋਸੁ ਆਖਿਓਸੁ ਨਬਾਬੁ ਸਲਾਮਤ ਮੇਰਾ ਇਕੁ ਸਾਲਾ [141]ਪਿਛੋ[141] ਆਇਆ ਹੈ [[142]] **ਨਬਾਬ**[143] ਜੋਗੁ ਮਿਲਿਆ ਚਾਹਦਾ ਹੈ।ਤਬਿ ਦਉਲਤ ਖਾਨ ਕਹਿਆ ਜਾਇ ਘਿੰਨਿ ਆਣੁ। ਤਬਿ ਜੈ ਰਾਮੁ ਆਇ ਕਰਿ ਗੁਰੂ ਨਾਨਕ ਜੋਗੁ ਘਿੰਨਿ [144]ਲੈ[144] ਗਇਆ। ਕਿਛੁ ਪੇਸਕਸੀ ਆਗੈ ਰਖਿ ਕਰਿ ਮਿਲਿਆ। ਖਾਨੁ ਬਹੁਤ ਖੁਸੀ ਹੋਇਆ। ਖਾਨ ਕਹਿਆ ਇਸ ਕਾ ਨਾਉ ਕਿਆ ਹੈ।ਤਬਿ ਜੈ ਰਾਮ ਅਰਜ ਕੀਤੀ ਜੀ ਇਸ ਕਾ ਨਾਉ ਨਾਨਕ [[145]] ਹੈ।[146]ਤਬਿ ਖਾਨ ਕਹਿਆ ਏਹੁ ਭਲਾ ਦਿਆਨਤਦਾਰੁ ਨਦਰਿ ਆਵਦਾ ਹੈ[146]। ਮੇਰਾ ਕੰਮੁ ਇਸਕੇ ਹਵਾਲੇ ਕਰਹੁ। ਤਬਿ ਗੁਰੂ ਨਾਨਕ ਖੁਸੀ ਹੋਇ ਕਰ ਮੁਸਕਾਇਆ। ਖਾਨਿ ਸਿਰੋਪਾਉ ਦਿਤਾ। ਤਬਿ ਗੁਰੂ ਨਾਨਕ ਤੇ ਜੈਰਾਮੁ ਘਰਿ ਆਏ। ਲਗੇ ਕਮੁ ਕਰਨਿ ਐਸਾ ਕੰਮੁ ਕਰਨਿ ਜੋ ਸਭੁ ਕੋਈ ਖੁਸੀ ਹੋਵੈ ਸਭੁ ਲੋਕ ਆਖਨਿ ਜੋ ਵਾਹੁ ਵਾਹੁ ਕੋਈ ਭਲਾ ਹੈ। ਸਭ ਕੋ ਖਾਨ ਆਗੈ ਸੁਪਾਰਸ ਕਰੇ ਖਾਨ ਬਹੁਤ ਖੁਸੀ ਹੋਆ ।[147]ਅਰ[147] ਜੋ ਕਿਛੁ ਅਲੂਫਾ ਗੁਰੂ ਨਾਨਕ ਜੋਗੁ ਮਿਲੇ ਖਾਵੇ ਸੋ ਖਾਵੇ ਹੋਰ ਪਰਮੇਸਰ ਕੇ ਅਰਥ ਦੇਵੇ ਤੇ ਨਿਤਾਪ੍ਰਤਿ ਰਾਤ [148]ਕਉ[148] ਕੀਰਤਨੁ ਹੋਵੈ। ਪਿਛੋ ਮਰਦਾਨਾ ਡੂਮੁ ਆਇਆ। ਤਲਵੰਡੀਓ ਆਇ ਬਾਬੇ ਨਾਲਿ ਟਿਕਿਆ। ਅਰੁ ਜੋ ਹੋਰੁ ਪਿਛੋ [[149]] ਆਵਨਿ ਤਿਨਾ ਜੋਗੁ ਖਾਨ ਤਾਈ ਮਿਲਾਇ ਕਰ ਅਲੂਫਾ ਕਰਾਇ ਦੇਵੈ ਸਭ ਰੋਟੀਆ ਖਾਵਨਿ। ਗੁਰੂ ਨਾਨਕ ਕੈ ਪ੍ਰਸਾਦਿ ਸਭਿ ਖੁਸੀ ਹੋਏ। ਅਰੁ ਜਾਂ ਬਾਬੇ ਦੀ ਰਸੋਈ ਹੋਵੈ ਤਾ ਸਭ ਆਇ ਬਹਿਨਿ। ਅਤੇ ਰਾਤਿ [150]ਨੂ[150] ਨਿਤਾਪ੍ਰਤਿ ਕੀਰਤਨੁ ਹੋਵੈ। [151]ਅਰ[151] ਜਿਥੈ ਪਹਰੁ ਰਾਤਿ ਰਹੈ ਤਿਥੈ ਬਾਬਾ ਦਰੀਆਇ ਜਾਵੈ ਇਸਨਾਨੁ ਕਰਣਿ। ਅਰੁ ਜਾ ਪ੍ਰਭਾਤਿ ਹੋਵੈ ਤਾ ਕਪੜੇ ਲਾਇ ਕੈ [152]ਤਿਲਕੁ ਚੜਾਇ ਕਰਿ[152] ਦਰਬਾਰਿ [[153]] [154]ਦਫਤਰ ਮਨਾ[154] ਘਿੰਨਿ ਲਿਖਣ ਬਹੈ।[[155]]ਇਕਿ ਦਿਨਿ ਆਗਿਆ ਪਰਮੇਸਰ ਕੀ ਹੋਈ। ਜੋ ਨਿਤਾਪ੍ਰਤਿ ਦਰਿਆਉ ਵੈਦਾ ਆਹਾ। ਸੁ ਇਕਿ ਦਿਨਿ ਇਕੁ ਖਿਜਮਤਿ ਦਾਰੁ ਲੈ ਕਰਿ ਗਇਆ। ਕਪੜੇ ਲਾਹਿ[[156]] ਖਿਜਮਤਿਦਾਰ ਕੇ ਹਵਾਲੇ ਕੀਤੇ

---

[140] ੲ :ਤਬ ਬਾਬਾ ਅਤੈ ਜੈ ਰਾਮੁ ਗਲ ਮਿਲੈ ਬਹੁਤੁ ਖੁਸੀ ਹੋਆ
[141] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[142] ਅ:ੲ : ਸ:ਬਹੁਤੁ ਖੂਬੁ ਪੜਿਆ ਹੈ।
[143] ਅ: ਖਾਨ ੲ : ਸ:ਦੀਵਾਨ
[144] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[145] ਹ: ਆਂਵਦਾ
[146] ਇਹ ਪਾਠ ਹ ਵਿਚ ਦਰਜ ਨਹੀਂ
[147] ਇਹ ਪਾਠ ਅ:ੲ: ਸ ਵਿਚ ਦਰਜ ਨਹੀਂ ਹੈ
[148] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[149] ਅ:ਘਰ ਵਲੋਂ
[150] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[151] ਇਹ ਪਾਠ ਸ ਵਿਚ ਦਰਜ ਨਹੀਂ ਹੈ
[152] ਇਹ ਪਾਠ ਅ ਵਿਚ ਦਰਜ ਨਹੀਂ ਹੈ
[153] ੲ : ਸ :ਦਾ ਫੁਰਮਾਨੁ
[154] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ
[155] ਹ:੧੦.ਵੇਈਂ ਪ੍ਰਵੇਸ਼
[156] ਅ: ਕੇ, ਸ:ਕਰਿ

ਆਪਿ[157] ਨਾਵਣਿ ਪਇਆ। ਜਿਉ ਪਇਆ ਤਿਉ ਆਗਿਆ ਪਰਮੇਸਕਰ ਕੀ ਨਾਲਿ ਸੇਵਕ ਲੈ ਗਏ। ਦਰਗਹ ਪਰਮੇਸਰ ਕੀ ਸੇਵਕਾ ਜਾਇ ਅਰਜ ਕੀਤੀ ਜੀ[158] ਨਾਨਕੁ ਹਾਜਰੁ ਹੈ। ਤਬਿ ਸਚੀ ਦਰਗਾਹੁ **ਦਰਸਨੁ**[159] [160]ਹੋਆ ਸਾਹਿਬ ਮਿਹਰੁਵਾਨੁ ਹੋਆ[160] ਤਬਿ ਓਹੁ ਖਿਜਮਤਦਾਰੁ ਕਪੜਿਆ ਉਤੇ ਖੜਾ ਆਹਾ ਸੋ ਖੜਾ ਖੜਾ **ਹੁਟਿ**[161] [162]ਗਇਆ[162] । ਓਨਿ ਆਖਿਆ ਜੋ ਨਾਨਕੁ ਦਰੀਆਇ ਵਿਚ ਪਇਆ ਆਹਾ ਸੋ ਨਿਕਲਿਓ ਨਾਹੀ। ਓਸਿ ਆਇ ਖਾਨ ਪਾਸਿ ਅਰਜੁ ਕੀਤੋਸ ਖਾਨ ਸਲਾਮਤਿ ਨਾਨਕ ਦਰੀਆਉ ਵਿਚ ਪਇਆ ਆਹਾ। ਸੋ ਨਿਕਲਿਓ ਨਾਹੀ। ਤਬਿ ਖਾਨੁ ਅਸਵਾਰੁ ਹੋਇਆ [163]ਬਾਹਰਿ ਆਇਆ[163] ਦਰੀਆਉ ਉਪਰਿ [164]ਆਇਆ[164] । ਮਲਾਹ ਬੁਲਾਏ ਅਰੁ ਜਾਲ ਬੰਧਿ ਪਵਾਏ । ਤਬਿ ਮਲਾਹ ਸੋਧਿ ਥਕੇ ਪਰੁ ਲਧੋ ਨਾਹੀ। ਤਬਿ ਖਾਨੁ ਬਹੁਤੁ ਦਿਲਗੀਰੁ ਹੋਆ। [165] ਫਿਰਿ ਅਸਵਾਰੁ ਹੋਆ[165] ਆਖਿਓਸੁ ਨਾਨਕੁ ਭਲਾ ਵਜੀਰੁ ਥਾ। ਖਾਨੁ ਘਰਿ ਆਇਆ।

ਆਗਿਆ ਪਰਮੇਸਰ ਕੀ ਹੋਈ ਜੋ ਨਾਨਕ ਭਗਤੁ ਹਾਜਰੁ ਹੋਆ ਤਾ ਅੰਮ੍ਰਿਤ ਦਾ ਕਟੋਰਾ ਭਰਿ ਕਰਿ [166]ਆਗਿਆ ਨਾਲ[166] ਮਿਲਿਆ [[167]] ਹੁਕਮੁ ਹੋਆ ਨਾਨਕ ਇਹੁ ਅੰਮ੍ਰਿਤੁ [[168]] ਮੇਰੇ ਨਾਮ ਕਾ ਪਿਆਲਾ ਹੈ ਤੂੰ ਪੀਉ। ਤਬਿ ਗੁਰੂ ਨਾਨਕ ਤਸਲੀਮੁ ਕੀਤੀ ਪਿਆਲਾ ਪੀਤਾ ਸਾਹਿਬੁ ਮਿਹਰਵਾਨ ਹੋਆ। ਨਾਨਕ ਮੈ ਤੇਰੇ ਨਾਲਿ ਹਾ। ਮੈ ਤੇਰੇ ਤਾਈ ਨਿਹਾਲੁ ਕੀਆ ਹੈ। ਅਰੁ ਜੋ ਤੇਰਾ ਨਾਉ ਲੇਵੈਗਾ। ਸੋ **ਸਭ**[169] [170]ਮੈ[170] ਨਿਹਾਲੁ ਕੀਤੇ [171]ਹੈਨੁ[171] । ਤੂ ਜਾਇ ਕਰਿ ਮੇਰਾ ਨਾਮੁ ਜਪਿ ਅਰੁ ਲੋਕਾ ਥੀ ਭੀ ਜਪਾਇ। ਅਰੁ ਸੰਸਾਰ ਥੀ ਨਿਰਲੇਪੁ ਰਹੁ ਨਾਮੁ ਦਾਨੁ ਇਸਨਾਨੁ ਸੇਵਾ ਸਿਮਰਨ ਵਿਚਿ ਰਹੁ। ਮੈ ਤੇਰੇ ਤਾਈ ਆਪਣਾ ਨਾਮੁ ਦੀਆ ਹੈ। ਤੂ ਏਹਾ ਕਿਰਤਿ ਕਰਿ ਤਬਿ ਗੁਰੂ ਨਾਨਕ **ਸਲਾਮ**[172] ਕੀਤਾ ਖੜਾ ਹੋਆ ਤਬਿ ਹੁਕਮੁ ਆਇਆ ਆਗਿਆ ਹੋਈ ਨਾਨਕ ਮੇਰੇ ਨਾਮ ਦੀ ਵਡਿਆਈ ਕੈਸੀ ਹੈ ਕਹੁ ਤਬ ਬਾਬਾ ਬੋਲਿਆ ਧੁਨਿ ਅਨਹਦੁ ਉਠੀ।

ਰਾਗੁ ਸ੍ਰੀ ਰਾਗੁ ਮਹਲਾ ੧॥ ਸਬਦੁ।
ਕੋਟਿ ਕੋਟੀ ਮੇਰੀ ਆਰਜਾ ਪਉਣੁ ਪਾਣੀ ਅਪਿਆਉ॥

---

[157] ਅ:ਦਰਿਆਉ ਵਿਚ
[158] ਏ :ਮੇਹਰਵਾਨੁ ਜੀ
[159] ੲ :ਨਦਰ
[160] ਇਹ ਪਾਠ ਅ ਵਿਚ ਦਰਜ ਨਹੀਂ ਹੈ
[161] ੲ : ਹੁਟਾ
[162] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[163] ਇਹ ਪਾਠ ਅ ਵਿਚ ਦਰਜ ਨਹੀਂ ਹੈ
[164] ਇਹ ਪਾਠ ਸ ਵਿਚ ਦਰਜ ਨਹੀਂ ਹੈ
[165] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[166] ਇਹ ਪਾਠ ੲ ਵਿਚ ਦਰਜ ਨਹੀਂ ਹੈ
[167] ੲ :ਆਗਿਆ ਮਿਲੀ
[168] ੲ :ਹੈ ਨਾਹੀ ਇਹੁ
[169] ੲ :ਭਿ
[170] ਇਹ ਪਾਠ ੲ ਵਿਚ ਦਰਜ ਨਹੀਂ ਹੈ
[171] ਇਹ ਪਾਠ ੲ ਵਿਚ ਦਰਜ ਨਹੀਂ ਹੈ
[172] ਅ:ੲ :ਤਸਲੀਮ

ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਤੇਰਾ ਨਾਉ॥੧॥
ਸਾਚਾ ਨਿਰੰਕਾਰੁ ਨਿਜ ਥਾਇ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥੧॥ਰਹਾਉ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਖਾਇ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਤੇਰਾ ਨਾਉ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥
ਨਦਰੀ ਕਿਸੈ ਨ ਆਵਉ ਨਾ ਕਿਛੁ ਪੀਆ ਨਾ ਖਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਤੇਰਾ ਨਾਉ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਤੇਰਾ ਨਾਉ॥੪॥੧॥ (ਗੁ.ਗ੍ਰੰ.ਸਾ.ਪੰਨਾ-੧੪)

ਤਬਿ ਫਿਰਿ ਅਵਾਜ ਹੋਆ। ਨਾਨਕ ਮੇਰਾ ਹੁਕਮੁ ਤੇਰੀ ਨਦਰੀ ਆਇਆ ਹੈ ਤੂ ਮੇਰੇ ਹੁਕਮ ਕੀ ਸਿਫਤਿ ਕਰੁ [173] [174]ਜੋ ਕਿਸੀ ਕਿਆ ਕਿਆ ਹੋਆ ਹੈ ਅਤੇ ਮੇਰੇ ਦਰਿ ਵਿਚ ਕਿਆ ਕਿਆ ਸੁਣਿਆ ਬਜੰਤ੍ਰ ਗਾਵਨ ਹਾਰੇ[174] । ਤਬਿ ਬਾਬਾ ਬੋਲਿਆ, ਧੁਨਿ ਉਠੀ:-

ਰਾਗੁ ਆਸਾ ਜਪੁ॥ ਸਲੋਕੁ॥
ਆਦਿ ਸਚੁ ਜੁਗਾਦਿ ਸਚੁ॥ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥
(ਜਪੁ ਸੰਪੂਰਣ ਕੀਤਾ) [175]

ਤਬਿ ਫਿਰਿ ਆਗਿਆ ਆਈ ਹੁਕਮੁ ਹੋਆ ਨਾਨਕ ਜਿਸੁ ਉਪਰਿ ਤੇਰੀ ਨਦਰਿ ਤਿਸੁ ਉਪਰਿ ਮੇਰੀ ਨਦਰਿ ਜਿਸ ਉਪਰੁ ਤੇਰਾ ਕਰਮ ਤਿਸੁ ਉਪਰ ਮੇਰਾ ਕਰਮੁ ਮੇਰਾ ਨਾਉ ਪਾਰਬ੍ਰਹਮੁ ਪਰਮੇਸਰੁ। ਅਰ ਤੇਰਾ ਨਾਉ ਗੁਰੂ ਪਰਮੇਸਰੁ। ਤਬ ਗੁਰੂ ਨਾਨਕ ਪੈਰੀ ਪਇਆ ਸਿਰੁਪਾਉ ਮਿਲਿਆ। ਸਬਦੁ ਧੁਨਿ ਉਠੀ ਰਾਗੁ ਧਨਾਸਰੀ ਹੋਆ ਆਰਤੀ।

ਰਾਗੁ ਧਨਾਸਰੀ ਹੋਆ ਆਰਤੀ।
ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੈ ਤਾਰਿਕਾ ਮੰਡਲ ਜਨਕ ਮੋਤੀ॥
ਧੂਪ ਮਲਆਨਲੋ ਪਵਨ ਚਵਰੋ ਕਰੈ ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ ਭਵ ਖੰਡਣਾ ਤੇਰੀ ਆਰਤੀ।

---

[173] ੲ: ਸ :ਜੀਉ ਕਾ ਆਖਿਆ ਹੋਆ ਹੈ। ਅਤੇ ਮੇਰੀ ਨਦਰੀ ਵਿਚਿ ਕਿ ਆਖਿਆ ਸੁਣਿਆ ਜੰਤ ਗਾਵਣਹਾਰੁ ਹੈ।
[174] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[175] ਸ: ਸੰਪੂਰਨ ਜਪੁ ਜੀ ਸਾਹਿਬ ਦਰਜ ਹੈ

ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ।

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤ ਨਨਾ ਏਕ ਤੋਹੀ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥

ਸਭ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਕੈ ਚਾਨਣਿ ਸਭਿ ਮਹਿ ਚਾਨਣੁ ਹੋਇ॥

ਗੁਰ ਸਾਖੀ ਜੋਤਿ ਪਰਗਟੁ ਹੋਇ॥

ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥

ਹਰਿ ਚਰਣ ਕਮਲ ਮਕਰੰਦ ਲੋਭਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥

ਕਿਰਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥੪॥

(ਗੁ.ਗ੍ਰੰ.ਸਾ.ਪੰਨਾ ੬੬੩)

ਤਬਿ ਆਗਿਆ ਉਨ੍ਹਾਂ ਸੇਵਕਾਂ ਨੋ ਹੋਈ ਜੋ ਨਾਨਕ ਕਉ ਉਸੀ ਘਾਟਿ ਪਹੁਚਾਇ ਆਵਹੁ।ਤਬਿ ਗੁਰੂ ਨਾਨਕ [176]ਕੇ ਤਾਈ[176]ਤੀਸਰੇ ਦਿਨ ਉਸੀ ਘਾਟਿ ਆਣਿ ਨਿਕਲਿਆ। ਦਰੀਆਓ ਵਿਚੁ [177]ਨਕਲਿਆ[177] । ਤਬ ਲੋਕਾ [178]ਡਿਠਾ । ਲੋਕਾ[178] ਕਹਿਆ ਯਾਰੋ ਏਹੁ ਤਾ ਦਰੀਆਇ ਵਿਚ ਪਇਆ ਆਹਾ। ਇਹੁ ਕਿਥੂ ਪੈਦਾ ਹੋਆ ਤਬਿ ਗੁਰੂ ਨਾਨਕੁ ਡੇਰੇ ਆਇ ਕਰਿ ਵੜਿਆ । ਡੇਰਾ ਸਭੁ ਲੁਟਾਇ ਦੂਰਿ ਕੀਤੁਸੁ [[179]] ਲੋਕੁ ਬਹੁਤ ਜੁੜਿ ਗਏ। ਖਾਨੁ [180]ਭੀ[180] **ਆਇ**[181] [182]ਗਇਆ[182]। ਆਖਿਓਸੁ ਨਾਨਕ ਤੇਰੇ ਤਾਈ ਕਿਆ ਹੋਇਆ ਹੈ ਤਬਿ ਲੋਕਾ ਕਹਿਆ ਜੀ ਏਹੁ ਦਰੀਆਉ ਵਿਚਿ ਪਇਆ ਆਹਾ। ਦਰੀਆਉ ਵਿਚ ਚੋਟਿ ਖਾਧੀ। ਤਬਿ ਖਾਨ ਕਹਿਆ ਯਾਰੋ ਵਡਾ ਹੈਫੁ ਹੋਆ। ਖਾਨ ਦਿਲਗੀਰ ਹੋਇ ਕਰਿ ਉਠਿ ਗਇਆ। ਤਬ ਗੁਰੂ ਨਾਨਕ ਕੇ [183]ਤੇੜਿ[183] ਇਕ **ਲੰਗੋਟੜੀ**[184] ਰਹੀ। ਹੋਰੁ ਰਖਿਓਸੁ ਕਿਛੁ ਨਾਹੀ। ਫਕੀਰਾ ਨਾਲਿ ਜਾਇ ਬੈਠਾ। ਨਾਲੇ ਮਰਦਾਨਾ ਡੂੰਮੁ ਜਾਇ ਬੈਠਾ।[[185]] **[186]**ਤਬਿ ਗੁਰੂ ਨਾਨਕ ਚੁਪ ਕਰਿ ਰਹਿਆ[186]।ਤਬਿ ਇਕੁ ਦਿਨੁ ਗੁਜਰਿ ਗਇਆ। ਤਬਿ ਅਗਲੇ ਦਿਨਿ **ਬਕਿ**[187] ਖਲਾ ਹੋਇਆ। ਜੋ ਨਾ ਕੋਈ ਹਿੰਦੂ ਹੈ ਨਾ ਕੋ ਮੁਸਲਮਾਨੁ ਹੈ।[[188]]ਤਬਿ ਲੋਕਾ ਜਾਇ ਕਰ ਖਾਨ ਜੋਗੁ ਕਹਿਆ ਜੋ ਬਾਬਾ ਨਾਨਕੁ ਆਖਦਾ ਹੈ ਜੋ ਨਾ ਕੋਈ ਹਿੰਦੂ ਹੈ ਨਾ

---

[176] ਇਹ ਪਾਠ ਅ:ੲ : ਸ ਵਿਚ ਦਰਜ ਨਹੀਂ ਹੈ

[177] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[178] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[179] ਅ:ੲ :ਅਤੈ ਖਜਾਨਾ ਭੀ ਲੁਟਾਇਓਸੁ

[180] ਇਹ ਪਾਠ ੲ :ਸ ਵਿਚ ਦਰਜ ਨਹੀਂ ਹੈ

[181] ੲ :ਆਇਆ

[182] ਇਹ ਪਾਠ ੲ ਵਿਚ ਦਰਜ ਨਹੀਂ ਹੈ

[183] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[184] ਅ:ੲ: ਸ :ਕੁਪੀਨ

[185] ਹ: ੧੧.ਕਾਜੀ ਚਰਚਾ, ਨਮਾਜ਼, ਮੋਦੀ ਦੀ ਕਾਰ ਕਰਾਈ

[186] ਇਹ ਪਾਠ ਅ: ੲ: ਸ ਵਿਚ ਦਰਜ ਨਹੀਂ ਹੈ

[187] ੲ : ਸ :ਨਿਕਲਿ

[188] ੳ,ਹ: ਜਬ ਬੋਲੈ,ਤਾਂ ਇਹੋ ਆਵਾਜ ਕਰੇ

ਕੋ ਮੁਸਲਮਾਨ ਹੈ ਤਬਿ ਖਾਨ ਕਹਿਆ ਇਸਕੇ ਖਿਆਲਿ ਨਾਹੀ ਪਉਣਾ ਇਹੁ ਫਕੀਰੁ ਹੈ ਤਬਿ ਇਕ ਨੇੜੇ ਕਾਜੀ ਬੈਠਾ ਥਾ ਉਨਿ ਕਾਜੀ ਕਹਿਆ ਖਾਨ ਜੀ! ਅਜਬੁ ਹੈ ਕਿਉ ਜੋ ਆਖਦਾ ਹੈ ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ ਹੈ ਤਬਿ ਖਾਨਿ ਕਹਿਆ ਆਦਮੀ ਤਾਈ ਜੋ ਬੁਲਾਇ ਆਣਿ।[[189]] ਨਾਨਕ ਤੇਰੇ ਤਾਈ ਖਾਨੁ ਬੁਲਾਇਦਾ ਹੈ। ਤਬਿ ਗੁਰੂ ਨਾਨਕ ਕਹਿਆ ਮੈ ਤੇਰੇ ਖਾਨ ਦੀ ਕਿਆ ਪਰਵਾਹਿ ਪੜੀ ਹੈ ਤਬਿ ਲੋਕਾ ਕਹਿਆ ਇਹ ਕਮਲਾ ਦਿਵਾਨਾ ਹੋਇਆ ਹੈ ਤਬ ਗੁਰੂ ਨਾਨਕੁ ਕਹਿਆ ਮਰਦਾਨਿਆ ਰਬਾਬ ਵਜਾਇ।ਤਾ ਮਰਦਾਨੇ ਰਬਾਬ ਵਜਾਇਆ। ਰਾਗੁ ਮਾਰੂ ਕੀਤਾ ਬਾਬੇ ਸਬਦ ਉਠਾਇਆ ਮ : ੧

ਕੋਈ ਆਖੈ ਭੂਤਨਾ ਕੋ ਕਹੈ ਬੈਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥
ਬਾਬਾ ਭਇਆ ਦਿਵਾਨਾ ਸਾਹਿ ਕਾ ਨਾਨਕੁ ਬੋਰਾਨਾ॥
ਹਰਿ ਬਿਨੁ ਅਵਰੁ ਨ ਜਾਨਾ॥੧॥ਰਹਾਉ॥
ਤਉ ਦਿਵਾਨਾ ਜਾਣੀਐ ਜਿ ਭੈ ਦਿਵਾਨਾ ਹੋਇ॥
ਏਕ ਸਾਹਿਬ ਬਾਹਰੀ ਦੂਜੀ ਅਵਰੁ ਨ ਜਾਣੈ ਕੋਇ ॥੨॥
ਤਉ ਦਿਵਾਨਾ ਜਾਣੀਐ ਜੇ ਏਕਾ ਕਰਿ ਕਮਾਇ॥
ਏਕੀ ਸਾਹਿਬੁ ਬਾਹਰੀ ਦੂਜੀ ਨਾਹੀ ਜਾਇ॥੩॥
ਤਉ ਦਿਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰ॥
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥੪॥(ਗੁ.ਗ੍ਰੰ.ਸਾ.ਪੰਨਾ ੯੯੧)

ਤਬਿ ਫਿਰਿ ਬਾਬਾ ਚੁਪ ਕਰਿ ਰਹਿਆ। ਜਾ ਕੁਛੁ ਬੋਲੇ ਤਾ ਏਹੀ ਵਚਨ ਕਰੇ ਜੋ ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨੁ ਹੈ ਤਬਿ ਕਾਜੀ ਕਹਿਆ ਖਾਨ ਜੀ ਇਹੁ **ਭਾਲਾ**[190] ਹੈ ਜੋ ਕਹਿਦਾ ਹੈ ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ ਹੈ। ਤਬ **ਖਾਨਿ**[191] ਕਹਿਆ ਜਾਇ ਕਰਿ [[192]] ਲੈ ਆਵਹੁ ਤਾ ਪਿਆਦੇ ਗਏ। ਓਨਿ ਕਹਿਆ ਜੀ ਖਾਨੁ ਬੁਲਾਇਦਾ ਹੈ। ਖਾਨ ਕਹਦਾ ਹੈ **ਅਜਬਰਾ**[193] ਖੁਦਾਇ ਕੇ ਤਾਈ॥ ਦੀਦਾਰੁ ਦੇਹਿ॥ ਮੈ ਤੇਰੇ ਦੀਦਾਰ ਨੂੰ ਚਾਹਿਦਾ ਹਾ॥ ਤਬਿ ਗੁਰੂ ਨਾਨਕ ਉਠਿ ਚਲਿਆ ਆਖਿਓਸੁ ਆਬਿ ਮੇਰੇ ਸਾਹਿਬ ਕਾ ਸਦਾ ਆਇਆ ਹੈ। ਮੈ ਜਾਵਾਗਾ ਤਬਿ ਮੁਤਕਾ ਗਲੇ ਵਿਚ ਪਾਇ ਗਇਆ॥ ਆਇ ਕਾਰਿ ਖਾਨ ਜੋਗੁ ਮਿਲਿਆ ਤਬਿ ਖਾਨਿ ਕਹਿਆ ਨਾਨਕ ਦੋਸਤੀ ਖੁਦਾਇ ਕੀ ਗਲੋ ਮੁਤਕਾ ਲਾਹਿ ਕਮਰ ਬੰਧੁ ਤੂੰ ਭਲਾ ਫਕੀਰ ਹੈ ਤਬਿ ਗੁਰੂ ਨਾਨਕ ਗਲੋ ਮੁਤਕਾ ਲਾਹਿਆ ਕਮਰ **ਬੰਧੀ**[194]॥ [195]ਤਬਿ ਖਾਨਿ ਕਹਿਆ ਨਾਨਕ ਮੇਰੀ ਕੰਮਖਤੀ ਹੈ। ਜੋ ਤੁਹਿ ਜੇਹਾ ਵਜੀਰੁ ਫਕੀਰੁ ਹੋਵੈ[195] । ਤਬਿ ਖਾਨਿ ਗੁਰੂ ਨਾਨਕ ਕਉ ਆਪਣੇ ਪਾਸਿ ਬਹਾਲਿਆ ਅਰੁ

[189] ਹ: ਤਬ ਆਦਮੀ ਆਇ ਕੇ ਕਹਿਣ ਲਗੇ
[190] ਅ : ੲ : ਸ: ਭਲਾ
[191] ਹ: ਕਾਜੀ
[192] ਹ: ਨਾਨਕ ਫਕੀਰ ਤਾਂਈ
[193] ੲ :ਜੋ
[194] ੲ –ਬੰਧਿਆ , ਸ: ਬੰਧੁ
[195] ਇਹ ਪਾਠ ਅ ਵਿਚ ਦਰਜ ਨਹੀਂ ਹੈ

ਕਹਿਓਸੁ ਰੇ ਕਾਜੀ ਕਾਈ ਬਾਤ [196]ਪੁਛਤਾ ਹੈ ਤਾ[196] ਪੁਛ ਨਾਹੀ ਤਾ ਏਹੁ ਬਹੁੜਿ ਸੁਖਨੁ ਕਰੇਗਾ ਨਾਹੀ। ਤਬਿ ਕਾਜੀ ਦਲਗੀਰ ਹੋਇ ਕਰਿ ਹਸਿਆ। ਤਬ ਕਾਜੀ ਕਹਿਆ ਨਾਨਕ ਤੂ ਜੋ ਕਹਦਾ ਹੈ ਨਾ ਕੋ ਹਿੰਦੂ ਹੈ ਨਾ ਕੋ ਮੁਸਲਾਮਾਨੁ ਹੈ। ਸੋ ਤੈ ਕਿਆ ਪਾਇਆ ਹੈ। ਤਬਿ ਬਾਬੇ ਨਾਨਕ ਕਹਿਆ ।ਸਲੋਕ। ਰਾਗੁ ਮਾਝ ਵਿਚਿ।

ਮੁਸਲਮਾਨ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣੁ ਜੀਵਣ ਕਾ ਭਰਮ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੈ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰਮਤਿ ਹੋਇ ਤ ਮੁਸਲਮਾਣੁ ਕਹਾਵੈ॥੧॥
ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮੁ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥੨॥
ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੀਐ ਸਚੁ ਕਮਾਇ॥
ਮਾਰਣਿ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਏ ਕੂੜੋ ਪਲੈ ਪਾਇ॥੩॥
ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲੁ ਦੁਇ ਤੀਜੀ ਖੈਰੁ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿਕੈ ਤਾ ਮੁਸਲਮਾਨੁ ਸਦਾਇ॥
ਨਾਨਕ ਜੇਤੈ ਕੂੜਿਆਰ ਕੂੜੈ ਕੂੜੀ ਪਾਇ॥੪॥ (ਗੁ.ਗ੍ਰੰ.ਸਾ.ਪੰਨਾ-੧੪੦-੪੧)

ਜਬਿ ਇਹ ਸਲੋਕੁ ਬਾਬੇ ਦਿਤਾ ਤਬਿ ਕਾਜੀ ਹੈਰਾਨੁ **ਹੋਇ**[197] [198]ਰਹਿਆ[198] ।ਤਬਿ ਖਾਨਿ ਕਹਿਆ ਕਾਜੀ ਇਸ ਕਉ ਪੁਛਣ ਕੀ ਤਕਸੀਰ ਰਹੀ **ਨਾਹੀ**[199] । ਤਬ ਪੇਸੀ ਕੀ ਨਿਮਾਜ ਕਾ ਵਖਤੁ ਹੋਇਆ ਸਭਿ ਉਠਿ ਕਰਿ ਨਿਵਾਜ ਗੁਜਾਰਣ ਗਏ [200]ਅਰੁ ਬਾਬਾ ਭੀ ਨਾਲ ਗਇਆ[200] ਤਬ ਕਾਜੀ ਸਭਨਾ ਤੋ ਅਗੈ ਖੜਾ ਹੋਆ ਨਿਵਾਜ ਲਗਾ ਕਰਣੇ ਤਬਿ ਬਾਬਾ ਕਾਜੀ ਕੀ ਤਰਫ ਦੇਖਿ ਕਰਿ ਹਸਿਆ ਤਬਿ ਕਾਜੀ ਡਿਠਾ ਜੋ ਨਾਨਕ

[196] ਇਹ ਪਾਠ ੲ ਵਿਚ ਦਰਜ ਨਹੀਂ ਹੈ
[197] ੲ: ਸ: ਹੋਆ
[198] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[199] ੲ : ਸ:ਹੈ
[200] ਇਹ ਪਾਠ ੲ ਵਿਚ ਦਰਜ ਨਹੀਂ ਹੈ

ਹਸਦਾ ਹੈ। ਤਬਿ ਨਿਵਾਜ ਕਰਿ [[201]] ਆਏ। ਤਬ ਕਾਜੀ ਕਹਿਆ ਖਾਨ ਜੀ ਸਲਾਮਤਿ ਡਿਠੋ ਕਿਓ ਜੋ ਮੁਸਲਮਾਨਾ ਕੀ ਤਰਫ [202]ਧਿਰਿ[202] ਹਿੰਦੂ ਦੇਖਿ ਦੇਖਿ ਹਸਦਾ ਹੈ ਤੂ ਜੋ ਆਖਦਾ ਹੈ ਜੋ ਨਾਨਕ ਭਲਾ ਹੈ। ਤਬ ਖਾਨਿ ਕਹਿਆ ਨਾਨਕ ਕਾਜੀ ਕਿਆ ਕਹਿਦਾ ਹੈ ਤਬਿ ਬਾਬੇ ਕਹਿਆ ਖਾਨ ਜੀ ਮੈ ਕਾਜੀ ਕੀ ਕਿਆ ਪਰਵਾਹ ਪਰੀ ਹੈ ਪਰੁ ਕਾਜੀ ਕੀ ਨਿਵਾਜ ਕਬੂਲ ਨਾਹੀ ਪਈ ਮੈ ਇਤ ਵਾਸਤੇ ਹਸਿਆ ਥਾ ਤਬ ਕਾਜੀ ਕਹਿਆ ਖਾਨ ਜੀ [[203]] ਇਨ ਕਾਈ **ਪਾਈ**[204] ਹੈ ਤਾ ਮੇਰੀ ਤਕਸੀਰ ਜਾਹਰੁ ਕਰਉ। ਤਬਿ ਬਾਬੇ ਕਹਿਆ ਖਾਨ ਜੀ ਜਬ ਏਹੁ ਨਿਵਾਜ ਉਪਰਿ ਖੜਾ ਥਾ ਤਬਿ ਇਨ ਕਾ **ਮਨੁ**[205] ਠਉਰ ਨ ਥਾ **ਇਨ ਕੀ**[206] ਘੋੜੀ ਸੂਈ ਥੀ ਵਛੇਰੀ ਜਮੀ ਥੀ ਅਰੁ ਵਛੇਰੀ ਛਡਿ ਕਰਿ ਆਇਆ ਥਾ ਅਰ ਵੇੜੇ ਵਿਚਿ ਖੂਹੀ ਥੀ [207]ਅਰੁ[207] ਇਨ ਕਹਿਆ ਮਤ ਵਛੇਰੀ ਖੂਹੀ ਵਿਚਿ ਪਉਦੀ ਹੋਵੇ। ਇਨਕਾ ਮਨੁ ਉਹਾ ਗਇਆ ਆਹਾ।[[208]]

ਤਾ ਕਾਜੀ ਆਇ ਪੈਰੀ ਪਇਆ ਆਖਿਓਸੁ ਵਾਹੁ ਵਾਹੁ ਇਕ ਕਉ ਖੁਦਾਇ ਕੀ ਨਿਵਾਜਸ ਹੋਈ ਹੈ। ਤਬ ਕਾਜੀ ਪਤੀਣਾ। ਤਬ ਬਾਬੇ ਸਲੋਕ ਦਿਤਾ

ਮੁਸਲਮਾਨੁ ਮੁਸਾਵੈ ਆਪੁ॥

ਸਿਦਕ ਸਬੂਰੀ ਕਲਮਾ ਪਾਕ॥

ਖੜੀ ਨ ਛੇੜੈ ਪੜੀ ਨ ਖਾਇ॥

ਨਾਨਕ ਸੋ ਮੁਸਲਮਾਨ ਭਿਸਤ ਕਉ ਜਾਇ॥[209]

ਜਾ ਬਾਬੇ ਏਹੁ ਸਲੋਕੁ ਬੋਲਿਆ ਤਾ ਸਯੀਅਦ ਸੇਖ ਜਾਦੇ ਕਾਜੀ ਮੁਫਤੀ ਖਾਨ ਖਨੀਨ ਮਹਰਮੁ ਕਦਮੁ ਹੈਰਾਨ ਹੋਇ ਰਹੇ ਖਾਨ ਬੋਲਿਆ ਕਾਜੀ ਨਾਨਕੁ ਹਕੁ ਨੂ ਪਹੁਤਾ ਹੈ ਅਵਰੁ ਪੁਛਣ ਕੀ ਤਕਸੀਰ ਰਹੀ।ਜਿਤੁ ਵਲਿ ਬਾਬਾ ਨਦਰਿ ਕਰੇ ਤਿਤੁ ਵਲਿ ਸਭ ਕੋਈ ਸਲਾਮੁ ਕਰੇ। ਤਬਿ ਬਾਬਾ ਬੋਲਿਆ ਸਬਦੁ

ਰਾਗ ਸਿਰੀ ਰਾਗੁ ਮਹਲਾ ੧।

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬਿ ਨਿਤ ਦੇਹਿ ਪਾਣੀ॥

ਹੋਇ ਕਿਰਸਾਣੁ ਈਮਾਨੁ ਜਮਾਇ ਲੈ ਭਿਸਤੁ ਦੋਜਕੁ ਦੁਇ ਇਵੈ ਜਾਣੀ॥੧॥

ਮਤੁ ਜਾਣਸੀ ਗਲੀ ਪਾਈਆਈ।

ਮਾਲ ਕੈ ਮਾਣੈ ਰੂਪੁ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ॥੧॥ ਰਹਾਉ॥

---

[201] ੲ :ਕਰਿ

[202] ਇਹ ਪਾਠ ਅ:ੲ ਵਿਚ ਦਰਜ ਨਹੀਂ ਹੈ

[203] ਅ:ਸ: ਜੇ

[204] ੲ : ਸ :ਪਾਇਆ

[205] ਅ : ੲ : ਸ : ਈਮਾਨੁ

[206] ਅ:ਇਸ ਕੇ ਘਰਿ,ਹ: ਇਹ ਪਾਠ ਦਰਜ ਨਹੀਂ ਹੈ

[207] ਇਹ ਪਾਠ ਅ :ੲ :ਸ ਵਿਚ ਦਰਜ ਨਹੀਂ ਹੈ

[208] ਹ:ਇਸਕੀ ਨਿਮਾਜ ਕਬੂਲ ਨਹੀਂ ਪੜੀ

[209] ਇਹ ਗੁਰੂਬਾਣੀ ਨਹੀਂ ਹੈ

ਐਬ ਤਨੁ ਚਿਕੜੋ ਯਾ ਮਨੁ ਮੀਡਕੁ ਕਵਲ ਕੀ ਸਾਰ ਤੁਮ ਨਹਿ ਪਾਈ॥
ਭਵਰੁ ਉਸਤਾਦੁ ਨਿਤਿ ਭਿਖਿਆ ਬੋਲੈ ਬੂਜਿਸੇ ਬੁਝਾਈ॥੨॥
ਕਹਣਾ ਸੁਨਨਾ ਪਉਣ ਕੀ ਬਾਣੀ ਏਹੁ ਮਨੁ ਰਤਾ ਮਾਇਆਈ॥
ਖਸਮ ਕੀ ਨਦਰਿ ਪਇਆ ਪਸਿੰਦੇ ਕਰਿ ਜਿਨਿ ਇਕ ਮਨਿ ਅਲਖੁ ਧਿਆਇਆਈ॥੩॥
ਤੀਸ ਕਰਿ ਰਖੇ ਪੰਜਿ ਕਰਿ ਸਾਥੀ ਪਵੈ ਸੈਤਾਨੁ ਮਤੁ ਕਪਿ ਜਾਈ॥
ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤਨੋ ਸੰਚਿਆਹੀ॥੪॥ (ਗੁ.ਗ੍ਰੰ.ਸਾ.ਪੰਨਾ ੨੪)

[210]ਜਾ ਬਾਬੇ ਏਹੁ ਸਬਦੁ ਬੋਲਿਆ[210] ਤਬਿ ਖਾਨੁ [[211]] [212]ਆਇ ਪੈਰੀ ਪਇਆ[212] । ਤਬਿ ਲੋਕਿ ਹਿੰਦੂ ਮੁਸਲਮਾਨੁ ਆਇ ਲਗੇ [213]ਖਾਨ ਨੂੰ[213] ਕਹਿਣ ਜੋ ਨਾਨਕ ਵਿਚਿ ਖੁਦਾਇ ਬੋਲਦਾ ਹੈ। ਤਬਿ ਖਾਨ ਕਹਿਆ ਨਾਨਕ ਰਾਜੁ ਮਾਲੁ ਹੁਕਮੁ ਹਾਸਲੁ ਸਭੁ ਤੇਰਾ ਹੈ। ਤਬ ਗੁਰੂ ਨਾਨਕ ਕਹਿਆ ਖੁਦਾਇ ਤੇਰਾ ਭਲਾ ਕਰੇਗਾ ਹੁਣਿ ਟਿਕਣ ਕੀ ਬਾਤ ਰਹੀ। ਰਾਜ ਮਾਲੁ ਘਰੁ ਬਾਰਿ ਤੇਰੇ ਹੈਨਿ ਅਸੀ ਤਿਆਗਿ ਚਲੇ।

ਜਾਇ ਫਕੀਰਾ ਵਿਚ ਬੈਠਾ ਤਬਿ ਫਕੀਰ ਉਠਿ ਹਥਿ ਬੰਨਿ ਖੜੇ ਹੋਏ ਲਾਗੈ ਸਿਫਤਿ ਕਰਣਿ। ਆਖਨਿ ਜੋ ਨਾਨਕੁ ਸਚਿ ਰੋਜੀ ਥੀਆ ਹੈ ਅਤੈ ਸਚਿ [[214]] [215]ਕੀ ਰੰਗਣਿ[215] ਵਿਚ ਰਤਾ ਹੈ ਤਾ ਬਾਬਾ ਬੋਲਿਆ ਮਰਦਾਨਿਆ ਰਬਾਬ ਵਜਾਇ। ਤਬਿ ਮਰਦਾਨੇ ਰਬਾਬੁ ਵਜਾਇਆ ਰਾਗੁ ਤਿਲੰਗੁ ਕੀਤਾ। ਬਾਬੇ ਸਬਦੁ ਉਠਾਇਆ।

ਹਿਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥
ਮੇਰੇ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੇ ਜਾਏ॥੧॥
ਹਉ ਕੁਰਬਾਨੇ ਜਾਉ ਮੇਰੇ ਪਿਆਰੇ ਹਉ ਕੁਰਬਾਨੈ ਜਾਉ॥
ਹਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੁ ਤੇਰਾ ਨਾਉ॥
ਲੈਨਿ ਜੋ ਤੇਰਾ ਨਾਉ ਤਿਨਾ ਕੇ ਸਦ ਕੁਰਬਾਨੈ ਜਾਉ॥੧॥ਰਹਾਉ॥
ਕਾਇਆ ਰੰਗਣਿ ਜੋ ਥੀਵੈ ਪਿਆਰੇ ਪਾਈਐ ਨਾਮ ਮਜੀਠਿ॥
ਰੰਙਣਿ ਵਾਲਾ ਜੇ ਰੰਗੈ ਪਿਆਰੇ ਐਸਾ ਰੰਗੁ ਨ ਡੀਠੁ॥੨॥
ਜਿਨਿ ਕੇ ਚੋਲੇ ਰਤੜੇ ਪਿਆਰੇ ਕੰਤ ਤਿਨਾ ਕੈ ਪਾਸਿ॥
ਧੂੜਿ ਤਿਨਾ ਕੀ ਜੇ ਮਿਲੇ ਪਿਆਰੇ ਨਾਨਕ ਕੀ ਅਰਦਾਸਿ॥੩॥
ਆਪੇ ਸਾਜੇ ਆਪੇ ਰੰਗੈ ਆਪੇ ਨਦਰਿ ਕਰੇਇ॥
ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੈ ॥੪॥ ( ਗੁ.ਗ੍ਰੰ.ਸਾ.ਪੰਨਾ ੭੨੧-੨੨)

---

[210] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[211] ੲ :ਕਦਮ ਉਤੇ ਢਹਿ ਪਏਆ ਕਦੁਮ ਚੁੰਮਿਉਸੁ
[212] ਇਹ ਪਾਠ ੲ ਵਿਚ ਦਰਜ ਨਹੀਂ ਹੈ
[213] ਇਹ ਪਾਠ ੲ ਵਿਚ ਦਰਜ ਨਹੀਂ ਹੈ
[214] ੲ : ਸ :ਕਰਣੀ
[215] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

ਤਬਿ ਫਕੀਰ ਆਇ ਪੈਰੁ ਚੁੰਮੇ ਦਸਤ ਪੰਜਾ ਲੀਆ ਬਾਬੇ ਦੀ [216] ਖੁਸੀ ਹੋਈ ਫਕੀਰਾ ਉਪਰਿ ਬਹੁਤ ਮਿਹਰਵਾਨ ਹੋਇਆ ਖਾਨੁ ਭੀ **ਆਇ**[217] [218]ਗਇਆ[218] । ਲੋਕ ਹਿੰਦੂ ਮੁਸਲਮਾਨ ਜੁ ਕੋਈ ਸਾ ਸਭ ਸਲਾਮ ਕਰਿ ਖੜਾ ਹੋਆ । [219]ਤਬਿ[219] ਗੁਰੂ ਪਾਸੋ ਵਿਦਾ **ਹੋਏ**[220] । ਖਾਨੁ ਘਰਿ ਆਇਆ ਆਇ ਕਰਿ ਦੇਖੈ ਤਾ ਕੋਠੜੀਆ ਖਜਾਨੇ ਕੀਆ ਭਰੀਆ ਪਈਆ ਹੈਨ।[221] ਤਬਿ ਬਾਬੇ ਦੀ ਖੁਸੀ ਹੋਈ। ਮਰਦਾਨੇ ਨੂੰ ਨਾਲੇ ਲੈ ਕਰਿ ਚਾਲਦਾ ਰਹਿਆ।[222] [223] ਤਬ ਕਿਤੇ ਵਸਦੀ ਵੜੇ ਨਾਹੀ ਕਿਤੇ ਜੰਗਲਿ ਕਿਤੇ ਦਰੀਆਇ [224]ਕਿਥਈ[224] ਟਿਕੇ ਨਾਹੀ। ਕਦੇ ਜੇ ਮਰਦਾਨੇ ਨੁ ਭੁਖ ਲਗੇ ਤਾ ਬਾਬਾ ਆਖੈ ਮਰਦਾਨਿਆ [225] [226]ਭੁਖਿ ਲਾਗੀ ਹੀ। ਤਾ ਮਰਦਾਨਾ[226] ਆਖੇ ਜੀ ਤੂੰ ਸਭੁ ਕਿਛੁ ਜਾਣਦਾ ਹੈ ਤਬਿ ਬਾਬੇ ਆਖਿਆ ਮਰਦਾਨਿਆ ਸਿਧੋ ਹੀ ਵਸਦੀ ਜਾਇ ਖਲੋਉ [228]ਆਗੈ ਉਪਲਿ ਖਤ੍ਰੀ ਹੈਨਿ ਤਿਸਦੇ ਘਰਿ ਜਾਇ ਖੜੋਉ ਚੁਪਾਤੋ ਓਥੈ ਓਇ ਖਵਾਇਦੇ ਹੈਨਗੇ ਮਰਦਾਨਿਆ ਤੈਨੂੰ ਜਾਦੇ ਹੀ ਨਾਲਿ [227] ਕੋਈ ਹਿੰਦੂ ਕੋਈ ਮੁਸਲਮਾਨ[228] ਜੋ ਕੋਈ ਆਇ ਮੁਹਿ ਲਗੇਗਾ ਸੋਈ ਆਇ ਪੈਰੀ ਪਵੈਗਾ ਛਤੀਹ ਅੰਮ੍ਰਿਤ ਆਣਿ ਆਗੈ ਰਾਖਨਗੇ ਕੋਈ[229] ਰੁਪਏ [230] ਆਣ ਰਖੈਗੇ [231]ਕੋਈ ਆਨਿ ਪਰਕਾਲੇ ਰਖਨਿਗੇ[231] [235]{ਕੋਈ ਪੁਛਸੀਆ ਭੀ ਨਾਹੀ ਜੋ ਤੂ ਕਿਥੋ ਆਇਆ ਹੈ ਕਿਸੇ ਦਾ [232]ਆਦਮੀ[232] ਹੈ ਜੇ ਕੋਈ ਆਇ ਮੁਹਿ ਲਾਗੈਗਾ ਸੋਈ ਆਖੈਗਾ ਜੋ ਮੈ ਆਪਣਾ ਸਰਵੰਸੁ ਆਣਿ ਅਗੈ **ਰਾਖਾ**[233] [234] ਆਖਨਗੇ ਜੋ ਅਸੀ ਨਿਹਾਲ ਹੋਏ ਜੋ ਅਸਾਨੂੰ ਏਹੁ ਦੀਦਾਰ ਹੋਆ॥ ਬਾਬੇ ਦੀ ਖੁਸੀ ਹੋਈ}[235] [236] ਮਰਦਾਨਾ ਇਕ ਦਿਨ ਸਹਰ ਨੁ ਭੇਜਿਆ **ਭੇਜਦਿਆ**[237] ਨਾਲ ਪੂਜਾ ਬਹੁਤ ਲਾਗੀ ਜਾ

---

216 ਹ: ਬਹੁਤ
217 ੲ :ਆਇਆ
218 ਇਹ ਪਾਠ ੲ ਵਿਚ ਦਰਜ ਨਹੀਂ ਹੈ
219 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
220 ੲ : ਸ :ਕੀਤੇ
221 ੲ:ਤਬ ਖਾਨ ਕਹਿਆ ਵਾਹ ਵਾਹ।
222 ਹ: ੧੨.ਮਰਦਾਨੇ ਦੀ ਪੂਜਾ ਕਰਾਈ
223 ਹ: ਤਬਿ ਬਾਬਾ ਜੀ ਉਜੜ ਕਉ ਚਲੇ
224 ਇਹ ਪਾਠ ਅ:ੲ : ਸ ਵਿਚ ਦਰਜ ਨਹੀਂ ਹੈ
225 ੲ :ਕਉ
226 ਇਹ ਪਾਠ ੲ ਵਿਚ ਦਰਜ ਨਹੀਂ ਹੈ
227 ੲ :ਤੈਨੋ
228 ਇਹ ਪਾਠ ਅ ਵਿਚ ਦਰਜ ਨਹੀਂ ਹੈ
229 ੲ :ਆਣਿ
230 ਹ: ਪਸ਼ੀਏ
231 ਇਹ ਪਾਠ ਅ:ਸ ਵਿਚ ਦਰਜ ਨਹੀਂ ਹੈ
232 ਇਹ ਪਾਠ ੲ ਵਿਚ ਦਰਜ ਨਹੀਂ ਹੈ
233 ੲ –ਅਰਪੀਤਾ, ਸ: ਰਖੀਤਾ
234 ੲ : ਸ : ਭਲਾ ਹੋਵੈ
235 ਇਹ ਪਾਠ ਅ ਵਿਚ ਦਰਜ ਨਹੀਂ ਹੈ
236 ਸ: ਮਰਦਾਨੇ ਨੋ। ਮਰਦਾਨਿਆ ਤੁਧ ਨੋ ਦੇਖਦੇ ਹੀ ਸੰਸਾਰੁ ਨਿਹਾਲੁ ਹੋਵੈਗਾ।
237 ਅ:ਆਵਦਿਆ, ੲ : ਸ :ਜਾਦਿਆ

ਗਇਆ ਤਾ ਸਾਰਾ ਸਹਰੁ ਆਇ ਪੈਰੀ ਪਇਆ [238]ਜਾ ਗਇਆ ਤਾ[238] ਪੰਜੀਹੇ [[239]] ਕਪੜੇ [[240]] ਪੰਡ ਬੰਨ ਕੇ ਲੈ ਆਇਆ ਬਾਬਾ ਹਸਦਾ ਹਸਦਾ ਨਿਲੇਟ ਹੋਆ [241]ਬਾਬੇ ਪਾਸਿ ਮਰਦਾਨਾ ਕਪੜੇ ਪੰਜੀਹੇ ਲੈ ਆਇਆ ਬਾਬਾ ਵੈਖੇ ਤਾ ਬੰਨੀ ਪੰਡਿ ਲਈ ਆਵਦਾ ਹੈ[241] ਤਬਿ ਬਾਬੇ ਆਖਿਆ ਮਰਦਾਨਿਆ ਕਿਆ ਆਦਾ ਹੀ ਤਬਿ ਮਰਦਾਨੇ ਆਖਿਆ ਜੀ [242]ਸਚੇ[242] ਪਾਤਿਸਾਹ [[243]] [244] ਤੇਰੇ ਨਾਵੈ ਸਦਕਾ ਸਾਰਾ ਸਹੁਰ ਸੇਵਾ ਨੂੰ ਉਠਿ ਖੜਾ ਹੋਆ ਜੀਉ ਪਾਤਿਸਾਹ[244] ਮੈ ਆਖਿਆ [245]ਜੋ[245] ਏਹ ਵਸਤੁ ਕਪੜੇ ਬਾਬੇ ਪਾਸਿ ਲੈ ਜਾਵਾ ਤਬਿ ਗੁਰੂ ਬੋਲਿਆ ਮਰਦਾਨਿਆ ਆਂਦੋ ਭਲਾ ਕੀਤੋ ਪਰੁ ਏਹ ਅਸਾਡੇ ਕਿਤੇ ਕੰਮਿ ਨਾਹੀ ਤਬਿ ਮਰਦਾਨੇ ਆਖਿਆ ਜੀਉ ਪਾਤਿਸਾਹ ਕਿ ਕਰੀ ਤਬਿ ਬਾਬੇ ਆਖਿਆ ਸੁਟਿ ਘਤੁ ਤਾ ਮਰਦਾਨੇ [246]ਸਭਿ[246] [247]ਵਸਤੂੰ[247] ਸਟਿ ਘਤੀਆ [248]ਪੰਡਿ ਸਾਰੀ[248] [[249]] [250]ਓਥਹੁ[250] ਰਵਦੇ ਰਹੈ। ਤਬਿ ਮਰਦਾਨੇ [251]ਆਖਿਆ[251] ਅਰਜ ਕੀਤੀ ਆਖਿਓਸੁ ਜੀਉ ਪਾਤਿਸਾਹੁ ਇਹੁ ਜੋ ਕੋਈ ਤੇਰੇ ਨਾਉ ਦਾ ਸਦਕਾ ਮੰਨਦਾ ਹੈ ਅਤੈ ਸਿਖ ਦੈ ਮੁਹਿ ਪਾਵਦਾ ਹੈ ਕਿਛ ਤੈਨੂੰ ਭੀ ਪਹੁਚਦਾ ਹੈ ਓਸਦਾ ਭਾਉ ਅਤੇ [[252]] ਮੇਰੇ ਦਿਲੇ ਵਿਚਿ ਵਡਾ ਫਿਕਰ ਹੈ **ਜੋ**[253] ਤੂ ਕਿਛੁ ਛੁਹਦਾ ਨਾਹੀ ਅਤੈ ਮੁਹਿ ਪਾਵਦਾ ਨਾਹੀ ਤੂ ਕਿਸ ਨਾਲੈ ਤ੍ਰਿਪਤਦਾ ਹੈ ਤਬਿ ਗੁਰੂ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ ਤਾ ਮਰਦਾਨੈ ਰਬਾਬ ਵਜਾਇਆ ਰਾਗੁ ਗਉੜੀ ਕੀਤੀ ਦੀਪਕੀ ਮਹਲਾ ੧ ਬਾਬੇ ਸਬਦੁ ਉਠਾਇਆ।

**** ਰਾਗੁ ਗਉੜੀ ਦੀਪਕੀ ਮਹਲਾ ੧॥ ਸਬਦੁ॥
ਮਾਤਾ ਤ੍ਰਿਪਤੇ ਜਾ ਸੁਤੁ ਕਛੁ ਖਾਵੈ।
ਬਛੁਰਾ ਤ੍ਰਿਪਤੇ ਜਾ ਗਊ ਚੁੰਘਾਵੈ।
ਸਤਿਗੁਰ ਤ੍ਰਿਪਤੇ ਜਾ ਸਿਖੁ ਮੁਖਿ ਪਾਵੈ॥
ਐਸੇ ਹਰਿ ਜਨ ਮਿਲਹੁ ਪਿਆਰੇ॥
ਜਿਨਿ ਮਿਲਿਆ ਦੂਖ ਜਾਹਿ ਹਮਾਰੇ।ਰਹਾਉ।

---

[238] ਇਹ ਪਾਠ ਸ ਵਿਚ ਦਰਜ ਨਹੀਂ ਹੈ
[239] ਏ :ਅਤੈ
[240] ਸ: ਬਹੁਤੁ ਆਇ ਰੁਜੂ ਹੋਏ।
[241] ਇਹ ਪਾਠ ਅ:ੲ: ਸ ਵਿਚ ਦਰਜ ਨਹੀਂ ਹੈ
[242] ਇਹ ਪਾਠ ੲ ਵਿਚ ਦਰਜ ਨਹੀਂ ਹੈ
[243] ਸ: ਕਪੜੇ ਪੰਜੀਹੇ ਬਹੁਤੁ ਆਣਿ ਰੁਜੂ ਹੋਏ
[244] ਇਹ ਪਾਠ ਸ ਵਿਚ ਦਰਜ ਨਹੀਂ ਹੈ
[245] ਇਹ ਪਾਠ ੲ ਵਿਚ ਦਰਜ ਨਹੀਂ ਹੈ
[246] ਇਹ ਪਾਠ ੲ ਵਿਚ ਦਰਜ ਨਹੀਂ ਹੈ
[247] ਇਹ ਪਾਠ ਅ ਵਿਚ ਦਰਜ ਨਹੀਂ ਹੈ
[248] ਇਹ ਪਾਠ ਅ:ਸ ਵਿਚ ਦਰਜ ਨਹੀਂ ਹੈ
[249] ੲ :ਉਥੈ ਸੁਟਿ ਕਰਿ
[250] ਇਹ ਪਾਠ ੲ ਵਿਚ ਦਰਜ ਨਹੀਂ ਹੈ
[251] ਇਹ ਪਾਠ ੲ ਵਿਚ ਦਰਜ ਨਹੀਂ ਹੈ
[252] ੲ : ਸ :ਭਗਤਿ
[253] ਹ:ਜੋ

××××××××××××××

ਕਾਂਮਨਿ ਤ੍ਰਿਪਤੈ ਜਾ ਪਿਰ ਘਰਿ ਆਵੈ।

ਮੀਨਾ ਤ੍ਰਿਪਤੇ ਜਾ ਜਲਹਿ ਸਮਾਵੈ।

ਹਰਿ ਜਨੁ ਤ੍ਰਿਪਤੇ ਜਾ ਹਰਿ ਗੁਨੁ ਗਾਵੈ।੨।

ਚਾਤ੍ਰਿਕ ਤ੍ਰਿਪਤੇ ਜਾ ਬਰਸੈ ਬੂੰਦ ਧਾਰਾ।

ਨਾਰਿ ਤ੍ਰਿਪਤੈ ਮਾਇਆ ਦੇਖਿ ਪਸਾਰਾ।

ਸਾਧੁ ਤ੍ਰਿਪਤੈ ਜਪਿ ਨਿਰੰਕਾਰਾ।੩।

ਰਾਜਾ ਤ੍ਰਿਪਤੇ ਜਾ ਪਰ ਭੂਮ ਧਨ ਖਾਟਾ॥

ਸਿਖੁ ਤ੍ਰਿਪਤੇ ਜਾ ਲਾਗਾ ਰੰਗੁ ਲੇਲਾਟਾ॥

ਜਨੁ ਨਾਨਕੁ ਤ੍ਰਿਪਤੇ ਸੰਤਨ ਪਗ ਚਾਟਾ।੪।****** (ਮ:੪)**

ਤਬਿ ਫਿਰ ਮਰਦਾਨੇ ਤਸਲੀਮ ਕੀਤੀ। ਓਥਹੁ ਚਲੇ॥ ।[254]॥

° [[255]] ਜਾਦੇ ਜਾਦੇ ਸੇਖ ਸਜਣ ਕੇ ਘਰਿ ਜਾਇ ਨਿਕਲੇ ਉਸਕਾ ਘਰੁ ਪੈਂਡੇ ਵਿਚ ਥਾ। ਤੇ ਠਾਕੁਰ ਦੁਆਰਾ **[[256]]** [4]ਤੇ ਮਸੀਤ ਕਰਿ ਛਡੀ ਥੀ। ਜੇ ਕੋਈ ਹਿੰਦੂ ਆਵੈ ਤਾ ਠਉਰ ਦੇਵੈ ਅਤੇ[257] ਜੇ ਮੁਸਲਮਾਨ **ਜਾਵੈ**[258]

---

[254] ਹ: ੧੩.ਸੱਜਣ ਠੱਗ

[255] ਅ: ਬਾਬਾ ਜੀ ਆਵਦਾ ਆਵਦਾ ਦੇਖੈ ਤਾ ਇਕ ਸਿਖ ਹੈ ਬੈਠਾ ਹੋਇਆ। ਪਰ ਧ੍ਰਮਸਾਲ ਚਲਾਇਦਾ ਹੈ ਪਾਣੀ ਦੇ ਘੜੇ ਕੋਰੇ ਧਰੇ ਹੈਨ। ਜੁ ਕੋਈ ਆਵਦਾ ਹੈ। ਸੋ ਪਾਣੀ ਪੀਦਾ ਹੈ। ਸੁਪੇਦ ਕਪੜੇ ਗਲ ਮਾਲਾ ਮਥੇ ਟਿਕਾ ਰਾਮੁ ਰਾਮ ਕਰਦਾ ਹੈ। ਬਾਬਾ ਉਥਾਊ ਆਇ ਨਿਕਲਿਆ। ਤਾ ਉਨ ਆਖਿਆ ਆਈਐ ਜੀ ਬੈਠੀਐ ਜੀ ਬਾਬਾ ਜੀ ਬੈਠਾ। ਬਾਬੇ ਜੀ ਪੁਛਿਆ ਤੇਰਾ ਨਾਉ ਕਿਆ ਹੈ। ਉਨ ਆਖਿਆ ਜੀ ਮੇਰਾ ਨਾਉ ਸਜਣ ਹੈ। ਉਸ ਦੇ ਕਰਮ ਬਾਬੇ ਨੂੰ ਸਭ ਦਿਸ ਆਏ। ਗੁਰੂ ਬਾਬੇ ਨਿਰੰਜਨ ਪੁਰਖ ਉਸ ਨੂੰ ਆਖਿਆ ਤੇਰਾ ਨਾਉ ਸਜਣ ਹੈ। ਉਥੇ ਸਬਦ ਹੋਆ----- ਜਾ ਬਾਬੇ ਏਹ ਸਬਦ ਆਖਿਆ ਤਾ ਉਹ ਉਠ ਪੈਰੀ ਪਇਆ।ਤੇ ਬੋਲਿਆ ਜੀ ਤੂ ਆਖਿਦਾ ਹੈ ਮੈ ਵਿਚ ਕਰਮ ਹੈਨਿ। ਪਰ ਮੇਰੇ ਕਿਵੇ ਪਾਪ ਕਟੀਅਨ ਤਾ ਭਲਾ ਹੋਵੈ। ਗੁਰੂ ਬਾਬੇ ਆਖਿਆ ਹਉ ਜੋ ਆਇਆ ਹਾਂ ਤੇਰੇ ਪਾਸ ਤੇਰੇ ਪਾਪ ਗਵਾਵਣ ਨੂ ਆਇਆ ਹਾਂ। ਪ੍ਰਮੇਸ੍ਰ ਜੀ ਭੇਜਿਆ ਹਾ। ਏਹੁ ਜੋ ਤੂ ਕਰਮੁ ਕਮਾਵਦਾ ਹੈ ਸੋ ਤੂੰ ਛਡ। ਤਾਂ ਉਨ ਆਖਿਆ ਜੀ ਹਉ ਵਡੇ ਪਾਪ ਕਮਾਵਦਾ ਹਾਂ। ਕਿਵੇ ਤੇਰੇ ਦ੍ਰਸਨ ਤੇ ਮੇਰਾ ਜੀਉ ਫਿਰ ਆਵੈ। ਨਾਹੀ ਤਾਂ ਮੈ ਫਾਹੀ ਲੈ ਬੈਠਾ ਹਾਂ। ਤੂੰ ਮੇਰੇ ਕਰਮ ਵੇਖ ਕਿਆ ਹਾਲੁ ਹੈ। ਬਾਬੇ ਨੂੰ ਬਾਹਿ ਪਕੜ ਕੇ ਲੈ ਗਇਆ ਅਗੇ ਪਕਾ ਕੰਟੂ ਹੈ। ਤਿਸ ਵਿਚ ਭਲੀਆ ਭਲੀਆ ਇਸਤ੍ਰੀਆ ਹੈਨਿ। ਵਸਦੀ ਦੇਖ ਕੈ ਲੋਕ ਆਇ ਉਤਰਤਾ ਹੈ। ਜੋ ਆਇ ਉਤਰੇ ਸੋ ਅੰਦਰੇ ਮਾਰੀਐ। ਮਾਰਿ ਕਰਿ ਭੋਹਿਰਿਆ ਵਿਚ ਸੁਟ ਪਾਈਐ। ਭੋਹਰੇ ਮੜਿਆ ਨਾਲਿ ਭਰੀਦੇ ਜਾਨ।ਬਾਬੇ ਨੂ ਏਹ ਕਰਮ ਵਿਖਾਲਿਅਨ। ਆਖਣ ਲਗਾ ਜੀ ਮੈ ਏਹੁ ਕਰਮ ਕਮਾਵਦਾ ਹਾਂ। ਪਰ ਜੀ ਤੇਰੇ ਦਰਸਨ ਤੇ ਮੇਰਾ ਆਤਮਾ ਹੋਰੁ ਹੋਇ ਗਇਆ ਹੈ।ਤਾ ਗੁਰੂ ਬਾਬੇ ਆਖਿਆ ਹੁਣ ਤੇਰਾ ਜੀਉ ਕਿਆ ਆਖਿਦਾ ਹੈ। ਤਾ ਉਨੁ ਆਖਿਆ ਜੀ ਮੇਰਾ ਜੀਉ ਤੇਰੇ ਦਰਸਨ ਤੇ ਹੁਣ ਅਜੇਹਾ ਹੈ। ਜੁ ਘਰ ਬਾਰ ਪੁਤ ਧੀਆ ਸਭ ਕਿਹੁ ਜਹਰੁ ਲਗਤਾ ਹੈ। ਤਾ ਗੁਰੂ ਬਾਬੇ ਆਖਿਆ ਪਿਛ ਤੇਰਾ ਜੀਉ ਹੈ ਤਾਂ ਇਹ ਘਰ ਬਾਰ ਢਾਹਿ। ਹੋਰ ਪਕੇ ਕਰ ਲੋਕ ਸੁਖੁ ਪਾਇਨ। ਜਿ ਪਾਪ ਕਰਦਾ ਹੈ। ਤਿਥੇ ਧ੍ਰਮਸਾਲਾ ਕਰ। ਸੋ ਪੁੰਨ ਕਰ ਜੁ ਤੇਰਾ ਸਾਥੀ ਹੈ ਤਿਨਾ ਨੂ ਭੀ ਪ੍ਰਮੇਸ੍ਰ ਸਿਮਰਾਓ। ਜੁ ਤੇਰੀ ਗਤ ਹੋਵੈ। ਜਦ ਬਾਬੇ ਏਹੁ ਆਖਿਆ ਉਹ ਪੈਰੀ ਪਇਆ। ਹਥ ਜੋੜ ਖੜਾ ਹੋਇਆ।ਆਖਣ ਲਗਾ ਜੀ ਮੇਰਾ ਨਿਸਤਾਰਾ ਕੀਚੈ। ਤਬ ਬਾਬੇ ਉਸ ਦੇ ਮਥੇ ਉਪਰ ਆਪਣਾ ਚਰਣ ਰਖਿਆ। ਆਗਿਆ ਕੀਤੀ ਜਾਹਿ ਤੂੰ ਮੁਕਤੁ ਕੀਤੋ। ਜੋ ਕਿਛੁ ਬਾਬੇ ਨਾਨਕ ਆਗਿਆ ਕੀਤੀ ਸੋਈ ਉਸ ਕੀਤਾ। ਕੋਟ ਘਰ ਢਾਹਿ ਧਰਮਸਾਲਾ ਕੀਤੀ।ਭਲੇ ਕਰਮ ਲਗਾ ਕਮਾਵਣ। ਨਾਮ ਦਾਨ ਇਸਨਾਨ ਜੋ ਬਾਬੇ ਜੀ ਦਸਿਆ ਉਤ ਜੁਗਤ ਲਗਾ ਕਰਣ। ਤਾ ਬਾਬੇ ਜੀ ਪਹਿਲੀ ਧ੍ਰਮਸਾਲਾ ਏਹਾ ਬਧੀ।ਧ੍ਰਮਸਾਲਾ ਬੰਨ ਕੇ ਉਥਹੁ ਅਗੇ ਚਲਿਆ।ਸਾਖੀ ਪੂਰੀ ਹੋਈ।

[256] ਏ –ਰਾਖੈ,ਸ: ਥਾ

[257] ਇਹ ਪਾਠ ਏ ਵਿਚ ਦਰਜ ਨਹੀਂ ਹੈ

[258] ਏ :ਆਵੈ

qw **[259]** ਤਵਜਹ ਕਰੈ ਅਰੁ ਜਾ ਰਾਤਿ ਪਵੈ ਤਾ ਆਖੈ ਚਲੁ ਜੀ ਸੋਵਹੁ । ਅੰਦਰਿ ਲੈ ਜਾਵੈ ਖੂਹੈ ਵਿਚ ਪਾਇ ਕਰਿ ਮਾਰੈ ਅਰੁ ਜਾ ਸਬਾਹ ਹੋਵੈ ਤਾ ਆਸਾ ਤਸਬੀ ਹਾਥਿ ਲੇ ਮੁਸਲਾ ਪਾਇ ਬਹੈ **ਜਬਿ**[260] ਬਾਬਾ ਤੇ ਮਰਦਾਨਾ ਗਏ ਤਾ ਖਿਜਮਤਿ ਬਹੁਤ ਕੀਤੀਓਸੁ ਅਤੈ ਆਪਨਿਆ ਲੋਕਾ ਤਾਈ ਆਖਿਓਸੁ ਜੋ ਇਸਦੇ ਪਲੈ ਬਹੁਤੁ ਦੁਨੀਆ ਹੈ। ਪਰ ਗੁਹਜੁ [261]ਹੈ। ਜਿਸ ਦੇ[261] ਮੁਹਿ ਵਿਚ ਐਸੀ ਭੜਕ ਹੈ ਸੋ ਖਾਲੀ ਨਾਹੀ ਫੈਲੁ ਕਰਿ ਕੈ ਫਕੀਰ ਹੋਇਆ ਹੈ ਜਬਿ ਰਾਤਿ ਪਈ ਤਬਿ ਆਖਿਓਸੁ ਉਠਹੁ ਜੀ ਸੋਵਹੁ ਤਬਿ ਬਾਬੇ ਆਖਿਆ ਸਜਣ ਇਕ ਸਬਦੁ ਖੁਦਾਇ ਦੀ ਬੰਦਗੀ ਕਾ ਆਖਿ ਕਰਿ ਸੋਵਹਿਗੇ। ਤਬਿ ਸੇਖ ਸਜਨਿ ਆਖਿਆ ਭਲਾ ਹੋਵੈ ਜੀ। **ਆਖਹੁ** [262] ਜੀ ਰਾਤਿ ਬਹੁਤ ਗੁਦਰਦੀ ਜਾਦੀ ਹੈ। ਤਉ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ। ਤਾ ਮਰਦਾਨੇ ਰਬਾਬੁ ਵਜਾਇਆ ਰਾਗੁ ਸੂਹੀ ਕੀਤੀ ਗੁਰ ਨਾਨਕ ਸਬਦੁ ਉਠਾਇਆ ਮ:੧।

ਉਜਲਿ ਕਹਿਆ ਚਿਲਕਣਾ ਘੋਟਿਮ ਕਾਲੀ ਮਸੁ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲ ਚਲੰਨਿ॥
ਜਿਥੈ ਲੇਖਾ ਮੰਗੀਐ ਹਾਜਰੁ ਖੜੇ ਦਿਸਨਿ॥੧॥ ਰਹਾਉ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹ॥
ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥
ਘੁਟਿ ਘੁਟਿ ਜੀਆ ਖਾਵਣੈ ਬਗੇ ਨ ਕਹੀਅਨਿ॥੩॥
ਸਿਮਲੁ ਰੁਖ ਸਰੀਰ ਮੈ ਮਜਣ ਦੇਖਿ ਭੁਲਨਿ॥
ਤੇ ਫਲ ਕੰਮਿ ਨ ਆਵਨੀ ਸੇ ਗੁਣ ਮੈ ਤਨਿ ਹੰਨਿ॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਜਿਤੁ॥੫॥
ਚਾਕਰੀਆਂ ਚੰਗਿਆਈਆ ਅਵਰ ਸਿਆਣਪਾ ਕਿਤੁ॥
ਨਾਨਕ ਨਾਮੁ ਸਲਾਹਿ ਤੂੰ ਬਧਾ ਛੁਟਹਿਂ ਜਿਤੁ॥੬॥ (ਗੁ.ਗ੍ਰੰ.ਸਾ.ਪੰਨਾ ੧੨੯)

[263]ਤਬਿ[263] ਦਰਸਨ ਕਾ ਸਦਕਾ ਬੁਧਿ ਹੋਇ ਆਈ ਜਾ ਵੀਚਾਰੇ ਤਾ ਸਭ ਮੇਰੇ ਗੁਨਾਹ ਸਹੀ ਹੋਏ [264]ਹੈਨ[264] ਤਬਿ **ਆਇ**[265] ਉਠਿ ਕਰਿ ਪੈਰੀ ਪਇਆ ਪੈਰਿ ਚੁੰਮਿਓਸੁ ਆਖਿਓਸੁ ਜੀਉ ਮੇਰੇ ਗੁਨਾਹ ਫਦਲੁ ਕਰਿ। ਤਬਿ ਬਾਬੇ ਆਖਿਆ ਸੇਖ ਸਜਨਿ ਖੁਦਾਇ ਕੀ ਦਰਗਾਹ ਦੁਹੁ ਗਲੀ ਗੁਨਾਹ ਫਦਲੁ ਹੋਦੇ ਹਿਨਿ ਤਬਿ

---

[259] ਏ : ਸ :ਮਸੀਤਿ ਵਿਚਿ ਰਾਖੈ
[260] ਏ: ਸ :ਤਬ
[261] ਇਹ ਪਾਠ ਏ ਵਿਚ ਦਰਜ ਨਹੀਂ ਹੈ
[262] ਏ :ਆਖਿਓਸੁ
[263] ਇਹ ਪਾਠ ਏ ਵਿਚ ਦਰਜ ਨਹੀਂ ਹੈ
[264] ਇਹ ਪਾਠ ਏ ਵਿਚ ਦਰਜ ਨਹੀਂ ਹੈ
[265] ਏ:ਆਇਆ

ਸੇਖਿ ਸਜਨ ਅਰਜੁ ਕੀਤੀ ਆਖਿਓਸੁ ਜੀ ਉਹੀ ਗਲ ਕਰਿ ਜਿਨੀ ਗਲੀ ਗੁਨਾਹ ਫਦਲ ਹੋਨਿ ਤਬਿ ਗੁਰੂ ਨਾਨਕੁ ਮਿਹਰਵਾਨੁ ਹੋਇਆ ਆਖਿਓਸੁ ਸਚੁ ਕਹੁ ਜੋ ਤੈ ਖੂਨ **[266]** ਕੀਤੇ ਹੈਨ ਤਬਿ ਸੇਖੁ ਸਜਨੁ ਲਾਗਾ ਸਚੋ ਸਚੁ [267]ਬੋਲਣ**[267]**।ਕਹਿਓਸੁ [268]ਜੀ ਬਹੁਤੁ ਪਾਪ ਕੀਤੇ ਹੈਨ**[268]** ਤਬਿ ਗੁਰੂ ਨਾਨਕ ਆਖਿਆ ਜੋ ਕਛੁ ਉਨਕੀ ਵਸਤੁ ਰਹੀ ਹੈ ਸੋ ਘਿੰਨ ਆਉ। ਤਬਿ ਸੇਖ ਸਜਨਿ ਹੁਕਮੁ ਮੰਨਿਆ ਬਸਤੁ ਲੈ ਆਇਆ ਖੁਦਾਇ ਕੇ ਨਾਇ ਲੁਟਾਈ। ਗੁਰੂ ਗੁਰੂ ਲਾਗਾ ਜਪਣੇ। ਨਾਉ ਧਰੀਕ [269] ਹੋਆ।[270] ਬੋਲਹੁ ਵਾਹਿਗੁਰੂ **[271]**।

°/°° [272] ਤਬਿ ਓਥਹੁ ਰਵੈ ਪੈਂਡੇ ਪੈਂਡੇ ਵਿਚ ਪਾਣੀਪਥਿ ਆਇ [273]ਨਿਕਲੈ**[273]** ਤਬਿ [274]ਪਾਣੀਪਥਿ ਕਾ**[274]** ਪੀਰੁ ਸੇਖੁ ਸਰਫੁ ਥਾ ਤਿਸ ਕਾ ਮੁਰੀਦੁ ਸੇਖ ਟਟੀਹਰੁ ਥਾ ਓਹੁ ਪੀਰ ਕੈ ਤਾਈ ਅਸਤਾਵਾ ਪਾਣੀ ਕਾ ਭਰਿਣ **ਆਇਆ**[275] ਸਾ । ਅਗੈ ਬਾਬਾ ਤੇ ਮਰਦਾਨਾ ਦੋਨੋ ਬੈਠੇ ਥੇ **ਏਨਿ**[276] ਆਇ ਸਲਾਮੁ ਪਾਇਆ ਆਖਿਓਸੁ ਸਲਾਮਾ ਲੇਕ ਦਰਵੇਸ ਤਬਿ ਗੁਰੂ ਨਾਨਕ ਬੋਲਿਆ ਆਖਿਓਸੁ ਅਲੇਖ ਕਉ ਸਲਾਮੁ ।ਹੋ ਪੀਰ ਕੇ ਦਸਤ ਪੇਸ। ਤਬਿ ਸੇਖੁ ਟਟੀਹਰਿ ਹੈਰਾਨੁ ਹੋਇ ਗਇਆ। ਆਖਿਓਸੁ ਅਜੁ ਤੋੜੀ ਸਲਾਮੁ ਕਿਸੇ ਨਾਹੀ ਫੇਰਿਆ ਪਰ ਹੋਵੈ ਤਾ ਮੈ ਆਪਣੇ ਪੀਰ ਨੁ ਖਬਰਿ ਕਰੀ। ਤਬਿ ਆਇ ਅਰਜੁ ਕੀਤੋਸੁ ਆਖਿਓਸੁ ਪੀਰ ਸਲਾਮਤਿ ਏਕ ਦਰਵੇਸੁ **[277]** [278]ਕਾ ਆਵਾਜੁ**[278]** ਸੁਣਿ ਕਰਿ ਹੈਰਾਨੁ ਥੀਆ ਹਾਂ [279]ਤਾਂ ਪੀਰ ਆਖਿਆ ਕਹੁ ਦੇਖਾ ਕੈਸਾ ਹੈ। ਤਬਿ ਸੇਖ ਟਟੀਹਰ ਆਖਿਆ ਜੀਵੈ ਪੀਰ ਸਲਾਮਤਿ ਮੈ ਆਸਤਾਵਾ ਭਰਣਿ ਗਇਆ ਆਹਾ**[279]** ਓਹੁ ਬੈਠੇ ਆਹੈ ਆਗੈ ਮੈ ਜਾਇ ਸਲਾਮੁ ਪਾਇਆ ਆਖਿਆ ਸਲਾਮਾ ਲੇਕ ਹੋ ਦਰਵੇਸ ਤਬਿ ਓਹੁ ਬੋਲਿਆ ਆਖਿਓਸੁ ਅਲੇਖ ਕਉ ਸਲਾਮੁ ਹੋ ਪੀਰ ਕੇ ਦਸਤ ਪੇਸ ਤਬਿ ਪੀਰ ਕਹਿਆ ਬਚਾ ਜਿਸੁ ਅਲੇਖ ਕਉ ਸਲਾਮੁ ਕੀਤਾ ਹੈ ਤਿਸਕਾ ਦੀਦਾਰ ਦੇਖਾ [280]ਹੈ**[280]** ਦੇਖਾ ਕਿਥੈ ਡਿਠੋਸੁ ਅਲੇਖੁ ਪੁਰਖੁ ਤਬਿ ਸੇਖ ਸਰਫ **[281]** ਟਟੀਹਰੁ ਮੁਰੀਦ ਕਉ ਨਾਲੇ ਲੇਕਰ ਆਇਆ ਗੁਰੂ ਨਾਨਕ ਪਾਸਿ ਆਇਆ ਅਵਾਜੁ ਬੋਲਿਆ। ਆਖਿਓਸ

---

[266] ੲ : ਸ :ਕਿਤਨੇ

[267] ਇਹ ਪਾਠ ੲ ਵਿਚ ਦਰਜ ਨਹੀਂ ਹੈ

[268] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[269] ਹ: ਸਿੱਖ

[270] ਹ: ਪਹਿਲੀ ਧਰਮਸਾਲ ਓਥੇ ਬੱਧੀ।

[271] ੲ :ਜੀ

[272] ਹ: ੧੪.ਗੋਸ਼ਟ ਸ਼ੇਖ ਸਰਫ

[273] ਇਹ ਪਾਠ ੲ ਵਿਚ ਦਰਜ ਨਹੀਂ ਹੈ

[274] ਇਹ ਪਾਠ ੲ ਵਿਚ ਦਰਜ ਨਹੀਂ ਹੈ

[275] ੲ :ਗਇਆ

[276] ੲ :ਉਨਿ

[277] ੲ: ਸ :ਕਹਾਇਦਾ ਹੈ। ਮੈ

[278] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[279] ਇਹ ਪਾਠ ੲ ਵਿਚ ਦਰਜ ਨਹੀਂ ਹੈ

[280] ਇਹ ਪਾਠ ੲ ਵਿਚ ਦਰਜ ਨਹੀਂ ਹੈ

[281] ੲ : ਸ :ਅਤੈ

**[282]** [283]ਕੁਜਾਆਮਦਾ ਤਬਿ ਬਾਬਾ ਬੋਲਿਆ ਗੋਸਟਿ ਸੇਖਿ ਸਰਫ ਕੈ ਪਰਥਾਇ।ਮ:ñ[ ਸੇਖਿ ਬਾਬੇ ਨੂ ਪੁਛਿਆ ਕੁਜਾਆਮਦਾ।ਤਾ ਬਾਬੇ ਜਬਾਬੁ ਦਿਤਾ ਆਮਦਾ।ਤਬਿ ਫਿਰਿ ਸੇਖ ਪੁਛਿਅਸੁ।ਮਨਮਨੀ। ਤਬ ਬਾਬੇ ਜਬਾਬੁ ਦਿਤਾ ਸੁਮਨਸੁਮਾਨ ਤਦਾਹੂ ਬਾਬੇ ਨੂ ਸੇਖਿ ਬਾਣਿ ਦੀ ਪੁਰਸੀਸ ਪੁਛਿਆ[283] ਅਗਰ ਤੁਰਾ ਸੁਆਲਾ ਮੈ ਪੁਰਸੰਮਾ ਅਹਿਲ ਜਬਾਬੁ ਬੁਗੋ ਦਰਵੇਸੰ [[284]]। **ਕੁਲਾਹਾ ਸੁਮਾਰਿ ਜੇ ਬਾਸ**[285] । ਤਬਿ ਬਾਬੈ ਜਬਾਬੁ ਦਿਤਾ:-

**[286]ਮਨੂਆ ਮੂੰਡੇ ਤਬਿ ਮੂੰਡ ਮੁਡਾਏ।ਬਿਨੁ ਮਨਮਾਨੇ ਜੁਗਤਿ ਨ ਪਾਏ ਮੂੰਡਿ ਕਟਿ ਗੁਰੁ ਆਗੇ ਧਰੇ।ਮਨਮਤੇ ਤਿਆਗਿ ਗੁਰ ਕੀ ਮਤਿ ਤਰੇ। ਮੂੰਡ ਮੁਡਾਇ ਹੋਇ ਸਭ ਰੈਨਾ।ਸੋ ਬੈਰਾਗੀ ਪਰਖੈ ਗੁਰ ਕੇ ਬੈਨਾ।ਮੂੰਡ ਮਡਾਏ ਕੀ ਇਹ ਗਤਿ ਭਾਈ।ਕੋ ਬਿਰਲਾ ਗੁਰ ਮਤਿ ਮੂੰਡ ਮੁਡਾਈ।ਸੁਆਦ ਸਨੇਹਿ ਮਮਤਾ ਸਭ ਤਜਿ ਗਈਅੰ ਤਓ ਨਾਨਕ ਕਾ ਏਹਿ ਬੇਧ ਕੁਲਹ ਪਹਿਰੀਅੰ।੧।**[286]

**ਤਬਿ ਫਿਰਿ ਸੇਖਿ ਪੁਛਿਆ ਅਗਰ ਤੁਰਾ ਸੁਆਲ ਮੇ ਪੁਰਸਮ। ਅਹਿਲ ਜਬਾਬੁ ਬੋਗੇ ਦਰਵੇਸੰ। ਖਫਨੀ ਟੋਪੀ ਮਨਿ ਸਬਦੁ ਗਹਨੰ॥ ਕਰਿ ਰਹੈ ਬਰੇਤੀ॥ ਸਹਜਿ ਬੈਸਿ ਬਹਤਾ ਦਰੀਆਉ ਤਹਾ ਸੁਖ ਮਾਨਤੀ॥ ਹਰਖ ਸੋਗੁ ਕੀਨਾ ਅਹਾਰੰ॥ ਪਹਿਰੇ ਖਫਨੀ ਸਭਿ ਦੁਸਟ ਬਿਡਾਰੰ॥ ਸੁੰਨ ਨਗਰ ਲੈ ਬਸਤੀ ਰਹਾਈ॥ ਤਉ ਕਫਨੀ ਕੀ ਜੁਗਤਿ ਪਾਈ॥ ਕੁਟੰਬੁ ਛੇਦਿ ਹੂਆ ਇਕੇਲਾ॥ ਨਾਨਕ ਪਹਿਰਿ ਕਫਨੀ ਭਇਆ ਸੁਹੇਲਾ॥੨॥**[287]

ਤਬਿ ਫਿਰਿ ਸੇਖ ਸਰਫ ਪੁਛਿਆ। ਅਗਰ ਤੁਰਾ ਸੁਆਲ ਮੇ ਪੁਰਸੰ। ਅਹਿਲ ਜਬਾਬੁ ਬੁਗੋ ਦਰਵੇਸੰ ਕੁਪੀਨ ਸੁਮਾਚਿ **ਜੇਬਸਿ**[288] । ਤਬਿ ਬਾਬੇ ਜਬਾਬ ਦਿੱਤਾ।

**ਗੁਰੂ ਸਬਦਿ ਦੀਖਿਆ ਮਹਿ ਸਹਜਿ ਗਹਨੰ॥ ਪੰਰ ਇੰਦ੍ਰੀ ਦਿਲਿ ਅਟਲ ਰਹਨੰ॥ ਦਿਸਟਿ ਬੰਧਿ ਭਰਮਤਾ ਰਹੀਐ॥ ਦਸ ਹੀ ਦੁਆਰੇ ਤਾਲੇ ਚੜੀਅੰ॥ ਅਠ ਸਠਿ ਹਾਟ**

[282] ੲ : ਸ :ਕੁਦਾਮਦੁ।ਤਬ ਸੇਖ ਸਰਫ ਕੈ ਪਰਥਾਇ ਬਾਬਾ ਬੋਲਿਆ॥ਗੋਸਟਿ॥ਹੋਈ ਮਹਲਾ।੧। ਸੇਖ ਬਾਬੇ ਨੰ ਪੁਛਿਆ ਕੁਦਾਮਦ। ਤਬ ਬਾਬੈ ਜਬਾਬੁ ਦਿਤੋਸੁ।ਊਸਾਮਦੁ। ਤਬ ਸੇਖਿ ਪੁਛਿਆ ਮਨਾਮਨੀ। ਤਬ ਫੇਰਿ ਬਾਬੈ ਜਬਾਬੁ ਦਿਤੋਸੁ ਮਨਾਮਨੀ।ਤਬ ਬਾਬੈ ਨੋ ਸੇਖਿ ਖਿੰਥਾ ਦੀ ਪੁਰਸੀਸ ਪੁਛੀ। ਅਗਰ ਤੁਰਾ ਸੁਆਲ ਮੇ ਪੁਰਸੰ।ਅਹਲ ਜਬਾਬ ਬੁਗੋ ਦਰਵੇਸ। ਕੁਲਹ ਸੁਮਾਚਿ ਜਬਸੁ। ਤਬ ਬਾਬੈ ਜੁਬਾਬੁ ਦਿਤੋਸੁ।ਮਨੁਆ ਮੁਡੈ ਤਬ ਮੂਡੈ ਮੂਡੁ।ਬਿਨੁ ਮਨ ਮੂਡੈ ਜੁਗਤਿ ਨ ਪਾਇ। ਮੂਡੁ ਕਾਟਿ ਗੁਰ ਆਗੈ ਧਰੈ। ਮਨਮਤਿ ਤਿਆਗਿ ਗੁਰ ਕੀ ਮਤਿ ਤਰੈ। ਮੂਡੁ ਮੂਡਾਇ ਹੋਵੈ ਸਭ ਰੇਨਾ। ਸੋ ਬੈਰਾਗਿ ਧਰਖੈ ਗੁਰ ਕੀ ਬੈਨਾ। ਮੂਡੁ ਮੂਡਾਏ ਦੀ ਇਹ ਗਤਿ ਭਾਈ। ਕੋਈ ਬਿਰਲਾ ਗੁਰਮਤਿ ਮੂਡੁ ਮੂਡਾਈ। ਸੁਆਦੁ ਸਨੇਹੁ ਮਮਤਾ ਸਭ ਤਜੀ। ਤਬ ਨਾਨਕ ਇਹ ਬਿਧ ਕੁਲਪਹਰੀ।੧।ਤਬ ਫੇਰਿ ਸੇਖਿ ਪੁਛਿਆ

[283] ਇਹ ਪਾਠ ਹ ਵਿਚ ਦਰਜ ਨਹੀਂ

[284] ਹ: ਖਫਨੀ

[285] ੲ : ਫਿਗਕਿਸੋਮਚਿਜਬਸਿ ; ਸ:ਫਿਰਕੈਸੁਮਾਚਿਮਜਬਸਿ

[286] ਇਹ ਪਾਠ ਹ ਵਿਚ ਦਰਜ ਨਹੀਂ

[287] ਇਹ ਗੁਰੂਬਾਣੀ ਨਹੀਂ ਹੈ

[288] ੲ – ਮਜਬਸ ਸ: ਮਜਬਾਸਿ

**ਤਾੜ ਕਰਨੰ॥ ਲਾਇ ਲੰਗੋਟੀ ਜਰਾ ਨਾ ਮਰਨੰ॥ ਪਹਰਿ ਲੰਗੋਟੀ ਰਹੈ ਇਕੇਲਾ॥ ਉਲਟਿ ਲਬਿ ਕਾ ਪੀਵੈ ਉਵਾ ਜਲਾ॥ ਬਿਲੰਦ ਮਤਿ ਗੁਰ ਹਿਰਿ ਛੋਟੀ॥ ਇਹੁ ਜੁਗਤਿ ਨਾਨਕ ਪਹਿਰਿਬੋ ਲੰਗੋਟੀ ॥੩॥**[289]

ਤਬਿ ਫਿਰਿ ਸੇਖ ਸਰਫ ਪੁਛਿਆ।ਅਗਰ ਤੁਰਾ ਸੁਆਲ ਮੇ ਪੁਰਸੰ ਅਹਿਲਾ, ਜਬਾਬੁ ਬੋਗੋ ਦਰਵੇਸੰ। ਪਾਉ **ਪੋਸਤਿ**[290] **[**[291]**]** ਆਗ ਚਿ**ਜੇਬਾਸਿ**[292] । ਤਬਿ ਗੁਰੂ ਨਾਨਕ ਜਬਾਬੁ ਦਿੱਤਾ।

**ਸਰਬ ਗਿਆਨ ਅਹਿਨਿਸ ਡੀਤੰ॥ ਪਾਵਕ ਪਨ ਜਾਤਿਨ ਮਨਿ ਕੀਤੰ॥ ਧਰਨਿ ਤਰਵਰ ਕੀ ਰਹਤ ਰਹਨੰ॥ ਕਾਟਨੁ ਖੱਦਨੁ ਮਨ ਮਹਿ ਸਹਨੰ॥ ਦਰੀਆ ਸੈਲੇ ਰੀਤ ਬਾਛੰ॥ ਭਾਇ ਭਾਇ ਉਹੁ ਕਰੈ ਹਾਛੰ॥ ਏਹੁ ਮਥਨੁ ਮਥਿ ਕੈ ਰਹੈ ਉਪ੍ਰਾਨੰ॥ ਸਉ ਸਹਿਜ ਪਉਪੋਸ਼ ਹੋਇ ਬ੍ਰਹਮ॥ ਬਿਨੁ ਬ੍ਰਹਮ ਚੀਨੈ ਪਾਉ ਪੋਸ ਤਿਆਗੇ॥ ਕਹੈ ਨਾਨਕ ਓਹੁ ਤਿੜਿ ਨਾ ਲਾਗੈ॥੪॥**[293]

ਤਬਿ ਫਿਰਿ ਸੇਖ ਸਰਫ ਪੁਛਿਆ। ਅਗਰ ਤੁਰਾ ਸੁਆਲ ਮੈ ਪੁਰਸੰ ਅਹਿਲਾ ਜਬਾਬੁ ਬੋਗੋ ਦਰਵੇਸੰ। ਸਫ ਦਿਲ ਦਰਵੇਸੰ ਅਮਲ ਚਾਰਾਏ ।

ਤਬਿ ਬਾਬੇ ਜਬਾਬੁ ਦਿਤਾ। ਆਖਿਓਸੁ ਮਰਦਾਨਿਆ ਰਬਾਬੁ ਵਜਾਇ ਤਾ ਮਰਦਾਨੇ ਰਬਾਬੁ ਵਜਾਇਆ।

**ਰਾਗ ਦੇਵਗੰਧਾਰੀ ਮ:੧॥ ਜੀਵਤਾ ਮਰੇ ਜਾਗਤ ਫੁਨਿ ਸੋਵੈ॥ ਜਾਨਤ ਆਪੁ ਮੁਸਾਵੈ॥ ਸਫਨ ਸਫਾ ਹੋਇ ਮਿਲੈ ਖਾਲਕ ਕਉ ਤਉ ਦਰਵੇਸੁ ਕਹਾਵੈ॥੧॥ ਤੇਰਾ ਜਨੁ ਹੈ ਕੋ ਐਸਾ ਦਿਲਿ ਦਰਵੇਸੁ॥ ਸਾਦੀ ਗਮੀ ਤਮਕ ਨਹੀ ਗੁਸਾ ਖੁਦੀ ਹਿਰਸੁ ਨਹੀ ਇਸੁ ॥ਰਹਾਉ॥ ਕੰਚਨੁ ਖਾਕੁ ਬਰਾਬਰਿ ਦੇਖੈ ਹਕੁ ਹਲਾਲੁ ਪਛਾਣੈ॥ ਆਈ ਤਲਬ ਸਹਿਬ ਕੀ ਮਾਨੈ ਅਵਰ ਤਲਬ ਨਾਹੀ ਜਾਨੈ॥੨॥ ਗਗਨ ਮੰਡਲ ਮਹਿ ਆਸਣਿ ਬੈਠੇ ਅਨਹੁਦ ਨਾਦਵਜਾਵੈ॥ ਕਹੁ ਨਾਨਕ ਸਾਧ ਕੀ ਮਹਮਾ ਬੇਦ ਕੁਰਨੁ ਨ ਪਾਵੈ॥੩॥**[294]

ਤਬਿ ਸੇਖ ਸਰਫ ਆਖਿਆ ਵਾਹੁ ਵਾਹੁ ਖੁਦਾਇ ਦਿਆ ਸਹੀ **ਕਰਣਿ**[295] **ਵਾਲਿਆ**[296] ਦਾ ਕਿਆ ਸਹੀ ਕੀਚੈ। ਉਨਕਾ ਦੀਦਾਰੁ ਹੀ ਬਹੁਤੁ ਹੈ। ਤਬਿ ਆਇ ਦਸਤਪੋਸੀ ਕੀਤੀਓਸੁ ਪੈਰ ਚੁਮਿਓਸੁ ਡੇਰੇ ਕਉ ਹੋਆ ਬਾਬਾ ਤੇ ਮਰਦਾਨਾ ਰਵਦੇ ਰਹੇ।

---

[289] ਇਹ ਗੁਰੂਬਾਣੀ ਨਹੀਂ ਹੈ

[290] ਏ –ਪੋਸਚਿ ਹ:ਪੋਸ਼

[291] ਸ: ਸੁਮਾਚਿ

[292] ਏ : ਸ :ਮਜਬਸ

[293] ਇਹ ਗੁਰਬਾਣੀ ਨਹੀਂ ਹੈ

[294] ਇਹ ਗੁਰਬਾਣੀ ਨਹੀਂ ਹੈ

[295] ਏ : ਕਹਣ

[296] ਏ : ਸ: ਵਾਲੇ

[297] °/°° ਆਇ ਦਿਲੀ ਨਿਕਲੇ। ਤਬ ਦਿਲੀ ਕਾ ਪਾਤਸਾਹੁ ਸੁਲਤਾਨ ਬ੍ਰੇਹਮੁਬੇਗ ਥਾ। ਉੂਹਾਂ ਜਾਇ ਰਾਤਿ ਰਹੈ ਮਹਾਵਤਾ ਵਿਚਿ **ਓਨਿ**[298] ਖਿਜਮਤਿ ਬਹੁਤ ਕੀਤੀ ਤਬਿ ਇਕੁ ਹਾਥੀ**[299]** [300]ਪਾਸਿ[300] ਮੋਆ [301]ਪਇਆ ਥਾ[301] ।**[302]** ਲੋਕੁ ਪਿਟਦੇ ਰੋਦੇ ਆਹੈ।ਤਬਿ ਬਾਬੇ ਪੁਛਿਆ ਤੁਸੀ ਕਿਉ ਰੋਂਦੇ ਹੋ। ਤਾਂ ਉਨਾ ਅਰਜੁ ਕੀਤਾ ਜੀ ਅਸੀ ਹਾਥੀ ਦੈ ਪਿਛੈ ਰੋਦੇ ਹਾ। ਤਬਿ ਬਾਬੇ ਆਖਿਆ ਹਾਥੀ ਕਿਸ ਦਾ ਥਾ ਤਬਿ ਮਹਾਵਤਿ ਕਹਿਆ ਹਾਥੀ ਪਾਤਿਸਾਹ ਦਾ ਥਾ ਇਕੈ ਖੁਦਾਇ ਦਾ ਥਾ ਤਬਿ ਬਾਬੇ ਕਹਿਆ ਤੁਸੀਂ ਕਿਉ ਰੋਦੇ ਹਉ ਤਾ ਉਨਾ ਆਖਿਆ ਜੀ ਅਸਾਡਾ ਰੁਜਗਾਰ ਥਾ ਤਾ ਬਾਬੇ ਆਖਿਆ ਹੋਰੁ ਰੁਜਗਾਰੁ ਕਰਹੁ। ਤਬਿ ਓਨਾ ਕਹਿਆ ਜੀ ਬਣੀ ਥੀ ਟਬਰ ਸੁਖਾਲੇ ਪਏ ਖਾਦੇ ਸੇ ਤਬਿ ਬਾਬੇ ਮਿਹਰ ਕੀਤੀ ਆਖਿਓਸੁ ਜੋ ਏਹੁ ਹਾਥੀ ਜੀਵੈ ਤਾ ਰੋਵਹ ਨਾਹੀ। ਤਬਿ ਉਨ ਆਖਿਆ ਜੀ ਮੁਏ ਕਿਥਹੁ ਜੀਵਦੇ ਹੈਨਿ। ਤਬਿ ਬਾਬੇ ਆਖਿਆ ਜਾਇ ਕਰ ਇਸਦੇ ਮੁਹਿ ਉਪਰਿ ਹਥੁ ਫੇਰਹੁ ਵਾਹਿਗੁਰੂ ਆਖਹੁ ਤਬਿ ਓਨੁ ਆਗਿਆ ਮਾਨੀ ਜਾਇ ਹਥੁ ਫੇਰਿਆ। ਤਾਂ ਹਾਥੀ ਉਠਿ ਖੜਾ ਹੋਆ। ਤਬਿ [303]ਅਰਜ[303] ਪਾਤਿਸਾਹੁ ਕਉ **[304]** ਪਹੁਚਾਈ। ਆਖਿ ਸੁਣਾਈ । ਤਬਿ ਸੁਲਤਾਨਿ ਬ੍ਰਹਮ ਬੇਗੁ ਹਾਥੀ **[305]** [306]ਮੰਗਾਇਆ[306] ।ਚੜਿ ਕਰਿ ਦੀਦਾਰ ਨੂੰ ਆਇਆ ਆਇ ਬੈਠਾ ਆਖਿਓਸੁ ਏ ਦਰਵੇਸ ਏਹੁ ਹਾਥੀ ਤੁਸਾ ਜੀਵਾਇਆ ਹੈ ਤਬਿ ਬਾਬੇ ਆਖਿਆ ਮਾਰਣਿ ਜੀਵਾਲਣ ਵਾਲਾ ਖੁਦਾਇ ਹੈ ਅਤੈ ਦੁਆਇ ਫਕੀਰਾ ਰਹਮੁ ਅਲਾਹ ਹੈ।ਤਉ ਫਿਰ ਪਾਤਿਸਾਹੁ ਆਖਿਆ ਮਾਰਿ ਦਿਖਾਲੁ **[307]** ਤਾਂ ਬਾਬਾ ਬੋਲਿਆ **ਸਲੋਕੁ।ਮਾਰੇ ਜੀਵਾਲੈ ਸੋਈ॥ਨਾਨਕ ਏਕਸੁ ਬਿਨ ਅਵਰੁ ਨਾ ਕੋਈ॥੧॥**[308]

ਤਬਿ ਹਾਥੀ ਮਰਿ ਗਇਆ। ਬਹੁੜਿ ਪਾਤਿਸਾਹਿ ਆਖਿਆ ਜੀਵਾਲ ਤਬ ਬਾਬੇ ਕਹਿਆ ਹਜਰਤਿ ਲੋਹਾ ਅੱਗ ਵਿਚਿ ਤਪਿ **[309]** ਲਾਲੁ ਹੋਂਦਾ ਹੈ। ਪਰੁ ਓਹੁ ਰਤੀ ਹਥੁ ਉਪਰਿ ਟਿਕੈ ਨਾਹੀ ਅਤੇ **[310]** [310]ਅੰਗਿਆਰੁ ਕੋਈ ਰਤੀ ਰਹੈ ਤਿਉ[311] ਖੁਦਾਇ ਦੇ ਵਿਚਿ ਫਕੀਰ ਲਾਲੁ ਹੋਏ ਹੈਨਿ ਅਤੇ ਖੁਦਾਇ ਕੀ ਸਟੀ

---

[297] ਹ: ਦਿੱਲੀ ਮੋਇਆ ਹਾਥੀ ਜਿਵਾਇਆ

[298] ਏ : ਸ –ਉਨਾ,ਹ:ਅਨਿ

[299] ਏ : ਸ :ਉਨਾ ਕਾ

[300] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[301] ਇਹ ਪਾਠ ਏ ਵਿਚ ਦਰਜ ਨਹੀਂ ਹੈ

[302] ਏ :ਤਬ

[303] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[304] ਏ : ਸ :ਖਬਰਿ

[305] ਏ : ਸ :ਉਪਰਿ

[306] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[307] ਏ :ਵੇਖਾ

[308] ਇਹ ਗੁਰੂਬਾਣੀ ਨਹੀਂ ਹੈ

[309] ਏ : ਸ :ਕੈ

[310] ਏ :ਅਛਰੁ ਕੋਈ ਰਤੀ ਰਹਦਾ ਹੈ। ਤਿਉ

[311] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

ਓਹੁ ਉਠਾਇ ਲੈਇਨਿ ਪਰਿ ਉਨਕੀ ਸਟੀ ਉਠਣੋ ਰਹੀ ਤਬਿ ਪਾਤਿਸਾਹੁ ਸਮਝਿ ਕਰਿ ਬਹੁਤੁ ਖੁਸੀ ਹੋਆ **[312]** [312]ਤਬਿ**[313]** ਆਖਿਓਸੁ ਜੀ ਕੁਛੁ ਕਬੂਲੁ ਕਰਹੁ ਤਬਿ ਬਾਬਾ ਬੋਲਿਆ

**ਸਲੋਕੁ॥**

**ਨਾਨਕ ਭੁਖ ਖੁਦਾਇ ਕੀ ਥਿਆ ਬੇਪਰਵਾਹੀ॥**

**ਅਸਾਂ ਤਲਬ ਦੀਦਾਰ ਕੀ ਬਿਆ ਤਲਬ ਨ ਕਾਈ॥**[314]

ਬਾਬਾ ਰਵਦਾ ਰਹਿਆ।

**੧/੧੧** [315] ਸ੍ਰੀ ਸਤਿਗੁਰ ਪ੍ਰਸਾਦਿ। ਪ੍ਰਿਥਮੈ ਉਦਾਸੀ ਕੀਤੀ ਪੂਰਬ ਕੀ। ਤਿਤੁ ਉਦਾਸੀ ਨਾਲਿ ਮਰਦਾਨਾ ਰਬਾਬੀ ਥਾ। ਤਦਹੁ ਕ ਪਉਣੁ ਅਹਾਰੁ ਕੀਆ । ਪਹਿਰਾਵਾ [315]ਬਾਬੇ ਕਾ**[316]** ਏਕੁ ਬਸਤਰੁ ਅੰਬੋਆ ਏਕੁ ਬਸਤਰੁ ਚਿਟਾ ਏਕ ਪੈਰੁ ਜੁਤੀ ਏਕ ਪੈਰਿ **ਖੌਸ**[317] ਗਲਿ ਖਫਨੀ ਸਿਰਿ ਟੋਪੀ ਕਲੰਦਰੀ ਮਾਲਾ ਹਡਾ ਕੀ ਮਥੈ ਤਿਲਕੁ ਕੇਸਰ ਕਾ ਤਦਹੁ ਰਾਹ ਵਿਚ ਸੇਖ ਬਜੀਦ [4]ਸਈਯਦੁ**[318]** ਮਿਲਿਆ। ਸੁਖਪਾਲ ਵਿਚਿ ਚੜਿਆ **ਜਾਂਦਾ**[319] ਆਹਾ। **ਤਿਸ**[320] ਕੇ ਲਕੜਿਆ ਨਾਲਿ ਛਿਆ ਕਹਾਰੁ ਥੇ ਤਬਿ ਓਹੁ ਜਾਇ ਉਤਰਿਆ ਏਕ ਦਰਖਤ ਤਲੈ ਤਾ ਓਹੁ ਲਾਗੇ ਚਿਕਣ ਅਤੇ ਝਲਣਿ ਤਬ ਮਰਦਾਨੈ ਆਖਿਆ ਜੀ ਖੁਦਾਇ **[321]** ਏਕੁ ਹੈ [321]ਕਿਉ**[322]** **[322]**ਤਬਿ ਬਾਬੇ ਆਖਿਆ ਹੋ ਮਰਦਾਨਿਆ ਖੁਦਾਇ ਏਕੁ ਹੈ[323]।ਤਬਿ ਮਰਦਾਨੇ ਅਰਜ ਕੀਤੀ। ਆਖਿਓਸੁ ਜੀ ਪਾਤਿਸਾਹ **ਉਹ**[324] ਕਿਸ ਕੀ ਪੈਦਾਇਸ ਹੈ [325] ਜੋ ਸੁਖਪਾਲਿ ਵਿਚਿ ਚੜਿਆ **[326]** ਆਇਆ [326]ਹੈ**[327]** ਅਤੇ ਉਹੁ ਪੈਰਾ ਤੇ ਉਪਹਾਣੇ ਭੀ ਹੈਨਿ ਅਤੇ **[328]** [328]ਪਿੰਡੇ ਨੰਗੇ ਕਾਂਧੇ ਈਥੇ ਤੇ ਲਈ ਆਇ ਹੈਗੇ। ਅਤੇ ਉਹ ਬੈਠੇ ਚਿਕਦੇ ਹਿਨਿ**[329]** ਤਬਿ ਬਾਬਾ ਬੋਲਿਆ

**ਸਲੋਕੁ॥ ਪੂਰਬ ਜਨਮ ਕੇ ਤਪੀਏ ਪਾਲੇ ਸਹਿਆ ਡੰਗੁ॥**

---

[312] ਏ :ਆਖਿਉਸ ਵਾਹ ਵਾਹ ਦੀਦਾਰੁ ਹੋਆ

**[313]** ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

**[314]** ਇਹ ਗੁਰੂਬਾਣੀ ਨਹੀਂ ਹੈ

**[315]** ਹ: ਪਹਿਲੀ ਉਦਾਸੀ ੧੯. ਪਹਿਲੀ ਉਦਾਸੀ ਦਾ ਪਹਿਰਾਵਾ ਸ਼ੇਖ ਬਜੀਦ:

[316] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[317] ਏ:ਖੈਜਰ : ਸ: ਪੈਜਾਰ

[318] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[319] ਏ : ਸ :ਆਵਦਾ

[320] ਏ : ਸ :ਉਸ

[321] ਏ : ਸ :ਤਾ

[322] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

**[323]** ਇਹ ਪਾਠ ਹ ਵਿਚ ਦਰਜ ਨਹੀਂ

[324] ਏ : ਸ :ਏਹੁ

**[325]** ਹ: ਅਤੇ ਓਹੁ ਕਿਸਕੀ ਪੈਦਾਇਸ ਹੈ

[326] ਏ : ਸ :ਭੀ

[327] ਇਹ ਪਾਠ ਏ ਵਿਚ ਦਰਜ ਨਹੀਂ ਹੈ

**[328]** ਏ: ਸ : ਪੈਰਾ ਤੇ ਨੰਗੇ ਭੀ ਹੈਨਿ ਅਤੈ ਫਿਰਿ ਚਿਕਣਿ ਲਗੈ ਅਤੈ ਝਲਣਿ ਲਗੈ

**[329]** ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

**<u>ਤਬਿ ਕੇ ਥਕੇ ਨਾਨਕਾ ਅਬਿ ਮੰਡਾਵਨਿ ਅੰਗੁ॥੧॥</u>**[330]

ਤਬਿ ਬਾਬੇ ਆਖਿਆ ਮਰਦਾਨਿਆ ਤਾਪ ਤੇ ਰਾਜੁ ਹੈ ਰਾਜ ਤੇ ਨਰਕੁ ਹੈ ਅਤੇ ਜੋ ਕੋਈ ਆਇਆ ਹੈ ਮਾਤਾ ਦੇ ਪੇਟ ਤੇ ਨਾਗਾ ਆਇਆ ਹੈ ਅਤੇ ਸੁਖੁ ਦੁਖੁ ਪਿਛਲਾ **[**[331]**]** ਲੇਖੁ [2]ਚਲਿਆ ਜਾਇ[332] ਤਬ ਮਰਦਾਨਾ ਪੈਰੀ ਪਇਆ।

**°/°°** [[333]] ਓਥਹੁ ਚਲੇ ਬਨਾਰਸਿ ਆਏ ਤਬਿ ਆਏ ਚੋਂਕੇ ਵਿਚ ਬੈਠੇ ਤਬਿ ਬਨਾਰਸ ਕਾ ਪੰਡਿਤ ਚਤੁਰਦਾਸ ਥਾ ਸੋ **[**[334]**]** [334]ਇਸਨਾਨ ਕਉ ਆਇਆ ਥਾ[335] ਆਇ **[**[336]**]** ਰਾਮ ਰਾਮ ਕੀਤੀਓਸ ਭੇਖੁ ਦੇਖਿ [336]ਕੈ[337] ਬੈਠਿ ਗਇਆ ਆਖਿਓਸੁ ਏ ਭਗਤਿ ਤੇਰੈ ਸਾਲਗਿਰਾਮ ਨਾਹੀ [337]ਤੁਲਸੀ ਕੀ ਮਾਲਾ ਨਾਹੀ ਸਾਲਗਿਰਾਮ ਨਾਹੀ[338] ਸਿਮਰਣੀ ਨਾਹੀ ਗੋਪੀ ਚੰਦਨ ਕਾ ਟਿਕਾ ਨਾਹੀ ਅਤੈ ਤੂੰ ਭਗਤਿ ਕਹਾਵਦਾ ਹੈ ਸੋ ਤੁਮ ਕਿਆ ਭਗਤਿ ਪਾਈ ਹੈ ਤਬ ਬਾਬੇ ਨੇ ਆਖਿਆ ਮਰਦਾਨਿਆ ਰਬਾਬ ਵਜਾਇ। ਤਾ ਮਰਦਾਨੈ ਰਬਾਬੁ ਵਜਾਇਆ ਰਾਗੁ ਬਸੰਤ ਕੀਤਾ ਬਾਬੇ ਸਬਦੁ ਉਠਾਇਆ।

ਮ:੧ ਸਾਲਗ੍ਰਾਮ ਬਿਪ ਪੂਜਾ ਮਨਾਵਹੁ ਸੁਕਿਰਤ ਤੁਲਸੀ ਮਾਲਾ॥
ਰਾਮ ਨਾਮੁ ਜਪੁ ਬੇੜਾ ਬਾਧਹੁ ਦਇਆ ਕਰਹੁ ਦਇਆਲਾ॥੧॥
ਕਾਹੇ ਕਲਰਾ ਸੰਚਹੁ ਜਨਮੁ ਗਵਾਵਹੁ॥
ਕਚੀ ਢਹੈ ਦਿਵਾਲੁ ਕਾਹੇ ਗਚਿ ਲਾਵਾਹੁ॥੧॥ ॥ਰਹਾਉ॥

ਤਬਿ ਫਿਰਿ ਪੰਡਿਤ ਕਹਿਆ ਹੋ ਭਗਤਿ ਏਹ ਬਸਤੁ ਕਾ ਕਲਰ ਕਉ ਸੰਚਣ ਹੋਇਆ ਪਰ ਓਹੁ ਬਸਤੁ ਕਉਣ ਹੈ ਜਿਸ ਨਾਲਿ ਧਰਤੀ ਸੰਚੀਐ ਅਤੇ ਪਰਮੇਸਰੁ ਮਿਲੈ ਤਬਿ ਬਾਬੇ ਦੂਜੀ ਪਉੜੀ[339] ਆਖੀ:-

ਕਾਮ ਕ੍ਰੋਧ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ।
ਜਿਉ ਜਿਉ ਗੋਡਹੁ ਤਿਵੈ ਸੁਖੁ ਪਾਵਹੁ ਕਿਰਤੁ ਨ ਮੇਟਿਆ ਜਾਈ॥੨॥

ਤਬਿ ਫਿਰਿ ਪੰਡਿਤ ਪੁਛਿਆ ਏ ਭਗਤ ਧਰਤੀ ਤਾ ਖੋਦੀ ਪਰ ਸਿੰਚੇ ਬਿਨਾ ਕਿਉਂ ਕਰਿ ਹਰੀ ਹੋਵੈ ਅਤੈ ਮਾਲੀ ਕਿਤਿ ਬਿਧਿ ਆਪਣਾ ਕਰਿ ਜਾਣੈ ਤਬਿ ਬਾਬੇ ਪਉੜੀ ਤੀਜੀ[340] ਆਖੀ

ਕਰ ਹਰਿ ਹਾਟੁ ਮਾਲ ਟਿੰਡ ਪਰੋਵਹੁ ਤਿਸ ਭੀਤਰਿ ਮਨੁ ਜੋਵਹੁ॥

---

[330] ਇਹ ਗੁਰੂਬਾਣੀ ਨਹੀਂ ਹੈ
[331] ੲ: ਸ :ਹੈ
[332] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[333] ਹ: ੧੭. ਬਨਾਰਸ ਵਿਚ ਚਤੁਰ ਦਾਸ
[334] ੲ :ਗੁਰੂ ਨਾਨਕ ਪਾਸਿ ਆਇਆ
[335] ਇਹ ਪਾਠ ੲ ਵਿਚ ਦਰਜ ਨਹੀਂ ਹੈ
[336] ੲ :ਕੈ
[337] ਇਹ ਪਾਠ ੲ ਵਿਚ ਦਰਜ ਨਹੀਂ ਹੈ
[338] ਇਹ ਪਾਠ ੲ ਵਿਚ ਦਰਜ ਨਹੀਂ ਹੈ
[339] ਹ:ਇਹ ਪਉੜੀ ਤੀਜੀ ਵਜੋਂ ਦਰਜ ਹੈ
[340] ਹ: ਇਹ ਪਉੜੀ ਦੂਜੀ ਵਜੋਂ ਦਰਜ ਹੈ

ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ॥੩॥

ਤਬਿ ਚਤੁਰਦਾਸ ਪੰਡਤ ਕਹਿਆ ਜੀ ਤੁਮ ਪਰੇਮਸਰ ਕੇ ਪਰਮਹੰਸ ਹੋ ਅਤੇ ਜੀ ਅਸਾਡੀ ਮਤਿ ਇੰਦ੍ਰੀਆਂ ਕੀ [340]ਜਿਤੀ ਹੋਈ[341] ਮਲੀਣੁ ਹੈ ਬਗੁਲੇ ਕੀ ਨਿਆਈ। ਤਬਿ ਬਾਬੇ ਚਉਥੀ ਆਖੀ

ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਿਹਿ ਦਇਆਲਾ।

ਪ੍ਰਣਵਤਿ ਨਾਨਕੁ ਦਾਸਨ ਦਾਸਾ ਅੰਤਿ ਤੂ ਹੀ ਰਖਵਾਲਾ॥੪॥ (ਗੁ.ਗ੍ਰੰ.ਸਾ.ਪੰਨਾ-੧੧੭੦)

ਤਬਿ ਫਿਰਿ ਪੰਡਤ ਬੋਲਿਆ ਆਖਿਓਸ ਜੀ [341]ਤੁਮ[342] ਪਰਮੇਸਰ ਕੇ ਭਗਤ ਹੋ ਪਰ ਜੀ ਇਸ ਨਗਰੀ ਕਉ ਭੀ ਪਵਿਤ ਕਾਰੁ ਕੁਛ ਇਸਕਾ ਭੀ ਗੁਨੁ ਲੇਵਹੁ ਤਬਿ ਗੁਰੂ ਨਾਨਕ ਪੁਛਿਆ **ਤਿਸਕਾ**[343] ਗੁਣੁ ਕੈਸਾ ਹੈ ਤਬਿ ਪੰਡਿਤ ਕਹਿਆ ਜੀ ਇਸਕਾ ਗੁਨੁ ਵਿਦਿਆ ਹੈ ਜਿਸ ਪੜੇ **ਤੇ**[344] **ਰਿਧਿ**[345] [345]ਆਇ ਰਹੈ[346] ਅਤੇ ਜਹਾਂ ਬੈਠੋ ਤਹਾ ਸੰਸਾਰ ਮਾਨੈ ਅਤੇ ਇਸ ਮਤੈ ਲਾਈ **ਤੇ**[347] ਮਹੰਤ ਹੋਵਹੁ ਤਬਿ ਬਾਬਾ ਬੋਲਿਆ ਸਬਦੁ ਰਾਗੁ ਬਸੰਤ ਵਿਚ **ਮ:** ੧॥

ਰਾਜਾ ਬਾਲਿਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥

ਦੁਇ ਮਾਈ ਦੋ ਬਾਪੁ ਕਹੀਅਹਿ ਪੰਡਿਤ ਕਰਹੁ ਬੀਚਾਰੋ॥੧॥

ਸੁਆਮੀ ਪੰਡਿਤਾ ਤੁਮ ਦੇਹੁ ਮਤੀ॥

ਕਿਨ ਬਿਧਿ ਪਾਵਉ ਪ੍ਰਾਨਪਤੀ॥੧॥ ਰਹਾਉ॥

ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥

ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਆਇਆ॥ ੨॥

ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ॥

ਤਾ ਕੇ ਲਖਣ ਜਾਣੀਐ ਖਿਮਾ ਧੀਰਜ ਸੰਗ੍ਰਹੇਇ ॥ ॥

ਕਹਿਆ ਸੁਣਹਿ ਨ ਖਾਇਆ ਮਾਨੇ ਤਿਨ ਹੀ ਸੇਤੀ ਵਾਸਾ॥

ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥੪॥ (ਗੁ.ਗ੍ਰੰ.ਸਾ.ਪੰਨਾ-੧੧੭੧)

ਤਬਿ ਫਿਰ ਚਤਰਦਾਸ ਪੰਡਤ ਬੇਨਤੀ ਕੀਤੀ ਆਖਿਓਸੁ ਜੀ ਇਹੁ ਜੋ ਅਸੀ ਸੰਸਾਰ ਕੇ ਤਾਈ ਪੜਾਵਤੇ ਹੈ **[**[348]**]** ਅਰੁ ਅਸੀ **[**[349]**]** ਪੜਤੇ ਹੈ ਕੁਛ ਪ੍ਰਾਪਤਿ ਹੋਵੇਗਾ ਪਰਮੇਸਰ ਕਾ ਨਾਉ ਤਬਿ ਗੁਰੂ ਨਾਨਕ ਪੁਛਿਆ ਏ ਸੁਆਮੀ ਤੁਮ ਕਿਆ ਪੜਤੇ ਹੋ ਅਰੁ ਕਵਨੁ ਵਸਤੁ ਸੰਸਾਰ ਜੋਗ ਪੜਾਇਦੇ ਹੋ ਚਾਟੜਿਆ ਜੋਗ ਤਬ ਪੰਡਿਤ

---

[341] ਇਹ ਪਾਠ ੲ ਵਿਚ ਦਰਜ ਨਹੀਂ ਹੈ

[342] ਇਹ ਪਾਠ ੲ ਵਿਚ ਦਰਜ ਨਹੀਂ ਹੈ

[343] ੲ: ਸ :ਇਸਕਾ

[344] ਸ:ਤੇਰੀ ਦੁਆ ਰਹੈ।

[345] ੲ:ਸੁਗੰਧੁ

[346] ਇਹ ਪਾਠ ਸ ਵਿਚ ਦਰਜ ਨਹੀਂ ਹੈ

[347] ੲ: ਮੰਨ ਤਲੇਏਤੇ

[348] ੲ:ਅਤੈ: ਸ:ਅਰੁ

[349] ੲ : ਸ:ਭੀ

ਕਹਿਆ ਜੀ ਵਚਨ **[350]** ਪਾਰਬ੍ਰਹਮ [350]ਕੇ ਸਿਓ**[351]** । ਪਹਲੀ ਪਟੀ **ਪੜਾਵਉ[352]** ਸੰਸਾਰ ਜੋਗ। ਤਬਿ ਬਾਬਾ ਬੋਲਿਆ।

ਰਾਗ ਰਾਮਕਲੀ ਓਅੰਕਾਰੁ ।ਮ:੧। ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰ ਕੀਆ ਜਿਨਿ ਚਿਤਿ॥ ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਭੇਦ ਨਿਰਮਏ॥ ਓਅੰਕਾਰ ਸਬਦਿ ਉਧਰੇ॥
ਓਅੰਕਾਰਿ ਗੁਰਮੁਖਿ ਤਰੇ॥ ਓਨਮ ਅਖਰ ਸੁਣਹੁ ਬੀਚਾਰੁ॥
ਓਨਮ ਅਖਰੁ ਤ੍ਰਿਭਵਣ ਸਾਰੁ॥੧॥ ਸੁਣ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ਰਹਾਉ॥ (ਗੁ.ਗ੍ਰੰ.ਸਾ.ਪੰਨਾ-੯੨੯-੩੦)[353]

[354]ਤਬਿ ਪਓੜੀਆ ਚੁਓਰੰਜਾ ਓਅੰਕਾਰੁ ਹੋਇਆ**[354]** ਤਬਿ ਪੰਡਿਤੁ ਆਇ ਪੈਰੀ ਪਇਆ ਨਾਉ ਧਰੀਕ ਹੋਆ ਗੁਰੂ ਗੁਰੂ ਲਗਾ ਜਪਣਿ। ਤਬ ਬਾਬਾ ਜੀ ਓਥਹੁ ਰਵਦੇ ਰਹੇ

°° [[355]] ਨਾਨਕ ਮਤੇ ਆਇ ਨਿਕਲੇ ਉਹੁ ਬੜ ਸੁਕਾ ਖੜਾ ਥਾ ਕਈ ਬਰਸਾਂ ਕਾ [7]ਉਥੈ ਧੂੰਈ ਪਾਈ**[356]** **[[357]]** ਤਬਿ [358]ਉਹੁ**[358]** ਹਰਿਆ ਹੋਆ॥**[[359]]** **[360]**ਸਿਧਾ ਡਿਠਾ ਆਇ ਬੈਠੈ**[360]**॥ ਤਬਿ ਸਿੱਧਾਂ ਪੁਛਿਆ ਹੇ ਬਾਲਕੇ ਤੂ ਕਿਸਕਾ ਸਿਖ ਹੈ ਦੀਖਿਆ ਤੈ ਕਿਸ ਤੇ ਲਈ ਹੈ ਤਬਿ ਗੁਰੂ ਬਾਬੇ ਸਬਦੁ ਉਠਾਇਆ। ਰਾਗੁ ਸੂਹੀ ਵਿਚਿ।

ਮ: ੧ ਕਵਨੁ ਤਰਾਜੂ ਕਵਨੁ ਤੋਲਾ ਤੇਰਾ ਕਵਨੁ ਸਰਾਫੁ ਬੁਲਾਵਾ॥
ਕਉਨੁ ਗੁਰੂ ਜਿਸ ਪਹਿ ਦੀਖਿਆ ਮਾਗਉ ਕਿਸ ਪਹਿ ਮੁਲੁ ਕਰਾਵਾ॥੧॥
ਮੇਰੇ ਲਾਲ ਜੀ ਤੇਰਾ ਅੰਤੁ ਨ ਜਾਣਾ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ॥੧॥ਰਹਾਉ॥
ਮਨੁ ਤਾਰਾਜੂ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ॥੨॥
ਆਪੇ ਕੰਡਾ ਤੋਲੁ ਤਰਾਜੂ ਆਪੇ ਤੋਲਣਹਾਰਾ॥
ਆਪੇ ਲੇਵੈ ਆਪੇ ਦੇਵੈ ਆਪੇ ਸਾਹੁ ਵਣਜਾਰਾ॥੩॥

---

[350] ੲ : ਸ : ਪਾਇ ਕੈ ਬ੍ਰਹਮੇ ਕੀ
[351] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[352] ੲ : ਸ :ਪੜਾਇਦੇ ਹਾ
[353] ਸ: ੫੪ ਪਉੜੀਆਂ ਸੰਪੂਰਨ ਦਰਜ ਹਨ।
[354] ਇਹ ਪਾਠ ੲ ਵਿਚ ਦਰਜ ਨਹੀਂ ਹੈ
[355] ਹ: ੧੮. ਨਾਨਕ ਮਤੇ ਸਿੱਧਾਂ ਨਾਲ ਗੋਸ਼ਟ
[356] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[357] ੲ: ਸ :ਜਬ ਸਾਧੂ ਆਇ ਬੈਠਾ
[358] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[359] ੲ : ਸ :ਤਬ ਸਿਧ ਆਏ
[360] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥

ਤਾ ਕੀ ਸੰਗਤਿ ਨਾਨਕੁ ਰਹਦਾ ਕਿਨਿ ਬਿਧਿ ਮੂੜਾ ਪਾਵੈ॥੪। **(ਗੁ.ਗ੍ਰੰ.ਸਾ.ਪੰਨਾ-੭੩੦-੩੧)**

ਤਬਿ ਸਿਧਾ ਆਖਿਆ ਬਾਲਕੇ ਤੂੰ ਜੋਗੀ ਹੋਇ ਦਰਸਨੁ ਭੇਖੁ ਲੇਉ। ਤਬਿ ਬਾਬੇ ਸਬਦੁ ਉਠਾਇਆ ਰਾਗੁ ਸੂਹੀ [361]ਲਲਤਾ**[361]** ਵਿੱਚ

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜੀਐ॥

ਜੋਗੁ ਨ ਮੁੰਦੀ ਮੂਡ ਮੁਡਾਇਐ ਜੋਗੁ ਨ ਸਿੰਙੀ ਵਾਈਐ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗਿ ਜੁਗਤਿ ਇਵ ਪਾਈਐ॥੧॥

ਬਾਬੂ ਰਾਵਲਾ ਗਲੀ ਜੋਗੁ ਨ ਹੋਈ॥

ਏਕ ਦਿਸਟਿ ਕਰਿ ਸਮਸਰਿ ਦੇਖੈ ਜੋਗੀ ਕਹੀਐ ਸੋਈ॥੧॥ਰਹਾਉ॥

ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥

ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੨॥

ਸਤਿਗੁਰੁ ਭੇਟੇ ਤਾ ਸਹਸਾ ਚੂਕੇ ਧਾਵਤੁ ਵਰਜਿ ਰਹਾਈਐ॥

ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥੩॥

ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥

ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੪॥ **(ਗੁ.ਗ੍ਰੰ.ਸਾ.ਪੰਨਾ ੭੩੦)**

ਤਬਿ ਸਿਧਾ ਆਦੇਸੁ ਆਦੇਸੁ ਕੀਤਾ। [362]ਜੋ**[362]** ਇਹੁ ਕੋਈ ਮਹਾ ਪੁਰਖ ਹੈ। ਜਿਸ ਕੇ ਬੈਠਣੇ ਸਾਥਿ ਥੜਿ ਹਰਿਆ ਹੋਆ [363]ਭੰਡਾਰੇ ਕਾ**[363]** ।ਤਬਿ ਗੁਰੂ ਬਾਬਾ ਓਥਹੁ ਰਵਿਦਾ ਰਹਿਆ। **°/°°[[364]]** ਇਕਤੁ **ਟਾਂਡੈ[365]** ਆਇ ਨਿਕਲੇ ਵਣਜਾਰਿਆ ਕੈ। ਤਬਿ ਨਾਇਕ ਕੇ ਬਾਰਿ ਆਇ ਬੈਠਾ ਉਸ ਦੇ ਘਰਿ ਪੁਤ੍ਰ ਹੋਆ ਥਾ। ਅਤੇ ਲੋਕ ਬਹੁਤੁ ਮੁਬਾਰਖੀ ਦੇਵਣਿ ਆਵਨਿ ਕੋਈ ਆਇ ਅਲਤਾ ਪਾਵੈ ਕੋਈ ਲਖ ਅਸੀਸਾ ਦੇਵੈ। ਤਬ ਮਰਦਾਨਾ ਬੈਠਾ ਤਮਾਸਾ ਦੇਖੈ । [366]ਜਾ ਲਹੁੜਾ ਦਿਨੁ ਹੋਇਆ ਤਾ ਓਹੁ ਉਠਿ ਗਇਆ[366] ।ਘਰਿ **[[367]]** ਖਬਰ ਲੀਤੀਆ ਨਹੀ। ਤਬ ਮਰਦਾਨੇ ਨੂ ਭੁਖ **[[368]]** ਲਗੀ [368]ਖਰੀ ਬਹੁਤ**[369]** **[[370]]** ਆਖਿਓਸੁ ਜੀਵੈ

[361] ਇਹ ਪਾਠ ੲ ਵਿਚ ਦਰਜ ਨਹੀਂ ਹੈ

[362] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ

[363] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[364] ਹ: ੧੭.ਵਣਜਾਰਿਆਂ ਦੇ ਟਾਂਡੇ

[365] ੲ: ਸ :ਡੇਰੈ

[366] ਇਹ ਪਾਠ ੲ ਵਿਚ ਦਰਜ ਨਹੀਂ ਹੈ

[367] ੲ :ਦੀ

[368] ੲ: ਸ:ਬਹਤੁ

[369] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

ਪਾਤਸਾਹ ਇਸ ਤਾ ਅਸਾਡੀ ਖਬਰਿ ਕਿਛੁ ਨ ਲਈ ਏਸ ਦੇ ਘਰਿ ਅਜੁ ਪੁਤ੍ਰ ਹੋਆ ਹੈ ਆਪਣੀ ਹੂਇ ਹਵਾਇ ਨਾਲਿ ਉਠਿ ਗਇਆ ਪਰੁ ਜੀ ਜੇ ਮੈਨੂੰ ਹੁਕਮ ਹੋਵੈ ਤਾ ਇਸ ਦੇ ਘਰਿ ਜਾਵਾ। ਇਹੁ ਪੁਤ੍ਰ ਦੀ ਵਧਾਈ [371]ਮੰਗਤਿਆ ਲੋਕਾ ਨੂੰ[371] ਦੇਂਦਾ ਹੈ ਕੁਛ ਮੈ ਭੀ ਲੈਆਵਾ ਤਬਿ ਬਾਬਾ ਹਸਿਆ ਆਖਿਓਸੁ ਮਰਦਾਨਿਆ ਇਸ ਦੇ ਘਰਿ ਪੁਤ੍ਰ ਨਾਹੀ ਹੋਇਆ ਇਸ ਦੇ ਘਰਿ ਇਕ ਕਰਜਾਈ ਆਇਆ ਹੈ॥ [372]ਚੁਪਾਤਾ ਰਹੁ[372] **[[373]]** ਰਾਤਿ ਰਹੈਗਾ ਭਲਕੇ ਉਠਿ ਜਾਵੈਗਾ ਪਰੁ ਤੇਰੇ ਮਨਿ ਆਈ ਹੈ ਤਾ ਜਾਹਿ ਪਰੁ ਅਸੀਸਾ ਦੇਹੀਈ ਨਾਹੀ ਚੁਪਾਤਾ ਜਾਇ ਖੜਾ ਹੋਉ। ਤਾ ਮਰਦਾਨੈ ਆਖਿਆ ਭਲਾ ਹੋਵੈ ਜੀ ਜਾਇ ਦੇਖਾ॥ ਤਬ ਮਰਦਾਨਾ ਗਇਆ ਜਾਇ ਖੜੋਤਾ। ਚੁਪਾਤਾ ਖਬਰ ਕਿਸੇ ਨਾ ਲੀਤੀ। ਉਠਿ ਆਇਆ। ਤਬਿ ਬਾਬੇ ਆਖਿਆ ਮਰਦਾਨਿਆ ਰਬਾਬ ਵਜਾਇ ਤਾ ਮਰਦਾਨੇ ਰਬਾਬ ਵਜਾਇ ਰਾਗੁ ਸ੍ਰੀ ਰਾਗੁ ਕੀਤਾ, ਗੁਰੂ ਬਾਬੇ ਸਬਦੁ ਉਠਾਇਆ।

ਰਾਗੁ ਸ੍ਰੀ ਰਾਗੁ ਪਹਰੇ ਮ: ੧॥ਸਬਦੁ॥
ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮੁ ਪਇਆ ਗ੍ਰਭਵਾਸੁ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥
ਖਸਮ ਸੇਤੀ ਅਰਦਾਸਿ ਵਖਾਣੈ ਉਰਧਿ ਧਿਆਨਿ ਲਿਵ ਲਾਗਾ॥
ਨਾ ਮਰਜਾਦੇ ਆਇਆ ਕਲੇ ਭੀਤਰਿ ਬਾਹੁੜਿ ਜਾਸੀ ਨਾਗਾ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥
ਕਹੁ ਨਾਨਕ ਪ੍ਰਾਣੀ ਪਹਿਲੇ ਪਹਰਿ ਹੁਕਮੁ ਪਇਆ ਗ੍ਰਭਵਾਸਿ॥੧॥
ਦੂਜੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ॥
ਹਥੋ ਹਥੁ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੋਧਾ ਘਰਿ ਕਾਨੁ॥
ਹਥੋ ਹਥੁ ਨਚਾਈਐ ਪ੍ਰਾਣੀ ਮਾਤਕ ਹੈਸੁ ਤੁ ਮੇਰਾ॥
ਚੇਤਿ ਅਚੇਤਿ ਮੂੜ ਮਨ ਮੇਰੇ ਅੰਤਿ ਨਹੀ ਕੁਛੁ ਤੇਰਾ॥
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨਿ ਭੀਤਰਿ ਧਰਿ ਧਿਆਨੁ॥
ਕਹੁ ਨਾਨਕ ਪ੍ਰਾਣੀ ਦੂਜੈ ਪਹਿਰੈ ਵਿਸਰਿ ਗਇਆ ਧਿਆਨੁ॥੨॥
ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥
ਹਰਿ ਕਾ ਨਾਮੁ ਨ ਚੇਤਈ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ॥
ਹਰਿ ਕਾ ਨਾਮ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ॥
ਧਨ ਸਿਉ ਰਾਤ ਜੋਬਨਿ ਮਾਤਾ ਅਹਿਲਾ ਜਨਮੁ ਗਵਾਇਆ॥
ਧਰਮ ਸੇਤੀ ਵੈਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ॥
ਕਹੁ ਨਾਨਕ ਤੀਜੇ ਪਹਰਿ ਪ੍ਰਾਣੀ ਧਨ ਜੋਬਨ ਸਿਉ ਚਿਤੁ॥੩॥

---

[370] ਏ:ਤਬ

[371] ਇਹ ਪਾਠ ਸ ਵਿਚ ਦਰਜ ਨਹੀਂ ਹੈ

[372] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[373] ਸ – ਚਾਰਿ ਪਹਰ

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥

ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥

ਭੇਤੁ ਚੇਤੁ ਹਰਿ ਕਿਸੈ ਨ ਮਿਲਿਆ ਜਾ ਜਮੁ ਪੁਰ ਪਕੜਿ ਚਲਾਇਆ॥

ਝੂਠਾ ਰੁਦਨੁ ਹੋਆ ਦੁਆਰੈ ਖਿਨ ਮਹਿ ਭਇਆ ਪਰਾਇਆ॥

ਸਾਈ ਵਸਤੁ ਪਰਾਪਤਿ ਹੋਈ ਜਿਸੈ ਸਿਉ ਲਾਇਆ ਹੇਤੁ॥

ਕਹੁ ਨਾਨਕ ਪ੍ਰਾਣੀ ਚਉਥੈ ਪਹਿਰੈ ਲਾਵੀ ਲੁਣਿਆ ਖੇਤੁ॥੪॥ **(ਗੁ.ਗ੍ਰੰ.ਸਾ.ਪੰਨਾ ੭੪)**

**ਜਬਿ**[374] ਭਲਕੁ ਹੋਆ [375]ਤਾ[375] ਉਹੁ ਲੜਿਕਾ ਚਲਿਆ। [376]ਤਾ[376] ਰੋਦੇ ਪਿਟਦੇ ਨਿਕਲੇ। ਤਾਂ ਮਰਦਾਨੇ ਅਰਜ ਕੀਤੀ ਆਖਿਓਸੁ ਜੀ ਇਸਦੇ ਬਾਬਿ ਕੀਆ ਵਰਤੀ। ਕਲਿ ਅਲਤਾ ਪਏ ਦੇ ਆਹੇ ਹਸਦੇ ਥੇ ਖੇਡਦੇ ਥੇ ਤਬਿ ਬਾਬੇ ਸਲੋਕੁ ਦਿਤਾ।

ਜਿਤੁ ਮੁਹਿ ਮਿਲਨਿ ਮੁਬਾਰਖੀ ਲਖ ਲਖ ਮਿਲੈ ਆਸੀਸ॥ ਤੇ ਮੁਹੁ ਫਿਰਿ ਪਿਟਾਈਅਨ ਮਨੁ ਤਨੁ ਸਹੇ ਕਸੀਸ॥ ਇਕ ਮੁਏ ਇਕ ਦਬਿਆ ਇਕ ਦਿਤੇ ਨਦੀ ਵਹਾਇ॥ ਗਇਆ ਮੁਬਾਰਖੀ ਨਾਨਕਾ ਭੀ ਸਚੇ ਨੂੰ ਸਾਲਾਹ॥੧॥[377]

ਤਬਿ ਬਾਬਾ ਅਤੇ ਮਰਦਾਨਾ ਓਥਹੁ ਚਲੇ।

**°/°°** [[378]] [379]ਤਬਿ[379] ਰਾਹ ਵਿਚ ਇਕ ਚੰਣਿਆਂ ਦੀ ਵਾੜੀ ਆਈ ਓਸੁ [380]ਤਬਿ[380] ਪਾਲੀ ਉਸ ਕਾ ਲਗਾ ਹੋਲਾਂ ਕਰਣਿ ਤਬਿ ਮਰਦਾਨੇ ਕੇ ਜੀਅ ਆਈ ਜੋ ਬਾਬਾ ਚਲੈ ਤਾ ਦੁਇਕ ਬੂਟੈ ਲੈਹਿ। ਤਬਿ ਬਾਬਾ ਮੁਸਕਾਇਆ ਜਾਇ ਬੈਠੇ ਤਬਿ ਉਸ ਪਾਲੀ ਹੋਲੇ ਅਗੇ ਆਣਿ ਰਖੈ [381]ਤਬਿ[381] ਬਾਬੇ ਮਰਦਾਨੇ ਨੂੰ ਦਿਤੇ ਤਾ ਉਸ ਲੜਕੇ ਦੇ ਜੀਅ ਆਈ ਜੋ ਕਿਛੁ ਘਰ ਤੇ ਲੈ ਆਵਾ ਫਕੀਰਾ ਦੇ ਮੁਹਿ ਪਾਵਣ ਤਾਂਈ ਤਬਿ ਓਹੁ ਉਠਿ ਚਲਿਆ ਤਾ ਬਾਬੇ ਪੁਛਿਆ। ਤਾਂ ਆਖਿਓਸੁ ਜੀ ਕੁਛੁ ਘਰੋ ਲੈ ਆਵਾਂ ਤੇਰੇ ਮੁਹ ਪਾਵਣ ਤਾਈ ਤਾਂ ਗੁਰੂ ਨਾਨਕ ਸਲੋਕ ਦਿਤਾ।

**ਸਥਰੁ ਤੇਰਾ ਲੇਫੁ ਨਿਹਾਲੀ ਭਾਉ ਤੇਰਾ ਪਕਵਾਨੁ॥**

**ਨਾਨਕ ਸਿਫਤੀ ਤ੍ਰਿਪਤਿਆ ਬਹੁ ਰੇ ਸੁਲਤਾਨ॥੧॥**[382]

ਤਬਿ ਪਾਤਸਾਹੀ ਮਿਲੀ। ਚਣਿਆਂ ਦੀ ਮੁਠਿ ਦਾ ਸਦਕਾ। ਤਬਿ ਬਾਬਾ ਉਥੋ ਰਵਦਾ ਰਹਿਆ।

---

[374] ਏ : ਸ:ਤਬ

[375] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[376] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[377] ਇਹ ਗੁਰੂਬਾਣੀ ਨਹੀਂ ਹੈ

[378] ਹ: ੨0. ਪਾਲੀ ਨੂੰ ਪਾਤਸਾਹੀ

[379] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[380] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[381] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[382] ਇਹ ਗੁਰੂਬਾਣੀ ਨਹੀਂ ਹੈ

੨/੨੨ ।[383]॥ ਤਾ ਮਰਦਾਨੇ ਆਖਿਆ ਜੀ ਕਿਥਾਉ ਬੈਠੀਐ ਚਉਮਾਸਾ। ਤਬਿ ਬਾਬੇ ਆਖਿਆ ਭਲਾ ਹੋਵੈਗਾ [384]ਜੇ[384] ਕੋਈ ਗਾਉ ਆਵੈ ਤਹਾਂ ਬੈਠਣਾ ਤਬਿ ਸਹਰ ਤੇ ਕੋਸ ਏਕ ਉਪਰਿ ਆਇ ਬੈਠੇ ਗਾਉ ਵਿਚਿ। ਤਬਿ ਉਸ ਗਾਉ ਵਿਚਿ ਇਕਸ ਖਤ੍ਰੀ ਦੀ ਲਗਨ ਆਹੀ ਓਹੁ ਇਕ ਦਿਨ ਆਇ ਦਰਸਨ ਦੇਖਣੇ ਆਇਆ ਦਰਸਨ ਦੇਖਣੇ ਨਾਲਿ ਨਿਤਾਪ੍ਰਤਿ ਆਵੈ ਸੇਵਾ ਕਰਨ ਤਬਿ ਇਕ [6]ਦਿਨੁ[385] ਨੇਮ ਕੀਤੋਸ ਜੋ ਦਰਸਨ ਬਿਨਾ ਲੇਨਾ ਕਿਛੁ ਨਾਹੀ ਜਲੁ ਪਾਨ

ਤਬਿ ਏਕਨਿ ਪਾਸਲੇ ਹਟਵਾਣੀਏ **[[386]]** ਪੁਛਿਆ ਜੋ ਭਾਈ ਜੀ ਤੂੰ **[[387]]** [388]ਨਿਤਾਪ੍ਰਤਿ ਕਿਉ ਜਾਦਾ ਹੈ ਗਾਉ[388] ਆਗੈ ਕਿਤੈ ਸੰਜੋਗ ਪਾਇ **[[389]]** ਜਾਦਾ ਸਹਿ ਤਾ ਉਨਿ ਸਿਖ ਆਖਿਆ ਭਾਈ ਜੀ ਇਕੁ ਸਾਧੂ ਆਇ ਰਹਿਆ ਹੈ ਉਸਕੇ ਦਰਸਨ ਜਾਦਾ ਹਾ ਤਬਿ ਉਸ ਕਹਿਆ ਜੀ ਉਸ ਕਾ ਦਰਸਨ ਮੈਨੂ ਭੀ ਕਰਾਇ [[390]] ਤਬਿ ਇਕੁ ਦਿਨ ਓਹ ਭੀ ਨਾਲਿ ਆਇਆ **[[391]]** [392]ਆਵਦਿਆ ਆਵਦਿਆ ਇਕ[392] ਲੌਡੀ ਸਾਥ ਅਟਕਿਆ [393]ਤਬਿ[393] ਨਿਤਾ ਪ੍ਰਤਿ ਘਰਿ ਤੇ ਇਕਠੇ **[[394]]** **ਆਵਨਿ**[395] **[[396]]** [396]ਤਾ[397] ਓਹੁ **[[398]]** ਜਾਵੈ **[[399]]** [400]ਲੋਲੀਖਾਨੇ ਅਤੇ ਉਹ ਜੋ ਆਗੈ ਆਵਦਾ ਆਹਾ ਸੋ ਆਵੈ ਗੁਰੂ ਪਰਮੇਸਰ ਕੀ ਸੇਵਾ ਕਰਣ[400] ਤਬਿ ਇਕ ਦਿਨ ਉਸ ਕਹਿਆ ਭਾਈ ਜੀ ਮੈ ਜਾਦਾ ਹਾਂ। ਵਿਕਰਮ ਕਰਣ ਅਤੇ ਤੂੰ ਜਾਦਾ ਹੈ ਸਾਧੂ ਕੀ ਸੇਵਾ ਕਰਣਿ ਅਜ ਤੇਰਾ ਅਤੇ ਮੇਰਾ ਕਰਾਰੁ ਹੈ ਜੋ ਦੇਖਾ ਤੈਨੂ ਕਿਆ ਪਰਾਪਿਤ ਹੋਵੈ ਹੈ ਅਤੇ ਮੈਨੂ ਕਿਆ ਮਿਲੈਗਾ॥[[401]] ਜੇ ਤੂੰ ਆਗੇ ਆਵੈ ਤਾ ਈਹਾਂ ਆਇ ਬੈਠਨਾ। ਅਤੈ ਜੇ ਮੈ **[[402]]** ਆਵਾ ਤਾ ਆਇ **ਬੈਠਣਾ**[403] । **ਆਜ**[404] ਇਕਠੇ ਹੋਇ ਕਰਿ **ਚਲਣਾ**[405] ਜਬ ਓਹੁ ਜਾਵੈ ਤਾ ਲੰਉਡੀ ਡੇਰੇ ਨਾਹੀ ਤਬਿ ਓਹੁ

---

[383] ਹ: ੨੧. ਮੁਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ
[384] ਏ : ਸ:ਅਗੈ
[385] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[386] ਏ : ਸ:ਥਾ। ਉਨਿ
[387] ਏ : ਸ :ਨਿਤ ਦੀ ਨਿਤ ਕਿਥੈ ਜਾਦਾ ਹੈ।
[388] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[389] ਏ : ਸ:ਕੈ
[390] ਹ: ਤਬਿ ਉਸ ਸਿਖ ਕਿਹਾ:ਜੀ, ਤੁਸੀਂ ਬੀ ਕਰਹੁ
[391] ਏ : ਸ:ਫਿਰਿ ਓਹੁ
[392] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[393] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[394] ਏ : ਸ: ਹੀ
[395] ਏ :ਜਾਵਨਿ
[396] ਏ : ਸ:ਤਬ ਗਿਰਾਉ ਵਿਚਹੁ ਇਕਠੇ ਹੀ ਆਵਨਿ
[397] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[398] ਏ : ਸ:ਲਉਡੀ ਕੈ
[399] ਏ : ਸ : ਅਤੈ ਸਿਖ ਦਰਸਨ ਕਉ ਜਾਵੈ। ਗੁਰੁ ਪਰਮੈਸਰ ਥਾ।
[400] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[401] ਹ: ਤਬ ਉਹਨਾਂ ਇਕ ਟਿਕਾਣਾ ਮੁਕਰਰ ਕੀਤਾ ਤਾਂ ਅਖਿਓਨੁ
[402] ਏ : ਸ: ਅਗੈ
[403] ਏ : ਸ:ਬੈਠਾਗਾ
[404] ਏ : ਸ: ਜੋ

ਦਲਗੀਰ ਹੋਇ ਕਰਿ ਉਠਿ ਆਇਆ। ਆਇ ਕਰਿ ਟਿਕਾਣੇ ਉਪਰਿ ਆਇ ਬੈਠਾ। ਫਿਕਰਿ ਨਾਲਿ ਲਗਾ ਧਰਤੀ ਖੋਦਣਿ ਜੇ ਦੇਖੈ ਤਾ ਇਕ ਮੁਹਰ ਹੈ **[406]** [407]ਤਬ ਛੁਰੀ ਕਢਿ ਕਰਿ ਲਗਾ ਖੋਦਨਿ ਜੇ ਦੇਖੈ ਤਾ**[407]** ਕੋਲੇ ਹੈਨਿ ਮਟੁ ਭਰਿਆ ਹੋਆ॥ ਤਬਿ ਓਹੁ **[408]** ਗੁਰੂ ਪਾਸੋ ਸਿਖੁ ਪੈਰੀ ਪੈਇ ਕਰਿ ਚਲਿਆ ਤਾ ਦਰ ਤੈ ਬਾਹਰਿ ਕੰਡਾ ਚੁਭਿਓਸ॥ ਤਾ ਕਪੜੇ ਸਾਥਿ ਪੈਰੁ ਬੰਨਿ ਕਰਿ ਆਇਆ॥ ਇਕੁ ਜੁਤੀ ਚੜੀ ਇਕੁ ਜੁਤੀ **ਭੰਨੀ[409]** ਤਬਿ ਉਸ ਪੁਛਿਆ ਭਾਈ ਜੀ ਜੁਤੀ ਚੜਾਇ ਲੇਹਿ।ਤਬਿ ਉਸ ਕਹਿਆ ਭਾਈ ਜੀ ਮੇਰੇ ਪੈਰ ਕੰਡਾ ਚੁਭਿਆ ਹੈ॥ ਤਬਿ ਉਸ ਕਹਿਆ ਭਾਈ ਜੀ ਅਜ ਮੈ ਪਾਈ ਮੁਹਰ ਅਤੇ ਤੈਨੂ ਚੁਭਿਆ ਕੰਡਾ ਏ ਬਾਤ ਪੁਛੀ ਚਾਹੀਏ ਜੋ ਤੂ ਜਾਵੇ ਗੁਰੂ ਕੀ ਸੇਵਾ ਕਰਿਨਿ ਅਤੇ ਮੈ ਜਾਵਾ ਪਾਪ ਕਮਾਵਨਿ ਤਬਿ ਦੋਵੈ ਆਏ ਆਇ ਕਰਿ ਬੇਨਤੀ ਕੀਤੀ ਹਕੀਕਤਿ ਆਖਿ ਸੁਣਾਈ ਤਬਿ ਗੁਰੂ ਬੋਲਿਆ ਚੁਪਿ ਕਰਿ ਰਹੁ [410] । ਤਾ ਓਨਿ ਆਖਿਆ ਜੀ ਬਹਰੀ ਕੀਚੈ ਤਬਿ ਬਾਬਾ ਬੋਲਿਆ ਆਖਿਓਸੁ ਓਹ ਜੋ ਮਟੁ ਕੋਲਿਆ ਥਾ ਸੋ ਸਭ ਮੁਹਰਾ ਥੀਆਂ ਪਿਛਲੇ ਜਨਮ ਕਾ ਬੀਜਿਆ [411]ਇਕ ਮੁਹਰੁ ਸਾਧੂ ਕੇ ਹਥਿ ਦਿਤੀ ਥੀ**[411]** ਤਿਸਦਾ ਸਦਕਾ ਮੁਹਰਾ ਹੋਈਆਂ ਥੀਆਂ ਪਰੁ ਜਿਉ ਜਿਉ ਵਿਕਰਮਾ ਨੁ ਦਉੜਿਆ ਤਿਉ ਤਿਉ ਮੁਹਰਾ ਦੇ ਕੋਇਲੇ ਹੋਇਗੈ ਅਤੇ ਤੇਰੇ ਲੇਖ ਸੂਲੀ ਥੀ ਜਿਉ ਜਿਉ ਸੇਵਾ ਨੂੰ ਆਇਆ ਤਿਉ ਤਿਉ ਸੂਲੀ ਘਟਿ ਗਈ। ਸੂਲੀ ਦਾ ਕੰਡਾ ਹੋਇਆ ਸੇਵਾ ਦਾ ਸਦਕਾ ਤਉ [412]ਓਇ**[412]** ਉਠਿ ਪੈਰੀ ਪਏ ਨਾਉ ਧਰੀਕ [413] ਹੋਏ, ਗੁਰੂ ਗੁਰੂ ਲਾਗੇ ਜਪਣਿ ਤਬਿ ਬਾਬਾ ਬੋਲਿਆ ਸਬਦੁ ਰਾਗੁ ਮਾਰੂ ਵਿਚ

ਮ:੧॥

ਕਰਣੀ ਕਾਗਦੁ ਮਨ ਮਸਵਾਣੀ ਬੁਰਾ ਭਲਾ ਦੁਇ ਲੇਖੁ ਪਏ॥
ਜਿਉ ਜਿਉ ਕਿਰਤ ਚਲਾਏ ਤਿਵ ਹੀ ਚਲੀਐ ਤਉ ਗੁਣ ਨਾਹੀ ਅੰਤਿ ਹਰੇ॥੧॥
ਚਿਤ ਚੇਤਿਸ ਸਖੀ ਨਹੀ ਬਾਵਰਿਆ॥
ਹਰਿ ਬਿਸਰਤ ਤੇਰੇ ਗੁਣ ਗਲਿਆ॥ ॥ਰਹਾਉ॥
ਜਾਲੀ ਰੈਣਿ ਜਾਲ ਦਿਨੁ ਹੂਆ ਜੇਤੀ ਘੜੀ ਉਹੀ ਤੇਤੀ॥
ਰਸਿ ਰਸਿ ਚੋਗੁ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਣੁ ਗੁਣੀ॥੨॥
ਕਾਇਆ ਅਹਰਣਿ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿਤ ਭਈ॥3॥
ਭਇਆ ਮਾਨੂਰ ਕੰਚਨੁ ਫਿਰਿ ਹੋਵੈ ਜੇ ਗੁਰੂ ਮਿਲੈ ਤਿਨੇਹਾ॥

---

405 ਏ : ਸ :ਚਲਹਗੇ
406 ਏ : ਸ–ਅਤੈ ਹੋਰੁ
407 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
408 ਏ :ਸਿਖ
409 ਏ :ਲਥੀ ਨੀ
410 ਹ: ਫੋਲੋ ਕਾਈ ਨਾਹੀ
411 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
412 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
413 ਹ: ਸਿੱਖ

ਏਕੁ ਨਾਮੁ ਅਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥੪॥ (ਗੁ.ਗ੍ਰੰ.ਸਾ.ਪੰਨਾ ੯੯੦)

°/°° [414] ਤਬ ਓਥਹੁ ਚਲੈ ਪੈਡੇ ਵਿਚ ਠਗ **ਮਿਲਿ**[415] [416]ਗਏ[416] । ਦੇਖਿ ਕਰਿ ਆਖਿਓਨੇ ਜਿਸ ਦੇ ਮੁਹਿ ਵਿਚਿ ਐਸੀ ਜੋਤਿ ਹੈ ਸੋ ਖਾਲੀ ਨਹੀ ਇਸ ਦੈ ਪਲੇ ਬਹੁਤ ਦੁਨੀਆ ਹੈ [417]ਪਰ ਗੁਝੀ ਹੈ[417] ਤਬਿ ਬਾਬੇ ਦੇ ਚਉਫੇਰਿ ਆਇ ਖੜੇ ਹੋਏ ਤਬਿ ਦਰਸਨੁ ਦੇਖਣੈ ਨਾਲਿ **[418]** [419]ਸਭ ਆਇ ਅੰਦਰਹੁ[419] ਨਿਬਲੁ ਭਏ ਤਬਿ ਗੁਰੂ ਪੁਛਿਆ ਤੁਸੀ ਕਵਨ ਅਸਹੁ। ਤਬਿ ਉਇ ਕਹਿਨਿ ਅਸੀਂ ਠਗ ਹਾਂ ਤੇਰੇ ਮਾਰਣ ਕਉ ਆਏ ਹਾਂ ਤਬਿ ਬਾਬੇ ਆਖਿਆ ਭਲਾ ਹੋਵੈ ਇਕੁ ਕੰਮੁ ਕਰਿਕੈ ਮਾਰਹੁ॥[420] ਉਹੁ ਜੋ ਧੂੰਆ ਨਦਰਿ ਆਵਦਾ ਹੈ ਤਹਾਂ ਤੇ ਆਗ ਲਿਆਵਹੁ। ਮਾਰਿ ਦਾਗੁ ਦੇਹੁ ਤਬਿ ਠਗਾ ਆਖਿਆ ਕਹਾ ਆਗਿ ਕਹਾ ਹਮਿ। ਮਾਰਿ ਦੂਰਿ ਕਰਹੁ। ਤਬਿ ਇਕਨਾ ਆਖਿਆ ਅਸਾ ਬਹੁਤ ਜੀਆ ਮਾਰੇ ਹੈਨਿ ਪਰੁ ਹਸਿ ਕਰਿ ਕਿਸੇ ਨਾਹੀ ਕਹਿਆ ਜੋ ਮਾਰੁ **[421]** ਅਸਾ ਤੇ ਕਹਾ ਜਾਦਾ ਹੈ॥ ਤਬਿ ਦੁਇ ਠਗ ਦਉੜੇ ਆਗਿ ਨੂ॥ ਜਬਿ **[422]** ਜਾਵਨਿ ਤਾ ਅਗੈ ਚਿਖਾ ਪਈ ਜਲਦੀ ਹੈ ਅਤੇ ਰਾਮਗਣ ਤੇ ਜਮਗਣ ਖੜੇ ਝਗੜਦੇ ਹੈ॥ ਤਬਿ ਠਗਾ ਪੁਛਿਆ [423]ਤੁਸੀ ਕਵਨੁ ਹਉ[423] ਕਿਉ ਝਗੜਦੇ ਹਉ। ਤਬਿ ਉਨਾ ਕਹਿਆ ਅਸੀ ਜਮ ਗਣ ਹਾਂ ਆਗਿਆ [424]ਪਾਇ[424] ਪਰਮੇਸਰ ਕੀ ਨਾਲਿ ਇਸ ਜੀਅ ਕਉ ਕੁੰਭੀ ਨਰਕਿ ਲੈ ਚਾਲੈ ਹੈ । ਅਤੇ ਇਹ ਪਿਛਹੁ ਰਾਮਗਣ ਆਏ ਹਨਿ ਅਸਾਤੈ ਖੋਸ ਲੈ ਚਲੇ ਹੈ॥[425]ਤੁਮ ਪੁਛੋ ਜੋ ਕਿਓ ਖੋਸ ਲੈ ਚਲੇ ਹੈ[425]॥ ਤਬਿ ਠਗਾ ਪੁਛਿਆ ਤੁਸੀ ਕਿਉ ਖਸਿ ਲੈ ਚਲੇ ਹਉ ਇਨਾ ਪਾਸਹੁ ਤਬਿ ਰਾਮਗਣਾ ਆਖਿਆ [426] ਜਿਸੁ ਗੁਰੂ ਪਰਮੇਸਰ ਕਉ ਤੁਮ ਮਾਰਣ ਆਏ ਹੋ ਤਿਸਕੀ ਦਿਸਟੀ ਇਸਕੀ ਚਿਖਾ ਕਾ ਧੂਆ ਪਇਆ ਹੈ॥ ਤਿਸਕਾ ਸਦਕਾ ਬੈਕੁੰਠ [427]ਕਉ[427] ਪ੍ਰਾਪਤ ਭਇਆ ਹੈ ਤਬਿ ਠਗਿ ਸੁਣਤੇ ਹੀ ਦਉੜੇ [428]ਆਏ[428] ।ਆਖਿਉਨੈ ਜਿਸ ਕੀ ਦਿਰਸਟਿ ਧੂੰਆ ਪਵਤੇ [429]**ਸਰ**[429] ਮੁਕਤਿ **[430]** ਪਰਾਪਤਿ ਭਇਆ ਹੈ ਤਿਸਕੇ ਮਾਰਣ **ਕਉ**[431] ਅਸੀ ਆਏ ਹੈ ਤਬਿ ਓਹੁ ਆਇ ਪੈਰੀ ਪਏ। **ਅਗਲਿਆ**[432]

[414] ਹ: ੨੨.ਠੱਗਾਂ ਦਾ ਨਿਸਤਾਰਾ
[415] ੲ : ਸ:ਮਿਲੇ
[416] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[417] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[418] ੲ : ਸ:ਸੁਬਾਹੁ ਹੋਆ ਡਰੇ
[419] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[420] ਹ: ਤਬਿ ਓਨਾ ਕਹਿਆ: ਕੰਮ ਕੇਹਾ ਹੈ? ਤਬਿ ਬਾਬੇ ਕਿਹਾ
[421] ੲ :ਤਬ ਠਗਾ ਕਹਿਆ
[422] ੲ : ਸ : ਓਹੁ
[423] ਇਹ ਪਾਠ ੲ ਵਿਚ ਦਰਜ ਨਹੀਂ ਹੈ
[424] ਇਹ ਪਾਠ ੲ ਵਿਚ ਦਰਜ ਨਹੀਂ ਹੈ
[425] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[426] ਹ: ਇਹ ਮਹਾਂ ਪਾਪੀ ਥਾ, ਇਸਨੂੰ ਕੁਭੀ ਨਰਕ ਮੇਂ ਦੇਣਾ ਥਾ, ਪਰ
[427] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[428] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[429] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ, ਹ:ਸਾਰ
[430] ੲ : ਸ:ਕੂੰ
[431] ੲ : ਸ: ਕੂ, ਹ:ਕਿਉ
[432] ੲ : ਸ:ਅਵਗਿਆ

ਪੁਛਿਆ [433] ਆਖਿ ਸੁਣਾਈ [434] ਤਬਿ ਉਹ ਭੀ ਆਇ ਪੈਰੀ ਪਏ ਹਥਿ ਜੋੜਿ ਖੜੇ ਹੋਏ। ਲਗੇ ਬੇਨਤੀ ਕਰਣਿ ਆਖਿਓਨੈ ਜੀ ਅਸਾ ਕਉ ਨਾਉ ਧਰੀਕ ਕਰੁ। ਅਸਾਡੇ ਪਾਪ ਬਿਨਾਸੁ ਕਰਿ। ਅਸਾ ਮਹਾ ਘੋਰੁ ਪਾਪ ਕਮਾਏ ਹੈ॥ ਤਬਿ ਗੁਰੂ ਨਾਨਕੁ ਮਿਹਰਵਾਨੁ ਹੋਆ। ਆਖਿਓਸੁ ਤੁਸਾਡੇ ਪਾਪ ਤਬ ਹੀ ਬਿਨਾਸ ਹੋਵਨਿ ਜਾ ਏਹੁ [435]ਕਿਰਤਿ ਛੋਡਹੁ ਅਤੇ**[435]** ਕਿਰਸਾਣੀ ਕਰਹੁ। ਅਤੈ ਜੋ ਕੁਛੁ ਵਸਤੁ ਰਹਿਦੀ ਹੈ ਸੋ ਪਰਮੇਸਰੁ ਕੇ ਨਾਇ ਦੇਹੁ। ਅਤੀਤਾ ਭਗਤਾ ਦੇ ਮੁਹਿ ਪਾਵਹੁ ਤਬਿ ਉਸ ਆਗਿਆ ਮਨਿ ਲਈ ਜੋ ਕੁਛ ਵਸਤ ਥੀ ਸੋ ਆਨਿ ਆਗੈ ਰਾਖੀ **[436]**॥ ਗੁਰੂ ਗੁਰੁ ਲਗੈ ਜਪਣਿ ਜਨਮੁ ਸਵਾਰਿਆ। ਤਬਿ ਬਾਬਾ ਬੋਲਿਆ ਸਬਦੁ ਰਾਗੁ ਸ੍ਰੀ ਰਾਗੁ ਵਿਚ

ਮ:੧॥ ਸਬਦੁ॥
ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕਰੋਧ ਚੰਡਾਰ॥
ਰਸੁ ਕਸੁ ਆਪੁ ਸਲਾਹਣਾ ਏਹੁ ਕਰਮ ਮੇਰੇ ਕਰਤਾਰ॥੧॥
ਬਾਬਾ ਬੋਲੀਐ ਪਤਿ ਹੋਇ॥
ਉਤਮ ਸੇ ਦਰਿ ਉਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ ਰਹਾਉ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸ ਸੇਜੇ ਮੰਦਾਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖਿ ਮਨ ਅਜਾਣ॥
ਜੋ ਤਿਸੁ ਭਾਵੈ ਸੋ ਭਲਾ ਹੋਰਿ ਕਿ ਕਹਣੁ ਵਖਿਆਣ॥੩॥
ਤਿਨਾ ਮਤਿ ਤਿਨਾ ਪਤਿ ਤਿਨਾ ਧਨੁ ਪਲੈ ਜਿਨਾ ਹਿਰਦੈ ਰਹਿਆ ਸਮਾਇ॥
ਤਿਨ ਕਾ ਕਿਆ ਸਾਲਾਹਿਣਾ ਅਵਰੁ ਸੁਆਲਿਉ ਕਾਇ॥
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ।4।੧।
ਸਲੋਕ॥ ਬਲਦ ਮਸਾਇਕ ਹਾਲੀ ਸੇਖਿ ਧਰਤ ਕਤੇਬਾ ਓੜੀ ਲੇਖ॥
ਚੋਟੀ ਕਾ ਪਰਸੇਉ ਅਡੀ ਜਾਇ॥
ਤਾ ਕਾ ਖਟਿਆ ਸਭੁ ਕੋ ਖਾਇ॥
ਘਾਲਿ ਖਟਿ ਕਿਛੁ ਹਥੋ ਦੇਇ ॥
ਨਾਨਕ ਰਾਹੁ ਪਛਾਨੇ ਸੇਇ॥ (ਗੁ.ਗ੍ਰੰ.ਸਾ. ਪੰਨਾ ੧੫)

[433] ਹ: ਏਹ ਕਿਆ ਹੂਆ ਹੈ, ਜੋ ਅਇਕੈ ਪੈਰੀ ਪਏ ਤੁਸੀਂ? ਉਨ੍ਹਾਂ ਸਭ ਬਾਤ
[434] ਹ: ਇਹ ਮਹਾਂ ਪੁਰਖ ਹੈ।
[435] ਇਹ ਪਾਠ ਏ ਵਿਚ ਦਰਜ ਨਹੀਂ ਹੈ
[436] ਲੁਟਾਇ ਦਿਤੀ, ਬਾਬਾ ਮਿਹਰਵਾਨੁ ਹੋਆ।

**±ਸਲੋਕ ।ਬਲਦ ਮਸਾਇਕ ਹਾਲੀ ਸੇਖਿ ਧਰਤਿ ਕਤੇਬਾ ਓੜੀ ਲੇਖਾ।ਚੋਟੀ ਕਾ ਪਰਸੇਓ ਅਡੀ ਜਾਇ।ਤਾਕਾ ਖਟਿਆ ਸਭੁ ਕੋ ਖਾਇ।ਘਾਲਿ ਖਟਿ ਕਿਛੁ ਹਥਹੁ ਦੇਇ।ਨਾਨਕ ਰਾਹੁ ਪਛਾਨਿ ਸੇਇ।1।**[437]

ਤਾ ਗੁਰੂ ਦੀ ਖੁਸੀ ਹੋਈ। ਓਥਹੁ ਰਵਦੇ ਰਹੇ। ਬੋਲਹੁ ਵਾਹਿਗੁਰੂ।

°[[438]] [[439]] ਤਬਿ ਕਉਰੂ ਦੇਸਿ ਆਇ ਨਿਕਲੇ ਤਬਿ ਇਕ ਦਿਨ ਮਰਦਾਨੇ ਨੂੰ ਭੁਖ ਲਗੀ। ਤਾ [[440]] ਉਠ ਗਇਆ ਜਾਇ ਕਰਿ ਇਕ ਤ੍ਰੀਮਤ ਦੇ ਦਰਿ ਖੜਾ ਹੋਆ ਉਸ ਬੁਲਾਇ [441]ਲੀਆ[441] । ਪੁਛਿਓਸੁ ਖਾਣੇ ਕਉ ਲਗਾ ਮੰਗਨਿ॥[[442]] ਤਬਿ [[443]] ਧਾਗਾ ਬੰਨਿ ਕਰਿ ਮੇਢਾ ਕਰਿ ਬੈਠ ਲਾਇਆ।ਬੰਨਿ ਕਰਿ ਪਾਣੀ ਨੂੰ ਗਈ॥

---

[437] ਹ: ਸਲੋਕ ਮ: ੧॥ ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥ ਮਖਟੂ ਹੋਇ ਕੈ ਕੰਨ ਪੜਾਏ॥ ਫਰਕੁ ਕਰੇ ਹੋਰ ਜਾਤਿ ਗਵਾਏ॥ ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾਕੈ ਮੂਲਿ ਨ ਲਗੀਐ ਪਾਇ॥ ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥੧॥

[438] ਹ: ੨੩. ਨੂਰ ਸ਼ਾਹ ਨਿਸਤਾਰਾ

[439] ਅ: ਬਾਬਾ ਜੀ ਸਮੁੰਦ੍ਰ ਸਿਰੇ ਉਸ ਧਰਤੀ ਜਾਇ ਨਿਕਲਿਆ ਜਾਹਾ ਪੁਰਖੁ ਨਾਹੀ ਪਾਈਤਾ।ਤ੍ਰਿਆ ਰਾਜ ਹੈ ਸਭ ਦੇਸੁ ਗਿਰਾਇ ਤ੍ਰੀਮਤ ਕਮਾਵਦੀਆ ਹੈਨਿ।ਉਹਾ ਪੁਰਖ ਨਾਹੀ। ਤਾ ਮ੍ਰਦਾਨਾ ਬੋਲਿਆ ਬਾਬਾ ਜੀ ਏਹ ਦੇਸ ਦੇਖੇ।ਬਾਬੇ ਜੀ ਕਹਿਆ ਏਹੁ ਦੇਸ ਰੰਨਾ ਦਾ ਹੈ। ਏਸ ਦੇਸ ਜਾਣਾ ਭਲਾ ਨਾਹੀ। ਮ੍ਰਦਾਨੇ ਆਖਿਆ ਜੀ ਆਇਆ ਹੈਂ ਤਾ ਦੇਖੀਐ ਫੇਰ ਕਉਣ ਆਵਦਾ ਹੈ। ਏਤਨੀ ਦੂਰ। ਤਾ ਗੁਰੂ ਬਾਬੇ ਆਖਿਆ ਜਾਹਿ ਤੇਰਾ ਜੀਉ ਹੈ ਤਾ। ਮ੍ਰਦਾਨਾ ਰਬਾਬ ਲੈਦੋ ਹੀ ਮੰਗਣ ਦੇ ਬਹਾਨੇ ਗਇਆ ਨਗਰੀ ਜਾਇ ਵੜਿਆ ਜਾ ਮ੍ਰਦਾਨਾ ਉਨਾ ਰੰਨਾ ਨੂੰ ਦਿਸ ਆਇਆ। ਜਿਤਨੀਆ ਤੀਵੀਆ ਸਭ ਬਲਿ ਬਲਿ ਕਰਿ ਕੈ ਝੁਬਿ ਗਈਆ। ਪੁਰਖ ਉਥੇ ਅਲਭੁ ਸੀ ਉਨਾ ਆਖਿਆ ਜੋ ਤੂ ਅੰਦਰ ਆਉ। ਤਾ ਮ੍ਰਦਾਨੇ ਅਖਿਆ ਮਾਈ ਮੈ ਅੰਦਰ ਨਾਹੀ ਆਵਦਾ। ਜਾ ਉਨੀ ਡਿਠਾ ਜੋ ਨਾਹੀ ਆਵਦਾ ਤਾਂ ਧਕ ਅੰਦਰ ਵਾੜਿਆ ਹਥਿ ਧਾਗਾ ਬੰਨ ਗਈਆ। ਧਾਗਾ ਉਨਾ ਦਾ ਕਰੜੇ ਮੰਤ੍ਰਾਂ ਦਾ ਸਾ। ਜੋ ਕੀਤਾ ਲੋੜਨ ਸੋ ਕਰਣ ਧਾਗੇ ਦੇ ਮੰਤ੍ਰ। ਜਾ ਮ੍ਰਦਾਨੇ ਹਥਿ ਧਾਗਾ ਬਧੰਨੇ ਤਾ ਛਤਰਾ ਹੋਹਿ ਗਇਆ। ਰਬਾਬ ਅੰਦਰ ਸੁਟ ਘਤਿਓਨੇ। ਬਾਬਾ ਜੀ ਵਾਟੂ ਦੇਖੈ ਮ੍ਰਦਾਨਾ ਅਇਓ ਨਾਹੀ।ਗੁਰੂ ਬਾਬੇ ਆਖਿਆ ਧਨ ਮਿਹਰਵਾਨ ਤਾਰ ਸੁਣਾਇਦਾ ਸੀ।ਪ੍ਰਮੇਸ੍ਰ ਦਾ ਨਾਉ ਲੈਦਾ ਸੀ ਸੋ ਭੀ ਕਿਧਰੇ ਗਇਆ।ਤਾਂ ਗੁਰੂ ਬਾਬਾ ਉਠ ਕਰਿ ਨਗਰੀ ਆਇਆ।ਆਵਦਾ ਆਵਦਾ ਜਿਥੇ ਮ੍ਰਦਾਨਾ ਸੀ ਉਤੇ ਆਇ ਵੜਿਆ। ਉਨਾ ਰੰਨਾ ਜਾਂ ਡਿਠਾ ਬਾਬੇ ਨੁ ਸਭ ਆਇ ਝੁਬੀਆ। ਬਾਬੇ ਆਖਿਆ ਅਸਾਡਾ ਆਦਮੀ ਤੁਸਾਂ ਪਾਸ ਹੈ ਤੁਸੀ ਦੇਹੁ। ਓਨਾ ਆਖਿਆ ਜੋ ਇਥੇ ਨਾਹੀ। ਮ੍ਰਦਾਨਾ ਛਤ੍ਰਾ ਹੋਇਆ ਬਧਾ ਪਇਆ ਸੀ। ਬਾਬੇ ਨੂੰ ਨਦਰੀ ਆਇਆ ਸੋ ਪਇਆ ਖਉਰੂ ਕਰੇ। ਬੋਲ ਨ ਸਕੇ ਛਤ੍ਰੇ ਕੀ ਬੋਲੀ ਪਇਆ ਭਕਾਵੈ। ਬਾਬੇ ਡਿਠਾ ਜੁ ਏਹੁ ਮ੍ਰਦਾਨਾ ਹੈ। ਅਗੋ ਹਥਿ ਬਾਬੇ ਕੀਤਾ ਜੁ ਧੀਰਾ ਹੋਹਿ।ਤਾ ਬਾਬੇ ਉਨਾ ਰੰਨਾ ਨੂੰ ਆਖਿਆ ਜੇ ਭਲਾ ਕਰਹੁ ਤਾਂ ਅਸਾਡਾ ਆਦਮੀ ਦੇਹੁ। ਤਾ ਓਨਾ ਰੰਨਾ ਆਖਿਆ ਜੀ ਆਦਮੀ ਕੇਹਾ। ਤੂੰ ਅੰਦਰ ਚਲੁ ਖਾਹਿ ਪੀਉ ਹੁਣ ਤੂੰ ਕਿਥੇ ਜਾਹਿਗਾ। ਇਤਨਾ ਆਖ ਕੈ ਬਾਬੇ ਦੇ ਹਥ ਧਾਗਾ ਬੰਨ ਗਈਆ। ਬਾਬਾ ਜੀ ਪ੍ਰਮਪੁਰਖ ਉਸ ਦੇ ਨੇੜੇ ਕਿਆ ਆਵੈ। ਜਾ ਉਨਾ ਧਾਗਾ ਬਧਾ ਤਾ ਕਿਛ ਨ ਹੋਵੈ। ਤਾ ਉਨਾ ਹੋਰ ਸਿਆਣੀਆ ਸਦ ਆਦੀਆ। ਉਹ ਜਾ ਆਈਆ ਸੋ ਸਿਰ ਮਾਰ ਰਹੀਆ ਤਾ ਬਾਬੇ ਜੀ ਆਖਿਆ ਅਸਾਡਾ ਆਦਮੀ ਦੇਹੁ।ਆਪ ਵਿਚ ਗਲਾ ਲਗੀਆ ਕਰਣ। ਏਹੁ ਜੁ ਕੋਈ ਹੈ ਸੋ ਖੁਦਾਇ ਹੈ। ਏਸ ਨੂੰ ਅਸਾਡਾ ਮੰਤ੍ਰ ਨਾਹੀ ਲਗਦਾ। ਤਾ ਬਾਬੇ ਜੀ ਆਖਿਆ ਜੇ ਭਲਾ ਕ੍ਰਹ ਤਾ ਅਸਾਡਾ ਆਦਮੀ ਦੇਹ। ਤਾ ਉਨੀ ਆਖਿਆ ਜੀ ਜਿਥੇ ਤੇਰਾ ਆਦਮੀ ਹੈ ਤਿਥੇ ਸੰਵਾਣ ਲੈਇ। ਤਾ ਬਾਬੇ ਜੀ ਕਹਿਆ ਤੁਸੀ ਨਾਹੀ ਦੇਦੀਆ। ਉਨੀ ਆਖਿਆ ਆਪੈ ਲੈਇ। ਬਾਬੇ ਜੀ ਉਠ ਕਰ ਮ੍ਰਦਾਨੇ ਦੇ ਹਥੋ ਧਾਗਾ ਖੋਲ ਸੁਟਿਆ। ਮ੍ਰਦਾਨਾ ਫੇਰ ਆਦਮੀ ਹੋਇ ਖਲੋਤਾ। ਤਾ ਉਨਾ ਅਖਿਆ ਏਹ ਮਾਣਸ ਨਾਹੀ ਏਹ ਕੋਈ ਮਹਾਪੁਰਖ ਹੈ ਪ੍ਰਮੇਸ੍ਰ ਹੈ। ਇਸਨੂੰ ਅਸਾਡਾ ਮੰਤ੍ਰ ਨਾਹੀ ਚਲਦਾ। ਏਹ ਐਨ ਖੁਦਾਇ ਹੈ।ਉਹ ਤ੍ਰੀਮਤੀ ਅਇ ਪੈਰੀ ਪਈਆ। ਰਿਦੇ ਵਿਚ ਉਨਾ ਅਰਦਾਸ ਕੀਤੀ ਜੀ ਅਸੀ ਪੁਰਖ ਦੇ ਵਾਸਤੇ ਬਹੁਤ ਦੁਖ ਪਾਂਉਦੀਆਂ ਹਾਂ। ਅਸਾਡਾ ਏਹ ਦੁਖ ਨਿਵਾਰਤ ਕੀਜੈ। ਬਾਬੇ ਅੰਤਰਜਾਮੀ ਇਹ ਅਰਦਾਸ ਸੁਣੀ ਸੁਣ ਕਰਿ ਉਨਾਂ ਨੂੰ ਅਸੀਰਬਾਦ ਕੀਤਾ ਉਨਾ ਨੂੰ ਸਾਤਿਆ ਆਇ ਗਈ। ਸਾਖੀ ਪੂਰੀ ਹੋਈ।ਸੰਗਤ ਬੋਲੈ ਵਾਹਗੁਰੂ ਧੰਨ ਗੁਰੂ ਜੀ। ਬਾਬਾ ਜੀ ਉਥੋ ਰਵੇ।

[440] ਹ: ਮਰਦਾਨੇ ਕਹਿਆ:'ਜੀ ਪਾਤਸ਼ਾਹ! ਹੁਕਮ ਹੋਵੈ ਤਾਂ ਸਹਰ ਜਾਈ। ਤਬ ਬਾਬੇ ਕਹਿਆ:'ਮਰਦਾਨਿਆਂ! ਇਹ ਕਾਵਰੂ ਦੇਸ ਹੈ, ਤ੍ਰਿਅ ਰਾਜ ਹੈ, ਤੂੰ ਜਾਣਾ ਹੈ ਤਾਂ ਜਾਹ'। ਤਬ ਮਰਦਾਨਾ

[441] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[442] ਹ: ਤਬ ਉਸ ਤ੍ਰੀਮਤ ਅੰਦਰ ਬੁਲਾਇਆ।ਜਾਂ ਅੰਦਰ ਗਾਇਆ

[443] ਏ :ਉਨ

[[444]] ਤਬਿ ਬਾਬਾ ਆਇਆ॥ [[445]] ਦੇਖਿ ਕਰ ਲਗਾ ਮੈਆਕਣਿ ਤਬਿ ਓਹੁ ਘੜਾ ਲੇ ਕਰਿ ਆਈ ਤਾ ਗੁਰੂ ਨਾਨਕ [**[446]**] [447]ਓਹੁ ਪੁਛੀ ਆਖਿਆ[447] [[448]] ਅਸਾਡਾ ਆਦਮੀ ਇਥੈ ਆਇਆ ਹੈ ਤਬਿ ਉਸਿ ਕਹਿਆ ਇਥੈ ਕੋਈ ਨਹੀ ਆਇਆ। {ਦੇਖਿ ਲੈ ਤਬਿ ਬਾਬਾ ਬੋਲਿਆ

**ਸਲੋਕੁ॥ ਕਲਰੁ ਕੀਆ ਵਣਜਾਰੀਆ ਝੁੰਗੈ ਮੁਸਕੁ ਮੰਗੇਨ॥**

**ਅਮਲਾ ਬਾਝੂ ਨਾਨਕਾ ਕਿਉ ਕਰਿ ਖਸਮਿ ਮਿਲੇਨਿ**॥੧॥**[449]**

ਤਬਿ ਉਸ ਕੇ ਸਿਰਿ ਉਪਰਿ ਘੜਾ [[450]] ਰਹਿਆ ਉਤਰੈ ਨਾਹੀ। ਕੂੜਿ ਕਾ ਸਦਕਾ ਲਈ ਫਿਰੇ। ਤਬਿ ਨੂਰਸਾਹਿ ਨੂ ਖਬਰ ਹੋਈ ਜੋ ਏਕੁ [**[451]**] [452]ਐਸਾ ਮੰਤ੍ਰਵਾਨ ਆਇਆ ਹੈ ਜੋ ਸਿਰ ਤੈ ਘੜਾ ਨਾਹੀ ਉਤਰਦਾ ਤਬਿ ਨੂਰਸਾਹੁ[452] ਹੁਕਮ ਕੀਤਾ ਜੋ ਕੋਈ [452]ਸਹਿਰ ਵਿਚ[453] ਮੰਤ੍ਰਵਾਨ [454]ਹੈ ਸੋ[454] ਰਹਿਣਾ ਨਾਹੀ॥ ਤਦ ਜਹਾ [455]ਕਹਾ[455] ਤਾਈ ਕੋਈ ਮੰਤ੍ਰਵਾਨ ਥੀ ਸੋ ਸਭ ਆਪੋ ਆਪਣੀ ਵਿਦਿਆ ਲੈ ਆਈਆ। ਕਾਈ ਦਰਖਤ ਉਪਰਿ ਚੜਿ ਆਈ ਕਾਈ ਮ੍ਰਿਗਛਾਲਾ ਉਪਰ ਚੜਿ ਆਈ ਕੋਈ ਚੰਦੂ ਉਪਰਿ ਚੜਿ ਆਈ ਕਾਈ ਕੰਧ ਉਪਰਿ ਚੜਿ ਆਈ। ਕੋਈ ਬਾਗਿ ਸਾਥਿ ਲੇ **ਆਈ**[456]। ਕਾਈ ਢੋਲ [457]ਲੇ[457] ਵਜਾਵਦੀ ਆਈ। ਤਬਿ ਆਇ ਕਰਿ ਲਗੀਆ ਕਾਮਣ ਪਾਵਣ}**[458]** ਧਾਗੇ ਬੰਨਿ ਬੰਨਿ ਕਰਿ। [459]ਤਬਿ ਬਾਬੇ ਮਰਦਾਨੇ ਬੰਨੇ ਦੇਖਿਆ**[459]** ਤਾ ਮਰਦਾਨਾ ਲਗਾ ਮੇਆਕਣਿ। ਤਬ ਗੁਰੂ ਬਾਬਾ ਹਸਿਆ। ਆਖਿਓਸੁ ਮਰਦਾਨਿਆ ਵਾਹਗੁਰੂ [[460]] ਕਰਿ **[[461]]** ਮਥਾ ਟੇਕੁ [462]ਰਬਾਬੁ ਲੇ ਕਰਿ ਆਓ।ਤਾ ਮਰਦਾਨੇ ਮਥਾ ਟੇਕਿਆ[462] ਗਲੋ

---

[444] ਹ:ਤਬਿ ਬਾਬਾ ਅੰਤਰਿ ਧਿਆਨ ਕਰਕੇ ਵੇਖੈ ਤਾਂ ਮਰਦਾਨਾ ਮੇਢਾ ਹੋਇਆ ਹੈ

[445] ਹ: ਤਬ ਬਾਬੇ ਵਲੋਂ

[446] ੲ : ਸ:ਪੁਛਿਆ

[447] ਇਹ ਪਾਠ ਅ:ੲ : ਸ ਵਿਚ ਦਰਜ ਨਹੀਂ ਹੈ

[448] ੲ : ਸ :ਜੋ

[449] ਇਹ ਗੁਰੂਬਾਣੀ ਨਹੀਂ ਹੈ

[450] ੲ : ਸ:ਲਗਾ

[451] ੲ : ਸ: ਇਸਤਰੀ ਆਈ ਹੈ ਜੋ ਸਿਰ ਉਪਰਹੁ ਘੜਾ ਨਾਹੀ ਉਤਰਦਾ।

[452] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[453] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[454] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[455] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[456] ਹ: ਲਾਈ

[457] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[458] ਇਹ ਪਾਠ ਅ ਵਿਚ ਦਰਜ ਨਹੀਂ ਹੈ

[459] ਇਹ ਪਾਠ ੲ ਵਿਚ ਦਰਜ ਨਹੀਂ ਹੈ

[460] ਹ: ਕਹਿ

[461] ੲ : ਸ :ਕੈ

[462] ਇਹ ਪਾਠ ਹ ਵਿਚ ਦਰਜ ਨਹੀਂ

ਧਾਗਾ ਤੁਟ ਪਇਆ।[463] ਰਬਾਬੁ ਲੇ ਕਰਿ ਆਇਆ। {ਤਬਿ ਬਾਬੇ ਆਖਿਆ ਮਰਦਾਨਿਆ ਰਬਾਬ ਵਜਾਇ ਤਬ ਮਰਦਾਨੇ ਰਬਾਬ ਵਜਾਇਆ। ਰਾਗੁ ਵਡਹੰਸ ਮ: ੧ ਸਬਦ ਕੀਤਾ

ਗੁਣਵੰਤੀ ਸਹੁ ਰਾਵਿਆ ਨਿਰਗੁਣ ਕੂਕੇ ਕਾਹਿ॥
ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਹਿ॥੧॥
ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜਾਉ॥੧॥ਰਹਾਉ॥
ਕਰਣੀ ਕਾਮਣ ਜੇ ਥੀਵੈ ਜੇ ਮਨੁ ਧਾਗਾ ਹੋਇ॥
ਮਾਣਕੁ ਮੁਲਿ ਨ ਪਾਈਐ ਜੇ ਲੀਚੈ ਚਿਤਿ ਪੋਰਇ॥੨॥
ਰਾਹੁ ਦਸਾਂਈ ਨ ਜੁਲਾ ਆਖਾ ਅੰਮੜੀਆਸੁ॥
ਤੈ ਸਹ ਨਾਲਿ ਅਕੂਵਣੀ ਕਿਉ ਥੀਵੈ ਘਰਿ ਵਾਸੁ॥੩॥
ਨਾਨਕ ਏਕੀ ਬਾਹਰੀ ਦੂਜਾ ਨਾਹੀ ਕੋਇ॥
ਤੈ ਸਹਾ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ।੪। (ਗੁ.ਗ੍ਰੰ.ਸਾ.ਪੰਨਾ-੫੫੭)

[464]ਤਾ ਜਬਾਬੁ[464] [465] ਕੁਛ ਹੋਵੈ ਨਾਹੀ। ਤਬਿ ਨੂਰਸਾਹਿ ਕਉ ਖਬਰਿ ਹੋਈ। ਜੋ ਮੰਤ੍ਰ ਜੰਤ੍ਰ ਕੁਛ ਨਾਹੀ ਚਲਤਾ। ਤਬਿ ਨੂਰ ਸਾਹੁ ਸਭਨਾ ਕੀ ਸਰਦਾਰਨੀ ਥੀ [466] [467]ਖਾਸੀ ਚੇਲੀਆ ਸਾਥ[467] ਅਡੰਬਰ ਕਾਗਦਾ ਕੇ [468]ਉਪਰਿ ਚੜ[468] ਕਰਿ [469] ਆਈਆ ਆਇ ਕਰਿ ਲਗੀ ਮੰਤ੍ਰ ਜੰਤ੍ਰ ਕਰਣ। ਤਬਿ ਗੁਰੂ ਨਾਨਕ ਬੋਲਿਆ ਸਬਦੁ ਰਾਗ ਸੂਹੀ ਵਿਚ ਮ: ੧[ ਕੁਚਜੀ।

ਮੰਞੁ ਕੁਚਜੀ ਡੋਸੜੇ ਕਿਉ ਸਹੁ ਰਾਵਣਿ ਜਾਉ ਜੀਉ॥
ਉਥੈ ਇਕ ਦੂ ਇਕ ਚੜੰਦੀਆਂ ਕਉਣੁ ਜਾਣੈ ਮੇਰਾ ਨਾਉ ਜੀਉ॥
ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਆਸ ਜੀਉ॥
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਡੋਸੁ ਧਰੇਉਸ ਜੀਉ॥
ਕਿਆ ਗੁਣ ਤੇਰੇ ਵਿਥਰਾ ਕਿਆ ਕਿਆ ਘਿੰਨਾ ਤੇਰਾ ਨਾਉ ਜੀਉ॥
ਇਕਤੁ ਟੋਲਿ ਨ ਅੰਬੜਾ ਸਦ ਕੁਰਬਾਣੈ ਤੇਰੈ ਜਾਉ ਜੀਉ॥
ਸੋਨਾ ਰੁਪਾ ਰੰਗੁਲਾ ਮੋਤੀ ਤੈ ਮਾਣਕ ਜੀਉ॥
ਸੇ ਵਸਤੂ ਸਹੁ ਦਿਤੀਆ ਮੈਡਾ ਤਿਨ ਸਿਉ ਲਾਗਾ ਚਿਤੁ ਜੀਉ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥
ਹਉ ਇਤੁ ਭੁਲਾਵੈ ਭੁਲੀਆ ਤਿਸੁ ਕੰਤੁ ਨ ਬੈਠੀ ਪਾਸਿ ਜੀਉ॥

---

463 ਏ :ਤਬ
464 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
465 ਏ : ਜਬ
466 ਏ :ਖਾਸੀ ਅਛਲਾ ਅਸੰਖ
467 ਇਹ ਪਾਠ ਏ ਵਿਚ ਦਰਜ ਨਹੀਂ ਹੈ
468 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
469 ਏ : ਸ:ਕੈ

ਅੰਬਰਿ ਕੂਜਾ ਕੁਰਲੀਆ ਬਗ ਬਹਿਠੇ ਆਇ ਜੀਉ॥

ਸਾ ਧਨ ਚਾਲੀ ਸਾਹੁਰੈ ਕਿਆ ਮੁਹ ਦੇਸੀ ਅਗੈ ਜਾਇ ਜੀਉ॥

ਸੁਤੀ ਸੁਤੀ ਝਾਲੂ ਥੀਆ ਭੁਲੀ ਵਾਟੜੀਆਸੁ ਜੀਉ॥

ਤਉ ਸਹ ਨਾਲੁ ਮੁਤੀਆ ਤਿਨਾ ਡੁਖਾ ਕਉ ਧਰੀਆਸੁ ਜੀਉ॥

ਤੁਧੁ ਗੁਣ ਮੈ ਸਭ ਅਵਗੁਣਾ ਇਕ ਨਾਨਕ ਕੀ ਅਰਦਾਸਿ ਜੀਉ।

ਸਭਿ ਰਾਤੀ ਸੋਹਾਗਣੀ ਮੈਂ ਡੋਹਾਗਣਿ ਕਾਈ ਰਾਤਿ ਜੀਉ॥੧॥ **(ਗੁ.ਗ੍ਰੰ.ਸਾ. ਪੰਨਾ ੭੬੨)**

[470]ਤਬਿ ਗੁਰੂ ਬਾਬਾ ਵਾਹ ਵਾਹ ਕਰਿ ਉਠਿਆ[470] ਤਬਿ ਨੂਰ ਸਾਹ ਭੀ ਮੰਤ੍ਰ ਜੰਤ੍ਰ ਕਰਿ ਕਰਿ ਥਕੀ ਕਿਛੁ ਹੋਵੈ ਨਾਹੀ ਤਾ **ਹੁਕਮ**[471] ਕੀਤੋਸੁ **ਜੋ**[472] ਗੁਨਹੁ ਪਾਇਆ।[[473]] ਮੁਹੋ ਤਾਲੈ ਕਰਿ ਰਹੀ ਢੋਲਕੀਆ ਭੀ ਖੜੀਆ ਹੋਈਆ ਲਗੀਆ ਨਚਣਿ ਗਾਵਣਿ। ਤਬਿ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ ਤਾ ਮਰਦਾਨੇ ਰਬਾਬੁ ਵਜਾਇਆ। ਰਾਗੁ ਸ੍ਰੀ **ਰਾਗੁ**[474] ਕੀਤਾ।ਮ:੧। ਬਾਬੇ ਸਬਦੁ ਉਠਾਇਆ।

ਤਾਲਾ ਮਦੀਰੇ ਘਟ ਕੇ ਘਾਟ॥

ਦੋਲਖੁ ਦੁਨੀਆ ਵਾਜੈ ਵਾਟਿ॥

ਨਾਰਦੁ ਨਾਚੈ ਕਲਿ ਕੈ ਭਾਇ॥

ਜਤੀ ਸਤੀ ਕਹਾ ਰਾਖਹਿ ਪਾਉ॥੧॥

ਨਾਨਕ ਨਾਮ ਵਿਟਹੁ ਕਰੁਬਾਣੁ॥

ਅੰਧੀ ਦੁਨੀਆ ਮੇਰਾ ਸਾਹਿਬੁ ਜਾਣੁ॥੧॥ਰਹਾਉ॥

ਦਰਸਨੁ ਦੇਖਿ ਬਿਨੁ ਦਇਆ ਨ ਹੋਇ॥

ਲੇਇ ਦਿਤੇ ਬਿਨੁ ਰਹਿ ਨ ਕੋਇ॥

ਰਾਜਾ ਨਿਆਉ ਕਰੇ ਹਥਿ ਹੋਇ॥

ਕਹੈ ਖੁਦਾਇ ਨ ਮਾਨੈ ਕੋਇ॥੨॥

ਜੋ ਗੁਰੂ ਪਾਸਹੁ ਚੇਲਾ ਖਾਇ॥

ਤਾ ਮੁਹੁ ਪ੍ਰੀਤਿ ਵਸੈ ਮਨਿ ਆਇ॥

ਜੇ ਸਉ ਬਰਮਾ ਪੈਨਣ ਖਾਣੁ॥

ਖਸਮ ਪਛਾਣੈ ਤੇਰਾ ਸੋ ਦਿਨੁ ਪਰਵਾਣੁ॥੩॥

ਮਾਣਸ ਮੂਰਤ ਨਾਨਕੁ ਨਾਉ॥

ਕਰਣੀ ਕੂਕਰੁ ਦਰਿ ਪਰਮਾਣ॥

ਗੁਰ ਪ੍ਰਸਾਦਿ ਰਹੈ ਮਿਹਮਾਣੁ॥

---

[470] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[471] ੲ :ਬੇਨਤੀ

[472] ਹ:ਸੋ

[473] ੲ : ਤਬ

[474] ੲ :ਰਾਗੁ ਆਸਾ

ਤਾ ਕਿਛੁ ਦਰਗਹ ਪਾਵੈ ਮਾਣ।੪। **(ਗੁ.ਗ੍ਰੰ.ਸਾ. ਪੰਨਾ ੩੪੯)**

ਤਬਿ ਗੁਰੂ ਬਾਬੇ ਸਲੋਕੁ ਦਿੱਤਾ।

ਗਲੀ ਅਸੀ ਚੰਗੇਰੀਆ ਆਚਾਰੀ ਬੁਰੀਆ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆ॥
ਰੀਸਾ ਕਰਨਿ ਤਿਨਾ ਦੀਆ ਸੇਵਨਿ ਦਰੁ ਖੜੀਆ॥
ਨਾਲਿ ਖਸਮੈ ਰਤੀਆ ਮਾਣਨ ਸੁਖਿ ਰਲੀਆ॥
ਹੋਦੈ ਤਾਨਿ ਨਿਤਾਣੀਆ ਰਹਨਿ ਨਿਮਾਨਣੀਆ॥
ਨਾਨਕ ਜਨਮੁ ਸਕਾਰਥਾ ਤਿਨਕੇ ਸੰਗਿ ਮਿਲਾਹ॥੨॥ (ਗੁ.ਗ੍ਰੰ.ਸਾ. ਪੰਨਾ ੮੪)

**ਜਬ**[475] ਗੁਰੂ ਬਾਬੇ [476]ਏਹੁ[476] ਸਲੋਕੁ ਬੋਲਿਆ ਤਬਿ ਨੂਰਿ ਸਾਹੁ ਕਹਿਆ ਜੋ ਮਾਇਆ ਨਾਲਿ ਮੋਹਉ। ਤਾ ਅਨੇਕ ਪ੍ਰਕਾਰ ਕੀ ਮਾਇਆ ਲੈ ਲੈ ਆਈਆ। ਮੋਤੀ ਹੀਰੇ ਜਵਾਹਰ ਸੁਇਨਾ ਰੁਪਾ ਗੁਲੀ ਕਪੂਰ ਕਪੜੇ ਜੋ ਕੁਝ ਭਲੀ ਵਸਤ ਸੀ ਸੋ ਆਣ ਆਗੇ ਰਾਖੀ। ਤਬਿ ਬੇਨਤੀ ਲਗੀਆ ਕਰਨ ਜੀ ਕੁਛ **।**[477]**॥** [478]ਤੁਮ ਲੇਵਹੁ[478] ਤਬਿ ਗੁਰੂ ਬਾਬੇ ਆਖਿਆ ਮਰਦਾਨਿਆ ਰਬਾਬ ਵਜਾਇ। ਤਾ ਮਰਦਾਨੇ ਰਬਾਬ ਵਜਾਇਆ।

ਰਾਗੁ ਤਿਲੰਗੁ ਕੀਤਾ ਸਬਦੁ ਮ: 1॥
ਇਆਨੜੀ ਮਾਨੜਾ ਕਾਹਿ ਕਰੇਹਿ॥
ਆਪਨੜੈ ਘਰਿ ਹਰਿ ਰੰਗ ਕੀ ਨਾਹੀ ਮਾਣੇਹਿ॥
ਸਹੁ ਨੇੜੈ ਧਨ ਕੰਮਲੀਏ ਬਾਹਰਿ ਕਿਆ ਢੂੰਢੇਹਿ॥
ਭੈਇ ਕੀ ਦੇਹੁ ਸਲਾਈਆ ਨੈਣੀ ਭਾਉ ਕਾ ਕਰਿ ਸੀਗਾਰੁ॥
ਤਾ ਸੋਹਾਗਣਿ ਜਾਣੀਅਨਿ ਲਾਗੀ ਜਾ ਸਹੁ ਧਰੇ ਪਿਆਰੁ॥੧॥
ਇਆਨੜੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ॥
ਕਰਨ ਪਲਾਹ ਕਰੈ ਬਹੁਤੇਰੇ ਸਾਧਨ ਮਹਲੁ ਨ ਪਾਵੈ॥ਰਹਾਉ॥
ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥
ਲਬ ਲੋਭੁ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥੨॥
ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥
ਜੋ ਕਛੁ ਕਰੇ ਸੁ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥
ਜਾ ਕੈ ਪ੍ਰੇਮ ਪਦਾਰਥ ਪਾਈਐ ਤਾਸੁ ਚਰਣੀ ਚਿਤੁ ਲਾਈਐ॥
ਸਹੁ ਕਹੈ ਸੁ ਕੀਜੈ ਤਨੁ ਮਨੁ ਦੀਜੈ ਇਵ ਪ੍ਰੇਮ ਲਿਵ ਲਾਈਐ॥

---

[475] ੲ : ਸ:ਤਬ
[476] ਇਹ ਪਾਠ ੲ ਵਿਚ ਦਰਜ ਨਹੀਂ ਹੈ
[477] ੲ :ਕਬੂਲੁ ਕਰਹੂ ਲੇਹੁ।
[478] ਇਹ ਪਾਠ ੲ ਵਿਚ ਦਰਜ ਨਹੀਂ ਹੈ

ਇਉ ਕਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥੩॥

ਆਪੁ ਗਵਾਈਐ ਤਾ ਸਹੁ ਪਾਈਐ ਅਵਰੁ ਕੈਸੀ ਚਤੁਰਾਈ॥

ਸਹੁ ਨਜਰਿ ਕਰਿ ਦੇਖੈ ਸੋ ਦਿਨ ਲੇਖੈ ਕਾਮਣਿ ਨਉ ਨਿਧਿ ਪਾਈ॥

ਆਪਣੇ ਕੰਤਿ ਪਿਆਰੀ ਸਾ ਸੋਹਾਗਣਿ ਨਾਨਕਾ ਸਾ ਸਭਰਾਈ॥

ਐਸੇ ਰੰਗ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥

ਸੁੰਦਰਿ ਸਾ ਸਰੂਪ ਬਚਖਣ ਕਹੀਐ ਸਾ ਸਿਆਣੀ॥ (ਗੁ.ਗ੍ਰੰ.ਸਾ. ਪੰਨਾ ੭੨੨) }[479]

ਤਬਿ ਗੁਰੁ ਕੀ ਪੈਰੀ ਆਇ ਪਈਆ। ਗਲਿ ਵਿਚਿ ਪਲਾ ਪਾਇ ਕਰਿ ਖੜੀਆ ਹੋਈਆ ਆਖਣਿ ਲਗੀਆ ਅਸਾਡੀ ਗਤਿ ਕਿਉ ਕਰਿ ਹੋਵੈ। {ਅਤੇ ਇਸ ਕਿਅਹੁ ਸਿਰਹੁ ਘੜਾ ਕਿਉ ਕਰਿ ਉਤਰੈ। ਤਬਿ ਗੁਰੂ ਬਾਬੇ ਆਖਿਆ ਵਾਹਿਗੁਰੂ ਕਰਿ ਕੈ ਇਸ ਦਿਅਹੁ ਸਿਰਹੁ ਘੜਾ ਉਤਾਰਹੁ। ਅਤੈ ਤੁਸਾਡੀ ਭੀ ਗਤਿ ਹੋਵੈਗੀ ਤੁਸੀ ਗੁਰੂ ਗੁਰੂ ਜਪਹੁ}[480] ਤਬਿ ਓਹੁ ਆਇ ਪੈਰੀ ਪਈਆ ।[481]॥ {ਨਾਉ ਧਰੀਕ ।[482]॥ ਹੋਈਆ॥ ਬੋਲਹੁ ਵਾਹਿਗੁਰੂ}[483]

।[484]॥ ।[485]॥ਤਬਿ ਬਾਬਾ ਓਥਹੁ ਕਰਦਾ ਰਹਿਆ [486]ਜਾਂਦਾ ਜਾਂਦਾ ਉਦਿਆਨ ਵਿਚਿ ਗਇਆ[486] ਜਾਇ ਬੈਠਾ ਤਬਿ ਪਰਮੇਸਰ ਕੀ ਆਗਿਆ ਨਾਲਿ ਕਲਿਜੁਗ ਛਲਣਿ ਕਉ ਆਇਆ ਆਇ ਰੂਪੁ ਧਾਰਿਓਸੁ।

---

[479] ਇਹ ਪਾਠ ਅ ਵਿਚ ਦਰਜ ਨਹੀਂ ਹੈ

[480] ਇਹ ਪਾਠ ਅ ਵਿਚ ਦਰਜ ਨਹੀਂ ਹੈ

[481] ਅ: ਬਾਬੇ ਅੰਤਰਜਾਮੀ ਇਹ ਅਰਦਾਸ ਸੁਣੀ। ਸੁਣ ਕਰ ਉਨ੍ਹਾਂ ਨੂੰ ਅਸੀਰਬਾਦ ਕੀਤਾ ਉਨ੍ਹਾਂ ਨੂੰ ਸਤਿਆ ਆਇ ਗਈ। ਸਾਖੀ ਪੂਰੀ ਹੋਈ।ਸੰਗਤ ਬੋਲੈ ਵਾਹਗੁਰੂ ਧੰਨ ਗੁਰੂ ਜੀ।

[482] ਹ: ਸਿਖਣੀਆਂ

[483] ਇਹ ਪਾਠ ਅ ਵਿਚ ਦਰਜ ਨਹੀਂ ਹੈ

[484] ਹ: ੨੪. ਕਲਜੁਗ

[485] ਅ:ਆਵਦੇ ਆਵਦੇ ਸਮੁੰਦ੍ਰ ਦੀ ਕਾਛਲ ਆਇ ਪਏ।ਜਾਦੇ ਜਾਦੇ ਕਿਤੇ ਕੁੰਟ ਜਾਇ ਨਿਕਲੇ। ਜਾ ਦੇਖਣ ਤਾ ਕਿਆ ਦੇਖਣ।ਇਕ ਵਡਾ ਪਹਾੜ ਆਵਦਾ ਹੈ। ਅਜੇਹਾ ਡਰਾਵਨ ਚਲਿਆ ਆਵਦਾ ਹੈ।ਤਾ ਮ੍ਰਦਾਨੇ ਆਖਿਆ ਜੀ ਪਾਤਿਸਾਹਿ ਇਤਨੀ ਬਲਾਈਆ ਥੋ ਉਭਰੇ ਸੇ। ਪਰ ਏਹੁ ਜੁ ਕਾਈ ਬਲਾਇ ਆਵਦੀ ਹੈ। ਇਥੇ ਨਾਹੀ ਉਬਰਦੇ।ਤਾ ਗੁਰੂ ਬਾਬੇ ਆਖਿਆ ਮ੍ਰਦਾਨਿਆ ਹੁਸਿਆਰੁ ਹੋਇ।ਏਹੁ ਕਿਹੁ ਨਾਹੀ ਤੂੰ ਉਦਰ ਨਾਹੀ। ਫੇਰ ਦੇਖੈ ਤਾ ਕਿਆ ਦੇਖੈ ਜ ਪਹਾੜੁ ਆਵਦਾ ਸੀ ਸੋ ਨਿਵਰਦਾ ਚਲਿਆ। ਜਿਉ ਜਿਉ ਨੇੜੇ ਆਵਦਾ ਗਇਆ।ਤਿਉ ਤਿਉ ਨਿਵਰਦਾ ਗਇਆ। ਨਿਵਰ ਕੇ ਮਨੁਖ ਰੂਪ ਹੋਇ ਖਲੋਤਾ।ਬਾਬੇ ਜੀ ਨੂੰ ਆਇ ਮਿਲਿਆ। ਬਾਬੇ ਜੀ ਕਹਿਆ ਤੂ ਕਉਣ ਹੈ। ਤਾ ਉਨ ਕਹਿਆ ਤੂੰ ਨਾਹੀ ਜਾਣਦਾ ਮੈ ਕਲਜੁਗ ਹਾਂ। ਬਾਬੇ ਨਮਸਕਾਰ ਕੀਆ। ਅਗੋ ਕਲਜੁਗ ਭੀ ਨਮਸਕਾਰ ਕੀਆ। ਬਾਬੇ ਜੀ ਪੁਛਿਆ ਤੇਰੀ ਕਉਣ ਪ੍ਰਕਿਰਤ ਹੈ। ਅਤੇ ਤੇਰਾ ਕਉਣ ਅਹਾਰ ਹੈ। ਅਗੋ ਕਲਜੁਗ ਬੋਲਿਆ। ਸਲੋਕ। ਸਤੀਆ ਸਤ ਕਰੈ ਤਾ ਛੀਜੈ ਤਪੀਆ ਤਪੁ ਨੁ ਹੋਈ।ਜੇ ਕੋ ਨਾਉ ਲਏ ਬਦਨਾਮੀ ਕਲ ਕੇ ਲਛਣ ਏਹੀ।। ਕਲਜੁਗ ਰ ਏਹੁ ਮੇਰੀ ਸ੍ਰਿਦਾਰੀ ਹੈ ਸੰਸਾਰ ਤੈ।ਤਾਂ ਫਿਰ ਬਾਬਾ ਜੀ ਬੋਲਿਆ।। ਜਿਸ ਸ੍ਰਿਦਾਰੀ ਤਿਸ ਖੁਆਰੀ ਚਾਕਰ ਕੇਹਾ ਡਰਨਾ। ਜਾ ਸਿਕਦਾਰਾਂ ਪਵਨ ਮਾਮਲੇ ਚਾਕਰਾਂ ਹਥਹੁ ਮ੍ਰਨਾ। ਤੂੰ ਸਿਰਦਾਰ ਹੈ।ਅਸੀ ਚਾਕਰ ਹਾਂ।ਤੁਧੁ ਸਿਕਦਾਰੀ ਕਮਾਈ ਦਾ ਲੇਖਾ ਦੇਣਾ ਹੈ।ਜਾ ਤੂ ਲੇਖੇ ਨੂੰ ਫੜੀਅਹਿਗਾ ਤਾਂ ਹਵਾਲੈ ਚਾਕਰਾਂ ਦੇ ਹੋਵੈਗਾ। ਤੁਹੁ ਥਾਵਹੁ ਹਿਸਾਬ ਅਸਾਹੀ ਲੈਣੇ ਹੈ। ਤਾਂ ਕਲਯੁਗ ਆਇ ਪੈਰੀ ਪਇਆ। ਹਥੁ ਜੋੜੁ ਖੜਾ ਹੋਇਆ।ਤਾਂ ਬੋਲਿਆ ਜੀ ਮੇਰੀ ਅਰਦਾਸ ਹੈ।ਤਾ ਬਾਬੇ ਆਖਿਆ ਆਖ ਜੁ ਤੇਰੇ ਜੀਅ ।ਕਲਯੁਗ ਆਖਿਆ ਜੀ ਹਉ ਤੇਰੇ ਪਾਸ ਆਇਆ ਹਾਂ। ਜੋ ਤੂੰ ਕਰਤੇ ਪੁਰਖ ਕਾ ਵਜੀਰ ਹੈ।ਮੈ ਤੇਰੇ ਵਸ ਪਉਣ ਹੈ। ਉਤ ਵੇਲੇ ਮੇਰਾ ਖਸਮਾਨਾ ਕਰੇ।ਗੁਰੂ ਬਾਬੇ ਆਖਿਆ ਤੂੰ ਖਾਤਰ ਜਮਾਂ ਕਰ ਤੇਰਾ ਖਸਮਾਨਾ ਕਰਾਂਗਾ। ਤਾ ਕਲਯੁਗ ਆਖਿਆ ਜੀ ਮੇਰੇ ਮਨ ਕਿਉ ਕਰਿ ਪ੍ਰਤੀਤ ਆਵੈ।ਜੇ ਕਿਛੁ ਮੇਰੀ ਭੇਟ ਲਈਐ ਤਾ ਹਉ ਜਾਣਾ ਮੇਰਾ ਖਸਮਾਨਾ ਹੋਗੁ। ਤਾ ਗੁਰੂ ਬਾਬੇ ਜੀ ਆਖਿਆ ਅਸਾਂ ਸੁਖ ਛੋਡੁ ਕੈ ਦੁਖ ਤਕੜੇ ਕੀਤੇ ਹੈਨ।ਪੇਸਕਸਾਂ ਝਲਣ ਜੋਗ ਨਾਹੀ। ਅਸਾ ਭੇਟ ਕਿਆ ਕ੍ਰਣੀ ਹੈ।ਤਾਂ ਕਲਯੁਗ ਆਖਿਆ ਜੀ ਮਾਣਕ ਮੋਤੀ ਸੁਇਨਾ ਰੁਪਾ ਰਤਨਾ ਨਾਲ ਬਣੇ ਹੋਏ ਘਰੁ। ਇਕੇ ਉਗਣ ਆਥਣ ਕੀ ਪਾਤਸਾਹੀ। ਇਕ ਭਲੀਆ ਭਲੀਆ ਇਸਤ੍ਰੀਆ। ਇਕੇ ਕੁਲ ਸਿਧੀ ਨਉ ਨਿਧੀ ਮੇਰੇ ਵਸਿ ਹੈਨ। ਓਹ ਪੇਸਕਸ ਇਤਨੀਆ ਵਸਤੂੰ ਵਿਚਉ ਕਿਛੁ ਲਈਐ ਜੀ। ਜੁ ਮੇਰੇ ਆਤਮੇ ਸੰਤੋਖ ਆਵੈ। ਗੁਰੂ ਬਾਬੇ ਆਖਿਆ ਹਉ ਕਿਹੁ ਨਾਹੀ ਲੈਦਾ।ਤਾ ਸਬਦ ਹੋਇਆ ---- ਜਾ

।[487]॥ ਅੰਧੀ ਹੋਇ ਦਰਖਤ ਲਗੇ ਉਡਣਿ। ਤਬਿ ਮਰਦਾਨਾ ਬਹੁਤ ਭੈਮਾਨ ਹੋਇਆ ਆਖਿਓਸੁ ਜੀਉ ਪਾਤਿਸਾਹੁ ।[488]॥ ਆਣਿ ਉਜਾੜਿ ਵਿਚ ਪਾਇ ਮਾਰਿਓ ਗੋਰ ਖਫਣਹੁ ਭੀ ਗਏ। ਤਬਿ ਗੁਰੂ ਬਾਬੇ ਕਹਿਆ ਮਰਦਾਨਿਆ ਕਾਹਲਾ ਹੋਹੁ ਨਾਹੀ ਤਬਿ ਮਰਦਾਨੇ ਆਖਿਆ ਅਜ ਤੋੜੀ ਏਡਾ ਹੋਆ ਹਾਂ ।[489]॥ ਏਹੁ ਬਲਾਇ [490]ਤਾ[490] ਨਾਹੀ ਡਿਠੀ ਜੁ ਏਹੁ ਕਿਆਇਆ ਹੈ ਅਸਾਡੇ ਜੀਅੜੇ ਤਾਂਈ [493]ਤਬਿ ਅਗਨਿ ਕਾ ਰੂਪੁ ਦਿਖਾਲਿਆ ਜੋ ਧੂੰਆ ਚਉਹਾ ਧਿਰਾਂ ਤੋ ਉਠਿਆ ਚਾਰੇ ਕੁੰਡਾ ਅਗਨਿ ਹੋਈਆਂ ਤਬਿ ਮਰਦਾਨਾ ਮੂੰਹ ਢਕ ਕੇ ਪੈ ਰਹਿਆ [491]ਆਖਿਓਸੁ ਜੀਵਣਾ ਰਹਿਆ[491] । ਤਬਿ [492]ਫੇਰ[492] ਪਾਣੀ ਕਾ ਰੂਪੁ ਹੋਆ ਘਟਾ ਬੰਨਿ ਆਇਆ ਲਗਾ ਬਰਸਣ ਪਾਣੀ ਪਰੁ ਬਾਬੇ ਤੇ ਦੂਰਿ ਪਵੈ ਤਬਿ ਗੁਰੂ ਕਹਿਆ ਮਰਦਾਨਿਆ ਮੂੰਹ ਉਘਾੜ ਉਠਿ ਬੈਠ ਰਬਾਬੁ ਵਜਾਇ ਤਬਿ ਮਰਦਾਨਾ ਉਠ ਬੈਠਾ। ਰਬਾਬੁ ਵਜਾਇਓਸੁ ਰਾਗੁ ਮਾਰੂ ਕੀਤਾ ਬਾਬੇ ਸਬਦੁ ਉਠਾਇਆ।

***** ਮ: ੧। ਸਬਦੁ॥

ਡਰਪੈ ਧਰਤਿ ਅਕਾਸੁ ਨਿਛਤ੍ਰਾ ਸਿਰਿ ਊਪਰਿ ਅਮਰੁ ਕਰਾਰਾ॥
ਪਉਣੁ ਪਾਣੀ ਬੈਸੰਤਰੁ ਡਰਪੈ ਇੰਦ ਬਿਚਾਰਾ॥੧॥
ਇਕਾ ਨਿਰਭਉ ਬਾਤ ਸੁਣੀ॥
ਸੋਈ ਸੁਖੀਆ ਸੋ ਸਦਾ ਸੁਹੇਲਾ ਜੋ ਗੁਰੁ ਮਿਲਿ ਗਾਇ ਗੁਣੀ॥੧॥ਰਹਾਉ॥
ਦੇਹਧਾਰੀ ਦੇਵਾ ਪਤਿ ਡਰਪੈ ਸਿਧ ਸਾਧਿਕ ਡਰਿ ਮੂਏ॥
ਲਖ ਚਉਰਾਸੀਹ ਡਰਿ ਡਰਿ ਵਿਆਪੀ ਫਿਰਿ ਫਿਰਿ ਜੋਨੀ ਜੁਏ ॥੨॥
ਰਾਜਸੁ ਤਾਮਸੁ ਸਾਤਕੁ ਡਰਪੈ ਕੇਤੇ ਰੂਪ ਉਪਾਇਆ॥

---

ਬਾਬੇ ਏਹ ਸ਼ਬਦ ਆਖਿਆ ਤਾ ਕਲਯੁਗ ਬਾਬੇ ਦਿਆ ਪੈਰਾ ਉਪਰ ਢਿਹਿ ਪਇਆ।ਅਤੇ ਬੋਲਿਆ ਜੀ ਮੇਰੇ ਮਿਲਣੇ ਦਾ ਅਰ ਤੇਰੇ ਦਾ। ਅਰ ਕਲਜੁਗ ਵਿਚ ਆਵਣ ਦਾ ਫਲ ਕਿਆ ਜੁ ਤੁਸਾਂ ਅੰਗੀਕਾਰ ਕੀਤੋ ਕਿਛੁ ਨਾਹੀ। ਤਾ ਮੈ ਉਪਰ ਗਜਬ ਹੋਇ ਚਲਦਾ ਹੈ।ਜੀ ਅਗੇ ਹੀ ਮੈ ਪਾਪੀ ਹਾ ਸਦੀਦਾ। ਜੇ ਤੂੰ ਕਿਛ ਨਾ ਲੈਇ ਤਾ ਮੇਰਾ ਥਾਉ ਕਿਥਾਉ ਨਾਹੀ ਅਤੇ ਜੇ ਕਿਛ ਮੇਰੀ ਭੇਟ ਨਾਹੀ ਲਈਦੀ।ਤਾ ਮੈਨੂੰ ਕਿਛੁ ਆਗਿਆ ਟਹਲ ਦੀ ਫੁਰਮਾਇਸ ਫੁਰਮਾਈਐ। ਜੁ ਮੇਰੇ ਆਤਮੇ ਸੰਤੋਖ ਆਵੈ। ਤਾ ਸ੍ਰੀ ਗੁਰੂ ਪਾਰਬ੍ਰਹਮ ਜੀ ਏਹ ਆਗਿਆ ਕੀਤੀ। ਜਿ ਤੁਧੁ ਵਿਚ ਅਸਾਡਾ ਨਾਉ ਲਏਗਾ ਤਿਸ ਦਾ ਤੁਧੁ ਬੁਰਾ ਨਾਹੀ ਕ੍ਰਣਾ। ਤਾ ਕਲਜੁਗ ਆਖਿਆ ਬਾਬਾ ਜੀ ਤੁਧੁ ਨੁ ਸਭ ਕਿਛੁ ਮਲੂਮ ਹੈ। ਜੁ ਪ੍ਰਮੇਸ੍ਰ ਕੀ ਆਗਿਆ ਕਿਉ ਕਰਿ ਹੈ।ਗੁਰੂ ਬਾਬੇ ਆਖਿਆ ਹਉ ਜਾਣਦਾ ਹਾ ਏਹ ਗਲ ਏਵੈ ਹੈ। ਪਰ ਹਉ ਤੇਰਾ ਮਿਨਤਦਾਰ ਹਾਂ। ਅਗੋ ਕਲਜੁਗ ਆਖਿਆ ਜੀ ਕਿਛੁ ਤੁਸਾ ਆਗਿਆ ਕੀਤੀ ਸੋ ਮੈ ਸਿਰ ਉਪਰ ਮੰਨੀ। ਜੋ ਕੋਈ ਤੇਰਾ ਨਾਉ ਲਏਗਾ ਤਿਸ ਦਾ ਹਉ ਬੁਰਾ ਨਾ ਮਨਾਵਾਗਾ। ਪਰੁ ਤੁਧੁ ਇਤਨਾ ਖਸਮਾਨਾ ਕਰਨਾ ਦਰਗਾਹਿ ਵਿਚ। ਬਾਬੇ ਜੀ ਕਹਿਆ ਭਲਾ ਹੋਵੈ। ਤਾ ਫਿਰ ਕਲਜੁਗ ਆਖਿਆ ਜੀ ਤੂ ਕਿਥੇ ਚਲਿਆ ਜਾਦਾ ਹੈ। ਐਦੂ ਅਗੇ ਤਾ ਪ੍ਰਮੇਸ੍ਰ ਹੋਰ ਨਾਹੀ ਜਿਥੇ ਤੂ ਚਲਿਆ ਹੈ। ਤਾ ਬਾਬੇ ਆਖਿਆ ਹਉ ਗੁਰੂ ਭਾਲਦਾ ਹਾ। ਤਾ ਕਲਜੁਗ ਆਖਿਆ ਜੀ ਤੇਰਾ ਗੁਰੂ ਕਉਣ ਹੋਵੈ। ਮੈ ਕਿਸੀ ਨੂ ਭਗਤ ਕਰਨ ਦੇਦਾ ਨਾਹੀ ਜੁ ਤੇਰਾ ਗੁਰੂ ਹੋਵੈ। ਪਰ ਜੋ ਕੋਈ ਤੇਰਾ ਹੋਗ ਸੋਈ ਤੇਰਾ ਗੁਰੂ ਹੋਗੁ। ਜਾ ਕਲਜੁਗ ਏਹੁ ਗੋਸਟ ਕੀਤੀ। ਤਾ ਉਥਹੁ ਬਾਬਾ ਫਿਰਿਆ।ਸਾਖੀ ਪੂਰੀ ਹੋਈ ਸੰਗਤ ਆਖੇ ਵਾਹਗੁਰੂ ਧੰਨ ਗੁਰੂ ਜੀ।

[486] ਇਹ ਪਾਠ ਅ: ਏ ਵਿਚ ਦਰਜ ਨਹੀਂ ਹੈ

[487] ਹ: ਤਬਿ ਬਾਬਾ ਦੇਖੈ ਤਾਂ

[488] ਏ : ਸ: ਤੂਉ

[489] ਏ :ਪਰ

[490] ਇਹ ਪਾਠ ਏ ਵਿਚ ਦਰਜ ਨਹੀਂ ਹੈ

[491] ਇਹ ਪਾਠ ਏ ਵਿਚ ਦਰਜ ਨਹੀਂ ਹੈ

[492] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

ਛਲ ਬਪੁਰੀ ਇਹ ਕਉਲਾਂ ਡਰਪੈ ਅਤਿ ਡਰਪੈ ਧਰਮ ਰਾਇਆ॥੩॥

ਸਗਲ ਸਮਗ੍ਰੀ ਡਰ ਡਰ ਬਿਆਪੀ ਬਿਨੁ ਡਰ ਕਰਣੈਹਾਰਾ॥

ਕਹੁ ਨਾਨਕ ਭਗਤਾ ਕਾ ਸੰਗੀ ਤੇਰੇ ਭਗਤ ਸੋਹਨਿ ਦਰਬਾਰਾ॥੪॥

(ਗੁ.ਗ੍ਰੰ.ਸਾ. ਪੰਨਾ ੯੯੮-੯੯) (ਮ:੫)

ਤਬਿ ਦੈਤ ਕਾ ਰੂਪੁ ਧਾਰਿ ਆਇਆ। ਚੋਟੀ ਆਸਮਾਨ ਨਾਲਿ ਕੀਤੀਆਸੁ। ਜਿਉ ਜਿਉ ਨੇੜੈ ਆਵੈ ਤਿਉ ਤਿਉ ਘਟਦਾ ਜਾਵੈ[493] । [[494]॥ [495]ਤਬਿ[495] ਹਥਿ ਜੋੜ ਕਰ ਖੜਾ ਹੋਆ। [[496]॥ ਆਖਿਓਸੁ ਜੀ ਕਿਛ ਮੈ ਤੇ ਲੇਵਹੁ ਮੇਰੈ ਵਚਨਿ ਚਲਿ।ਤਬ ਗੁਰੂ ਬਾਬੈ ਪੁਛਿਆ ਤੈ ਪਾਸਿ ਕਿਆ ਹੈ ਤਾ ਕਲਿਜੁਗ ਆਖਿਆ ਮੇਰੈ ਪਾਸ ਸਭੁ ਕਿਛੁ ਹੈ ਜੇ ਆਖਹੁ ਤਾ ਮੋਤੀਆਂ ਦੇ ਮੰਦਰ ਉਸਾਰਹ ਅਤੇ ਰਤਨਾ ਕਾ ਲਾਲਾਂ ਦਾ ਜੜਾਉ ਕਰਾ। ਅਗਰ ਚੰਦਨ ਕਾ ਲੇਪੁ ਦੇਵਾ ਤਬਿ ਗੁਰੂ ਬੋਲਿਆ ਸਬਦੁ ਰਾਗੁ ਸ੍ਰੀ ਰਾਗੁ ਵਿਚ।

ਮਹਲਾ ੧।ਮੋਤੀ ਤ ਮੰਦਰਿ ਊਸਰਹਿ ਰਤਨੀ ਤ ਹੋਹਿ ਜੜਾਉ॥

ਕਸਤੂਰੀ ਕੁੰਗੂ ਅਗਰ ਚੰਦਨ ਲੀਪਿ ਆਵੈ ਚਾਉ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥

ਹਰਿ ਬਿਨੁ ਜੀਉ ਜਲਿ ਬਲਿ ਜਾਉ॥

ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਂਹੀ ਥਾਉ ॥੧॥ਰਹਾਉ॥

ਤਬਿ ਫਿਰਿ ਕਲਜੁਗਿ ਆਖਿਆ ਜੋ [496]ਜੀ[497] ਜਵੇਹਰਾਂ ਦੀ ਧਰਤੀ ਕਰਾਂ [497]ਅਰੁ ਲਾਲਾਂ ਦਾ ਜੜਾਉ ਕਰਹਾਂ[498] ਇੰਦਰ ਦੀਆ ਮੋਹਣੀਆਂ ਲਿਆਵਾਂ। ਤਬਿ ਗੁਰੂ ਪਉੜੀ ਦੂਜੀ ਆਖੀ।

ਹੀਰੇ ਤਾ ਧਰਤੀ ਲਾਲ ਜੜਤੀ ਪਲਘ ਲਾਲ ਜੜਾਉ॥

ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੨॥

ਤਬਿ ਕਲਿਜੁਗਿ ਕਹਿਆ ਜੋ ਜੀ ਇਹੁ ਭੀ ਨਾਹੀ ਲੈਦਾ ਤਾ ਸਿਧਿ ਲੈ ਜੋ ਰਿਧਿ ਆਵੈ ਅਤੈ ਗੁਪਤ ਧਰਤੀ ਵਿਚਿ ਚਾਲੁ। ਅਰੁ ਹਜਾਰ ਕੋਹਾਂ ਜਾਇ ਪ੍ਰਗਟਿ ਹੋਇ।ਤਬਿ ਗੁਰੂ ਪਉੜੀ ਤੀਜੀ ਆਖੀ।

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥

ਗੁਪਤ ਪਰਗਟ ਹੋਇ ਬੈਠਾ ਲੋਕੁ ਰਾਖੈ ਭਾਉ॥

ਮਤੁ ਦਿਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੩॥

---

[493] ਇਹ ਪਾਠ ਅ ਵਿਚ ਦਰਜ ਨਹੀਂ ਹੈ

[494] ਹ: ਤਬਿ ਮਨੁਖ ਕਾ ਸਰੂਪ ਕਰਕੇ ਆਇਆ

[495] ਇਹ ਪਾਠ ਹ ਵਿਚ ਦਰਜ ਨਹੀਂ

[496] ੳ: ਹ:: ਤਬਿ ਬਾਬੇ ਪੁਛਿਆ: ਭਾਈ ਤੂੰ ਕੌਣ ਹੈਂ? ਤਬਿ ਉਨ ਆਖਿਆ: ਜੀ ! ਮੈਨੂੰ ਤੂੰ ਨਾਹੀ ਜਾਣਦਾ? ਮੈਂ ਕਲਿਜੁਗ ਹਾਂ, ਅਰ ਤੇਰੇ ਮਿਲਨੇ ਨੂੰ ਆਇਆ ਹਾਂ, ਤੂੰ ਕਰਤੇ ਪੁਰਖ ਕਾ ਵਜੀਰ ਹੈਂ ਤਬਿ ਬਾਬੇ ਨੂੰ ਨਿਮਸਕਾਰ ਕੀਤੀ

[497] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[498] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

ਤਬਿ ਕਲਿਜੁਗ ਆਖਿਆ ਕੁਛੁ ਲੇਵਹੁ ਸੁਲਤਾਨ ਹੋਵਹੁ। ਰਾਜੁ ਕਰਹੁ। ਤਬਿ ਗੁਰੂ ਚਉਥੀ ਪਉੜੀ ਕਹੀ।

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਉ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੪॥ (ਗੁ.ਗ੍ਰੰ.ਸਾ. ਪੰਨਾ ੧੪)

ਤਬਿ ਕਲਜੁਗ ਪਰਦਖਣਾ ਕੀਤੀ ਆਇ ਪੈਰੀ ਪਇਆ ਆਖਿਓਸੁ ਜੀ ਮੇਰੀ ਗਤਿ ਕਿਉ ਕਰਿ ਹੋਵੈ ਤਬਿ ਗੁਰੂ ਨਾਨਕ ਆਖਿਆ ਮੇਰਾ ਸਿਖ ਕੋਟ ਮਧੇ ਕੋਈ ਹੋਵੈਗਾ ਤਿਸ ਕਾ ਸਦਕਾ ਤੇਰੀ ਗਤੀ ਹੋਵੈਗੀ ਤਬਿ ਕਲਿਜੁਗ ਪੈਰੀ ਪਇਆ ਬਾਬੈ ਵਿਦਾ ਕੀਤਾ ਬੋਲਹੁ ਵਾਹੁਗੁਰੂ।

**°/°°** [[499]] ਗੁਰੂ ਅਤੇ ਮਰਦਾਨਾ ਰਵਦੇ ਰਹੈ। ਆਇ ਕੀੜ ਨਗਰ ਪ੍ਰਗਟੇ ਜਾ ਦੇਖੈ ਤਾ ਰੁਖੁ ਬਿਰਖੁ ਸਭੁ ਸਿਆਹੁ ਨਦਰਿ ਆਵੈ ਧਰਤੀ ਸਾਰੀ ਤਬਿ ਮਰਦਾਨਾ ਬਹੁਤ ਭੈਮਾਨੁ ਹੋਆ ਦੇਖਿ ਕਰਿ ਆਖਿਓਸੁ ਜੀ ਇਥੋਂ ਚਲੀਏ ਏਡਾ **ਕਾਲਾ**[500] ਅਸਾ ਕਦੇ ਨਾਹੀ ਡਿਠਾ ਇਸੁ ਕਾਲੇ ਤੇ ਚਾਲੁ ਤਬਿ ਗੁਰੂ ਬਾਬੇ ਆਖਿਆ ਮਰਦਾਨਿਆ ਇਨ ਕੀ ਪਾਤਿਸਾਹੀ ਹੈ ਭਾਵੈ ਕੋਈ ਸਉ ਜੰਗਲ ਵਿਚਿ ਜਾਉ ਜੇ ਕੋਈ ਜਾਨਾਵਰ ਦਾ ਬੱਚਾ ਪੈਦਾ ਹੋਵੇ ਤਾ ਖਾਇ ਜਾਵਨ ਅਤੈ ਜੇ ਕਿਸੇ ਸਪ ਦਾ ਆਡਾ ਪੈਦਾ ਹੋਵੇ ਤਾ ਖਾਇ ਜਾਵਨਿ। ਪਰੁ ਤੇਰੇ ਨੇੜੇ ਕੋਈ ਨਾਹੀ ਆਵਦਾ ਤਬਿ ਮਰਦਾਨੇ ਅਰਜ ਕੀਤੀ ਆਖਿਓਸੁ ਜੀ ਕਦੇ ਇਥੈ ਕੋਈ ਆਇਆ ਭੀ ਹੈ ਤਬਿ ਬਾਬੇ ਆਖਿਆ ਮਰਦਾਨਿਆਂ ਇਕ ਦਿਨ ਇਕੁ ਰਾਜਾ ਚੜਿਆ ਥਾ ਬਾਨਵੈ ਖੂਹਣੀ **ਲਸਕਰੁ**[501] ਲੈ ਕਰਿ [502]ਇਕੁ ਰਾਜੇ ਉਪਰਿ ਚੜਿਆ ਥਾ ਸੋ**[502]** ਇਤੁ ਧਰਤੀ ਆਇ ਨਿਕਲਿਆ **[[503]॥** ਤਬਿ [504]ਇਕੁ**[504]** ਕੀੜੀ ਜਾਇ ਮਿਲੀ ਤਾ ਆਖਿਓਸ ਹੋ ਰਾਜਾ ਇਤੁ ਰਾਹਿ ਚਲਿ ਨਾਹੀ ਅਤੇ [505]ਜੇ**[505]** ਚਲਦਾ ਹੈ ਤਾ ਮੇਰੀ ਰਜਾਇ ਵਿਚਿ ਚਲੁ ਤਬੁ ਰਾਜੇ ਪੁਛਿਆ ਤੇਰੀ ਕਿਆ ਰਜਇ ਹੈ [[506]॥ ਜੋ ਮੇਰੀ ਰੋਟੀ ਖਾਇ ਕਰਿ ਜਾਹਿ ਤਬਿ ਰਾਜੇ ਕਹਿਆ ਮੈ ਬਾਵਨ ਖੂਹਨੀ ਕਾ ਰਾਜਾ ਹਾਂ ਮੈ ਤੇਰੀ ਰੋਟੀ ਕਿਉ ਕਰਿ ਖਾਵਾ ਤਬਿ ਕੀੜੀ ਕਹਿਆ ਹੋ ਰਾਜਾ ਨਾਹੀ ਤਾ ਜੂਝ ਕਰਿ ਕੈ ਜਾਹਿ। [507]ਤਬਿ ਰਾਜੇ ਕਹਿਆ ਭਲਾ ਹੋਵੈ ਕੀੜੀ ਹੋ ਮਰਦਾਨਿਆ[507] ਤਬਿ ਰਾਜਾ ਜੁਧੁ ਲਗਾ ਕਰਣਿ।**[[508]॥** **[509]**ਬਾਵਨਿ**[509]** ਖੂਹਣੀ ਲੇਕਰਿ [510]ਕੀੜੀ ਸਾਥਿ। ਤਬ ਇਕਨ**[510]** ਕੀੜੀ ਹੁਕਮ

---

[499] ਹ: ੨੫ ਕੀੜ ਨਗਰ
[500] ਸ : ਪਲ
[501] ੲ : ਦਲੁ
[502] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[503] ੲ : ਥਾ
[504] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[505] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[506] ਹ: ਤਬੁ ਕੀੜੀ ਕਹਿਆ-ਹੇ ਰਾਜਾ! ਮੇਰੀ ਏਹ ਰਜਾਇ ਹੈ
[507] ਹ: ਇਹ ਪਾਠ ਦਰਜ ਨਹੀਂ ਹੈ
[508] ੲ : ਸ : ਤਬ ਨਉ
[509] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[510] ਇਹ ਪਾਠ ੲ ਵਿਚ ਦਰਜ ਨਹੀਂ ਹੈ

ਕੀਤਾ ਕੀੜੀਆਂ ਤਾਂਈ ਜਾਇ ਕਰਿ ਬਿਖੁ ਲਿਆਵਹੁ।ਤਬਿ ਕੀੜੀਆਂ ਗਈਆਂ ਪਇਆਲੁ ਤੇ ਬਿਖੁ [511]ਮੂਹ ਭਰਿ[511] ਲਿਆਈਆਂ ਜਿਸ ਕਉ ਲਾਂਇਨ ਸੋ ਸੁਆਹੁ ਹੋਇ ਜਾਇਨਿ ਹੋ ਮਰਦਾਨਿਆ ਬਾਵਨ ਖੂਹਣੀ ਲਸਕਰੁ ਸਭੋ ਮੂਆ ਪਰਮੇਸਰ ਕੀ ਆਗਿਆ ਸਾਥ ਤਬਿ ਇਕੋ ਰਾਜਾ ਰਹਿਆ ਤਬਿ ਓਹੁ ਕੀੜੀ ਗਈ ਆਖਿਓਸੁ ਹੋ ਰਾਜਾ [512]ਬਾਤ ਸੁਣਿ[512] ਅਬਿ ਮੇਰੀ ਰੋਟੀ **ਮੰਨੈਗਾ**[513] ਤਬਿ ਰਾਜਾ ਹਥਿ ਜੋੜ ਖੜਾ ਹੋਆ। ਆਖਿਓਸ ਭਲਾ ਹੋਵੈ ਜੀ ਤਬਿ ਉਸਿ ਕੀੜੀ ਹੁਕਮੁ ਕੀਤਾ ਕੀੜੀਆ ਜੋਗ। ਜਾਹੁ ਅੰਮ੍ਰਿਤੁ ਲਿਆਵਹੁ [[514]] [515]ਅਤੇ[515] [[516]] ਸਤ ਕੁੰਡੀ ਅੰਮ੍ਰਿਤ ਕੇ ਹੈਨ [517]ਪਾਤਾਲ ਬਿਖੈ ਅਤੇ ਸਤ ਕੁੰਡ ਬਿਖ ਕੇ ਹੈਨ ਪਤਾਲ ਬਿਖੇ[517] ਤਬਿ [518]ਓਹੁ[518] ਕੀੜੀਆ ਗਈਆ ਜਾਇ ਕਰ ਅੰਮ੍ਰਿਤੁ ਮੁਖੁ ਭਰਿ ਲਿਆਈਆ ਜਿਸ ਕਉ ਉਹੁ ਲਾਵਨਿ ਸੋਈ ਉਠਿ ਖੜਾ ਹੋਵੈ ਤਬਿ ਬਾਵਨ ਖੂਹਣੀ ਲਸਕਰੁ ਉਠਿ ਖੜਾ ਹੋਆ ਪਰਮੇਸਰਿ ਕੀ ਆਗਿਆ ਨਾਲਿ ਤਬ ਰਾਜਾ ਉਠਿ ਕਰ ਰੋਟੀ ਖਾਵਣ ਗਇਆ ਬਾਵਨ ਖੂਹਣੀ ਸਾਥਿ। ਜਬਿ ਰੋਟੀ ਮਿਲੀ ਤਾ ਠੰਢੀ ਅਤੈ ਜਾ ਘੋੜਿਆ ਨੂੰ ਘਾਸ ਮਿਲਿਆ ਤਾ ਭਿੰਨਾ [519]ਹੋਆ।ਅਤੇ[519] ਦਾਣਾ ਮਿਲਿਆ ਸੋ ਚਿਥਿਆ ਹੋਆ ਤਬਿ ਰਾਜੇ ਪੁਛਿਆ ਐਸੀ ਰੋਟੀ ਠੰਢੀ ਕਿਉ ਮਿਲੀ ਅਤੇ ਘਾਸ ਭਿੰਨਾ ਦਾਣਾਂ ਚਿਥਿਆ ਤਬਿ ਕੀੜੀ ਕਹਿਆ ਹੋ ਰਾਜਾ ਆਗੇ ਇਕ ਰਾਜਾ ਆਇਆ ਥਾ ਤਿਸ ਕਿਉ ਮੈ ਰੋਟੀ ਕੀਤੀ ਆਹੀ ਤਿਸ ਤੇ ਜੋ ਰਹਿਆ ਥਾ ਸੋ ਮੈ ਤੇਰੇ ਲਸਕਰ ਕਉ ਪਰੋਸਿਆ ਹੈ ਅਤੇ ਜੋ ਉਸਦਿਆ ਘੋੜਿਆ ਦਾ ਦਾਣਾ ਬਚਿਆ ਥਾ ਸੋ ਤੇਰਿਆ ਘੋੜਿਆ ਕਉ ਦਿਤਾ ਅਤੇ ਜੋ ਉਸਦਿਆਂ ਘੋੜਿਆ ਦਾ ਘਾਸੁ ਰਹਿਆ ਥਾ ਸੋ ਤੇਰਿਆ ਘੋੜਿਆ ਤਾਈ ਪਇਆ **[[520]]** ਜਬਿ ਰਾਜਾ ਜਾਇ ਕਰਿ ਦੇਖੈ ਤਾਂ ਕਈ ਅੰਬਾਰ ਹੀ ਭਰੇ ਪਇ ਹੈਨਿ।ਤਬਿ ਰਾਜੇ ਕਾ **ਅਭਿਮਾਨੁ**[521] **ਦੂਰਿ**[522] ਹੋਆ ਆਖਿਓਸੁ ਐਸੇ ਰਾਜੇ ਵਰਤੇ ਹੈਨ ਤਬਿ ਰਾਜਾ ਫਿਰਿ ਘਰਿ ਆਇਆ ਤਬਿ ਬਾਬਾ ਬੋਲਿਆ ।

ਸਲੋਕੁ॥

ਸੀਹਾ ਬਾਜਾ ਕੁਹੀਆ ਚਰਗਾ ਇਨਾ ਖਵਾਲੇ ਘਾਹੁ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਇਵੈ ਚਲਾਏ ਰਾਹੁ॥
ਨਦੀਆ ਵਿਚਿ ਟਿਬੇ ਵੇਖਾਲੇ ਥਲੀ ਕਰੇ ਅਸਗਾਹੁ॥
ਜੀਆ ਮਾਰਿ ਜੀਵਾਲੇ ਜੀਆ ਨਦਰੀ ਕਰੇ ਪਸਾਉ॥
ਕੀੜੀ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹੁ॥

---

511 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
512 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
513 ਏ : ਸ: ਮੰਨੁ
514 ਏ : ਪਿਆਲ ਤੇ
515 ਇਹ ਪਾਠ ਏ ਵਿਚ ਦਰਜ ਨਹੀਂ ਹੈ
516 ਏ :ਤਬ
517 ਇਹ ਪਾਠ ਸ ਵਿਚ ਦਰਜ ਨਹੀਂ ਹੈ
518 ਇਹ ਪਾਠ ਏ ਵਿਚ ਦਰਜ ਨਹੀਂ ਹੈ
519 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
520 ਏ : ਸ:ਹੈ
521 ਏ : ਸ: ਭਰਮੁ
522 ਹ: ਚੂਰਿ

ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇ ਗਿਰਾਹੁ॥੧॥ **(ਗੁ.ਗ੍ਰੰ.ਸਾ. ਪੰਨਾ ੧੪੪)**

ਤਬ ਮਰਦਾਨਾ ਪੈਰੀ ਪਇਆ। [523]ਬੋਲਹੁ ਵਾਹਗੁਰੂ**[523]** ।

**°/°°/°°°°** [[524]] [[525]] ਓਥਹੁ ਰਵਦੇ ਰਹੇ। ਜਾਇ ਇਕਤੁ ਗਾਉ ਵਿਚਿ ਬੈਠਾ। ਤਬਿ ਉਸ ਗਾਉ ਵਿਚ ਕੋਈ ਬਹਿਣ ਦੇਵੈ ਨਾਹੀ। ਲਾਗੇ ਮਸਕਰੀਆਂ ਕਰਨਿ। ਤਬਿ ਗੁਰੂ ਬਾਬੇ ਸਲੋਕੁ ਕਹਿਆ।

**ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ॥**

**ਜੇ ਬੋਲਾ ਤਾ ਆਖੀਐ ਬੜ ਬੜ ਕਰੈ ਬਹੁਤ॥**

**ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤੁ॥**

**ਉਠ ਜਾਈ ਤਾਂ ਆਖੀਐ ਛਾਰ ਗਇਆ ਸਿਰ ਘਤਿ॥**

**ਜੇਕਰ ਨਿਵਾਂ ਤਾਂ ਆਖੀਐ ਛਾਰ ਗਇਆ ਸਿਰ ਘਤਿ॥**

**ਜੇਕਰ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥**

**ਕਾਈ ਗਲੀ ਨਾ ਮੇਹਣੀ ਜਿਥੇ ਕਢਾਂ ਝਤਿ॥**

**ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥੨॥*[526]***

[527]ਤਬਿ ਉਥੈ ਘੜੀ ਕਾਈ ਨਾ ਰਹੈ ਤਬਿ ਮਰਦਾਨੇ ਆਖਿਆ ਜੀ ਇਨਾ ਦੇ ਬਾਬ ਕਿਆ ਹੁਕਮੁ ਹੋਆ ਤਬਿ ਬਾਬੇ ਆਖਿਆ ਮਰਦਾਨਿਆ ਏਹੁ ਬਹੁਤ ਵਸਦਾ ਰਹਿਆ।[527]

**°/°°** [[528]] ਤਬਿ ਅਗਲੇ ਸਹਰਿ ਗਏ ਤਬਿ ਓਨਾ **[[529]]** ਬਹੁਤ ਸੇਵਾ ਕੀਤੀ ਓਥੈ ਰਾਤਿ ਰਹੈ। ਭਲਕੇ ਉਠਿ ਚਲੇ ਤਾ ਗੁਰੂ ਬੋਲਿਆ ਜੋ ਏਹੁ ਸਹਰੁ ਉਜਾੜੁ ਹੋਵੈਗਾ [530]ਅਠਵਾਟੁ ਹੋਵੈਗਾ**[530]** ਤਬਿ ਮਰਦਾਨੇ ਆਖਿਆ ਜੀ ਤੇਰੈ ਦਰੁ ਭਲਾ ਨਿਆਉ ਡਿਠਾ ਜਿਥੇ ਬੈਠਣਾ ਨਾ ਮਿਲੈ ਸੋ ਵਸਾਇਆ ਅਤੇ ਜਿਨਾ ਸੇਵਾ ਬੰਦਗੀ ਬਹੁਤ ਕੀਤੀ ਸੋ ਸਹਰੁ ਉਜਾੜਿਆ ਤਬਿ ਗੁਰੂ ਬਾਬੇ ਆਖਿਆ ਮਰਦਾਨਿਆ ਉਸਿ ਸਹਰਿ ਕਾ ਆਦਮੀ ਅਵਰ ਸਹਰਿ ਜਾਵੈਗਾ ਤਾ ਹੋਰ ਭੀ ਵਿਗੜਨਿਗੇ ਅਤੈ ਇਸ ਸਹਰਿ ਦਾ ਆਦਮੀ ਹੋਰਤੁ ਸਹਰੁ ਜਾਵੈਗਾ ਤਾ ਉਨਾ ਦੀ ਭੀ ਗਤਿ ਕਰੈਗਾ ਅਤੈ ਸੁਮਤਿ ਦੇਵੈਗਾ ਤਬਿ ਮਰਦਾਨੈ ਆਖਿਆ ਜੀ ਤਉ ਭਾਵੈ ਤਾ ਉਸ ਦੀ ਭੀ ਗਤਿ ਕਰੈ। ਤਬਿ ਬਾਬੈ ਸਬਦੁ ਕੀਤਾ। ਰਾਗੁ ਮਲਾਰ ਵਿਚਿ। ਮ: ੧।

---

523 ਇਹ ਪਾਠ ੲ ਵਿਚ ਦਰਜ ਨਹੀਂ ਹੈ

524 ਹ:੨੬.ਵਸਦਾ ਰਹੇ

525 ੲ: ਤਬ

526 ਇਹ ਗੁਰਬਾਣੀ ਨਹੀਂ ਹੈ

527 ਇਹ ਪਾਠ ਹ ਵਿਚ ਦਰਜ ਨਹੀਂ

528 ਹ: ੨੭. ਉਜੜ ਜਾਵੇ

529 ੲ : ਲੋਕਾ

530 ਇਹ ਪਾਠ ੲ ਵਿਚ ਦਰਜ ਨਹੀਂ ਹੈ

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥

ਖਸਮੁ ਵਿਸਾਰਿ ਖੁਆਰੀ ਕੀਤੀ ਧ੍ਰਿਗੁ ਜੀਵਣੁ ਨਹੀ ਰਹਣਾ॥੧॥

ਪ੍ਰਾਣੀ ਇਕੁ ਨਾਮੁ ਧਿਆਵਹੁ॥

ਆਪਣੀ ਪਤਿ ਸੇਤੀ ਘਰਿ ਜਾਵਹੁ॥੧॥ਰਹਾਉ॥

ਜੋ ਤੁਧ ਸੇਵੈ ਸੋ ਤੁਧੁ ਕਿਆ ਦੇਵਹਿ ਮਾਗਹਿ ਲੇਵਹਿ ਰਹਹਿ ਨਹੀ॥

ਤੂੰ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ॥੨॥

ਗੁਰਮੁਖਿ ਧਿਆਵੈ ਸੇ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਈ॥

ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲਾ ਹਛੇ ਹੋਹੀ॥੩॥

ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ॥

ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ॥੪॥ (ਗੁ.ਗ੍ਰੰ.ਸਾ. ਪੰਨਾ ੧੨੫੪) **[531]**

**°/°°** [532] ਤਬਿ ਫਿਰਿ ਆਸਾ ਦੇਸ ਕਉ ਆਇਆ। ਆਗੇ ਸੇਖ ਫਰੀਦ [533]ਥਾ ਜੰਗਲ ਵਿਚਿ ਬੈਠਾ ਤਬਿ ਉਥੈ ਬਾਬਾ ਭੀ ਆਇਆ ਤਬਿ ਸੇਖ ਫਰੀਦ[533] ਬੋਲਿਆ। ਅਲਹੁ ਅਲਾ ਦਰਵੇਸ। ਤਬਿ ਗੁਰੂ ਬਾਬੇ ਜਬਾਬੁ ਦਿਤਾ [534]ਅਵਾਜ ਅਲਹ ਫਰੀਦ ਜੋਹਦੀ ਹਮੇਸ**[534]** ਆਉ ਸੇਖ ਫਰੀਦ ਜੋਹਦੀ ਅਲਹ।

ਸੂਹੀ ਮ:੧॥

××××

××××

××××

ਸਜਣ ਚਲੇ ਪਿਆਰਿਆ ਕਿਉ ਮੇਲਾ ਹੋਈ॥

ਜੇ ਗੁਣ ਹੋਵਹਿ ਗੰਠੜੀਆ ਮੇਲੈਗਾ ਸੋਈ॥੨॥

ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥

ਆਵਾਗਉਣ ਨਿਵਾਰਸੀ ਸਚੁ ਦੇਵੈ ਸੋਈ॥੩॥

ਹਉਮੈ ਮਾਰਿ ਨਿਵਾਰੀਐ ਸੀਤਾ ਮੇਰਾ ਚੋਲਾ॥

ਗੁਰ ਬਚਨੀ ਸਹੁ ਪਾਇਆ ਸਹਿ ਕੇ ਅੰਮ੍ਰਿਤ ਬੋਲਾ॥੪॥

ਨਾਨਕ ਕਹੈ ਸਹੇਲੀਓ ਸਹੁ ਖਰਾ ਪਿਆਰਾ॥

ਹਮ ਸਹ ਕੇਰੀਆ ਦਾਸੀਆ ਸਚਾ ਖਸਮ ਹਮਾਰਾ॥੫॥ (ਗੁ.ਗ੍ਰੰ.ਸਾ. ਪੰਨਾ ੭੨੯)[535]

---

531 ਏ : ਤਬ ਗੁਰੂ ਬਾਬਾ ਉਥਹੁ ਰਵਦੇ ਰਹੈ।

532 ਹ:੨੮. ਆਸਾ ਦੇਸ਼, ਸ਼ੇਖ ਫਰੀਦ ਨਾਲ ਗੋਸ਼ਟ

533 ਇਹ ਪਾਠ ਹ ਵਿਚ ਦਰਜ ਨਹੀਂ

534 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

535 ਏ : ਸ: ਹ:- ਤਬ ਦਸਤ ਪੰਜਾ ਲੇਕਰ ਬਹਿ ਗਇਆ। ਤਬਿ ਸੇਖੁ ਫਰੀਦੁ ਬਾਬੇ ਦਾ ਰੂਪੁ ਦੇਖਿ ਕਰ ਬੋਲਿਆ; ਗੋਸਟਿ ਕੀਤੀਆ ਸੁ, ਸੇਖ ਫਰੀਦ ਬਾਬੇ ਨੂੰ ਪੁਛਿਆ ਆਖਿਓਸੁ :-ਅਕੈ ਤਾ ਲੋੜੁ ਮੁਕੱਦਮੀ ਅਕੈ ਤੈ ਅਲਹੁ ਲੋੜੁ॥ਦੁਹੁ ਬੇੜੀ ਨਾ ਲਤ ਧਰੁ ਮਤੁ ਵੰਞਹੁ ਵਖਰੁ ਬੋੜਿ॥ਤਬ ਗੁਰੂ ਬਾਬੇ ਜਬਾਬੁ ਦਿਤਾ:-ਸਲੋਕੁ॥ ਦੁਹੀ ਬੇੜੀ ਲਤ ਧਰੁ ਦੁਹੀ ਵਖਰੁ ਚਾੜਿ॥ਕੋਈ ਬੇੜੀ

ਤਬ ਸੇਖੁ ਫਰੀਦੁ ਬੋਲਿਆ ਸਬਦੁ ਰਾਗੁ ਆਸਾ ਵਿਚਿ:-

ਰਤੇ ਇਸਕਿ ਖੁਦਾਇ ਰੰਗਿ ਦੀਦਾਰ ਕੈ॥
ਜਿਨਾ ਵਿਸਰਿਆ ਨਾਮੁ ਸੇ ਭੁਇ ਭਾਰੁ ਭਏ॥ਰਹਾਉ॥
ਦਿਲਹੁ ਮੁਹਬਤਿ ਜਿਸ ਸੇਈ ਸਚਿਆ॥
ਮਨਿ ਹੋਰੁ ਮੁਖਿ ਹੋਰੁ ਸਿ ਕਾਢਹੁ ਕਚਿਆ॥੧॥
ਪਰਵਦਗਾਰੁ ਪਰੋ ਅਪਾਰ ਅਗਮ ਬਿਅੰਤ ਤੂ॥
ਜਿਨਾ ਸੁਣਿਆ ਮਨਿ ਸਚੁ ਤਿਨਾ ਚੁੰਮਾ ਪੈਰ ਮੂੰ॥੨॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ।੩॥ (ਗੁ.ਗ੍ਰੰ.ਸਾ. ਪੰਨਾ ੪੮੮)

ਤਬਿ ਬਾਬਾ ਬੋਲਿਆ ਸਬਦੁ ਰਾਗੁ ਸੂਹੀ ਵਿਚਿ। ਮ:੧॥

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ॥
ਤੁਧੁ ਅੰਤਰਿ ਹਉ ਸੁਖਿ ਵਸਾ ਤੂ ਅੰਤਰਿ ਸਾਬਾਸਿ ਜੀਉ॥
ਭਾਣੈ ਤਖਤਿ ਵਡਿਆਈਆ ਭਾਣੈ ਭੀਖ ਉਦਾਸ ਜੀਉ॥
ਭਾਣੈ ਥਲ ਸਿਰਿ ਸੁਰ ਵਹੈ ਕਵਲੁ ਫੁਲੈ ਆਕਾਸਿ ਜੀਉ॥
ਭਾਣੈ ਭਵਜਲੁ ਲੰਘੀਐ ਭਾਣੈ ਮਝ ਭਰੀਆਸਿ ਜੀਉ॥
ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤੇ ਗੁਣਿਤਾਸਿ ਜੀਉ॥
ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸੁ ਜੀਉ॥
××××××
ਕਿਆ ਮਾਗਉ ਕਿਆ ਕਹਿ ਸੁਣਹੁ ਮੈ ਦਰਸਨ ਭੂਖ ਪਿਆਸਿ ਜੀਉ॥
ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ। (ਗੁ.ਗ੍ਰੰ.ਸਾ. ਪੰਨਾ ੭੬੨)

ਤਬਿ ਬਾਬਾ ਅਤੈ ਸੇਖ ਫਰੀਦੁ ਦੁਇ ਏਕ ਰਾਤ ਇਕਠੇ ਰਹੇ ਜੰਗਲ ਵਿਚਿ ਤਬਿ ਇਕ ਬੰਦਾ ਖੁਦਾਇ ਦਾ ਆਇ ਨਿਕਲਿਆ। ਉਹ ਦੇਖਿ ਕਰਿ ਘਰਿ ਉਠਿ ਗਇਆ। ਤਬਿ ਏਕ ਤਬਲਿਬਾਜੁ ਦੁਧੁ ਕਾ ਭਰ ਕੈ ਲੇ ਆਇਆ। ਵਿਚ ਚਾਰੁ ਮੁਹਰਾ ਪਾਇ ਕਰ ਪਿਛਲੀ ਰਾਤ ਨੂ ਲਿਆਇਆ ਤਬਿ ਸੇਖ ਫਰੀਦ ਆਪਣਾ ਬਖਰਾ ਪਾਇ ਲਇਆ ਅਤੈ ਗੁਰੂ ਦਾ ਬਖ ਰਖਿ ਛਡਿਉਸੁ। ਤਬ ਸੇਖ ਫਰੀਦ ਬੋਲਿਆ ਸਲੋਕੁ।

---

ਡੁਬਸੀ ਕੋਈ ਲੰਘੇ ਪਾਰਿ॥ਨਾ ਪਾਣੀ ਨ ਬੇੜੀਆ ਨਾ ਡੁਬੈ ਨਾ ਜਾਇ॥ਨਾਨਕ ਵਖਰੁ ਸਚੁ ਧਨੁ ਸਹਜੇ ਰਹਿਆ ਸਮਾਇ॥੧॥ਤਬ ਸੇਖ ਫਰੀਦ ਕਹਿਆ-ਸਲੋਕੁ॥ ਫਰੀਦਾ ਚੂੜੇਲੀ ਸਿਉ ਰਤਿਆ ਦੁਨੀਆ ਕੂੜਾ ਭੇਤੁ॥ਨਾਨਕ ਆਖੀ ਦੇਖਦਿਆ ਉਜੜਿ ਵੰਞੈ ਖੇਤੁ॥੧॥ਤਬ ਗੁਰੂ ਬਾਬੇ ਜਬਾਬੁ ਦਿਤਾ-ਸਲੋਕੁ॥ ਫਰੀਦਾ ਧੁਰਹੁ ਧੁਰਹੁ ਹੋਂਦਾ ਆਇਆ ਚੂੜੇਲੀ ਸਿਉ ਹੇਤ ਨਾਨਕ ਖੇਤੁ ਨ ਉਜੜੈ ਜੇ ਰਾਖਾ ਹੋਇ ਸੁਚੇਤ॥੧॥ਤਬ ਸੇਖੁ ਫਰੀਦ ਬੋਲਿਆ-ਸਲੋਕੁ॥ ਫਰੀਦਾ ਤਨੁ ਰਹਿਆ ਮਨੁ ਫਟਿਆ ਤਾਗਤਿ ਰਹੀ ਨ ਕਾਇ॥ਉਠ ਪਿਰੀ ਤਬੀਬ ਥੀਓ ਕਾਰੀ ਦਾਰੂ ਲਾਇ॥੧॥ਤਬ ਗੁਰੂ ਬਾਬੈ ਜਬਾਬੁ ਦਿਤਾ:-ਸਲੋਕੁ॥ ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ॥ਮੰਨ ਮਝਾਹੂ ਲਖਿ ਤੁਧਹੂ ਦੂਰਿ ਨ ਸੁ ਪਿਰੀ॥੩॥ ਤਬ ਸੇਖੁ ਫਰੀਦੁ ਬੋਲਿਆ ਰਾਗੁ ਸੂਹੀ ਵਿਚਿ:-ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥ ਭਰਿ ਸਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥੧॥ ਹਾਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥੧॥ਰਹਾਉ॥ ਇਕ ਆਪੀਨੑੈ ਪਤਲੀ ਸਹ ਕੇਰੇ ਬੋਲਾ॥ ਦੁਧਾ ਥਣੀ ਨ ਆਵਣੀ ਫਿਰਿ ਹੋਇ ਨ ਮੇਲਾ॥੨॥ ਕਹੇ ਫਰੀਦੁ ਸਹੇਲੀਹੋ ਸਹੁ ਅਲਾਏਸੀ॥ ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥੩॥੨॥

ਜੋ ਜਾਗਨਿ  ਲਹੰਨਿ ਸੇ ਸਾਈ ਪਾਸਹੁ ਦਾਤਿ॥

ਪਹਿਲੀ ਰਾਤਿ ਫੁਲੜਾ ਫਲੁ ਭੀ ਪਿਛਲੀ ਰਾਤਿ॥੧॥[536]

ਤਬਿ ਬਾਬੇ ਜਬਾਬੁ ਦਿਤਾ।

ਸਲੋਕੁ॥

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸ ਨਾਲਿ॥

ਇਕ ਜਾਗੰਦੇ ਨਾ ਲਹੈ ਇਕ ਸੁਤਿਆ ਮਿਲੈ ਉਠਾਲਿ॥੧॥

ਤਬਿ ਬਾਬਾ ਬੋਲਿਆ ਸੇਖ ਫਰੀਦਾ ਇਸ ਦੁਧ ਵਿਚਿ ਹਾਥ ਫੇਰਿ ਕਰਿ ਦੇਖੁ [536]ਕਿਆ ਹੈ[537] । ਜਾ [538]ਸੇਖੁ ਫਰੀਦੁ[538] ਦੇਖਿਆ ਤਾ ਮੁਹਰਾ ਚਾਰਿ ਅਸਨਿ। ਤਬਿ ਉਹੁ ਤਬਲਬਾਜੁ ਛੋਡਿ ਕਰ ਚਲਦਾ ਰਹਿਆ **[[539]]** [

ਤਬਿ ਗੁਰੂ ਬੋਲਿਆ **ਸਬਦੁ ਰਾਗੁ ਤੁਖਾਰੀ ਛੰਤੁ ਮ:**੧**।**

ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ॥

ਵਖਰੁ ਰਾਖੁ ਮੁਈਯੇ ਆਵੈ ਵਾਰੀ ਰਾਮ॥

ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ॥

ਰੈਣਿ ਅੰਧੇਰੀ ਕਿਆ ਗਤਿ ਤੇਰੀ ਚੋਰੁ ਪੜੈ ਘਰੁ ਮੂਸਏ॥

ਰਾਖਣਹਾਰੇ ਅਗਮ ਅਪਾਰੇ ਸੁਣਿ ਬੇਨੰਤੀ ਮੇਰੀਆ॥

ਨਾਨਕ ਮੂਰਖੁ ਕਦੇ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ॥੧॥

ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ॥

ਵਾੜੀ ਰਾਖੁ ਮੁਈਯੇ ਖਾਜੈ ਖੇਤੀ ਰਾਮ॥

ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ॥

ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ॥

ਰਵਿ ਸਸਿ ਦੀਪਕ ਗੁਰਰਤਿ ਦੁਆਰੈ ਮਨਿ ਸਾਚਾ ਮੁਖਿ ਧਿਆਏ॥

ਨਾਨਕ ਮੂਰਖੁ ਅਜਹੁ ਨ ਚੇਤੈ ਕਿਉ ਦੂਜੇ ਸੁਖੁ ਪਾਏ॥੨॥

ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ॥

ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ॥

ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ॥

ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ॥

ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ॥

---

[536] ਏ:ਸ:ਹ:- ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥ ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ

[537] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[538] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[539] ਏ :ਥਾ

ਨਾਨਕ ਤੀਜੈ ਤ੍ਰੈਬਿਧਿ ਲੋਕਾ ਮਾਇਆ ਮੋਹਿ ਬਿਆਪੀ॥੩॥
ਚਉਥਾ ਪਹਰੁ ਭਇਆ ਦੋਤ ਬਿਹਾਗੇ ਰਾਮ॥
ਤਿਨ ਘਰੁ ਰਾਖਿਅੜਾ ਜੁੋ ਅਨਦਿਨੁ ਜਾਗੈ ਰਾਮ॥
ਗੁਰਿ ਪੂਛਿ ਜਾਗੈ ਨਾਮਿ ਲਾਗੈ ਤਿਨੀ ਰੈਣਿ ਸੁਹੇਲੀਆ॥
ਗੁਰ ਸਬਦੁ ਕਮਾਵਹਿ ਜਨਮ ਨ ਆਵਹੁ ਜਿਨਾ ਹਰਿ ਪ੍ਰਭੁ ਬੇਲੀਆ॥
ਕਰਿ ਕੰਪਿਆ ਚਰਣ ਸਰੀਰੁ ਕੰਪੈ ਨੈਨ ਅੰਧਲੇ ਤਨੁ ਭਸਮੁ ਸੇ॥
ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੈ ਮਨਿ ਵਸੈ॥੪॥
ਖੂਲੀ ਗੰਠੜੀਆ ਉਠੁ ਲਿਖਿਆ ਆਇਆ ਰਾਮ॥
ਰਸ ਕਸ ਸੁਖੁ ਠਾਕੇ ਬੰਨਿ ਚਲਾਇਆ ਰਾਮ॥
ਬੰਨਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ॥
ਆਪਣੀ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ॥
ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ॥
ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ॥੫॥ (ਗੁ.ਗ੍ਰੰ.ਸਾ. ਪੰਨਾ ੧੧੧੦)

ਤਬਿ ਬਾਬਾ ਅਤੇ ਸੇਖ ਫਰੀਦੁ ਓਥਹੁ ਰਵੇ **ਜਬ**[540] ਉਹੁ ਆਇ ਕੈ ਦੇਖੈ ਤਾ ਤਬਲਬਾਜੁ ਪਇਆ ਹੈ ਜਬ [541]ਉਹੁ**[541]** ਚਕੈ ਤਾ ਸੁਇਨੇ ਕਾ ਹੈ ਅਤੇ ਮੁਹਰਾ ਨਾਲ ਭਰਿਆ [542]ਹੋਇਆ**[542]** ਹੈ ਤਬਿ ਉਹ ਲਗਾ ਪਛੋਤਾਵਣਿ ਆਖਿਓਸ ਓਹੁ ਦੁਨੀਆਦਾਰੁ ਫਕੀਰ ਥੇ ਜੋ ਦਿਲ ਉਤੇ ਆਵਤਾ ਤਾ ਦੀਨ ਪਾਵਤਾ। ਦੁਨੀਆ ਲੈ ਆਇਆ ਥਾ ਤਾ ਦੁਨੀਆ ਮਿਲੀ ਤਬਿ ਓਹ ਤਬਲਬਾਜ ਲੈ ਕਰਿ ਘਰਿ **ਆਇਆ**[543]

ਤਬਿ ਓਥਹੁ ਗੁਰੂ ਬਾਬਾ ਅਤੇ ਸੇਖ ਫਰੀਦੁ ਆਸਾ ਦੇਸਿ ਆਏ ਤਬਿ ਆਸਾ ਦੇਸ ਦਾ ਰਾਜਾ **ਸਮੁੰਦਰ**[544] ਥਾ ਸੋ ਉਸ ਕਾ ਕਾਲੁ ਹੋਆ ਥਾ। ਤਬ ਉਸ ਕੀ ਖੋਪਰੀ ਜਲੈ ਨਾਹੀ। ਅਨੇਕ ਜਤਨ ਕਰਿ ਰਹੇ ਤਬਿ ਜੋਤਕੀ ਪੁਛੇ ਤਾਂ ਜੋਤਕੀਆ ਆਖਿਆ ਇਨ ਏਕ ਬਾਰਿ ਮਿਥਿਆ ਕਹਿਆ ਹੈ ਤਿਸ ਤੇ ਇਸ ਕਾ ਜੀਉ ਕਸਟ [545]ਵਿਚਿ[545] ਪਾਇਆ ਹੈ **ਅਰੁ**[546] ਆਸਾ ਦੇਸ ਕਾ ਲੋਕ ਸਤਿਬਾਦੀ ਥਾ ਦਿਨੁ ਕਉ ਬੀਜਦਾ ਹੈ ਅਰੁ ਰਾਤ ਕਉ [547]ਲੁਣ ਫਿਰ ਦਿਨ ਕਉ**[547]** ਲੁਣਦਾ ਹੈ ਤਬਿ ਆਸਾ ਦੇਸ ਕਾ ਲੋਕ ਲਗੇ ਹਾਇ ਹਾਇ ਕਰਣਿ ਤਾ ਜੋਤਕੀਆ ਆਖਿਆ ਜੋ ਇਸ ਕੀ ਮੁਕਤਿ ਤਬ ਹੋਵੈ ਜਾ ਸਾਧੂ ਕੇ ਚਰਣ ਲਗਣ। ਤਬਿ [[548]] ਆਸਾ ਦੇਸ ਕਾ

[540] ਇ : ਸ:ਤਬ
[541] ਇਹ ਪਾਠ ਇ: ਸ ਵਿਚ ਦਰਜ ਨਹੀਂ ਹੈ
[542] ਇਹ ਪਾਠ ਇ ਵਿਚ ਦਰਜ ਨਹੀਂ ਹੈ
[543] ਇ : ਸ: ਗਇਆ
[544] ਇ : ਸ :ਸਾਂਮ ਸੁੰਦਰੁ
[545] ਇਹ ਪਾਠ ਹ ਵਿਚ ਦਰਜ ਨਹੀਂ
[546] ਇ : ਸ : ਤਬ
[547] ਇਹ ਪਾਠ ਇ : ਸ ਵਿਚ ਦਰਜ ਨਹੀਂ ਹੈ
[548] ਹ : ਉਨ੍ਹਾਂ

ਰਾਹ ਬੰਦ ਕਰਿ ਇਕ ਦਰਵਾਜਾ ਰਖਿਆ [549]ਥਾ[549] ਜੋ ਕੋਈ ਫਕੀਰੁ ਆਵੈ ਤਾ ਓਤੈ ਦਰਵਾਜੈ ਕਢੀਅਹਿ। ਤਬਿ ਬਾਬਾ ਅਤੈ ਸੇਖ [550]ਫਰੀਦੁ[550] ਜਾਇ ਨਿਕਲੇ। ਜਬਿ ਨੇੜੈ ਗਏ ਤਬਿ ਗੁਰੂ ਨਾਨਕ ਕਹਿਆ ਸੇਖ ਫਰੀਦਾ ਪੈਰੁ ਧਰਿ ਤਬਿ ਸੇਖ ਫਰੀਦ ਕਹਿਆ ਜੀ ਮੇਰੀ ਕਿਆ ਮਜਾਲ ਹੈ ਜੋ ਮੈ ਆਗੈ ਪੈਰੁ ਧਰਾਂ। ਤਬਿ ਬਾਬੇ ਪੈਰੁ ਧਰਿਆ ਤਾਂ ਖੋਪਰੀ ਫੁਟਿ ਗਈ। ਉਸ ਜੀਅ ਕੀ ਮੁਕਤਿ ਹੋਈ ਤਬ **[[551]]** ਸਾਰਾ ਦੇਸੁ ਆਇ ਪੈਰੀ ਪਇਆ ਤਬਿ ਬਾਬਾ ਬੋਲਿਆ ਸਬਦੁ ਰਾਗੁ ਮਾਰੂ ਵਿਚਿ ਮ: ੧[

ਮਿਲਿ ਮਾਤਾ ਪਿਤਾ ਪਿੰਡੁ ਕਮਾਇਆ॥
ਤਿਨਿ ਕਰਤੈ ਲੇਖੁ ਲਿਖਾਇਆ॥
ਲਿਖੁ ਨਾਮੁ ਜੋਤਿ ਵਡਿਆਈ॥
ਮਿਲਿ ਮਾਇਆ ਸੁਰਤਿ ਗਵਾਈ॥ ੧॥
ਮੂਰਖ ਮਨਾ ਕਾਹੇ ਕਰਸੀ ਮਾਣਾ॥
ਉਠਿ ਚਲਣਾ ਖਸਮੈ ਭਾਣਾ ॥੧॥ਰਹਾਉ॥
ਤਜਿ ਸਾਦੁ ਸਹਜ ਸੁਖੁ ਹੋਈ॥
ਘਰ ਛਡਣੈ ਰਹੈ ਨ ਕੋਈ॥
ਕਿਛੁ ਖਾਈਐ ਕਿਛੁ ਧਰਿ ਜਾਈਐ॥
ਜੇ ਬਾਹੁੜਿ ਦੁਨੀਆ ਆਈਐ॥੨॥
ਸੇਜ ਕਾਇਆ ਪਵ ਹਡਾਏ॥
ਫੁਰਮਾਇਸਿ ਬਹੁਤੁ ਚਲਾਏ॥
ਕਰਿ ਸੇਜ ਸੁਖਾਲੀ ਸੋਵੈ॥
ਹਥੀ ਪਉਦੀ ਕਾਹੇ ਰੋਵੈ॥੩॥
ਘਰ ਘੁਮਣਵਾਣੀ ਭਾਈ॥
ਪਾਪਾ ਪਥਰ ਤਰਣ ਨ ਜਾਈ॥
ਭਉ ਬੇੜਾ ਜੀਉ ਚੜਾਊ॥
ਕਹੁ ਨਾਨਕ ਦੇਵੈ ਕਾਹੂ॥੪॥ **(ਗੁ.ਗ੍ਰੰ.ਸਾ. ਪੰਨਾ ੯੮੯-੯੦)**

ਤਬਿ ਰੋਟੀਆ ਲੈ ਲੈ ਆਵਨਿ। ਜੋ ਸੇਖ ਫਰੀਦੁ ਕੂ ਦੇਵਨਿ ਤਿਸ ਕਉ ਆਖੇ ਮੈ ਖਾਧੀ ਹੈ। ਅਤੇ ਪਲੇ ਭੀ ਬੰਧੀ [552]ਪਈ[552] ਹੈ। ਤਬਿ ਆਸਾ ਦੇਸ ਕਿਆ ਲੋਕਾ ਆਖਿਆ ਹੋ ਬੰਦੇ ਖੁਦਾਇ ਕੇ ਤੂੰ ਕੋਈ ਉਸੀ ਮੁਲਖ ਕਾ ਕੂੜਿਆਰੁ ਹੈ। ਜਿਸੁ ਮੁਲਖ ਫਰੀਦੁ ਰਹਿਦਾ ਹੈ। ਜੋ ਰੋਟੀ ਕਾਠ ਕੀ ਹੈਸੁ ਅਤੇ ਜੇ ਕੋਈ ਰੋਟੀ ਦੇਂਦਾ ਹੈਸੁ ਤਾ ਆਖਦਾ ਹੈ ਜੋ ਮੈ ਖਾਧੀ ਹੈ ਅਤੇ ਪਲੈ ਭੀ ਬੰਧੀ ਹੈ ਤਬਿ ਸੇਖ ਫਰੀਦੁ ਰੋਟੀ ਕਾਠ ਕੀ ਸੁਟ

[549] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[550] ਇਹ ਪਾਠ ਹ ਵਿਚ ਦਰਜ ਨਹੀਂ
[551] ੲ : ਸੁਣਿ ਕੈ
[552] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

ਪਾਈ ਆਖਿਓਸੁ ਇਕ ਵਾਰੀ ਕੂੜ ਆਖੇ ਦਾ ਸਦਕਾ ਰਾਜੈ ਇਤਨੀ ਸਜਾਇ ਪਾਈ ਹੈ ਤਬਿ ਬਾਬੇ ਦੀ ਖੁਸੀ ਹੋਈ ।[553]॥ ਸੇਖ ਫਰੀਦ ਵਿਦਿਆ ਕੀਤਾ ਤਬਿ ਬਾਬਾ ਬੋਲਿਆ ਸੇਖ ਫਰੀਦ ਤੁਸਾ ਵਿਚ ਖੁਦਾਇ ਸਹੀ ਹੈ ਪਰੰਤੂ ਪੀਰੁ ਕਰੁ [554]ਤਬ ਸੇਖ ਫਰੀਦ ਆਖਿਆ ਚੰਗਾ ਹੋਵੈ ਜੀ[554] ਤਬਿ ਸੇਖੁ ਫਰੀਦੁ ਵਿਦਾ ਹੋਆ ਗਲੇ ਵਿਚਿ [555]ਲਾਗਿ[555] ਮਿਲੇ ਤਬਿ ਬਾਬਾ ਬੋਲਿਆ ਸਬਦੁ ਰਾਗ ਸਿਰੀ ਰਾਗੁ ਵਿਚ ਮ: 1।

ਆਵਹੁ ਭੈਣੇ ਗਲਿ ਮਿਲਹੁ ਅੰਗਿ ਸਹੇਲੜੀਆ॥
ਮਿਲਿ ਕੈ ਕਰਹਾ ਕਹਾਣੀਆ ਸੰਮਰਥ ਕੀਆ॥
ਸਚੇ ਸਾਹਿਬੁ ਸਭਿ ਗੁਣ ਅਉਗਣ ਸਭਿ ਅਸਾ॥੧॥
ਕਰਤਾ ਸਭੁ ਕੋ ਤੇਰੇ ਜੋਰਿ॥
ਇਕੁ ਸਬਦੁ ਵੀਚਾਰੀਐ ਜਾ ਤੂ ਤਾ ਕਿਆ ਹੋਰਿ॥੧॥ਰਹਾਉ॥
ਜਾਇ ਪੁਛਹੁ ਸੁਹਾਗਣੀ ਸਹੁ ਰਵੀਐ ਕਿਨਿ ਗੁਣੀ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥
ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥੨॥
ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਨਿ ਦਿਨੁ ਰਾਤਿ॥
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥੩॥
ਸਚੁ ਮਿਲੈ ਸਚੁ ਊਪਜੈ ਸਚਿ ਮਹਿ ਸਚੁ ਸਮਾਇ॥
ਸੁਰਤਿ ਹੋਵੈ ਪਤਿ ਊਪਜੈ ਗੁਰਸਬਦੀ ਭਉ ਖਾਇ॥
ਨਾਨਕ ਸਚਾ ਪਾਤਿਸਾਹੁ ਆਪੇ ਲੇਇ ਮਿਲਾਇ॥੪॥ (ਗੁ.ਗ੍ਰੰ.ਸਾ. ਪੰਨਾ ੧੭)

ਤਾ ਬਾਬਾ ਜੀ ਕੋਈ ਦਿਨੁ ਆਸਾ ਦੇਸ ਵਿਚ ਰਹਿਆ **[556]** ਸਾਰਾ ਆਸਾ ਦੇਸੁ ਗੁਰੂ ਗੁਰੂ ਲਗਾ ਜਪਣਿ ਨਾਉ ਧਰੀਕ [557] ਹੋਏ ਏਕ ਮੰਜੀ ਆਸਾ ਦੇਸਿ ਵਿਚਿ ਹੈ ਤਬਿ ਬਾਬੇ ਦੀ ਖੁਸੀ ਹੋਈ ਆਸਾ ਦੇਸ ਉਪਰਿ [558]ਬੋਲਹੁ ਵਾਹਗੁਰੂ[558] ।

**°/°°** [559] ਉਥਹੁ ਰਵਦੇ ਰਹੇ। ਤਬ **[560]** ਬਿਸੀਆਰੁ ਦੇਸ ਆਇ ਪ੍ਰਗਟੇ। ਤਬ ਊਹਾਂ ਕੋਈ ਬੈਠਣ ਦੇਵੈ ਨਾਹੀ। ਜਹਾ ਜਾਇ ਖੜੋਵਨਿ ਤਹਾ ਲੋਕ ਚਉਕਾ ਦੇ ਲੈਨਿ। ਕਾਸਾਂ ਦੇਖਿ ਕਰ। ਤਬ ਝੰਡਾ ਬਾਢੀ

---

553 ਏ : ਸੇਖ ਫਰੀਦ ਉਪਰਿ।ਤਬ
554 ਇਹ ਪਾਠ ਸ ਵਿਚ ਦਰਜ ਨਹੀਂ ਹੈ
555 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

556 ਏ : ਤਬ
557 ਹ: ਸਿਖ
558 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
559 ਹ:-29.ਬਿਸੀਅਰ ਦੇਸ,ਝੰਡਾ ਬਾਢੀ, ਜੁਗਾਵਲੀ
560 ਏ : ਗੁਰੂ ਬਾਬਾ

ਆਇ ਨਿਕਲਿਆ ਤਬ ਉਹ ਘਰਿ ਲੇ ਗਇਆ। ਪੈਰ ਧੋਇ ਕਰਿ ਪੀਤਿਓਸੁ। ਪੀਵਣੇ ਨਾਲਿ ਗੁਰੂ ਨਦਰਿ ਆਇਓਸੁ [561] ਉਦਾਸੀ ਹੋਆ ਨਾਲਿ ਲਾਗਾ ਫਿਰਣਿ।ਸ੍ਰੀ ਸਤਿਗੁਰੂ ਪ੍ਰਸਾਦਿ। ਲਿਖਤੰ ਜੁਗਾਵਲੀ ਮ:੧] ਤਿਤੁ ਸਮੈ ਬੈਠਾ ਸਮੁੰਦ੍ਰ ਕੀ ਬਰੇਤੀ ਮਹਿ ਪਉਣੁ ਅਹਾਰੁ ਕੀਆ ਨਾਲੇ ਝੰਡਾ ਬਾਢੀ ਬਿਸੀਆਰ ਦੇਸ ਕਾ ਤਿਸ ਕਉ ਜੁਗਾਵਲੀ ਪ੍ਰਾਪਤਿ ਹੋਈ ਝੰਡਾ ਨਾਲਿ ਨਿਬਹਿਆ ਨਗਰੁ ਵੁਛੁਠਘਾਟਕਾ। ਤਿਤੁ ਸਮੈ ਵਿਸਮਾਦੁ ਪੜੀਦਾ ਥਾ ਆਗੈ ਜੁਗਾਵਲੀ ਚਲੀ। [562]ੴਤਿਗੁਰੂ ਪ੍ਰਸਾਦਿ।ਵਾਹਗੁਰੂ ਕੀ ਮਿਰਜਾਦਾ।ਚਹੁ ਅਖਰਾ ਕਾ ਮਥੰਤਾ।

ਜੁਗ ਚਾਲੀਹਾ ਵਿਚਿ ਹੋਆ॥੪੦॥

ਚਾਲੀ ਜੁਗ ਬੈਠ ਮਿਹਨਤ ਕੀਤੀ॥੪੧॥

ਅਗੇ ਪਉੜੀ ਚਲੀ। ਇਕ ਕਰੋੜਿਬਹਤਰਿਲਾਖ ਅਠਾਈ ਹਜਾਰ। ੧੭੨੨੮੦੦੦। ਅਨੰਤ ਜੁਗ ਏਤੇ ਜੁਗ ਅਨੰਤ ਜੁਗ ਮਹਿ ਰਹਿਆ ਸਹਿਜਵਾਣਿ ਮਹਿ ਵਾਹ ਵਾਹ ਕਰਿਆ।ਕਹੁ ਨਾਨਕ ਅਨੰਤ ਜੁਗ ਕੀ ਗਾਥਾ।ਵਾਹ ਵਾਹ ਜਪਤਿਆ ਸਭ ਦੁਖੁ ਲਾਥਾ।੧।ਇਕ ਕਰੋੜਿ ਅਠਾਹਠਿ ਲਾਖ ਅਠਤਾਲੀਹ ਹਜਾਰਾ।੧੬੮੪੮੦੦੦। ਦੁਰਲੰਬਿਆ ਜੁਗ ਵਾਹ ਵਾਹ ਕੀਨਾ। ਸਹਿਜਵਾਣਿ ਵਾਹ ਵਾਹ ਜਪਿ ਲੀਨਾ। ਕਹੁ ਨਾਨਕ ਦੁਰਲੰਬਿਆ ਜੁਗ ਕੀ ਗਾਥਾ॥ਵਾਹ ਵਾਹ ਜਪਤਿਆ ਸਭ ਦੁਖੁ ਲਾਥਾ॥੨॥ ਇਕ ਕਰੋੜਿ ਚਉਰੰਜਹਾਲਾਖ ਚਉਰਾਸੀਹ ਹਜਾਰਾ॥੧੫੪੮੪੦੦੦॥ ਬਜਰ ਜੁਗ ਮਹਿ ਕੀਰਤਨੁ ਗਾਇਆ॥ ਸਹਿਜਵਾਣਿ ਵਾਹ ਵਾਹ ਕਮਾਇਆ॥ਕਹੁ ਨਾਨਕ ਬਜਰ ਜੁਗ ਕੀ ਗਾਥਾ॥ਵਾਹ ਵਾਹ ਜੁਪਤਿਆ ਸਭ ਦੁਖੁ ਲਾਥਾ॥੩॥ ਇਕਕਰੋੜਿ ਪਚਵੰਜਹਲਖ ਬਾਵੰਜਹ ਹਜਾਰਾ ॥੧੫੫੫੨੦੦੦॥ ਧਰਮ ਜੁਗ ਧਿਆਨੁ ਪ੍ਰਭਿ ਧਰਿਆ॥ ਸਹਿਜਵਾਣਿ ਵਾਹਿ ਵਾਹਿ ਕਰਿਆ॥ਕਹੁ ਨਾਨਕ ਧਰਮ ਜੁਗ ਕੀ ਗਾਥਾ॥ਵਾਹ ਵਾਹੁ ਜਪਤਿਆ ਸਭ ਦੁਖੁ ਲਾਥਾ॥੪॥ ਇਕ ਕਰੋੜਿ ਚਉਰੰਜਹਲਾਖਤੀਸ ਹਜਾਰਾ॥੧੫੪੩੦੦੦੦॥ ਗਉਸਲਿਆ ਜੁਗਗੁਰਮੁਖਿ ਜਾਤਾ॥ ਸਹਿਜਵਾਣਿ ਵਾਹ ਵਾਹ ਪਛਾਤਾ॥ਕਹੁ ਨਾਨਕ ਗਉਸਲਿਆ ਜੁਗ ਕੀ ਗਾਥਾ॥ ਵਾਹ ਵਾਹ ਜਪਤਿਆ ਸਭ ਦੁਖੁ ਲਾਥਾ॥੫॥ ਇਕ ਕਰੋੜਿਪੰਜਾਹਲਾਖਅਠਾਸੀਹਹਜਾਰ॥੧੫੦੮੮੦੦੦॥ ਦੁਲੰਭਿਆ ਜੁਗ ਕੀਤਾ ਇਕੁ ਧਿਆਨੁ॥ਸਹਿਜਵਾਣਿ ਮਹਿ ਵਾਹ ਵਾਹ ਪਰਧਾਨੁ॥ਕਹੁ ਨਾਨਕ ਦੁਲੰਭਿਆ ਜੁਗ ਕੀ ਗਾਥਾ॥ਵਾਹ ਵਾਹ ਜਪਤਿਆ ਸਭ ਦੁਖੁ ਲਾਥਾ॥੬॥ ਇਕ ਕਰੋੜਿ ਬੈਤਲੀਹਲਾਖ ਪੰਜਛੰਜਹਹਜਾਰ॥ ੧੪੨੫੬੦੦੦॥ ਰੇਚਕਜੁਗ ਰਚਿ ਰਹਿਆ ਗਿਆਨੀ॥ ਸਹਿਜਵਾਣਿ ਵਾਹ ਵਾਹ ਮਿਤਿਜਾਨੀ॥ ਕਹੁ ਨਾਨਕ ਰੇਚਕ ਜੁਗ ਕੀ ਗਾਥਾ॥ ਵਾਹ ਵਾਹ ਜਪਤਿਆ ਸਭ ਦੁਖੁ ਲਾਥਾ॥੭॥ ਇਕ ਕਰੋੜਿ ਅਠਤੀਹਲਾਖ ਬੈਤਾਲੀਹਹਜਾਰ ॥੧੩੮੪੨੦੦੦॥ ਚਕਰ ਜੁਗ ਚਿਤੁ ਹਰਿ ਸਿਉ ਰਾਚਿਆ॥ ਸਹਿਜਵਾਣਿ ਵਾਹ ਵਾਹ ਵਾਚਿਆ॥ ਕਹੁ ਨਾਨਕ ਚਕਰ ਜੁਗ ਕੀ ਗਾਥਾ॥ ਵਾਹ ਵਾਹ ਜਪਤਿਆ ਸਭ ਦੁਖੁ ਲਾਥਾ ॥੮॥ ਇਕ ਕਰੋੜਿ ਤੇਤੀਹਲਾਖਬਾਨਵੈਹਜਾਰ ॥੧੩੩੯੨੦੦੦॥ ਮਨਮਲਜੁਗ ਮਹਿਜਿਮਾਨੁ ਮਿਟਾਨਾ॥ ਸਹਿਜਵਾਣਿ ਵਾਹ ਵਾਹ ਮਿਤਿਜਾਨਾ॥ ਕਹੁ ਨਾਨਕ ਮਨਮਾਲ ਜੁਗ ਕੀ ਗਾਥਾ॥ ਵਾਹ ਵਾਹ ਜਪਤਿਆ ਸਭ ਦੁਖੁ ਲਾਥਾ ॥੯॥ ਨਉ ਜੁਗ ਨਿਬੜੈ ਵਾਵੈ ਕੇ ॥ ਵਵੇ ਨਾਲਿ ਮਿਹਨਤ ਕੀਤੀ॥ ਅਗੈ ਵਵੇ ਕੀ ਪਉੜੀ ਕਹੀ॥ ਵਵੈ ਨੀਕਾ ਹੈਹੇ ਵਾਸੋਦੇਵਾ॥ ਆਪੇ ਚੇਲਾ ਆਪੇ ਕਰੇ ਸੇਵਾ॥ ਵਾਵੈ

[561] ੲ :ਤਬ

ਵਾਹ ਵਾਹ ਜਪਿਲੀਨਾ॥ ਨਉ ਜੁਗ ਵਾਵਾ ਮਥਿਮਥਿ ਕੀਨਾ॥ ਅਖਰੁ ਢੂਢਿ ਵਵਾ ਨੀਉ ਧਰਿਆ॥ ਨਾਨਕ ਨਉ ਜੁਗੁ ਵਾਹ ਵਾਹ ਕਰਿਆ॥੧੦॥੧॥ ਧਿਆਉ ਵਵੇ ਕਾ ਨਿਬੜਿਆ॥ ਤੇਰਹ ਕਰੋੜੀ ਚਉਹਤਰਿ ਲਾਖ ਬਤੀਸ ਹਜਾਰ॥ ੧੩੭੪੩੨੦੦੦॥ ਧਿਆਉਵਵੇ ਕਿਆਜੁਗਾ ਕਾ ਜੋੜੁ॥ ਸਹਿਜਵਾਣਿ ਮਹਿ ਵਵਾ ਕੀਤਾ॥ ਅਗੈ ਹਾਹਾ ਚਲਿਆ॥ ਇਕ ਕਰੋੜਿਉਣਤਹਲਾਖ ਸਠਿ ਹਜਾਰ॥ ੧੨੯੬੦੦੦੦॥ ਬਿਦਿਆ ਜੁਗ ਮਹਿ ਬਿਦਿਆ ਬੀਚਾਰੀ॥ ਹਾਹੇ ਸਿਉ ਕੀਨੀ ਰੁਜਗਾਰੀ॥ ਹਾਹੇ ਸੰਗਿ ਊਠਤਬੈਠਤ ਬੋਲਾਤਾ॥ ਕਹੁ ਨਾਨਕ ਸੰਜਮਵਾਣਿ ਕੀ ਬਾਤਾ॥੧॥ ਇਕ ਕਰੋੜਿ ਪਚੀਸ ਲਾਖ ਅਠਾਈਸ ਹਜਾਰ॥੧੨੫੨੮੦੦੦॥ ਅੰਧਜੁਗਅੰਧਕਾਰੁ ਗਵਾਇਆ॥ ਆਗਿਆਨੁ ਬਿਨਾਸਿਆ ਗਿਆਨੁ ਪ੍ਰਗਟਾਇਆ॥ਭਇਆ ਚਾਨਣੁ ਅੰਧੇਰਾ ਹਾਤਾ॥ਕਹੁ ਨਾਨਕ ਸੰਜਮਵਾਣਿ ਕੀ ਬਾਤਾ॥੨॥ ਇਕ ਕਰੋੜਿਸੋਲਹਲਾਖਚਉਹਠਿ ਹਜਾਰ॥੧੧੬੬੪੦੦੦॥ ਨਲ ਜੁਗ ਮਹਿ ਇਕ ਕਲਾ ਧਾਰੀ॥ ਹਾਹਾ ਢੂੰਢਿ ਹਰਿ ਕਥਾ ਚਿਤਾਰੀ॥ ਕਹੁ ਨਾਨਕ ਸੰਜਮਵਾਣਿ ਕੀ ਬਾਤਾ॥ ਵਾਹ ਵਾਹ ਕਰਤਿਆ ਸਭਿ ਦੁਖੁ ਲਾਥਾ॥੩॥ ਇਕ ਕਰੋੜਿ ਬਾਰਹ ਲਾਖ ਬਤੀਸ ਹਜਾਰ॥੧੧੨੩੨੦੦੦॥ ਤਿਪਰਿ ਜੁਗਮਹਿ ਤ੍ਰੈ ਤੇਰਹ ਸਾਜੇ॥ ਹੋਤ ਪੁਨੀਤ ਸੰਪੂਰਨ ਕਾਜੇ॥ਹਾਹਾ ਸੁਧੇ ਹਰਿ ਨਾਮੁ ਮਨਾਤਾ॥ ਕਹੁ ਨਾਨਕ ਸੰਜਮਵਾਣਿ ਕੀ ਬਾਤਾ॥੪॥ ਇਕ ਕਰੋੜਿਇਕੀਸੁਲਾਖ ਚਾਲੀਸ ਹਜਾਰ ॥੧੨੧੪੦੦੦੦॥ ਨਿਹਾਲ ਜੁਗ ਮਹਿ ਜਪਿ ਹੋਤਿ ਨਹਾਲਾ॥ ਨਹਿ ਮਿਰਤਕੁ ਨਠਿ ਬੂਢਾ ਬਾਲਾ॥ ਹਾਹਾ ਪੜਿ ਕਛੁ ਅਵਰੁ ਨ ਜਾਤਾ॥ ਕਹੁ ਨਾਨਕ ਸੰਜਮਵਾਣਿ ਕੀ ਬਾਤਾ॥੫॥ ਇਕ ਕਰੋੜਿਛਿਪੰਜਹ ਲਾਖਿ ਚਉਰਾਸੀ ਹਜਾਰ॥ ੧੫੬੮੪੦੦੦॥ ਗੋਕੰਜੁਗ ਮਹਿ ਹਰਿ ਹਰਿ ਮੁਖਿ ਕਹਤਾ॥ ਆਪਿ ਅਲੇਖੁ ਨਿਰਾਲਮੁ ਰਹਤਾ॥ਬੈਠਤ ਊਠਤ ਨਹਿ ਬਿਸਰਾਤਾ॥ ਕਹੁ ਨਾਨਕ ਸੰਜਮਵਾਣਿ ਕੀ ਬਾਤਾ॥੬॥ ਨੜੰਨਵੈਲਾਖ ਛਤੀਸ ਹਜਾਰ॥੯੯੩੬੦੦॥ ਗਾਤਿ ਜੁਗ ਮਹਿ ਗਾਵਤ ਗੋਬਿੰਦਾ॥ ਹਾਹੈ ਪੜਿਐ ਤਾ ਹੋਤ ਨਿ ਚਿੰਦਾ॥ ਹਰਿ ਪੂਜੀ ਹਰਿ ਭੋਜਨੁ ਖਾਤਾ॥ ਕਹੁ ਨਾਨਕ ਸੰਜਮਵਾਣਿ ਕੀ ਬਾਤਾ॥੭॥ ਬਾਨਵੈ ਲਾਖ ਚਾਲੀਸ ਹਜਾਰ॥੯੨੪੦੦੦੦॥ ਬਿਨੋਦ ਜੁਗ ਮਹਿ ਏਕ ਬਨਤ ਬਨਾਈ॥ ਕਹਿ ਬਿਨੋਦ ਅਚਰਜ ਵਰਤਾਈ॥ ਕਹਿ ਬਿਨੋਦ ਸਾਧੂ ਪਗਿ ਪਾਤਾ॥ ਕਹੁ ਨਾਨਕ ਸੰਜਮਵਾਣਿ ਕੀ ਬਾਤਾ॥੮॥ ਉਣਾਨਵੈਲਾਖ ਬਹਤਰਿ ਹਜਾਰ॥੮੯੭੨੦੦੦॥ ਸੰਘਾਰ ਜੁਗ ਮਹਿ ਦਸ ਦੁਆਰ ਸੰਘਾਰੇ॥ ਪੰਚ ਮਰਦ ਪੰਚ ਦੂਨੀ ਨਾਰੇ॥ ਹਾਹੇ ਸੰਗਿ ਬੈਠਤ ਊਠਤ ਬੋਲਾਤਾ॥ ਕਹੁ ਨਾਨਕ ਸੰਜਮਵਾਣਿ ਕੀ ਬਾਤਾ॥੯॥ ਆਗੈ ਹਾਹੈ ਕੀ ਪਉੜੀ ਚਲੀ॥ ਹਾਹਾ ਹਰਿ ਹਰਿ ਜਪਿ ਮਨ ਹਰਿ ਕੀ ਕਥਾ ਪਛਾਨੁ॥ ਹੈ ਭੀ ਹੋਸੀ ਹੋਨਹਾਰੁ ਹਾਹਾ ਹੀ ਪਰਧਾਨੁ॥ ਹੇ ਅਚਤੁ ਹੇ ਪਾਰਬ੍ਰਹਮ ਹੈ ਭੀ ਹੋਵਨਹਾਰ॥ ਨਾਨਕ ਹਾਹਾ ਹਰਿ ਕੀਆ ਨਉ ਜੁਗ ਸੋਧਿ ਬੀਚਾਰਿ॥੧॥੧੦॥੨॥ ਨਉ ਕਰੋੜੀ ਉਣਾਸੀਹਾ ਲਾਖੁ ਚਉਦਹ ਹਜਾਰ॥੯੭੯੧੪੦੦੦॥ ਹਾਹੇ ਕ ਜੋੜ ਸੰਪੂਰਨ ਸਹੀ॥ ਸੰਜਮਵਾਣਿ ਵਿਚਿ ਹਾਹਾ ਕੀਤਾ॥ ਅਗੇ ਸੁਪਾਵਣਿ ਚਲੀ॥ ਓਸੁ ਵਿਚਿ ਗਾਗਾ ਕੀਤਾ॥ ਅਠਾਸੀਹ ਲਾਖਚਉਸੰਠਿ ਹਜਾਰ॥੮੮੬੪੦੦੦॥ ਘੋਰ ਜੁਗ ਮਹਿ ਘਰੁ ਬਾਰੁ ਪਛਾਤਾ॥ ਗੁਰਲਾਗਿਪ੍ਰੀਤਿਨਾਮਸੰਗਿਮਾਤਾ॥ ਗਿਆਨੁ ਬਿਚਾਰਿਆ ਕਥਾ ਪਛਾਨੀ॥ ਕਹੁ ਨਾਨਕ ਸੁਪਾਵਣਿ ਕੀ ਕਥਾ ਵਾਖਾਨੀ॥੧॥ ਬਿਆਸੀਹ ਲਾਖ ਆਠਾਰਹ ਹਜਾਰ॥੮੨੧੮੦੦੦॥ ਅਰਧ ਜੁਗ ਮਹਿ ਅਰਧ ਖੀਰੁ ਕੀਨਾ॥ ਆਪਨੇ ਚਲਿਤੁ ਆਪੇ ਹੀ ਚੀਨਾ॥ ਗਗੈ ਪੜਿਐ ਭਇਆ ਗਿਆਨੀ ਸੁਪਾਵਣਿ ਨਾਨਕ ਹੈਰਾਨੀ॥੨॥ਸਤਹਤਰਿ ਲਾਖ ਛਿਹਤਰਿ ਹਜਾਰ ॥੭੭੭੬੦੦੦॥ ਉਨਮਨਿ ਜੁਗ ਕਿਛੁ ਕਥਾ ਨ ਜਾਨੈ॥

ਕਹਨੁ ਸੁਨਨੁ ਸਭ ਰਖਿ ਸਾਮਾਨੈ॥ ਸੁਪਾਵਣਿ ਐਸਾ ਮੰਤੁ ਗਹਿਆ ॥ ਕਹੁ ਨਾਨਕ ਓੁਨਮਾਨਿ ਹੋਇ ਰਹਿਆ॥੩॥ ਬਹਤਰਿ ਲਾਖ ਚਉਰਾਸੀਹ ਹਜਾਰ॥੭੨੮੪੦੦੦॥ ਸੋਵੰ ਜੁਗ ਸੋਇ ਰਹਿਆ ਅਜੋਨੀ॥ ਅੰਤਰਿ ਸਿਮਰੈ ਬਾਹਰਿ ਭਇਆ ਮੋਨੀ॥ ਅਨਹਦ ਸਬਦਿ ਜਾ ਕਾ ਮਨੁ ਗਹਿਆ॥ ਨਾਨਕ ਸੁਪਾਵਣਿ ਕਾ ਇਹੁ ਮੰਤੁ ਕਹਿਆ॥੪॥ ਸਤਾਹਠਿ ਲਖ ਬਤੀਸਹ ਹਜਾਰ॥੬੭੩੨੦੦੦॥ ਚਿਆ ਜੁਗ ਚਿਆ ਮਨਿ ਆਈ॥ ਨੀਦ ਨਿਵਾਰੀ ਕਥਾ ਸੁਨਾਈ॥ ਗਿਆਨੁ ਰਤਨੁ ਮਨਿ ਮਹਿ ਬੀਚਾਰੀ॥ ਨਾਨਕ ਸੁਪਾਵਣਿ ਮਹਿ ਨੀਦ ਨਿਵਾਰੀ॥੫॥ ਚਉਸਠਿ ਲਾਖ ਅਠਾਰਹ ਹਜਾਰ॥੬੪੧੮੦੦੦॥ ਮੇਘਜੁਗ ਪ੍ਰਭਿ ਘਟਾ ਬਨਾਈ॥ ਨਾਮੁ ਬਾਦੁਰੁ ਬਰਖਾ ਪ੍ਰਭਿ ਲਾਈ॥ ਘੋਰਿ ਘੋਰਿ ਪ੍ਰਭ ਬਰਸਨਿ ਲਾਗੈ॥ ਨਾਨਕ ਸੰਤ ਸਭਾਗੈ॥੬॥ ਸਠਿ ਲਾਖ ਅਠਤਾਲੀਹ ਹਜਾਰ॥੬੦੪੮੦੦੦॥ ਚਿੰਨਭ ਜੁਗ ਆਪਨਾ ਆਪੁ ਚੀਨਾ॥ ਆਪਨ ਖੇਲੁ ਆਪੇ ਹੀ ਕੀਨਾ॥ ਗਗੈ ਗ੍ਰਿਹ ਕਾ ਸੰਜਮੁ ਕਰਿਆ॥ ਨਾਨਕ ਸੁਪਾਵਣਿ ਗਗਾ ਗੋਇ ਧਰਿਆ॥੭॥ ਛਿਪੰਜਹ ਲਾਖ ਸੋਲਹ ਹਜਾਰ॥੫੬੧੬੦੦੦॥ ਨਿਰੰਭਿਆ ਜੁਗ ਨਿਰਭਓੁ ਨਿਰੰਕਾਰਾ॥ ਆਪੇ ਕਥਤਾ ਆਪੇ ਸੁਨਨੈਹਾਰਾ॥ ਅੰਮ੍ਰਿਤੁ ਬਾਣੀ ਜਿਸੁ ਮਨਿ ਆਈ॥ ਸੁਪਾਵਣਿ ਨਾਨਕ ਸਿਓ ਪਾਈ॥੮॥ ਇਕਵੰਜਹ ਲਾਖ ਚਉਰਾਸੀਹ ਹਜਾਰ॥੫੧੮੪੦੦੦॥ ਨਿਰੰਕਾਰ ਜੁਗ ਆਏ ਪ੍ਰਭ ਸੁਆਮੀ॥ ਸਭ ਕਿਛੁ ਜਾਨੈ ਅੰਤਰਿਜਾਮੀ॥ ਕਿਰਣਿ ਕਰਾਣਾ ਨਿਰੰਕਰ ਰਹੰਤਾ॥ ਨਾਨਕ ਸੁਪਾਵਣਿ ਗਾਗਾ ਗਾਵੰਤਾ॥੯॥ ਆਗੈ ਗਗੈ ਕੀ ਪਉੜੀ ਚਾਲੀ॥ ਗਗੈ ਗਣਤੀ ਸਭ ਮਿਟੈ ਗਿਆਨੁ ਬੀਚਾਰਹੁ ਮੀਤ॥ ਸਦਾ ਸਦਾ ਗੋਬਿੰਦੁ ਭਜਹੁ ਗਗਾ ਰਾਖਹੁ ਚੀਤ॥ ਗੋਬਿੰਦ ਕੇ ਗੁਣ ਗਾਵੀਅਹਿ ਗਹਕਿ ਗਹਕਿ ਇਕ ਰੰਗਿ॥ ਨਾਨਕ ਨਓੁ ਜੁਗ ਰਵਿ ਰਹਿਆ॥ ਗੋਬਿੰਦ ਗਗੈ ਸੰਗਿ॥੧॥੧੦॥੩॥ ਧਿਆਓੁ ਗਗੇ ਕਾ ਨਿਬੜਿਆ॥ ਛਿਅ ਕਰੋੜੀ ਇਕੀਸ ਲਾਖ ਤੀਸ ਹਜਾਰ॥੬੨੧੩੦੦੦੦॥ ਗਗੇ ਕਿਆ ਜੁਗ ਕਾ ਜੋੜੁ ਸੁਪਾਵਣਿ ਵਿਚਿ ਗਗਾ ਕੀਤਾ॥ ਅਗੈ ਰਾਰਾ ਚਲਿਆ॥ ਅਤੀਤਵਾਣਿ ਵਿਚਿ ਰਾਰਾ ਕੀਤਾ॥ ਸੈਂਤਾਲੀਹ ਲਾਖ ਬੈਤਾਲੀਹ ਹਜਾਰ॥੪੭੪੨੦੦੦॥ ਸੈਲਜੁਗ ਇਕੁ ਸੈਲੁ ਬਨਾਇਆ॥ ਲਾਲ ਰਤਨੁ ਅੰਤਰਿ ਤੇ ਪਾਇਆ॥ ਰਾਮੁ ਨਾਮ ਜਪਿ ਸਭ ਦੁਖ ਗਇਆ॥ ਨਾਨਕ ਅਤੀਤਵਾਣਿ ਰਾਰਾ ਜਪਿ ਲਇਆ॥੧॥ ਚਾਲੀਸ ਲਾਖ ਬਤੀਸ ਹਜਾਰ॥੪੦੩੨੦੦੦॥ ਪਸੂਆ ਜੁਗਹੋਇ ਰਹਿਆ ਅਜਾਨੁ॥ ਸੁਖ ਹੁਨ ਬੋਲੈ ਅੰਤਰਿ ਧਿਆਨੁ॥ ਹਾਰੈ ਰਹਤ ਪਸੂ ਕੀ ਕੀਨੀ॥ ਨਾਨਕ ਅਤੀਤਵਾਣਿ ਮਹਿ ਸਭ ਬਿਧਿ ਚੀਨੀ॥੨॥ ਅਠਤਹ ਲਾਖ ਅਠਾਸੀ ਹਜਰ॥ ੩੮੮੮੦੦੦॥ ਸ੍ਰੀ ਜਾਮ ਜੁਗ ਸ੍ਰੀ ਜਾਮ ਬਨਾਇਆ॥ ਦੀਨੀ ਭਗਤਿ ਨਵ ਨਿਧਿ ਮਾਇਆ॥ ਪੰਚਿ ਮਾਹਿ ਚਿਤੁ ਹਰਿ ਸਿਓੁ ਰਚਿਆ॥ਨਾਨਕ ਰਾਰੇ ਰਾਮ ਨਾਮੁ ਅਖਿਆ॥੩॥ ਚਉਤੀਸ ਲਾਖਛਪੰਜਹ ਹਜਾਰ ॥੩੪੫੬੦੦੦॥ ਅਕਿਰਤਿ ਜੁਗ ਅਕਿਰਤਿਘਣ ਮਾਰੇ॥ਅਠਿਸਠਿ ਕੀਨੇ ਦੀਏ ਕਿਵਾਰੇ॥ ਜਿਸੁ ਭਣਵੈ ਤਿਸੁ ਜੰਦੇ ਖੋਲੈ॥ ਨਾਨਕ ਅਤੀਤਵਾਣਿ ਮਹਿ ਸਤਿਗੁਰ ਟੋਲੈ॥੪॥ ਪਚੀਸ ਲਾਖ ਬਾਨਵੈ ਹਜਾਰ॥੨੫੯੨੦੦੦॥ ਨਿਸੰਕ ਜੁਗ ਹੋਇ ਰਹਿਆ ਨਿਸੰਕਾ॥ ਜਪੀਐ ਹਰਿ ਹਰਿ ਮਿਟਹਿ ਕਲੰਕਾ॥ਨਾਮ ਨਿਰਜੰਨੁ ਮਾਨਿਆ॥੫॥ ਚਉਵੀਸ ਲਾਖ ਚਓਸਠਿ ਹਜਾਰ ॥੨੪੬੪੦੦੦॥ ਸਲੋਕੁ ਜੁਗ ਬਹਿ ਕਰਤ ਸਲੋਕਾ॥ ਕੀਨੀ ਭਗਤਿ ਨਾਮ ਦਾਨੁ ਇਹੁ ਲੋਕਾ॥ ਕਹੁ ਨਾਨਕ ਇਹ ਅਚਰਜੁ ਕੀਨਾ॥ ਅਤੀਤਵਾਣਿ ਮਹਿ ਰਾਮ ਨਾਮ ਚੀਨਾ॥੬॥ਤੇਈਸ ਲਾਖ ਪੈਤਾਲੀਹ ਹਜਾਰ ॥੨੩੪੫੦੦੦॥ ਤਰਲ ਜੁਗੁ ਤਿਹੁ ਮਹਿ ਪਰਧਾਨੁ॥ ਪੰਚਾ ਸੇਤੀ ਰਸਿ ਮਨੁ ਮਾਨੁ॥ ਨਵਗ੍ਰਹ ਜਪਤੇ ਅਵਰ

ਸਤਾਈ॥ ਨਾਨਕ ਅਤੀਤਵਾਣਿ ਐਸੀ ਮਤਿ ਪਾਈ॥੭॥ਬਾਈਸਹ ਲਾਖ ਛਪੰਜਾਹ ਹਜਾਰ ॥੨੨੫੬੦੦੦॥ ਖਲਲ ਜੁਗ ਖਲਲੁ ਪ੍ਰਭਿ ਕਰਿ ਧਰਿਨਾ॥ ਕਹੁ ਨਾਨਕ ਖਲਾਲੁ ਪ੍ਰਭ ਕੀਨਾ॥ ਅਰੰਭ ਜੁਗ ਕਾ ਅਹਰੁ ਕੀਨਾ॥੮॥ ਇਕੀਸ ਲਾਖ ਸਠਿ ਹਜਾਰ ॥੨੧੬੦੦੦੦॥ ਅਰੰਭ ਜੁਗ ਅਰੰਭ ਕਰਾਏ॥ ਬ੍ਰਹਮ ਬਿਸਨੁ ਮਹੇਸੁ ਉਪਾਏ॥ ਰਚਨਾ ਗਨਤੀ ਗਨੀ ਨਾ ਜਾਈ॥ਨਾਨਕ ਆਰੰਭ ਜੁਗ ਕੀ ਸਾਖੁ ਸੁਨਾਈ ॥੯॥ ਆਗੈ ਰਾਰੇ ਕੀ ਪਉੜੀ ਚਲੀ॥ ਰਾਰਾ ਰੇ ਮਨ ਜਪਹੁ ਨਾਮ ਰਾਹੁ ਲਾਗੈ ਹੋਵਹੁ ਸਭ ਚਰਨਾ॥ ਰਿਦਾਨਿਵਾਰੁ ਏਕ ਬੂਝੈ ਕਹਾ ਬੀਚਾਰੁ ਵਰਨਾ॥ ਵਰਨ ਅਵਰ ਨ ਸਭ ਆਪੇ ਕੀਏ ਸਭ ਮਹਿ ਆਪੇ ਬਸਿਆ॥ ਨਾਨਕ ਨਵਜੁਗ ਆਪਿ ਪ੍ਰਭੁ ਹਾਰੇ ਸੰਗਿ ਰਸਿਆ॥੧॥੪॥ ਧਿਆਉ ਰਾਰੇ ਕਾ ਨਿਬੜਿਆ॥ ਦੁਇ ਕਰੋੜੀ ਬਿਆਸੀਹ ਲਾਖ ਅਠਾਈਹ ਹਜਾਰ॥੨੮੨੨੮੦੦੦॥ ਰਾਰੇ ਕਿ ਜੁਗ ਕਾ ਜੋੜੁ॥ ਅਤੀਤਵਾਣਿ ਵਿਚਿ ਰਾਰਾ ਕੀਤਾ॥ ਅਖਰ ਅਖਰ ਕਾ ਜੋੜੁ॥ ਮਿਰਜਾਦਾ ਨਵਨਵ ਜੁਗਾ ਕਾ ਜੋੜੁ ਸੰਪੂਰਨ ਸਹੀ ਵਵੇ ਹਹੇ ਗਗੇ ਰਾਰੇ ਕਾ ਜੋੜੁ॥ਤੇਰਾਹ ਕਰੋੜੀ ਚਉਹਤਰਿ ਲਾਖ ਬਤੀਸ ਹਜਾਰ ਵਾਵੇ ਕਾ ਜੋੜੁ॥੧੩੭੪੩੨੦੦੦॥ ਨਉਕਰੋੜੀ ਉਣਾਸੀ ਲਾਖ ਚਉਦਾ ਹਜਾਰ॥੯੭੯੧੪੦੦੦॥ਹਾਹੇ ਕਾ ਜੋੜੁ॥ ਛਅ ਕਰੋੜੀ ਇਕੀਸ ਲਾਖ ਤੀਸ ਹਜਾਰ॥ ਗਗੇ ਕਾ ਜੋੜੁ॥੬੨੧੩੦੦੦੦॥ ਦੁਇ ਕਰੋੜੀ ਬਿਆਸੀਹ ਲਾਖ ਆਠਾਈਹ ਹਜਾਰ॥ ਰਾਰੇ ਕਾ ਜੋੜੁ॥੨੮੨੨੮੦੦੦॥ ਛਤੀਹਾ ਜੁਗਾ ਕਾ ਜੋੜੁ॥ ਬਤੀਸ ਕਰੋੜੀ ਛਪੰਜਹਹ ਲਾਖ ਨੜਿੰਨਵੈ ਹਜਾਰ॥੩੨੫੬੯੯੦੦੦॥ ਵਾਹਗੁਰੂ ਕਾ ਜੋੜੁ ਆਇਆ॥ਛਤੀਸ ਜੁਗਾ ਕਾ ਜੋੜੁ ਆਇਆ॥ ਛਤੀਸ ਜੁਗ ਧੁੰਧੂਕਾਰ ਕੈ ਹੋਇ ਮੁਕੈ॥ਅਗੈ ਚਰਿ ਜੁਗ ਚਲੇ॥ ਚਹੁ ਜੁਗਾ ਕਾ ਵਰਤੁੰਤੁ ਚਲਿਆ॥ ਸਤਾਰਹ ਲਖ ਅਠਾਈਹ ਹਜਾਰ ੧੭੨੮੦੦੦॥ ਸਤਿਜੁਗਿ ਸਤਿ ਸੰਤੋਖੁ ਉਪਾਇਆ॥ ਸਤਿ ਸਤਿ ਕਰਿ ਸਾਸੁ ਕਮਾਇਆ॥ਸਤਿ ਧਰਮੁ ਦੁਇ ਅੰਤਰਿ ਮਾਨਿਆ ਨਾਨਕ ਸਤਿਜੁਗਿ ਬੋਲੈ ਗਿਆਨੈ॥੧॥ ਬਾਰਹ ਲਖ ਛਿਨਵੈ ਹਜਾਰ ੧੨੯੬੦੦੦॥ ਤੇਤੈ ਜੁਗਿ ਤੈ ਗੁਣ ਪ੍ਰਗਟਾਨੇ ਸਤੁ ਧਰਮੁ ਆਨਿ ਰਖੈ ਸਮਾਨੇ॥ ਹਿਸੇ ਤੀਨ ਸਭੋ ਕਿਛੁ ਰਹਿਆ। ਨਾਨਕ ਤੇਤੈ ਜੁਗਿ ਇਉ ਕਰਿਆ॥੨॥ਅਠ ਲਖ ਚੌਸਠ ਹਜਾਰ੮੬੪੦੦੦॥ਦੁਆਪਰਿ ਜੁਗਿ ਮਹਿ ਦੁਇ ਚਤ ਕੀਨੇ ਲੁਣਨੁ ਰਹਣੁ ਦੁਇ ਵੇਕੀ ਦੀਨੇ। ਮਾਸ ਦੁਇ ਦਿਨੁ ਰੈਣਿ ਉਪਾਇ।ਨਾਨਕ ਦੁਆਪਰਿ ਆਖ ਸੁਣਾਇ।੩। ਚਾਰਿ ਲਾਖ ਬਤੀਸ ਹਜਾਰ ੪੩੨੦੦੦ ਕਲਿਜੁਗਿ ਮਹਿ ਸਭ ਕਲਾ ਘਟਾਈ। ਬੀਜੇ ਬੀਜ ਕੋ ਕਰਮੀ ਖਾਈ। ਕਲਿ ਕਾਲੀ ਮਹਿ ਸਾਧੁ ਕੋ ਰਹਿਤਾ। ਕਹੁ ਨਾਨਕ ਇਉ ਕਲਿ ਜੁਗਿ ਰਹਤਾ।੪। ਚਹੁ ਜੁਗਾ ਕਾ ਜੋੜੁ॥ ਤਿਤਲੀ ਲਾਖ ਵੀਸ ਹਜਾਰ ॥੪੩੨੦੦੦੦॥ ਸਤਜੁਗ ਕਾ ਜੋੜ॥ ਸਤਾਰਹ ਲਾਖ ਅਠਾਈਹ ਹਜਾਰ ॥੧੭੨੮੦੦੦॥ ਤੇਤੇ ਕਾ ਜੋੜੁ ਬਾਰਹਲਖ ਛਿਨਵੈਹਜਾਰ ॥੧੨੯੬੦੦੦॥ ਦੁਆਪੁਰਿ ਕਾ ਜੋੜੁ ਅਠ ਲਾਖ ਚਓਸਠਿ ਹਜਾਰ॥੮੬੪੦੦੦॥ ਕਲਿਜੁਗ ਕਾ ਜੋੜੁ ਚਰਿ ਲਖ ਬਤੀਸਹ ਹਜਾਰ ॥੪੩੨੦੦੦॥ ਆਗੇ ਚਹੁ ਅਖਰਾ ਕੀ ਕਿਆਮਿਤਿ ਜਾਨਾ॥ ਚਾਰਿ ਅਖਰ ਦਰਗਹ ਪਰਵਾਨਾ॥ ਵਵੇ ਹਾਹੇ ਗਗੇ ਰਾਰੇ॥ ਅਖਰ ਗੁਰਮੁਖਿ ਚਾਰਿ ਪਿਆਰੇ॥ ਆਪੇ ਗੁਰਮੁਖਿ ਆਪੇ ਸਿਖਿਆ॥ ਨਾਨਕ ਵਾਹ ਵਾਹਗੁਰੂ ਕਰਿ ਰਖਿਆ॥੧॥ ਚਾਲੀਸ ਜੁਗ ਚਾਰਿਅਖਰ ਮਥੇ॥ਆਗੈ ਨਾਨਕ ਕਾ ਨਾਉ ਕਿਆ ਕਿਧਰਇਆ॥ਨਾਨਕ ਕਿਉ ਕਰਿ ਨਾਉ ਧਰਾਇਆ॥ ਵਾਹੁਗੁਰੂ ਕਿਉ ਕਰਿ ਜਪਇਆ॥ ਕਲਿਜੁਗ ਮਹਿ ਕਿਉ ਕਰਿ ਪ੍ਰਗਟਿਅਇਆ॥੨॥ ਨਾਨਾ ਨਾਵ ਨਵਜੁਗ ਨਵਾ ਨੇਹੁ ਨਿਹਾਰੇ ਨੀਤਿ॥ ਨੰਨਾ ਨਾਨਾ ਹੋਇ ਰਹਿਆ

ਨਾਰਾਇਣਿ ਸੰਗਿ ਪ੍ਰੀਤਿ॥ ਨਾਨਾ ਬਿਧਿ ਲਿਖਿਆ ਨ ਜਾਇ ਨੀਕੀ ਹੂਤੇ ਨਾਨੁ ਨਾਨੇ ਕਉ ਜਬਿ ਮਿਲੇ ਤਬਿ ਨਾਨਕ ਰਖਿਆ ਨਾਮੁ॥੩॥ ਸਸੈ ਸਤਿਗੁਰੂ ਮਥਿ ਕੀਨਾ॥ ਸਤਿ ਸਤਿ ਬਹਿਆ ਪੇਚੀਨਾ॥ ਨਾਰਦ ਕਉ ਲੇ ਸਸਾ ਦੀਆ॥ ਨਾਰਦਿ ਸਭਿ ਸਭਿ ਕਰਿ ਲੀਆ॥ ਨਾਰਦਿ ਸਤਿਜੁਗ ਭਗਤਿ ਕਾਮਾਈ॥ ਸਤਿ ਸਤਿ ਕਰਿ ਹਰਿ ਲਿਵ ਲਾਈ॥ ਤਤਾ ਤੇਤੇ ਜੁਗਿ ਪਰਧਨਾ॥ ਤ੍ਰੈ ਗੁਣ ਪ੍ਰਗਟੇ ਏਕਸਮਾਨਾ॥ ਨਲ ਕਸ ਭਗਤੁ ਲੇ ਨਾਮੁ ਭਗਤਿ ਕਮਾਈ॥ ਤੇਤੇ ਜੁਗ ਕੀ ਕਥਾ ਸੁਨਾਈ॥੫॥ਦੁਆਪੁਰਿ ਕਾਮ ਕੋਰਧੁ ਦੁਇ ਮਾਰੇ॥ ਕੀਨੀ ਭਗਤਿ ਹਰਿ ਕੈ ਦਰਬਾਰੈ॥ ਨਿਰਿਕੁੰਠੁ ਭਗਤੁ ਲੇ ਨਾਮੁ ਧਰਾਇਆ॥ ਨਾਨਕ ਦੁਆਪੁਰਿ ਆਖਿ ਸੁਣਾਇਆ॥੬॥ ਕਲਿਜੁਗ ਮਹਿ ਕੀਰਤੰਨੁ ਪਰਧਾਨੁ॥ ਗਿਆਨੁ ਸ੍ਰੇਸਟੁ ਉਤਮੁ ਇਸਨਾਨੁ॥ ਕਲਿਜੁਗ ਮਹਿ ਨਾਨਕੁ ਨਾਮੁ ਧਰਾਇਆ॥ ਵਾਹ ਵਾਹਗੁਰੂ ਕਾ ਮਤੁ ਜਪਾਇਆ॥ ਆਇਆ ਸਫਲੇ ਇਕੁ ਪਛਾਨਿਆ ਮੰਤੁ॥ ਆਈ ਪੰਥੀ ਕੀ ਕਥਾ ਕਉ ਬਿਰਲਾ ਬੂਝੈ ਸੰਤ॥ ਨਾਨਕ ਤੇ ਅੰਗਦੁ ਹੋਆ ਜੋਤੀ ਜੋਤਿ ਮਿਲਾਇ॥ ਨਾਨਕ ਆਈ ਪੰਥ ਕੇ ਕਿਆ ਗੁਨ ਕਹਾ ਸੁਨਾਇ॥ ਆਈ ਪੰਥ ਕੀ ਕਥਾ ਸੁਰ ਨਰ ਨ ਜਾਨਿਤਾ॥ ਜੁਗਾਵਲੀ ਲਿਖਿ ਸੰਪੂਰਨ ਹੋਈ॥ ਬੋਲਹੁ ਵਾਹਗੁਰੂ॥ ਸਤਿਗੁਰੂ ਪ੍ਰਸਾਦਿ॥ ਤਬ ਬਾਬੇ ਦੀ ਖੁਸੀ ਹੋਈ॥ ਤਬ ਝੰਡਾ ਬਾਢੀ ਬਿਸਹਰ ਦੇਸ ਕਉ ਬਿਦਾ ਕੀਤਾ॥ ਝੰਡੇ ਬਾਢੀ ਕੀ ਮੰਜੀ ਬਿਸੀਆਰ ਦੇਸ ਵਿਚਿ ਹੈ॥ ਕਲਿਜੁਗੁ ਚਾਰ ਹਜਾਰ ਸਤ ਸੈਂ ਪੈਂਤੀਸ ਬਰਸ ਵਰਤਿਆ ਹੈ॥੪੭੩੫॥ ਕਲਿਜੁਗ ਰਹਿਆ॥ ਚਾਰਿ ਲਾਖ ਸਤਾਈਹ ਹਜਾਰ ਦੁਇਸੈ ਪੈਂਹਠਿ ਬਰਸ ਰਹਿਆ॥੪੨੭੨੬੫॥ ਚਾਲੀ ਜੁਗ ਕੀ ਮਿਰਜਾਦਾ ਸੰਤੁ ਲਿਖੀ॥ ਵਾਹਗੁਰੂ ਕੀ ਮਿਹਨਿਤਿ॥ ਅਗੈ ਵਾਹਗੁਰੂ ਕਾ ਜੋੜੁ ਸਹਜਿਵਾਣਿ ਕਾ ਜੋੜੁ॥੧੩੭੪੩੨੦੦੦॥ ਸੰਜਮਵਾਣਿ ਕਾ ਜੋੜੁ॥੯੭੯੧੪੦੦੦॥ ਸੁਪਾਵਣਿ ਕਾ ਜੋੜੁ॥੬੨੧੩੦੦੦੦॥ਅਤੀਤਵਾਣਿ ਕਾ ਜੋੜੁ॥੨੯੨੨੮੦੦੦੦॥ ਸਤਿਜੁਗ ਕਾ ਜੋੜੁ॥੧੭੨੮੦੦੦॥ਤੇਤੇ ਜੁਗ ਕਾ ਜੋੜੁ॥੧੨੪੬੦੦੦॥ ਦੁਆਪੁਰਿ ਜੋਗ ਕਾ ਜੋੜੁ॥੮੬੪੦੦੦॥ਕਲਿਜੁਗ ਕਾ ਜੋੜੁ ੪੩੨੧੦੦॥ ਚਹੁ ਜੁਗ ਕਾ ਜੋੜੁ ੪੩੦੨੦੦੦॥ ਜੁਗਾਵਲੀ ਕਾ ਜੋੜੁ॥ ਝੰਡੇ ਬਾਢੀ॥ ਸਹਿਜਵਾਣਿ ਕੀ ਮਿਰਜਾਦਾ॥ ਸੰਜਮਵਾਣਿ ਕੀ ਮਿਰਜਾਦਾ॥ ਅਤੀਤਵਾਣਿ ਕੀ ਮਿਰਜਾਦਾ॥ ਸਤਜੁਗ ਕੀ ਮਿਰਜਾਦਾ॥ ਤੇਤੇਜੁਗ ਕੀ ਮਿਰਜਾਦਾ॥ ਦੁਆਪੁਰਿ ਜੁਗ ਕੀ ਮਿਰਜਾਦਾ॥ ਕਲਿਜੁਗ ਕੀ ਮਿਰਜਾਦਾ॥ ਵਾਹੁਗੁਰੂ ਕੀ ਮਿਹਨਤ ਹੋਇ ਪਹੁਤੀ॥ ਆਦਿ ਬਿਸਿਆਰ ਦੇਸ ਕੇ ਨਗਰ ਛਠ ਘਾਟ ਕੇ॥[562]

।[563]॥ ਤਬ ਬਾਬਾ ਅਤੇ ਮਰਦਾਨਾ ਉਥਹੁ ਰਵਦੇ ਰਹੇ॥ ਜੋ ਜਾਦੇ ਜਾਦੇ ਵਡੀ ਉਜਾੜਿ ਵਿਚਿ ਜਾਇ ਪਏ॥ ਤਬ ਉਥੈ ਕੋਈ ਮਿਲੈ ਨਾਹੀ॥ ਤਬਿ ਮਰਦਾਨੇ ਨੂੰ ਬਹੁਤੁ ਭੁਖਿ ਲਾਗੀ॥ ਤਾ ਮਰਦਾਨੇ ਆਖਿਆ॥ ਸੁਹਾਣਿ ਤੇਰੀ ਭਗਤਿ ਨੂ ਅਸੀ ਡੂਮ ਸੇ ਮੁਲਖ ਦੇ ਟੂਕੜੇ ਮੰਗਿ ਖਾਦੇ ਥੇ॥ ਉਥਹੁ ਭੀ ਗਵਾਇਆ॥ ਅਸੀ ਤਾ ਵਡੀ ਉਜਾੜਿ ਵਿਚਿ ਆਇ ਪੈਇ ਹਾ॥ {[565],[564]ਕਦੇ[564] ਖੁਦਾਇ ਕਾਢੈ ਤਾ ਨਿਕਲਹਿ[565]}॥ ਹੁਣਿ ਕੋਈ ਸੀਹੁ ਬੁਕਿ ਪਵੈਗਾ ਤਾ ਮਾਰਿ **ਜਾਵੈਗਾ**[566] ॥ ਤਬਿ ਬਾਬੇ ਆਖਿਆ॥ ਮਰਦਾਨਿਆ॥ ਤੇਰੇ ਨੇੜੈ ਕੋਈ ਨਾਹੀ

---

[562] ਇਹ ਪਾਠ ੲ:ਸ: ਵਿਚ ਦਰਜ ਨਹੀਂ ਹੈ

[563] ਹ: 30.ਮਰਦਾਨੇ ਦੀ ਭੁਖ ਗਵਾਈ

[564] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[565] ਇਹ ਪਾਠ ਅ ਵਿਚ ਦਰਜ ਨਹੀਂ ਹੈ

[566] ੲ : ਗਵਾਵੈਗਾ

ਆਵਦਾ [567]ਪਰ ਤੂ[567] ਉਸੀਆਰੁ ਹੋਹੁ। ਆਖਿਓਸੁ [568]ਜੀ[568] ਕਿਉ ਕਰਿ ਉਸੀਆਰੁ ਹੋਵਾ ਉਜਾੜਿ ਵਿਚਿ ਆਇ ਪਾਇਆ॥ ਤਬ ਬਾਬੇ ਆਖਿਆ॥ ਮਰਦਾਨਿਆ ਅਸੀ ਓਜਾੜਿ ਵਿਚਿ ਨਾਹੀ॥ [569]ਅਸੀ[569] ਵਸਦੀ ਵਿਚਿ ਹਾਂ॥ ਜਿਥੇ ਨਾਂਉ ਚਿਤਿ ਆਂਵਦਾ ਹY [[570]] । [571]ਓਥੈ[571] ਬਾਬੇ ਸਬਦੁ ਬੋਲਿਆ। ਰਾਗੁ ਆਸਾ ਵਿਚਿ॥ ਮ:1॥

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਵੇਸ ਭਏ॥੧॥
ਤਉ ਕਾਰਣਿ ਸਾਹਿਬਾ ਰੰਗਿ ਰਤੇ ਦਰਵੇਸ ਭਏ॥
ਤੇਰੇ ਨਾਮ ਅਨੇਕ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥੧॥ਰਹਾਉ॥
ਦਰਿ ਘਰ ਮਹਿਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ॥
ਪੀਰੰ ਪੈਕੰਬਰ ਸਾਲਕ ਸਾਦਕ ਛੋਡੀ ਦੁਨੀਆ ਥਾਇ ਪਏ॥੨॥
ਸੁਆਦ ਸਹਜ ਸੁਖ ਰਸ ਕਸ ਤਜੀਅਲੈ ਕਪੜਿ ਛੋਡੇ ਚਮੜਿ ਲੀਏ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ॥੩॥
ਲਕਰੀ ਚਮਰੀ ਖਲਰੀ ਖਪਰੀ ਸਿਖਾ ਸੂਤ ਧੋਤੀ ਕੀਨੀ॥
ਤੂੰ ਸਾਹਿਬ ਹਉ ਸੁਆਂਗੀ ਤੇਰਾ ਨਾਨਕੁ ਭਗਤਾ ਜਾਤਿ ਕੈਸੀ॥੪॥ (ਗੁ.ਗ੍ਰੰ.ਸਾ. ਪੰਨਾ ੩੫੮)

ਤਬਿ ਬਾਬੇ ਆਖਿਆ॥ਮਰਦਾਨਿਆ [572]ਸਬਦੁ ਚਿਤਿ ਕਰਿ[572] [573]ਤਉ ਬਾਝੂ ਬਾਣੀ ਸਰਿ ਨਾਹੀ ਆਵਦੀ[573] । [574]ਤਬਿ ਗੁਰੂ ਬਾਬੇ ਆਖਿਆ ਮਰਦਾਨਿਆ[574] ਰਬਾਬੁ ਵਜਾਇ। ਤਬ ਮਰਦਾਨੈ ਆਖਿਆ [575]ਜੀ[575] ਮੇਰਾ ਘਟੁ ਭੁਖ ਦੈ ਨਾਲਿ ਮਿਲਿ ਗਇਆ ਹੈ॥ ਮੈ ਇਹੁ ਰਬਾਬੁ ਵਜਾਇ ਨਾਹੀ ਸਕਦਾ। ਤਬ ਬਾਬੈ ਆਖਿਆ ਮਰਦਾਨਿਆ ਚਲੁ ਪਿਛੈ ਕਿਸੈ ਵਸਦੀ ਜਾਹਾਂ।ਅਜੀ ਮੈਂ ਵਸਦੀ ਭੀ ਨਹੀ ਜਾਇ ਸਕਦਾ। ਮੇਰਾ ਭੁਖ ਨਾਲਿ ਘਟੁ ਮਿਲਿ ਗਇਆ ਹੈ॥ ਹਉ ਮਰਦਾ ਹਾ।ਤਬਿ ਬਾਬੇ ਆਖਿਆ ਮਰਦਾਨਿਆ। ਹਉ ਤੈਨੂ ਆਈ ਬਿਨਾ ਮਰਣਿ ਨਾਹੀ ਦੇਦਾ। ਉਸੀਆਰੁ ਹੋਹੁ। {[578], [576]ਤਬਿ ਮਰਦਾਨੇ[576] ਆਖਿਓਸੁ ਜੀ [577]ਹਉ[577] ਕਿਉ ਕਰਿ ਓਸੀਆਰੁ ਹੋਵਾ॥ ਹਉ ਮਰਦਾ ਹਾਂ। ਜੀਵਣੈ ਦੀ ਗਲਿ ਰਹੀ[578]}।।[579]॥ ਤ ਬਾਬੇ ਆਖਿਆ॥

567 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
568 ਇਹ ਪਾਠ ੲ ਵਿਚ ਦਰਜ ਨਹੀਂ ਹੈ
569 ਇਹ ਪਾਠ ਅ:ੲ ਵਿਚ ਦਰਜ ਨਹੀਂ ਹੈ
570 ਅ: ੲ : ਸ: ਸੋ ਵਸਦੀ ਹੈ।ਤਬ ਗੁਰੂ ਬਾਬਾ ਸਬਦੁ ਬੋਲਿਆ।ਮਰਦਾਨਿਆ ਸਿਧ ਸਾਧਿਕ ਤੇਤੀਸ ਕਰੋੜਿ ਦੇਵਤੇ ਇਸ ਨਾਵੈ ਨੂ ਢੂੰਢਦੇ ਹੈਨਿ।ਤਬ
571 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
572 ਇਹ ਪਾਠ ੲ ਵਿਚ ਦਰਜ ਨਹੀਂ ਹੈ
573 ਇਹ ਪਾਠ ਅ ਵਿਚ ਦਰਜ ਨਹੀਂ ਹੈ
574 ਇਹ ਪਾਠ ੲ ਵਿਚ ਦਰਜ ਨਹੀਂ ਹੈ
575 ਇਹ ਪਾਠ ਅ :ੲ : ਸ ਵਿਚ ਦਰਜ ਨਹੀਂ ਹੈ
576 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
577 ਇਹ ਪਾਠ ੲ ਵਿਚ ਦਰਜ ਨਹੀਂ ਹੈ
578 ਇਹ ਪਾਠ ਅ ਵਿਚ ਦਰਜ ਨਹੀਂ ਹੈ

ਮਰਦਾਨਿਆ। ਇਸ ਰੁਖ ਦੇ ਫਲ ਖਾਹਿ॥ ਪਰੁ ਰਜਿ ਕੈ ਖਾਹਿ॥ ਜਿਤਨੇ ਖਾਇ ਸਕਦਾ ਹੈ॥ ਪਰੁ [580]ਹੋਰ[580] ਪਲੈ ਬੰਨਿ ਨਾਹੀ। [581]ਤਬਿ ਮਰਦਾਨੇ ਆਖਿਆ ਜੀ ਭਲਾ ਹੋਵੈ। ਤਾ[581] ਮਰਦਾਨਾ ਲਾਗਾ ਖਾਣਿ॥ ਫਲਾ ਕਾ ਸੁਆਦੁ ਆਇਓਸੁ ਆਖੈ ਹੋਵੈ ਤਾ ਸਭੈ ਖਾਇ ਲਈ। ਫਿਰਿ ਹਥਿ ਆਵਨਿ ਕਿ ਨਾ ਆਵਨਿ। ਕੁਛ ਪਲੈ ਭੀ ਬੰਨਿ ਲੇਈ॥ ਮਤੁ ਹਥਿ ਆਵਿਨ [582]ਕਿ[582] ਨਾ ਆਵਨਿ । ਤਬਿ [583]ਮਰਦਾਨੇ ਆਖਿਆ॥ ਭੁਖ ਲਗੈਗੀ ਤਾ ਖਾਵਾਗਾ[583] । ਮਰਦਾਨੈ ਪਲੈ ਭੀ ਬਨਿ ਲਏ। ।[584]॥ ਮਰਦਾਨੇ **ਨੂ**[585] ਭੁਖ ਲਗੀ। ਤਾ ਆਖਿਓਸੁ ਕੁਛੁ ਖਾਵਾ। ਜਾ ਮੁਹਿ ਪਾਏ ਤਾ ਉਤੈ ਵੇਲੈ ਢਹਿ ਪਇਆ। ਤਬ ਬਾਬੇ ਆਖਿਆ ਕਿਆ ਹੋਆ ਵੇ ਮਰਦਾਨਿਆ॥ ਜੀਉ ਪਾਤਿਸਾਹ ਤੁਧੁ ਆਖਿਆ ਸੀ ।[586]॥ ਸੋ ਖਾਹਿ ਵਧਦੇ ਪਲੈ ਬੰਨਿ ਨਾਹੀ॥ ਮੈ ਆਖਿਆ॥ ਕੁਛ ਪਲੈ ਭੀ ਬੰਨਿ ਲਈ॥ ਮਤੁ ਹਥਿ ਆਵਨਿ ਕਿ ਨਾ ਆਵਨਿ॥ ਸੋ ਮੈ ਮੁਹਿ ਪਾਏ ਸਿਨਿ॥ ਮੇਰਾ ਏਹੁ ਹਵਾਲੁ ਹੋਇ ਗਇਆ ।[587]॥।ਤਬਿ ਬਾਬੇ ਆਖਿਆ ਮਰਦਾਨਿਆ॥ ਤੁਧੁ ਬੁਰਾ ਕੀਤਾ ਸੀ ਜੋ ਮੁਹਿ ਪਾਏ ਸਨਿ॥ ਏਹੁ ਬਿਖ ਫਲ ਸਨਿ॥ [588]ਪਰੁ ਬਚਨ ਕਰਿਕੈ ਅੰਮ੍ਰਿਤ ਫਲ ਹੋਇ ਸਨਿ[588] । ਤਬ ਬਾਬੈ ਮਥੈ ਉਪਰਿ ਪੈਰੁ ਰਖਿਆ॥ ਤਬ ਚੰਗਾ ਭਲਾ ਹੋਆ॥ ਉਠਿ ਬੈਠਾ। ਤਬਿ ਮਰਦਾਨੈ ਆਖਿਆ॥ ਸੁਹਾਣੁ ਤੇਰੀ ਭਗਤਿ ਨੂ॥ ਅਤੈ ਤੇਰੀ ਕਮਾਈ ਨੂੰ॥ ਅਸੀ ਤਾ ਡੂਮ ਮੰਗਿ ਪਿਨਿ ਖਾਧਾ ਲੋੜਹਾ। ਤੂੰ ਅਤੀਤੁ ਮਹਾਪੁਰਖੁ ਖਾਹਿ ਪੀਵਹਿ ਕਿਛੁ ਨਾਹੀ॥ ਅਤੈ ਵਸਦੀ ਵੜੈ ਨਾਹੀ॥ ਹਉ ਕਿਉ ਕਰਿ ਤੁਧੁ ਨਾਲਿ ਰਹਾ। ਅਸਾਨੂ ਵਿਦਾ ਕਰਿ। ਤਬਿ ਬਾਬੇ ਆਖਿਆ ਮਰਦਾਨਿਆ ਮੇਰੀ ਬਹੁਤੁ ਖੁਸੀ ਹੈ॥ ਤੁਧੁ ਉਪਰਿ ਤੂੰ ਕਿਉ ਵਿਦਾ ਮੰਗਦਾ ਹੈ [589]ਮੈਥਾਵਹੁ[589] । ਤਬਿ ਮਰਦਾਨੇ ਆਖਿਆ ਸੁਹਾਣੁ ਤੇਰੀ ਖੁਸੀ ਨੁ ਪਰੁ ਮੇਰੀ ਵਿਦਾ ਕਰਿ। ਹਉ ਆਪਣੇ ਘਰਿ ਜਾਵਾ। ਤਬ ਬਾਬੇ ਆਖਿਆ। [590]ਮਰਦਾਨਿਆ[590]॥ ਕਿਵੈ ਰਹੈ ਭੀ॥ ਮਰਦਾਨੈ ਆਖਿਆ॥ [591]ਹਉ[591] ਤਾਂ ਰਹਾਂ ਜੇ ਮੇਰੀ ਭੁਖ ਗਵਾਵਹਿ॥ ਜੋ ਤੇਰਾ ਅਹਾਰੁ ਹੋਵੈ ਸੋ ਮੇਰਾ ਹੋਵੈ॥ [592]ਸੋ ਮੇਰਾ ਅਹਾਰੁ ਕਰਹਿ[592] ।[593]॥ । ਜੋ ਤੂ ਏਹਾ ਕੰਮੁ ਕਰਹਿ ਤਾ ਤੇਰੇ ਨਾਲਿ ਰਹਾਂ। ਜਾ ਇਹੁ ।[594]॥ ਬਚਨੁ ਕਰਹਿ॥ ਜੋ ਮੇਰੇ ਕਰਮ ਭੀ ਨਾ ਬੀਚਾਰਹਿ॥ ਤਾ ਹਉ ਤੇਰੈ ਨਾਲੇ ਰਹਾ। ਜੇ ਇਹੁ ਤੂ ਕੰਮੁ ਕਰੇ ਨਾਹੀਂ ਤਾਂ ਮੈਨੂੰ ਵਿਦਾ ਕਰਿ। ਤਬਿ ਗੁਰੂ ਬਾਬੇ

---

579 ਹ: ਤਬ ਮਰਦਾਨ ਆਖਿਆ: 'ਜੀ ਮੈਨੂੰ ਦੁਖ ਨ ਦੇਇ
580 ਇਹ ਪਾਠ ਅ ਵਿਚ ਦਰਜ ਨਹੀਂ ਹੈ
581 ਇਹ ਪਾਠ ਅ :ੲ : ਸ ਵਿਚ ਦਰਜ ਨਹੀਂ ਹੈ
582 ਇਹ ਪਾਠ ੲ ਵਿਚ ਦਰਜ ਨਹੀਂ ਹੈ
583 ਇਹ ਪਾਠ ਅ:ਸ ਵਿਚ ਦਰਜ ਨਹੀਂ ਹੈ
584 ਹ: ਜਾਂਦੇ ਜਾਂਦੇ
585 ਹ: ਫਿਰ
586 ੲ : ਸ : ਜੋ ਖਾਹਿ
587 ੲ : ਹੈ
588 ਇਹ ਪਾਠ ੲ ਵਿਚ ਦਰਜ ਨਹੀਂ ਹੈ
589 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
590 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
591 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
592 ਇਹ ਪਾਠ ੲ ਵਿਚ ਦਰਜ ਨਹੀਂ ਹੈ
593 ਅ: ਜੁ ਅਗੇ ਮੇਰੇ ਨਾਲੋ ਵਿਛੜਹਿ ਨਾਹਿ
594 ੲ : ਸ : ਭੀ

ਆਖਿਆ ਜਾਹਿ ਵੈ ਮਰਦਾਨਿਆ॥ ਤੂ ਦੀਨ ਦੁਨੀਆ ਨਿਹਾਲੁ ਹੋਆ। [598]ਤਬਿ ਮਰਦਾਨਾ ਉਭਰਿ ਪੈਰੀ ਪਇਆ॥ ਗੁਰੂ ਬਾਬੇ ਇਤਨੀਆਂ ਵਸਤੂ ਦਿੱਤੀਆ ਮਥਾ **ਚੁਕਦਿਆ**[595] ।[596]॥ ਨਾਲਿ ਅਗਮ ਨਿਗਮ ਕੀ ਸੋਝੀ ਹੋਇ ਆਈ॥ ਤਾ ਮਰਦਾਨਾ ਬਾਬੈ ਨਾਲਿ ਲਗਾ ਫਿਰਣਿ। ।[597]॥ ਜਬ ਉਦਾਸੀ ਕਰਿਕੈ ਆਏ[598] , [599] ।

**ਬਾਰਹੀ ਬਰਸੀ॥** ਤਬ ਆਇ ਕਰਿ ਤਲਵੰਡੀ ਤੇ ਕੋਸ ਦੁਇ ਬਾਹਰਿ ਆਇ ਬੈਠੇ॥ ਉਜਾੜਿ ਵਿਚਿ। ਤਬਿ ਘੜੀ ਇਕੁ ਸਸਤਾਇ ਕਰਿ ਮਰਦਾਨੈ ਅਰਜੁ ਕੀਤੀ। ਜੋ ਮੈਨੂ ਹਕਮੁ ਹੋਵੈ [600]ਤਾ ਘਰਿ ਜਾਵਾ[600] ॥ ਘਰਿ ਕੀ ਖਬਰਿ ਲੈ ਆਵਾ। ਦਿਖਾ ਅਸਾਡੇ ਆਦਮੀ ਕਿਉ ਕਰਿ ਹੈਨਿ। ਕੋਈ ਰਹਿਆ ਹੈ ਕਿ ਕੋਈ ਨਾਹੀ ਰਹਿਆ॥ ਤਬ ਬਾਬਾ ਹਸਿਆ॥ ॥ ਹਸਿ ਕਰਿ ਕਹਿਆ। ਮਰਦਾਨਿਆ। ਤੇਰੇ ਆਦਮੀ ਮਰੇਗੇ॥ ਤੂੰ ਸੰਸਾਰੁ ਕਿਉ ਕਰਿ ਰਖਹਿਗਾ॥ ਪਰੁ ਤੇਰੇ ਆਤਮੈ ਆਵਦੀ ਹੈ ਤਾ ਤੂੰ ਜਾਹਿ॥ ਮਿਲਿ ਆਉ॥ ਪਰੁ ਤੁਰਤੁ ਆਈ॥ ਅਤੈ ਕਾਲੂ ਦੇ ਘਰਿ [601]ਭੀ[601] ਜਾਵੈ॥ ਅਸਾਡਾ ਨਾਉ ਲਂਈ ਨਾਹੀ। ਤਬਿ ਮਰਦਾਨਾ ਪੈਰੀ ਪੈਇ ਕਰਿ [602]ਗਇਆ[602] ।ਤਲਵੰਡੀ ਆਇਆ॥ ਜਾਇ ਘਰਿ ਵਰਿਆ॥ ਤਬਿ ਲੋਕੁ ਬਹੁਤੁ ਜੁੜਿ ਗਏ॥ ਸਭ ਕੋਈ ਆਇ ਪੈਰੀ ਪਵੈ॥ ਅਤੈ ਸਭ ਲੋਕ ਆਖਿਨਿ ਜੋ ਮਰਦਾਨਾ ਡੂਮ ਹੈ॥ ਪਰੁ ਨਾਨਕ ਕਾ ਸਾਇਆ ਹੈ ਏਹੁ ਓਹੁ ਨਾਹੀ ਸੰਸਾਰ ਤੇ ਵਧਿ ਹੋਆ ਹੈ। ਜੋ ਆਵਦਾ ਹੈ ਸੋ ਆਇ ਪੈਰੀ ਪਵਦਾ ਹੈ। ਤਬ ਮਰਦਾਨੈ ਘਰੁ ਬਾਰੁ ਦੇਖਿ ਕਰਿ ਕਾਲੂ ਦੇ ਵੇੜੇ ਵਿਚ ਗਇਆ ਜਾਇ ਬੈਠਾ ਤਬ ਬਾਬੇ ਦੀ ਮਾਤਾ **ਉਭਰਿ**[603] ਗਲੇ ਨੂੰ ਚਮੜੀ ਲਗੀ ਬੈਰਾਗੁ ਕਰਨਿ। ਬੈਰਾਗ ਕਰਿ ਕੈ ਆਖਿਓਸੁ ਮਰਦਾਨਿਆ ਕਿਥਾਊ ਨਾਨਕ ਦੀ ਖਬਰਿ ਦੇਹ ਤਬ ਸਾਰੇ ਵੇਹੜੇ ਦੇ ਲੋਕ ਜੁੜਿ ਗਏ ਸਭ ਲੋਕ ਪੁਛਣਿ ਲਾਗੇ। ਤਾ ਮਰਦਾਨੇ ਆਖਿਆ ਭਾਈ ਵੇ ਜਾਂ ਬਾਬਾ ਸੁਲਤਾਨਿ ਪੁਰਿ ਆਹਾ ਤਾ ਡੂਮੁ ਨਾਲੇ ਆਹਾ ਫਿਰਿ ਮੈਨੂੰ ਪਿਛਲੀ ਖਬਰਿ ਨਾਹੀ ਤਬ ਘੜੀ **ਇਕ**[604] ਬੈਠਿ ਕਰਿ ਮਰਦਾਨਾ ਉਠਿ ਚਲਿਆ ਤਬਿ ਬਾਬੇ ਦੀ ਮਾਤਾ ਆਖਿਆ ਭਾਈ ਵੇ ਏਹੁ ਜੋ ਤੁਰਤੁ ਵੇਹੜੇ ਵਿਚਹੁ ਜੋ ਗਇਆ ।[605]॥ [606]ਸੋ[606] ਖਾਲੀ ਨਾਹੀ। ਤਾ ਮਾਤਾ ਉਠਿ ਖੜੀ ਹੋਈ ਕੁਛ ਕਪੜੇ ਕੁਛ ਮਿਠਿਆਈ ਲੇ ਕਰਿ ਪਿਛਹੁ ਆਇ ਮਰਦਾਨੇ ਨੂੰ [607]ਆਇ[607] ਮਿਲੀ [608]ਤਾਂ[608] ਆਖਿਓਸੁ ਮਰਦਾਨਿਆ ਮੈਨੂ ਨਾਨਕੁ ਮਿਲਾਇ। ਤਾ ਮਰਦਾਨਾ

---

[595] ਏ :ਟੇਕਿਦਿਆ
[596] ਏ : ਪੈਰ ਚੁਮਿਦਿਆ
[597] ਹ: ੩੧. ਮਾਤਾ ਪਿਤਾ ਜੀ ਨਾਲ ਮੇਲ
[598] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[599] ਇਹ ਪਾਠ ਅ ਵਿਚ ਦਰਜ ਨਹੀਂ ਹੈ
[600] ਇਹ ਪਾਠ ਏ ਵਿਚ ਦਰਜ ਨਹੀਂ ਹੈ
[601] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[602] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[603] ਏ :ਸ: ਉਠਿ
[604] ਹ: ਇਉਂ
[605] ਏ :ਹੈ
[606] ਇਹ ਪਾਠ ਏ ਵਿਚ ਦਰਜ ਨਹੀਂ ਹੈ
[607] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[608] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

ਚੁਪ ਕਰਿ ਰਹਿਆ। ਓਥਹੁ ਚਲੇ॥ ਆਵਦੇ ਆਵਦੇ ਜਾ ਕੋਹਾ ਦੁਹੁ ਉਪਰਿ ਆਏ ਤਾ ਬਾਬਾ ਬੈਠਾ **ਹੈ**[609] ਤਬ ਬਾਬੇ ਡਿਠਾ ਜੋ ਮਾਤਾ ਤੇ ਮਰਦਾਨਾ ਆਏ ਤਬ ਬਾਬਾ ਆਇ ਕਰਿ ।[610]॥ ਪੈਰੀ ਪਇਆ॥ ਤਾ ਮਾਤਾ ਲਗੀ ਬੈਰਾਗੁ ਕਰਣਿ॥ ।[611]॥ ਸਿਰੁ ਚੁਮਿਓਸੁ। ਆਖਿਓਸੁ ਹਉ ਵਾਰੀ ਬੇਟਾ ਹਉ ਤੁਧੁ ਵਿਟਹੁ ਵਾਰੀ ॥ਤੇਰੇ ਨਾਉ ਵਿਟਹੁ ਵਾਰੀ॥ ਤੇਰੇ ਦਰਸਨ ਵਿਟਹੁ ਵਾਰੀ॥ ਜਿਥੈ ਤੂ ਫਿਰਦਾ ਹੈ ਤਿਸ ਥਾਉ ਵਿਟਹੁ ਵਾਰੀ॥ ਤੁਧੁ ਨਿਹਾਲੁ ਕੀਤੀ॥ ਮੈਨੂ ਆਪਣਾ ਮੁਹੁ ਵਿਖਾਲਿਉ। ਤਬ ਬਾਬਾ ਮਾਤਾ ਕਾ ਹੇਤੁ ਦੇਖਿ ਕਰਿ ਗੁਦਗੁਦ ਹੋਇ ਗਇਆ।।[612]॥ ਲਗਾ ਬੈਰਾਗੁ ਕਰਣਿ॥ ।[613]॥ ਬੈਰਾਗ ਕਰਿਕੈ ਹਸਿਆ॥ ਤਾ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ ਤਾ ਮਰਦਾਨੇ ਰਬਾਬੁ ਵਜਾਇਆ॥॥ ਬਾਬੇ ਸਬਦੁ ਕੀਤਾ **ਰਾਗੁ ਵਡਹੰਸੁ ਮਹਲਾ** ੧**॥ਸਬਦੁ॥**

ਅਮਲੀ ਅਮਲੁ ਨ ਅੰਬੜੇ ਵਾਰੀ ਮਛੀ ਨੀਰੁ ਨ ਹੋਇ॥
ਜੋ ਰਾਤੇ ਸਹ ਆਪਣੈ ਤਿਨ ਭਾਵੈ ਸਭੁ ਕੋਇ॥੧॥
ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੈ ਨਾਵੈ॥੧॥ਰਹਾਉ॥
ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾਕਾ ਨਾਉ॥
ਜਿਨ ਪੀਆ ਤੇ ਤ੍ਰਿਪਤਿ ਭਏ ਹਉ ਤਿਨ ਬਲਿਹਾਰੈ ਜਾਉ॥੨॥
ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆ ਨਾਲਿ॥
ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ॥
ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੇਰੀ ਰਾਸਿ॥
ਮਨਿ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥੪॥ ( ਗੁ.ਗ੍ਰੰ.ਸਾ. ਪੰਨਾ ੫੫੭)

ਤਬਿ ਫਿਰਿ ਮਾਤਾ ਕਪੜੇ ਮਿਠਿਆਈ ਆਗੈ ਰਖੀ। ਤਬਿ ਮਾਤਾ ਆਖਿਆ ਬਚਾ ਤੂ ਖਾਹਿ। ਤਾ ਬਾਬੇ ਆਖਿਆ॥ ਮਾਤਾ ਹਉ ਰਜਿਆ ਹਾਂ। ਤਾ ਮਾਤਾ ਆਖਿਆ॥ ਬੇਟਾ ਤੂੰ ਕਿਤੁ ਖਾਧੈ ਰਜਿਆ ਹੈ॥ ਤਬ ਸ੍ਰੀ ਗੁਰੂ ਬਾਬੇ ਆਖਿਆ॥ ਮਰਦਾਨਿਆ ਰਬਾਬੁ ਵਜਾਇ॥ ਤਾ ਮਰਦਾਨੇ ਰਬਾਬੁ ਵਜਾਇਆ॥ ਬਾਬੇ ਸਬਦੁ ਕੀਤਾ ਰਾਗੁ ਸ੍ਰੀ ਰਾਗੁ ਵਿਚਿ ਮ:੧]

ਸਭ ਰਸ ਮਿਠੇ ਮੰਨਿਆ ਸੁਣਿਐ ਸਲੂਣੇ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤੁ ਭਾਉ ਇਕੁ ਜਾ ਕਉ ਨਦਰਿ ਕਰੇ॥੧॥
ਮਾਤਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਬਿਕਾਰ॥੧॥ਰਹਾਉ॥

---

609 ੲ : ਸ: ਥਾ

610 ੲ : ਸ੍ਰੀ ਮਾਤਾ ਜੀ ਕੈ

611 ੲ : ਬੈਰਾਗੁ ਕਰਿ ਕੈ

612 ੲ : ਤਬ ਗੁਰੂ ਬਾਬਾ

613 ੲ : ਤਬ

ਤਬ ਫਿਰਿ ਮਾਤਾ ਕਹਿਆ ਇਹੁ ਖਿਲਕਾ ਗਲਹੁ ਉਤਾਰਿ ਨਵੈ ਕਪੜੇ ਪਹਿਰੁ।

ਤਬਿ ਬਾਬੇ ਪਉੜੀ ਦੂਜੀ ਆਖੀ॥

ਪੈਨਣੁ ਰਤਾ ਮਨੁ ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ ਪੈਨਣੁ ਪਰ ਧਿਆਨੁ॥
ਕਮਰ ਬੰਧੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਉ ॥੨॥
ਮਾਤਾ ਹੋਰ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਬਿਕਾਰ॥੧॥ ਰਹਾਉ॥

ਤਬ ਬਾਬੇ ਕਾਲੂ ਨੂ ਖਬਰਿ ਹੋਈ। ਤਾ ਕਾਲੂ ਘੋੜੈ ਚੜਿ ਕਰਿ ਆਇਆ। ਜਾ ਆਇਆ ਤਾ ਬਾਬਾ ਜੀ ਆਇ ਪੈਰੀ ਪਇਆ॥ ਨਮਸਕਾਰੁ ਕੀਤੋਸੁ।ਤਬ ਕਾਲੂ ਲਾਗਾ ਬੈਰਾਗੁ ਕਰਣਿ। ਤਬ ਕਾਲੂ ਕਹਿਆ ਨਾਨਕ ਤੂੰ ਘੋੜੈ ਚੜਿ ਕੈ ਘਰਿ ਚਲੁ। ਤਬ ਗੁਰੂ ਨਾਨਕ ਕਹਿਆ॥ ਪਿਤਾ ਜੀ ਘੋੜੇ ਮੇਰੈ ਕੰਮਿ ਨਾਹੀਂ ਆਵਦੇ। ਤਬ ਗੁਰੂ ਪਉੜੀ ਤੀਜੀ ਆਖੀ

ਘੋੜੇ ਪਾਖਰ ਸੁਨੈ ਸਾਖਤ ਬੁਝਣੁ ਤੇਰੀ ਵਾਟਿ॥
ਤਰਕਸ ਤੀਰ ਕਮਾਣ ਸਾਂਗ ਬੰਦ ਗੁਣ ਧਾਤਾ॥
ਵਾਜੇ ਨੇਜੇ ਪਤਿ ਸਿਉ ਪਰਗਟਿ ਕਰਮੁ ਤੇਰਾ ਮੇਰੀ ਜਾਤਿ॥੩॥
ਬਾਬਾ ਹੋਰੁ ਚੜਨਾ ਖੁਸੀ ਖੁਆਰੁ॥
ਜਿਤੁ ਚਿੜਿਆ ਤਨੁ ਪੀੜੀਐ ਮਨ ਮਹਿ ਚਲਹਿ ਬਿਕਾਰ॥੧॥ਰਹਾਉ॥

ਤਬ ਫਿਰਿ ਕਾਲੂ ਕਹਿਆ ਬਚਾ ਤੂ ਇਕ ਵਾਰੀ ਘਰਿ ਚਾਲੁ ਨਵੈ ਘਰ ਉਸਰੇ ਹੈਨਿ॥ ਤੂੰ ਵੇਖੁ ਚਿਰ ਪਿਛੋ ਆਇਆ ਹੈ॥ ਤੇਰਾ ਪਰਵਾਰੁ ਹੈ॥ [614]ਤੂ ਮਿਲੁ ਬਹੁ ਅਤੈ ਜੇ[614] ਤੁਧੁ ਭਾਵਸੀ ਤਾ ਫੇਰਿ ਜਾਵੈ। ਤਬਿ ਫਿਰਿ ਬਾਬੇ ਚਉਥੀ ਪਉੜੀ ਆਖੀ॥

ਘਰ ਮੰਦਰ ਖੁਸੀਆ ਨਾਮ ਕੀ ਨਦਰਿ ਤੇਰੀ ਪਰਵਾਰੁ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥
ਨਾਨਕ ਸਾਚਾ ਪਾਤਿਸਾਹੁ ਪੁਛਿ ਨ ਕਰੈ ਬੀਚਾਰੁ॥੪॥
ਬਾਬਾ ਹੋਰੁ ਸਵਣਾ ਖੁਸੀ ਖੁਆਰੁ॥
ਜਿਤੁ ਸੁਤੇ ਤਨੁ ਪੀੜੀਐ ਮਨ ਮਹਿ ਚਲਹਿ ਬੇਕਾਰੁ॥੧॥ (ਗੁ.ਗ੍ਰੰ.ਸਾ. ਪੰਨਾ ੧੬-੧੭)

**{617**ਤਬਿ ਫਿਰਿ ਕਾਲੂ ਆਖਿਆ ਬਚਾ ਤੇਰਾ ਜੀਉ ਕਿਤੁ ਗਲੈ ਖਟਾ ਹੋਆ ਹੈ ਤੂ ਮੈਨੂ ਦਸਿ ਜੋ ਆਖਹਿ ਤਾ ਹੋਰੁ ਵੀਵਾਹੁ ਕਰੀ॥ [615]ਭਲੀ ਜੰਞਿ ਚਾੜੀ॥ ਅਡੰਬਰ ਨਾਲਿ ਵੀਵਾਹੁ ਕਰਾਈ[615] । ਤਬ ਬਾਬਾ ਬੋਲਿਆ ਸਬਦੁ ਰਾਗੁ ਸੂਹੀ ਵਿਚਿ ਛੰਤੁ ਮ:1॥

---

614 ਇਹ ਪਾਠ ਏ ਵਿਚ ਦਰਜ ਨਹੀਂ ਹੈ

615 ਇਹ ਪਾਠ ਸ ਵਿਚ ਦਰਜ ਨਹੀਂ ਹੈ

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥
ਦਾਨਿ ਤੇਰੈ ਘਟਿ ਚਾਨਣਾ ਮੁਖਿ ਚੰਦੁ ਦੀਪਾਇਆ॥
ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਮਿਟਿ ਗਇਆ॥
ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀ ਵਰੁ ਲਇਆ॥
ਵੀਵਾਹੁ ਹੋਆ ਸੁਭ ਸੇਤੀ ਪੰਚ ਸਬਦੀ ਗਾਇਆ॥
ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥੧॥
ਹਉ ਬਲਿਹਾਰੀ ਸਾਜਨਾ ਮੀਤਾ ਅਉਰੀਤਾ॥
ਜਿਨਾ ਸੇਤੀ ਮਨੁ ਗਡਿਆ ਚਿਤੁ ਲਾਇਅੜਾ ਲੀਤਾ॥
ਚਿਤ ਲਾਇ ਲੀਤਾ ਜਿਨਾ ਸੇਤੀ ਸੇ ਸਜਣੁ ਕਿਉ ਵੀਸਰਹਿ॥
ਜਿਨਾ ਨਦਰਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਮਿਲਹਿ॥
ਸਭ ਗੁਣ ਅਵਗੁਣ ਨ ਕੋਈ ਹੋਇ ਨੀਤਾ ਨੀਤਾ॥
ਹਉ ਬਲਿਹਾਰੀ ਸਾਜਨਾ ਸਤਿਗੁਰ ਕੇ ਮੀਤਾ॥੨॥
ਸਲੋਕੁ॥ਸੂਹੀਏ ਨਿਮਾਣੀਏ ਸੋ ਸਹੁਸ ਦਾਸ ਮਾਲਿ॥
ਨਾਨਕ ਜਨਮ ਸਵਾਰਹਿ ਆਪਣਾ ਕੁਲ ਭੀ ਛੂਟੈ ਨਾਲਿ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਾਈਜੈ॥
ਜੇ ਗੁਣ ਹੋਵਨੋ ਸਾਜਨਾ ਮਿਲਿ ਸਾਝਿ ਕਰੀਜੈ॥
ਸਾਝ ਕਰੀਜੈ ਗੁਣਾ ਕੇਰੀ ਛੋਡਿ ਅਵਗੁਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸਲਾ ਕਢ ਵਾਸੁ ਲਾਈਜੈ॥੩॥
ਆਪਿ ਕਰੈ ਕਿਸੁ ਆਖੀਐ ਹੋਰੁ ਕਰੈ ਨ ਕੋਈ॥
ਆਖਣਿ ਕਿਸੁ ਪਹਿ ਜਾਈਐ ਜਗੁ ਭੂਲੜਾ ਹੋਈ॥
ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ॥
ਅਣਮੰਗਿਆ ਅਣਪੁਛਿਆ ਦਾਨੁ ਹਰਿ ਕਾ ਇਉ ਮਿਲੈ॥
ਦਾਨੁ ਦੇਹਿ ਦਾਤਾ ਜਗੁ ਬਿਧਾਤਾ ਨਾਨਕ ਸਚੁ ਸੋਈ॥
ਆਪਿ ਕਰੈ ਕਿਸੁ ਆਖੀਐ ਹੋਰੁ ਕਰੇ ਨਾ ਕੋਈ॥੪॥(ਗੁ.ਗ੍ਰੰ.ਸਾ.ਪੰਨਾ-੭੬੫-੬੬)

ਤਬ ਬਾਬੈ ਆਖਿਆ॥ ਪਿਤਾ ਜੀ ਮਾਤਾ ਜੀ ਓਹੁ ਬਿਧਾਤਾ ਪੁਰਖੁ ਹੈ॥ ਓਹੁ ਭੁਲਣੈ ਵਿਚਿ ਨਾਹੀ। ਜੇ ਉਸਿ ਸੰਜੋਗ ਕੀਤਾ ਹੈ ਸੋ ਭਲਾ ਕੀਤਾ ਹੈ। ਤਾ ਮਾਤਾ ਆਖਿਆ ਬਚਾ ਤੂ ਉਠਿ ਚਾਲੁ ਅਵਾਈਆ ਛੋਡੁ [616]ਫਿਰਿ ਕਿਆ ਸੰਜੋਗ ਬਣੈਗਾ॥ ਜਿਤੁ[616] ਫਿਰਿ ਮਿਲਹਿਗਾ। ਤਾ ਬਾਬੇ ਸਬਦੁ ਕੀਤਾ॥ ਰਾਗੁ ਮਾਰੂ ਮ:1 ॥

ਪਿਛਹੁ ਰਾਤੀ ਸਦੜਾ ਨਾਉ ਖਸਮ ਕਾ ਲੇਹੁ॥
ਖਿਮਾ ਛਤ੍ਰ ਸਿਰਾਇਚੇ ਦਿਸਨਿ ਰਥ ਪੀੜੇ॥
ਜਿਨਾ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇਹੁ॥੧॥
ਬਾਬਾ ਮੈ ਕਰਮਹੀਣ ਕੂੜਿਆਰੁ॥
ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂੰਲਾ ਮਨੁ ਮੇਰਾ॥੧॥ ਰਹਾਉ॥
ਸਾਦ ਕੀਤੇ ਦੁਖ ਪਰਫੜੇ ਪੂਰਬਿ ਲਿਖੇ ਮੇਰੀ ਮਾਇ॥
ਸੁਖ ਥੋੜੇ ਦੁਖ ਅਗਲੇ ਦੁਖੀ ਦੁਖ ਵਿਹਾਇ॥੨॥
ਵਿਛੁੜਿਆ ਕਾ ਕਿਆ ਵਿਛੁੜੈ ਮਿਲਿਆ ਕਾ ਕਿਆ ਮੇਲੁ॥
ਸਾਹਿਬੁ ਸੋ ਸਲਾਹੀਐ ਜਿਨਿ ਕਰਿ ਦੇਖਿਆ ਖੇਲੁ॥੩॥
ਸੰਜੋਗੀ ਮਿਲਾਵੜਾ ਇਨਿ ਤਨਿ ਕੀਤੇ ਭਗ॥
ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ॥੪॥ (ਗੁ.ਗ੍ਰੰ.ਸਾ.ਪੰਨਾ-989) [617]}

ਤਬ ।[618]॥ ਬਾਬੇ ਆਖਿਆ ਬਾਬਾ ਜੀ ਮਾਤਾ ਜੀ ਅਸੀ ਜੋ ਆਏ ਹਾ ਜੋ ਕਹਿਆ ਥਾ ਆਵਹਿਗੇ ਪਰੁ ਤੁਸੀ ਹੁਣਿ ਆਗਿਆ ਮਨ ਲੈਹੋ॥ ਅਸੀ ਉਦਾਸ ਹਾਂ। ਤਬ ਮਾਤਾ ਕਹਿਆ ਬੇਟਾ ਮੇਰੇ ਮਨੁ ਸੰਤੋਖੁ ਕਿਉਂ ਕਰਿ ਹੋਵੈਗਾ ਜੋ ਤੂ ਬਹੁਤੀ ਵਰੀ ਉਦਾਸੀ ਕਰਿਕੈ ਆਇਆ ਹੈ ਤਬਿ ਬਾਬੇ ਕਹਿਆ ਮਾਤਾ ਤੂ ਬਚਨ ਮੰਨ ਤੈਨੂੰ ਸੰਤੋਖ ਆਵੈਗਾ ਤਾ ਮਾਤਾ ਚੁਪ ਕਰਿ ਰਹੀ॥ ।[619]॥

।[620]॥ ਤਬ ਸ੍ਰੀ ਗੁਰੂ ਬਾਬਾ [621]ਉਥਹੁ ਚਲਿਆ[621]।ਰਾਵੀ ਚਨਾਉ ਦੇਖਿ ਕਰਿ ਉਜਾੜਿ ਉਜਾੜਿ [622]ਪੈ[622] ਚਲਿਆ ਪਟਣ ਦੇਸ ਵਿਚ ਨਿਕਲਿਆ ਪਟਣ ਤੇ ਕੋਸ ਤਿਨਿ ਉਜਾੜਿ ਥੀ ਓਥੈ ਜਾਇ ਬੈਠਾ ।[623]॥ ਮਰਦਾਨਾ ਨਾਲਿ ਆਹਾ ।[624]॥ ਪਟਣ ਕਾ ਪੀਰੁ ਸੇਖ ਫਰੀਦੁ ਥਾ॥ ਤਿਸਕੈ ਤਖਤਿ ਤੇ ਸੇਖੁ ਬ੍ਰਿਹਮੁ ਥਾ॥ ਤਿਸਕਾ ਇਕੁ ਮੁਰੀਦ ਸੁਬਾ ਕੇ ਵੇਲੇ ਲਕੜੀਆਂ ਚੁਣਨਿ ਆਇਆ ਥਾ॥ ਤਿਸਕਾ ਨਾਉ ਸੇਖੁ ਕਮਾਲੁ ਥਾ॥

---

616 ਇਹ ਪਾਠ ੲ ਵਿਚ ਦਰਜ ਨਹੀਂ ਹੈ
617 ਇਹ ਪਾਠ ਅ ਵਿਚ ਦਰਜ ਨਹੀਂ ਹੈ
618 ੲ : ਫੇਰਿ
619 ੲ : ਤਬ ਗੁਰੁ ਬਾਬਾ ਉਥਹੁ ਚਲਿਆ। ਤਬ ਬਾਬਾ ਕਾਲੂ ਅਤੈ ਸ੍ਰੀ ਮਾਤਾ ਜੀ ਘਰਿ ਆਏ। ਬੋਲਹੁ ਵਾਹਗੁਰੂ ਵਾਹਗੁਰੂ ਜੀ।
620 ਹ: ੩੨. ਸੇਖ ਬ੍ਰਿਹਮ ਨਾਲ ਗੋਸ਼ਟ
621 ਇਹ ਪਾਠ ੲ ਵਿਚ ਦਰਜ ਨਹੀਂ ਹੈ
622 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
623 ੲ : ਤਬ
624 ੲ : ਸ : ਤਬ

।[625]॥ [626]ਸੋ ਪੀਰ ਕੇ ਮੁਦਬਰ ਖਾਣੇ ਕੀਆਂ ਲਕੜੀਆਂ ਚੁਣਨਿ ਗਇਆ ਥਾ[626]॥।[627]॥ ਦੇਖੈ ਤਾ ਅਕੈ ਕੋਲਿ ਬਾਬਾ ਅਤੈ ਮਰਦਾਨਾ ਦੋਵੈ ਬੈਠੇ ਹਨਿ। ਤਾ ਮਰਦਾਨੈ ਰਬਾਬੁ ਵਜਾਇਆ॥ ਸਬਦੁ ਗਾਵਣਿ ਲਾਗਾ॥ ਸਲੋਕੁ ਦਿਤੋਸੁ ਰਾਗ ਆਸਾ ਵਿਚ॥ [628]ਗੋਸਟਿ ਸੇਖ ਬ੍ਰਿਹਮ ਬਾਬੇ ਨਾਲਿ ਕੀਤੀ[628]॥

ਸਲੋਕ॥ ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭੀ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂੰ॥੧॥ (ਗੁ.ਗ੍ਰੰ.ਸਾ. ਪੰਨਾ ੧੨੯੧)

ਜਬ ਏਹੁ ਸਲੋਕੁ ਕਮਾਲਿ ਆਪਿ ਫਕੀਰ ਸੁਣਿਆ॥ ਤਬਿ ਲਕੜੀਆ ਛੋਡਿ ਕਰਿ ਆਇ ਗਇਆ॥ [[629]॥ ਅਰਜੁ ਰਖੀਅਸੁ॥ ਜੀਉ ਇਸ ਰਬਾਬੀ ਕਉ ਹੁਕਮੁ ਕੀਜੈ ਜੋ ਇਹੁ ਬੈਤੁ ਫਿਰਿ ਆਖੈ। [631]ਮਰਦਾਨੇ ਨੁ [[630]॥ ਹੁਕਮੁ ਹੋਆ॥ ਜੋ ਇਹੁ ਸਲੋਕ ਫਿਰਿ ਦੇਹਿ[631] । ਤਾ ਮਰਦਾਨੇ ਸਲੋਕੁ ਫਿਰਿ ਦਿਤਾ। ਕਮਾਲਿ ਸਿਖਿ ਲੈਇਆ।ਜੋ ਕੁਛ ਲਕੜੀਆ ਚੁਣੀਆ ਥੀਆ॥ ਸੋਈ ਘਿਨਿ ਕਰਿ ਸਲਾਮੁ ਕੀਤੋਸੁ। ਪਟਣਿ ਆਇਆ॥ ਲਕੜੀਆਂ ਸੁਟਿ ਕਰਿ ਜਾਇ ਆਪਨੇ ਪੀਰ ਕਉ ਸਲਾਮੁ ਕੀਤੀਅਸੁ॥ [632]ਤਾ ਆਖਿਓਸੁ[632] ਪੀਰ ਸਲਾਮਤਿ ਮੈਨੂੰ ਏਕੁ ਖੁਦਾਇ ਦਾ ਪਿਆਰਾ ਮਿਲਿਆ ਹੈ। ਤਾ ਪੀਰੁ ਕਹਿਆ ਕਮਾਲਿ ਕਿਥਹੁ ਮਿਲਿਓ॥ ਤਾ ਕਮਾਲਿ ਕਹਿਆ ਪੀਰ ਸਲਾਮਤਿ ਮੈ ਲਕੜੀਆ ਚੁਣਨਿ ਗਇਆ ਥਾ॥ ਉਸਕੈ ਨਾਲਿ ਇਕੁ ਰਬਾਬੀ ਹੈ॥ ਅਤੇ ਨਾਉ ਨਾਨਕੁ ਹੈਸੁ ਆਪਣy [[633]] ਸਲੋਕ ਆਖਦਾ ਹੈ। ਤਬ ਪੀਰ ਆਖਿਆ ਬਚਾ ਕੋਈ ਤੈ ਬੀ [634]ਬੈਤੁ[634] ਸਿਖਿਆ॥ ਤਬ ਕਮਾਲਿ ਆਖਿਆ ਜੀਵੈ ਪੀਰ ਸਲਾਮਤਿ ਹਿਕੁ ਬੈਤੁ ਮੈਨੋ ਭੀ ਹਾਸਲੁ ਥੀਆ [635]ਹੈ[635]। [[636]] ਤਾ ਕਮਾਲਿ ਆਖਿਆ ਜੀ ਉਹੁ ਆਖਦਾ ਹੈ ਜੋ

ਸਲੋਕ॥ ਦੂਜਾ ਕਾਹੇ ਸੇਵੀਐ ਜੰਮੈ ਤੈ ਮਰਿ ਜਾਇ॥
ਏਕੋ ਸਿਮਰਹੁ ਨਾਨਕਾ ਜੋ ਜਲਿ ਥਲਿ ਰਹਿਆ ਸਮਾਇ॥੧॥ (ਗੁ.ਗ੍ਰੰ.ਸਾ. ਪੰਨਾ ੧੨੯੧)

ਤਾ ਪੀਰ ਆਖਿਆ ਬਚਾ ਕਿਛੁ ਸਮਝਿਓ [637]ਕਿ ਨਾ[637] ਇਸ ਬੈਤ ਦਾ ਬਿਆਨੁ ਤਾ ਕਮਾਲਿ ਆਖਿਆ [638]ਪੀਰ ਸਲਾਮਤਿ[638] [639]ਤੈਨੋ[639] ਸਭੁ ਕੁਛੁ ਰੋਸਨ ਹੈ। ਤਾ ਪੀਰ ਆਖਿਆ ਬਚਾ ਜਿਨਾ ਦਾ [640]ਆਖਿਆ

---

625 ਸ – ਭਲਾ ਫਕੀਰ ਥਾ।ਖੁਦਾਇ ਕਾ ਖਬਰਦਾਰ ਥਾ।
626 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
627 ੲ :ਤਬ
628 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
629 ੲ: ਸ: ਤਬ ਸਿਰ ਨਿਵਾਇ ਕੈ ਬਹਿ ਗਇਆ।ਤਬ
630 ੲ : ਗੁਰੂ ਬਾਬੈ
631 ਇਹ ਪਾਠ ਸ ਵਿਚ ਦਰਜ ਨਹੀਂ ਹੈ
632 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
633 ਅ: ਕਥਨੀ
634 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
635 ਇਹ ਪਾਠ ੲ ਵਿਚ ਦਰਜ ਨਹੀਂ ਹੈ
636 ਉ:ਅ:ੲ:ਸ:ਹ:ਪੀਰ ਆਖਿਆ: ਅਲਾਇ ਡੇਖਾਂ ਕੇਹਾ ਹੈ?
637 ਇਹ ਪਾਠ ਅ: ੲ : ਸ ਵਿਚ ਦਰਜ ਨਹੀਂ ਹੈ
638 ਇਹ ਪਾਠ ਅ: ੲ : ਸ ਵਿਚ ਦਰਜ ਨਹੀਂ ਹੈ
639 ਇਹ ਪਾਠ ਹ ਵਿਚ ਦਰਜ ਨਹੀਂ

ਹੋਆ[640] ਇਹੁ ਬੈਤੁ ਹੈ ਤਿਸਦਾ ਦੀਦਾਰੁ ਦੇਖਾ ਹੈ ਓਹੁ ਖੁਦਾਇ ਦਾ ਫਕੀਰੁ ਹੈ। ਮੈਨੂ ਭੀ ਲੈ ਚਲ ਓਸਿ ਤਾ ਖੁਦਾਇ ਦੀਆਂ ਗਲਾਂ ਕਰੀਆਂ ਹਨਿ। ਤਬਿ ਸੇਖੁ ਬਿਰਾਹਮੁ ਸੁਖਵਾਸਣਿ **ਚੜਿ**[641] [642]ਚਲਿਆ[642]॥ ਕਮਾਲੁ ਨਾਲਿ ਲੀਤਾ। ਆਵਦਾ ਆਵਦਾ ਕੋਹ ਤਿਹੁ ਉਪਰਿ ਆਇਆ। [643]ਜਾ[643] ਦੇਖੈ ਤਾ ਬਾਬਾ ਬੈਠਾ ਹੈ। ਤਬ ਸੇਖੁ ਬਿਰਾਹਮੁ ਜਾਇ ਖੜਾ ਹੋਆ। ਆਖਿਓਸੁ ਨਾਨਕ [[644]] ਸਲਾਮਾ ਅਲੇਕਮ। ਤਬਿ ਗੁਰੂ ਬਾਬੈ ਕਹਿਆ ਅਲੇਖਮ ਅਸਲਾਮ॥ ਪੀਰ ਜੀ ਸਲਾਮਤਿ ਆਈਐ॥ ਖ਼ੁਦਾਇ ਅਸਾਨੂੰ ਮਿਹਰਵਾਨੁ ਹੋਆ [[645]]॥ ਤੁਸਾਡਾ ਦੀਦਾਰੁ ਪਾਇਆ। ਤਬ ਇਨੋ ਉਨੋ ਦਸਤਪੋਸੀ ਕਰ [[646]] ਬਹਿ ਗਏ। ਤਬ ਪੀਰ ਪੁਛਣਾ ਕੀਤੀ॥ ਜੋ ਨਾਨਕ ਤੇਰਾ ਹਿਕੁ ਬੈਤੁ ਸੁਣਿ ਕਰਿ ਹੈਰਾਨੁ ਹੋਆ ਹਾ ਅਸਾ ਆਖਿਆ ਜਿਸੁ ਏਹੁ ਆਖਿਆ ਹੈ ਤਿਸਦਾ ਦੀਦਾਰੁ ਦੇਖਾ ਹੈ। ਤਬਿ ਬਾਬੇ ਆਖਿਆ ਜੀਉ ਅਸਾਨੂ ਨਿਵਾਜਸ ਹੋਈ ਹੈ॥ ਜੋ ਤੁਸਾਡਾ ਦੀਦਾਰ ਪਾਇਆ। ਤਬ ਪੀਰ ਕਹਿਆ ਨਾਨਕ ਇਸ ਬੈਤ ਦਾ ਬੇਆਨੁ ਦੇਹਿ॥ ਤੂੰ ਜੋ ਆਖਦਾ ਹੈ ਹਿਕ ਹੈ॥ ਨਾਨਕ ਦੂਜਾ ਕਾਹੈ ਕੂੰ॥

ਪਰੁ ਏਕੁ ਸਾਹਿਬ ਤੈ ਦੁਇ ਹਦੀ। ਕੇਹੜਾ ਸੇਵੀ ਤੇ ਕੇਹੜਾ ਰਦੀ॥

ਤੂ ਆਖਦਾ ਹੈ ਹਿਕ ਜੋ ਇਕੁ ਹਿਕੁ ਹੈ॥ ਪਰ ਹਿੰਦੂ ਆਖਦੇ ਹਨ ਜੋ ਅਸਾ ਵਿਚ ਸਹੀ ਹੈ॥ ਅਤੇ ਮੁਸਲਮਾਨ ਆਖਦੇ ਹਨਿ ਜੋ ਅਸਾ ਹੀ ਵਿਚਿ ਸਹੀ ਹੈ। ਆਖੁ ਵੇਖਾ ਕਿਸੁ ਵਿਚਿ ਸਹੀ ਕਰੇਹਾ॥ ਅਰੁ ਕਿਸ ਵਿਚਿ ਅਣਸਹੀ ਕਰੇਹਾ॥ ਤਬ ਬਾਬੇ ਨਾਨਕ ਕਹਿਆ ਜੀ ਹਿਕੋ ਸਾਹਿਬੁ ਹਿਕਾ ਹਦਿ। ਹਿਕੋ ਸੇਵਿ ਤੇ ਦੂਜਾ ਰਦਿ।

ਸਲੋਕ॥ ਦੂਜਾ ਕਾਹੇ ਸੇਵੀਐ ਜੰਮੈ ਤੈ ਮਰਿ ਜਾਇ॥
ਏਕੋ ਸਿਮਰਹੁ ਨਾਨਕਾ ਜੋ ਜਲਿ ਥਲਿ ਰਹਿਆ ਸਮਾਇ॥੧॥[647]

ਜਬ ਇਹੁ ਸਲੋਕੁ ਬਾਬੇ ਦਿਤਾ ਤਬ ਪੀਰੁ ਪੁਛਣਾ ਕੀਤਾ॥

ਪਾੜਿ ਪਟੋਲਾ ਧਜਿ ਕਰੀ ਕਮਲੜੀ ਪਹਿਰੇਉ॥
ਜਿਨੀ ਵੇਸੀ ਸਹੁ ਪਾਈਐ ਸੋਈ ਵੇਸ ਕਰੇਉ॥

ਤਬ ਫਿਰਿ ਗੁਰੂ ਬਾਬੇ ਜਬਾਬੁ ਦਿਤਾ॥

ਕਾਇ ਪਟੋਲਾ ਪਾੜਹੈ ਕੰਮਲੜੀ ਪਹਿਰਹਿ ਕਾਈ॥
ਘਰਿ ਹੀ ਬੈਠੇ ਸਹੁ ਪਾਈਐ ਜੇ ਚਿਤੁ ਰਾਖੇ ਥਾਇ ॥੧॥[648] (ਮ:੨)
(ਗੁ.ਗ੍ਰੰ.ਸਾ. ਪੰਨਾ ੧੩੮੩)

---

[640] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[641] ੲ : ਚੜਿਆ
[642] ਇਹ ਪਾਠ ੲ ਵਿਚ ਦਰਜ ਨਹੀਂ ਹੈ
[643] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[644] ੲ :ਜੀ
[645] ੲ : ਸ: ਹੈ
[646] ਅ :ੲ : ਸ: ਕੈ
[647] ਹ: ਸਲੋਕ॥ ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹਿਆ ਸਮਾਇ॥ ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥
[648] ਹ:ਜੇ ਨੀਅਤਿ ਰਾਸਿ ਕਰੇਇ

ਘਰਿ ਹੀ ਮੁੰਧ ਵਿਦੇਸਿ ਪਿਰੁ ਨਿਤ ਝੂਰੇ ਸਮਾਲੇ॥

ਨਾਨਕ ਮਿਲਦਿਆ ਢਿਲਿ ਨ ਲਗਈ ਜੇ ਨੀਅਤਿ ਰਾਸਿ ਕਰੇਇ॥੧॥ (ਗੁ.ਗ੍ਰੰ.ਸਾ. ਪੰਨਾ ੫੯੪)

ਜਾ ਏਹੁ ਜਬਾਬੁ ਬਾਬੇ ਦਿਤਾ ॥ਤਾ ਪੀਰ ਪੁਛਣਾ ਕੀਤਾ॥

ਸਲੋਕੁ॥ ਨੰਢੀ ਕੰਤ ਨ ਰਵਿਆ ਵਡੀ ਥੀ ਗਈਆਸੁ॥

ਧਨਿ ਕੂਕੇਦੀ ਗੋਰ ਪਈ ਤੈ ਸਾਹਿਬ ਨਾ ਮਿਲੀਆਸ॥੧॥ (ਗੁ.ਗ੍ਰੰ.ਸਾ. ਪੰਨਾ ੧੩੮੦)

ਤਬ ਬਾਬੇ ਜਬਾਬੁ ਦਿਤਾ॥

ਸਲੋਕੁ॥ ਮਹਿਲਿ ਕੁਚਜੀ ਮਾੜਵਾੜੀ ਕਾਲੀ ਮਨਹੁ ਕਸੁਧ॥

ਜੇ ਗੁਣ ਹੋਵਨਿ ਤਾ ਪਿਰੁ ਰਾਵੈ ਨਾਨਕ ਅਵਗੁਣ ਮੁਧ॥੧॥ (ਗੁ.ਗ੍ਰੰ.ਸਾ. ਪੰਨਾ ੧੦੮੮)

ਤਾ [649]ਫਿਰਿ[649] ਪੀਰ ਪੁਛਣਾ ਕੀਤਾ॥

ਸਲੋਕੁ॥ ਕਵਣੁ ਸੁ ਅਖਰੁ ਕਵਣੁ ਗੁਣ ਕਵਣੁ ਸੁ ਮਣੀ ਮੰਤੁ॥

ਕਵਣੁ ਸੁ ਭੈਣੇ ਵਸਿ ਕਰੀ ਜਿਤੁ ਵਸਿ ਆਵੈ ਕੰਤੁ॥੧॥

ਤਾ ਫਿਰਿ ਬਾਬੇ ਜਬਾਬੁ ਦਿਤਾ॥

ਸਲੋਕੁ॥ ਨਿਵਣੁ ਸੁ ਅਖਰੁ ਖਿਵਣੁ ਗੁਣ ਜਿਹਬਾ ਮਣੀਆ ਮੰਤੁ॥

ਏਹ ਤ੍ਰੈ ਭੈਣੇ ਵਸਿ ਕਰਹਿ ਜਿਤੁ ਵਸਿ ਆਵੈ ਕੰਤੁ॥ (ਗੁ.ਗ੍ਰੰ.ਸਾ.ਪੰਨਾ-੧੩੮੪)

**ਸੇਵਾ ਕਰੈ ਜੁ ਕੰਤੁ ਕੀ ਕੰਤੁ ਤਿਸੀ ਕਾ ਹੋਇ॥**

**ਨਾਨਕ ਸਭੇ ਸਹੀਆ ਛੋਡਿ ਕਰਿ ਕੰਤਿ ਤਿਸੀ ਪਹਿ ਹੋਇ॥**[650]

ਜਾ ਬਾਬੇ ਇਹੁ ਜਬਾਬੁ ਦਿਤਾ॥ ਤਾ ਫਿਰਿ ਪੀਰ ਆਖਿਆ॥ ਨਾਨਕ ਮੈਨੂ ਏਕੁ ਕਾਤੀ ਲੋੜੀਦੀ ਹੈ॥ ਓਹੁ ਕਾਤੀ ਮੈਨੂ ਦੇਹਿ॥ ਜਿਸ ਦਾ ਕੁਠਾ ਆਦਮੀ ਹਲਾਲੁ ਹੋਵੈ॥ ਇਹ ਜੋ ਕਾਤੀ ਹੈ [651]ਤਿਸ ਦੇ ਨਾਲਿ ਜਨਾਵਰੁ ਕੁਸਦੇ ਹੈ[651]॥ ਅਤੇ ਆਦਮੀ ਦੇ ਗਲਿ ਵਹੈ ਤਾ **ਹਲਾਲੁ**[652] ਹੋਵੈ ਮੈਨੂੰ ਓਹੁ ਕਾਤੀ ਦੇਇ ਜਿਸਦਾ ਕੁਠਾ **ਮਾਣੂ**[653] ਹਲਾਲੁ ਹੋਵੈ। ਤਬ ਬਾਬੇ ਜਵਾਬੁ ਦਿਤਾ॥ [654]ਪੀਰ ਜੀ ਲਈਐ[654]॥

ਸਲੋਕੁ॥ ਸਚਿ ਕੀ ਕਾਤੀ ਸਚੁ ਸਭੁ ਸਾਰੁ॥

ਘਾੜਤ ਤਿਸਕੀ ਅਪਰ ਅਪਾਰ॥

ਸਚਿ ਕੀ ਸਾਣਿ ਲਾਇ ਕਿਲ ਕਾਇ॥

ਗੁਣ ਕੀਥੇ ਕਾ ਤਿਸੁ ਵਿਚਿ ਸਮਾਇ॥

---

[649] ਇਹ ਪਾਠ ਏ ਵਿਚ ਦਰਜ ਨਹੀਂ ਹੈ

[650] ਇਹ ਗੁਰੁਬਾਣੀ ਨਹੀਂ ਹੈ

[651] ਇਹ ਪਾਠ ਏ ਵਿਚ ਦਰਜ ਨਹੀਂ ਹੈ

[652] ਏ : ਸ : ਮੁਰਦਾਰੁ

[653] ਏ : ਸ : ਮਾਣਸੁ

[654] ਇਹ ਪਾਠ ਅ:ਏ ਵਿਚ ਦਰਜ ਨਹੀਂ ਹੈ

ਤਿਸਕਾ ਕੁਠਾ ਹੋਇ ਹਲਾਲੁ॥
ਲੋਹੂ ਲਬੁ ਨਿਕਥਾ ਦੇਖੁ॥
ਹੋਇ ਹਲਾਲੁ ਲਗੈ ਹਕਿ ਜਾਇ॥
ਤਉ ਨਾਨਕ ਦਰਿ ਦੀਦਾਰ ਸਮਾਇ॥੧॥ (ਗੁ.ਗ੍ਰੰ.ਸਾ. ਪੰਨਾ ੯੫੬)

ਜਾ ਇਹੁ ਕਾਤੀ ਬਾਬੇ ਦਿਤੀ॥ ਤਾ ਪੀਰ ਸਿਰੁ **ਫਿਰਿਆ**[655]॥ ਆਖਿਓਸੁ ਵਾਹ ਵਾਹ [[656]] ਖੁਦਾਇ ਕਾ ਪਿਆਰਾ ਹੈ। ਖੁਦਾਇ ਵਡੀ ਨਿਵਾਜਸ ਕੀਤੀ ਹੈ॥[[657]] ਤਾ ਫਿਰਿ ਪੀਰ ਕਹਿਆ ਨਾਨਕ ਹਿਕ ਖੁਦਾਇ ਕੀ ਵਾਰ ਸੁਣਾਇ ਅਸਾਨੂੰ ਏਹ ਮਖਸੂਦ ਹੈ ਜੋ ਵਾਰ ਦੁਹੁ ਬਾਝੂ ਹੋਦੀ ਨਾਹੀ ਅਤੇ ਤੂ ਹਿਕੋ ਹਿਕੁ ਆਖਦਾ ਹੈ ਵੇਖਾ ਖੁਦਾਇ ਦਾ ਸਰੀਕੁ ਤੂ ਕਵਣ ਕਰਸੀ ਤਬ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ। ਤਾ ਮਰਦਾਨੇ ਰਬਾਬੁ ਵਜਾਇਆ॥ ਰਾਗੁ ਆਸਾ ਕੀਤਾ॥ ਬਾਰੇ ਸਲੋਕੁ ਦਿਤਾ॥ ਸਲੋਕੁ ਸਤਿਗੁਰੂ ਪ੍ਰਸਾਦਿ॥ ਆਸਾ ਕੀ ਵਾਰ ਮਹਲਾ ੧॥ਸਲੋਕੁ

**658** ਬਲਿਹਾਰੀ ਗੁਰੂ ਆਪਣੇ ਦਿਉਹਾੜੀ ਸਦ ਵਾਰਿ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥
ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤੁ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤੁ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥
ਪਉੜੀ॥ ਆਪੀਨੈ ਆਪੁ ਸਾਜਿ ਕਰਿ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥੧॥ (ਗੁ.ਗ੍ਰੰ.ਸਾ. ਪੰਨੇ ੪੬੨-੬੩)

ਪਉੜੀਆਂ ਨਉਂ ਹੋਈਆ ਏਤੁ ਪਰਥਾਇ। ਤਬ ਫਿਰਿ ਪੀਰੁ ਉਠਿ ਖੜਾ ਹੋਆ ਆਇ ਦਸਤਪੋਸੀ ਕੀਤੀਅਸੁ॥ ਆਖਿਓਸ ਨਾਨਕ ਤੁਧੁ ਖੁਦਾਇ ਪਾਇਆ ਹੈ॥ ਤੁਧੁ ਅਰੁ ਖੁਦਾਇ ਵਿਚ ਭੇਦ [[658]] ਨਾਹੀ॥ ਪਰ ਤੂ ਮਿਹਰਵਾਨ ਹੋਹੁ ਜੋ ਅਸਾਡੀ ਭੀ ਖੁਦਾਈ ਨਾਲਿ ਰਹਿ ਆਵੈ। ਤਬ ਬਾਬੇ ਆਖਿਆ ਸੇਖ ਬ੍ਰਹਮ ਤੇਰੀ

---

[655] ਅ : ੲ : ਸ : ਫੇਰਿਆ

[656] ਹ : ਖੁਦਾਇ ਸਹੀ ਕਰਣੈ ਵਾਲਾ ਹੈ

[657] ਹ : ਨਾਨਕ ਖੁਦਾਇ ਕੇ ਪਿਆਰਿਆਂ ਕਉ ਪੁਛਣਾ ਸੋ ਗੁਸਤਾਕੀ ਹੈ।'ਤਬ ਬਾਬੇ ਸਲੋਕ ਦਿਤਾ :- ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥ ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ॥ ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ॥ ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ॥ (ਮਲਾ:ਵਾ:ਮ:੧, ਪੰਨਾ ੧੨੮੮)

[658] ਅ: ੲ : ਸ : ਕੁਛ

ਖੇਪ ਖੁਦਾਇ ਨਿਬਾਹੈ। ਤਬ ਪਰਿ [659]ਨੇ[659] ਆਖਿਆ [660]ਜੀ[660] ਬਚਨੁ ਦੇਹਿ। ਤਬ ਬਾਬੇ ਕਹਿਆ ਜਾਹ ਬਚਨੁ ਹੈ। ਤਬ ਸੇਖੁ ਉਠਿ ਖੜਾ ਹੋਆ। ਬਾਬੇ ਸੇਖ ਵਿਦਾ ਕੀਤਾ॥ ਬਾਬਾ ਭੀ ਉਠਿ ਰਵਿਆ।

**º/ºº** ।[661]॥ ਦਿਪਾਲਪੁਰ ਪਾਸਦੋ॥ ਕਙਣਪੁਰ ਵਿਚਦੋ॥ ਕਸੂਰ ਵਿਚਦੋ॥ [663]ਪਟੀ ਵਿਚਦੋ[662]॥ ਗੋਇਦਵਾਲ ਆਦਿ ਰਹਣ ਲਾਗਾ।[664]ਤਾ[663] ਕੋਈ ਰਹਣਿ ਦੇਵੈ ਨਾਹੀ। ਤਬ ਇਕ ਫਕੀਰੁ ਥਾ॥ ਤਿਸਕੀ ਝੁਗੀ ਵਿਚਿ ਜਾਇ ਰਹਿਆ। ਓਹੁ ਫਕੀਰੁ ਕੋੜੀ ਥਾ। ਤਾਂ ਬਾਬਾ ਜਾਇ ਖੜਾ ਹੋਆ। ਆਖਿਓਸੁ [664]ਏ[664] ਫਕੀਰ ਰਾਤਿ ਰਹਣਿ ਦੇਹਿ। ਤਬ ਫਕੀਰ ਅਰਜੁ ਕੀਤਾ ਆਖਿਓਸੁ ਜੀ ਮੇਰਿਅਹੁ ਪਾਸਹੁ ਜਨਾਵਰ ਨਸਦੇ ਹੈਨਿ॥ ਪਰੁ ਖੁਦਾਇ ਦਾ ਕਰਮੁ ਹੋਆ ਹੈ ਜੋ ਆਦਮੀ ਦੀ ਸੂਰਤਿ ਨਦਰਿ ਆਈ ਹੈ।।[665]॥ ਤਾ ਓਥੈ ਰਹਿਆ। ਫਕੀਰੁ ਲਾਗਾ ਵਿਰਲਾਪ ਕਰਣਿ। ਤਬਿ ਬਾਬਾ ਬੋਲਿਆ॥ ਸਬਦੁ॥[666]ਰਾਗੁ ਧਨਾਸਰੀ ਵਿਚਿ ਮ:੧॥ [666]

ਜੀਉ ਤਪਤੁ ਹੈ ਬਾਰੰਬਾਰਿ॥
ਤਪਿ ਖਪੈ ਬਹੁਤੁ ਵਿਕਾਰੁ॥
ਜਿਤ ਤਨਿ ਬਾਣੀ ਵਿਸਰਿ ਜਾਇ॥
ਜਿਉ ਪਕਾ ਰੋਗੀ ਬਿਲਲਾਇ॥੧॥
ਬਹੁਤਾ ਬੋਲਣੁ ਝਖਣੁ ਹੋਇ॥
ਵਿਣੁ ਬੋਲਿਆ ਜਾਣੈ ਸਭੁ ਸੋਇ॥੧॥ਰਹਾਉ॥
ਜਿਨਿ ਕੰਨ ਕੀਤੇ ਅਖੀ ਨਾਕੁ॥
ਜਿਨਿ ਜਿਹਿਬਿਆ ਕੀਤੀ ਬੋਲੈ ਤਾਤਾ॥
ਜਿਨਿ ਮਨੁ ਰਾਖਿਆ ਅਗਨੀ ਪਾਇ॥
ਵਾਜੈ ਪਵਣੁ ਆਖੈ ਸਭੁ ਜਾਇ॥੨॥
ਜੇਤਾ ਮੋਹੁ ਪ੍ਰੀਤਿ ਸੁਆਦੁ॥
ਸਭੋ ਕਾਲਖ ਦਾਗੋ ਦਾਗ॥
ਦਾਗ ਦੋਖੁ ਮੁਹਿ ਚਲਿਆ ਲਾਇ॥
ਦਰਗਹ ਬੈਸਣ ਨਾਹੀ ਜਾਇ॥੩॥
ਕਰਮਿ ਮਿਲੈ ਆਖਣੁ ਤੇਰਾ ਨਾਉ॥

---

[659] ਇਹ ਪਾਠ ਅ:ਏ : ਸ ਵਿਚ ਦਰਜ ਨਹੀਂ ਹੈ
[660] ਇਹ ਪਾਠ ਏ ਵਿਚ ਦਰਜ ਨਹੀਂ ਹੈ
[661] ਹ: ੩੩.ਕੋਹੜੀ ਫਕੀਰ ਦਾ ਨਿਸਤਾਰਾ
[662] ਇਹ ਪਾਠ ਏ ਵਿਚ ਦਰਜ ਨਹੀਂ ਹੈ
[663] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
[664] ਇਹ ਪਾਠ ਏ ਵਿਚ ਦਰਜ ਨਹੀਂ ਹੈ
[665] ਏ : ਸ: ਤਾਂ ਗੁਰੁ ਬਾਬਾ ਬੈਠਿ ਗਇਆ।
[666] ਇਹ ਪਾਠ ਏ ਵਿਚ ਦਰਜ ਨਹੀਂ ਹੈ

ਜਿਤੁ ਲਗਿ ਤਰਣਾ ਹੋਰੁ ਨਾਹੀ ਥਾਉ॥
ਜੇਕੋ ਡੂਬੇ ਹੋਵੈ ਫਿਰਿ ਸਾਰੁ॥
ਨਾਨਕ ਸਾਚਾ ਸਰਬ ਦਾਤਾਰੁ॥੪॥ (ਗੁ.ਗ੍ਰੰ.ਸਾ. ਪੰਨਾ ੬੬੧)

ਤਬ [667]ਗੁਰੂ[667] ਮਿਹਰਵਾਨੁ ਹੋਆ॥ ਆਖਿਓਸੁ ਮਰਦਾਨਿਆ॥ ਰਬਾਬੁ ਵਜਾਇ॥ ਤਾ ਮਰਦਾਨੇ ਰਬਾਬੁ ਵਜਾਇਆ॥ ਰਾਗੁ ਗਉੜੀ ਕੀਤੀ॥ ਬਾਬੇ ਸਬਦੁ ਉਠਾਇਆ॥ਮ:੧॥

**** [668] ਮਨ ਕਰਹਲਾ ਪਰਦੇਸੀਆ ਕਿਉ ਮਿਲੀਐ ਹਰਿ ਮਾਇ॥
ਗੁਰੁ ਭਾਗਿ ਪੂਰੇ ਪਾਇਆ ਗਲਿ ਮਿਲਿਆ ਪਿਆਰਾ ਆਇ॥੧॥
ਮਨ ਕਰਹਲਾ ਸਤਗਿਰੂ ਪੁਰਖੁ ਧਿਆਇ॥੧॥ਰਹਾਉ॥
ਮਨ ਕਰਹਲਾ ਬੀਚਾਰੀਆ ਹਰਿ ਰਾਮ ਨਾਮ ਧਿਆਇ॥
ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ॥੨॥
ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ॥
ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ॥੩॥
ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਲਾਇ॥
ਉਪਾਇ ਕਿਤੈ ਨ ਲਭਈ ਗੁਰ ਹਿਰਦੈ ਹਰਿ ਦੇਖਾਇ॥੪॥
ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ॥
ਘਰੁ ਜਾਇ ਪਾਵਹਿ ਰੰਗ ਮਹਲੀ ਗੁਰੂ ਮੇਲੇ ਹਰਿ ਮਿਲਾਇ॥੫॥
ਮਨ ਕਰਹਲਾ ਤੂ ਮੀਤੁ ਮੇਰਾ ਪਾਖੰਡ ਲੋਭੁ ਤਜਾਇ॥
ਪਾਖੰਡ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ॥੬॥
ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡ ਭਰਮੁ ਗਵਾਇ॥
ਹਰਿ ਅੰਮ੍ਰਿਤੁ ਸਰੁ ਗੁਰਿ ਪੂਰਿਆ ਮਿਲਿ ਸੰਗਤਿ ਮੈਲੁ ਲਹਿ ਜਾਇ॥੭॥
ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ॥
ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ॥੮
ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ॥
ਹਰਿ ਦਰਗਹ ਪੈਨਇਆ ਹਰਿ ਆਪਿ ਲੀਆ ਗਲਿ ਲਾਇ॥੯॥
ਮਨ ਕਰਹਲਾ ਗੁਰ ਮੰਨਿਆ ਗੁਰਮੁਖਿ ਕਾਰ ਕਮਾਇ॥
ਗੁਰ ਅਗੈ ਕਰਿ ਜੋਦੜੀ ਜਨ ਨਾਨਕ ਹਰਿ ਮਿਲਾਇ॥੧੦॥(ਮ:੪) (ਗੁ.ਗ੍ਰੰ.ਸਾ. ਪੰਨਾ ੨੩੮)[668]

ਤਬ ਦਰਸਨ ਕਾ ਸਦਕਾ ਕੋੜ੍ਹ ਦੂਰਿ ਹੋਇ ਗਇਆ॥ ਦੇਹੀ ਹੱਛੀ ਹੋਈ॥ ਆਇ **ਪੈਰੇ**[669] ਪਇਆ॥ ਨਾਉਂ ਧਰੀਕੁ ਹੋਆ॥ ਗੁਰੂ ਗੁਰੂ ਲਗਾ ਜਪਣਿ। ਤਬਿ ਬਾਬਾ ਉਥਹੁ ਰਵਦਾ ਰਹਿਆ।

---

[667] ਇਹ ਪਾਠ ਹ ਵਿਚ ਦਰਜ ਨਹੀ
[668] ਇਹ ਪਾਠ ਸ ਵਿਚ ਦਰਜ ਨਹੀਂ

[670] [671] ਸੁਲਤਾਨਪੁਰ 673ਵਿਚਦੋ672॥ ਵੈਰੋਵਾਲ 674ਜਲਾਲਾਬਾਦ673 ਵਿਚਦੋ॥ ਕਿੜੀਆ ਪਠਾਣਾ ਦੀਆ ਵਿਚਿ 675ਆਇ674 ਨਿਕਲਿਆ। ਉਥੈ ਪਠਾਣ ਲੋਕ ਮੁਰੀਦ ਕੀਤਿਅਸੁ। ਤਬ ਓਹੁ ਪਠਾਣ ਲੋਕ ਲੈ ਲੈ ਸਰੋਦਿ ਦਰ ਤੇ ਲਾਗੈ ਵਜਾਵਣਿ॥ {681ਆਖਨਿ ਦਮਸਹ ਨਾਨਕ। ਤਬ ਮਰਦਾਨੇ ਨੂੰ ਹੁਕਮੁ ਹੋਆ ਰਬਾਬੁ ਵਜਾਇ। ਤਾ ਮਰਦਾਨੇ ਰਬਾਬ ਵਜਾਇਆ॥ ਰਾਗੁ ਤਿਲੰਗੁ ਕੀਤਾ॥ ਬਾਬੈ ਸਬਦੁ ਉਠਾਇਆ॥ ਰਾਇਸਾ ਮ:੧॥

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ॥
ਆਪੇ ਜਾਣੈ ਕਰੈ ਆਪਿ ਜਿਨਿ ਵਾੜੀ ਹੈ ਲਾਈ॥੧॥
ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥ਰਹਾਉ॥
ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥
ਹਾਥ ਪਛੋਰੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥੨॥
ਪਛੋਰੇਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥
ਤਾ ਫਿਰਿ ਪਿਆਰਾ ਰਾਵੀਐ ਜਬ ਆਵੇਗੀ ਵਾਰੀ॥੩॥
ਕੰਤੁ ਲੀਆ ਸੋਹਾਗਣੀ ਮੈ ਤੇ ਵਾਧਵੀ ਏਹਾ॥
ਸੇ ਗੁਣ ਮੁਝ ਨ ਆਵਨੀ ਕੈ ਜੀ ਦੋਸੁ ਧਰੇਹਾ॥੪॥
ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ॥
ਪਾਇ ਲਗਾ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥੫॥
ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ।
ਗੁਣ ਕਾਮਣ ਕਾਮਨਿ ਕਰੈ ਤਉ ਅਨਭੁਇ ਪਾਵੈ॥੬॥
ਜੋ ਦਿਲੁ ਮਿਲਿਆ ਸੇ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥੭॥
ਧਤੁ ਮਿਲੈ ਫੁਨਿ ਧਾਤ ਕਉ ਲਿਵ ਲਿਵੈ ਕਉ ਪਾਵੈ॥
ਗੁਰਿ ਪਰਸਾਦੀ ਜਾਣੀਐ ਤਉ ਅਨਭਉ ਪਾਵੈ॥੮॥
ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥
ਰਸੀਆ ਹੋਵੈ ਮਸਕ ਕਾ ਤਬ ਫੂਲੁ ਪਛਾਣੇ॥੯॥
ਅਪਿਉ ਪਾਵੈ ਜੋ ਨਾਨਕਾ ਭ੍ਰਮੁ ਭ੍ਰਮ ਸਮਾਵੈ॥
ਸਹਜੇ ਸਹਜੇ ਮਿਲਿ ਰਹੇ ਅਮਰਾ ਪਦੁ ਪਾਵੈ॥੧੦॥ (ਗੁ.ਗ੍ਰੰ.ਸਾ. ਪੰਨਾ ੭੨੪-੨੫)

---

669 ੲ:ਸ: ਪੈਰੀ

670 ਹ: ੩੪. ਕਿੜੀਆਂ ਪਠਾਣਾਂ ਦੀਆਂ

671 ਅ: ਦਿਪਾਲਪੁਰ ਪਾਸਦੋ, ਕੰਙਣਪੁਰ ਵਿਚਦੋ, ਕਸੂਰ ਵਿਚਦੋ, ਪਟੀ ਵਿਚਦੋ, ਗੋਇੰਦਵਾਲ

672 ਇਹ ਪਾਠ ਅ:ੲ: ਸ ਵਿਚ ਦਰਜ ਨਹੀਂ ਹੈ

673 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

674 ਅ:ੲ: ਸ : ਜਾਇ

ਤਬ [675] [676]ਪਠਾਣ ਲੋਕ[676] ਮੁਰੀਦ ਹੋਇ ਲਾਗੈ ਦਮਸਾਹ ਨਾਨਕ ਕਰਣਿ। ਤਬ ਗੁਰੂ ਬਾਬਾ ਓਥਹੁ ਰਵਦਾ ਰਹਿਆ।

[677] ਫਿਰ [678] ਵਟਾਲੇ ਵਿਚਿਦੋ॥ ਸੈਦਪੁਰਿ **ਸੰਡੇਆਲੀ**[679] ਜਾਇ ਨਿਕਲੇ[680]} ।[681] ਅਗੈ ਪਠਾਣਾ ਦੀ ਘਰੀ ਵਿਵਾਹ ਹੋਦੇ ਹਿਨਿ॥ ਅਰੁ ਬਾਬੇ ਨਾਲਿ ਕੁਛੁ ਫਕੀਰ ਭੀ ਥੇ॥ ਪਰ ਖੁਧਿਆਰਥੁ ਥੇ। ਓਥੇ ਬਾਬਾ ਜਾਇ ਬੈਠਾ॥ ਤਾ ਖਬਰ ਕਿਸੈ ਨ ਲਧੀ। ਅਤੇ ਫਕੀਰੁ ਭੁਖ ਆਜਜੁ ਕੀਤੇ। ਤਬਿ ਬਾਬਾ ਉਠਿ ਖੜਾ ਹੋਆ॥ ਫਕੀਰ ਨਾਲ ਲੀਤੇ॥ ਨਾਲੇ ਮਰਦਾਨਾ [682] ਲੀਤਾ॥ ਜਾਇ ਸੁਆਲ ਪਾਇਆ॥ ਪਰੁ ਸੁਆਲ ਕਿਨੈ ਮੰਨਿਓ ਨਾਹੀ॥ ਤਬ ਬਾਬਾ ਬਹੁਤੁ ਕਰੋਪਿ ਹੋਆ। ਆਖਿਓਸ ਮਰਦਾਨਿਆ ਰਬਾਬੁ ਵਜਾਇ। ਤਾ ਮਰਦਾਨੈ ਰਬਾਬੁ ਵਜਾਇਆ ਰਾਗੁ ਤਿਲਿੰਗੁ ਕੀਤਾ॥ ਬਾਬੇ ਸਬਦੁ ਉਠਾਇਆ ਕਹਰ ਵਿਚੋ ਸਬਦੁ ਮ:੧॥

ਜੈਸੀ ਆਵੈ ਖਸਮ ਕੀ ਬਾਣੀ ਤੈਸਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿੰਦਵਾਣੀਆ ਏਹ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨੁ ਸਮਾਲਸੀ ਬੋਲਾ॥
ਸਾਚਾ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥੪॥ (gu.gRM.sw. pMnw 722-23)

[675] ੲ : ਸ :ਸਭ ਨਾਨਕ ਸਾਹ ਕੇ
[676] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[677] ਹ: ੩੫.ਸੈਦਪੁਰ ਦੀ ਬੰਦ
[678] ਹ: ਫਿਰਦੇ ਫਿਰਦੇ
[679] ੲ: ਸ: ਸਿਰਿਆਲੀ
[680] ਇਹ ਪਾਠ ਅ ਵਿਚ ਦਰਜ ਨਹੀਂ ਹੈ
[681] ੲ :ਓਥੈ ਜਾਇ ਨਿਕਲੈ ਤਾ
[682] ੲ : ਸ: ਭੀ

ਜਾ ਏਹੁ ਸਬਦੁ ਬਾਬੈ ਕੀਤਾ॥ ਤਾ ਇਕੁ ਬਿਰਾਮਣੁ [[683]] ਮੇਵੈ ਕੀ ਚੰਗੇਰਿ ਘਿੰਨਿ ਆਇਆ॥ ਆਇ ਮਿਲਿਆ। ਆਖਿਓਸੁ ਮਿਹਰਵਾਨੁ ਏਹੁ ਜੋ ਸਬਦੁ ਗਜਬ ਕਾ ਕੀਤਾ ਹੈ ਸੋ ਫੇਰੀਐ। ਤਬ ਬਾਬੇ ਆਖਿਆ ਸੁਆਮੀ ਹੁਣਿ ਫਿਰਣ ਤੇ ਰਹਿਆ॥ ਹੁਣਿ ਵਗੀ [684]ਹੈ[684]॥ ਪਰ ਤੂੰ ਆਇ ਮਿਲਿਆ ਹੈ ਸੋ ਬਖਿਸਿਆ ਹੈ॥ ਪਰ ਬਾਰਾ ਕੋਸ ਏਥਹੁੰ ਇਕੁ ਟੋਬਾ ਹੈ ਤੂ ਉਥੈ ਆਪਣਾ ਕੁਟੰਬੁ ਲੈਕਰਿ ਜਾਹਿ ਏਥੇ ਰਹਿਣਾ ਨਾਹੀ। ਜੇ ਏਥੈ ਰਹੈਗਾ ਤਾ ਮਾਰੀਅਹਿਗਾ।ਤਬ ਓਥਹੁ ਬਾਮਣੁ ਟਬਰ ਲੈਇ ਕਰਿ [[685]॥ [687]ਬਾਰਹ ਕੋਸ ਲੈ ਗਇਆ[686] । ਉਜਾੜਿ ਵਿਚਿ ਜਾਇ ਬੈਠਾ। ਜਿਥੈ ਕੁਦਰਤਿ ਨਾਲਿ ਸੁਬਾਹ ਹੋਈ॥ਤਿਥੈ ਮੀਰੁ ਬਾਬਰੁ ਪਤਸਾਹੁ **ਪਇਆ**[687] । ਜਿਉ **ਪਇਆ**[688] ਤਿਉ ਸੈਦਪੁਰੁ ਮਾਰਿਓਸੁ। ਆਸਿ ਪਾਸਿ ਗਿਰਾਉ ਸਭ ਮਾਰੇ। ਹਿੰਦੂ ਮੁਸਲਮਾਨਿ ਸਭਿ ਕਤਲਾਮ ਕੀਤੇ। ਘਰ ਲੁਟੇ ਢਾਹੇ। ਇਜੇਹੀ ਮਾਰੁ ਬਾਬੈ ਦੇ ਸਬਦਿ ਕੀਤੀ ਪਠਾਣਾ ਜੋਗੁ। ਮਹਾਪੁਰਖਾ ਦਾ ਗਜਬੁ ਹੋਆ॥ ਖੁਦਾਇ ਮੰਨੇ ਫਕੀਰਾ [[689]] ਫਕੀਰਾ ਮੰਨਿਆ ਖੁਦਾਇ। ਫਕੀਰ ਦਾ ਅਰਾਧਿਆ ਖੁਦਾਇ ਸੁਣਦਾ ਹੈ ਜੋ ਕੁਛ ਫਕੀਰਾ ਦੇ ਦਿਲਿ ਹੋਦੀ ਹੈ ਸਾਈ ਕਰਦਾ ਹੈ। ਪਰੁ ਸੋ ਫਕੀਰੁ ਕਵਣ ਹੈ॥ ਜਿ ਮਿਹਰ ਮੁਹਬਤਿ [690]ਵਿਚ ਹੈਨਿ[690]॥ ਕਮਸੁਆਲ [691]ਹਨਿ[691]॥ ਸਿਦਕ ਸਬੂਰੀ [692]ਵਿਚ ਹਨਿ[692] ਪੰਚਭੂ ਆਤਮਾ ਵਸਿ [693]ਕੀਤੇ ਹੈਨਿ[693] ਦੂਰਿ ਅੰਦੇਸੀ [694]ਭੀ ਨਹੀ ਕਰਿਦੇ[694]॥ ਫਿਕਰਵਾਨਿ ਮੋਮ ਦਿਲ [[695]] [696]ਸਾਦਿਕ ਹੈ[696] ਖੁਦਾਇ ਦੇ ਦਰਵੇਸ [697]ਹੈ[697]॥ ਸਿ ਫਕੀਰ ਉਹੁ ਹੈ। ਇਸ ਗ੍ਰਿਹੀ ਬੰਦੇ ਨੂੰ ਭੀ ਲੋੜੀਦੀ ਹੈ॥ ਜੇ ਕੋ ਚਹੁ ਵਰਨਾ ਵਿਚਿ ਫਕੀਰੀ [698]ਦਾ[698] ਭੇਖੁ ਕਰੈ॥ ਹਿੰਦੂ ਮੁਸਲਮਾਨ ਚੋਰ ਜਾਰੁ ਵਟਵਾੜਾ ਤਿਸਕੀ ਸੇਵਾ ਕਰਣੀ॥ ਕਰਮ ਨਾਹੀ ਬੀਚਾਰਣਾ।

°° {ਤਬ ਬਾਬਾ ਅਤੇ ਮਰਦਾਨਾ ਬੰਦਿ ਵਿਚਿ ਆਏ ਸੈਦਪੁਰ ਕੀ। ਤਬ ਮੀਰ ਖਾਨ ਮੁਗਲ ਕੇ ਹਥਿ ਚੜੇ। ਤਬ ਮੀਰ ਖਾਨਿ ਮੁਗਲਿ ਆਖਿਆ ਇਨ ਗੋਲੇਆ ਤਾਈ ਲੈ ਚਲਹੁ। ਤਬ ਬਾਬੇ ਦੇ ਸਿਰਿ ਪੰਡ ਮਿਲੀ॥ ਅਤੇ ਮਰਦਾਨੇ ਨੂ ਘੋੜਾ ਪਕੜਾਇਆ॥ ਤਬ ਬਾਬਾ ਬੋਲਿਆ॥ ਸਬਦੁ॥

ਮੁਲਿ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥

---

683 ੲ: ਸੁਣਿਆ। ਸਬਦੁ ਸੁਣਿ ਕੈ
684 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
685 ੲ: ਬਾਹਰਿ ਗਇਆ
686 ਇਹ ਪਾਠ ਅ:ੲ ਵਿਚ ਦਰਜ ਨਹੀਂ ਹੈ
687 ੲ: ਸ: ਧਾਇਆ
688 ਸ: ਧਾਇਆ
689 ਹ: ਨੂੰ
690 ਇਹ ਪਾਠ ਅ:ੲ: ਸ ਵਿਚ ਦਰਜ ਨਹੀਂ ਹੈ
691 ਇਹ ਪਾਠ ਅ:ੲ : ਸ ਵਿਚ ਦਰਜ ਨਹੀਂ ਹੈ
692 ਇਹ ਪਾਠ ਅ:ੲ ਵਿਚ ਦਰਜ ਨਹੀਂ ਹੈ
693 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
694 ਇਹ ਪਾਠ ਅ:ੲ : ਸ ਵਿਚ ਦਰਜ ਨਹੀਂ ਹੈ
695 ੲ : ਸ:ਸਾਦਿਲ
696 ਇਹ ਪਾਠ ਅ:ੲ: ਸ ਵਿਚ ਦਰਜ ਨਹੀਂ ਹੈ
697 ਇਹ ਪਾਠ ਅ:ੲ : ਸ ਵਿਚ ਦਰਜ ਨਹੀਂ ਹੈ
698 ਇਹ ਪਾਠ ੲ ਵਿਚ ਦਰਜ ਨਹੀਂ ਹੈ

ਗੁਰ ਕੀ ਬਚਨੀ ਹਟਿ ਵਿਕਾਣਾ ਜਿਤੁ ਲਾਇਆ ਤਿਤੁ ਲਾਗਾ॥੧॥

ਬਾਬਾ ਤੇਰੇ ਲਾਲੇ ਕਿਆ ਚਤਰਾਈ॥

ਸਾਹਿਬ ਕਾ ਹੁਕਮੁ ਨ ਮੇਟਿਆ ਜਾਈ॥੧॥ਰਹਾਉ॥

ਮਾਂ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥

ਲਾਲੀ ਨਚੈ ਲਾਲਾ ਗਾਵੈ ਭਗਤਿ ਕਰਉ ਹਰਿ ਰਾਇਆ॥੨॥

ਪੀਵਹਿ ਤ ਪਾਣੀ ਆਣੀ ਮੀਰਾ ਖਾਵਹਿ ਤ ਪੀਸਣ ਜਾਉ॥

ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਵਾ॥੩॥

ਲੂੰਣ ਹਰਾਮੀ ਨਾਨਕੁ ਲਾਲਾ ਬਖਸਹਿ ਤੁਧੁ ਵਡਿਆਈ॥

ਆਦਿ ਜੁਗਾਦਿ ਦਇਆਪਤਿ ਦਾਤੇ ਤੁਧੁ ਬਿਨੁ ਮੁਕਤਿ ਨ ਪਾਈ॥੪॥(ਗੁ.ਗ੍ਰੰ.ਸਾ.ਪੰਨਾ ੯੯੧)

ਤਾ ਮਰਦਾਨੇ ਅਰਜੁ ਕੀਤਾ ਆਖਿਓਸੁ॥ ਜੀ ਇਨਾ ਦੇ ਬਾਬਿ ਕਿਆ ਵਰਤੀ॥ ਜੋ ਪੈਰਾ ਤੇ ਉਬਾਹਣੀਆ ਹੈਨਿ॥ ਅਤੇ ਰੋਦੀਆ [[699]] [700]ਜਾਦੀਆ[700] ਹੈਨਿ। ਤਬਿ ਬਾਬੇ ਆਖਿਆ॥ ਮਰਦਾਨਿਆ ਰਬਾਬੁ ਵਜਾਇ। ਤਾ ਮਰਦਾਨੈ ਆਖਿਆ ਜੀ ਮੇਰੇ ਹਥਿ ਘੋੜਾ ਹੈ॥ ਤਾ ਬਾਬੇ ਆਖਿਆ॥ ਵਾਹਿਗੁਰੂ ਕਰਿਕੈ ਘੋੜਾ ਹਥਹੁ ਛੋਡਿ ਦਿਹਿ। ਤਾ **ਮਰਦਾਨਿ**[701] ਘੋੜਾ ਛੋਡਿ ਦਿਤਾ। ਰਬਾਬੁ ਵਜਾਇਆ ਰਾਗੁ ਤਿਲੰਗ ਕੀਤਾ॥ ਬਾਬਾ ਬੋਲਿਆ ਸਬਦੁ ॥ਮ:੧॥

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥

ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥੧॥

ਆਇ ਮਿਲੁ ਗੁਰਸਿਖ ਆਇ ਮਿਲੁ ਤੂੰ ਮੇਰੇ ਗੁਰੂ ਕੇ ਪਿਆਰੇ॥ਰਹਾਉ॥

ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥

ਜਿਨਿ ਗੁਰੁ ਕਾ ਭਾਣਾ ਮਨਿਆ ਤਿਨ ਘੁਮਿ ਘੁਮਿ ਜਾਏ॥੨॥

ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨਾ ਕਉ ਹਉ ਵਾਰੀ॥

ਜਿਨਿ ਗੁਰ ਕੀ ਕੀਤੀ ਚਾਕਰੀ ਤਿਨਾ ਸਦ ਬਲਿਹਾਰੀ॥੩॥

ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥

ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ॥੪॥

ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ॥

ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥੫॥

ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ॥

ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ॥੬॥

ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ॥

---

[699] ੲ: ਸ:ਕਰਲਾਂਦੀਆ

[700] ਇਹ ਪਾਠ ਹ ਵਿਚ ਦਰਜ ਨਹੀਂ

[701] ੲ : ਸ: ਮਰਦਾਨੈ

ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ॥੭॥
ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨਾ ਕਉ ਘੁਮਿ ਜਾਇਆ॥
ਓਇ ਆਪਿ ਛੁਟੇ ਕੁਟੰਬ ਸਿਉ ਸਭੁ ਜਗਤੁ ਛਡਾਇਆ॥੮॥
ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧਨੋ॥
ਗੁਰਿ ਹਰਿ ਮਾਰਗੁ ਦਸਿਆ ਗੁਰੁ ਧੰਨੁ ਵਡ ਪੁਨੋ॥੯॥
ਜੋ ਗੁਰਸਿਖ ਗੁਰੁ ਸੇਵਦੇ ਸੇ ਧੰਨ ਪਰਾਣੀ॥
ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ॥੧੦॥
ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ॥
ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ॥੧੧॥
ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ॥
ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ॥੧੨॥
ਪਾਨ ਸੁਪਾਰੀ ਖਾਦੀਆ ਮੁਖਿ ਬੀੜੀਆ ਲਾਈਆ॥
ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥੧੩॥
ਜਿਨਾ ਹਰਿ ਨਾਮੁ ਹਰਿ ਚੇਤਿਆ ਹਿਰਦੈ ਉਰਧਾਰੇ॥
ਤਿਨ ਜਮੁ ਨੇੜਿ ਨ ਆਵਈ ਗੁਰਸਿਖਿ ਗੁਰ ਪਿਆਰੇ॥੧੪॥
ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ॥
ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ॥੧੫॥
ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਉ॥
ਹਉ ਗੁਰ ਵਿਟਹੁ ਵਾਰਿਆ ਜਿਨਿ ਦਿਤੜਾ ਨਾਉ॥੧੬॥
ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ॥
ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ॥੧੭॥
ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ॥
ਜਿਨ ਸੁਣਿ ਸਿਖਾ ਗੁਰੂ ਮੰਨਿਆ ਤਿਨਾ ਭੁਖ ਸਭ ਜਾਵੀ॥੧੮॥
ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ॥
ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ॥੧੯॥
ਜਿਨਾ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੈ।
ਹਉ ਸਤਿਗੁਰੁ ਕਉ ਸਦ ਵਾਰਿਆ ਗੁਰ ਬਚਨਿ ਸਮਾਣੈ॥੨੦॥
ਤੂੰ ਠਾਕੁਰੁ ਤੂ ਸਾਹਿਬੋ ਤੂ ਹੈ ਮੈਰਾ ਮੀਰਾ॥
ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ॥੨੧॥
ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥੨੨॥(ਮ: ੪) (ਗੁ.ਗ੍ਰੰ.ਸਾ. ਪੰਨਾ ੭੨੫-੨੬)

[702]ਜਬ ਬਾਬੇ ਏਹੁ ਸਬਦੁ ਬੋਲਿਆ[702]॥ ਤਾ ਮੀਰਖਾਨੁ ਮੁਗਲੁ ਆਇ ਗਇਆ। ਜਾ ਆਇਕੈ ਦੇਖੈ ਤਾ ਪੰਡ ਸਿਰ [703]ਤੇ[703] ਉਪਰਿ ਹਥੁ ਭਰਿ ਚਲੀ ਜਾਦੀ ਹੈ॥ ਅਤੇ [[704]] ਘੋੜਾ ਪਿਛੇ ਲਗਾ ਜਾਦਾ ਹੈ। ਤਬ [705]ਸੁਲਤਾਨ[705] ਬਾਬਰ ਪਾਤਿਸਾਹ ਨੂੰ ਖਬਰਿ ਕੀਤੀ ਆਖਿਓਸੁ ਜੀ ਇਕੁ ਫਕੀਰੁ ਜੋ ਬੰਦਿ ਵਿਚਿ ਆਇਆ ਹੈ॥ ਤਿਸਦੇ ਸਿਰ ਉਪਰਿ [[706]] ਪੰਡ ਜਾਦੀ ਹੈ। ਅਤੇ ਉਸਦy [[707]] ਇਕ ਡੂਮ ਹੈ ਤਿਸਦੇ ਪਿਛੈ ਘੋੜਾ ਜਾਦਾ ਹੈ। ਅਰੁ ਰਬਾਬੁ ਵਜਾਇਦਾ [708]ਜਾਦਾ[708] ਹੈ॥ [[709]] ਖੁਦਾਇ ਦੀ ਬੰਦਗੀ ਕਰਦਾ ਹੈ। ਤਾ ਪਾਤਿਸਾਹੁ ਆਖਿਆ॥ਜੋ ਐਸਿਆ ਫਕੀਰਾ ਹੋਦਿਆ ਸਹਰੁ ਮਾਰਣਾ ਨਾਹ ਥਾ। ਤਾ ਮੀਰ ਆਖਿਆ ਜੀ ਕਰਮੁ ਕਰਿਕੈ ਦੇਖਹੁ।

ਤਬ ਡੇਰੇ ਜਾਇ ਪਾਏ ਕੋਹਾਂ ਦੁਹੁੰ ਉਪਰਿ। ਤਬ ਚਕੀਆ [[710]] ਮਿਲੀਆ। [711]ਆਖਿਓਨੈ ਜੋ[711] ਦਾਣਾ ਦਲਹੁ ਸਰਕਾਰ ਕਾ। ਪਠਾਣੀਆ ਅਤੈ ਖਤਰਾਣੀਆ ਅਤੈ ਬਾਮਣੀਆ ਸਭੇ ਇਕਠੀਆ ਬਹਾਲੀਆ ਅਤੈ ਚਕੀਆ ਅਗੈ ਮਿਲੀਆ। ਤਬ ਬਾਬੇ ਨੂੰ ਭੀ ਇਕ ਚਕੀ ਮਿਲੀ॥ ਤਾ ਬਾਬੇ ਕੀ ਚਕੀ ਆਪੈ ਫਿਰੇ। ਬਾਬਾ ਬੈਠਾ ਗਾਲਾ ਹੀ ਪਾਵੈ। ਤਦਿ [[712]] ਪਾਤਿਸਾਹੁ ਆਇ ਗਇਆ। ਤਬ ਬਾਬਾ ਬੋਲਿਆ ॥ਸਬਦੁ॥ ਸ੍ਰੀ ਸਤਿਗੁਰੂ ਪ੍ਰਸਾਦਿ॥

ਰਾਗੁ ਆਸਾ ਮ: 1॥ ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁਨੀਅਨਿ ਗਲ ਵਿਚਿ ਪਵਨਿ ਜੰਜੀਰ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਹਿ ਹਜੂਰਿ॥੧॥
ਆਦੇਸੁ ਤਿਸੈ ਆਦੇਸੁ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਵੇਖਹਿ ਵੇਸ॥੧॥ਰਹਾਉ॥
ਜਦਹੁ ਸੀਆ ਵੀਵਾਹੀਆ ਲਾੜੇ ਸੋਹਨਿ ਪਾਸਿ॥
ਹਿੰਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥
ਪਾਣੀ ਪੀਚੈ ਵਾਰਿ ਵਾਰਿ ਝਲੇ ਝਮਕਨਿ ਪਾਸ॥੨॥
ਇਕੁ ਲਖੁ ਲਹਨਿ ਬੈਠੀਆ ਦੁਇ ਲਖੁ ਲਹਨਿ ਖੜੀਆ॥
ਗਰੀ ਛੁਹਾਰੇ ਖਾਦੀਆ ਮਾਣਨਿ ਸੇਜੜੀਆ॥

---

702 ਇਹ ਪਾਠ ਏ ਵਿਚ ਦਰਜ ਨਹੀਂ ਹੈ
703 ¡ਇਹ ਪਾਠ ਓ:ਸ:ਹ ਵਿਚ ਦਰਜ ਨਹੀਂ
704 ਏ : ਸ: ਹੋਰੁ
705 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
706 ਹ: ਹਥਿ ਭਰ
707 ਏ:ਸ: ਨਾਲਿ
708 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
709 ਏ: ਅਤੈ
710 ਏ:ਸ: ਅਗੈ
711 ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ
712 ਏ: ਬਾਬਰੁ

ਤਿਨ ਗਲੇ ਸਿਲਕਾ ਪਾਈਆਨਿ ਤੁਟਨਿ ਮੋਤਸਿਰੀਆ॥੩॥
ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ॥
ਦੂਤਾ ਨੋ ਫੁਰਮਾਇਆ ਲੇ ਚਲੇ ਪਤਿ ਗਵਾਇ॥
ਭਾਵੈ ਤਾ ਦੇਹਿ ਵਡਿਆਈਆ ਜੇ ਭਾਵੈ ਦੇਹਿ ਸਜਾਇ॥੪॥
ਅਗੋ ਦੇ ਜੇ ਚੇਤੀਐ ਤਾ ਕਾਹੇ ਮਿਲੈ ਸਜਾਇ॥
ਸਾਹਾ ਸੁਰਤਿ ਨਾ ਪਾਈਐ ਰੰਗੁ ਤਮਾਸੈ ਚਾਇ॥
ਬਾਬਰਵਾਣੀ ਵੇਖੁ ਤੂੰ ਰੁ ਨ ਰੋਟੀ ਖਾਇ॥੫॥
ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਿਨਿ ਨਾਇ॥
ਇਕਨਾ ਵਖਤ ਖੋਆਇਆ ਇਕਨਾ ਪੂਜਾ ਜਾਇ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਣੁ ਨ ਮਿਲੈ ਖੁਦਾਇ॥੬॥
ਇਕਿ ਘਰਿ ਆਵਨਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥
ਇਕਨਾ ਏਹੋ ਲਿਖਿਆ ਜੋ ਬਹਿ ਬਹਿ ਰੋਵਹਿ ਦੁਖ॥
ਜੋ ਤਿਸੁ ਭਾਵੈ ਸੋ ਕਰੈ ਨਾਨਕ ਕਿਆ ਮਨੁਖ॥੭॥(ਗੁ.ਗ੍ਰੰ.ਸਾ.ਪੰਨਾ ੪੧੭)

ਤਦਹੁ ਪਾਤਿਸਾਹਿ ਪੁਛਿਆ॥ **ਬਾਬਰ**[713]। ਤਦਹੁ ਬਾਬਾ ਬਿਸਮਾਦ ਕੇ ਘਰਿ ਆਇਆ। ਤਦਹੁ [[714]] ਕਰਾਮਾਤ ਲਗਾ ਮੰਗਣਿ। ਉਤ ਮਹਿਲਿ ਸਬਦੁ ਹੋਆ ਰਾਗ ਤਿਲੰਗ ਵਿਚ ਮ:੧॥

ਜਿਸ ਤੂੰ ਰਖਹਿ ਮਿਹਰਿਵਾਨੁ ਕੋਈ ਨ ਸਕੈ ਮਾਰੇ॥ ਤੇਰੀ ਉਪਮਾ ਕਿਆ ਗਨੀ ਤਉ ਅਗਨਤ ਉਧਾਰੇ॥੧॥ ਰਖਿ ਲਹਿ ਪਿਆਰੇ ਰਾਖਿ ਲੇਹ ਮੈ ਦਾਸਰਾ ਤੇਰਾ। ਜਲਿ ਥਲਿ ਮਹੀਅਲਿ ਰਵਿ ਰਹਿਆ ਸਚਾ ਠਾਕੁਰ ਮੇਰਾ॥ਰਹਾਉ॥ ਜੈ ਦੇਉ ਨਾਮਾ ਤੈ ਰਾਖ ਲੀਤੇ ਤੇਰੇ ਭਗਤਿ ਪਿਆਰੇ॥ ਜਿਨ ਕਉ ਤੈ ਆਪਣਾ ਨਾਮ ਦੀਆ ਸੇ ਤੈ ਪਾਰਿ ਉਤਾਰੇ॥੨॥ ਨਾਮਾ ਸੈਨੁ ਕਬੀਰੁ ਤਿਲੋਚਨ ਤਉ ਰਾਖਿ ਲੀਏ ਤੇਰੇ ਨਾਮ ਸੰਗਿ ਬਨਿਆ॥ ਰਵਦਾਸੁ ਚਮਿਆਰੁ ਧਾਨਾ ਤਉ ਰਾਖਿ ਲੀਆ ਤੇਰਿਆ ਭਗਤਾ ਸੰਗਿ ਗਨਿਆ॥੩॥ ਨਾਨਕੁ ਕਰਤਾ ਬੇਨਤੀ ਕੁਲ ਜਾਨਿ ਕਾ ਹੀਨਾ॥ ਸੰਸਾਰ ਸਾਗਰ ਤੇ ਕਾਢਿ ਕੈ ਅਪੁਨਾ ਕਰਿ ਲੀਨਾ॥੪॥[715]

ਜਾ ਬਾਬੇ ਏਹੁ ਸਬਦੁ ਆਖਿਆ॥ਤਾ ਪਾਤਿਸਾਹਿ ਬਾਬਰਿ ਆਇ ਪੈਰ ਚੁਮੇ॥ਆਖਿਓਸੁ ਇਸੁ ਫਕੀਰ ਦੇ ਮੁਹਿ ਵਿਚਿ ਖੁਦਾਇ ਨਦਰਿ ਆਵਦਾ ਹੈ। ਤਬ ਲੋਕ ਹਿੰਦੂ ਮੁਸਲਮਾਨ ਸਭ ਸਲਾਮਾ ਲਗੇ ਕਰਣਿ। ਤਾ ਪਾਤਿਸਾਹ ਆਖਿਆ ਏ ਦਰਵੇਸ ਕੁਛ ਕਬੂਲ ਕਰੁ। ਤਾ ਬਾਬੈ ਆਖਿਆ ਅਸਾਡੇ ਕੰਮ ਕੁਛੁ ਨਾਹੀ ਪਰੁ ਏਹ ਜੋ ਬੰਦਿ ਹੋਈ ਸੈਦਪੁਰ ਕੀ ਸੋ ਛੋਡਿ ਦੇਹਿ॥ ਅਤੈ ਇਨਾ ਕਾ ਕੁਛੁ ਗਇਆ ਹੈ ਸੋ ਫਿਰਿ ਦੇਹਿ। ਤਬਿ ਬਾਬਰਿ ਪਾਤਿਸਾਹ ਹੁਕਮੁ ਕੀਤਾ ਜੋ ਬੰਦ ਹੈ ਸੋ ਛੋਡ ਦੇਹੁ ਅਤੇ ਵਸਤੁ ਫਿਰਿ ਦੇਹੁ। ਤਾ ਸੈਦਪੁਰ ਕੀ ਬੰਦਿ ਦਰੋਬਸਤੁ ਛੋਡਿ ਦਿਤੀ। ਤਬ ਬਾਬੇ ਬਿਨਾ ਜਾਵਨਿ ਨਾਹੀ॥ ਤਬ ਬਾਬਾ ਤੀਸਰੈ ਦਿਨਿ ਸੈਦਪੁਰ ਫਿਰਿ

[713] ਏ: ਸ: ਬਾਬੈ ਨੂ
[714] ਏ: ਪਾਤਿਸਾਹ ਬਾਬਰ
[715] ਇਹ ਗੁਰੂਬਾਣੀ ਨਹੀਂ ਹੈ

ਆਇਆ। ਜਾ ਆਇ ਕਰਿ ਦਿਖੈ ਤਾ [716]ਕੀ ਵੇਖੈ[716] ਸਭ ਕਤਲਾਮ ਪਏ ਹੈਨਿ। ਤਬ ਬਾਬੈ ਆਖਿਆ ਮਰਦਾਨਿਆ ਇਹ ਕਿਆ ਵਰਤੀ॥ ਤਾ ਮਰਦਾਨੇ ਆਖਿਆ [717]ਜੀ ਪਾਤਿਸਾਹ[717] ਜੋ ਤੁਧੁ ਭਾਣਾ ਸਾਈ ਵਰਤੀ। ਤਬ ਬਾਬੈ ਆਖਿਆ॥ ਮਰਦਾਨਿਆ ਰਬਾਬੁ ਵਜਾਇ। ਮਰਦਾਨੈ ਰਬਾਬੁ ਵਜਾਇਆ॥ ਰਾਗੁ ਆਸਾ ਕੀਤਾ॥ ਬਾਬੈ ਸਬਦੁ ਉਠਾਇਆ ਮ:੧॥

ਕਹਾ ਸੁ ਖੇਲ ਤਬੇਲੇ ਘੋੜੇ ਕਹਾ ਭੇਰਾ ਸਹਨਾਈ॥
ਕਹਾ ਸੁ ਤੇਗਬੰਦ ਗਾਡੀਰਣ ਕਹਾ ਸੁ ਲਾਲੁ ਕਵਾਈ॥
ਕਹਾ ਸੁ ਆਰਸੀਆ ਮੁਹ ਬੰਕੇ ਇਥੇ ਦਿਸਹਿ ਨਾਹੀ॥੧॥
ਇਹੁ ਜੁਗੁ ਤੇਰਾ ਤੂ ਮੇਰਾ ਗੋਸਾਈ॥
ਇਕ ਘੜੀ ਮਹਿ ਥਪਿ ਉਥਾਪੇ ਜਰੁ ਵੰਡਿ ਦੇਵਹਿ ਭਾਈ॥੧॥ਰਹਾਉ॥
ਕਹਾ ਸੁ ਘਰ ਦਰ ਮਹਿਲਾ ਮੰਡਪ ਕਹਾ ਸੁ ਬੰਕ ਸਰਾਈ॥
ਕਹਾ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖ ਨੀਦ ਨਾ ਪਾਈ॥
ਕਹਾ ਸੁ ਪਾਨ ਤਮੋਲੀ ਹਰਮਾ ਹੋਏ ਛਾਈ ਮਾਈ॥੨॥
ਇਸ ਜਰ ਕਾਰਣਿ ਘਣੀ ਵਿਗੁਤੀ ਇਸ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁੰਇਆ ਸਾਥਿ ਨ ਜਾਈ॥
ਜਿਸ ਨੋ ਕਰਤਾ ਆਪਿ ਭੁਲਾਏ ਖੁਸਿ ਲਏ ਚੰਗਿਆਈ॥੩॥
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥
ਥਾਨੁ ਮੁਕਾਮ ਜਾਲਿ ਬ੍ਰਜ ਮੰਦਰ ਮੁਛ ਮੁਛ ਕੁਅਰ ਰੁਲਾਇਆ॥
ਕੋਈ ਮੁਗਲੁ ਨਾ ਹੋਆ ਆਧਾਂ ਕਿਨੈ ਨ ਪਰਚਾ ਲਾਇਆ॥੪॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨਾ ਤੁਪਕ ਤਾਣਿ ਚਲਾਈ ਓਨਾ ਹਸਤਿ ਚਾੜਾਈ॥
ਜਿਨ ਕੀ ਚੀਰੀ ਦਰਗਹ ਫਾਟੀ ਤਿਨਾ ਮਰਨਾ ਭਾਈ॥੫॥
ਇਕ ਹਿੰਦਵਾਣੀਆ ਅਰ ਤੁਰਕਾਣੀਆ ਪਠਾਣੀਆ ਠੁਕਰਾਣੀਆ॥
ਇਕਨਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ॥
ਜਿਨ ਕੇ ਬੰਕੇ ਘਰੀ ਨ ਆਏ ਤਿਨਿ ਕਿਉ ਰੈਣਿ ਵਿਹਾਣੀ॥੬॥
ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈ॥
ਹੁਕਮੀ ਹੁਕਮੁ ਚਲਾਈ ਬਿਗਸੇ ਨਾਨਕ ਲਿਖਿਆ ਪਾਈਐ॥੭॥(ਗੁ.ਗ੍ਰੰ.ਸਾ. ਪੰਨਾ ੪੧੭-੧੮)

°°ਤਬ ਬਾਬਰਵਾਣੀ ਪੂਰੀ ਹੋਈ। ਤਿਤੁ ਮਹਿਲੇ ਬਾਬੇ ਸਬਦੁ ਕੀਤਾ ਰਾਗੁ ਸੋਰਠਿ ਵਿਚਿ॥

॥ਮ:੧॥ ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ॥

---

716 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

717 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ॥
ਨਾਮੁ ਪਰਿਓ ਹੈ ਭਗਤ ਗੋਬਿੰਦ ਕਾ ਇਹ ਰਾਖਹੁ ਪੈਜ ਤੁਮਾਰੀ॥੧॥
ਹਰਿ ਜੀਉ ਨਿਮਾਣਿਆ ਤੂ ਮਾਣੁ॥
ਨਚੀਜਿਆ ਚੀਜੁ ਕਰੈ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ॥ਰਹਾਉ॥
ਜੈਸਾ ਬਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥
ਪਿਛਲੇ ਅਵਗੁਣ ਬਖਸਿ ਲੈਹਿ ਪ੍ਰਭੁ ਆਗੈ ਮਾਰਗਿ ਪਾਵੈ॥੨॥
ਹਰਿ ਅੰਤਰਿਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ॥
ਕਰਣੈ ਕਥਿਨਿ ਨ ਭੀਜੇ ਗੋਵਿਦੁ ਹਰਿ ਭਾਵੈ ਪੈਜ ਰਖਾਈਐ॥
ਅਵਰ ਓਟਿ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ॥੩॥
ਹੋਇ ਕਿਰਪਾਲ ਦਇਆਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ॥
ਪੂਰਾ ਸਤਿਗੁਰੁ ਮੇਲਿ ਮਿਲਾਏ ਤਾ ਚੂਕੇ ਮਨ ਕੀ ਚਿੰਤੀ॥
ਹਰਿ ਹਰਿ ਨਾਮੁ ਅਵਖਧ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ॥੪॥(ਮ:੫)
(ਗੁ.ਗ੍ਰੰ.ਸਾ. ਪੰਨਾ ੬੨੪)

ਤਬ ਬਾਬਾ ਸੈਦਪੁਰ ਵਿਚਿ ਆਇਆ। ਤਾ ਲੋਕ ਹਿੰਦੂ ਮੁਸਲਮਾਨ ਲਾਗੇ ਮੁਰਦੇ ਦਬਣਿ ਜਲਾਵਣਿ। ਘਰ ਘਰਿ ਲਗੇ ਰੋਵਣਿ ਪਿਟਣਿ। ਓਹੁ ਓਹੁ ਲਗੇ ਕਰਣਿ। ਤਬ ਗੁਰੂ ਬਾਬਾ ਬਿਸਮਾਦ [718] ਵਿਚਿ ਆਇਆ। ਤਿਸੁ ਮਹਿਲੇ ਸਬਦ ਹੋਆ ਰਾਗੁ ਆਸਾ ਕਾਫੀ ਘਰੁ ੨॥

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥
ਕੂੜੁ ਕਮਾਵਹਿ ਆਦਮੀ ਬੰਧਿਹਿ ਘਰ ਬਾਰਾ॥੧॥
ਜਾਗਹੁ ਜਾਗਹੁ ਸੁਤਿਓ ਚਲਿਆ ਵਣਜਾਰਾ॥੧॥ਰਹਾਉ॥
ਨਿਤ ਨਿਤ ਘਰ ਬਾਂਧੀਐ ਜੇ ਰਹਣਾ ਹੋਈ॥
ਪਿੰਡ ਪੜੈ ਜੀਉ ਚਲਸੀ ਜੇ ਜਾਣੈ ਕੋਈ॥੨॥
ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥
ਤੁਮ ਰੋਵਹੁਗੈ ਓਸ ਨੁ ਤੁਮ ਕੁ ਕਉਣ ਰੋਈ॥੩॥
ਧੰਧਾ ਪਿਟਹੁ ਭਾਈਓ ਤੁਮ ਕੂਰ ਕਮਾਵਹੁ॥
ਉਹੁ ਨ ਸੁਣਈ ਕਿਤ ਹੀ ਤੁਮ ਲੋਕ ਸੁਣਾਵਹੁ॥੪॥
ਜਿਸ ਤੇ ਸੁਤੇ ਨਾਨਕਾ ਜਾਗਾਵੈਗਾ ਸੋਈ॥
ਜੇ ਘਰੁ ਬੂਝੈ ਆਪਣਾ ਤਾ ਨੀਦ ਨ ਹੋਈ॥੫॥
ਜੇ ਚਲਦਾ ਲੇ ਚਲਿਆ ਕਿਛੁ ਸਾਥੈ ਨਾ ਚਾਲਾ॥

[718] ੲ: ਕੇ ਘਰਿ

ਆਗੈਤਾ ਧਨੁ ਸੰਚਹੁ ਦੇਖਿਕਿ ਬੂਝਹੁ ਬੀਚਾਰਾ॥੬॥
ਵਣਜੁ ਕਰਹੁ ਮੁਖਹੁ ਸਚਿ ਲਹੁਹੁ ਮਤ ਪਛੋਤਾਵਹੁ॥
ਅਉਗਣ ਛੋਡਹੁ ਗੁਣ ਕਰਹੁ ਐਸਾ ਤਤੁ ਪਾਵਹੁ॥੭॥
ਧਰਮ ਭੂਮ ਸਤੁ ਬੀਜੁ ਕਰਹੁ ਐਸੀ ਕਿਰਤ ਕਮਾਵਹੁ॥
ਤਾ ਵਾਪਾਰੀ ਜਾਣੀਹੁ ਲਾਹਾ ਲੈ ਜਾਵਹੁ॥੮॥
ਕਰਮੁ ਹੋਵੈ ਸਤਿਗੁਰੂ ਮਿਲੈ ਬੂਝੈ ਵੀਚਾਰਾ॥
ਨਾਮੁ ਵਖਾਣੈ ਸੁਣੇ ਨਾਮੁ ਨਾਮੋ ਬਿਉਹਾਰਾ॥੯॥
ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ॥
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ॥੧੦॥ (ਗੁ.ਗ੍ਰੰ.ਸਾ.ਪੰਨਾ ੪੧੮)

ਤਬ ਇਕ ਦਿਨਿ ਮਰਦਾਨੈ ਅਰਜੁ ਕੀਤਾ ਆਖਿਓਸੁ ਜੀ ਇਹ ਤਾ ਇਕਸੈ ਵਿਗਾੜਿਆ॥ ਅਤੈ ਇਤਨੇ ਕਿਉ ਮਾਰੇ॥ ਤਬ ਗੁਰੂ ਬਾਬੈ ਆਖਿਆ ਮਰਦਾਨਿਆ ਓਸ ਦਰਖਤ ਤਲੈ ਜਾਇ ਸਉ॥ਜਾ ਉਠਹਿਗਾ ਤਾ ਜਬਾਬੁ ਦੇਹਗੇ। ਤਬਿ ਮਰਦਾਨਾ ਜਾਇ ਸੁਤਾ। [719]ਤਾ[719] ਏਕ ਬੂੰਦ ਚਿਕਣਾਈ ਕੀ ਪਾਈ ਥੀ ਸੀਨੇ ਉਪਰਿ [720]ਰੋਟੀ ਖਾਦਿਆ[720]।ਜਿਉ ਸੁਤਾ [721]ਥਾ[721]॥ ਤਿਉ ਕੀੜੀਆ ਆਇ ਲਗੀਆ। ਇਕ ਜੋ ਕੀੜੀ ਲੜੀ ਸੁਤੇ [722]ਹੋਏ ਨੂੰ ਤਾ[722] ਹਥਿ ਨਾਲ ਸਭੇ ਮਲਿ ਸਟੀਆ। ਤਾ ਬਾਬੇ ਆਖਿਆ ਕਿਆ ਕੀਤੋ ਵੇ ਮਰਦਾਨਿਆ॥ ਤਾ **ਮਰਦਾਨੇ**[723] ਆਖਿਆ ਜੀ ਕੋਈ ਹਿਕ ਜੇ ਲੜੀ ਸਭੇ ਮਰਿ ਗਈਆ। ਤਾ ਬਾਬਾ ਹਸਿਆ॥ ਆਖਿਓਸੁ ਮਰਦਾਨਿਆ ਇਵੈ ਹੀ ਮਰਦੀ ਆਈ॥ [724]ਇਕਸ ਕਾ ਸਦਕਾ[724] । ਤਾ ਮਰਦਾਨਾ ਆਇ ਪੈਰੀ ਪਇਆ। ਤਬ ਸੈਦਪੁਰ ਕਾ ਲੋਕੁ ਬਹੁਤੁ ਨਾਉ ਧਰੀਕ [[725]] ਹੋਆ। ਤਬ ਝਾੜੂ ਕਲਾਲੁ ਬੰਦਿ ਵਿਚਿ ਥਾ ਓਨਿ ਲਿਖਿ ਲਇਆ°° **[[726]]** [727]ਖਰੜ ਖਾਨ ਪੁਰ ਕਾ ਥਾ ਪਰੁ ਸੰਗਤਿ ਵਿਚਿ ਗਵਿਆਛਣੀ ਤਵ ਕਾ ਉਦਾਸੀ ਹੋਆ[727] । ਤਦਹੁ ਬਾਬਾ ਓਥਹੁ ਰਵਦਾ ਰਹਿਆ। [[728]]

---

719 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

720 ਇਹ ਪਾਠ ਸ ਵਿਚ ਦਰਜ ਨਹੀਂ ਹੈ

721 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

722 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

723 ਹ: ਮਰਦਾਨਿ

724 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

725 ਹ: ਸਿਖ

726 ਅ: ਸ: ਤਬ ਬਾਬਾ ਜਾਇ ਪਿਛੋ ਲਸਕਰਿ ਵਿਚ ਵੜਿਆ। ਆਗਿਆ ਪ੍ਰਮੇਸ੍ਰ ਕੀ ਹੋਈ। ਜੋ ਬਾਬਰ ਕਲੰਦਰ ਥਾ। ਦਿਨ ਕਓ ਪਾਤਸਾਹੀ ਕਰਤਾ ਥਾ।ਅਰੁ ਰਾਤ ਕਉ ਪੈਰੀ ਸੰਗਲ ਘਤਿ ਕਰ ਸਿਰ ਤਲਵਾਇਆ ਹੋਇ ਕਰਿ ਖੁਦਾਇ ਕੀ ਬੰਦਗੀ ਕਰਤਾ ਥਾ। ਜਾ ਸਬਾਹ ਹੋਵੈ ਤਾ ਉਠ ਕਰਿ ਤ੍ਰੀਹੇ ਸਿਪਾਰੇ ਪੜੇ। ਅਰ ਨਿਵਾਜ ਗੁਜਾਰੇ। ਫਿਰ ਪਿਛੇ ਨਿਆਉ ਕਰੈ। ਅਰ ਭੰਗ ਭੀ ਖਾਵਦਾ ਥਾ। ਬਾਬਾ ਨਾਨਕ ਜਾ ਲਸਕਰ ਵਿਚ ਜਾਇ ਵੜਿਆ। ਲਗਾ ਸਬਦ ਗਾਵਨ। ਪਰ ਬੰਦੀਵਾਨਾ ਵਲੋ ਦੇਖ ਕਰ ਬਹੁਤ ਆਜਜ ਹੋਇਆ।ਤਾ ਆਖਿਓਸ ਮ੍ਰਦਾਨਿਆ ਰਬਾਬ ਵਜਾਇ।ਰਾਗ ਤਿਲੰਗ ਕੀਤਾ। ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।ਆਪੇ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।ਏਤੀ ਮਾਰ ਪਈ ਕ੍ਰਲਾਣੈ ਤੈ ਕੀ ਦ੍ਰਦ ਨ ਆਇਆ।ਕਰਤਾ ਤੂੰ ਸਭਨਾ ਕਾ ਸੋਈ। ਜੇ ਸਕਤਾ ਸਕਤੇ ਕਉ ਮਾਰੈ ਤਾਂ ਮਨ ਰੋਸੁ ਨ ਹੋਈ।੧।ਰਹਾਉ।। ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।। ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ।। ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ।।੨।। ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨ ਭਾਣੇ।। ਖਸਮੇ ਨਦਰੀ ਕੀੜਾ ਆਵੈ ਜੇਤੇ ਚੁਗੈ

°/°° [729] [730] ਪਸਰੂਰਿ ਵਿਚਦੋ ਮੀਯੇ ਮਿਠੇ ਦੇ ਕੋਟਲੇ ਵਿਚ ਆਇ ਨਿਕਲੇ [731]ਕੋਸ ਅਧ ਉਪਰਿ**[731]** । ਉਥੈ ਬਾਗ ਵਿਚਿ ਜਾਇ ਬੈਠੇ। ਤਬ ਮੀਏ ਮਿਠੇ ਨੂੰ ਅਗਾਹ ਹੋਈ॥ **[732]** ਆਪਣਿਆ ਮੁਰੀਦਾ ਵਿਚਿ ਆਖਿਓਸੁ॥ ਜੋ ਨਾਨਕੁ ਭਲਾ ਫਕੀਰੁ ਹੈ॥ ਪਰ ਜੋ ਆਸਾਨੋ ਮਿਲੈਗਾ ਤਾ ਇਉਂ ਤਾਰਿ ਲੈਹਿਗਿ ਜਿਉ ਦੁਧ

---

ਦਾਣੇ।। ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮ ਵਖਾਣੈ।।੩।।੫।।੩੭।।(ਪੰਨਾ ੩੬੦) ਜਾ ਏਹ ਸਬਦ ਮੀਰ ਬਾਬਰ ਸੁਣਿਆ ਕਹਿਓਸੁ ਯਾਰੋ ਏਹੁ ਫਕੀਰ ਲੈ ਆਵਓ।ਤਬ ਛਟੀਏ ਬਾਬੇ ਨੂੰ ਲੈ ਗਏ। ਤਬ ਬਾਬਰ ਕਹਿਆ ਫਕੀਰ ਏਹ ਜੋ ਆਵਾਜ ਕੀਤਾ ਹੈ। ਸੋ ਮੈਨੂ ਫੇਰ ਕਹਿ ਸੁਣਾਇ। ਤਬ ਬਾਬੇ ਨਾਨਕ ਉਹ ਸਬਦ ਫੇਰ ਸੁਣਾਇਆ। ਤਬ ਬਾਬਰ ਕੇ ਕਪਾਟ ਖੁਲੁ ਗਏ। ਤਬ ਬਾਬਾਰ ਕਹਿਆ ਫਕੀਰ ਭੰਗ ਖਾਹਿ। ਬਾਬਰ ਹਮਾਚਾ ਭੰਗ ਕਾ ਖੋਲ ਅਗੇ ਰਖਿਆ। ਤਬ ਬਾਬੇ ਕਹਿਆ ਜੀ ਮੈ ਭੰਗ ਖਾਧੀ ਹੈ। ਬਾਬਰ ਕਹਿਆ ਹੋਰ ਖਾਹਿ। ਤਬ ਬਾਬੇ ਕਹਿਆ ਇਕ ਦਿਨ ਖਾਧੀ ਹੈ। ਅਮਲ ਰੋਜ ਹੋਤਾ ਹੈ। ਤਬ ਬਾਬਰ ਕਹਿਆ ਉਹ ਕੈਸੀ ਭੰਗ ਹੈ। ਜੁ ਇਕ ਦਿਨ ਖਾਧੀ ਹੈ ਤੇ ਹਰੋਜ ਅਮਲ ਹੋਤਾ ਹੈ।ਤਬ ਬਾਬੇ ਕਹਿਆ ਮ੍ਰਦਾਨਿਆ ਰਬਾਬ ਵਜਾਇ। ਰਾਗ ਤਿਲੰਗ ਵਿਚ ਸਬਦ ਕੀਤਾ।ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ।। ਮੈ ਦੇਵਾਨਾ ਭਇਆ ਅਤੀਤ।। ਕਰ ਕਾਸਾ ਦਰਸਨ ਕੀ ਭੂਖ।। ਮੈ ਦਰਿ ਮਾਗਉ ਨੀਤਾ ਨੀਤ।।੧।। ਤਉ ਦਰਸਨ ਕੀ ਕਰਉ ਸਮਾਇ।। ਮੈ ਦਰਿ ਮਾਗਤੁ ਭੀਖਿਆ ਪਾਇ।।੧।।ਰਹਾਉ।। ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ।। ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ।।੨॥ ॥ ਘਿਅ ਪਟ ਭਾਂਡਾ ਕਹੈ ਨ ਕੋਇ।। ਐਸਾ ਭਗਤ ਵਰਨ ਮਹਿ ਹੋਇ।। ਤੇਰੈ ਨਾਮ ਨਿਵੇ ਰਹੇ ਲਿਵ ਲਾਇ।। ਨਾਨਕ ਤਿਨ ਦਰਿ ਭੀਖਿਆ ਪਾਇ।।੩।।੧।।੨।।(ਪੰਨਾ ੭੨੧) ਜਾ ਏਹ ਸਬਦ ਕੀਤਾ। ਤਾ ਬਾਬਰ ਬਹੁਤ ਖੁਸੀ ਹੋਇਆ। ਆਖਿਓਸ ਫਕੀਰ ਮੇਰੇ ਨਾਲਿ ਚਲੁ।ਤਾ ਬਾਬਰ ਕਹਿਆ ਜੀ ਤਿਨ ਦਿਨ ਰਹੋ।ਤਾ ਬਾਬੇ ਕਹਿਆ ਰਹਾਂਗਾ। ਤਾ ਪ੍ਰਮੇਸ੍ਰ ਕੀ ਆਗਿਆ ਹੋਈ। ਜੁ ਬੰਦੀਵਾਨਾ ਵਲੋ ਦੇਖ ਕੇ ਬਾਬਾ ਬਹੁਤ ਖੈਫਵਾਨ ਹੋਇਆ।ਆਖਿਓਸੁ ਮ੍ਰਦਾਨਿਆ ਰਬਾਬ ਵਜਾਇ। ਰਾਗ ਆਸਾ ਕੀਤਾ। ਬਾਬਾ ਲਗਾ ਖੁਦਾਇ ਦਾ ਕੀਤਾ ਵਖਾਨਣ।ਜਿਨ ਸ੍ਰਿ ਸੋਹਣ ਪਟੀਆ ਮਾਂਗੀ ਪਾਇ ਸੰਧੂਰ।ਸੇ ਸਿਰ ਕਾਤੀ ਮੁਨੀਅਨਿ ਗਲ ਵਿਚਿ ਆਵੈ ਧੂੜਿ॥ ਮਹਿਲਾ ਅੰਦ੍ਰ ਹੋਦੀਆ ਹੁਣੁ ਬਹਿਣ ਨ ਮਿਲਨਿ ਹਦੂਰਿ ॥੧॥ ਆਦੇਸ ਬਾਬਾ ਆਦੇਸੁ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸੁ॥੧॥ਰਹਾਉ॥ਜਦਹੁ ਸੀਆ ਵੀਆਂਹੀਆ ਲਾੜੇ ਸੋਹਨਿ ਪਾਸਿ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥ ਉਪਰਹੁ ਪਾਣੀ ਵਾਰੀਐ ਝਲ ਝਿਮਕਿਨ ਪਾਸਿ॥੨॥ ਇਕ ਲਖ ਲਹਨਿ ਬਹਿਠੀਆ ਲਖੁ ਲਹਨਿ ਖੜੀਆ॥ ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ॥ਤਿਨ੍ਹ ਗਲ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ॥੩॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗ ਲਾਇ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥੪॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ ਸਾਹਾਂ ਸੁਰਤਿ ਗਵਾਈਆ ਰੰਗੁ ਤਮਾਸੈ ਚਾਇ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥੫॥ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥੬॥ ਇਕਿ ਘਰਿ ਆਵਹਿ ਆਪਣੇ ਇਕਿ ਮਿਲਿ ਮਿਲਿ ਪੁਛਹਿ ਸੁਖ॥ ਇਕਨਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥ ਜੋ ਤਿਸ ਭਾਵੈ ਸੋ ਥੀਆ ਨਾਨਕ ਕਿਆ ਮਾਨੁਖ॥੭॥੧੧॥ ਏਹ ਸਬਦ ਆਖ ਕੇ ਬਾਬਾ ਹਾਲਤ ਵਿਚ ਆਇ ਗਇਆ ਪੈ ਰਹਿਆ। ਤਾ ਬਾਬਰ ਉਪਰ ਆਇ ਖੜਾ ਹੋਇਆ। ਆਖਿਓਸ ਇਸ ਫਕੀਰ ਨੂੰ ਕਿਆ ਹੋਇਆ ਹੈ। ਤਾ ਲੋਕਾ ਆਖਿਆ ਜੀ ਏਹ ਦਰਦਵੰਦ ਦਰਵੇਸ ਹੈ। ਖੁਦਾਇ ਦਾ ਗਜਬੁ ਦੇਖ ਕੈ ਹਾਲਤ ਵਿਚ ਆਇ ਗਇਆ ਹੈ। ਤਾ ਬਾਬਰ ਆਖਿਆ ਯਾਰੋ ਤੁਸੀ ਖੁਦਾਇ ਅਗੇ ਹਥ ਜੋੜਹੁ ਜੋ ਏਹੁ ਉਠ ਖੜਾ ਹੋਵੈ। ਤਾ ਬਾਬਾ ਦਰਗਾਹਿ ਪ੍ਰਮੇਸ੍ਰ ਦੀ ਗੈਇਆ। ਤਾ ਹੁਕਮ ਹੋਇਆ ਕਿਛੁ ਮਾਂਗੁ। ਤਾ ਬਾਬੇ ਕਹਿਆ ਜੀ ਏਹੀ ਮਾਂਗਤਾ ਹਾਂ। ਜੁ ਬੰਦੀਵਾਨ ਛੋਡੁ ਮਿਲਣੁ। ਤਾਂ ਆਗਿਆ ਹੋਈ ਤੇਰੇ ਵਚਨ ਕਰਿ ਕੈ ਛੂਟੈ। ਬਾਬਾ ਦਰਗਾਹੋ ਮਿਹਰ ਮਹਬਤ ਕਾ ਪਿਆਲਾ ਪੀ ਕਰ ਉਠੁ ਬੈਠਾ। ਤਾ ਬਾਬੇ ਦੇ ਉਠਣ ਨਾਲ ਜਨੁ ਕੋਟੁ ਸੂਰਜ ਕਾ ਚਾਦਨਾ ਹੋਇਆ।ਤਾ ਬਾਬਰ ਪਾਤਸਾਹਿ ਆਨ ਖੜਾ ਹੋਇਆ। ਸਲਾਮ ਕੀਤਾ ਤਾ ਆਖਿਉ ਜੀ ਤੂੰ ਮਿਹਰਵਾਨ ਹੈ। ਤਾ ਗੁਰੂ ਬਾਬੇ ਆਖਿਆ ਜੇ ਭਲਾ ਚਾਹਦਾ ਹੈ ਤਾ ਬੰਦੀਵਾਨ ਛੋਡੁ ਦੇਹਿ। ਅਰ ਕਿਛੁ ਮਾਂਗ। ਤਾ ਬਾਬਰ ਕਹਿਆ ਜੀ ਮੈ ਏਹੀ ਮਾਗਤਾ ਹਾਂ। ਜੁ ਮੇਰੀ ਪਾਤਸਾਹੀ ਚਿਰ ਤੀਕ ਚਲੈ।ਤਾ ਬਾਬੇ ਆਖਿਆ ਚਿਰ ਤਾਈ ਚਲੈਗੀ। ਤਾ ਬਾਬਰ ਆਖਿਆ ਜੀ ਵਚਨ ਮਿਲੈ। ਤਾ ਬਾਬੇ ਆਖਿਆ ਜਾਹਿ ਵਚਨ ਦਿੱਤਾ। ਤਾ ਬਾਬਰ ਬੰਦੀਵਾਨ ਪਹਿਰਾਇ ਕਰਿ ਸਭ ਛੋਡ ਦਿਤੇ। ਸਾਖੀ ਪੂਰੀ ਹੋਈ ਸੰਗਤ ਆਖੇ ਵਾਹਿਗੁਰੂ ਧੰਨ ਗੁਰੂ ਜੀ।

[727] ਇਹ ਪਾਠ ਅ: ੲ : ਸ ਵਿਚ ਦਰਜ ਨਹੀਂ ਹੈ

[728] ਹ: ਬੋਲੋ ਵਾਹਿਗੁਰੂ

[729] ਹ: ੩੬.ਗੋਸ਼ਟ ਮੀਆਂ ਮਿੱਠਾ

[730] ੲ : ਤਾਂ ਗੁਰੂ ਬਾਬਾ

[731] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[732] ੲ : ਤਾਂ

ਉਪਰਹੁ ਮਲਾਈ ਤਾਰਿ ਲਈਦੀ ਹੈ **[733]**[ ਤਬ ਬਾਬੈ ਆਖਿਆ॥ [734]ਮਰਦਾਨਿਆ ਸੁਣਿ**734** ਮਿਠਾ ਕਿਆ **ਆਖਿਦਾ**[735] ਹੈ। ਤਾ ਮਰਦਾਨੇ ਆਖਿਆ॥ ਜੀ ਤੇਰਾ ਜੰਤੁ ਹੈ॥ ਵਜਾਇਆ ਵਜਦਾ ਹੈ। ਤਬ ਗੁਰੂ ਬਾਬਾ ਬੋਲਿਆ॥ ਮਰਦਾਨਿਆ ਜਾ ਮਿਠਾ ਅਸਾਨੂ ਮਿਲੇਗਾ ਤਾ ਇੰਉ ਨਿਚੋੜਿ ਲੈਹਿਗੇ ਜਿਉ ਨਿੰਬੂ ਵਿਚਹੁ ਰਸੁ ਨਿਚੋੜਿ ਲੀਚਦਾ ਹY [**736**] । ਤਬ ਮੀਆ ਮਿਠਾ ਉਠਿ ਖੜਾ ਹੋਆ॥ ਆਖਿਓਸੁ ਚਾਲਹੁ ਯਾਰੋ ਨਾਨਕ ਦਾ ਦੀਦਾਰੁ **ਕਰੇਹਾ**[737]।ਤਾ ਮੁਰੀਦਾ ਆਖਿਆ॥ ਤੁਸਾ ਅਗੇ ਅਵਾਜੁ ਕੀਤਾ ਆਹਾ॥ ਜੋ ਨਾਨਕੁ ਅਸਾਨੂ ਮਿਲੈਗਾ ਤਾ ਇਓ ਤਾਰਿ ਲੈਹਿਗੇ ਜਿਉ ਦੁਧੁ ਉਪਰਹੁ ਮਲਾਈ ਤਾਰਿ ਲਈਦੀ ਹੈ। ਤਾ ਮੀਆ ਮਿਠਾ ਬੋਲਿਆ ਜੋ ਉਥਹੁ ਅਵਾਜੁ ਆਇਆ ਹੈ॥ ਜਿਉ ਨਿੰਬੂ ਵਿਚਹੁ ਰਸੁ ਨਿਚੋੜਿ ਲੀਚਦਾ ਹੈ॥[738]ਤਿਉ ਜਾ ਮਿਲੈਗਾ ਤਾ ਇਉ ਨਿਚੋੜਿ ਲੈਹਗੈ। ਤਾ**738** ਦੁਧ ਕਾ ਕੁਛ ਨਾ ਜਾਵੈਗਾ [739]ਮਲਾਈ ਉਤਾਰੀ**739**॥ ਅਤੇ ਨਿਬੂ ਨਿਚੋੜਿਆ ਫੋਗੁ ਹੋਵੈਗਾ। ਤਬ ਮੀਆ ਮਿਠਾ ਦੀਦਾਰੁ ਦੇਖਣਿ ਆਇਆ॥ [740]ਆਇ ਦੁਆਇ ਸਲਾਮ ਕਰਿਕੈ ਬੈਠਿ ਗਇਆ**740**॥ ਗੋਸਟਿ ਮਹਲਾ੧॥ ਤਬ ਮੀਆ ਮਿਠਾ ਬੋਲਿਆ॥

ਸਲੋਕੁ॥ ਅਵਲ ਨਾਉ ਖੁਦਾਇ ਕਾ ਦੂਜਾ ਨਬੀ ਰਸੂਲੁ

ਨਾਨਕ ਕਲਮਾ ਜੇ ਪੜਹਿ ਤਾਂ ਦਰਗਹ ਪਵਹਿ ਕਬੂਲ॥[741]

ਤਬ ਬਾਬੇ ਜਬਾਬੁ ਦਿਤਾ॥

ਅਵਲ ਨਾਉ ਖੁਦਾਇ ਕਾ ਦਰਿ ਦਰਵਾਨ ਰਸੂਲੁ॥

ਸੇਖਾ ਨੀਅਤ ਰਾਸਿ ਕਰਿ ਤਾਂ ਦਰਗਹਿ ਪਵਹਿ ਕਾਬੂਲੁ॥੧॥[742]

ਤਾ ਬਾਬੈ ਆਖਿਆ ਸੇਖ ਮਿਠਾ॥ ਉਸ ਦਰ ਦੁਇ ਦੀ ਠਉੜ ਨਾਹੀ॥ ਜੋ ਕੋਈ ਰਹਦਾ ਹੈ ਸੋ ਹਿਕੋ ਹੋਆ ਰਹਦਾ ਹੈ। ਤਾ ਸੇਖਿ ਮਿਠੇ ਆਖਿਆ॥ ਜੋ ਨਾਨਕ ਬਿਨੁ ਤੇਲੁ ਦੀਵਾ ਜਲਦਾ ਹੈ॥ ਸਲੋਕ॥

ਅਚਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥

ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥੧॥

ਬਿਨੁ ਤੇਲ ਦੀਵਾ ਕਿਉ ਬਲੈ॥੧॥[743]

---

733 ੲ : ਤਿਉ ਉਤਾਰਿ ਲੈਵਹਿਗੇ

734 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

735 ਹ:ਆਖਿਆ

736 ੲ : ਤਿਉ ਨਿਚੋੜਿ ਲੈਹਗੈ

737 ਹ: ਰਹੇ ਹਾਂ

738 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

739 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

740 ਇਹ ਪਾਠ ੲ ਵਿਚ ਦਰਜ ਨਹੀਂ ਹੈ

741 ਇਹ ਗੁਰੂਬਾਣੀ ਨਹੀਂ ਹੈ

742 ਇਹ ਗੁਰੂਬਾਣੀ ਨਹੀਂ ਹੈ

743 ਇਹ ਗੁਰੂਬਾਣੀ ਨਹੀਂ ਹੈ

ਤਬ ਬਾਬੇ ਜਬਾਬੁ ਦਿਤਾ॥ ਸਲੋਕੁ॥

ਕੁਰਾਨ ਕਤੇਬ ਕਮਾਈਐ ਭਉ ਵਟੀ ਇਤੁ ਤਨਿ ਲਾਈਐ॥
ਸਚੁ ਬੁਝਣੁ ਆਣਿ ਜਲਾਈਐ ਬਿਨੁ ਤੇਲੁ ਦੀਵਾ ਇਉ ਬਲੈ॥
ਕਰਿ ਚਾਨਣੁ ਸਾਹਿਬੁ ਇਉ ਮਿਲੈ॥੧॥
ਇਤੁ ਤਨਿ ਲਗੀਆ ਬਾਣੀਆ॥
ਸੁਖੁ ਹੋਵੈ ਸੇਵਕ ਮਾਣੀਆ॥
ਸਭ ਦੁਨੀਆ ਆਵਣ ਜਾਣੀਆ॥੨॥
ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹਿ ਬੈਸਣੁ ਪਾਈਐ॥
ਕਹੁ ਨਾਨਕ ਬਾਂਹ ਲੁਡਾਈਐ॥੩॥

ਤਾ ਸੇਖਿ ਮਿਠੈ ਅਰਜੁ ਕੀਤਾ ਆਖਿਓਸੁ॥ ਜੀ ਓਹੁ ਕਵਨੁ ਕੁਰਾਨੁ ਹੈ ਜਿਤੁ ਪੜੈ ਕਬੂਲ ਪਵੈ ਅਤੈ ਉਹੁ ਕਵਨ ਦਰਵੇਸੀ ਹੈ॥ ਜਿਤੁ ਦਰ ਕੀ ਲਾਇਕ ਥੀਵੈ॥ ਅਤੇ ਜੀ ਉਹ ਕਵਨ ਰੋਜਾ ਹੈ ਜਿਤੁ ਦਿਲੁ ਰਹੈ, ਜਾਇ ਨਾਹੀ॥ ਅਤੇ ਉਹੁ ਕਵਨੁ ਨਿਵਾਜ ਹੈ ਜਾ ਕੇ ਗੁਜਾਰੇ ਤੇ ਨਜਰਿ ਗੁਜਰੇ। ਤਬ ਬਾਬੇ ਜਬਾਬੁ ਦੇਤਾ॥ ਆਖਿਓਸੁ ਮਰਦਾਨਿਆ ਰਬਾਬੁ ਵਜਾਇ। ਤਾ ਮਰਦਾਨੈ ਰਬਾਬੁ ਵਜਾਇਆ॥ ਬਾਬੈ ਸਬਦੁ ਕੀਤਾ ਰਾਗੁ ਮਾਰੂ ਵਿਚਿ॥ ਮ:੧॥

ਅਲਹੁ ਅਗਮੁ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆ ਕੈ ਧੰਧੇ॥
ਹੋਇ ਪੈਇ ਖਾਕੁ ਫਕੀਰੁ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ॥੧॥
ਸਚੁ ਨਿਵਾਜ ਯਕੀਨੁ ਮੁਸਲਾ॥ਮਨਸਾ ਮਾਰਿ ਨਿਵਾਰਹੁ ਆਸਾ॥
ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ॥੨॥
ਸਰਾ ਸਰੀਅਤਿ ਲੇ ਕਮਾਵਹੁ॥ ਤਰੀਕਤਿ ਤਰਾਇਕੁ ਖੋਜਿ ਟੂਲਾਵਹੁ॥
ਮਾਰਫਤਿ ਮਨੁ ਮਾਰਿਅ ਅਬਦਾਲਾ ਮਿਲਹੁ ਹਕੀਤਿ ਜਿਤ ਫਿਰਿ ਨ ਮਰਾ॥੩॥
ਕੁਰਾਨ ਕਤੇਬ ਦਿਲੇ ਮਾਹਿ ਕਮਾਹੀ॥ ਦਸ ਅਵਰਤ  ਰਾਖਹੁ ਬਦ ਰਾਹੀ॥
ਪੰਚ ਮਰਦ ਸਿਦਕਿ ਲੇ ਬੰਧਹੁ ਇਉ ਖੈਰ ਸਬੂਰੀ ਕਬੂਲ ਪਰਾ॥੪॥
ਕਾ ਮਿਹਰਿ ਰੋਜਾ ਪੈਇ ਖਾਕਾ॥ ਭਿਸਤੁ ਪੀਰ ਲੇਫਸ ਕਮਾਇ ਆਵਾਜਾ॥
ਹੂਰਾ ਨੂਰਾ ਮੁਸਕੁ ਖੁਦਾਈ ਬੰਦਗੀ ਅਲਹੁ ਅਲਹੁ ਆਲਹੁ ਹਾਜਰਾ॥੫॥
ਸਚੁ ਕਮਾਵੈ ਸੋਈ ਕਾਜੀ॥ ਜੋ ਦਿਲੁ ਬੰਧੈ ਸੋਈ ਹਾਜੀ॥
ਸੋ ਮੁਲਾ ਮਲਊਨ ਨਿਵਾਰੈ ॥ਸੋ ਦਰਵੇਸੁ ਜਿਸੁ ਸਿਫਤਿ ਧਰਾ॥੬॥
ਸਭੇ ਵਖਤ ਸਭੇ ਕਰਿ ਵੇਲਾ॥ ਖਾਲਕੁ ਯਾਦਿ ਦਿਲੇ ਮਹਿ ਮਉਲਾ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਖੇਲ ਖਾਨਾ ਬੰਧਾਨੁ ਬਰਾ॥੭॥
ਦਿਲ ਮਹਿ ਬਿਰਾਦਰਾ ਜਾਨਹੁ ਸਭੁ ਫਿਹਾਲ ਹਮੂ ਜੰਜਾਲਾ॥

ਮੀਰ ਮਕ ਉਮਰਾਉ ਫਨਾਹੀ ॥ ਏਕੁ ਮੁਕਾਮ ਖੁਦਾਈ ਦਰਾ॥੮॥
ਅਵਲਿ ਸਿਫਤਿ ਦੂਜੀ ਸਬੂਰੀ॥ ਤੀਜੀ ਹਲੇਮੀ ਚਉਥੀ ਖੈਰੀ॥
ਪੰਜਵੈ ਪੰਜਿ ਇਕ ਤੁਮੁਕਾਮੈ ਪੰਜੈ ਵਖਤ ਤੇਰੇ ਅਪਰਪਰਾ॥੯॥
ਸਗਲੀ ਜਾਨਿ ਕਰਹੁ ਮੁਦੀਫਾ। ਬਦ ਅਮਲ ਛੋਡਿ ਕਰਹੁ ਹਥਿ ਕੂਜਾ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾ॥ਬੁਰਗੂ ਬਰਖੁਰਦ ਖਰਾ॥੧੦॥
ਹਕੁ ਹਲਾਲੁ ਬਖੋਰਹੁ ਖਾਣਾ ॥ਦਿਲਿ ਦਰੀਆਉ ਧੋਵਹੁ ਮਉਲਾਣਾ॥
ਪੀਰੁ ਪਛਾਣੈ ਭਿਸਤੀ ਸੋਈ ॥ਅਜਰਾਈਲੁ ਨ ਦੋਜੁ ਹਰਾ॥੧੧॥
ਕਾਇਆ ਕਿਰਦਾਰ ਅਉਰਤਿ ਯਕਨਾ॥ ਰੰਗ ਤਮਾਸੇ ਮਾਣਿ ਯਕੀਨ ॥
ਨਪਾਕੁ ਪਾਕੁ ਹਦੂਰਿ ਕਰਾਹੁ ਹਦੀਸਾ ਇਉ ਸਬਤਿ ਦਸਤਾਰ ਸਰਾ॥੧੨॥
ਮੁਲਸਮਾਨੁ ਮੋਮ ਦਿਲੁ ਹੋਵੈ॥ ਅੰਤਰ ਕੀ ਮਲੁ ਦਿਲ ਤੇ ਧੋਵੈ॥
ਦੁਨੀਆ ਕੈ ਰੰਗਿ ਨ ਆਵੈ ਨੇੜੈ ਜਿਉ ਕੁਸਮੁ ਪਾਟੁ ਘਿਉ ਪਾਕੁ ਖਰਾ॥੧੩॥
ਜਾਕਉ ਮਿਹਰਿ ਮਿਹਰਿ ਮਿਹਰਿਵਾਨਾ॥ ਸੋਈ ਮਰਦੁ ਮਰਦੁ ਮਰਦਾਨਾ॥
ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ॥੧੪॥
ਕੁਦਰਤਿ ਕਾਦਰ ਕਰਣ ਕਰੀਮਾ॥ਸਿਫਤਿ ਮੁਹਬਤਿ ਅਥਾਹੁ ਰਹੀਮਾ॥
ਹਕੁ ਹੁਕਮੁ ਸਚੁ ਖੁਦਾਇਆ ॥ਬੁਗੋ ਨਾਨਕ ਬੰਦ ਖਲਾਸ ਤੁਰਾ॥੧੫॥ (ਮ:੫)
(ਗੁ.ਗ੍ਰੰ.ਸਾ.ਪੰਨਾ ੧੦੮੩-੮੪)

ਤਬ ਸੇਖ ਮਿਠੈ ਆਖਿਆ॥ ਜੀ ਤੁਸਾ ਜੋ ਹਿਕ ਨਾਵੈ ਦੀ ਸਿਫਤਿ ਕੀਤੀ॥ ਸੋ ਹਿਕੁ ਨਾਮੁ ਕੈਸਾ ਹੈ॥ ਤਬ ਬਾਬੇ ਆਖਿਆ ਸੇਖ ਮਿਠਾ ਹਿਕ ਨਾਵੈ ਦੀ ਕੀਮਤਿ ਕਿਸ ਨਉ ਆਈ ਹੈ॥ [744]ਤਾ[744] ਸੇਖ ਮਿਠੇ ਆਖਿਆ ਜੀ ਮਿਹਰ ਕਰਿ ਦਸਿ। [745]ਤਬ ਗੁਰੂ ਬਾਬੇ ਸੇਖ ਮਿਠੇ ਕੀ ਬਾਂਹ ਪਕੜੀ ਗੋਸੇ ਲੈ ਗਇਆ[745]।ਤਬ ਬਾਬੇ ਆਖਿਆ ਸੇਖ ਮਿਠਿਆ ਇਕੁ ਨਾਮੁ ਖੁਦਾਇ ਕਾ ਸੁਣੁਥਾ।ਤਾ ਬਾਬਾ ਬੋਲਿਆ॥ ਅਲਹ ਆਖਣਿ ਨਾਲਿ ਦੂਸਰਾ ਭਸਮ ਹੋਇਆ ਗਇਆ । ਤਬ ਸੇਖ ਮਿਠਾ ਦੇਖਿ ਕਰਿ ਹੈਰਾਣੁ ਹੋਆ। ਜਾ ਦੇਖੈ ਤਾਂ ਇਕੁ ਮੁਠੀ ਭਸਮ ਕੀ ਹੈ। ਤਬਿ ਫਿਰਿ ਅਵਾਜ ਆਇਆ ਹੈ ਅਲਾਹ। ਇਤਨਿ ਕਹਣੈ ਨਾਲਿ ਉਠੀ ਖੜਾ ਹੋਆ॥ ਤਬ ਸੇਖ ਮਿਠੈ ਆਇ ਪੈਰ ਚੁਮੈ। ਤਬ ਬਾਬਾ ਬਿਸਮਾਦ ਕੇ ਘਰ ਵਿਚ ਬੋਲਿਆ। ਹਾਜਰ ਕਉ ਮਿਹਰ ਹੈ।ਬੇਹਾਜਰ ਕਉ ਬੇਮਿਹਰ ਹੈ।ਈਮਾਨੁ ਦੋਸਤ ਹੈ।ਬੇਈਮਾਨੁ ਕਾਫਰੁ ਹੈ।ਕੁਫਰੁ ਕਹਰੁ ਹੈ।ਗੁਸਾ ਹਰਾਮ ਹੈ। ਨਫਸੁ ਸੈਤਾਨ ਹੈ।ਗੁਮਾਨ ਕੁਫਰੁ ਹੈ।ਪਸਗੈਬਤਿ ਕਾ ਮੁਹ ਕਾਲਾ ਹੈ। ਬੇਈਮਾਨੁ ਨਪਾਕੁ ਹੈ।ਸੋਮਦਿਲੁ ਪਾਕੁ ਹੈ।ਇਲਮ ਹਲੀਮੀ ਹੈ। ਬੇਰਹਿਮ ਅਉਲੀਆ ਹੈ। ਬੇਦਿਆਨਤਿ ਨਾਸੁਰਖੁਰੂ ਹੈ।ਅਕ੍ਰਿਤਘਣ ਜਰਦਰੁ ਹੈ।ਸਚ ਭਿਸਤ ਹੈ।ਦਰੋਗ ਦੋਜਕੁ ਹੈ।ਇਲਮੁ ਹਲੀਮੀ ਹੈ।ਜੋਰੁ ਜੁਲਮੁ ਹੈ। ਇਨਸਾਫੁ ਸਾਫ ਹੈ।ਸਿਫਤਿ ਉਜੂ ਹੈ।ਬਾਂਗ ਬਲੇਲ ਹੈ।ਚੋਰੀ ਲਾਲਚੁ ਹੈ।ਜਾਰੀ ਪਲੀਤੀ ਹੈ। ਫਕੀਰੀ ਸਬੂਰੀ ਮਕਰੂ ਹੈ। ਰਾਹੁ ਪੀਰਾ ਹੈ। ਬੇਰਾਹੁ ਬੇਪੀਰਾ

[744] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[745] ਇਹ ਪਾਠ ਏ ਵਿਚ ਦਰਜ ਨਹੀਂ ਹੈ

ਹੈ। ਦਿਆਨਤਿ ਦੋਸਤੁ ਹੈ। ਬੇਦਿਆਨਤਿ ਨਕਾਰੁ ਹੈ।ਤੇਗ ਮਰਦਾ ਹੈ। ਅਦਲੁ ਪਾਤਸਾਹੁ ਹੈ। ਏਤੇ ਟੋਲ ਜੋ ਜਾਨਿ ਜਨਾਵੈ। ਤਉ ਨਾਨਕ ਦਾਨ ਸਬੰਦੁ ਕਹਾਵੈ।੧।

ਤਬ ਬਾਬੈ ਮੀਆ ਮਿਠਾ ਵਿਦਾ ਕੀਤਾ। ਗੁਰੂ ਬਾਬਾ ਓਥਹੁ ਰਵਦਾ ਰਹਿਆ। ਬੋਲਹੁ ਵਾਹਗੁਰੂ॥

**°/°°** [[746]] ਤਬ **[[747]]** ਰਾਵੀ ਨਦੀ ਦੇ ਕਿਨਾਰੇ ਲਹੋਰਿ ਆਇ ਨਿਕਲਿਆ। ਤਬ ਲਹੋਰ ਦੇ ਪਰਗਣੇ ਦਾ ਕਰੋੜੀ [748]ਦੁਨੀ ਚੰਦ ਧੁਪੁੜ**[748]** **[[749]]** ਖਤ੍ਰੀ ਥਾ॥ ਤਿਸਕੇ ਪਿਤਾ ਕਾ ਸਰਾਧੁ ਥਾ॥ ਉਸ ਸੁਣਿਆ ਜੋ ਨਾਨਕੁ ਤਪਾ ਆਇਆ ਹੈ। ਤਬ ਓਹੁ ਆਇ ਕਰਿ ਬਾਬੇ ਜੀ ਕਉ ਭਾਉ ਕਰਿਕੇ ਲੈ ਗਇਆ। ਤਬ ਗੁਰੂ ਜਾਇ ਬੈਠਾ॥ ਤਬ ਓਸ ਬਸਤੁ **ਬਾਹਰੀਤ[750]** ਅਣਾਈ ਫੁਰਮਾਇਸਿ ਕੀਤੀ॥ ਦੁਧੁ ਦਹੀ ਲਕੜੀਆ। ਤਾ ਅੰਨੁ ਤਈਆਰੁ ਹੋਆ ਬ੍ਰਾਮਣ ਜੇਵੈ। ਤਬ ਬਾਬੈ ਜੀ ਕਉ ਭੀ ਬੁਲਵਣਿ ਆਇਆ। ਤਦਹੁ ਗੁਰੂ ਜੀ ਪੁਛਿਆ॥ ਤੇਰੈ ਕਿਆ ਹੋਆ [752]ਹੈ[751]॥ ਤਬ ਉਸ ਕਹਿਆ ਜੀ ਮੇਰੇ ਪਿਤਾ ਕਾ ਸਰਾਧੁ ਹੈ। ਤਿਸ ਕੇ ਨਾਉ ਕੇ ਬਾਮਣਿ ਜਿਵਾਇ ਹੈਨਿ। ਤਬ ਬਾਬਾ ਬੋਲਿਆ॥ ਤੇਰੇ ਪਿਤਾ ਨੂੰ ਅਜੁ ਤੀਸਰਾ ਦਿਨੁ ਹੋਆ ਹੈ॥ ਕਿਛੁ ਨਾਹੀ ਖਾਧਾ॥ ਅਤੈ ਤੂ ਆਖਦਾ ਹੈ **[[752]]** ਮੈਂ ਸਉ ਮਨੁਖ ਜਿਵਾਇਆ ਹੈ। ਤਬ ਦੁਨੀ ਚੰਦ ਬੇਨਤੀ ਕੀਤੀ॥ ਆਖਿਓਸੁ ਜੀ ਓਹੁ ਕਿਥੇ ਹੈ॥ ਤਬ ਬਾਬੇ ਆਖਿਆ ਓਹੁ **ਇਕ ਮਾਲ[753]** ਵਿਚਿ ਹੈ ਪਇਆ ਹੋਆ॥ ਕੋਹਾ ਪੰਜਾ ਉਪਰਿ ਬਘਿਆੜ ਕਾ ਜਨਮੁ ਹੈ॥ ਪਰੁ ਤੂੰ ਜਾਹਿ ਪਰਸਾਦੁ ਲੇਕਰਿ॥ ਪਰੁ ਡਰਣਾ ਨਾਹੀ॥ ਤੇਰੇ ਜਾਣੈ ਨਾਲਿ [755]ਉਸ ਕੀ**[754]** ਬੁਧਿ ਮਾਨੁਖ ਕੀ ਹੋਇ ਆਵੈਗੀ॥ ਪਰਸਾਦੁ ਖਾਵੈਗਾ ਅਰ ਬਾਤਾ ਭੀ ਕਰੈਗਾ। ਤਬ ਦੁਨੀ ਚੰਦੁ ਪਰਸਾਦੁ ਲੈ ਗਇਆ॥ ਜਾਇ ਪੈਰੀ ਪਉਣਾ ਕਹਿਓਸੁ। ਪਰਸਾਦੁ ਆਗੈ ਰਾਖਿਓਸੁ ਤਬ ਇਸ ਪੁਛਿਆ॥ ਆਖਿਆ ਪਿਤਾ ਜੀ ਤੂ ਇਤੁ ਜਨਮਿ ਕਿਉ ਆਇਆ ਤਬ **ਇਸਿ[755]** ਆਖਿਆ ਗੁਰੂ ਪੂਰੈ ਬਿਨਾ ਇਤੁ ਜਨਮ ਆਇਆ। [757]ਮੈ**[756]** ਏਕ [758]ਅਚਾਰੀ ਕਾ**[757]** ਸਿਖੁ ਥਾ ਓਸ ਮੇਰੇ ਪਾਸਹੁ ਸਗਉਤੀ ਮਛੀ ਛਡਾਈ ਥੀ॥ ਜਬ ਮੇਰੇ ਕਾਲ ਕਾ ਸਮਾ ਹੋਆ ਤਾ ਮੈ ਦੁਖੀ ਹੋਆ॥ [758]ਤਾ**[758]** ਮੇਰੇ ਪਾਸਿ ਸਗਉਤੀ ਰਿਨਦੇ ਸੇ ਮੈਨੂੰ ਵਾਸ਼ਨਾ ਆਈ॥ ਮੇਰੀ ਮਨਸਾ [759]ਉਹਾ**[759]** ਗਈ॥ ਤਿਸਕਾ ਸਦਕਾ ਏਤੁ ਜਨਮਿ ਆਇਆ। ਤਬ ਉਹੁ ਉਠਿ ਚਲਿਆ॥ ਅਤੇ ਉਹੁ ਭਜਿ ਗਇਆ। ਤਦਹੁ ਦੁਨੀ ਚੰਦ ਆਇ ਪੈਰੀ ਪਇਆ। ਤਬ ਗੁਰੂ ਬਾਬੇ

---

[746] ਹ: ੩੭. ਦੁਨੀ ਚੰਦ ਨਿਸਤਾਰਾ
[747] ੲ : ਗੁਰੂ ਬਾਬਾ
[748] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[749] ੲ : ਜਾਤਿ
[750] ੲ : ਸ: ਬਾਹਰ ਤੇ
[751] ਇਹ ਪਾਠ ਹ ਵਿਚ ਦਰਜ ਨਹੀਂ ਹੈ।
[752] ੲ : ਸ: ਜੋ
[753] ੲ :ਸ: ਇਕਸੁ ਮਲੇ
[754] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
[755] ੲ: ਉਸੁ
[756] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[757] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[758] ਇਹ ਪਾਠ ੲ ਵਿਚ ਦਰਜ ਨਹੀਂ ਹੈ
[759] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਜੀ ਕਉ ਘਰਿ ਲੇ **ਗਇਆ**[760] ਉਸੁ ਕੇ ਦਰਿ ਉਪਰਿ ਸਤ ਧਜਾ ਬੰਧੀਆ ਥੀਆ॥ ਲਾਖ ਲਾਖ ਕੀ ਇਕ ਧਜ [761]**ਥੀ**[761] ।ਤਬ ਬਾਬੈ ਪੁਛਿਆ ਏਹ ਧਜਾ ਕਿਸ ਕੀਆ ਹੈਨਿ॥ ਤਬ ਦੁਨੀ ਚੰਦ ਆਖਿਆ ਜੀ ਇਹਿ ਧਜਾ ਮੇਰੀਆਂ ਹੈਨਿ। ਤੁਦਹੁ ਬਾਬੈ ਇਕ ਸੂਈ ਦਿਤੀ॥ ਆਖਿਓਸੁ ਜੋ ਅਸਾਡੀ ਅਮਾਨ ਰਾਖੁ॥ ਅਸੀ ਆਗੈ ਮੰਗਿ ਲੈਹਿਗੈ ਤਬ ਦੁਨੀ ਚੰਦੁ ਸੂਈ ਤ੍ਰੀਮਤਿ ਪਾਸਿ ਲੈ ਗਇਆ। ਆਖਿਓਸੁ ਇਹ ਸੂਈ ਰਖੁ ਗੁਰੂ ਦਿਤੀ ਹੈ॥ ਅਤੈ ਆਖਿਆ ਹੈਸੁ ਜੁ ਅਗੈ ਮੰਗਿ ਲੈਹਿਗੇ। ਤਦਹੁ ਤ੍ਰੀਮਤਿ ਆਖਿਆ ਏ ਪਰਮੇਸਰ ਕੇ ਇਹ ਸੂਈ ਤੇਰੈ ਸਾਥਿ ਚਲੈਗੀ ਆਗੈ॥ ਤਾ ਦੁਨੀ ਚੰਦ ਆਖਿਆ ਕਿਆ ਕਰੀਐ ਤਾ ਤ੍ਰੀਮਤ ਆਖਿਆ ਜਾਹਿ ਦੇ ਆਉ। ਤਬ ਦੁਨੀ ਚੰਦ ਸੂਈ ਫੇਰਿ ਲੈ ਆਇਆ ਬਾਬੇ ਪਾਸਿ [762]**ਆਇ**[762] ਆਖਿਓਸ ਇਹੁ ਸੂਈ ਮੇਰੇ ਪਾਸਿ ਅਗੈ ਚਲਣੈ ਕੀ ਨਾਹੀ॥ ਫੇਰ ਲੇਵਹੁ। ਤਬ ਗੁਰੂ ਬਾਬੇ ਆਖਿਆ॥ ਇਹ ਧਜਾ ਕਿਉ ਕਰਿ ਪਹੁਚਾਵਹਿਗਾ॥ ਜੋ ਸੂਈ ਨਹੀ ਪਹੁਚਾਇ ਸਕਦਾ॥ ਤਬ ਦੁਨੀ ਚੰਦ ਉਠਿ ਆਇ [[763]] ਮਥਾ ਟੇਕਿਆ॥ ਆਖਿਓਸੁ ਜੀ ਉਹੁ ਬਾਤ ਕਰਿ ਜਿਤੁ ਆਗੈ ਪਹੁਚੈ। ਤਦਹੁ ਗੁਰੂ ਆਖਿਆ ਪਰਮੇਸਰ ਕੇ ਨਾਮ [764]**ਤੂ**[764] ਦੇਹਿ। ਅਤੀਤਾ ਅਭਿਆਗਤ ਦੈ ਮੁਹਿ ਪਾਇ ਇਉ ਸਾਥਿ ਪਹੁਚੈਗੀ। ਤਬ ਦੁਨੀ ਚੰਦ ਸਤ ਲਖ ਕੀਆ ਧਜਾ ਲੁਟਾਇ ਦੂਰਿ ਕੀਤੀਓਸੁ। ਹੁਕਮੁ ਮੰਨਿਆ। ਹੁਕਮੁ ਗੁਰੂ ਕਾ ਐਸਾ ਹੈ॥ ਜੋ ਕੋਈ ਮੰਨੇਗਾ ਤਿਸਕੀ ਗਤਿ ਹੋਵੈਗੀ। ਤਦਹੁ ਦੁਨੀ ਚੰਦ ਨਾਉ ਧਰੀਕੁ [[765]] ਹੋਆ॥ ਗੁਰੂ ਗੁਰੂ ਲਗਾ ਜਪਣਿ। ਬੋਲਹੁ ਵਾਹਿਗੁਰ੦ **[[766]]** [ ਤਬ ਬਾਬੇ ਆਖਿਆ ਮਰਦਾਨਿਆ॥ ਰਬਾਬਿ ਵਜਾਇ। [767]**ਤਾ**[767] ਮਰਦਾਨਿ ਰਬਾਬੁ ਵਜਾਇਆ। ਰਾਗੁ ਆਸਾ ਕੀ ਵਾਰ ਕੀਤੀ, **[[768]]** [769]ਪਉੜੀਆਂ 15 ਪਰਥਾਇ ਦੁਨੀਚੰਦ ਕੇ ਕੀਤੀਆ[769]॥

---

[760] ਏ:ਸ: ਆਇਆ

[761] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[762] ਇਹ ਪਾਠ ਏ ਵਿਚ ਦਰਜ ਨਹੀਂ ਹੈ

[763] ਏ : ਸ: ਪੈਰਾ ਸਾਥਿ

[764] ਇਹ ਪਾਠ ਏ : ਸ ਵਿਚ ਦਰਜ ਨਹੀਂ ਹੈ

[765] ਹ: ਸਿਖ

[766] ਏ: ਵਾਹਗੁਰੂ ਜੀ

[767] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[768] ਏ : ਸ: ਸਲੋਕੁ ਦਿਤਾ। ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੈਸਾਰੁ। ਕੂੜੁ ਮੰਡਪ ਕੂੜੁ ਮੀੜੀ ਕੂੜੁ ਬੈਸਣਹਾਰੁ।ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪ ਆਪਾਰੁ।ਕੂੜੁ ਸੁਇਨਾ ਕੂੜੁ ਰੂਪਾ ਕੂੜੁ ਪੈਨਣਹਾਰ।ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ। ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।ਕਿਸੁ ਨਾਲਿ ਲਾਈਐ ਦੋਸਤੀ ਸਭੁ ਚਲਣਹਾਰੁ।ਕੂੜਿ ਮਿਠਾ ਕੂੜੁ ਮਾਖਿਓ ਕੂੜ ਡੋਬੈ ਪੂਰ।ਨਾਨਕੁ ਵਖਾਣੈ ਬੇਨਤੀ ਤੁਧ ਬਾਝੁ ਕੂੜੋ ਕੂੜੁ।੧।ਸਚੁ ਤਾਂ ਪਰੁ ਜਾਣੀਐ ਜਾ ਰਿਦੈ ਸਚਾ ਹੋਇ।ਕੂੜ ਕੀ ਮਲੁ ਉਤਰੈ ਤਨੁ ਹਛਾ ਧੋਇ। ਸਚੁ ਤਾਂ ਪਰੁ ਜਾਣੀਐ ਜਾਂ ਸਚਿ ਧਰੈ ਪਿਆਰੁ।ਨਾਉ ਸੁਣਿ ਮਨੁ ਰਹਸੀਐ ਤਾਂ ਪਾਏ ਮੋਖੁ ਦੁਆਰੁ।ਸਚੁ ਤਾਂ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ।ਧਰਤੀ ਕਾਇਆ ਸਾਧਿ ਕੈ ਵਿਚਿ ਦੇ ਕਰਤਾ ਬੀਉ।ਸਚੁ ਤਾਂ ਪਰੁ ਜਾਣੀਐ ਜਾਂ ਸਿਖ ਸਚੀ ਲੇ।ਦਇਆ ਜਾਣੈ ਜੀਅ ਕੀ ਕਛੁ ਪੰਨੁ ਦਾਨ ਕਰੇ। ਸਚੁ ਤਾਂ ਪਰੁ ਜਾਣੀਐ।ਜਾਂ ਆਤਮੈ ਤੀਰਥ ਕਰੈ ਨਿਵਾਸੁ।ਸਤਿਗੁਰੂ ਨੋ ਪੁਛਿਕੈ ਬਹਿ ਰਹੈ ਕਰੈ ਨਿਵਾਸੁ। ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ।੨।ਪਉੜੀ।ਦਾਨ ਮਹਿੰਡਾ ਤਲੀ ਖਾਕੁ ਜੇ ਮਿਲੇ ਤ ਮਸਤਕਿ ਲਾਇਐ।ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ।ਫਲੁ ਤੇ ਵੋਹੋ ਪਾਈਐ ਜੇ ਵੇਹੀ ਕਾਰ ਕਮਾਈਐ। ਜੈ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ।ਮਤਿ ਥੋੜੀ ਸੇਵ ਗਵਾਈਐ।੧।ਸਲੋਕ।ਅਗੈ ਵਾਰ ਸਪੂਰਣਿ ਲਿਖਣੀ ਰਹੀ ਹੈ।

[769] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

੭/੭੦ [770] ਤਬ ਬਾਬਾ ਜੀ ਘਰਿ ਆਇਆ ਤਲਵੰਡੀ ਵਿਚਿ 772ਕੋਈ **[771]** ਦਿਨੁ ਰਹੈ**772** । ਇਕ ਦਿਨ ਇਕੁ ਬ੍ਰਾਮਣੁ ਅਚਾਰੀ ਆਇਆ॥ ਖੁਧਿਆਰਥੁ॥ 773ਤਾ ਆਇ**773** **ਅਸੀਸੁ774** ਬਚਨੁ ਕੀਤੋਸੁ। ਬਾਬਾ ਜੀ ਪਰਸਾਦ ਵਿਚਿ ਬੈਠਾ ਥਾ। ਤਬ ਗੁਰੂ ਆਖਿਆ॥ ਆਵਹੁ ਮਿਸਰ ਜੀ ਪਰਸਾਦੁ ਤਈਆਰ ਹੈ। ਤਾ ਪੰਡਿਤ ਕਹਿਆ ਮੈ ਇਹੁ ਪਰਸਾਦੁ ਨਾਹੀ ਖਾਦਾ ਮੈ ਆਪਣy [**775**] ਕਰਿ ਖਾਵਾਗਾ **ਜਬ776** ਹਥੁ ਭਰਿ ਧਰਤੀ **ਉਖਣਾਗਾ777**॥ ਅਤੇ ਚਉਕਾ ਦੇਵਾਗਾ॥ ਅਤੈ ਜਾਇਕੈ ਗਿਠ ਭਰਿ 778ਧਰਤੀ**778** ਉਖਣਾਗਾ॥ ਤਾ ਚੁਲਾ ਕਰਾਗਾ। ਲਕੜੀਆ ਧੋਇ ਕਰਿ ਚਾੜਾਗਾ। ਏਹ ਰਸੋਈ ਕੀ ਧਰਤੀ ਕੈਸੀ ਹੈ॥ ਤਾ ਮੈ ਨਾਹੀ ਖਾਦਾ। ਤਬ ਬਾਬੈ ਆਖਿਆ ਇਸ ਪੰਡਿਤ ਕਉ ਰਸੋਈ ਕੋਰੀ ਦੇਵਹੁ। ਤਬ ਕੋਰੀ ਰਸੋਈ ਮਿਲੀ। ਪੰਡਤੁ ਬਾਹਰਿ 779ਲੈ**779** ਗਇਆ ਜਾਇ ਲਗਾ 780ਚਉਕਾ ਬਣਾਵਣਿ**780** ਧਰਤੀ ਖੋਦਿਣ ਜਿਥੈ 782ਧਰਤੀ**781** ਖੋਦੈ 783ਓਥੈ**782** ਹਡੀਆ ਨਿਕਲਿਨਿ। ਤਬ ਚਾਰ ਪਹਿਰਿ ਖੋਦਦਾ ਫਿਰਿਆ। 783ਜਾ**783** ਭੁਖਾ ਆਜਜੁ ਹੋਆ॥ 784ਤਾ ਆਖਿਓਸੁ ਬਾਬੇ ਤੇ ਜਾਵਾ**784** । ਤਾ ਆਇ ਪੈਰੀ ਪਇਆ॥ ਆਖਿਓਸੁ ਜੀ ਓਹੁ ਪਰਸਾਦੁ 785ਮੈਨੂ**785** ਮਿਲੈ ਮੈ ਭੁਖਾ ਮੁਆ ਹਾ। ਤਦਹੁ ਗੁਰੂ ਆਖਿਆ ਸੁਆਮੀ ਓਹੁ ਵਖਤੁ ਗਇਆ 786ਪਰਸਾਦ ਕਾ**786** ਪਰੁ ਜਾਹਿ ਵਾਹਿਗੁਰੂ ਕਰਿਕੈ ਧਰਤੀ ਖੋਦੁ॥ ਰਸੋਈ ਕਰੁ ਖਾਹਿ। ਤਬ ਬਾਬਾ ਬੋਲਿਆ ਸਬਦੁ ਰਾਗੁ ਬਸੰਤੁ ਵਿਚਿ ਮ:੧॥

ਸੁੰਇਨੇ ਕਾ ਚਉਕਾ ਕੰਚਨਾ ਕੁਵਾਰ॥ ਰੁਪੇ ਕੀਆ ਕਾਰਾ ਬਹੁਤੁ ਬਿਸਧਾਰੁ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ॥ ਗਰੜਾ ਖਾਣਾ ਦੁਧੁ ਸਿਉ ਗਾਡਿ॥੧॥
ਰੇ ਮਨ ਲੇਖੈ ਕਬਹੂ ਨ ਪਾਇ॥ ਜਾ ਮਨਿ ਭੀਜੈ ਸਾਚਿ ਨਾਇ॥੧॥ਰਹਾਉ॥
ਦਸ ਅਠ ਲੀਖੈ ਹੋਵਹਿ ਪਾਸਿ॥ ਚਾਰੇ ਬੇਦ ਮੁਖਾਗਰ ਪਾਠਿ॥
ਪੁਰਬੀ ਨਾਵੈ ਵਰਨਾ ਕੀ ਜਾਤਿ॥ਵਰਤ ਨੇਮ ਕਰੈ ਦਿਨੁ ਰਾਤਿ॥੨॥
ਕਾਜੀ ਮੁਲਾ ਹੋਵਹਿ ਸੇਖ॥ ਜੋਗੀ ਜੰਗਮ ਭਗਵੇ ਭੇਖ॥
ਕੋ ਗਿਰਹੀ ਕਰਮਾ ਕੀ ਸੰਧਿ॥ ਬਿਨੁ ਬੂਝੈ ਸਭ ਖੜੀਅਸਿ ਬੰਧਿ॥੩॥

770 ਹ: ੩੮. ਬ੍ਰਾਹਮਣ ਦੀ ਸੁਚ ਰਸੋਈ
771 ਏ :ਕੁ
772 ਇਹ ਪਾਠ ਸ ਵਿਚ ਦਰਜ ਨਹੀਂ ਹੈ
773 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
774 ਏ : ਸ: ਅਸੀਰ,ਹ: ਅਸੀਮੁ
775 ਏ : ਸ: ਹਥਿ
776 ਏ : ਸ:ਤਬ
777 ਏ: ਖੋਦਾਗਾ
778 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
779 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
780 ਇਹ ਪਾਠ ਏ:ਸ ਵਿਚ ਦਰਜ ਨਹੀਂ ਹੈ
781 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
782 ਏ : ਸ: ਤਿਥੈ
783 ਇਹ ਪਾਠ ਏ ਵਿਚ ਦਰਜ ਨਹੀਂ ਹੈ
784 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
785 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
786 ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

ਜੇਤੇ ਜੀਅ ਲਿਖੀ ਸਿਰਿ ਕਾਰ॥ਕਰਣੀ ਉਪਰਿ ਹੋਵਗਿ ਸਾਰ॥

ਹੁਕਮੁ ਕਰਹਿ ਮੂਰਖ ਗਵਾਰ॥ ਨਾਨਕ ਸਾਚੇ ਕੇ ਸਿਫਤਿ ਭੰਡਾਰ॥੪॥੧॥

(ਗੁ.ਗ੍ਰੰ.ਸਾ. ਪੰਨਾ ੧੧੬੮-੬੯)

°/°° [787] ਤਬ ਏਕ ਦਿਨਿ ਗੁਰੂ ਕੀ ਆਗਿਆ ਹੋਈ ਜੋ ਪਿਛਲੇ ਪਹਰਿ ਰਾਤਿ ਕਉ ਕੀਰਤਨ ਹੋਵੈ ਤਾ ਇਕੁ ਲੜਕਾ ਬਰਸਾ ਸਤਾਂ ਕਾ ਘਰ ਤੇ ਉਠਿ ਆਵੈ॥ ਆਇ ਗੁਰੂ ਜੀ ਕੈ ਪਿਛੈ ਖੜਾ ਹੋਵੈ। ਜਬ ਆਰਤੀ ਕੀਰਤਿ ਹੋਵੈ ਤਾ ਉਠਿ ਜਾਵੈ॥ ਤਬ ਬਾਬੈ ਇਕ ਦਿਨਿ ਕਹਿਆ॥ ਅਜੁ ਏਹੁ ਲੜਕਾ ਪਕੜਿ ਰਖਣਾ। ਜਬ ਮਥਾ ਟੇਕ [788]ਕਰਿ**[788]** ਚਲਿਆ ਤਾ ਸੰਗਤਿ ਪਕੜਿ ਰਖਿਆ॥ ਆਣਿ ਹਾਜਰੁ ਕੀਤਾ। ਤਬ ਬਾਬੈ ਪੁਛਿਆ॥ ਆਖਿਆ ਏ ਲੜਕੇ॥ ਤੂੰ ਜੋ ਇਤੁ ਵਖਤਿ ਉਠਿ ਆਵਦਾ ਹੈ॥ ਸੋ ਕਿਉ ਆਵਦਾ ਹੈ॥ ਅਜੇ ਤੇਰਾ ਵਖਤੁ ਖਾਵਣ ਖੇਡਣ ਸਉਣ ਦਾ ਹੈ। ਤਦਹੁ ਉਸਿ [790]ਲੜਕੈ**[789]** ਆਖਿਆ ਜੀ **[790]** ਇਕ ਦਿਨਿ [791] [792]ਮੇਰੀ**[792]** ਮਾਤਾ ਕਹਿਆ॥ ਜੋ ਬੇਟਾ ਤੂ ਅਗਿ ਬਾਲੁ॥ ਤਾ ਮੈ ਆਗਿ ਲਗਾ ਬਾਲਣਿ। ਜਾ ਲਕੜੀਆ ਪਾਈਆ ਤਾ ਪਹਿਲੇ ਨਿਕੜੀਆ ਕਉ ਲਗੀ॥ ਤਾ ਪਿਛਹੁ ਵਡੀਆ ਕਉ ਲਾਗੀ। ਤਦਹੁ ਮੈ ਭਉ ਕੀਤਾ॥ ਜੋ ਮਤਾ ਅਸੀ ਨਿਕੜੇ ਚਲਿ ਜਾਹਿ॥ ਵਡੇਰੇ ਹੋਣਿ ਮਿਲਹਿ ਕਿ ਨ ਮਿਲਹਿ [793]ਲਕੜੀਆ ਕੀ ਨਿਆਈ**[793]** । ਤ [794]ਮੈ ਆਖਿਆ ਜੋ**[794]** ਗੁਰੂ [795] ਜਪਿ ਲੇਹਿ। ਤਦਿ ਸੰਗਤਿ ਹੈਰਾਨ ਹੋਇ ਰਹੀ ਸੁਣਿਕੈ। ਤਬ ਬਾਬੈ ਦੀ ਖੁਸੀ ਹੋਈ ਲੜਕਾ ਪੈਰੀ ਪਇਆ। ਤਾ ਗੁਰੂ ਬਾਬੈ ਤਿਤੁ ਮਹਿਲਿ ਸਬਦੁ ਬੋਲਿਆ ਸਿਰੀ ਰਾਗੁ ਵਿਚਿ॥ ਮ:੧॥

ਘੜੀ ਮੁਹਤ ਕਾ ਪਾਹੁਣਾ ਨਿਤ ਕਾਜ ਸਵਾਰਣਹਾਰੁ॥

ਮਾਇਆ ਕਾਮਿ ਵਿਆਪਿਆ ਨਾ ਬੁਝੈ ਗਵਾਰੁ॥

ਉਠਿ ਚਲਿਆ ਪਛੁਤਾਣਿਆ ਜਾ ਵਸਿ ਪਇਆ ਜੰਦਾਰ॥੧॥

ਅੰਧੇ ਮਨਾ ਤੂ ਬੈਠਾ ਕੰਢੀ ਪਹਿ॥

ਜੇ ਹੋਵੈ ਪੂਰਬ ਲਿਖਿਆ ਤਾ ਸਤਗੁਰ ਕਾ ਬਚਨੁ ਕਮਾਇ॥੧॥ਰਹਾਉ॥

ਕਿਆ ਹਰੀ ਕਿਆ ਡੁਡੁਰੀ ਪਕੀ ਵਢਣੁਹਾਰੁ॥

ਲੇ ਕਰਿ ਦਾਤੀ ਪਹੁਤਿਆ ਕਰਿ ਲਾਵੇ ਤਯੀਆਰੁ॥

ਹੁਕਮੁ ਹੋਵੈ ਕਿਰਸਾਣਾ ਵਢਿ ਕੀਤਾ ਖੇਤ ਤਈਆਰੁ॥੨॥

ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ॥

---

[787] ਹ: ੩9. ਇਕ ਵੈਰਾਗੀ ਬਾਲਕ

[788] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[789] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[790] ੲ : ਸ: ਜੋ

[791] ੲ : ਸ: ਮੇਰੇ ਤਾਈ

[792] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[793] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[794] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[795] ੲ : ਸ: ਗੁਰੂ

ਤੀਜੈ ਝਖ ਝਖਾਇਆ ਚਉਥੈ ਭਉਰ ਭਾਇਆ॥

ਚਿਤਿ ਨ ਆਇਓ ਸੁ ਪਾਰਬ੍ਰਹਮ ਜਿਨੀ ਜੀਉ ਪਿੰਡ ਦੀਆ॥੩॥

ਸਾਧਸੰਗਤਿ ਉਤਿ ਵਾਰਿਆ ਜੀਉ ਕੀਤਾ ਕੁਰਬਾਣੁ॥

ਜਿਨਿ ਮਿਲਿਆ ਸੋਝੀ ਪਈ ਪਾਇਆ ਸਚੁ ਦੀਬਾਣੁ॥

ਨਾਨਕ ਹਰਿ ਕਾ ਦਾਸੁ ਹੈ ਤਉ ਅੰਤਰਜਾਮੀ ਜਾਣੁ॥੪॥ (ਮ:੫) (ਗੁ.ਗ੍ਰੰ.ਸਾ. ਪੰਨਾ ੮੩)

ਤਦਹੁ ਬਾਬਾ ਰਵਦਾ ਰਹਿਆ ਘਰ ਤੇ।[796],[797]

---

796.ਇਹ ਸਾਖੀ ੲ ਵਿਚ ਦਰਜ ਨਹੀਂ ਹੈ, ਹ: ੪੦. ਕਰੋੜੀਆ ਤਬ ਬਾਬਾ ਦਰੀਆਉ ਉਪਰ ਬਹਿ ਗਇਆ, ਤਲਵੰਡੀ ਕੇ ਨਜਦੀਕ ਇਕ ਥਾਉਂ ਉਥੇ ਬਹੁਤ ਗਉਗਾ ਚਲਿਆ। ਜੇ ਕੋਈ ਸੁਨੇ ਸੋ ਸਭ ਆਵੈ। ਲੋਕ ਆਖਣ ਜੋ 'ਕੋਈ ਖੁਦਾਇ ਦਾ ਫਕੀਰ ਪੈਦਾ ਹੋਇਆ ਹੈ, ਨਾਨਕ ਨਾਉਂ ਹੈਸੁ, ਅਪਣੇ ਖੁਦਾਇ ਨਾਲ ਰੱਤਾ ਹੈ'। ਲੋਕ ਬਹੁਤ ਜੁੜਿਆ, ਮੁਰੀਦ ਭੀ ਹੋਵਨ। ਜੋ ਆਵੈ, ਸੋ ਪਰਚਾ ਜਾਵੈ॥ ਜੋ ਬਾਬਾ ਸਲੋਕ ਕਰਦਾ ਥਾ, ਸੋ ਪਰਗਟ ਹੋਏ। ਇਹੁ ਸਲੋਕੁ ਕੀਤੇ ਸੇ, ਫਕੀਰ ਕਾਨਿਆ ਨਾਲ ਗਾਉਂਦੇ ਸੇ- ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ (ਪੰਨਾ ੯੫੩) ਤਬ ਨਾਨਕ ਕੇ ਘਰ 'ਏਕੋ ਨਾਮ ਵਖਾਣੀਐ।' ਬਹੁਤ ਉਸਤ ਹੋਵਨ ਲਗੀ, ਖਰਾ ਬਹੁਤ ਗਉਗਾ ਹੋਇਆ। ਜੇ ਕੋਈ ਹਿੰਦੂ, ਮੁਸਲਮਾਨ ਜੋਗੀ, ਸੰਨਿਆਸੀ, ਬ੍ਰਹਮਚਾਰੀ, ਤਪੀਏ, ਤਪੀਸਰ, ਦਿਗੰਬਰ, ਬੈਸਨੋ, ਉਦਾਸੀ, ਗ੍ਰਸਤੀ, ਬੈਰਾਗੀ, ਖਾਨ ਖਨੀਨ, ਉਮਰੇ, ਉਮਰਾਉ, ਕਰੋੜੀਏ ਜਿਮੀਦਾਰ, ਭੂੰਮੀਏ, ਜੋ ਕੇ ਆਵੈ, ਸੋ ਪਰਚਾ ਜਾਵੈ। ਸਭੇ ਲੋਕ ਉਸਤਤਿ ਕਰਨ। ਤਬ ਜਿਥੈ ਬਾਬਾ ਰਹਿੰਦਾ ਸੀ ਉਸ ਗਿਰਾਉਂ ਪਾਸ ਇਕ ਕਰੋੜੀਆ ਰਹਿੰਦਾ ਸੀ। ਓਨ ਕਹਿਆ:' ਏਹ ਕਉਣ ਹੈ? ਜੋ ਪੈਦਾ ਹੋਇਆ ਹੈ, ਸੋ ਸਭ ਇਸਕਾ ਨਾਉ ਲੈਤੇ ਹੈਨ। ਹਿੰਦੂ ਤਾਂ ਖਰਾਬ ਕੀਏ ਥੇ, ਪਰ ਮੁਸਲਮਾਨਾਂ ਕਾ ਭੀ ਈਮਾਨ ਖੋਇਆ। ਕਿਆ ਈਮਾਨ ਮੁਸਲਮਾਨਾਂ ਕਾ ਜੋ ਹਿੰਦੂ ਉਪਰ ਈਮਾਨ ਕਰਤੇ ਹੈਨ? ਪਰ ਚਲਹੁ ਅਸੀਂ ਬੰਨ ਲੈ ਆਵਹਿ'। ਜਾਂ ਚੜਿਆ ਘੋੜੇ ਉਪਰ, ਤਾਂ ਘੋੜਾ ਫਰਕ ਪਇਆ। ਫਿਰ ਅਗਲੇ ਦਿਨ ਚੜਿਆ, ਤਾਂ ਆਵਦਾ ਆਵਦਾ ਰਾਹਿ ਵਿਚ ਅੰਧਾ ਹੋਇ ਗਇਆ, ਸੁਝਸ ਕਿਛ ਨਾਹੀ, ਤਾਂ ਬਹਿ ਗਇਆ, ਲੋਕਾਂ ਕਹਿਆ: 'ਜੀ ਅਸੀਂ ਡਰਦੇ ਆਖ ਨਾਹੀਂ ਸਕਦੇ, ਪਰ ਨਾਨਕ ਵਡਾ ਪੀਰ ਹੈ। ਤੁਸੀਂ ਉਸਕੀ ਬੰਦਗੀ ਸਿਮਰਣ ਕਰਹੁ'। ਤਾਂ ਕਰੋੜੀਆ ਸਿਫਤ ਲਗਾ ਬਾਬੇ ਨਾਨਕ ਦੀ ਕਰਣ। ਅਤੇ ਪਾਸ ਲੋਕ ਭੀ ਲੱਗੇ ਬਾਬੇ ਵਲ ਸਿਜਦਾ ਕਰਨ। ਤਾਂ ਕਰੋੜੀਆ ਅਸਵਾਰ ਹੋਇਆ, ਤਾਂ ਪੱਟੇ ਘੋੜੈ, ਉਪਰਹੁ ਢਹਿ ਪਇਆ, ਦਿਸੈ ਕੁਛ ਨਾਹੀਂ। ਤਬ ਲੋਕ ਕਹਿਆ: 'ਦੀਵਾਨ ਜੀ! ਤੂੰ ਭੁਲਦਾ ਹੈਂ ਜੋ ਘੋੜੇ ਚੜਦਾ ਹੈਂ, ਨਾਨਕ ਵਡਾ ਪਰਿ ਹੈ, ਤੂੰ ਪਿਆਦਾ ਹੋਇ ਕਰ ਚਲ, ਜੇ ਤੂੰ ਬਖਸੀਐ'। ਤਾਂ ਕਰੋੜੀ ਪਿਆਦਾ ਹੋਇ ਚਲਿਆ। ਜਿਥੈ ਬਾਬੈ ਦੀ ਦਰਗਾਹ ਦਿਸ ਆਈ, ਤਾਂ ਤਿਥੈ ਖੜਾ ਹੋਇਕ ਕਰ ਲਗਾ ਸਲਾਮ ਕਰਣ। ਨੇੜੇ ਆਇਆ ਤਾਂ ਇਹੁ ਪੈਰੀ ਪਇਆ। ਬਾਬੇ ਬਹੁਤ ਖੁਸੀ ਕੀਤੀ। ਬਾਬੇ ਤਿੰਨ ਦਿਨ ਰਖਿਆ, ਬਾਬਾ ਬਹੁਤੁ ਖੁਸੀ ਹੋਆ। ਤਾਂ ਕਰੋੜੀ ਅਰਜ ਕੀਤੀ: 'ਬਾਬਾ ਜੀ! ਥੇਰਾ ਹੁਕਮੁ ਹੋਵੈ, ਤਾਂ ਇਕ ਚਕ ਬਨਾਵਾਂ ਤੇਰੇ ਨਾਂਵ ਕਾ, ਕਰਤਾਰ ਪੁਰ ਨਾਉਂ ਰਖੀਐ, ਧਰਮਸਾਲਾ ਪਾਈਐ'। ਤਾਂ ਕਰੋੜੀ ਵਿਦਿਆ ਹੋਇਆ। ਬੋਲੋ ਵਾਹਿਗੁਰੂ।

797.ਹ: ਭਾਗੀਰਥ, ਮਨਸੁਖ ਤੇ ਸ਼ਿਵਨਾਭ:- ਤਾਂ ਪਿਛਹੁ ਕਾਲੂ ਆਪਣੇ ਆਦਮੀ ਸਭ ਲੈਕਰ ਬਾਬੇ ਪਾਸ ਆਇਆ। ਬਾਬਾ ਟਿਕਿਆ। ਸੰਗਤ ਸਿਖ ਲੱਗੇ ਹੋਂਦੇ ਜਾਣ। ਬਾਬੇ ਉਹ ਭੇਖ ਉਤਾਰਿਆ। ਇਕ ਚਾਦਰ ਤੇੜ ਇਕ ਉਪਰ, ਇਕ ਪਟਕਾ ਸਿਰ, ਨਿਰੰਜਨ ਨਿਰੰਕਾਰ ਕਾ ਸਰੂਪ ਧਾਰਿਆ ਜਗਤ ਨਿਸਤਾਰਣ ਕੇ ਤਾਈਂ। ਜਗਤ ਵਿਚ ਡੋਰੀ ਉਭਰ ਗਈ, ਜੋ 'ਵਾਹੁ ਵਾਹੁ! ਾਨਕ ਜੀ ਵਾਹੁ ਵਾਹੁ ਵੱਡਾ ਭਗਤ ਪੈਦਾ ਹੋਆ ਹੈ'। ਤਬ ਇਕ ਖੱਤਰੀ ਥਾ, ਖਰਾ ਗਰੀਬ ਯਤੀਮ ਸਾ। ਉਸ ਕੇ ਘਰ ਇਕ ਕੁੜੀ ਸੀ, ਘਰਹੁ ਖਰਾ ਆਜਜ ਸੀ; ਸਰ ਕਿਛ ਨਾ ਸੀ ਆਵਦਾ। ਉਨ ਬਾਬੇ ਪਾਸਿ ਆਇ ਅਰਦਾਸ ਕੀਤੀ: 'ਅਜੀ ਗਰੀਬ ਨਿਵਾਜ! ਮੇਰੇ ਤੇ ਸਰ ਕਿਛ ਨਾਂਹੀਂ ਆਵਦੀ, ਬੇਟੀ ਕੁਆਰੀ ਹੈ, ਕਿਛ ਪਰਮੇਸਰ ਕੇ ਨਾਇ ਅੰਗੀਕਾਰ, ਖਸਮਾਨਾ ਹੋਵੈ'। ਤਾਂ ਬਾਬੇ ਹੁਕਮ ਕੀਤਾ, 'ਜਿ ਕਿਛੁ ਵਸਤੁ ਤੈਨੂੰ ਚਾਹੀਦੀ ਹੈ, ਸੋ ਤੂੰ ਲਿਖਾਇ ਲੈ ਆਉ, ਅਸੀਂ ਅਣਾਇ ਦੇਹਾਂਗੇ'। ਉਨ ਖੱਤ੍ਰੀ ਵੀਵਾਹ ਦੀ ਵਸਤ ਸਭ ਲਿਖ ਆਂਦੀ, ਜਿਤਨੀ ਲੋੜੀਂਦੀ ਸੀ। ਤਾਂ ਬਾਬੇ ਹੁਕਮ ਕੀਤਾ: 'ਭਾਗੀਰਥ! ਆਣ ਦਿਨੋਂ। ਭਾਈ ਭਾਗੀਰਥਾ, ਤੂੰ ਲਾਹੌਰ ਜਾਇ, ਜਿਤਨੀਆਂ ਵਸਤੂ ਲੋੜੀਂਦੀਆਂ ਹੈਨ ਅਤੇ ਲਿਖੀਆਂ ਹੈਨ, ਸੋ ਸਭਿ ਲੈ ਕੇ ਤੁਧੁ ਆਵਣੀਆਂ। ਜੋ ਭਲਕੇ ਰਹਿਓਂ ਤਾ ਜਨਮ ਵਿਗੜੀਗਾ'। ਉਹ ਭੈਮਾਨ ਹੋਕਰ ਉਠ ਦਉੜਿਆ, ਲਾਹੌਰ ਆਇਆ। ਇਕ ਸ਼ਾਹ ਬਾਣੀਏ ਨੂੰ ਮਿਲਿਆ, ਆਖਿਓਸੁ: ਮੈਨੂੰ ਇਨੀਆਂ ਵਸਤੂ ਲੋੜੀਦੀਆਂ ਹੈਨ, ਮੈਨੂੰ ਆਣ ਦੇਹਿ'। ਤਬ ਉਨ ਬਾਣੀਏ ਕਹਿਆ: 'ਅੱਜ ਰਹੁ, ਭਲਕੇ ਨੂੰ ਸਭੇ ਵਸਤੂ ਹੋਇ ਆਵਣਗੀਆਂ'। ਤਾਂ ਭਗੀਰਥ ਆਖਿਆ: 'ਮੈ ਜਾਣਾ ਹੈ, ਰਹਿੰਦਾ ਨਾਹੀ'। ਤਾਂ ਉਨ ਬਾਣੀਏ ਆਖਿਆ: 'ਜੋ ਵਸਤੂ ਸਭ ਹੋਵਣਗੀਆਂ, ਪਰ ਇਕ ਚੂੜਾ ਨ ਹੋਸੀਆ, ਚੂੜੇ ਚੀਰੀਦੇ ਰੰਗੀਦੇ ਰਾਤ ਪਵੇਗੀ। ਅੱਜ ਤੂੰ ਰਹੁ ਭਾਗੀਰਥਾ!' ਭਗੀਰਥ ਆਖਿਆ: 'ਮੈਂ ਤ੍ਰਈਕਾਲ ਰਹਾਂ ਨਾਹੀਂ'। ਬਾਣੀਏ ਆਖਿਆ: 'ਅੱਜ ਰਹੇ ਬਾਝ ਕੰਮ ਹੋਂਦਾ ਨਹੀਂ'। ਤਬ ਉਨ ਬਾਣੀਏ ਆਖਿਆ: 'ਤੂੰ ਸਾਮ ਸਾਮ ਰਹੁ ਜੇ ਕੰਮ ਚੂੜੇ ਦਾ ਤੈਂ ਕਰਣਾ ਹੈ'। ਤਾਂ ਭਗੀਰਥ ਕਹਿਆ: 'ਜੋ ਅਜ ਕੰਮ ਨਾਹੀਂ ਸਉਰਦਾ; ਅਤੇ ਹੁਕਮ ਸਿਰ ਨਾ ਜਾਵੇ ਤਾਂ ਮੇਰਾ ਜਨਮ ਵਿਗੜੇਗਾ'। ਤਾਂ ਉਨ ਬਾਣੀਏ ਆਖਿਆਂ: 'ਭਾਈ ਕਿਸੀ ਕਾ ਸਾਹਿਬ ਹੋਂਦਾ ਹੈ ਕਰੜਾ ਤਾਂ ਉਹ ਚਾਕਰ ਕਹਿੰਦਾ ਹੈ, ਜੋ-ਮੇਰਾ ਸਾਹਿਬ ਖਿਝੇਗਾ, ਮੇਰਾ ਵਜਹੁ ਕਟੈਗਾ- ਤੂੰ ਜੋ ਕਹਿੰਦਾ ਹੈਂ,- ਜੋ ਹੁਕਮ ਸਿਰ ਨਾ ਜਾਵੈਂਗਾ ਤਾਂ ਮੇਰਾ ਜਨਮ ਵਿਗੜੇਗਾ- ਸੋ ਤੇਰਾ ਸਾਹਿਬ ਕੈਸਾ ਹੈ, ਜਿਸ ਕੇ ਕੋਪ ਤੇ ਤੇਰਾ ਜਨਮ ਵਿਗੜੇਗਾ?' ਤਾਂ ਭਗੀਰਥ ਕਹਿਆ: 'ਮੇਰਾ ਸਾਹਿਬ ਗੁਰੂ ਹੈ। ਜੇ ਹਉਂ ਉਸ ਦੇ ਹੁਕਮ ਸਿਰ ਨਾ ਜਾਵਾਂ ਤਾਂ ਮੇਰਾ ਜਨਮ ਵਿਗੜੈ'। ਤਾਂ ਉਨ ਬਾਣੀਏ ਕਹਿਆ: 'ਭਾਈ ਅੱਜ ਕਲੀ ਕਾਲ ਕੇ ਗੁਰੂ ਕਿਆ ਹੈਨ, ਜਿਨਕੇ ਕਹੇ ਤੇਰਾ ਜਨਮ ਵਿਗੜੇ?' ਤਾਂ ਭਾਗੀਰਥ ਆਖਿਆ, 'ਜੋ ਮੇਰਾ ਸਾਹਿਬ ਗੁਰੂ ਮਹਾਂ ਪੁਰਖ ਹੈ'। ਤਾਂ ਉਨ ਬਾਣੀਏ ਕਹਿਆ: 'ਜੋ 'ਰੇ ਘਰ ਬੂਡੇ! ਕਲੀਕਾਲ ਮਹਿ ਮਹਾਂ ਪੁਰਖ ਕਹਾਂ ਹੈ?' ਤਬ ਆਖਿਆ: 'ਨਾਂ ਜੀ, ਮੇਰਾ ਗੁਰੂ ਮਹਾਂ ਪੁਰਖ ਪੂਰਨ ਹੈ, ਮਹਾਂ ਪੁਰਖ ਹੈ, ਨਿਰੰਜਨ ਰੂਪ ਹੈ' ਤਬ ਉਨ ਬਾਣੀਏ ਕਹਿਆ: 'ਚਲ ਹਉ ਤੇਰੇ ਸਾਥ ਚਲਦਾ ਹਾਂ। ਇਕ ਚੂੜਾ ਹੈ ਮੇਰੇ ਘਰ ਰੰਗਿਆ ਹੋਆ, ਤੂੰ ਆਪਣੇ ਪਾਸ ਗ੍ਰਹ ਬੰਧ ਰੱਖ। ਹਉ ਤੇਰਾ ਗੁਰੂ

ਮਹਾਂ ਪੁਰਖ ਹੋਇਗਾ, ਤਾਂ ਤੇਰਾ ਭੀ ਗੁਰੂ ਅਤੇ ਮੇਰਾ ਭੀ ਗੁਰੂ, ਅਰ ਜੇ ਮਹਾਂ ਪੁਰਖ ਨਾ ਹੋਆ, ਤਾਂ ਵਸਤੂ ਦੇਵਾਂਗਾ ਅਰ ਮੁੱਲ ਲੇਵਾਂਗਾ?' ਤਾਂ ਭਾਗੀਰਥ ਅਰ ਬਾਣੀਆਂ ਦੋਨੋਂ ਚਲੇ, ਗੁਰੂ ਬਾਬੇ ਕੋਲ ਆਏ। ਤਾਂ ਬਾਬੇ ਅਗੋਂ ਕਹਿਆ: 'ਭਾਗੀਰਥਾ! ਜਿੱਧਰ ਜਾਹਿੰ, ਤਿੱਧਰ ਬਹਿ ਰਹੇਂ, ਜਬਾਬ ਨਾ ਲੈ ਆਵਹਿੰ'। ਅਜੇ ਉਹ ਆਵਦੇ ਸੇ ਰਾਹਿ ਵਿਚ, ਉਨ ਵਾਕ ਸੁਣ ਪਾਇਆ ਤਾਂ ਉਸ ਬਾਣੀਕੇ ਕੇ ਕਪਾਟ ਖੁਲ੍ਹ ਗਏ, ਜੋ ਏਹ ਮਹਾਂ ਪੁਰਖ ਅੰਤਰਯਾਮੀ ਹੈ। ਆਇ ਪੈਰੀਂ ਪਏ। ਤਬ ਉਸ ਬਾਣੀਏ ਕੀ ਨਿਸਾ ਭਈ ਦਰਸ਼ਨ ਦੇਖਣੇ ਨਾਲ, ਪੈਰੀ ਪਉਂਦੇ ਨਿਹਾਲ ਹੋਇ ਗਇਆ। ਤੀਨ ਬਰਸ ਬਾਬੇ ਕੋਲ ਰਹਿਆ, ਫੇਰ ਬਾਬੇ ਵਿਦਿਆ ਕੀਤਾ। ਗੁਰੁ ਬਾਬੇ ਦੀ ਬਾਣੀ ਬਹੁਤ ਸਿਖੀਆਸੁ, ਪੋਥੀਆਂ ਸਿਖ ਲੀਤੀਓਸੁ॥ ਗੁਰੂ ਪਾਸਹੁ ਵਿਦਿਆ ਹੋਆ, ਵਿਦਿਆ ਹੋਇ ਘਰਿ ਆਇਆ ਲਹੌਰ ਵਿਚ। ਓਨ ਵਪਾਰੀ ਸਾਹ ਲੋਕ ਬੁਲਾਏ, ਹੱਟ ਦੀ ਵਸਤੂ ਸਭ ਸਉਂਪੀ, ਆਪ ਸਮੁੰਦਰ ਜਹਾਜ਼ ਕਰ ਚਲਿਆ। ਜਹਾ ਰਾਜਾ ਸਿਵਨਾਭਿ ਰਹਿੰਦਾ ਥਾ। ਉਸ ਨਗਰੀ ਜਾਹਿ ਰਹਿਆ। ਵਾਪਾਰ ਲੱਗਾ ਕਰਣ, ਵੱਡੀ ਰਾਤ ਤਾਈਂ ਕੀਰਤਨ ਕਰੈ। ਜਿਥੈ ਪਹਿਰ ਰਾਤ ਰਹੈ, ਤਿਥੈ ਉਠ ਕਰ ਠੰਢੇ ਪਾਣੀ ਨਾਲ ਨ੍ਹਾਵੇ। ਗੁਰੂ ਬਾਬੇ ਦੀ ਆਗਿਆ ਹੈ: 'ਜੋ ਠੰਢੇ ਪਾਣੀ ਨਾਲ ਨ੍ਹਾਵੈਗਾ ਹਿਰ ਰਾਤ ਰਹਿੰਦੀ, ਅਤੇ ਗੁਰੂ ਕਾ ਨਾਉਂ ਜਪਹਿੰਗੇ ਉਨ ਕਉ ਪਰਮੇਸ਼ਰ ਕੇ ਦਰ ਅੰਮ੍ਰਿਤ ਪੀਐਗਾ, ਅਜੂਨੀ ਸੰਭੂ ਸੰਗ ਸਮਾਵੈਗਾ। ਜਹਾਂ ਗੁਰੂ ਬਾਬੇ ਕਾ ਨਿਵਾਸ ਹੈ, ਤਹਾਂ ਉਹ ਰੱਖੀਂਅਹਿੰਗੇ' ਅਰ ਬੇਦ ਕਹਿਤਾ ਹੈ, 'ਜੋ ਪਹਿਰ ਰਾਤ ਸਿਉਂ ਨਾਵੈਗਾ ਤਿਸ ਕਉ ਸਵਾ ਮਣ ਸੋਨੇ ਕਾ ਪੁੰਨ ਹੋਵੈਗਾ। ਜੋ ਚਉ ਘੜੀਆਂ ਰਾਤ ਨੂੰ ਨਾਵੇਗਾ ਤਿਸਨੂੰ ਸਵਾ ਮਣ ਪਾਨੀ ਕਾ ਪੁੰਨ ਹੋਵੈਗਾ। ਜੋ ਦਿਨ ਚੜੇ ਨਾਵੈਗਾ, ਤਿਸ ਨੂੰ ਪੁੰਨ ਨ ਪਾਪ'। ਏਹ ਤਾਂ ਬੇਦ ਕਹਿਤਾ ਹੈ, ਅਰ ਬਾਬੇ ਦੀ ਆਗਿਆ ਹੈ 'ਜੋ ਮੇਰਾ ਸਿਖ ਪ੍ਰਾਤਕਾਲ ਨਾਵੇਗਾ, ਸਿਰ ਪਾਣੀ ਠੰਢਾ ਪਾਵੇਗਾ, ਤਿਸਕੀ ਪਰਮ ਗਤਿ ਹੋਵੇਗੀ। ਜੀਵਦਾ ਭੀ ਮੁਕਤਾ ਅਰੁ ਮੁਆ ਭੀ ਮੁਕਤਾ'।ਅਰ ਓਹ ਬਾਣੀਆਂ ਪਹਿਰ ਰਾਤ ਰਹਿੰਦੀ ਨਾਵੈ ਪਾਣੀ ਠੰਢਾ ਨਾਲ। ਨਾਇ ਕਰ ਜਪ ਪੜੈ, ਅਰ ਪੋਥੀ ਸਬਦ ਪੜਕੇ ਪ੍ਰਾਤਕਾਲ ਹੋਂਦੇ ਨੂੰ ਪਰਸਾਦਿ ਜੇਂਵਕੈ ਜਾਇ ਸੰਸਾਰ ਕੀ ਪ੍ਰਕ੍ਰਿਤਿ ਕਰੇ। ਰਾਤੀਂ ਆਵੈ ਤਾਂ ਗੁਰੂ ਕਾ ਸਬਦ ਗਾਵੈ। ਅਰ ਉਸ ਵਲ ਕੇ ਲੋਕ ਦਿਨ ਚੜੇ ਇਸਨਾਨ ਕਰਹਿ। ਦੁਆਦਸ ਟਿਕੇ ਚੜਾਵਹਿ, ਅਰ ਆਇਤਵਾਰ, ਅਮਾਵਸ, ਇਕਾਦਮੀ, ਬਰਤ ਕਰਹਿ। ਦੇਹੁਰੇ ਕੀ ਪੂਜਾ ਕਰਹਿ, ਠਾਕਰ ਦੁਆਰੇ ਭੀ ਜਾਂਹਿ। ਓਹ ਬਾਣੀਆਂ ਨਾ ਵਰਤ, ਨਾ ਪੂਜਾ, ਨਾ ਅਮਾਵਸ, ਨਾ ਆਇਤਵਾਰ ਉਨਕੀ ਕਾਈ ਪ੍ਰਕ੍ਰਿਤ ਨਾ ਕਰੇ। ਇਸ ਵੱਲ ਕੇ ਜੇ ਹਿੰਦੂ ਜਾਹਿ, ਤਿਸਕੋ ਓਹ ਭ੍ਰਸ਼ਟ ਕਰ ਘੱਤਨ। ਤਬ ਲੋਕਉ ਉਸ ਬਾਣੀਏ ਕੀ ਚਰਚਾ ਚਲਾਈ। ਤਬ ਚਲੀ ਚਲੀ ਬਾਤ ਰਾਜੇ ਸਿਵਨਾਭਿ ਪਾਸ ਚਲ ਪਈ, ਜੋ ਜੀ ਇਕ ਜੋ ਬਾਣੀਆ ਹੈ, ਹਿੰਦੂ ਕਹਾਂਵਦਾ ਹੈ, ਅਰ ਕਰਮ ਭ੍ਰਸਟ ਕਰਦਾ ਹੈ'। ਤਬ ਰਾਜੇ ਕਹਿਆ ਜੋ 'ਰੇ ਉਸ ਬਾਣੀਏ ਕਉ ਬੁਲਾਇ ਲੈ ਆਵਹੁ, ਮੈਨਂ ਉਸ ਕਉ ਪੂਛਹੁ ਜੋ ਰੇ ਉਹ ਕਿਉਂ ਐਸੀ ਬਾਤ ਕਰਤਾ ਹੈ ਹਿੰਦੂ ਜਨਮ ਹੋ ਇਕੈ? ਥਬ ਰਾਜੇ ਕੁ ਦੂਤ ਉਸ ਬਾਣੀਏ ਕਉ ਬੁਲਾਇਲੈ ਆਇ। ਤਬ ਓਹ ਬਾਣੀਆਂ ਰਾਮ ਰਾਮ ਕਰਕੇ ਸਿਰ ਨੀਵਾਇ ਕਰ ਨਲੀਏਰ ਦੇ ਮਿਲਿਆ। ਤਬ ਰਾਜੈ ਪੁਛਿਆ, ਜੋ 'ਰੇ ਬਾਣੀਏ ! ਤੂੰ ਹਿੰਦੂ ਜਨਮ ਹੈਂ ਤੇ ਬਰਤ ਨੇਮ ਪੂਜਾ ਨਹੀਂ ਕਰਤਾ, ਸੋ ਕਿਉਂ ਨਹੀਂ ਕਰਤਾ?'ਜੋ, 'ਜੀ, ਜਿਸ ਕਾਰਣ ਤੁਮ ਬਰਤ ਨੇਮ ਸੰਜਮ ਕਰਤੇ ਹੋ ਸੋ ਵਸਤ ਮੈਂ ਪਾਈ। ਕਿਆ ਵਰਤ ਨੇਮ ਕਰਉ?' ਤਬ ਰਾਜੇ ਪੁਛਿਆ: 'ਕਉਣ ਵਸਤ ਤੈ ਪਾਈ, ਜਿਸ ਤੇ ਤੇਰਾ ਸੰਤੋਖ ਹੂਆ ਹੈ?' ਕਹੇ, 'ਜੀ ਮੈਂ ਮਹਾਂ ਪੁਰਖ ਦਾ ਦਰਸ਼ਨ ਕੀਆ ਹੈ, ਜਿਸ ਕੇ ਦਰਸ਼ਨ ਮੁਕਤਿ ਪਾਈ ਹੈ'। ਤਬ ਰਾਜੇ ਕਹਿਆ: 'ਤੇਰੀ ਨਿਸ਼ਾ ਹੋਈ ਹੈ ਉਸਕੇ ਦਰਸ਼ਨ?' ਤਬ ਬਾਣੀਏ ਕਹਿਆ : 'ਜੀ ਪਰਮੇਸਰ ਮਿਲਿਆ, ਤਾਂ ਨਿਸ਼ਾ ਦੀ ਕਿਆ ਚਲੀਹੈ?' ਤਬ ਰਾਜੇ ਕਹਿਆ: 'ਰੇ ਬਾਣੀਏ! ਕਲਜੁਗ ਮੈਂ ਐਸਾ ਕਉਣੁ ਹੈ ਮਹਾਂਪੁਰਖ ਜਿਸਕੇ ਦਰਸ਼ਨ ਮੁਕਤਿ ਪਾਈਐ?' ਕਹੈ: 'ਜੀ ਐਸਾ ਬਾਬਾ ਨਾਨਕ ਹੈ, ਜਿਸਕੇ ਦਰਸ਼ਨ ਮੁਕਤਿ ਪਾਈਤੀ ਹੈ'। ਤਬ ਉਨ ਬਾਣੀਐ ਬਾਬੇ ਨਾਨਕ ਜੀ ਕੀ ਬਾਣੀ ਪ੍ਰਗਟ ਕਰੀ। ਤਬ ਰਾਜੇ ਸਿਵਨਾਭਿ ਬਾਣੀ ਸੁਣੀ, ਸੁਣਕੇ ਤ੍ਰਿਪਤ ਹੋਇ ਗਇਆ। ਰੋਮ ਰੋਮ ਮਗਨ ਹੋਇ ਗਇਆ। ਗੁਰੂ ਬਾਬੇ ਦੀ ਬਾਣੀ ਜੋ ਸੁਣੀ ਰਾਜੇ ਸਮਝੀ। 'ਰੇ ਬਾਣੀਏ! ਤੂੰ ਮੇਰੇ ਤਾਂਈ ਅਪਨੇ ਨਾਲ ਲੈ ਚਲ ਜਹਾਂ ਗੁਰੂ ਬਾਬਾ ਨਾਨਕ ਹੈ, ਮੈਂ ਦਰਸ਼ਨ ਦੇਖਉਂ'। ਤਬ ਉਨ ਬਾਣੀਐ ਕਹਿਆ: 'ਜੀ ਇਉਂ ਤੂੰ ਚਲੇ, ਤਾਂ ਕਿਆ ਜਾਪੈ ਤੂੰ ਪਹੁੰਚ ਸਕਹਿ ਕਿ ਨਾ ਸਕਹਿ? ਪਰ ਤੂੰ ਜੀਅ ਵਿਚ ਅਰਾਧ, ਤੇਰੇ ਤਾਂਈ ਈਹਾਂ ਹੀ ਮਿਲੈਗਾ'। ਤਬ ਰਾਜੇ ਸਿਵਨਾਭਿ ਕਹਿਆ: 'ਜਿਸ ਧਰਤੀ ਗੁਰੂ ਬਾਬਾ ਨਾਨਕ ਰਹਿਤਾ ਹੈ, ਸੋ ਧਰਤੀ ਤੂੰ ਕਹੁ'।ਕਹੈ: 'ਜੀ ਲਾਹੌਰ ਤੇ ਕੋਸ ਪੰਦਰਾਂ ਕਰਤਾਰ ਪੁਰ ਬੰਨਿਆ ਹੈ; ਪੰਜਾਬ ਕੀ ਧਰਤੀ ਮਾਂਹਿ, ਊਹਾਂ ਗੁਰੂ ਬਾਬਾ ਨਾਨਕ ਰਹਿਤਾ ਹੈ। ਸਥਾਨ ਤਲਵੰਡੀ ਰਾਇ ਭੋਇ ਭੱਟੀ ਕੀ, ਰਾਵੀ ਕੇ ਪਾਰ, ਨਾਮ ਸੁਥਾਨ ਰਾਵੀ ਦੇ ਉਰਾਰ ਕਰਤਾਰ ਪੁਰ ਬੰਨ੍ਹਿਆ ਹੈ, ਊਹਾਂ ਮਹਾਂਪੁਰਖ ਰਹਿਤਾ ਹੈ। ਸਭਨੀ ਥਾਂਈ ਹੈ, ਜਹਾਂ ਜਹਾਂ ਅਰਾਧੀਐ। ਤਹਾਂ ਤਹਾਂ ਹਾਜਰ ਹੈ'। ਤਬ ਰਾਜੇ ਕਹਿਆ : 'ਤਉ ਚਲੋ ਲਾਹੌਰ ਕਉ; ਜੋ ਜਾਇ ਕਰ ਦਰਸਨ ਕਰਉ'। ਤਬ ਬਾਣੀਐ ਕਹਿਆ: ਜੋ 'ਜੀ ਮਹਾਂ ਪੁਰਖ ਕਾ ਸੁਭਾਉ ਹੈ, ਚੱਲ ਕੈ ਕੋਈ ਨਾਹੀ ਅੱਪੜਿਆ'। ਕਹੈ : 'ਜੀ ਤੂੰ ਆਪਣੇ ਆਤਮੇ ਅੰਦਰ ਅਰਾਧ, ਗੁਰੂ ਬਾਬਾ ਅੰਤਰਜਾਮੀ ਹੈ, ਤੁਝ ਕਉ ਈਹਾਂ ਹੀ ਮਿਲੈਗਾ'। ਤਬ ਰਾਜੇ ਸਿਵਨਾਭਿ ਏਹੁ ਬਾਤ ਮੰਨ ਲੀਤੀ। ਤਬ ਉਹ ਬਾਣੀਆਂ ਵਿਦਾ ਹੋਆ। ਉਨ ਬਾਣੀਐ ਚਲਤੀ ਵੇਰੀ ਕਹਿਆ: 'ਜਿ ਰਾਜਾ ਜੀ! ਤੂੰ ਧੰਨ ਹੈਂ, ਗੁਰੂ ਬਾਬਾ ਨਾਨਕ ਤੈਨੂੰ ਨਹੀਂ ਮਿਲੇਗਾ, ਪਰ ਤੂੰ ਲਖ ਸਕਹਿੰਗਾ ਨਾਹੀਂ। ਕਿਆ ਜਾਪੇ ਕਿਤ ਰੂਪ ਤੁਝ ਕਉ ਆਇ ਦਰਸ਼ਨ ਦੇਹਿਗਾ? ਜੋਗੀ ਕੇ ਰੂਪ, ਕਿ ਬ੍ਰਾਹਮਣ ਕੇ ਰੂਪ, ਕਿ ਡੰਡਧਾਰੀ ਕੇ ਰੂਪ, ਕਿ ਦਿਗੰਬਰ ਕੇ ਰੂਪ, ਕਿ ਖੱਤ੍ਰੀ ਕੇ ਰੂਪ, ਕਿ ਬੈਰਾਗੀ ਕੇ ਰੂਪ, ਕਿ ਸੰਨਿਆਸੀ ਕੇ ਰੂਪ, ਬ੍ਰਹਮਚਾਰੀ ਕੇ ਰੂਪ, ਕਲੰਦਰ ਕੇ ਰੂਪ ਕਿ ਹਿੰਦੂ ਕੇ ਰੂਪ, ਕਿ ਮੁਸਲਮਾਨ ਕੇ ਰੂਪ, ਅਤੇ ਸਭ ਰੂਪ ਉਸਦੇ ਹੈਨ। ਇਉਂ ਨਾ ਜਾਣੀਐ ਤੇਰੇ ਤਾਈਂ ਕਿਤ ਰੂਪ ਦਰਸਨ ਦੇਵੇਗਾ।ਓਹ ਅਬਿਨਾਸੀ ਪੁਰਖ ਹੈ। ਤੂੰ ਸਮਝਤਾ ਰਹੀਐ'।ਤਬ ਓਹ ਬਾਣੀਆਂ ਊਹਾਂ ਤੇ ਜਹਾਜ ਭਰ ਕੇ ਚਲਿਆ। ਰਾਜੇ ਕਉ ਪਿਛੇ ਬਹੁਤ ਉਦਾਸੀ ਹੋ ਰਹੀ ਗੁਰੂ ਬਾਬੇ ਕੇ ਦਰਸ਼ਨ ਕੀ। ਸਦਾ ਸਦਾ ਚਿਤਵਨੀ ਕਰੈ। ਸੋਵਤੈ, ਉਠਤੇ, ਬੈਠਤੇ, ਅਠ ਪਹਿਰ ਗੁਰੂ ਬਾਬੇ ਦੀ ਚਾਹ ਵਿਚ ਰਹੇ। ਅਉਰ ਠਉਰ ਮਨ ਠਹਿਰਾਵੈ ਨਾਹੀ, ਨਿਤਾਪ੍ਰਿਤ ਬਾਬੇ ਹੀ ਕੀ ਚਾਹ ਵਿਚ ਰਹੇ। ਤਬ ਰਾਜੈ ਜੀਅ ਨਾਲ ਕੀਤਾ, ਜੋ- ਕਾਈ ਗਲ ਪਿਛੈ ਬਾਬਾ ਨਾਨਕ ਲਿਖਿਆ ਜਾਵੈ। ਹੋਰਤ ਗੱਲ ਨਹੀਂ ਹੱਥ ਆਵਣ ਦਾ, ਇਹ ਗਲ ਹਥ ਆਵੈ। ਜੋ ਭਲੀਆਂ ਸਰੂਪੀਆਂ ਇਸਤ੍ਰੀਆਂ ਬੁਲਾਈਆਂ, ਉਨ ਕਉ ਰਾਜੇ ਕਹਿ ਛਡਿਆ, ਜੋ 'ਕੋਈ ਚਹੁ ਵਰਨਾਂ ਵਿਚ ਫਕੀਰ ਉਦਾਸੀ ਆਵੈ, ਤਿਸਕੀ ਖੂਬ ਸੇਵਾ ਕਰਨੀ, ਅਰ ਉਸਕੋ ਮੋਹ ਲੈ ਜਾਣਾ', ਮਤਲਬ ਏਹ ਜੋ ਗੁਰੂ ਬਾਬਾ ਨਾਨਕ ਮੋਹਿਆ ਨਾ ਜਾਵੈਗਾ-।' ਅਬ ਰਾਜੇ ਭਲੀਆਂ ਸਰੂਪੀਆਂ ਚੇਰੀਆਂ ਪੈਦਾ ਕੀਤੀਆਂ। ਉਨ ਕਉ ਕਹਿਆ: 'ਜੋ ਕੋਈ ਆਵੈ, ਤਿਸਕੀ ਸੇਵਾ ਕਰਹੁ। ਕੋਈ ਸੰਨਿਆਸੀ, ਬ੍ਰਹਮਚਾਰੀ, ਜੋਗੀ, ਦਿਗੰਬਰ, ਵੈਸ਼ਨੋ, ਹਿੰਦੂ, ਮੁਸਲਮਾਨ ਹੋਵੈ, ਫਕੀਰ ਦਰਵੇਸ਼ ਹੋਵੈ, ਅਤੀਤ ਬੈਰਾਗੀ ਹੋਵੈ, ਤਿਸਕੀ ਸੇਵਾ ਕਰਹੁ। ਐਸੀ ਸੇਵਾ ਕਰਹੁ ਕੀ ਉਸਦਾ ਧਰਮ ਛੁਟ ਜਾਇ।' ਰਾਜੇ ਕੇ ਜੀਅ ਏਹ ਵਰਤੀ-'ਜਿ ਕੋਈ ਪੂਰਾ ਹੋਇਗਾ ਸੋ ਤਿਸਕਾ ਧਰਮ ਨਾ ਰਹੇਗਾ। ਕਲਿ ਮਹਿ ਪੂਰਾ ਬਾਬਾ ਨਾਨਕ ਹੈ ਅਵਰ ਕੋਈ ਨਾਹੀਂ। ਪਾਈਐ ਤਾਂ ਇਸ ਹੀ ਬਾਤਿ ਪਾਈਐ, ਨਾਤਰ ਹੋਰ ਬਾਤ ਨਹੀਂ ਪਾਵਣੇ ਕੀ। ਬਾਬਾ ਨਾਨਕ ਅੰਤਰਜਾਮੀ ਪੂਰਨ ਪੁਰਖ ਹੈ, ਰਾਜੇ ਕੇ ਅਰਾਧਨੇ ਕਰਕੈ ਆਵੈਗਾ।' ਤਬ ਓਹ ਬਾਣੀਆਂ ਊਹਾਂ ਤੇ ਪੰਜਾਬ ਕੀ ਧਰਤੀ ਜਾਇ ਪਹੁਤਾ। ਬੋਲੋ ਵਾਹਿਗੁਰੂ।

੧/੦੦ [798] ੧ਓ ਸਤਿਗੁਰ ਪ੍ਰਸਾਦਿ॥ਦੁਤੀਆ ਓਦਾਸੀ ਕੀਤੀ ਦੱਖਣ ਕੀ॥ ਅਹਾਰੁ ਤਲੀ [800]ਭਰਿ**[799]** ਰੇਤ ਕੀ ਕਰਿਹ। ਤਦਹੁ ਪੈਰੀ ਖੜਾਵਾ ਕਾਠ ਕੀਆ। ਹਥਿ ਆਸਾ। ਸਿਰਿ ਰਸੇ ਪਲੇਟੇ । [800]ਬਾਂਹਾਂ ਜਾਂਘਾ ਰਸੇ ਪਲੇਟੇ**[800]**॥[**801**] ਮਥੈ ਟਿਕਾ ਬਿੰਦੁਲੀ [802]ਕਾ**[802]** । ਤਦਹੁ ਨਾਲਿ ਸੈਦੋ ਜਟੁ ਜਾਤ ਘੇਹੋ ਥਾ। ਤਦਹੁ ਬਾਬਾ ਧਨਾਸਰੀ ਦੇਸਿ ਜਾਇ ਨਿਕਲਿਆ। ਤਬ ਕੋਈ ਦਿਨ [**803**] ਊਹਾ ਰਹੇ। ਤਬ ਰਾਤਿ ਕੈ ਸਮੈ ਸੈਦੋ ਅਤੈ [804]ਸੀਹੋ ਜਾਤ**[804]** ਘੋਹੇ ਦੋਵੈ [805]ਦਰੀਆਇ ਜਾਵਨਿ**[805]** ਸੇਵਾ ਕਰਨ [**806**] ਪਹਿਰ ਰਾਤਿ ਰਹਿਦੀ ਨੂੰ [807]ਜਾਵਨਿ।ਅਤੇ**[807]** ਮਨਿ ਵਿਚਿ ਧਰਨਿ [808]ਜੋ ਗੁਰੂ ਖੋਆਜੇ ਤੇ ਪਾਈ ਹੈ**[808]** । ਤਉ ਗੁਰੂ ਉਤੈ ਥਾਇ ਪਾਈ ਹੈ।**ਇਕ ਸਥੈ[809]** ਓਨਾ ਆਖਿਆ ਜੋ ਅਸੀ ਭੀ ਸੇਵਾ ਕਰਾ **ਤਿਤੁ ਦਰੁ[810]** ।[**811**] [812]ਏਕ ਦਿਨ**[812]** ਇਕ ਰਾਤਿ ਕਉ ਦੇਖਨਿ ਤਾ ਇਕੁ ਮਰਦੁ ਚਲਿਆ ਆਵਦਾ ਹੈ ਹਥਿ ਮਛੀ ਹੈਸੁ। ਤਾ ਓਸ ਮਰਦ ਪੁਛਿਆ ਤੁਸੀ ਕਓਣੁ ਹਉ॥ ਤਦਹੁ ਸੈਦੋ ਅਤੇ **ਸੀਹੋ[813]** ਬੋਲਿਆ ਜੋ ਅਸੀ ਗੁਰੂ ਨਾਨਕ ਕੇ **ਸਿਖ ਹਾ[814]** । ਤਬ ਰਾਤਿ ਕੈ ਸਮੈ ਉਸ ਮਰਦ ਪੁਛਿਆ ਤੁਸੀ ਕਹਾ ਚਲੇ ਹਉ॥ ਤਬ ਸੈਦੋ **[815]** ਬੋਲਿਆ॥ ਜੋ [816]ਜੀ**[816]** ਅਸੀ **ਨਿਤਾਪ੍ਰਤ[817]** ਪਹਰੁ ਰਾਤਿ [818]ਰਹਦੀ[818] ਨੁ ਖੋਆਜੇ ਦੀ ਸੇਵਾ ਕਰਣਿ ਜਾਦੇ ਹਾ॥ ਜੋ ਅਸਾਡੈ ਗੁਰੂ ਖੋਆਜੇ ਤੇ ਹੀ ਪਾਇਆ ਹੈ [**819**]॥ ਤਬ ਸੈਦੋ [**820**] ਪੁਛਿਆ ਜੀ ਤੁਸੀ ਕਓਣ ਹਉ ਕਿਥੈ ਜਾਵਹੁਗੇ॥ ਤਬ ਉਹੁ ਮਰਦੁ ਬੋਲਿਆ॥ ਜੋ ਮੈ ਖੋਆਜਾ ਹਾ ਗੁਰੂ ਪਾਸਿ ਜਾਦਾ ਹਾ ਨਿਤਾਪ੍ਰਤਿ॥ ਇਤੁ ਸਮੈ ਜਾਦਾ ਹਾ ਸੇਵਾ

---

798 ਹ: ੪੨.ਦੂਜੀ ਉਦਾਸੀ ਦੱਖਣ ਦੀ।ਸੈਦੋ,ਸੀਹੋ ਤੇ ਵਰੁਣ
799 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
800 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
801 ੲ:ਸ: ਮਥੇ
802 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
803 ੲ: ਗੁਰੂ ਬਾਬਾ ਜੀ
804 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
805 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
806 ੲ: ਤਬ
807 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
808 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
809 ੲ: ਇਕਸ ਥੈ
810 ੲ: ਕਰਹ ਖੁਵਾਜੈ ਦੀ
811 ੲ: ਤਾਂ ਸੇਵਾ ਕਰਣ ਜਾਣੁ ਗੁਝੈ ਗੁਝੈ।ਤਦਹੁ
812 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
813 ੲ : ਸ:ਘੇਹੋ
814 ੲ:ਸ: ਸਾਥਿ ਹੈ
815 ੲ: ਅਤੇ ਘੇਹੋ
816 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
817 ੲ :ਨਿਤਪਹਰੁ
818 ਹ:ਰਹਦੀ
819 ੲ:ਸ: ਅਸੀ ਭੀ ਖੁਆਜੇ ਪਾਸਿ ਜਾਂਦੇ ਹਾ
820 ੲ: ਅਤੇ ਘੇਹੋ

ਕਰਣਿ। ਅਜੁ ਮਛਲੀ ਭੇਟਿ ਲੈ ਚਲਿਆ ਹਾ। ਤਬ ਸੈਦੋ **[821]** [822]ਸੀਹੋ[822] ਆਇ ਪੈਰੀ ਪਏ॥ਆਖਿਓਨੈ ਜੀ ਅਸੀ ਆਖਦੇ ਹਾ ਜੋ ਗੁਰੂ ਤੁਸਾ ਤੇ ਪਾਇਆ ਹੈ॥ ਅਤੇ ਤੁਸੀ ਆਖਦੇ ਹਉ ਜੋ ਅਸੀ ਨਿਤਾਪ੍ਰਤਿ ਸੇਵਾ ਕਰਣਿ ਜਾਦੇ ਹਾ॥ ਅਜੁ ਗੁਰੂ ਜੀ ਕੀ ਭੇਟਿ ਮਛੁਲੀ ਲੈ ਚਲੇ ਹਾ॥ ਤਦਹੁ ਖੁਆਜੇ ਖਿਦਰਿ ਆਖਿਆ ਏ ਸਾਹਿਬ ਕੇ ਲੋਕੁ ਮੈ ਪਾਣੀ ਹਾ ਅਤੈ ਓਹ ਪਉਣੁ ਗੁਰੂ ਹੈ॥ ਮੈ ਕਈ ਵਾਰ ਉਸ ਤੇ ਉਪਜਿਆ ਹਾ॥ ਅਰ ਕਈ ਵਾਰ ਉਸ ਮਹਿ ਸਮਾਇ ਗਇਆ ਹਾ। ਤਬ ਸੈਦੋ ਅਤੇ [823]ਸੀਹੋ ਜਾਤਿ[823] ਘੋਹੇ ਦੋਵੈ ਸਿਖ ਆਇ [824]ਗੁਰੂ ਪਾਸਿ[824] ਪੈਰੀ ਪਏ। ਤਦਹੁ ਗੁਰੂ ਪੁਛਿਆ ਅਜੁ ਤੁਸੀਂ ਇਸ ਵਖਤੇ ਕਿਉ ਆਏ॥ ਆਗੇ ਦਿਨਿ ਚੜੈ ਆਵਤੇ। ਤਬ ਸੈਦੋ **[825]** ਘੇਹੁ [826]ਦੁਹੀ[826] ਬੇਨਤੀ ਕਰਿ ਸੁਣਾਈ ਖੁਆਜੇ ਮਿਲੇ ਕੀ। ਤਬ ਬਾਬਾ ਬੋਲਿਆ॥ ਸਲੋਕੁ॥

ਅਠੀ ਪਹਿਰੀ ਅਠ ਖੰਡੁ ਨਾਵਾ ਖੰਡੁ ਸਰੀਰੁ॥
ਤਿਸੁ ਵਿਚਿ ਨਉ ਨਿਧਿ ਨਾਮ ਹੈ ਇਕੁ ਭਾਲਹਿ ਗੁਣੀ ਗਹੀਰੁ॥
ਕਰਮਾਵੰਤੀ ਸਲਾਹਿਆ ਨਾਨਕ ਕਰਿ ਗੁਰੁ ਪੀਰੁ॥
ਚਉਥੈ ਪਹਰੇ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
ਓਥੈ ਅੰਮ੍ਰਿਤ ਵੰਡੀਐ ਕਰਮੀ ਹੋਇ ਪਸਾਉ॥
ਕੰਚਨੁ ਕਾਇਆ ਕਸੀਐ ਵੰਨੀ ਚੜੈ ਚੜਾਉ॥
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥
ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥
ਓਥੈ ਪਾਪੁ ਪੁੰਨ ਬੀਚਾਰੀਐ ਕੂੜੈ ਘਟੈ ਰਾਸਿ॥
ਓਥੈ ਖੋਟੈ ਸੁਟੀਅਹਿ ਖਰੇ ਕੀਚਹਿ ਸਾਬਾਸਿ॥
ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥੧॥
·ਸਲੋਕੁ॥ ਪਉਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।
ਦਿਵਸੁ ਰੈਣਿ ਦੁਈ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੈ ਧਰਮ ਹਜੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥੨॥(ਮ:੨) **(ਗੁ.ਗ੍ਰੰ.ਸਾ. ਪੰਨਾ ੧੪੬)**

---

[821] ੲ : ਸ: ਅਤੈ ਘੇਹੋ

[822] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[823] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[824] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[825] ੲ : ਸ: ਅਤੇ

[826] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਤਬਿ ਗੁਰੂ ਬਾਬਾ ਧਨਾਸਰੀ ਦੇਸਿ ਕੋਈ ਦਿਨ ਰਹਿਆ। ਓਥੈ ਲੋਕ [827] ਨਾਉ ਧਰੀਕ [828] ਹੋਏ॥ ਗੁਰੂ ਗੁਰੂ ਲਗੈ ਜਪਨਿ।

**੧/੦੦ [829]** ਤਬ ਇਕ ਸਰੇਵੜੇ ਕਾ ਮਟੁ ਥਾ॥ ਉਸ ਕੀ ਲੋਕੁ ਬਹੁਤੁ ਪੂਜਾ ਕਰੈ। ਤਬ ਉਸ ਸੁਣਿਆ ਜੋ ਗੁਰੂ ਆਇਆ ਹੈ॥ ਤਾ ਉਹੁ ਆਪਣੇ ਸਿਖ ਮੇਲਿ ਕਰਿ ਲੈ ਆਇਆ। ਆਇ ਦਰ ਕੇ ਬਾਹਰਿ ਵਾਰਿ [830]ਵਿਛਾਵਣਿ ਕੀਤੇ ਬਾਹਰ**[830]** ਬੈਠਾ॥ [831]ਅਰੁ**[831]** ਗੁਰੂ ਜੋਗੁ ਆਖਿ ਭੇਜਿਓਸ॥ ਜੋ ਬਾਹਰਿ ਆਉ। ਤਬ ਗੁਰੂ ਬਾਬਾ ਬਾਹਰਿ ਆਇਆ। ਤਦਹੁ ਅਨਭੀ ਸਰੇਵੜੈ ਪੁਛਿਆ॥ ਗੁਰੂ ਬਾਬੈ ਜੋਗੁ॥ ਜੋ ਤੂੰ ਅੰਨੁ ਨਵਾ ਪੁਰਾਣਾ ਖਾਵਤਾ ਹੈ॥ ਅਤੈ ਚੰਣਿ ਭੁਨੇ ਖਾਵਤਾ ਹੈ॥ ਅਤੇ ਪਾਣੀ ਠੰਢਾ ਪੀਵਤਾ ਹੈ ਬਿਨੁ ਛਣਿਆ॥ ਬਨ ਝੂਣਿ ਝੂਣਿ ਖਾਦਾ ਹੈ॥ ਅਤੈ ਗੁਰੂ ਕਹਾਵਾਦਾ ਹੈ॥ ਸੋ ਤੈ ਕਿਆ ਗੁਣੁ ਪਾਇਆ ਹੈ॥ ਜੋ ਨਿਤਾਪ੍ਰਤ ਜੀਆ ਮਾਰਦਾ ਹੈ॥ ਤਬ ਗੁਰੂ ਬਾਬਾ ਬੋਲਿਆ ਰਾਗੁ ਮਾਝ ਕੀ ਵਾਰ ਪਉੜੀ॥

ਸਤਿਗੁਰੂ ਹੋਇ ਦਇਆਲੁ ਤਾ ਸਰਧਾ ਪੂਰੀਐ॥
ਸਤਿਗੁਰੂ ਹੋਇ ਦਇਆਲੁ ਨਾ ਕਬਹੂ ਝੂਰੀਐ॥
ਸਤਿਗੁਰੂ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥
ਸਤਿਗੁਰੂ ਹੋਇ ਦਇਆਲੁ ਹਰਿ ਰੰਗੁ ਮਾਣੀਐ॥
ਸਤਿਗੁਰੂ ਹੋਇ ਦਇਆਲ ਤਾ ਜਮ ਕਾ ਡਰੁ ਕੇਹਾ॥
ਸਤਿਗੁਰੂ ਹੋਇ ਦਇਆਲ ਤਾ ਸਦ ਹੀ ਸੁਖੁ ਦੇਹਾ॥
ਸਤਿਗੁਰੂ ਹੋਇ ਦਇਆਲ ਤਾ ਨਵ ਨਿਧਿ ਪਾਈਐ॥
ਸਤਿਗੁਰੁ ਹੋਇ ਦਇਆਲ ਤ ਸਚਿ ਸਮਾਈਐ॥੧॥੧੫॥ (ਗੁ.ਗ੍ਰੰ.ਸਾ. ਪੰਨਾ ੧੪੯)
ਸਿਰੁ ਖੋਹਾਇ ਪੀਵਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਜੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸੰਗਾਹੀ॥
ਭੇਡਾ ਵਾਂਗੂ ਸਿਰੁ ਖੁਹਾਇਨਿ ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥
ਓਨਾ ਪਿੰਡੁ ਨ ਪਤਲ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥
ਅਠਿਸਠਿ ਤੀਰਥ ਦੇਹ ਨ ਢੋਈ ਬ੍ਰਹਮਣ ਅਨ ਨ ਖਾਹੀ॥
ਸਦਾ ਕੁਚੀਲੁ ਰਹਿਨਿ ਦਿਨੁ ਰਾਤੀ ਮਥੈ ਟਿਕੇ ਨਾਹੀ॥
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜ ਦੀਬਾਣਿ ਨ ਜਾਹੀ॥
ਲਕੀ ਕਾਸੇ ਹਥੀ ਫੁਮਣ ਅਗੋ ਪਿਛੀ ਜਾਹੀ॥

---

[827] ੲ: ਸ: ਬਹਤੁ
[828] ਹ:ਸਿਖ
[829] ਹ: ੪੩. ਅਨਭੀ ਸਰੇਵੜਾ
[830] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[831] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ

ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁਲਾ॥
ਦਇ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥
ਦਾਨੋ ਤੈ ਇਸਨਾਨੋ ਵੰਞੈ ਭਸੁ ਪਈ ਸਿਰਿ ਖੁਥੈ॥
ਪਾਣੀ ਵਿਚਹੁ ਰਤਨ ਉਪਨੇ ਮੇਰੁ ਕੀਆ ਮਾਧਾਣੀ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੇ ਬਾਣੀ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ॥
ਨਾਨਕ ਸਿਰਿ ਖੁਥੈ ਸੈਤਾਨੀ ਏਨਾ ਗਲ ਨ ਭਾਣੀ॥
ਵੁਠੇ ਹੋਇ ਹੋਇ ਬਿਲਾਵਿਲੁ ਜੀਆ ਜੁਗਤਿ ਸਮਾਣੀ॥
ਵੁਠੇ ਅੰਨੁ ਕਮਾਦ ਕਪਾਹਾ ਸਭਸੈ ਪੜਦਾ ਹੋਵੈ॥
ਵੁਠੈ ਘਾਹੁ ਚਰਹਿ ਨਿਤ ਸੁਰਹੀ ਸਾਧਨ ਦਹੀ ਬਿਲੋਵੈ॥
ਤਿਤੁ ਘਿਅ ਹੋਮ ਜਗ ਸਦ ਪੂਜਾ ਪਇਐ ਕਰਜ ਸੋਹੈ॥
ਗੁਰੂ ਸਮੁੰਦ ਨਦੀਆ ਸਭ ਸਿਖੀ ਨਾਤੇ ਜਿਤੁ ਵਡਿਆਈ॥
ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥

(ਗੁ.ਗ੍ਰੰ.ਸਾ. ਪੰਨਾ ੧੪੯-੫੦)

ਜਬ ਗੁਰੂ ਬਾਬੇ ਏਹੁ ਸਲੋਕੁ ਆਖਿਆ॥ ਤਾ ਅਨਭੀ ਸਰੇਵੜਾ ਆਇ ਪੈਰੀ ਪਇਆ। ਨਾਉ ਧਰੀਕੁ [[832]] ਹੋਆ। ਗੁਰੂ ਗੁਰੂ ਲਗਾ ਜਪਣਿ। ਤਿਤੁ ਮਹਲਿ ਬਿਸਮਾਦਿ ਵਿਚਿ ਧਨਾਸਰੀ ਦੇਸ [833]ਏਹ**[833]** ਵਾਰੁ ਹੋਈ॥ ਸਾਪੂਰਨ ਮਾਝ ਕੀ [[834]] ॥ ਤਦਹੁ ਸੈਦੋ ਘੋਹੇ ਲਿਖੀ ਸੰਪੂਰਨੁ ਪੜਣੀ॥ ਤਬ ਧਨਾਸਰੀ ਦੇਸਿ ਬਹੁਤੁ ਨਾਉ [[835]] ਧਰੀਕ ਹੋਇ। ਇਕ ਮੰਜੀ ਊਹਾ ਭੀ ਹੈ। [836]ਬੋਲਹੁ ਵਾਹਿਗੁਰੂ**[836]** ਤਦਹੁ ਬਾਬਾ ਜੀ ਉਥਹੁ ਰਵਦੇ ਰਹੇ।

° **[[837]]** ਤਦਹੁੰ ਸਮੁੰਦ੍ਰ ਕੀ ਬਰੇਤੀ ਕੇ ਅਧ ਵਿਚਿ [838]ਭਖ**[838]** **ਬਿਲਾਇਤਿ ਨਿ[839]** ਹੈ। ਊਹਾ ਰਾਕੁਸ ਆਦਮੀ ਭਖਦਾ ਥਾ। ਧਨਾਸਰੀ ਦੇਸ ਕਾ। ਤਹਾ ਬਾਬਾ ਜਾਇ ਪ੍ਰਗਟਿਆ। {ਨਾਲਿ ਸੈਦੋ [[840]] ਸੀਹੋ [[841]]

[832] ਹ: ਸਿਖ
[833] ਇਹ ਪਾਠ ਝ: ਸ ਵਿਚ ਦਰਜ ਨਹੀਂ ਹੈ
[834] ੲ : ਪਉੜੀ
[835] ਹ: ਸਿਖ
[836] ਇਹ ਪਾਠ ਸ ਵਿਚ ਦਰਜ ਨਹੀਂ ਹੈ
[837] ਹ: ੪੪.ਕਉਡਾ ਰਾਖਸ਼
[838] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[839] ੲ :ਸ: ਇਕਬਿਲਾਇ
[840] ੲ :ਘੇਹੋ ਅਤੇ
[841] ਅ: ੲ: ਸ: ਹ:-ਜਾਟ

[842]ਜਾਤ ਘੋਹੇ[842] ਥੇ। ਤਬ ਰਾਕਸੁ ਆਇਆ। ਦੇਖਿ ਕਰ ਕੜਾਹਾ ਤਪਾਇਆ। ਤਬ ਬਾਬੇ ਜੋਗੁ ਪਕੜਿ ਲੈ ਗਇਆ॥ [843]ਦੇਖਿ ਕਰਿ ਹਸਿਆ[843] । ਤਬ ਸੈਦੋ ਅਤੇ ਸੀਹੋ [[844]] ਲਗੈ ਬੈਰਾਗੁ ਕਰਣਿ। ਆਖਿਓਨੈ ਜੋ ਅਸਾਡੇ ਜੀਅੜੇ ਭੀ ਕੜਾਹੇ ਵਿਚਿ ਤਲੀਅਨਿਗੈ॥ ਤਬ ਬਾਬਾ ਤਪਤੇ ਕੜਾਹੇ ਵਿਚਿ ਜਾਇ ਬੈਠਾ। ਤਦਹੁ ਬਿਸਮਾਦ ਕੈ ਘਰਿ ਆਇਆ॥ ਤਿਤੁ ਮਹਲਿ ਸਬਦੁ ਹੋਆ ਰਾਗੁ ਮਾਰੂ ਵਿਚ॥ ਮ:੧ ॥

ਫੂਟਾ ਆਂਡਾ ਭਰਮ ਕਾ ਹਿਰਦੈ ਭਇਆ ਪਰਗਾਸੁ॥
ਕਾਟੀ ਬੇੜੀ ਪਗ ਕੀ ਗੁਰ ਕੀਨੈ ਬੰਦਿ ਖਲਾਸੁ॥੧॥
ਬਾਬਾ ਮੇਰਾ ਆਵਣ ਜਾਣੁ ਰਹਿਆ ॥
ਤਪਤਿ ਕੜਾਹ ਬੁਝਿ ਗਇਆ ਗੁਰੂ ਸੀਤਲੁ ਨਾਮੁ ਦੀਆ॥ਰਹਾਉ॥
ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ॥
ਸਾਗਰ ਤੇ ਕੰਢੀ ਚੜੇ ਗੁਰਿ ਕੀਨੇ ਧਰਮਾ॥੨ ॥
ਜਬ ਕਾ ਸਾਧ ਸੰਗੁ ਭਇਆ ਛੋਡਿ ਗਏ ਨਿਗਹਾਵਾਨ॥
ਜਿਸ ਕੀ ਅਟਕਿ ਤਿਸ ਤੇ ਛੂਟੀ ਅਬ ਕਹਾ ਕਰੈ ਕੁਟਵਾਲ॥੩॥
ਸਚੁ ਥਾਨੁ ਸਚੁ ਬੈਸਕਾ ਸਚੁ ਸੁਆਉ ਬਣਾਇਆ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ॥੪॥ (ਮ:੫) **(ਗੁ.ਗ੍ਰੰ.ਸਾ. ਪੰਨਾ ੧੦੦੨)**

ਤਦਹੁ [[845]] ਭੁਖ ਵੇਲਗਾਈ। [846]ਰਾਕਸੁ ਕਾੜਾ ਤਪਤਿ ਰਹਿਆ[846]}॥ ਕੜਾਹਾ ਤਪੈ ਨਾਹੀ॥ ਸੀਤਲੁ ਹੋਇ ਗਇਆ। ਤਬ ਆਇ ਪੈਰੀ ਪਇਆ॥ ਤਾ ਆਖਿਓਸੁ ਜੀ ਮੇਰੀ ਮੁਕਤਿ ਕਰੁ।ਤਬ ਸੀਹੋ ਪਾਹੁਲ ਦਿਤੀ। ਨਾਉ ਧਰੀਕ [[847]] ਹੋਆ। ਮੁਕਤਿ ਕਉ ਚਲਿਆ॥ [848]ਮੁਕਤਿ ਭਇਆ॥ ਬੋਲਹੁ ਵਾਹਿਗੁਰੂ[848] ।

**੦/੦੦** [[849]] ਤਦਹੁ ਬਾਬਾ ਰਵਦਾ ਰਹਿਆ।ਸਮੁੰਦ੍ਰ ਕੀ ਬਰੇਤੀ ਵਿਚਿ [850]ਅਗੈ[850] ਮਖਦੂਮ ਬਹਾਵਦੀ [851]ਸਮੁਦ੍ਰ ਵਿਚਿ ਮੁਸਲੇ ਉਪਰਿ[851] ਪਇਆ ਖੇਲਦਾ ਥਾ। ਤਬ ਗੁਰੂ [852]ਭੀ[852] ਜਾਇ ਪ੍ਰਗਟਿਆ । ਤਬ ਮਖਦੂਮ ਬਹਾਵਦੀ ਦੇਖਿ ਕਰਿ ਸਲਾਮੁ ਪਾਇਆ। ਆਖਿਓਸੁ ਸਲਾਮਾਅਲੇਕ ਦਰਵੇਸੁ। ਤਬ ਬਾਬੈ ਜਬਾਬੁ ਦਿਤਾ। ਆਖਿਓਸੁ ਅਲੇਕਮ ਸਲਾਮੁ। ਮਖਦੂਮ ਬਹਾਵਦੀ ਕੁਰੇਸੀ। ਤਬ ਦਸਤਪੇਸੀ ਲੇਕਰਿ ਬੈਠਿ ਗਇਆ। ਤਬ ਮਖਦੂਮ ਬਹਾਵਦੀ ਆਖਿਆ ਨਾਨਕ ਦਰਵੇਸ। ਚਲ ਸਮੁੰਦ੍ਰ ਕਾ ਸੈਲੁ ਕਰਿ ਆਵਹਾ। ਤਬ ਬਾਬੈ

---
842 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
843 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
844 ੲ:ਅਤੇ ਘੋਹੋ
845 ੲ:ਸ: ਰਾਕਸ ਕੀ
846 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
847 ਹ: ਸਿਖ
848 ਇਹ ਪਾਠ ਅ:ੲ ਵਿਚ ਦਰਜ ਨਹੀਂ ਹੈ
849 ਹ: ੪੫.ਮਖਦੂਮ ਬਹਾਵਦੀ (ਗੁਰਮੁਖਾਂ ਵਾਲੀ ਸਾਖੀ)
850 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
851 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ
852 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਆਖਿਆ ਮਖਦੂਮ ਬਹਾਵਦੀ॥ ਕਦੇ ਸੈਲੁ ਕਰਦੇ ਨੂ ਕਛੁ ਨਦਰਿ ਭੀ ਆਇਓ ਤਬ ਮਖਦੂਮ ਬਹਾਵਦੀ ਆਖਿਆ॥ ਨਾਨਕ ਇਕ ਦਿਨਿ ਇਕੁ ਮੁਨਾਰਾ ਨਦਰਿ ਆਇਆ। ਤਬ ਬਾਬੈ ਆਖਿਆ ਜਾਹਿ ਉਸ ਕੀ ਖਬਰਿ ਲੈ ਆਉ। ਤਬ ਮਖਦੂਮ ਬਹਾਵਦੀ ਆਖਿਆ ਬਚਨੁ ਹੋਵੈ ਜੀ। ਤਬ ਮਖਦੂਮ ਬਹਾਵਦੀ ਮੁਸਲਾ ਸਮੁੰਦ੍ਰ ਵਿਚਿ ਪਾਇਆ। ਖੇਡਦਾ ਖੇਡਦਾ [853]ਜਾਇ ਨਿਕਲਿਆ। ਜਾ**[853]** ਦੇਖੇ ਤਾ ਇਕੁ ਮੁਨਾਰਾ ਹੈ। ਤਬ ਮਖਦੂਮ ਬਹਾਵਦੀ ਉਥੈ ਗਇਆ। ਅਗੇ ਜਾਵੈ ਤਾ ਬੀਸ ਮਰਦ ਬੈਠੇ ਹਨਿ। ਓਥੈ ਜਾਇ ਸਲਾਮ ਪਾਇਓਸੁ। ਦਸਤਪੰਜਾ ਲੈਕਰਿ ਬੈਠਿ ਗਇਆ। **ਜਬ**[854] ਰਾਤ ਪਈ ਤਬ ਇਕੀਸ ਭਾਡੇ ਖਾਣਿ ਕੇ [855]ਅਰਸ ਤੇ**[855]** ਉਤਰੇ। ਤਦਹੁ ਖਾਣਾ ਫਕੀਰਾ ਖਾਧਾ। ਚਾਰੇ ਪਹਰ ਖੁਦਾਇ ਕੀ ਬੰਦਗੀ ਕਰਦੇ ਰਹੇ। ਜਬ ਦਿਨੁ ਚੜਿਆ। ਤਬ ਓਹ ਬੀਸ ਮਰਦ ਚਲਦੇ ਰਹੇ। ਤਬ ਮਖਦੂਮ ਬਹਾਵਦੀ ਉਹੁ ਦਿਨ ਭੀ ਓਥੈ ਹੀ ਰਹਿਆ। ਜਬ ਪਹਰ ਦਿਨੁ ਚੜਿਆ ਤਬ ਇਕੁ ਬੋਹਿਥਾ ਆਇ ਨਿਕਲਿਆ। ਫਿਰਿ ਉਹੁ ਲਾਗਾ ਡੁਬਣਿ। ਤਬ ਮਖਦੂਮ ਬਹਾਵਦੀ ਖੁਦਾਇ ਆਗੈ ਹਥ ਖੜੇ ਕੀਤੇ। ਜੋ ਇਹ ਬੋਹਿਥਾ ਮੈ ਖੜਿਆ ਨ ਡੁਬੈ। ਤਬ ਬੋਹਿਥਾ ਡੁਬਣੈ ਤੇ ਰਹਿ ਗਇਆ। ਜਬ ਰਾਤਿ ਪਈ ਤਬ ਓਇ ਮਰਦ ਫਿਰਿ ਆਏ। ਆਇ ਰਾਤ ਇਕਠੇ ਰਹੇ । ਤਬ ਅਗਾਸ ਤੇ ਖਾਣਾ ਉਤਰੇ ਨਾਹੀ। ਤਬ ਰਾਤਿ ਫਕੀਰ ਖੁਦਾਇ ਦਾ ਜਿਕਰ ਕਰਦੇ ਰਹੇ। ਜਬ ਸੁਬਾਹ ਹੋਈ ਤਬ ਉਹੁ ਮਰਦ ਫਿਰਿ ਚਲਦੇ ਰਹੇ। ਤਬ ਮਖਦੂਮ ਬਹਾਵਦੀ ਓਹੁ ਦਿਨ ਭੀ ਓਥੈ ਰਹਿਆ। ਤਬ ਉਹੁ ਮਰਦ ਉਠਿ ਗਏ। ਜਬ ਦੂਸਰਾ ਦਿਨੁ ਹੋਆ। ਤਬ ਉਹੁ ਮੁਨਾਰਾ ਲਗਾ ਢਹਣਿ। ਤਬ ਮਖਦੂਮ ਬਹਾਵਦੀ ਭੀ ਹਥਾ ਜੋੜੇ ਆਖਿਅਸੁ ਜੋ ਮੈ ਬੈਠਿਆ ਮੁਨਾਰਾ ਨਾ ਢਹੈ। ਤਬ ਮੁਨਾਰਾ ਢਹਿਣ ਤੇ **ਰਹਿ[856]** [857]ਗਇਆ**[857]** । ਜਬ ਰਾਤਿ ਪਈ ਤਬ ਭੀ ਓਹੁ ਮਰਦ ਆਏ ਰਾਤਿ ਇਕਠੇ ਮਿਲਿ ਬੈਠੇ [**858**] ।ਤਬ ਫਿਰਿ ਖਾਣਾ ਅਰਸ ਤੇ ਉਤਰੇ ਨਾਹੀ। ਤਦਹੁ ਉਨਾ ਯਾਰਾ ਆਖਿਆ ਜੋ ਕਿਸਿ ਬਦਬਖਤ ਖੁਦਾਇ ਕੋ ਕੀਤੇ ਵਿਚਿ ਫੌਰੁ ਪਾਇਆ ਹੈ। ਤਬ ਆਪੋ ਵਿਚੀ ਲਗੇ ਵਿਚਾਰ ਕਰਣਿ [**859**] ਪੁਛਣਿ। ਤਬ ਮਖਦੂਮ ਬਹਾਵਦੀ ਆਖਿਆ। ਜੋ ਮੈ ਬੋਹਿਥਾ ਅਤੇ ਮੁਨਾਰਾ ਰਖਿਆ ਹੈ। ਤਬ ਓਨਾ ਮਰਦਾ ਪੁਛਿਆ ਏ ਦਰਵੇਸ ਤੇਰਾ ਨਾਉ ਕਿਆ ਹੈ। ਤਬ ਮਖਦੂਮ ਬਹਾਵਦੀ ਆਖਿਆ ਮੇਰਾ ਨਾਉ ਮਖਦੂਮ ਬਹਾਵਦੀ ਪੀਰ ਹੈ। ਤਬ ਓਨਾ ਮਰਦਾ ਆਖਿਆ। ਏ ਦਰਵੇਸ ਏਥੇ ਪੀਰਾ ਪਾਤਿਸਾਹਾ ਕੀ ਠਉੜਿ ਨਾਹੀ॥ ਪੀਰ ਪਾਤਿਸਾਹ ਦੁਨੀਆ ਵਿਚਿ ਸੋਹਦੇ ਹੈਨਿ॥ ਅਤੈ ਖੁਦਾਇਕੇ ਰਾਹ ਦਾ ਦਰੁ ਨੀਵਾ ਹੈ॥ ਅਤੈ ਪੀਰਾ ਪਾਤਸਾਹਾ ਕਾ ਸਿਰੁ ਉਚਾ ਹੈ। ਤਬ ਮਖਦੂਮ ਬਹਾਵਦੀ ਸਲਾਮਾਅਲੇਕ ਕਰਿਕੈ ਮੁਸਲਾ ਚਲਾਇਦਾ ਰਹਿਆ॥ ਆਣਿ ਮੁਸਲਾ ਸਮੁੰਦ੍ਰ ਵਿਚਿ ਪਾਇਓਸੁ। ਮੁਸਲੇ ਉਪਰਿ ਚੜਿ ਬੈਠਾ॥ ਪਰੁ ਮੁਸਲਾ ਚਲੇ ਨਾਹੀ॥ ਚਾਰਿ ਪਹਰ [860]ਦਿਨੁ**[860]** ਦਰੀਆਉ ਵਿਚ ਬੈਠਾ ਰਹਿਆ॥ ਜਾ ਦਿਨੁ ਲਗਾ ਲਹਿਣ।

---

853 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

854 ਹ: ਤਬ

855 ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ

856 ੲ : ਸ: ਰਹਿਆ

857 ਇਹ ਪਾਠ ੲ ਵਿਚ ਦਰਜ ਨਹੀਂ ਹੈ

858 ੲ : ਸ: ਜਬ ਰਾਤ ਪਈ

859 ੲ : ਅਤੇ

860 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਤਾ ਓਹੁ ਮਰਦ ਭੀ ਆਏ। [861]ਤਬ[861] ਦੇਖਨਿ ਤਾ ਸਮੁੰਦ੍ਰ ਵਿਚ ਬੈਠਾ ਹੈ। ਤਬ ਓਨਾ ਮਰਦਾ ਪੁਛਿਆ ਜੋ ਏ ਦਰਵੇਸ ਤੂੰ ਕਿਉ ਬੈਠਾ ਹੈ॥ ਤਬ ਮਖਦੂਮ ਬਹਾਵਦੀ ਆਖਿਆ ਜੋ ਮੇਰਾ ਮੁਸਲਾ ਨਹੀ ਚਲਦਾ। ਤਬ ਓਨਾ ਸਿਖਾ ਆਖਿਆ॥ ਸਤਿਗੁਰ ਨਾਨਕ ਨਾਉ ਲਿਖੁ ਜੋ [862]ਤੇਰਾ[862] ਮੁਸਲਾ ਚਾਲੈ। ਤਬ ਸਤਿਗੁਰੂ ਨਾਨਕ ਲਿਖਿਆ। ਤਬ ਮਖਦੂਮ ਬਹਾਵਦੀ ਕਾ ਮੁਸਲਾ ਚਲਿਆ। ਤਬ ਬਾਬੇ ਪਾਸਿ ਆਇਆ॥ ਸਲਾਮੁ ਕੁਰਕੈ ਬੈਠਿ ਗਇਆ। ਤਬਿ ਬਾਬੇ ਪੁਛਿਆ॥ ਕਿਆ ਡਿਠੋ ਮਖਦੂਮ ਬਹਾਵਦੀ॥ਤਬ ਮਖਦੂਮ ਬਹਾਵਦੀ ਆਖਿਆ ਜੀ ਤੂੰ [[863]] ਸਭ ਜਾਣਦਾ ਹੈ॥ ਤੇਰਿਆ ਦਾਸਾ ਦਾ ਸਦਕਾ ਤਉ ਤਾਈ ਆਇ ਪਹੁਚਿਆ ਹਾ।ਤਬ ਬਾਬਾ ਬੋਲਿਆ ਸਲੋਕ॥

ਮ:੧॥ ਲਖੁ ਉਲਾਹਮੇ ਦਿਵਸ ਕੇ ਰਾਤੀ ਮਿਲਨਿ ਸਹਿੰਸ॥
ਸਿਫਤਿ ਸਲਾਹਣੁ ਛੋਡਿ ਕਰਗੀ ਲਗਾ ਹੰਸੁ ॥੧॥ (ਗੁ.ਗ੍ਰੰ.ਸਾ.ਪੰਨਾ ੭੯੦)

ਤਬ ਬਾਬਾ ਬੋਲਿਆ। ਆਖਿਓਸੁ।ਮਖਦੂਮ ਬਹਾਵਦੀ॥ਕਰਮ ਕਰੰਗ ਹੈ। ਓਥੈ ਹੰਸਾ ਦਾ ਮਨਾਹੀ ਹੈ॥ ਜੋ ਓਥੈ ਬਹਨਿ। ਤਦਹੁ ਮਖਦੂਮ ਬਹਾਵਦੀ ਆਇ ਪੈਰ ਚੁਮੈ। ਤਿਤੁ ਮਹਲਿ ਸਬਦੁ ਹੋਆ ਰਾਗੁ ਸ੍ਰੀ ਰਾਗੁ ਵਿਚਿ

ਮ:੧॥
ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖੁ॥
ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕੁ॥
ਦੁਨੀਆ ਕੈਸੇ ਮੁਕਾਮੈ॥
ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥ਰਹਾਉ॥
ਜੋਗੀ ਤਾ ਆਸਣੁ ਕਰਿ ਬਹੈ ਮੁਲਾ ਤਾ ਬਹੈ ਮੁਕਾਮਿ॥
ਪੰਡਤ ਵਖਣੈ ਪੋਥੀਆ ਸਿਧ ਬਹੈ ਦੇਵ ਅਸਥਾਨੁ॥੨॥
ਸੁਰ ਸਿਧ ਗਣ ਗੰਧ੍ਰਬ ਮੁਨਿ ਜਨ ਸੇਖ ਪੀਰ ਸਲਾਰ॥
ਦਰਿ ਕੂਚ ਕੂਚਾ ਕਰਿ ਗਏ ਅਵਰਾ ਭਿ ਚਲਣਹਾਰ॥੩॥
ਸੁਲਤਾਨ ਖਾਨ ਮਲੂਕ ਉਮਰਿ ਗਏ ਕਰਿ ਕਰਿ ਕੂਚੁ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥੪॥
ਸਬਦ ਤਾਹ ਮਾਹਿ ਵਖਾਣੀਐ ਵਿਰਲਾ ਤਾ ਬੂਝੈ ਕੋਇ॥
ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥੫॥
ਅਲਾਹ ਅਲਖੁ ਅਗਮ ਕਾਦਰੁ ਕਰਣਹਾਰੁ ਕਰੀਮੁ॥
ਸਭ ਦੁਨੀਆ ਤਾ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥੬॥
ਮੁਕਾਮੁ ਤਿਸ ਨੋ ਆਖੀਐ ਜਿਸੁ ਸਿਰਿ ਨ ਹੋਵੀ ਲੇਖੁ॥
ਅਸਮਾਨ ਧਰਤੀ ਚਲਸੀ ਮੁਕਾਮੁ ਓਹੀ ਏਕੁ॥੭॥

861 ੲ:ਸ: ਜਬ
862 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
863 ੲ: ਸ: ਕੁਛੁ

ਦਿਨ ਨਸ ਚਲੈ ਰਵਿ ਸਸਿ ਚਾਲੇ ਤਾਰੇ ਲਖ ਪਲੋਇ॥

ਮੁਕਾਮੁ ਓਹੀ ਏਕੁ ਹੈ ਨਾਨਕ ਸਚੁ ਬੁਗੋਇ॥੮॥ **(ਗੁ.ਗ੍ਰੰ.ਸਾ. ਪੰਨਾ ੬੪)**

[864]ਤਬ ਮਖਦੂਮ ਬਹਾਵਦੀ ਮੁਸਲਾ ਹਥਹੁ ਸਟਿ ਪਾਇਆ**[864]** । ਤਦਹੁ ਮਖਦੂਮ ਬਹਾਵਦੀ ਨੂ ਹੁਕਮ ਹੋਆ। ਜੋ ਜਾਹਿ ਤੂੰ ਪੀਰੁ ਕਰਿ। ਤਬ ਮਖਦੂਮ ਬਹਾਵਦੀ ਆਖਿਆ॥ ਜੀ [865]ਮੈ**[865]** ਕਿਸ ਨੂੰ ਪੀਰ ਕਰਾ। ਤਬ ਬਾਬੈ ਬਚਨੁ ਕੀਤਾ॥ ਜਿਸ ਨੂੰ ਸੇਖ ਫਰੀਦ ਕੀਤਾ ਹੈ। ਤਬ ਮਖਦੂਮ ਬਹਾਵਦੀ ਸਲਾਮੁ ਕੀਤਾ ਦਸਤ ਪੰਜਾ ਲੀਆ॥ ਬਾਬੇ ਵਿਦਾ ਕੀਤਾ। [866]ਬੋਲਹੁ ਵਾਹਗੁਰੂ**[866]** । [[867]] ਬਾਬਾ ਭੀ ਉਥਹੁੰ ਰਵਦਾ ਰਹਿਆ॥ ਸਮੁੰਦ੍ਰ ਕੇ ਅਧ ਵਿਚਿ ਗਇਆ। ਅਗੇ ਮਛਿੰਦ੍ਰ ਅਤੇ ਗੋਰਖੁ [868]ਨਾਥ[868] ਬੈਠੇ ਥੇ। ਤਬ ਮਛਿੰਦ੍ਰ ਡਿੱਠਾ ਦੇਖਿ ਕਰਿ ਆਖਿਓਸੁ॥ਗੋਰਖਨਾਥ ਇਹ ਕਉਣੁ ਆਵਦਾ ਹੈ ਦਰਿਆਉ ਵਿਚਿ॥ਤਬ ਗੋਰਖਨਾਥ ਆਖਿਆ ਜੀ ਏਹੁ ਨਾਨਕ ਹੈ। ਤਬ ਬਾਬਾ ਜਾਇ ਪ੍ਰਗਟਿਆ॥ ਆਦੇਸੁ ਆਦੇਸੁ ਕਰਿਕੈ ਬੈਠਿ ਗਇਆ। ਤਬ ਮਛੰਦ੍ਰ ਪੁਛਿਆ। ਆਖਿਓਸ ਨਾਨਕ ਸੰਸਾਰੁ ਸਾਗਰੁ ਕੇਹਾ ਕੁ ਡਿਠੋ॥ ਕਿਤੁ ਬਿਧਿ ਦਰੀਆਉ ਤਰਿਉ ਤਬ ਬਾਬਾ ਬੋਲਿਆ ਸਬਦੁ ਰਾਗੁ ਰਾਮਕਲੀ ਵਿਚਿ ॥ਮ: ੧॥

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰ ਭੀਤਰਿ ਦਰੁ ਕਵਨੁ ਲਹੈ॥

ਜਿਸੁ ਦਰ ਕਾਰਣਿ ਫਿਰਿਹਿ ਉਦਾਸੀ ਸੋ ਦਰੁ ਕੋਈ ਆਇ ਕਹੈ॥੧॥

ਕਿਨਿ ਬਿਧਿ ਸਾਗਰੁ ਤਰੀਐ॥

ਜੀਵਦਿਆ ਹੀ ਮਰੀਐ॥ਰਹਾਉ॥

ਦੁਖੁ ਦਰਵਾਜੇ ਰੋਹੁ ਰਖਵਾਲ ਆਸ ਅੰਦੇਸ ਦੁਇ ਪਟ ਜੜੈ॥

ਮਾਇਆ ਜਲ ਪਾਈ ਪਾਣੀ ਘਰੁ ਬਾਂਧਿਆ ਸਤ ਕੈ ਆਸਣਿ ਪੁਰਖੁ ਰਹੈ॥੨॥

ਕੇਤੇ ਨਾਮਾ ਅੰਤੁ ਨ ਜਾਨਿਆ ਤੁਮ ਸਰਿ ਨਾਹੀ ਅਵਰੁ ਹਰੇ॥

ਊਚਾ ਨਹੀ ਕਹਣਾ ਮਨ ਮਹਿ ਸਹਣਾ ਆਪੇ ਜਾਣਿ ਆਪਿ ਕਰੇ॥੩॥

ਜਬ ਲਗ ਆਸ ਅੰਦੇਸਾ ਤਬ ਹੀ ਕਿਉ ਕਰਿ ਇਕੋ ਇਕੁ ਕਹੈ॥

ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੋ ਏਕੁ ਮਿਲੈ॥੪॥

ਇਤੁ ਬਿਧਿ ਸਾਗਰੁ ਤਰੀਐ॥ ਜੀਵਦਿਆ ਇਵ ਮਰੀਐ॥ਰਹਾਉ॥ (ਗੁ.ਗ੍ਰੰ.ਸਾ. ਪੰਨਾ ੮੭੭)

ਤਿਤੁ ਮਹਲਿ ਸਬਦ ਹੋਆ ਰਾਮਕਲੀ ਵਿਚਿ ਮ: ੧॥

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਵਾਜੈ ਲੋਕੁ ਸੁਣੇਈ॥

ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇਈ॥੧॥

ਬਾਬਾ ਗੋਰਖੁ ਜਾਗੈ॥ ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ॥੧॥ਰਹਾਉ॥

---

[864] ਇਹ ਪਾਠ ਏ ਵਿਚ ਦਰਜ ਨਹੀਂ ਹੈ

[865] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[866] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[867] ਹ: ੪੬.ਸਿੱਧਾਂ ਨਾਲ ਗੋਸਟਿ

[868] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

ਪਾਣੀ ਪਉਣੁ ਪ੍ਰਾਨ ਬੰਧਿ ਰਾਖੇ ਚੰਦੁ ਸੂਰਜੁ ਮੁਖ ਦੀਵੈ॥
ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਤੇਰੇ ਵਿਸਰੇ॥੨॥
ਸਿਧ ਸਾਧਕ ਅਰੁ ਜੋਗੀ ਜੰਗਮ ਪੀਰ ਪੁਰਖ ਬਹੁਤੇਰੇ॥
ਜੇ ਨਾਮੁ ਮਿਲੈ ਤਾ ਕੀਰਤਿ ਆਖਾ ਤਾ ਮਨੁ ਸੇਵ ਕਰੇ॥੩॥
ਕਾਗਦੁ ਲੂੰਣੁ ਰਹੈ ਘਿਰਤ ਸੰਗੇ ਜੈਸੇ ਪਾਣੀ ਕਵਾਲੁ ਰਹੈ॥
ਐਸੇ ਭਗਤ ਮਿਲਹਿ ਜਨ ਨਾਨਕ ਤਿਨਿ ਜਮੁ ਬਪੁੜਾ ਕਿਆ ਕਰੇ॥੪॥

(ਗੁ.ਗ੍ਰੰ.ਸਾ.ਪੰਨਾ ੮੭੭)

ਤਬ ਫੇਰ ਮਛਿੰਦ੍ਰ ਬੋਲਿਆ। ਆਖਿਓਸ ਨਾਨਕ ਜੋਗ ਲੈ ਜੋ ਡੋਲਣੈ ਤੇ ਰਹੈ॥ ਭਵਜਲੁ ਸੁਖਾਲਾ ਤਰਹਿੰ। ਤਦਹੁ ਗੁਰੂ ਬੋਲਿਆ ਸਬਦੁ ਰਾਗੁ ਰਾਮਕਲੀ ਵਿਚ ਮ: ੧॥

ਸੁਣਿ ਮਛਿੰਦ੍ਰ ਨਾਨਕੁ ਬੋਲੈ ਵਸਿਗਤਿ ਪੰਚਿ ਕਰੇ ਨਹੀ ਡੋਲੈ॥
ਐਸੀ ਜੁਗਤਿ ਜੋਗ ਕਉ ਪਾਲੈ॥
ਆਪਿ ਤਰੈ ਸਗਲੇ ਕੁਲ ਤਾਰੈ॥੧॥
ਸੋ ਅਉਧੂਤੁ ਐਸੀ ਮਤਿ ਪਾਵੈ॥
ਅਹਿਨਿਸ ਸੁੰਨਿ ਸਮਾਧਿ ਸਮਾਵੈ॥੧॥ਰਹਾਉ॥
ਭਿਖਿਆ ਭਾਉ ਭਗਤਿ ਭੈ ਚਲੈ॥
ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ॥
ਧਿਆਨ ਰੂਪਿ ਹੋਇ ਆਸਣੁ
ਪਾਵੈ॥ ਸਚਿ ਨਾਮਿ ਤਾੜੀ ਚਿਤੁ ਲਾਵੈ॥੨॥
ਨਾਨਕੁ ਬੋਲੈ ਅੰਮ੍ਰਿਤ ਬਾਣੀ॥
ਸੁਣਿ ਮਾਛਿੰਦ੍ਰ ਅਉਧੂ ਨੀਸਣੀ॥
ਆਸਾ ਮਹਿ ਨਿਰਾਸੁ ਵਲਾਏ॥
ਤਾਨਿਹਚਉ ਨਾਨਕ ਕਰਤੇ ਪਾਏ॥੩॥
ਪ੍ਰਣਵਤਿ ਨਾਨਕ ਅਗਮੁ ਸੁਣਾਏ।
ਗੁਰ ਚੇਲੇ ਕੀ ਸੰਧਿ ਮਿਲਾਏ॥
ਦੀਖਿਆ ਦਾਰੂ ਭੋਜਨੁ ਖਾਇ॥
ਛਿਅ ਦਰਸਨ ਕੀ ਸੋਝੀ ਪਾਇ॥੪॥ (ਗੁ.ਗ੍ਰੰ.ਸਾ. ਪੰਨਾ ੮੭੭-੭੮)

ਤਬ ਗੋਰਖ ਨਾਥ ਬੇਨਤੀ ਕੀਤੀ॥ ਆਖਿਓਸ ਜੀ ਗੁਰ ਪੀਰੀ ਤੁਸਾਡੀ ਰਹੁਰਾਸਿ ਹੈ। ਆਦਿ ਜੁਗਾਦਿ ਚਲੀ ਆਈ ਹੈ। ਤਬ ਬਾਬੇ ਆਖਿਆ ਕਵਨ ਗੁਰੂ ਕਰਹ ਗੋਰਖ ਨਾਥਿ॥ ਤਬ ਗੋਰਖਨਾਥਿ ਆਖਿਆ॥ ਜੀਓ ਐਸਾ ਕਉਣ ਹੈ ਜੋ ਤੁਮਾਰੇ ਮਥੈ ਹਥੁ ਰਖੈ। ਪਰ ਓਹੋ ਈ [869]ਤੁਮਰਾ ਗੁਰੂ ਜੋ[869] ਤੁਮਾਰੇ

[869] ਇਹ ਪਾਠ ੲ ਵਿਚ ਦਰਜ ਨਹੀਂ ਹੈ

ਅੰਗ ਤੈ ਪੈਦਾ ਹੋਵੈ॥ ਤਬ ਬਾਬੇ ਆਖਿਆ ਭਲਾ ਹੋਵੈ। ਤਦਹੁ ਬਾਬਾ ਰਵਦਾ ਰਹਿਆ। ਗੋਸਟਿ ਮਛਿੰਦ੍ਰ ਨਾਲਿ ਸੰਪੂਰਨ ਹੋਈ। ਬਾਣੀ ਸੈਦੋ ਜਟ ਜਾਤ ਘੇਹੋ ਲਿਖੀ। ਬੋਲਹੁ ਵਾਹਗੁਰੂ **[870]** ।

**੧/੦੦** [871] ਤਬ ਸਿੰਗਲਾਦੀਪ ਕੀ ਸੁਰਤਿ ਹੋਈ। ਜਾਇ ਸਮੁੰਦ੍ਰ ਅਸਗਾਹ ਵਿਚਿ ਖੜੇ ਹੋਇ।ਤਬ ਬਾਬੇ ਆਖਿਆ॥ ਏਹਾ ਅਸਗਾਹ ਸਮੁੰਦਰ ਕਿਉ ਕਰਿ ਤਰੀਐ ਲੰਘੀਐ॥ ਤਦਹੁ ਸਿਖਾ ਬੇਨਤੀ ਕੀਤੀ॥ ਸੈਦੋ ਅਤੇ [872] [873]ਸੀਹੋ[873] ਆਖਿਆ। ਜੀ ਤੇਰੇ ਹੁਕਮ ਨਾਲਿ ਪਹਾੜ ਤਰਨਿ। ਤਬ ਗੁਰੂ ਬੋਲਿਆ। ਆਖਿਓਸੁ ਜੋ ਏਹ ਸਲੋਕ ਪੜਦੇ ਆਵਹੁ॥

ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਤਬ ਬਾਬਾ ਬੋਲਿਆ॥ ਆਖਿਓਸੁ ਜਿਸੁ ਸਿਖ ਦੈ ਮੁਹਿ ਏਹੁ ਸਲੋਕੁ ਹੋਵੈਗਾ॥ ਅਤੇ ਉਹੁ ਪੜਦਾ ਜਾਵੈਗਾ॥ ਅਤੈ ਓਸਦੈ ਪਿਛੈ ਜਿਤਨੀ ਸੁਣੈਗੀ ਤਿਤਨੀ ਸਭ ਭਵਜਲੁ ਪਾਰਿ ਲੰਘੈਗੀ। ਤਬ ਸਿਖ ਪੈਰੀ ਪਏ॥ ਆਖਿਉਨੇ ਜੀ ਜਿਸਨੂ ਤੁਧੁ ਭਾਵੈ ਤਿਸਨੂ ਪਾਰਿ ਉਤਾਰਿ। ਤਦਹੁ ਪਾਰਿ ਗਏ। ਸਿੰਘਲਾਦੀਪ ਸਿਵਨਾਭਿ [874]ਰਾਜੇ ਕੈ ਗਇਆ[874] । ਰਾਜੇ ਕੇ ਬਾਗ ਬਸੇਰਾ ਕੀਆ। [875]ਸਮੁੰਦ੍ਰ ਕੇ ਪਾਰਿ[875] । ਤਬ ਰਾਜੈ ਸਿਵਨਾਭਿ ਕਾ ਨਉਲਖਾ ਬਾਗੁ ਸੁਕਾ ਪਇਆ ਥਾ। ਸੋ ਹਰਿਆ ਹੋਆ। **ਫਲ**[876] ਵਾਲੇ ਫੁਲੁ ਪੜਿਆ॥ ਪਤਾ ਵਾਲੇ ਪਤੁ ਪੜਿਆ। ਫਲ ਵਾਲੇ ਫਲੁ ਪੜਿਆ। ਤਬ **ਮਘੋਰ**[877] ਬਗਵਾਨੁ ਦੇਖੈ ਤਾ ਬਾਗੁ [878] ਬਰਸਾ ਕਾ ਸੁਕਾ ਪੜਿਆ ਥਾ। ਸੋ ਹਰਿਆ ਹੋਆ ਹੈ। ਤਦਹੁ [879]ਬਹੁਰਿ[879] ਜਾਇ ਖਬਰਿ ਰਾਜੇ ਸਿਵਨਾਭਿ ਪਾਸਿ ਕੀਤੀਅਸੁ। ਅਖਿਉਸ ਜੀ ਬਾਹਰਿ ਆਉ॥ ਇਕਸ ਫਕੀਰ ਕੇ ਬੈਠਣਿ ਨਾਲਿ ਬਾਗੁ ਹਰਿਆ ਹੋਆ ਹੈ। ਤਬ ਰਾਜੈ ਸਿਵਨਾਭਿ ਚੇਰੀਆ ਭੇਜੀਆ।[880]ਪਦਮਣੀਆ[880] । ਪਦਮਣੀਆ॥ ਆਇ ਨਿਰਤਿ ਲਾਗੀਆ ਕਰਣਿ। ਅਨੇਕ ਰਾਗ ਰੰਗ ਕੀਤੇ। ਤਬ ਬਾਬਾ ਬੋਲਿਉ ਨਾਹੀ। [881]ਧਿਆਨ ਵਿਚਿ ਹੀ ਰਹਿਆ[881] ।[882] ਤਬ ਪਿਛਹੁ ਰਾਜਾ ਸਿਉਨਾਭੁ

---

[870] ੲ : ਵਾਹਗੁਰੂ ਜੀ

[871] ਹ: 47. ਸ਼ਿਵਨਾਭ,ਪ੍ਰਾਣ ਸੰਗਲੀ

[872] ੲ : ਸ: ਘੇਹੋ

[873] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[874] ਇਹ ਪਾਠ ੲ ਵਿਚ ਦਰਜ ਨਹੀਂ ਹੈ

[875] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[876] ੲ: ਸ: ਫੂਲ

[877] ੲ : ਸ: ਸੰਘਰ

[878] ੲ : ਸ : ਬਾਰਹ

[879] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[880] ਇਹ ਪਾਠ ੲ ਵਿਚ ਦਰਜ ਨਹੀਂ ਹੈ

[881] ਇਹ ਪਾਠ ੲ ਵਿਚ ਦਰਜ ਨਹੀਂ ਹੈ

[882] ਸ: ਕਾਈ ਬਾਰਹ ਬਰਸਾ ਕੀ ਕਾਈ ਪੰਦ੍ਰਾ ਬਰਸਾ ਕੀ। ਜੋ ਰੀ ਤੁਮ ਜਾਹੁ ਜਾਇ ਕਰਿ ਉਸ ਅਤੀਤ ਕਉ ਦੇਖਉ ਕੈਸਾ ਹੈ। ਉਇ ਚੇਰੀਆ ਜਿ ਕੋਈ ਆਵਤਾ ਤਪਾ ਤਪੀਸਰ ਜੋਗੀ ਸਨਿਆਸੀ ਜਾਇ ਕਰਿ ਓਇ ਫੇਰਿ ਆਵਤੀਆ॥ ਉਨਾ ਜਾਣਿਆ ਜੁ ਉਹੁ ਭੀ ਫਕੀਰ ਐਸਾ ਹੀ ਹੋਇਆ। ਚੇਰੀਆ ਚਲੀਆ ਚਲੀਆ ਗਈਆ॥ ਜਾਇ ਕਰਿ ਬਾਬੈ ਕੈ ਪਾਸਿ ਬੈਸਿ ਗਈਆ॥ ਲਗੀਆ ਬੁਲਾਵਨੇ। ਭਲੇ ਭਲੇ ਮੀਠੇ ਰਸ ਭਲੇ ਭਲੇ ਬਸਤ੍ਰ। ਭਲੇ ਭਲੇ ਮੇਵੈ ਲੈ ਜਾਇ ਆਗੇ ਰਾਖੇ। ਸੋਲਹ ਸੀਂਗਾਰ ਕਰਿ ਕਰਿ ਬਾਬੇ ਪਾਸਿ ਲਗੀਆ ਸੇਵਾ ਨਿਰਤਿ ਕਰਨਿ। ਕੋਈ ਬਾਰਹ ਬਰਸਾ ਕੀ। ਕੋਈ ਪੰਦ੍ਰਾਹ ਬਰਸਾ ਕੀ। ਕੋਈ ਅਠਾਰਾ ਬਰਸਾ ਕੀ। ਕਾਮ ਕੰਦਲਾ ਜਿਸ ਕੈ ਦਰਸਨਿ ਦੇਖੈਤੇ ਸੁਰ ਨਰਿ ਮੋਹੇ ਜਾਨਿ।ਬਾਬੇ ਜੀ ਕਉ ਕਹਨਿ ਜੀ ਕਿਛੁ ਖੁਸੀ ਕਰਹੁ।

ਆਇਆ॥ ਆਇਕੈ ਲਗਾ ਪੁਛਣਿ॥ ਆਖਿਓਸੁ ਗੁਸਾਈ ਤੇਰਾ ਨਾਮ ਕਿਆ ਹੈ॥ ਕਵਨ ਜਾਤਿ ਹੈ ਤੁਮ ਜੋਗੀ ਹਉ॥ ਕਿਰਪਾ ਕਰੀਐ ਤਾ ਭੀਤਰਿ ਮਹਲੀ ਚਲਹੁ। ਤਬ ਬਾਬਾ ਬੋਲਿਆ॥ ਸਬਦੁ ਰਾਗੁ ਮਾਰੂ ਵਿਚਿ ਮ : ੧॥ [883]

ਗੁਸੰਾਈ ਤੇਰਾ ਕਹਾ ਨਾਮੁ ਕੈਸੀ ਜਾਤੀ॥
ਚਲਹੁ ਤਾ ਭੀਤਰਿ ਮਹਲਿ ਬੁਲਾਵਹਿ ਪੂਛੀ ਬਾਤਿ ਨਿਰਾਤੀ॥੧॥ ਰਹਾਉ॥
ਜੋਗੀ ਜੁਗਤਿ ਨਾ ਮਨਿ ਰਮਾਇਲੁ ਤਾ ਕਉ ਮੈਲੁ ਨ ਲਾਗੈ ਰਾਤੀ॥
ਪ੍ਰੀਤਮੁ ਨਾਮੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥੧॥
ਤਬ ਰਾਜੇ ਪੁਛਿਆ ਜੀ ਤੁਮ ਬ੍ਰਹਮਣ ਹਉ॥

ਤਬ ਬਾਬਾ ਪਉੜੀ ਦੂਜੀ ਬੋਲਿਆ॥

ਬ੍ਰਿਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੈ ਪਾਤੀ॥
ਏਕੋ ਨਾਮੁ ਏਕੋ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥

ਤਬ ਰਾਜੈ ਫਿਰਿ ਪੁਛਿਆ॥ ਜੀ ਤੁਮ ਖਤ੍ਰੀ ਹਉ॥ ਤਬ ਬਾਬਾ ਤੀਜੀ ਪਉੜੀ ਬੋਲਿਆ॥

---

ਕਿਛੁ ਖਾਹੁ ਜੀ ਕਿਛੁ ਪਰੁ ਰਹੁ ਜੀ ਜੋ ਕਿਛੁ ਇਛਾ ਹੈ ਸੁ ਹਮ ਕਉ ਕਹੀਐ॥ ਹਮਰੀ ਸਰਧਾ ਪੂਰੀਐ॥ ਤਬ ਗੁਰੁ ਬਾਬਾ ਨਾਨਕੁ ਬੋਲਿਆ॥ ਰਾਗੁ ਬਸੰਤੁ ਵਿਚਿ ਸਬਦੁ ਕੀਤਾ॥ ਜਗੁ ਕਉਆ ਨਾਮ ਨਹੀ ਚੀਤਿ॥ ਨਾਮੁ ਵਿਸਾਰਿ ਗ੍ਰਿਹਿ ਦੇਖਿ ਭੀਤਿ॥ ਮਨੂਆ ਡੋਲੈ ਚੀਤਿ ਅਨੀਤ॥ ਜਗਿ ਸਿਉ ਤੂਟੀ ਝੂਠੀ ਪ੍ਰੀਤਿ॥੧॥ ਕਾਮ ਕ੍ਰੋਧ ਬਿਖੁ ਬਜਰ ਭਾਰੁ। ਨਾਮੁ ਬਿਨਾ ਕੈਸੇ ਗੁਨਚਾਰ। ਰਹਾਉ॥ ਘਰ ਬਾਲੂ ਕਾ ਘੂੰਮਣੁਘੇਰੁ॥ ਬਰਕਸ ਬਾਣੀ ਬੂੰਦ ਬਦੇਰ॥ ਮਾਤਾ ਬੂੰਦ ਧਾਰਿ ਚਕ੍ਰ ਫੇਰਿ॥ ਸਰਬ ਜੋਤਿ ਨਾਵੈ ਕੀ ਚੇਰਿ॥੨॥ ਮਰਬ ਪਾਉ ਗੁਰਿ ਸਿਰਮੋਰਿ॥ ਭਗਤਿ ਕਰਉ ਲਾਗ ਉਪਗਿ ਤੋਰਿ॥ ਨਾ ਮਰਤੇ ਚਾਹਹਿ ਤਨਿ ਓਰਿ॥ ਨਾਮਿ ਦੁਰਾਇ ਚਲੇ ਸੋ ਚੋਰਿ॥ ਕਾਮ ਨਿਚਾਹੇ ਸੁੰਦਰਿ ਭੋਗ॥੩॥ ਪਾਨ ਫੂਲ ਮੀਠੇ ਰਸ ਰੋਗ॥ ਖੇਲੈ ਬਿਗਸੈ ਤੇਤੇ ਸਭ ਸੋਗੁ। ਪ੍ਰਭ ਸਰਨਾ ਕੀਆ ਸੁ ਹੋਗੁ॥੪॥ ਪਤਿ ਖੋਈ ਬਿਖੁ ਅੰਚਲ ਪਾਇ॥ ਸਚਿ ਰਤਾ ਪਤਿ ਸਿਉ ਘਰਿ ਜਾਇ॥ ਜੋ ਕਿਛੁ ਕੀਨੋ ਸੋ ਪ੍ਰਭੂ ਰਜਾਇ॥ ਭੈਮਾਇ ਨਿਰਭਉ ਮੇਰੀ ਮਾਇ॥੫॥ ਕਾਪੜ ਪਹਿਰੈ ਅਧਕਿ ਸੀਗਾਰ॥ ਮਾਟੀ ਫੂਲੀ ਰੂਪ ਬਿਕਾਰ॥ ਆਸਾ ਮਨਸਾ ਚੀਤਿ ਅਪਾਰੁ॥ ਨਾਮੁ ਬਿਨਾ ਸੂਨਾ ਘਰੁ ਬਾਰੁ॥੬॥ ਗਛਹੁ ਪੁਤ੍ਰੀ ਰਾਜੁ ਕੁਆਰ। ਨਾਮੁ ਭਣਹੁ ਸਚੁ ਦੋਤੁ ਸੁਆਰ। ਪਿਰ ਸੇਵਹੁ ਪ੍ਰਭ ਪ੍ਰੇਮ ਪਿਆਰੁ॥ ਗੁਰ ਸੇਵਹੁ ਪ੍ਰਭ ਤਿਖਾ ਨਿਵਾਰਿ॥੭॥ ਮੋਹਨਿ ਮੋਹਿ ਲੀਆ ਮਨ ਮੋਹਿ॥ ਗੁਰ ਕੈ ਸਬਦਿ ਪਛਾਨਉ ਤੋਹਿ॥ ਨਾਨਕ ਚਾਹਉ ਪ੍ਰਭੁ ਦੁਆਰੁ॥ ਤੇਰੇ ਨਾਮ ਸੰਤੋਖੀਆ ਕਿਰਪਾ ਧਾਰਿ॥੮॥ ਅਸਟਪਦੀ॥ ਉਨਾ ਚੇਰੀਆ ਕੇ ਪਰਥਾਇ ਕੀਤੀ॥ ਉਨ ਕਉ ਬਹੁਤੁ ਸੰਤੋਖੁ ਹੋਆ॥ ਅੰਤਰਿ ਕੀ ਅਗਨਿ ਨਿਵਰਿ ਗਈ॥ ਬਾਬੇ ਦੇ ਉਪਦੇਸਿ ਕਰਿ ਦਰਸਨਿ ਲਗਤੇ ਹੀ ਸੀਤਲ ਭਈ॥ ਬ੍ਰਹਮ ਕਥਾ ਲਗੀਆ ਉਚਰਨਿ॥ ਕੁਬੁਧਿ ਛੁਟਕਿ ਗਈ॥ ਤਬ ਰਾਜੇ ਪਾਸਿ ਆਈਆ॥ ਰਾਜਾ ਜਿਉ ਆਗੈ ਬੁਲਾਵਤਾ ਥਾ ਤਿਵ ਹੀ ਲਗਾ ਬੁਲਾਵਨੇ॥ ਤਉ ਉਨਹ ਚੇਰੀਓ ਕਹਿਆ ਜੋ ਰਾਜਾ ਜੀ ਤੁਮ ਹਮ ਕਉ ਹਾਸੀ ਕੀ ਬਾਤ ਮਤ ਕਰੀਅਹੁ ਅਬ ਤੂ ਹਮਰਾ ਪਿਤਾ ਹੈ॥ ਤਾ ਰਾਜਾ ਹੈਰਾਨੁ ਹੋਇ ਰਹਿਆ॥ ਏ ਪਰਮੇਸਰ ਮੁਝ ਕਉ ਏਕੁ ਘੜੀ ਛਡਤੀਆ ਨ ਥੀਆ ਅਬ ਜਿ ਪਿਤਾ ਕਹਨੇ ਲਾਗੀਆ ਸੁ ਇਨ ਕਉ ਮਹਾਪੁਰਖੁ ਮਿਲਿਆ॥ ਤਬ ਰਾਜੇ ਉਇ ਚੇਰੀਆ ਪੁਛੀਆ ਜੁ ਰੀ ਤੁਮ ਕਉ ਕਿਆ ਹੂਆ ਹੈ॥ ਤਬ ਉਨਾ ਚੇਰੀਆ ਕਹਿਆ ਜਿ ਰਾਜਾ ਜੀ ਹਮ ਕਉ ਸੋ ਹੂਆ ਜੋ ਹਮ ਕਉ ਨਰਕ ਤੇ ਕਾਦਿ ਕਰਿ ਹਮ ਨਿਹਾਲੁ ਕਰੀਆ॥ ਮਹਾ ਪੁਰਖ ਕਾ ਜਿ ਹਮ ਦਰਸਨੁ ਕੀਆ ਹੈ ਸੁ ਹਮਾਰਾ ਮਨ ਸਾਤਿ ਘਰਿ ਆਇਆ ਹੈ॥ ਹਮਾਰੇ ਕੋਈ ਅੰਕੂਰ ਭਾਗ ਥੇ ਜਿਨਹੁ ਭਾਗਹੁ ਹਮ ਮਹਾਪੁਰਖ ਕਾ ਦਰਸਨੁ ਕੀਆ। ਤਬ ਰਾਜਾ ਊਹਾ ਤੇ ਉਠਿ ਦਉੜਿਆ॥ ਜਾ ਆਵੈ ਤਾ ਅਗੈ ਮਹਾਪੁਰਖੁ ਖੜਾ ਹੈ ਮਗਦਰੀਏ॥ ਤਬ ਰਾਜਾ ਭੀ ਜਾਇ ਕਰਿ ਖੜਾ ਹੋਇ ਰਹਿਆ॥ ਪੀਛੈ ਲਗਾ ਰਾਜਾ ਭਿ ਖੜਾ ਹੋਇ ਰਹਿਆ॥ ਕਈ ਦਿਨ ਬਾਬਾ ਨਾਨਕ ਫਿਰਿ ਆਹੈ ਰਾਜਾ ਸਿਉਨਾਭਿ ਪੀਛੈ ਲਗਾ ਫਿਰਿ ਆਹੈ॥ ਤਬ ਕਈ ਦਿਨ ਹੋਏ ਤਾ ਬਾਬਾ ਨਾਨਕ ਉਸ ਹੀ ਸਿੰਘਾਸਨਿ ਫਿਰਿ ਅਇ ਬੈਠਾ॥ ਤਬ ਬਾਬੇ ਨਾਨਕ ਕਹਿਆ ਜਿ ਰਾਜਾ ਭਲੇ ਹਹੁ॥ ਤਾ ਰਾਜੇ ਕਹਿਆ ਜਿ ਜੀ ਤੇਰੈ ਪ੍ਰਸਾਦਿ ਭਲੇ ਹਹ। ਬਾਬੇ ਫੇਰਿ ਕਹਿਆ ਰਾਜਾ ਕੁਸਲੁ ਹੈ ਅਰੋਗੁ ਹੋਹੁ ਅੰਨਦੁ ਹਹੁ। ਤਬ ਰਾਜੇ ਕਹਿਆ ਜੀ ਤੇਰੇ ਪ੍ਰਸਾਦਿ ਅਜੁ ਭਲੇ ਹਹ। ਤੇਰਾ ਦਰਸਨੁ ਕੀਆ ਬਾਬੇ ਕਉ ਰਾਜਾ ਕਿਛੁ ਸਹੀ ਕਰਿ ਨ ਸਕੈ ਬਾਬਾ ਹੈ ਕਿ ਕੋਈ ਹੋਰ ਹੈ ਅਗੈ ਉਸ ਬਾਣੀਐ ਤੇ ਲਿਖ ਲੀਆ ਥਾ ਜਿ ਨਾਨਕ ਗੁਰੂ ਬਾਬਾ ਹੈ ਜਾਤਿ ਖਤ੍ਰੀ ਗੋਤ੍ਰ ਵੇਦੀ ਘਰ ਕਰਤਾਰਪੁਰ ਜਨਮੁ ਸੁਥਾਨੁ ਤਲਵੰਡੀ ਰਾਇ ਭੋਇ ਭਟੀ ਕੀ ਹੈ।

[883] ਹ: ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ॥ ਪ੍ਰਤੀਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥

ਜਿਹਬਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥
ਏਕੋ ਹਟੁ ਸਾਹੁ ਸਭਨਾ ਸਿਰਿ ਵਣਜਾਰੇ ਬਹੁ ਭਾਤੀ॥੩॥
ਦੋਵੈ ਸਿਰੇ ਸਤਿਗੁਰੂ ਨਬੇੜੇ ਸੋ ਬੂਝੈ ਜਿਸੁ ਇਕ ਲਿਵ ਲਗਾਤੀ॥
ਸਬਦੁ ਵਸਾਇ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ ॥੪॥

ਤਬ ਰਾਜੇ ਸਿਵਨਾਭਿ ਪੁਛਿਆ ਜੀ ਤੁਮ ਗੋਰਖਨਾਥ ਹਉ॥ ਤਦਹੁ ਬਾਬਾ ਬੋਲਿਆ ਪਉੜੀ॥ ਪੰਜਵੀ॥

ਊਪਰਿ ਗਗਨੁ ਗਗਨੁ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥
ਗੁਰ ਪਰਸਾਦਿ ਬਾਹਰਿ ਘਰੁ ਇਕੁ ਤਾ ਨਾਨਕੁ ਭਇਆ ਉਦਾਸੀ॥੫॥(ਗੁ.ਗ੍ਰੰ.ਸਾ. ਪੰਨਾ ੯੯੨)

ਜਬ ਗੁਰੂ ਭੋਗੁ ਪਾਇਆ ਤਾ ਰਾਜਾ ਆਇ ਪੈਰੀ ਪਇਆ॥ ਬੇਨਤੀ ਕੀਤੀਅਸੁ॥ ਆਖਿਓਸ ਜੀ ਮਿਹਰਿ ਕਰਿਕੈ ਘਰਿ ਚਲਹੁ। ਤਬ ਬਾਬੇ ਆਖਿਆ॥ ਜੋ ਮੈ ਪਿਆਦਾ ਨਾਹੀ ਚਲਦਾ। ਤਦਹੁ ਰਾਜੈ ਸਿਵਨਾਭਿ ਆਖਿਆ॥ ਜੀ ਤੇਰਾ ਦਿਤਾ ਸਭ ਕਿਛੁ ਹੈ॥ ਹੁਕਮੁ ਹੋਵੈ ਤਾ **ਘੋੜੈ ਹਾਥੀ**[884] ਚੜੀਐ॥ [885]ਅਤੇ ਜੀ ਤਖਤ ਰੰਵਾ ਚੜੀਐ[885] । ਤਬ ਗੁਰੁ ਬਾਬੈ ਆਖਿਆ। ਜੋ ਹੋ ਰਾਜਾ ਅਸੀ ਮਨੁਖ ਕੀ ਅਸਵਾਰੀ ਕਰਦੇ ਹਾ। ਤਬ ਰਾਜੇ ਆਖਿਆ। ਜੀ ਮਨੁਖ ਭੀ ਬਹੁਤੁ ਹੈਨਿ ਚੜਿ ਚਲੀਐ। ਤਬ ਬਾਬੇ ਆਖਿਆ॥ ਹੋ ਰਾਜਾ ਓਹੁ ਮਨੁਖ [886]ਹੋਵੈ ਜੋ[886] ਰਾਜਕੁੰਇਰ ਹੋਵੈ। ਅਤੈ ਨਗਰ ਕਾ ਰਾਜਾ ਹੋਵੈ॥ ਤਿਸਕੀ ਪਿਠਿ ਉਪਰਿ ਚੜਾ। ਤਬ ਰਾਜੇ ਆਖਿਆ॥ ਪਾਤਿਸਾਹ ਜੀ ਤੇਰਾ ਕੀਤਾ ਰਾਜਾ ਮੈ ਹਾ ਚੜਿ ਚਲੀਐ। ਤਬ ਬਾਬਾ ਰਾਜੇ ਕੀ ਪਿਠਿ ਉਪਰਿ ਚੜਿਆ। ਤਬ ਲੋਕ ਲਗੈ ਆਖਣਿ [887]**ਜੋ**[887] ਰਾਜਾ ਕਮਲਾ ਹੋਆ ਹੈ। ਤਬ ਚੜਿ ਕਰਿ [[888]] ਗਇਆ। **ਜਾਇ**[889] ਬੈਠਾ।

ਤਬ ਰਾਣੀ ਚੰਦਕਲਾ ਅਤੇ ਰਾਜਾ ਸਿਵਨਾਭਿ ਹਥਿ ਜੋੜਿ ਖੜੈ ਹੋਏ॥ ਲਗੇ ਬੇਨਤੀ ਕਰਣਿ॥ ਜੋ ਜੀ ਪਰਸਾਦ ਦਾ ਹੁਕਮ ਹੋਵੈ। [890]ਤਦਹੁ ਬਾਬੈ ਆਖਿਆ ਜੋ ਹਮਾਰੈ ਬਰਤ ਹੈ। ਤਬ ਰਾਜੈ ਆਖਿਆ ਜੀ ਅਸਾਡਾ ਭਲਾ ਕਿਉ ਕਰਿ ਹੋਵੈ[890]॥ ਤਬ ਗੁਰੂ ਆਖਿਆ ਜੋ ਮਨੁਛ ਕਾ ਮਾਸੁ ਹੋਵੈ ਤਾ ਅਹਾਰੁ ਕਰਾ। ਤਬ ਰਾਜੇ ਸਿਵਨਾਭਿ ਆਖਿਆ ਜੀ [891]ਤੇਰਾ ਸਦਕਾ[891] ਆਦਮੀ ਭੀ ਬਹੁਤੁ ਹੈਨਿ। ਤਬ ਬਾਬੇ ਆਖਿਆ॥ ਹੋ ਰਾਜਾ ਓਹੁ ਆਦਮੀ ਹੋਵੈ ਜੋ ਰਾਜੇ ਦੇ ਘਰਿ ਪੁਤ੍ਰ ਹੋਵੈ॥ ਅਤੇ ਰਾਜਕੁੰਇਰੁ ਹੋਵੈ। ਅਤੈ ਬਾਰਹ ਬਰਸਾ ਕਾ ਹੋਵੈ॥ ਤਿਸਦਾ ਮਾਸੁ ਅਹਾਰੁ ਕਰਾਹਾ। ਤਬ ਰਾਜਾ ਅਤੇ ਰਾਣੀ ਚਿੰਤਾਵਾਨ ਹੋਏ। ਤਬ ਰਾਜੇ ਆਖਿਆ।ਹੋ ਪਰਮੇਸਰ ਕੀ ਜੇ ਕਿਸੇ ਰਾਜੇ ਦੇ ਘਰਿ ਪੁਤ੍ਰ ਹੈ॥ ਤਾ [892]ਰਾਣੀ ਕਹਿਆ[892] । ਤੇਰੇ ਕਹੇ ਸਿਉ ਕਿਉ ਕਰਿ ਦੇਵੈਗਾ॥

---

[884] ੲ:ਸ: ਸੁਖਪਾਲ
[885] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[886] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[887] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ,ਹ: ਜੇ
[888] ੲ:ਸ: ਘਰਿ
[889] ੲ:ਸ: ਆਇ
[890] ਇਹ ਪਾਠ ੲ ਵਿਚ ਦਰਜ ਨਹੀਂ ਹੈ
[891] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[892] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

**ਜਬ**[893] ਉਸ ਸਾਥਿ [894]ਜੁਧ[894] ਕੀਚੈ॥ ਜਬ ਉਹ ਜੀਤੀਐ ਤਾ ਪੁਤ੍ਰ ਦੇਵੈ॥ ਅਤੈ ਇਥੈ ਹੁਣਿ ਚਾਹੀਐ। ਤਬ ਰਾਣੀ ਆਖਿਆ॥ ਹੋ ਰਾਜਾ ਅਸਾਡੇ ਘਰਿ ਤਾ ਇਕੋ ਪੁਤ੍ਰ ਹੈ ਉਸ ਕੀ ਜਨਮ ਪਤ੍ਰੀ ਦੇਖੁ। [895]ਤਬ ਜਨਮ ਪਤ੍ਰੀ ਦੇਖੀ[895]॥ ਜਬ ਦੇਖਨਿ ਤਾ ਬਾਰਹ ਬਰਸਾ ਕਾ [896]ਹੋਆ[896] ਹੈ। ਤਬ ਰਾਜੇ ਕਹਿਆ ਬੇਟਾ ਤੇਰਾ ਸਰੀਰੁ ਗੁਰੁ ਕੈ ਕੰਮਿ ਆਂਵਦਾ ਹੈ॥ ਤੇਰੀ ਕਿਆ ਮਨਸਾ ਹੈ। ਤਾ ਲੜਕਾ ਬੋਲਿਆ॥ ਪਿਤਾ ਜੀ ਇਸ ਤੇ ਕਿਆ ਭਲਾ ਹੈ। ਜੋ ਮੇਰਾ ਸਰੀਰੁ ਗੁਰੁ ਦੈ ਕੰਮਿ ਆਵੈ। ਤਬ ਰਾਜੇ ਆਖਿਆ॥ਜੋ ਇਸਨੂ ਸਤ ਦਿਨ ਵੀਵਾਹ ਕੀਤੇ ਹੋਏ ਹੈਨਿ ਇਸਕੀ ਇਸਤ੍ਰੀ ਭੀ ਪੁਛੀ ਚਾਹੀਐ। ਤਬ ਰਾਜਾ ਅਤੇ ਰਾਣੀ ਆਇ ਨੁਹੁ ਕੈ ਪਾਸਿ ਜਾਇ ਬੈਠੇ। ਤਬ ਰਾਜਾ ਬੋਲਿਆ ਆਖਿਓਸੁ ਬੇਟੀ ਤੇਰੇ ਭਰਤੇ ਕਾ ਸਰੀਰ ਗੁਰੂ ਦੈ ਕੰਮਿ ਆਂਵਦਾ ਹੈ। ਤੇਰੀ ਕਿਆ ਰਜਾਇ ਹੈ॥ ਤਬ ਉਹੁ ਲੜਕੀ ਬੋਲੀ ਪਿਤਾ ਜੀ ਏਸ ਦਾ ਸਰੀਰ ਗੁਰੂ ਦੇ ਕੰਮ ਆਵੇ॥ਅਤੇ ਮੇਰਾ ਰੰਡੇਪਾ ਗੁਰੂ ਉਪਰਿ ਹੋਵੈ॥ [897]ਇਸ ਤੇ ਹੋਰ ਕਿਆ ਭਲਾ ਹੈ[897]।

ਤਬ ਚਾਰੇ ਗੁਰੂ ਪਾਸਿ ਆਇ ਖੜੇ ਹੋਏ। ਤਬ ਰਾਜਾ ਸਿਉਨਾਭ ਬੋਲਿਆ। ਆਖਿਓਸੁ ਜੀ ਏਹ ਲੜਕਾ ਹਾਜਰੁ ਹੈ। ਤਬ ਬਾਬੇ ਆਖਿਆ ਹੋ ਰਾਜਾ ਇਉਂ ਮੇਰੇ ਕੰਮਿ ਨਾਹੀ॥ ਪਰੁ ਮਾਤਾ ਇਸਕੀ ਬਾਹਾਂ ਪਕੜੈ॥ ਅਤੈ ਇਸਤ੍ਰੀ ਇਸਕੇ ਪੈਰ ਪਕੜੈ॥ ਅਤੇ ਤੂ ਹਥੈ ਛੁਰੀ ਲੈਕਰਿ ਜਬਹਿ ਕਰਹਿ [898]ਤਾ ਮੇਰੇ ਕੰਮਿ ਹੈ[898] । ਤਬ ਰਾਜੈ ਸਿਉਨਾਭ ਗੁਰੂ ਕਾ ਹੁਕਮੁ ਮੰਨਿਆ। ਤਬਿ ਛੁਰੀ ਲੈਕਰਿ ਜਬਹਿ ਕੀਤਾ॥ ਰਿਨਿ ਕਰਿ ਆਣਿ ਆਗੈ ਰਖਿਆ। ਤਬ ਬਾਬਾ ਬੋਲਿਆ ਹੋ ਰਾਜਾ ਤੁਸੀ ਤਿਨੈ ਅਖੀ ਮੀਟਿ ਕਰਿ ਵਾਹਿਗੁਰੁ ਆਖਿ ਕਰਿ ਮੁਹਿ ਪਾਵਹੁ।ਤਬ ਰਾਣੀ ਅਤੇ ਰਾਜੈ ਕੀ ਨੁਹੁੰ ਤਿਹਾ ਅਖੀ ਮੀਟੀਆ॥ ਵਾਹੁਗੁਰੂ ਕਰਿਕੈ ਜਾ ਮੁਹਿ ਪਾਇਆ ਤਾ ਚਾਰੇ ਬੈਠੇ ਹੈਨਿ । ਪਰੁ ਜਾ ਅਖੀ ਖੋਲਨ ਤਾ ਗੁਰੂ ਬਾਬਾ ਨਾਹੀ। ਤਬ ਰਾਜਾ ਬਿਆਕੁਲ ਹੋਇ ਗਇਆ। ਉਦਿਆਨੁ ਪਕੜਿਅਸੁ। ਪੈਰਾ ਤੇ ਉਬਾਹਣਾ ਸਿਰ ਤੇ ਨੰਗਾ ॥ਗੁਰੂ ਗੁਰੂ ਕਰਦਾ ਫਿਰੇ। ਤਬ ਬਾਰਹ ਮਹੀਨਿਆ ਪਿਛੇ ਆਇ ਦਰਸਨੁ ਦਿਤੋਸੁ। ਚਰਨੀ ਲਾਇਓਸੁ। ਜਨਮ ਮਰਣੁ ਰਾਜੇ [899]ਸਉਨਾਭਿ[899] ਕਾ ਕਟਿਆ॥ ਸਿਖੁ ਹੋਆ। ਸੈਦੋ **[**[900]**]** [901]ਜਟੁ ਜਾਤਿ[901] ਘੇਹੋ ਪਾਹੁਲਿ ਹੁਕਮ ਨਾਲਿ ਦਿਤੀ ਸਾਰਾ ਸਿੰਘਲਾਦੀਪ ਸਿਖੁ ਹੋਆ॥ ਗੁਰੂ ਗੁਰੂ ਲਾਗਾ ਜਪਣਿ। ਸਾਰਾ ਖੰਡ ਬਖਸਿਆ ਰਾਜੇ ਸਿਵਨਾਭ ਕੈ ਪਿਛੈ। ਬੋਲਹੁ ਵਾਹਿਗੁਰੂ **[** [902] **]** ਸਿੰਘਲਾਦੀਪ ਕੀ ਸੰਗਤਿ ਕੀ ਰਹੁਰਾਸਿ॥ ਜਬ ਰਾਤਿ ਪਵੇ ਤਾ ਸਭੈ ਇਕਠੇ ਆਇ ਬਹਿਨਿ ਧਰਮਸਾਲਾ। [904]ਤਬ [903] ਇਕ ਸਿਖੁ ਪਰਸਾਦ [904]ਰਾਤੀ [904] ਕਹਿ ਜਾਵੈ॥ ਭਲਕੇ ਇਕਠੇ ਜਾਇ

---

[893] ੲ:ਸ: ਤਬ

[894] ੲ:ਸ: ਜਿਦਿ ਕਿਆ

[895] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[896] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[897] ਇਹ ਪਾਠ ਸ ਵਿਚ ਦਰਜ ਨਹੀਂ ਹੈ

[898] ਇਹ ਪਾਠ ਸ ਵਿਚ ਦਰਜ ਨਹੀਂ ਹੈ

[899] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[900] ੲ: ਅਤੇ

[901] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[902] ੲ: ਵਾਹਗੁਰੂ

[903] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਖਾਵਨਿ। [905]ਜਿਸ ਸਿਖ ਦੈ ਪਰਸਾਦ ਹੋਵੈ ਤਿਸਕੇ[905] ਇਕੀਸ ਮਣ ਲੂਣ ਰਸੋਈ ਪਵੈ। ਤਿਤੁ ਮਹਿਲ ਗੁਹਜੀ ਬਾਣੀ ਪਰਗਾਸ ਹੋਈ। ਸ੍ਰੀ ਸਤਿਗੁਰੂ ਪ੍ਰਸਾਦਿ ॥ ਲਿਖਤੰ ਪ੍ਰਾਣ ਸੰਗਲੀ ਸੁਨ ਮਹਲ ਕੀ ਕਥਾ ਨਿਰੰਕਾਰ ਕਾ ਧਿਆਨ॥ ਗੁਹਜੀ ਬਾਣੀ ਬਾਬੇ ਕਾ ਬੋਲਣਾ॥ ਪ੍ਰਾਨ ਪਿੰਡ ਕਾ ਮਾਥੰਤ॥ ਤਦਹੁ ਬਾਬਾ ਪਉਣੁ ਅਹਾਰੁ ਕਰਦਾ ਥਾ। ਸਮੁੰਦ੍ਰ [906]ਕੇ ਪਾਰਿ[906] ਹੋਈ ਸਿੰਘਲਾਦੀਪ ਰਾਜੇ ਸਿਉਨਾਭ ਕੀ ਧਰਤੀ ਹੋਈ। ਤਦਹੁ ਨਾਲਿ ਸੈਦੋ ਅਤੈ ਸੀਹੋ ਥੇ [907]ਸਿਖ[907]॥ ਤਬ ਪ੍ਰਾਣ ਸੰਗਲੀ ਹੋਈ।[908] ਧਿਆਉ ਪਹਿਲਾ।ਰਾਗੁ ਆਸਾ ਮਹਲਾ 1

ਉਨਮਨਿ ਸੁੰਨੁ ਸੁੰਨੁ ਸਭ ਕਹੀਐ।ਉਨਮਨਿ ਹਰਖ ਸੋਗ ਨਹੀ ਰਹੀਐ।ਉਨਮਨਿ ਆਸ ਅੰਦੇਸਾ ਨਹੀ ਬਿਆਪਤਾ। ਉਨਮਨਿ ਵਰਨ ਚਿਹਨ ਨਹੀ ਜਾਪਤਾ। ਉਨਮਨਿ ਕਥਾ ਕੀਰਤਨ ਨਹੀ ਬਾਨੀ। ਉਨਮਨਿ ਰਹਤਾ ਸੁੰਨ ਧਿਆਨੀ। ਉਨਮਨਿ ਅਪਨਾ ਆਪ ਨ ਜਾਨਿਆ। ਨਾਨਕ ਉਨਮਨਿ ਸਿਉ ਮਨੁ ਮਾਨਿਆ।1।ਉਨਮਨਿ ਮਾਤ ਪਿਤਾ ਨਾਹੀ ਕੋਈ। ਉਨਮਨਿ ਸੁਰਤਿ ਸੁਧਿ ਨਹੀ ਲੋਈ।ਉਨਮਨਿ ਮਾਇਆ ਮਮਤਾ ਨਾ ਹੋਤੀ। ਉਨਮਨਿ ਸੁੰਨ ਦੇਹੁ ਰੀ ਨਹੀ ਹੋਤੀ।ਉਨਮਨਿ ਮੁਕਤਿ ਬੈਕੁੰਠ ਨ ਉਤਾਰੇ।ਉਨਮਨਿ ਭਾਉ ਭਗਤਿ ਨਹੀ ਕਾਈ। ਨਾਨਕ ਉਨਮਨਿ ਸਿਉ ਉਨਹੂੰ ਬਨਿ ਆਈ।੨।ਉਨਮਨਿ ਸੁੰਨਿ ਨਾਰਾਇਣ ਰਹਿਤਾ। ਉਨਮਨਿ ਬਕਨੁ ਕਹਨੁ ਨਹੀ ਕਹਤਾ। ਉਨਮਨਿ ਅਪੁਨਾ ਆਪ ਨਾ ਜਨਾਈ। ਉਨਮਨਿ ਹੋਤ ਨ ਮਨਸਾ ਮਾਈ। ਉਨਮਨਿ ਸਾਕ ਮੀਤ ਨਹੀ ਭਾਈ। ਉਨਮਨਿਨ ਇਕੁ ਏਕੁ ਇਕੇਲਾ। ਨਾਨਕ ਉਨਮਨਿ ਰਹੈ ਸੁਹੇਲਾ।੩। ਉਨਮਨਿ ਅਸਥਾਵਹਿ ਨਹੀ ਜੰਗਮ। ਉਨਮਨਿ ਜੋ ਛਾਇਆ ਮਹਲੁ ਬਿਹੰਗਮ।ਉਨਮਨਿ ਰਵਿ ਕੀ ਜੋਤਿ ਨ ਧਾਰੀ।ਉਨਮਨਿ ਕਿਰਨਿ ਨਸ ਸਹਿ ਸਵਾਰੀ।ਉਨਮਨਿ ਨਿਸ ਦਿਨ ਨਾ ਉਜੀਆਰਾ। ਉਨਮਨਿ ਇਕੁ ਨਹੀ ਕੀਆ ਪਸਾਰਾ।ਉਨਮਨਿ ਖਾਣੀ ਬਾਣੀ ਨਹੀ ਜਾਣੀ। ਨਾਨਕ ਉਨਮਨਿ ਰਹਤ ਨਿਰਬਾਣੀ।੪। ਉਨਮਨਿ ਪਵਣੁ ਪਾਣੀ ਨਹੀ ਕੀਨਾ। ਉਨਮਨਿ ਓਪਤਿ ਖਪਤਿ ਨਹੀ ਚੀਨਾ। ਉਨਮਨਿ ਖੰਡ ਪਾਤਾਲ ਨਹੀ ਸਾਗਰ। ਉਨਮਨਿ ਨੀਰੁ ਨਾਹੀ ਮਛ ਬੈਰਾਗਰ। ਉਨਮਨਿ ਜੀਅ ਜੰਤ ਨਹੀ ਕੀਨੇ। ਉਨਮਨਿ ਅਪੁਨਾ ਆਪੁ ਨ ਚੀਨੇ। ਉਨਮਨਿ ਮੁਕਤਿ ਬੈਕੁੰਠ ਨ ਕੀਏ।ਨਾਨਕ ਉਨਮਨਿ ਮਹਲ ਸਮੀਏ।੫।ਉਨਮਨਿ ਬ੍ਰਹਮਾ ਨ ਬਿਸਨੁ ਮਹੇਸਾ। ਉਨਮਨਿ ਤ੍ਰੈਗੁਨ ਨਹੀ ਪਰਵੇਸਾ। ਉਨਮਨਿ ਜਾਤਿ ਜਨਮ ਨਹੀ ਕੋਈ। ਉਨਮਨਿ ਦੂਖ ਨ ਮਮਤਾ ਹੋਈ। ਉਨਮਨਿ ਜਤੀ ਸਤੀ ਨ ਬੀਚਾਰੀ।ਉਨਮਨਿ ਸੁੰਨ ਮਹਲਿ ਧੁਨਿ ਤਾਰੀ। ਉਨਮਨਿ ਘਰਿ ਮੈ ਤਾੜੀ ਲਾਗੀ।ਨਾਨਕ ਉਨਮਨਿ ਮਗਨ ਬੈਰਾਗੀ।੬।ਉਨਮਨਿ ਸਿਧ ਸਾਧਿਕ ਨਹੀ ਗਿਆਨੀ। ਉਨਮਨਿ ਜਤੀ ਸਤੀ ਨਹੀ ਧਿਆਨੀ। ਉਨਮਨਿ ਜੋਗੀ ਜੰਗਮ ਨਹੀ ਬੇਤਾ।ਉਨਮਨਿ ਏਕ ਇਕੇਲਾ ਹੋਤਾ। ਉਨਮਨਿ ਨਾਥ ਨ ਹੋਤਾ ਬੀਆ। ਉਨਮਨਿ ਇਕੁ ਇਕਲਾ ਥੀਆ।ਉਨਮਨਿ ਕਥਨੁ ਸੁਨਨ ਨਹੀ ਸਾਜੇ। ਨਾਨਕ ਉਨਮਨਿ ਸਹਜ ਬਿਰਾਜੇ।7। ਉਨਮਨਿ ਸੁਚ ਸੰਜਮ ਨਹੀ ਹੋਤੀ। ਚੰਦਨ ਤੁਲਸੀ ਮਾਲ ਨ ਪਰੋਤੀ। ਗਊ ਗੁਆਲ ਨ ਗੋਪੀ ਕਾਨਾ। ਉਨਮਨਿ ਬੰਸ ਨ ਨਾਦੁ ਬਜਾਨਾ।

---

904 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

905 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

906 ੲ:ਸ: ਉਪਰਿ

907 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

908 ੲ : ਸ: ਧਿਆਉ ਪਹਲਾ ਰਾਗੁ ਆਸਾ ਮਹਲਾ॥੧॥ ਉਨਮਨਿ ਸੁੰਨੁ ਸੁੰਨੁ ਸਭ ਕਹੀਐ॥ਉਨਮਨਿ ਹਰਖ ਸੋਗ ਨਹੀ ਰਹੀਐ॥ ਉਨਿਮਨਿ ਆਸਾ ਅੰਦੇਸਾ ਨਹੀ ਬਿਆਪਤ॥ ਉਨਿਮਨਿ ਕਥਾ ਨ ਕੀਰਤਨੁ ਬਾਨੀ॥ ਉਨਿਮਨਿ ਰਹਤਾ ਸੁੰਨਿ ਧਿਆਨੀ॥ਆਗੈ ਧਿਆਉ ਸੰਪੂਰਨੁ ਹੈ ਪਰੁ ਆਉਰੁ ਲਿਖਿਆ ਨਾਹੀ

ਉਨਮਨਿ ਪਾਖੰਡ ਪ੍ਰੇਮਨਾ ਕੀਨਾ।ਉਨਮਨਿ ਏਕੰਕਾਰੁ ਅਲੀਨਾ।੮।ਉਨਮਨਿ ਸਿਉ ਉਨਹੂੰ ਬਨਿ ਆਈ। ਨਾਨਕ ਉਨਗਤ ਲਖੀ ਨ ਜਾਈ।੮।ਉਨਮਨਿ ਕੋਈ ਨਾ ਕਿਸੈ ਧਿਆਵੈ। ਉਨਮਨਿ ਜਨਮ ਨ ਧਰਨਿ ਸਮਾਵੈ। ਉਨਮਨਿ ਵਰਨ ਭੇਖ ਨ ਗਹੀਜੈ। ਉਨਮਨਿ ਕਹਨ ਕਥਨ ਨਹੀ ਭੀਜੈ। ਉਨਮਨਿ ਦੇਹੁਰਾ ਦੇਉ ਨ ਕੋਊ।ਉਨਮਨਿ ਤਟ ਤੀਰਥ ਨਾ ਹੋਊ। ਉਨਮਨਿ ਹੋਮ ਜਗ ਨਹੀ ਪੂਜਾ। ਨਾਨਕ ਉਨਮਨਿ ਏਕ ਨ ਦੂਜਾ।੯। ਉਨਮਨਿ ਸਾਸਤ੍ਰ ਵੇਦ ਨ ਕੀਨੇ। ਉਨਮਨਿ ਪੰਚ ਤੀਸ ਨਾਹੀ ਚੀਨੇ। ਉਨਮਨਿ ਨਉ ਬਾਰਹ ਨਹਿ ਸਾਧੇ।ਉਨਮਨਿ ਬਾਰਹ ਬੀਸ ਨ ਲਾਧੇ। ਉਨਮਨਿ ਦਸ ਅਰ ਅਠ ਨ ਕੀਏ। ਉਨਮਨਿ ਬੀਸ ਤੀਸ ਨ ਮਥੀਏ। ਉਨਮਨਿ ਚਾਉਦਾ ਚਾਰਿ ਨ ਸਾਜੇ। ਨਾਨਕ ਉਨਮਨਿ ਸਹਜ ਬਿਰਾਜੇ।੧੦।ਉਨਮਨਿ ਸੰਜਮ ਦਿੜਤਾ ਨਹੀ ਤਿਆਗ। ਉਨਮਨਿ ਸਬਦੁ ਕੁਸਬਦੁ ਨ ਕੋਈ। ਉਨਮਨਿ ਓਨਮ ਸੀਤਲ ਹੋਈ। ਉਨਮਨਿ ਰਾਜ ਨ ਤੁੰਸੁ ਫਕੀਰੁ। ਉਨਮਨਿ ਮਹਤਾ ਨ ਰਾਜ ਬਜੀਰੁ। ਉਨਮਨਿ ਊਚ ਨੀਚ ਨ ਕਹਾਵੈ। ਨਾਨਕ ਉਨਮਨਿ ਮਹਲ ਹੀਅਭੈ ਕਹਵੈ।੧੧।ਉਨਮਨਿ ਅਨਹਦ ਸਿਉ ਮਨ ਲਾਗਾ। ਉਨਮਨਿ ਸੂਖ ਸੋਖਵਨਨ ਜਾਗਾ। ਉਨਮਨਿ ਸੂਖਮ ਨਹੀ ਅਸਥੂਲਾ। ਉਨਮਨਿ ਦਾਲ ਸਾਖ ਨਹੀ ਫੂਲਾ। ਉਨਮਨਿ ਫੂਲ ਫਲ ਕਛੂ ਨ ਜਾਨਾ। ਉਨਮਨਿ ਦਸ ਅਠ ਨਹੀ ਪ੍ਰਗਟਾਨਾ। ਉਨਮਨਿ ਉਨੰਜਾ ਕਰੋੜ ਨ ਬਾਧੀ। ਨਾਨਕ ਉਨਮਨਿ ਗਤਿ ਕਛੁ ਸੁਧ ਨ ਲਾਧੀ।੧੨।ਉਨਮਨਿ ਸੋਲਹ ਕਰੋੜਿ ਨਹੀ ਕੀਨੇ। ਉਨਮਨਿ ਬਾਰਹ ਕਰੋੜਿ ਨਹੀ ਚੀਨੇ। ਉਨਮਨਿ ਨਉ ਕਰੋੜਿ ਨਹੀ ਸਾਜੀ। ਉਨਮਨਿ ਕਰੀ ਨ ਉਤਿਪਤਿ ਬਾਜੀ। ਉਨਮਨਿ ਅਠ ਖੰਡ ਨਹੀ ਕੀਨੈ। ਉਨਮਨਿ ਕੁੰਟ ਚਾਰਿ ਨਹੀ ਚੀਨੇ। ਉਨਮਨਿ ਪੂਰਬ ਪਛਮ ਨਹੀ ਕਾਰੇ। ਨਾਨਕ ਉਨਮਨਿ ਉਤਰ ਦਖਣ ਨਹਿ ਬੀਚਾਰੇ।੧੩।ਉਨਮਨਿ ਧਿਆਨ ਲਾਗਾ ਨਿੰਰਕਾਰਾ।ਤਬ ਅਡਜ ਜੇਰਜ ਨਹੀ ਕਿਛੁ ਪਸਾਰਾ।ਉਨਮਨਿ ਧਿਆਨੁ ਨ ਸੇਤਜ ਕੀਨੇ। ਉਨਮਨਿ ਧਿਆਨਿ ਨ ਉਤਭੁਜ ਦੀਨੇ। ਉਨਮਨਿ ਸਹਜਿ ਬਾਣਿ ਨ ਬੀਚਾਰੀ। ਉਨਮਨਿ ਸੰਜਮ ਨ ਖੂਲੀ ਤਾਰੀ।ਸੁਪਾਉ ਥੰਣਿ ਉਨਮਨਿ ਨਹੀ ਮਥੀ। ਨਾਨਕ ਅਤੀਤ ਬਣਿ ਉਨਮਨਿ ਨਹੀ ਕਥੀ।੧੪।ਉਨਮਨਿ ਅਗਮ ਨਿਗਮ ਨਹੀ ਧਾਰੇ। ਉਨਮਨਿ ਸਖਾ ਸਿਖ ਨ ਸਵਾਰੇ। ਉਨਮਨਿ ਸੰਜਮ ਸੀਲੁ ਨ ਹੋਤਾ।ਉੈਨਮਨਿ ਧਿਆਨ ਅਨਾਹਦ ਸੋਤਾ। ਉਨਮਨਿ ਅਨਹਦ ਬਾਣੀ ਰਾਤਾ। ਉਨਮਨਿ ਅਨਦ ਸਬਦ ਪਛਾਤਾ। ਉਨਮਨਿ ਧਿਆਨ ਰਤਾ ਨਿੰਰਕਾਰਾ।ਨਾਨਕ ਉਨਮਨਿ ਰਹਤ ਨਿਰਾਰਾ।੧੫।ਉਨਮਨਿ ਬਾਣੀ ਤੇਜ ਨਹੀ ਹੂਆ।ਉਨਮਨਿ ਏਕੰਆਕਰ ਨ ਦੂਆ। ਏਕੋ ਏਕ ਰਹਤਾ ਨਿਰਬਾਣੁ। ਸੁੰਨ ਮਹਲਿ ਕਾ ਏਹੋ ਧਿਆਨੁ। ਤਬਿ ਏਕੁ ਇਕੇਲਾ ਕੋਈ ਆਨ ਨ ਕਹਤਾ। ਉਨਮਨਿ ਧਿਆਨਿ ਨਿਰਾਲਮੁ ਰਹਤਾ। ਅਪੁਨੇ ਜੀਅ ਕੀ ਆਪੇ ਜਾਨੇ। ਨਾਨਕ ਰਹਤਾ ਸੁੰਨ ਧਿਆਨੈ।੧੬।ਸੁੰਨ ਨਿਰੰਤਰਿ ਦੀਜੈ ਬੰਧੁ।ਉਡੈ ਨ ਹੰਸਲਾ ਪੜੈ ਨ ਕੰਧੁ।ਸੁੰਨਿ ਗੁਫਾ ਘਰ ਛਾਵਣਿ ਛਾਇਆ।ਪੜੈ ਨ ਦੇਹ ਜੋਨਿ ਨਹੀ ਆਇਆ। ਅਜਰਾ ਵਰ ਅਮਗ ਪਰਿਵਾਸੁ। ਸੁੰਨ ਗੁਫਾ ਮਹਿ ਭਇਆ ਮਵਾਸੁ। ਉਨਮਨਿ ਗੰਠਿ ਨ ਖੂਲੈ ਮਨਿ ਕੀ। ਨਾਨਕ ਉਨਮਨਿ ਸੁਰਤਿ ਨ ਤਨਿ ਕੀ।੧੭। ਉਨਮਨਿ ਖੂਲਾ ਛੁਟਕੀ ਤਾਰੀ। ਉਨਮਨਿ ਖੂਲੈ ਜੋਤਿ ਪਸਾਰੀ। ਉਨਮਨਿ ਖੋਲੇ ਧਾਰੀ ਜਬ ਧਰਨਾ।ਉਨਮਨਿ ਖੋਲਿ ਅਕਾਸੁ ਟਿਕਾਨਾ। ਉਨਮਨਿ ਖੋਲਿ ਰਵਿਸਸ ਪ੍ਰਗਟਾਨੇ।ਉਨਮਨਿ ਖੋਲਿ ਤ੍ਰੈ ਕੀਏ ਸਮਾਨੇ।ਉਨਮਨਿ ਖੋਲਿ ਕੀਆ ਪਸਾਰਾ। ਨਾਨਕ ਇਕਸ ਤੇ ਬੇਸਥਾਰਾ।੧੮।ਉਨਮਨਿ ਖੂਲਾ ਨੇਤ੍ਰ ਉਘਾਰੇ। ਉਨਮਨਿ ਖੂਲਾ ਸੰਜਮ ਪ੍ਰਭ ਧਾਰੇ। ਉਨਮਨਿ ਕੀ ਜਬ ਛੁਟਕੀ ਡੋਰੀ। ਚੀਨੀ ਦੇਹ ਮਥੀ ਸਭ ਖੋਰੀ।ਉਨਮਨਿ

ਖੋਲਿ ਬਤਾਈ ਮਨਸਾ।ਤੁਮ ਦੇਖਤ ਮਨੁ ਬਿਗਸਿਆ ਸਰਸਾ। ਸੁਆਮੀ ਪੂਛਤ ਮਨਸਾ ਮਾਈ।ਕੁਛ ਕੀਜੈ ਆਲੌਮੁ ਮਨ ਬਿਗਸਾਈ।੧੯। ਆਪਹੁ ਕੀਨੀ ਮਨਸਾ ਮਾਈ। ਆਪਹੁ ਤ੍ਰੈ ਗੁਣ ਪੂਰਿ ਸਮਾਈ। ਆਪਹੁ ਪੰਚ ਤਤ ਲੇ ਕੀਆ। ਆਪਹੁ ਲੋਹ ਕਲਮ ਮਥਿ ਲੀਆ।ਆਪਹੁ ਖਟ ਛਿਆ ਚਾਰਿ ਉਪਾਏ।ਆਪਹੁ ਬੀਸ ਇਕੀਸ ਕਰਾਏ। ਆਪਹੁ ਸਭ ਕਿਛੁ ਕੀਆ ਬਨਾਇ। ਨਾਨਕ ਉਨਿ ਗਤਿ ਲਖੀ ਨ ਜਾਇ।੨੦। ਓਅੰਕਾਰ ਉਤ ਪਤਿ ਕੀਨੀਪ ਓਅੰਕਾਰ ਰਚਨਾ ਮਥਿ ਲੀਨੀ। ਓਅੰਕਾਰ ਪਸਾਰੁ ਪਸਾਰਿਆ।ਰਾਜਸ ਤਾਮਸੁ ਸਾਤਕ ਮਾਇਆ। ਬ੍ਰਹਮਾ ਬਿਸਨੁ ਮਹੇਸ ਉਪਾਏ। ਤਿਨ ਕੀ ਰਚਨਾ ਗਨੀ ਨ ਜਾਏ। ਅਨਿਕ ਭਾਤਿ ਜਲਿ ਥਲਿ ਮਹਿ ਜੀਆ।ਨਾਨਕ ਓਅੰਕਾਰ ਤੇ ਸਭੁ ਕਿਛੁ ਥੀਆ।੨੧।

ਤਿਤੁ ਮਹਲਿ ਪ੍ਰਾਨ ਸੰਗਲੀ ਹੋਈ [909] । ਦੇਹੀ ਕੀ ਚੀਨ ਮਥੀ॥ ਪਰ ਲੈ ਕਿਨੇ ਨ ਸਕੀਆ। ਓਥੈ ਹੀ ਛਡੀ। ਸੈਦੋ [910] ਘੇਹੋ **ਲਿਖਾਈ**[911] ।ਚਰਣ **ਮੜਾਰ**[912] ਕੈ॥ ਗੋਰਖ ਹਟੜੀ ਪਾਸਿ।ਗੋਰਖ ਹਟੜੀ ਕੈ ਪਾਸਿ ਇਕੁ ਚਉਕੁ ਹੈ॥ [913]ਦੋ ਕੋਹ ਕਾ[913] ਉਸ ਮੜੀ ਤੈ ਚਾਰਿ ਕੋਸ ਹੈ। ਤਿਸ ਵਿਚਿ ਅਲਿਪਤੁ ਰਹਿਣ ਲਗਾ। ਪਰਗਟਿ ਕੀਤੀ [914]ਨਾਹੀ[914]॥ ਅਨਾਹਦ ਬਾਣੀ॥ ਪਰ ਅਧ ਵਿਚ ਨ ਪਾਈਐਗੀ॥ ਰਾਜੈ ਸਿਉਨਾਭ ਜੋਗੁ ਮਿਲੀ। **ਬਚਨੁ**[915] ਹੋਆ॥ ਜੋ ਇਕੁ ਆਦਮੀ ਆਵੈਗਾ ਜੰਬੁ ਦੀਪ ਤੇ ਉਸ ਜੋਗੁ ਲਿਖਿ ਦੇਵਣੀ। ਸਲੋਕ [916]੧੫[916] । ਸੈਦੋ **[917]** ਥੈ ਸੰਪੂਰਣੁ ਥੀ॥ ਦੁਏ ਉਦਾਸੀ [918]ਹੋਏ[918] । ਬਾਬੈ ਆਪਣੈ ਨਾਲਿ ਰਖੇ॥ ਰਾਜੇ ਸਿਉਨਾਭ ਜੋਗੁ ਇਕ ਮੰਜੀ ਮਿਲੀ। ਰਾਜੇ ਸਿਉਨਾਭ ਜੋਗੁ ਗੁਰੂ ਦੀ ਖੁਸੀ ਹੋਈ ।ਉਥਹੁ ਰਵਦੇ ਰਹੇ। [919]ਬੋਲਹੁ ਵਾਹਿਗੁਰੂ[919]।

**°/°°** [920] [921] ਏਕਸੁ ਬਾਢੀ ਕੈ ਆਇ ਰਾਤਿ ਰਹੈ। ਉਨਿ ਸੇਵਾ ਭਾਉ ਬਹੁਤ ਕੀਤਾ। ਮੰਜੀ ਡਾਹਿ ਦਿਤੀਅਸ।ਬਾਬਾ ਰਾਤਿ ਸੁਤਾ ਭਲਕੇ ਹਥ ਨਾਲਿ ਝੁਗੀ [923]ਦੀ ਲਕੜੀ[922] ਪਕੜੀਅਸੁ ਅਤੇ ਪਸਵਾੜੇ ਨਾਲਿ ਮੰਜੀ ਭੰਨੀਅਸੁ। ਜਬ [923] ਬਾਹਰਿ ਆਇਆ ਤਾ ਸੈਦੋ [924] ਸਿਖਿ ਬੇਨਤੀ ਕੀਤੀ॥ ਆਖਿਓਸੁ ਜੀ ਸਾਰੇ ਸਹਰ ਵਿਚਿ ਕੋਈ ਜਾਗਾ ਨਾਹੀ ਸਾ ਦੇਦਾ॥ ਇਸ ਬਾਢੀ ਠਉੜ ਦਿਤੀ। ਤਿਸੁ ਕੀਆ ਵਸਤੂ ਭੀ

---

909 ੲ: ਹੈ
910 ੲ: ਅਤੈ
911 ੲ :ਲਿਖਲਈ
912 ੲ: ਮਸੂਰੇ
913 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
914 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
915 ੲ: ਸ: ਵਿਦਿਆ
916 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
917 ੲ: ਅਤੈ ਘੇਹੋ
918 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
919 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
920 ਹ: ੪੮. ਬਾਢੀ ਦੀ ਝੁੱਗੀ ਢਾਹੀ
921 ੲ: ਤਬ
922 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
923 ੲ: ਗੁਰੂ ਬਾਬਾ
924 ੲ: ਅਤੈ ਘੇਹੋ

ਗਵਾਈਆ। ਇਕ ਝੁਗੀ ਅਤੇ ਮੰਜੀ [925] [926]ਥੀ ਸੋ[926] ਢਾਹਿ ਭੰਨਿ ਚਲਿਓਹਿ। ਉਸ ਕੈ ਬਾਬਿ ਕਿਆ ਵਰਤੀ। ਤਬ ਬਾਬੇ ਆਖਿਆ। ਸੈਦੋ **ਉਸਕਾ**[927] ਭਾਉ ਥਾਇ ਪਇਆ ਹੈ।ਤਬ ਓਹੁ ਘਰਿ ਜਾਵੈ ਤਾ ਉਹ ਚਾਰੈ ਪਾਵੈ ਧਰਤਿ ਵਿਚ ਡੁਬ ਗਏ [929]ਹੈਨਿ। ਸੋ ਉਨਕੋ[928] [929] ਤਲੈ ਚਾਰੈ ਤਾਵੜੇ ਮਾਲ ਕੇ ਹੈਨਿ। [930]ਅਰੁ[930] ਉਸ ਝੁਗੀ ਕੇ ਮਹਿਲ ਉਸਾਰੇ ਹੈਨ। ਅਤੈ ਉਸ ਮੰਜੀ ਕੇ **ਪਲੰਘ**[931] ਹੋਇ ਹੈਨ। ਤਬ ਸੈਦੋ ਅਤੇ ਸੀਂਹੋ ਪੈਰੀ ਪਏ। ਤਬ [932] ਘਰਿ ਆਏ। ਕੋਈ ਦਿਨੁ ਘਰਿ ਰਹੇ। ਤਬ [933] ਫੇਰਿ ਰਵੇ।

੧/੦੦ [934] [935]ਤਿਤੀਆ ਉਦਾਸੀ[935] ਉਤਰ ਖੰਡ ਕੀ ਉਦਾਸੀ ਕਰਣਿ ਲਗੈ। ਤਿਤੁ ਉਦਾਸੀ ਅਕ ਦੀਆ ਖਖੜੀਆ ਅਤੈ ਫੁਲ ਅਹਾਰੁ ਕਰਦਾ ਥਾ। [936]ਪਰਿ ਸੁਕੇ[936] ।ਅਤੈ ਪੈਰੀ ਚਮੜਾ [937]ਅਤੈ ਸਿਰਿ ਚਮੜਾ[937] ਸਾਰੀ ਦੇਹ ਲਪੇਟਿਅਸੁ। ਅਤੈ ਮਾਥੈ ਟਿਕਾ ਕੇਸਰ ਕਾ। ਤਦਹੁ ਨਾਲਿ ਹਸੂ ਲੁਹਾਰੁ॥ ਅਤੇ ਸੀਹਾਂ ਛੀਂਬਾ ਥੇ। ਤਬ ਬਾਬਾ ਕਸਮੀਰ ਗਇਆ। ਕੋਈ ਦਿਨੁ [938]ਓਥੈ ਭੀ[938] ਰਹਿਆ। ਲੋਕੁ ਬਹੁਤ ਨਾਉ ਧਰੀਕ ਹੋਏ। ਤਬ ਕਸਮੀਰ ਕਾ ਪੰਡਿਤ ਬ੍ਰਿਹਮਦਾਸੁ ਥਾ। ਉਸ ਸੁਣਿਆ ਜੋ ਇਕੁ ਫਕੀਰ ਆਇਆ ਹੈ। ਤਬ ਉਸਕੈ ਸਾਥਿ ਦੁਇ ਉਠ ਪੁਰਾਣਾ ਕੇ ਚਲਨਿ॥ ਅਤੈ ਗਲ ਵਿਚਿ ਠਾਕੁਰ ਹੈ। ਆਇ ਰਾਮ ਰਾਮ ਕੀਤੀਉਸੁ ਕਰਿਕੈ ਬੈਠਿ ਗਇਆ। ਤਬ ਭੇਖ ਦੇਖਿ ਕੈ ਆਖਿਓਸੁ॥ ਤੂ ਏਹਾ ਸਾਧੂ ਹੈ [939]ਤੈ[939] ਚਮੜੇ ਕਿਉ ਪਹਰੇ ਹਨਿ। ਅਤੇ ਰਸੇ ਕਿਉ ਪਲੇਟੇ ਹੈਨਿ॥ ਅਤੈ ਤੁਸੀ ਕਿਰਿਆ ਕਰਮੁ ਕਿਉ ਛੋਡਿਆ ਹੈ ਅਤੇ ਮਾਸੁ ਮਛੂਲੀ ਕਿਉ ਲਗੇ ਹਉ॥ ਤਬ ਬਾਬਾ ਬੋਲਿਆ॥ ਪਉੜੀ॥ ਰਾਗੁ ਮਲਹਾਰਿ ਵਿਚਿ ਤਿਤੁ ਮਹਲਿ ਵਾਰ ਹੋਈ॥ਮ:੧॥ਸਲੋਕ [940]ਮਹਲਾ ੩[940] ॥

ਗੁਰ ਮਿਲਿਆ ਮਨੁ ਰਹੰਸੀਐ ਜਿਉ ਵੁਠੈ ਧਰਣਿ ਸੀਗਾਰੁ॥
ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ॥
ਅੰਦਰੁ ਰਤਾ ਸਚਿ ਰੰਗਿ ਜਿਉ ਮਜੀਠੈ ਲਾਲੁ॥

---

925 ੲ:ਸ:ਭੀ
926 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
927 ੲ:ਸ: ਇਸਕਾ
928 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
929 ੲ:ਸ: ਜਬ ਦੇਖੈ ਤਾਂ ਉਸਕੈ
930 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
931 ੲ: ਮਹਲ
932 ੲ: ਗੁਰੂ ਬਾਬਾ
933 ੲ: ਗੁਰੂ ਬਾਬਾ ਘਰ ਤੇ
934 ਹ: ਤ੍ਰਿਤੀਆ ਉਦਾਸੀ ੪9. ਤੀਜੀ ਉਦਾਸੀ, ਕਸ਼ਮੀਰ: ਬ੍ਰਹਮਦਾਸ ਪੰਡਤ
935 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
936 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
937 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
938 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
939 ਇਹ ਪਾਠ ੲ ਵਿਚ ਦਰਜ ਨਹੀਂ ਹੈ
940 ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

ਕਵਲੁ ਵਿਗਸੈ ਸਚਿ ਨਾਮਿ ਗੁਰ ਕੈ ਸਬਦਿ ਨਿਹਾਲੁ॥
ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲੁ॥
ਫਾਹੀ ਫਾਥੈ ਮਿਰਗ ਜਿਉ ਸਿਰਿ ਦਿਸੈ ਜਮਕਾਲੁ॥
ਖੁਧਿਆ ਤ੍ਰਿਸਨਾ ਨਿੰਦਿਆ ਬੁਰੀ ਕਾਮੁ ਕ੍ਰੋਧੁ ਬਿਕਰਾਲੁ॥
ਏਨੀ ਅੰਖੀ ਨਦਰਿ ਨ ਆਵਈ ਜਿਚਰੁ ਗੁਰੂ ਸਬਦਿ ਨ ਕਰੈ ਵੀਚਾਰੁ॥
ਤੁਧੁ ਭਾਵੈ ਸੰਤੋਖੀਆ ਚੂਕੈ ਆਲ ਜੰਜਾਲੁ॥
ਮੂਲੁ ਰਹੈ ਗੁਰ ਸੇਵਿਐ ਗੁਰ ਪਉੜੀ ਨਿਜ ਸਾਰੁ॥
ਨਾਨਕ ਲਗੀ ਤਤੁ ਲੈ ਤੂ ਸਚਾ ਸਚਿਆਰ॥੧॥
ਏਕੇ ਪਾਧਰੁ ਏਕੁ ਦਰੁ ਗੁਰ ਪਉੜੀ ਨਿਜ ਥਾਉ॥
ਰੂੜਾ ਠਾਕੁਰੁ ਨਾਨਕਾ ਸਭੁ ਸੁਖ ਹਰਿ ਕੈ ਨਾਉ॥੨॥
ਪਉੜੀ॥ ਆਪੀਨੈ ਆਪੁ ਸਾਜਿ ਆਪੁ ਪਛਾਣਿਆ॥
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ॥
ਵਿਣੁ ਥੰਮਾ ਗਗਨੁ ਰਹਾਇ ਸਬਦੁ ਨੀਸਾਣਿਆ॥
ਸੂਰਜੁ ਚੰਦ ਉਪਾਇ ਜੋਤਿ ਸਮਾਣਿਆ॥
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ॥
ਤੀਰਥ ਧਰਮ ਵੀਚਾਰਿ ਨਾਵਣ ਪੁਰਬਾਣਿਆ॥
ਤੁਧੁ ਸਿਰਿ ਅਵਰੁ ਨ ਕੋਇ ਆਖਿ ਵਖਾਣਿਆ॥
ਤੁਧੁ ਸਾਚੇ ਤਖਤਿ ਨਿਵਾਸੁ ਹੋਰਿ ਆਵਣਿ ਜਾਣਿਆ॥੧॥
ਸਲੋਕੁ॥ ਨਾਨਕ ਸਵਣ ਜੇ ਵਸੈ ਚਉ ਓਮਾਹਾ ਹੋਇ॥
ਨਾਗਾ ਮਿਰਗਾ ਮਛੀਆ ਰਸੀਆ ਘਰਿ ਧਨੁ ਹੋਇ॥੧॥
ਨਾਨਕ ਸਾਵਣੁ ਜੇ ਵਸੈ ਚਹੁ ਵਿਛੋੜਾ ਹੋਇ॥
ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥੨॥ ਪਉੜੀ॥
ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ॥
ਬੈਠਾ ਤਾੜੀ ਲਾਇ ਕਵਲੁ ਛਪਾਇਆ॥
ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ॥
ਨਾ ਤਿਸੁ ਰੂਪੁ ਨ ਰੇਖ ਵਰਨੁ ਸਬਾਇਆ।
ਨਾ ਤਿਸੁ ਬਾਪੁ ਨਾ ਮਾਇ ਕਿਨਿ ਤੂ ਜਾਇਆ॥
ਨਾ ਤਿਸੁ ਭੁਖ ਪਿਆਸ ਰਜਿ ਅਘਾਇਆ॥
ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥
ਸਚੇ ਹੀ ਪਤੀਆਇ ਸਚਿ ਸਮਾਇਆ॥੨॥ (ਮ:੩) (ਗੁ.ਗ੍ਰੰ.ਸਾ. ਪੰਨਾ ੧੨੭੮-੭੯)

ਵਾਰ ਸੰਪੂਰਨੁ ਹੋਈ ਮਲਾਰ ਕੀ ॥੨੭॥ ਤਾ ਬ੍ਰਹਮ ਦਾਸੁ ਪੰਡਤੁ ਆਇ ਪੈਰੀ ਪਾਇਆ। ਤਾ ਆਖਿਓਸੁ ਜੀ [941]ਜਾਂ**941** ਏਹ ਵਸਤੁ ਨਹੀ ਸੀ॥ ਤਬ ਪਰਮੇਸਰੁ ਕਹਾ ਥਾ। ਤਦਹੁ ਬਾਬਾ ਬੋਲਿਆ॥ ਸਬਦੁ॥ ਰਾਗੁ ਮਾਰੂ ਵਿਚਿ ਸੋਲਹਾ ਮ:੧॥

ਅਰਬਦ ਨਰਬਦ ਧੁੰਧੂਕਾਰਾ॥ ਧਰਨਿ ਗਗਨਿ ਨਹੀ ਹੁਕਮੁ ਅਪਾਰਾ॥
ਨਾ ਦਿਨੁ ਰੈਣਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ਹੈ॥
ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਿਤ ਨ ਆਵਣ ਜਾਣੀ॥
ਖੰਡ ਪਾਤਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ਹੈ॥੨॥
ਨਾ ਤਦਿ ਸੁਰਗੁ ਨ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ਹੈ॥3॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ॥××××
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ਹੈ॥੪॥
ਨਾ ਤਦਿ ਜਤੀ ਸਤੀ ਬਨਵਾਸੀ॥ ਨਾ ਤਦਿ ਸਿਧ ਸਾਧਿਕ ਸੁਖਵਾਸੀ॥
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ਹੈ॥੫॥
ਜਪ ਤਪ ਸੰਜਮ ਨਾ ਬਰਤੁ ਨ ਪੂਜਾ॥ ਨਾ ਕੋ ਆਖਿ ਵਖਾਣੈ ਦੂਜਾ॥
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ਹੈ॥੬॥
ਨਾ ਸੁਚ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੋੁਆਲਾ॥
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋਈ ਵੰਸ ਵਜਾਇਦਾ ਹੈ॥੭॥
ਕਰਮ ਧਰਮ ਨਹੀ ਮਾਇਆ ਮਾਖੀ॥ ਜਾਤਿ ਜਨਮੁ ਨਹੀ ਦੀਸੈ ਆਖੀ॥
ਮਮਤਾ ਜਾਲੁ ਕਾਲੁ ਨਹੀ ਸਾਥੈ ਨਾ ਕੋ ਕਿਸੈ ਧਿਆਇਦਾ ਹੈ॥੮॥
ਨਿੰਦੁ ਨ ਬਿੰਦੁ ਨਹੀ ਜੀਉ ਨ ਜਿੰਦੋ॥ ਨਾ ਤਦਿ ਗੋਰਖੁ ਨਾ ਮਾਛਿੰਦੋੁ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤਿ ਗਣਾਇਦਾ ਹੈ॥9॥
ਵਰਨੁ ਭੇਖੁ ਨਹੀ ਬ੍ਰਹਮਣੁ ਖਤ੍ਰੀ॥ ਦੇਉ ਨ ਦੇਹਰਾ ਗਊ ਗਾਇਤ੍ਰੀ॥
ਹੋਮ ਜਗ ਨਹੀ ਤੀਰਥ ਨਾਵਣੁ ਨਾਕੋ ਪੂਜਾ ਲਾਇਦਾ ਹੈ॥੧੦॥
ਨਾ ਕੋ ਮੁਲੰਾ ਨਾ ਕੋ ਕਾਜੀ॥ ਨਾ ਕੋ ਸੇਖੁ ਮਸਾਇਕੁ ਹਾਜੀ॥
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ॥੧੧॥
ਭਾਉ ਨ ਭਗਤੀ ਨਾ ਸਿਵ ਸਕਤੀ ਸਾਜਨੁ ਮੀਤ ਬਿੰਦੁ ਨਹੀ ਰਕਤੀ॥
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਵੈ ਭਾਇਦਾ ਹੈ॥੧੨॥
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ਪਾਠ ਪੁਰਾਣੁ ਉਦੈ ਨਹੀ ਆਸਤ॥
ਕਥਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ਹੈ॥੧੩॥

[941] ਇਹ ਪਾਠ ੲ ਵਿਚ ਦਰਜ ਨਹੀਂ ਹੈ

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ਬਾਝੁ ਕਲਾ ਅਡਾਣੁ ਰਹਾਇਆ॥
ਬ੍ਰਹਮਾ ਬਿਸਨੁ ਮਹੇਸੁ ਉਪਾਇਆ ਮਾਇਆ ਮੋਹੁ ਵਧਾਇਦਾ ਹੈ॥੧੪॥
ਵਿਰਲੇ ਕਉ ਗੁਰ ਸਬਦੁ ਸੁਣਾਇਆ ਕਰਿ ਕਰਿ ਦੇਖੈ ਹੁਕਮੁ ਸਵਾਇਆ॥
ਖੰਡ ਬ੍ਰਹਮੰਡ ਪਤਲ ਅੰਰੰਭੇ ਗੁਪਤਹੁ ਪ੍ਰਗਟੀ ਆਇਦਾ ਹੈ॥੧੫॥
ਤਾਕਾ ਅੰਤੁ ਨ ਜਾਣੈ ਕੋਈ॥ ਪੂਰੇ ਗੁਰ ਤੈ ਸੋਝੀ ਹੋਈ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣੁ ਗਾਇਦਾ ਹੈ॥੧੬॥

(ਗੁ.ਗ੍ਰੰ.ਸਾ. ਪੰਨਾ ੧੦੩੫-੩੬)

ਤਬ ਬ੍ਰਹਮਦਾਸ ਪੰਡਤੁ ਆਇ ਪੈਰੀ ਪਇਆ। ਗਲ ਤੇ ਪਥਰੁ ਸੁਟਿ ਪਇਆ॥ ਨਾਉ ਧਰੀਕੁ ਹੋਆ। ਸੇਵਾ ਲਾਗਾ ਕਰਣਿ॥ ਪਰੁ ਮਨ ਤੇ ਬਾਸਨਾ ਜਾਵਸੁ ਨਾਹੀ। ਜੋ ਸੇਵਾ ਕਰੇ ਸੋ ਸਾਸੁ ਭਰਿ ਸਹਿਜਿ ਸੁਭਾਇ ਕਰੈ। ਮਨ ਉਤੇ ਆਣੈ ਜੋ ਮੈ ਅਗੈ ਭੀ ਏ ਸੇਵਾ ਕਰਦਾ ਥਾ। ਤਬ ਹਉਮੈ ਕਾ ਸਦਕਾ ਥਾਇ ਪਵੈ ਨਾਹਿ। ਤਦਹੁ ਗੁਰੂ ਬਾਬੇ ਏਕ ਦਿਨਿ ਆਖਿਆ। ਜੋ ਜਾਹਿ ਗੁਰੂ ਕਰੁ। ਤਬ ਪੰਡਿਤੁ ਆਖਿਆ ਜੀ ਕਉਣ ਗੁਰੂ ਕਰਾ॥ ਤਦਹੁ ਗੁਰੂ ਬਾਬੈ ਆਖਿਆ॥ ਜੋ ਜਾਹਿ ਉਦਿਆਨ ਵਿਚ ਇਕੁ **ਕੋਠਾ**[942] ਹੈ। ਤਿਥੈ ਚਾਰਿ ਫਕੀਰ ਬੈਠੇ ਹੈਨਿ ਓਹ ਤੈਨੂੰ ਦਸਨਿਗੇ। ਤਬ ਉਥਹੁ ਬ੍ਰਹਮਦਾਸੁ ਚਲਿਆ॥ਜਾਇ ਪੈਰੀ ਪਉਣਾ ਕਹਿਆ। ਤਬ ਇਕ ਘੜੀ ਸਸਤਾਇਕੈ ਓਨਾ ਸਿਖਾ ਕਹਿਆ।ਉਸ ਮੰਦਰ ਵਿਚਿ ਤੇਰਾ ਗੁਰੂ ਹੈ। ਤਬ ਪੰਡਤੁ ਆਇਆ। ਆਇ **ਤਸਲੀਮ ਕੀਤੀਅਸੁ**[943] ॥ ਤਬ ਅਗੈ ਸੂਹੈ ਬਸਤ੍ਰ ਪੈਧੈ ਇਸਤ੍ਰੀ ਖੜੀ ਥੀ। ਤਬ ਲੈਕਰਿ ਪੈਜਾਰੁ ਬੁਰੇ ਹਾਲ ਮਾਰਿਆ। ਤਬ ਰੋਦਾ [944]ਰੋਦਾ[944] ਆਇਆ। ਤਬ ਓਨਾ ਸਿਖਾ ਪੁਛਿਆ। ਜੋ ਗੁਰੂ ਮਿਲਿਓ॥ ਤਬੁ ਉਸ ਆਪਣੀ ਹਕੀਕਤਿ ਆਖਿ ਸੁਣਾਈ। ਤਬ ਓਨੀ ਸਿਖੀ ਆਖਿਆ॥ ਭਾਈ ਜੀ ਉਹੁ ਮਾਇਆ ਸੀ॥ ਜਿਸ ਦੀ ਤੂੰ ਬਾਸਨਾ ਕਰਦਾ ਥਾ। ਓਹੀ ਤਿਰਾ ਗੁਰੂ ਥੀ।ਤਬ ਆਇ ਗੁਰੂ ਬਾਬੇ ਦੀ ਪੈਰੀ ਪਇਆ। ਦੋਵੈਂ ਊਟ ਪੁਰਾਣਾ ਦੇ ਸੁਟਿ ਪਾਏ।ਗੁਰੂ ਗੁਰੂ ਲਗਾ ਜਪਣਿ। ਸੰਗਤੀ ਦੀ ਚਰਣ ਰੇਣਿ ਹੋਆ। ਬੋਲਹੁ ਵਾਹਿਗੁਰੂ [[945]] ।

**ਤਤੁ**[946] [947]ਬਾਣੀ ਹਸੂ ਲੁਹਾਰ ਅਤੈ[947] **ਸੀਹੋ**[948] ਛੀਬੈ ਲਿਖੀ। ਤਬ ਬਾਬੇ ਸਲੋਕ ਆਖਿਆ॥

ਸਹੰਸਰ ਭਗ ਦੇ ਇੰਦ੍ਰ ਰੋਵਾਇਆ॥ ਰੂਨਾ ਪਰਸ ਰਾਮੁ ਘਰਿ ਆਇਆ॥
ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥
ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥
ਰੋਵੈ ਦਹਸਿਰੁ ਲੰਕ ਲੁਟਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥

---

942 ੲ : ਸ: ਬੈਠਾ
943 ੲ : ਪੈਰੀ ਪਇਆ
944 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
945 ੲ : ਸ: ਵਾਹਗੁਰੂ ਜੀ ਤਬ ਬਾਣੀ ਹਾਸਲੁ ਹੋਈ
946 ੲ : ਸ: ਤਬ
947 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
948 ੲ : ਸੀਹੇ

ਰੋਵਨਿ ਪੰਡੋ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਜੂਰਿ॥
ਰੋਵੈ ਜਨਮੇਜਾ ਨਾਮ ਨ ਉਸ ਕਹਿਆ॥ਏਕੈ ਕਾਰਣਿ ਪਾਪੀ ਭਇਆ॥
ਰੋਵਹਿ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤਿ ਲਾਗੈ ਭੀੜ॥
ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਭੀਖਿਆ ਮਗਣਿ ਜਾਹੈ॥
ਰੋਵਹਿ ਕਿਰਪਨ ਸੰਚਿ ਧਨੁ ਜਾਇ॥
ਪੰਡਿਤ ਰੋਵਹਿ ਗਿਆਨੁ ਗਵਾਇ॥
ਬਾਲੀ ਰੋਵੈ ਜਿਸੁ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥
ਮੰਨੈ ਨਾਮੁ ਸੋਈ ਜਿਣਿ ਜਾਇ॥ ਅਵਰ ਕਰਮ ਨ ਲੇਖੈ ਪਾਇ॥੧॥ ( ਗੁ.ਗ੍ਰੰ.ਸਾ. ਪੰਨਾ ੯੫੩)

ਤਬ ਬਾਬੇ ਦੀ ਖੁਸੀ ਹੋਈ। ਉਥਹੁ ਰਵਦੇ ਰਹੇ।

[949] [950] [951] ਸਵਾਲਾਖੁ ਪਰਬਤੁ ਲੰਘਿ ਅਗੈ ਸੁਮੇਰ ਜਾਇ ਚੜਿਆ। ਜਹਾ [952]ਮਹਾਦੇਵ ਕਾ ਅਸਥਾਨੁ ਥਾ। ਤਬ ਆਗੈ[952] ਮਹਾਦੇਓ ਅਤੇ ਗੋਰਖਨਾਥ [953]ਅਤੈ ਭਰਥਰੀ[953] ਅਤੈ ਗੋਪੀਚਦ ਅਤੈ ਚਰਪਟੁ

[949] ਹ: ੫0.ਸੁਮੇਰ ਤੇ ਅਚਲ ਪਰ ਸਿੱਧਾਂ ਨਾਲ ਗੋਸ਼ਟ

[950] ਅ: ਬਾਬਾ ਜੀ ਸੁਮੇਰ ਪ੍ਰਬਤ ਜਾਇ ਨਿਕਲਿਆ। ਤਾ ਅਗੇ ਸਿਧ ਬੈਠੇ ਥੇ। ਸ੍ਰੀ ਗੋਰਖ ਨਾਥ ਰਾਜਾ ਭਰਥ੍ਰੀ ਈਸਰ ਨਾਥ ਗੋਪੀ ਚੰਦ ਸਭ ਬੈਠੇ ਹੈ। ਬਾਬਾ ਜੀ ਉਹਾਂ ਜਾਇ ਚੜਿਆ ਉਹੁ ਜਾਗਾ ਐਸੀ ਆਹੀ ਜੋ ਆਦਮੀ ਦਾ ਕੰਮ ਨਾ ਥਾ।ਜਾ ਬਾਬਾ ਜਾਇ ਚੜਿਆ ਤਾ ਗੋਰਖ ਨਾਥ ਬੋਲਿਆ ਜੁ ਏਹ ਕਉਣ ਹੈ। ਜੁ ਈਹਾਂ ਆਇ ਪਹੁਚਿਆ ਹੈ ਸੋ ਏਹ ਕਉਣ ਹੈ। ਤਾਂ ਚੇਲਾ ਬੋਲਿਆ ਜੀ ਏਹ ਨਾਨਕ ਵੇਦੀ ਹੈ ਭਗਤ ਹੈ।ਵਿਆਹਿ ਨਦੀ ਸੁਲਤਾਨਪੁਰ ਹੇਠ ਵਹਦੀ ਹੈ। ਉਥੇ ਇਸ ਦੇ ਘਰਿ ਹੈਨ। ਇਹ ਨਾਨਕ ਹੈ। ਬਾਬਾ ਬੋਲਿਆ ਏਹ ਸਿਧ ਹੈਨਿ। ਪੁਰ ਏਹੁ ਜੁ ਸਿਧ ਹੈਨ ਇਸ ਏਹ ਗਲ ਨਾਹੀਆ ਕਰਣੀ। ਤਾ ਗੋਰਖ ਬੋਲਿਆ ਬਚਾ ਤੇਰਾ ਕੰਮ ਨਾਹੀ ਇਸ ਕਉ ਪੁਛਣੇ ਕਾ। ਤਾ ਫੇਰ ਗੋਰਖ ਬੋਲਿਆ ਬਾਬੇ ਜੀ ਸਾਥ। ਬਾਬਾ ਕਿਥਹੁ ਆਇਆ ਹੈ। ਤਾ ਗੁਰੂ ਬਾਬੇ ਆਖਿਆ ਆਸਾ ਅੰਦੇਸੇ ਵਿਚਹੁ ਆਇਆ ਹਾਂ। ਫੇਰ ਗੋਰਖ ਬੋਲਿਆ ਆਸਾ ਅੰਦੇਸੇ ਵਿਚ ਕਿਉ ਕਰਿ ਰਹਿਦਾ ਸਾ। ਗੁਰੁ ਬਾਬੇ ਆਖਿਆ ਆਸਾ ਅੰਦੇਸੇ ਵਿਚ ਇਉ ਰਹਿਦਾ ਹਾ। ਜਿਉ ਜਲ ਉਪਰ ਮੁਰਗਾਈ। ਤਾ ਫਿਰ ਗੋਰਖਨਾਥ ਬੋਲਿਆ ਜੁ ਸੰਸਾਰ ਵਿਚਿ ਕਿਆ ਵਰਤਦਾ ਹੈ। ਉਥੇ ਗੁਰੂ ਬਾਬੇ ਸਲੋਕ ਦਿਤਾ। ਸਚ ਕਾਲ ਕੂੜ ਵਰਤਿਆ ਕਲ ਕਾਲਕ ਬੇਤਾਲ॥ ਬੀਉ ਬੀਜ ਪਤਿ ਲੈ ਗਏ ਅਬ ਕਿਆ ਉਗਵੈ ਦਾਲਿ॥ ਜੇ ਇਕ ਹੋਇ ਤਾ ਉਗਵੈ ਰੁਤੀ ਹੀ ਰਤੁ ਹੋਇ। ਨਾਨਕ ਪਾਹੇ ਬਾਹਰਾ ਕੋਰੇ ਰੰਗ ਨ ਸੋਏ। ਸਲੋਕ। ਕਲਕਾਤੀ ਰਾਜੇ ਕਸਾਈ ਧ੍ਰਮ ਪੰਖ ਕਰਿ ਉਡਰਿਆ। ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਕਿਹਿ ਚੜਿਆ।ਹਉ ਨਾਲਿ ਵਿਕੁੰਨੀ ਹੋਈ। ਅੰਧੇਰੇ ਰਾਹੁ ਨ ਕੋਈ ਵਿਚਿ ਹਉ ਦੁਖ ਹੋਈ।੨।ਸਲੋਕ। ਸਤੀ ਪਾਪੁ ਕਰਿ ਸਤੁ ਕਮਾਇ। ਗੁਰੁ ਦੀਖਿਆ ਘਰ ਦੇਵਣ ਜਾਇ। ਇਸਤ੍ਰੀ ਪੁਰਖੈ ਖਟੈ ਭਾਉ।ਭਾਵੈ ਆਵੈ ਜਾਊ। ਸਾਸਤ੍ਰ ਬੇਦ ਨ ਮਾਨੈ ਕੋਈ।ਆਪੋ ਆਪਣੀ ਪੂਜਾ ਹੋਇ।ਤੁਰਕੁ ਮੰਤ੍ਰ ਕੰਨ ਰਿਦੇ ਸਮਾਇ। ਲੋਕ ਮਹਾਵੈ ਚਾੜੀ ਖਇ। ਦੇ ਕਰਿ ਚਉਕਾ ਸੂਚਾ ਹੋਇ। ਐਸਾ ਹਿੰਦੂ ਦੇਖਹੁ ਕੋਇ। ਕਾਜੀ ਹੋਇ ਕੇ ਬਹੇ ਨਿਆਉ।ਫੇਰੇ ਤਸਬੀ ਕਰੇ ਖੁਦਾਇ। ਲੈ ਕੇ ਵਢੀ ਹਕੁ ਗਵਾਏ। ਜੇ ਕੋ ਪੁਛੇ ਤਾ ਪੜ ਸਮਝਾਏ।ਜੋਗੀ ਗਿਰਹੀ ਜਟਾ ਬਿਭੂਤ। ਆਗੇ ਪਾਛੇ ਰੋਵਹਿ ਪੂਤ। ਜੋਗ ਨ ਪਾਇਆ ਜੁਗਤ ਗਵਾਈ ਕਾਹੇ ਕਉ ਸਿਰ ਛਾਈ ਪਾਈ। ਨਾਨਕ ਕਲ ਕਾ ਏਹੁ ਨਿਆਉ। ਆਪੇ ਆਖਣ ਆਪੇ ਜਾਣੁ।੩। ਬਾਬਾ ਸ੍ਰੀ ਗੋਰਖ ਜੀ ਐਸੀ ਕਲਿ ਆਈ ਹੈ। ਤੂ ਸਭ ਕਿਛ ਜਾਣਦਾ ਹੈ। ਤੂੰ ਹੀ ਕਰਣ ਵਾਲਾ ਹੈ। ਅਰ ਤੂੰ ਹੀ ਸਮਝਾਵਣ ਵਾਲਾ ਹੈ। ਕਿਸ ਕਊ ਪੂਛਤਾ ਹੈ। ਸ੍ਰੀ ਗੋਰਖਨਾਥ ਆਤਮੇ ਧਿਆਨ ਧ੍ਰਕੈ ਆਗਿਆ ਕਰੀ ਰਾਜੇ ਭਰਥਰੀ ਕਉ।ਜੋ ਤੂ ਨਾਨਕ ਕਉ ਉਪਦੇਸ ਦੇ ਕਰ ਦਰਸਨ ਦਿਵਾਇ। ਐਸਾ ਪੁਰਖ ਮੇਰੇ ਜੋਗ ਮੈ ਹੋਇ ਤਉ ਮੇਰੇ ਜੋਗ ਕੀ ਮਹਿਮਾ ਅਧਕ ਹੋਇ। ਤਾ ਰਾਜਾ ਭਰਥਰੀ ਸ੍ਰੀ ਗੋਰਖਨਾਥ ਕੀ ਆਗਿਆ ਲੈ ਕਰਿ ਬਾਬੇ ਨਾਨਕ ਕਉ ਪੂਛਤਾ ਹੈ। ਹੋ ਨਾਨਕ ਈਸਰਨਾਥ ਭਰਥਰੀ ਗੋਪੀ ਚੰਦ ਚਰਪਟ ਨਾਥ ਮਛੰਦਰ ਨਾਥ ਜੈਸੇ ਇਸ ਪਦਵੀ ਕਉ ਪਹੁਚੇ ਹੈ ਤੈਸੇ ਤੂ ਭੀ ਪਹੁਚ। ਸ੍ਰੀ ਗੋਰਖਨਾਥ ਕੇ ਹਥ ਸੇ ਦਰਸਨ ਲੇਹ। ਬਾਬਾ ਜੀ ਬੋਲਿਆ ਹੋ ਰਾਜਾ ਭਰਥ੍ਰੀ ਜਿਤ ਸੇਵਾ ਜਿਤ ਧਿਆਨ ਜਿਤ ਭਗਤ ਜਿਤ ਸੰਜਮ ਤੁਮ ਜੋਗ ਪਦਵੀ ਕਉ ਪਹੁਚੇ ਹਉ। ਉਹ ਉਪਦੇਸ ਤੁਮ ਮੇਰੇ ਤਾਈ ਸੁਨਾਵਹੁ। ਜੁ ਕਉਣ ਜੁਗਤ ਸਿਉ ਤੁਮ ਜੋਗ ਪਦਵੀ ਕਉ ਪਹੁਚੇ ਹਉ।

[951] ੲ: ਤਬ

[952] ਇਹ ਪਾਠ ੲ ਵਿਚ ਦਰਜ ਨਹੀਂ ਹੈ

[953] ਇਹ ਪਾਠ ੲ ਵਿਚ ਦਰਜ ਨਹੀਂ ਹੈ

ਬੈਠੇ ਥੇ। [961]{ਤਬ ਬਾਬੈ ਜਾਇ ਆਦੇਸੁ ਆਦੇਸ ਕੀਤਾ।[[954]] ਬਾਬਾ ਬੈਠਿ ਗਇਆ। ਤਦਹੁ ਸਿਧਾ ਡਿਬੀ ਦਿਤੀ। [955]ਤਾ[955] ਆਖਿਓਨੈ ਜਾਹਿ ਜੀ ਭਰ ਲੇਆਉ॥ ਕਲਜੁਗੁ ਕੈ ਬਾਲਕੇ॥ ਤਦਹੁ ਬਾਬਾ ਡਿਬੀ ਭਰਣਿ ਗਇਆ। ਜਾ ਪਾਣੀ ਵਿਚਿ ਪਾਏ ਤਾ ਹੀਰੇ ਮੋਤੀ ਵਿਚਿ ਲਗੇ ਪਵਣਿ। ਤਬ ਗੁਰੂ ਬਾਬੈ ਡਿਬੀ ਧਰਤੀ ਨਾਲਿ ਮਾਰੀ। ਤਬ ਠੀਕਰੀਆ ਹੋਇ ਗਈਆ॥ਤਦਹੁ ਬਾਬੇ ਠੀਕਰੀ ਜੋੜੀਆ॥ ਜੋੜਿ ਕੇ ਸਲੋਕੁ ਦਿਤਾ।

ਸਲੋਕ॥ ਭੰਨੈ ਘੜੇ ਸਵਾਰੇ ਸੋਇ॥

ਨਾਨਕ ਸਚਿ ਬਿਨੁ ਅਵਰ ਨ ਕੋਇ॥੧॥[956]

ਤਬ ਮੰਤਰਾ ਕੀ ਕਲਾ ਦੂਰਿ ਹੋਈ॥ ਤਬ ਡਿਬੀ [[957]] ਵਿਚਿ [[958]] ਪਾਣੀ ਪਾਇਆ [959]ਤਬ ਪਾਣੀ ਪਾਇਆ[959]॥ ਤਬ ਸਿਧਾ ਪਾਸਿ ਭਰਿ ਲੈ ਆਇਆ। ਤਬ ਸਭਨਾ ਸਿਧਾ [960]ਪਾਣੀ[960] ਪੀਤਾ॥ ਪਰੁ ਪਾਣੀ ਨਿਖੁਟੈ ਨਾਹੀ[961]} ।ਤਬ ਮਹਾਦੇਉ ਪੁਛਿਆ।ਤੂੰ ਗਿਰਹੀ ਹੈ ਕਿ ਉਦਾਸੀ ਹੈ।ਤਦਹੁ ਬਾਬੈ ਆਖਿਆ॥ ਜੋ ਉਦਾਸੀ ਕੇ ਲਛਣੁ ਕਉਣ ਹੈਨਿ॥ ਅਰੁ ਗਿਰਹੀ ਕੇ ਲਛਣ ਕਉਣ ਹੈਨਿ॥ ਤਬ ਮਹਾਦੇਉ ਬੋਲਿਆ॥

ਸੋ ਗਿਰਹੀ ਜੋ ਨਿਗਰਹੁ ਕਰੈ॥ ਜਪ ਤਪ ਸੰਜਮ ਕੀ ਭਿਖਿਆ ਕਰੈ॥
ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥
ਬੋਲੈ ਈਸਰੁ ਸਤਿ ਸਰੂਪ॥ ਪਰਮ ਤਤ ਮਹਿ ਰੇਖ ਨ ਰੂਪੁ॥੧॥ **(ਗੁ.ਗ੍ਰੰ.ਸਾ. ਪੰਨਾ ੯੫੨)**

ਤਬ ਗੁਰੂ ਜਬਾਬੁ ਦਿਤਾ॥

ਸਲੋਕੁ॥ ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ॥
ਕੰਨ ਫੜਾਇ ਕਿਉ ਖਾਈਐ ਭੁਗਤਿ॥
ਆਸਤਿ ਨਾਸਤਿ ਇਕੋ ਨਾਉ॥
ਕਉਣੁ ਸੁ ਅਖਰੁ ਜਿਤੁ ਰਹੈ ਹਿਆਉ॥
ਧੂਪ ਛਾਉ ਜੋ ਸਮ ਕਰਿ ਸਹੈ॥ ਕਹੈ ਨਾਨਕੁ ਗੋਰਖ ਕਉ ਕਹੈ॥
ਛਿਅ ਵਿਰਤਾਰੇ ਵਰਤੇ ਪੂਤਾ॥
ਨਾ ਸੰਸਾਰੀ ਨਾ ਅਵਧੂਤਾ॥ ਨਿਰੰਕਾਰ ਜੋ ਰਹੈ ਸਮਾਇ॥
ਤਉ ਕਾਹੇ ਭੀਖਿਆ ਮੰਗਣਿ ਜਾਇ॥

[954] ੲ: ਤਦਹੁ
[955] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[956] ਇਹ ਗੁਰੂਬਾਣੀ ਨਹੀਂ ਹੈ
[957] ੲ : ਸ: ਪਾਣੀ
[958] ੲ:ਸ: ਪਾਈ ਤਾ
[959] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[960] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[961] ਇਹ ਪਾਠ ਅ ਵਿਚ ਦਰਜ ਨਹੀਂ ਹੈ

[962]ਬੋਲੈ ਨਾਨਕ ਸਤਿ ਸਰੂਪ॥ ਪਰਮਤਤ ਮਹਿ ਰੇਖ ਨ ਰੂਪ॥ [962] (ਗੁ.ਗ੍ਰੰ.ਸਾ. ਪੰਨਾ ੯੫੩)

ਤਬ ਫਿਰਿ ਗੋਪੀਚੰਦੁ ਬੋਲਿਆ। ਗੋਪੀਚੰਦੁ ਉਦਾਸੀ ਥਾ।ਉਦਾਸ ਕਾ ਗੁਣੁ ਲੈ ਬੋਲਿਆ॥

ਸਲੋਕੁ॥
ਸੋ ਉਦਾਸੀ ਜੋ ਰਹੈ ਉਦਾਸੁ॥ ਅਰਧਿਉਰਧਿ ਨਿਰੰਤਰਿ ਵਾਸੁ॥
ਚੰਦ ਸੂਰਜ ਕੀ ਪਾਵੈ ਗੰਢਿ॥ ਤਿਸੁ ਉਦਾਸੀ ਕਾ ਪੜੈ ਨ ਕੰਧੁ॥
ਬੋਲੈ ਗੋਪੀ ਚੰਦੁ ਸਤਿ ਸਰੂਪੁ॥ ਪਰਮਤਤ ਮਹਿ ਰੇਖ ਨ ਰੂਪ॥੧॥ (ਗੁ.ਗ੍ਰੰ.ਸਾ. ਪੰਨਾ ੯੫੨)

ਤਬ ਬਾਬੇ ਜਬਾਬੁ ਦਿਤਾ॥

ਤ੍ਰਿਹੁ ਕਾ ਮਾਰਿ ਮਿਲਾਵੈ ਮਾਨੁ॥ਪੰਚਾ ਮਹਿ ਰਹੈ ਪਰਧਾਨ॥ ਪੰਚਾ ਕਾ ਜੋ ਜਾਣੈ ਭੇਉ॥ਸੋਈ ਕਰਤਾ ਸੋਈ ਦੇਉ॥ਅਗਮ ਨਿਗਮ ਜੋ ਵਾਚਿ ਸੁਣਾਵੈ॥ਬੰਧੈ ਨਉਗਰਹ ਘਰਿ ਮਹਿ ਆਣੈ॥ ਸਤ ਸਤਾਈਹ ਚਉਦਹ ਚਾਰਿ॥ਤਾ ਕੇ ਆਗੈ ਖੜੇ ਦੁਆਰ॥ਅਠ ਅਠਾਈ ਬਾਰਹ ਬੀਸ॥ ਤਾ ਕੈ ਆਗੈ ਕਢਹਿ ਖੜੇ ਹਦੀਸ॥ਉਚੀ ਨਦਰਿ ਸਰਾਫੀ ਹੋਇ॥ ਨਾਨਕ ਕਹੈ ਉਦਾਸੀ ਸੋਇ॥੧॥੪॥ ਸੋ ਉਦਾਸੀ ਜੋ ਰਹੈ ਉਦਾਸੁ॥ ਰੂਖ ਬਿਰਖਿ ਗਗਨੰਤਰਿ ਵਾਸਿ॥ ਅਹਿਨਿਸਿ ਰਹੈ ਜੋਗ ਅਭਿਆਸ॥ ਪਰ ਸੰਗਿ ਅੰਗਿ ਨ ਲਾਵੈ ਪਾਸ॥ ਜਿਸੁ ਘਟਿ ਦੁਤੀਆ ਦੁਬਿਧਾ ਦੁਰਮਤਿ ਮੈਲੁ ਨ ਹੋਈ॥ ਨਾਨਕੁ ਕਹੈ ਉਦਾਸੀ ਸੋਇ॥੧॥ ਗਿਆਨੁ ਖੜਗ ਲੈ ਮਨੁ ਸਿਉ ਲੂਝੈ॥ ਮਰ ਮੁਦਿਸਾ ਪੰਚਾ ਕਾ ਬੂਝੈ॥ ਮਨ ਸੁਰਤਿ ਕੀ ਪਾਵੈ ਗੰਠਿ॥ ਤੀਰਥ ਪਰਸੈ ਤ੍ਰੈ ਸੈ ਸਠਿ॥ ਜਨਿ ਇਹੁ ਮੈਲੁ ਮਨੈ ਕੀ ਖੋਈ॥ ਨਾਨਕੁ ਕਹੈ ਉਦਾਸੀ ਸੋਈ॥ ਦੇਹੀ ਅੰਤਰਿ ਅਠਸਠਿ ਹਾਟ॥ ਅਉਘਟ ਘਾਟ ਬਿਖਮ ਹੈ ਵਾਟ॥ ਐਸਾ ਮਾਰਗੁ ਸਤਿਗੁਰੂ ਬਤਾਇਆ॥ ਦਹਦਿਸਿ ਦੇਖਿ ਸਹਜਿ ਘਰਿ ਆਇਆ॥ਅਠਿਸਠਿ ਗੰਠੀ ਖੋਲੈ ਕੋਈ॥ ਨਾਨਕੁ ਕਹੈ ਉਦਾਸੀ ਸੋਈ॥ ਕਹਾਸੁ ਦਇਆਲੁ ਗਗਨ ਕਾ ਭਵਨੁ॥ ਅਹਿਨਿਸਿ ਸਦਾ ਮਨਾਏ ਸਉਨੁ॥ ਐਸਾ ਸੂਰਾ ਪੂਰਾ ਕਉਨੁ॥ ਬੰਧੈ ਬਸੰਤੁਰੁ ਪਾਣੀ ਪਉਨੁ॥ ਜਿਨਿ ਇਹ ਗਗਨ ਮੰਡਲ ਕੀ ਗਊਆ ਚੋਈ॥ ਨਾਨਕੁ ਕਹੈ ਉਦਾਸੀ ਸੋਈ॥ ਪ੍ਰਿਥਮੈ ਪੂਰਬ ਕਉ ਦ੍ਰਿਸਟਿ ਧਰੈ॥ ਦੁਤੀਆ ਦਖਣ ਕਉ ਗਉਣੁ ਕਰੇ। ਦਖਣ ਤੇ ਜਬ ਪਛਮ ਜਾਇ॥ ਤਾ ਹਾਟਿ ਪਟਣ ਕੀ ਸੋਝੀ ਪਾਇ॥ ਪਛਮ ਤੇ ਜੋ ਚੜੇ ਸੁਮੇਰਿ॥ ਆਵੈ ਪਰਦਖਣ ਕੈ ਫੇਰਿ॥ ਸਪਤਪੁਰੀ ਉਪਰਿਕਵ ਲਾਸਾਣੁ॥ ਤਹਾ ਪਾਰਬ੍ਰਹਮ ਕਾ ਆਸਣੁ॥ ਜਿਨਿ ਹੀਰੇ ਰਤਨੀ ਮਾਲਿ ਪਰੋਈ॥ ਨਾਨਕੁ ਕਹੈ ਉਦਾਸੀ ਸੋਇ॥

ਤਬ ਗੋਰਖ ਨਾਥੁ ਬੋਲਿਆ॥ ਗੋਰਖ ਨਾਥ ਅਉਧੂ ਥਾ ਅਉਧੂਤਾ ਕਾ ਲਛਣ ਲੈ ਬੋਲਿਆ॥

ਸਲੋਕੁ॥
ਅਉਧੂ ਸੋ ਜੋ ਧੂਪੈ ਆਪੁ ਭਿਖਿਆ ਭੋਜਨੁ ਕਰੈ ਸੰਤਾਪੁ॥
ਹਾਟ ਪਟਣ ਕੀ ਭੀਖਿਆ ਖਾਇ॥ ਸੋ ਅਉਧੂ ਸਿਵ ਊਪੁਰਿ ਜਾਇ॥
ਬੋਲੈ ਗੋਰਖੁ ਨਾਥੁ ਸਤਿ ਸਰੂਪੁ॥ ਪਰਮਿਤਤਿ ਮਹਿ ਰੇਖ ਨ ਰੂਪੁ॥੧੦॥ (ਗੁ.ਗ੍ਰੰ.ਸਾ. ਪੰਨਾ ੯੫੨)

[962] ਇਹ ਪਾਠ ਹ ਵਿਚ ਦਰਜ ਨਹੀਂ

ਤਬ ਗੁਰੂ ਜਵਾਬ ਦਿਤਾ॥ਸਲੋਕੁ॥ਗੁਰ ਕਾ ਭਗਤੁ ਇੰਦ੍ਰੀ ਕਾ ਜਤੀ॥ਹਿਰਦੇ ਕਾ ਮੁਕਤਾ ਮੁਖ ਕਾ ਸਤੀ॥ਦ੍ਰਿਸਟਿ ਕਾ ਦਇਆਲੁ ਕਰਿ ਦੇਖੇ ਦਾਨੁ॥ਜੋ ਘਟੁ ਨਿਵਿਆ ਸੋ ਨਿਵਿਆ ਜਾਨੁ॥ਬਚਨਿ ਸਬਦੁ ਕਾ ਸਫਲ ਸੋ ਹੋਤਾ॥ ਨਾਨਕੁ ਕਹੈ ਸੋਈ ਅਉਧੂਤਾ॥ਚੰਚਲੁ ਚਾਇ ਨ ਜਾਇ ਤਮਾਸੈ॥ਜੂਐ ਜਾਇ ਨ ਖੇਲੈ ਪਾਸੈ॥ਮੰਦੈ ਚੰਗੈ ਚਿਤ ਨ ਲਾਵੈ॥ ਗੁਰ ਕਾ ਦੀਆ ਅੰਗਿ ਹੰਢਾਵੈ॥ ਪਰ ਘਰਿ ਜਾਇ ਨ ਕੀਚੈ ਕਥਾ॥ ਐਸੀ ਸਤਿਗੁਰੂ ਕੇਰੀ ਨਥਾ॥ਗੁਰ ਕੀ ਸਿਖ ਸੁਣੁ ਰੇ ਪੂਤਾ॥ ਨਾਨਕੁ ਕਹੇ ਸੋਈ ਅਉਧੂਤਾ॥੧॥ ਗਗਨੰਤਰਿ ਕਉ ਭਉਰ ਉਡਾਵੈ॥ ਅਹਿਨਿਸਿ ਡੋਰੀ ਗੁਡੀ ਲਵੈ॥ ਪਰਚਾ ਹੋਇ ਤਾ ਫਿਰਿ ਘਰਿ ਆਵੈ॥ ਇਨਿ ਬਿਧਿ ਜੋਗੀ ਕਮਾਵੈ ਜੋਗੁ॥ਆਏ ਹਰਖੁ ਨ ਗਏ ਸੋਗੁ॥ ਸੰਜਮੁ ਰਹੈ ਨ ਬਿਨਸੈ ਸੂਤਾ॥ ਨਾਨਕੁ ਕਹੈ ਸੋਈ ਅਉਧੂਤਾ॥੧॥ਅਸੁਰਾ ਨਦੀਉ ਪੁਠੀ ਤਰੈ॥ ਅਹਿਨਿਸਿ ਸਦਾ ਸਬਦੁ ਲਿਵਿ ਧਰੈ॥ ਉਲਟੈ ਕਵਲੁ ਪਲਟੇ ਪਉਣੁ॥ ਏਉ ਨਿਵਾਰੈ ਆਵਾਗਉਣ॥ ਮਨਿ ਪਉਣੁ ਕਉ ਰਾਖੇ ਬੰਧਿ॥ ਲਹੈ ਤ੍ਰਿਬੇਣੀ ਤ੍ਰਿਕੁਟੀ ਸੰਧਿ॥ ਅਪਨੇ ਵਸਿ ਕਰਿ ਰਾਖੈ ਦੂਤਾ॥ ਨਾਨਕੁ ਕਹੈ ਸੋਈ ਅਉਧੂਤਾ॥੧॥੧੪॥

ਤਬ ਫਿਰਿ ਚਰਪਟੁ ਬੋਲਿਆ॥ ਚਰਪਟੁ ਜੋਗੀ ਥਾ ਜੋਗ ਕਾ ਗੁਣ ਲੈ ਬੋਲਿਆ॥

ਸਲੋਕੁ॥ ਸੋ ਪਖੰਡੀ ਜੋ ਕਾਇਆ ਪਖਾਲੈ॥
ਕੰਾਇਆ ਕੀ ਅਗਨਿ ਬ੍ਰਹਮ ਪਰੁ ਜਾਲੇ॥
ਸੁਪਨੈ ਬਿੰਦੁ ਨ ਦੇਈ ਝਰਨਾ॥ਤਿਸੁ ਪਾਖੰਡੀ ਕਾ ਜਰਾ ਨ ਮਰਨਾ॥
ਬੋਲੈ ਚਰਪਟ ਸਤਿ ਸਰੂਪ ॥ ਪਰਮਤਤ ਮਹਿ ਰੇਖ ਨ ਰੂਪੁ॥ (ਗੁ.ਗ੍ਰੰ.ਸਾ. ਪੰਨਾ ੯੫੩)

ਤਬ ਗੁਰੂ ਬੋਲਿਆ॥ਸਲੋਕੁ॥ ਆਸਣੁ ਸਾਧਿ ਨਿਰਾਲਮੁ ਰਹੈ॥ ਪੰਚਤਤ ਨਿਗ੍ਰਹ ਕਰਿ ਗਹੇ॥ਥੋੜੀ ਨਿੰਦ੍ਰਾ ਅਲਪ ਅਹਾਰੀ॥ ਸਾਧਕ ਕਾ ਪਿੰਡ ਸਦਾ ਵੀਚਾਰੀ॥ ਜਪ ਤਪ ਸੰਜਮ ਸੁਰਤਿ ਬਚਖਣਾ॥ਨਾਨਕੁ ਕਹੈ ਜੋਗੀ ਕੇ ਲਛਣੁ॥ ਜਾ ਬੋਲੈ ਤਾ ਬ੍ਰਹਮ ਗਿਆਨੀ॥ਅਠਿਸਠਿ ਜਾਗੈ ਸੁੰਨਿ ਧਿਆਨੀ॥ਸੁੰਨ ਮਡਲ ਮਹਿ ਡੋਰੀ ਧਰੈ॥ ਗੁਰਪਰਸਾਦਿ ਕਬਹੂ ਨ ਮਰੈ॥ਇਨਿ ਬਿਧਿ ਕੀਚੈ ਗੁਰ ਕੀ ਸੇਵਾ॥ ਜਾ ਕੇ ਬੰਧੇ ਸਗਲੇ ਦੇਵਾ॥ ਜਿਹਬਾ ਸਾਦ ਨ ਦੇਈ ਚਖਣਾ॥ ਨਾਨਕੁ ਕਹੈ ਜੋਗ ਕੇ ਲਛਣਾ॥ ਤਾਮਿਸਿ ਤ੍ਰਿਸਨਾ ਲੋਭੁ ਨਿਵਾਰੈ॥ ਪੰਚ ਅਗਨਿ ਘਟ ਭੀਤਰਿ ਜਾਗੇ॥ ਅਹਿਨਿਸਿ ਰਹੈ ਗਡੀਰ ਚੜਾਇ॥ ਸਹਜਿ ਉਪਜੈ ਦੁਰਮਤਿ ਜਾਇ॥ ਸਾਧਨਿ ਵਾਜੈ ਬੰਧੈ ਚੋਰਾ॥ਗੁਰ ਬਿਨ ਮੰਤ੍ਰ ਨ ਜਪੀਐ ਹੋਰਾ॥ ਉਤਮ ਭਲੇ ਤਿਨਾ ਕੇ ਜਖਣਾ॥ ਨਾਨਕੁ ਕਹੈ ਜੋਗ ਕੇ ਲਛਣ॥ ਪੰਚਿ ਇੰਦਿ ਜੋ ਦ੍ਰਿੜੁ ਕਰਿ ਰਾਖੈ॥ ਜਿਹਬਾ ਮੁਖਹੁ ਅਸਤਿ ਨ ਭਾਖੈ॥ ਕੋਟ ਕੋਟੰਤਰਿ ਕੋ ਤਤ ਕਾ ਬੇਤਾ॥ ਸੁੰਨ ਮੰਡਲ ਮਹਿ ਰਾਖੈ ਚੇਤਾ॥ਸਿੰਚਿ ਪਿਆਲਾ ਗਗਨਸਰ ਭਰੈ॥ਜਾਇ ਤ੍ਰਿਬਣੀ ਮਜਨ ਕਰੇ॥ ਪੰਜਿ ਸਤ ਨਉ ਲਗਾ ਰਖਣਿ॥ਨਾਨਕ ਕਹੈ ਜੋਗ ਕੇ ਲਖਣਿ॥੪॥ਪੂਰਬ ਚੜੈ ਪਛਮ ਕਉ ਆਵੈ॥ ਰਵਿ ਸਸਿ ਦੋਊ ਇਕਤ੍ਰਿ ਮਿਲਾਵੈ॥ ਹਾਟ ਪਾਟਣ ਕੀ ਚੀਨੈ ਬਾਟ॥ਤਾਂ ਫਿਰਿ ਬੂਝੈ ਆਵ ਘਟ ਘਾਟ॥ ਨਉ ਖੰਡ ਫਿਰੈ ਪੂਰਬ ਪਛਮ ਉਤਰ ਦਖਣ॥ ਨਾਨਕੁ ਕਹੈ ਜੋਗ ਕੇ ਲਖਣਾ॥੫॥ਸਲੋਕੁ॥ਇਹ ਤਨੁ ਭਾਂਡਾ ਸੁਰਤਿ ਕਰਿ ਦੂਧੁ॥ ਪਾਈਐ ਸਚੁ ਸਮਾਇਣੁ ਸੂਧੁ॥ ਜੁਗਤਿ ਜਤਨੁ ਕਰਿ ਸਹਿਜ ਜਮਾਵੈ॥ ਜੁਗਤਿ ਵਿਹੂਣਾ ਵਿਕਣਿ ਜਾਵੈ॥ ਗਿਆਨ ਮਧਾਣਾ ਨੇਤ੍ਰਾ ਨਾਉ॥ ਇਤਿ ਬਿਧਿ ਜਪੀਐ ਕੇਵਲ ਨਾਉ॥ ਰੋਲਿ ਵਿਰੋਲਿ ਕਢਿ ਲੀਜੈ ਮਖਣੁ॥ਨਾਨਕੁ ਕਹੈ ਜੋਗ ਕੇ ਲਖਣਾ॥੬॥

ਤਬ ਫਿਰ ਭਰਥਰੀ ਬੋਲਿਆ॥ ਭਰਥਰੀ ਬੈਰਾਗੀ ਥਾ ਬੈਰਾਗ ਕਾ ਗੁਣ ਲੈ ਬੋਲਿਆ:-

ਸਲੋਕੁ॥ ਸੋ ਬੈਰਾਗੀ ਜੋ ਉਲਟੇ ਬ੍ਰਹਮੁ॥ ਨਭਿਕ ਵਲ ਮਹਿ ਰੋਪੈ ਥੰਮ॥

ਅਹਿਨਿਸਿ ਅਤਰਿ ਰਹੈ ਧਿਆਨਿ ॥ ਸੋ ਬੈਰਾਗੀ ਸਤ ਸਮਾਨਿ॥

ਬੋਲੈ ਭਰਥਰੀ ਸਤਿ ਸਰੂਪ ॥ ਪਰਮਤਤ ਮਹਿ ਰੇਖ ਨ ਰੂਪ ॥ (ਗੁ.ਗ੍ਰੰ.ਸਾ. ਪੰਨਾ ੯੫੩)

ਤਬ ਗੁਰੂ ਬਾਬੈ ਜਬਾਬੁ ਦਿਤਾ॥ ਸਲੋਕੁ॥ਸੋ ਬੈਰਾਗੀ ਜੋ ਬੈ ਮਹਿ ਆਵੈ॥ ਸਿਵ ਕੈ ਆਗੈ ਸਕਤਿ ਨਿਵਾਵੈ॥ ਸਿਉ ਸਕਤੀ ਕੇ ਕਰਮ ਕਰੈ॥ ਅਜਰੁ ਵਸਤੁ ਅਗੋਚਰ ਜਰੈ॥ ਐਸਾ ਅਉਖਦੁ ਖਾਹਿ ਗਵਾਰਾ॥ ਜਿਤ ਖਾਧੈ ਤੇਰੈ ਮਿਟਹਿ ਬਿਕਾਰਾ॥ ਜਿਸੁ ਤਾਮਸ ਤਿਸਨਾ ਹਉਮੈ ਤਿਆਗੀ॥ ਨਾਨਕ ਕਹੈ ਸੋਈ ਬੈਰਾਗੀ॥ਸਲੋਕੁ॥ ਅਰਚੈ ਕੈ ਘਰਿ ਰਹੈ ਉਦਾਸੁ॥ ਪਰਚੇ ਕੈ ਘਰਿ ਰਹੈ ਨਿਵਾਸੁ॥ ਊਦਰ ਕੈ ਸਬਦੁ ਬਿਲਾਈ ਭਾਗੀ॥ ਨਾਨਕੁ ਕਹੈ ਸੋਈ ਬੈਰਾਗੀ॥ ਸਲੋਕੁ॥ਸੋ ਬੈਰਾਗੀ ਜੋ ਸੰਤੋਖ ਮਹਿ ਆਵੈ॥ ਉਲਟੇ ਪਉਣੁ ਸਹਿਜ ਸਮਾਵੈ॥ਪੰਚਿ ਚੋਰ ਕਉ ਵਸਗਤਿ ਕਰੈ॥ ਸੋ ਬੈਰਾਗੀ ਸਿਉ ਪਰਿ ਚੜੈ॥ਅਵਗਤਿ ਤਿਆਗਿ ਏਕ ਲਿਵਲਾਗੀ॥ਨਾਨਕ ਕਹੈ ਸੋਈ ਬੈਰਾਗੀ॥੩॥ਸੋ ਬੈਰਾਗੀ ਬੈਰਾਗ ਮਹਿ ਆਵੈ॥ ਸਾਸਿ ਸਾਸਿ ਹਰਿ ਨਾਮੁ ਧਿਆਵੈ॥ ਸਹਜੇ ਆਸਣਿ ਕਰੈ ਚੇਤਾ॥ ਸੋ ਬੈਰਾਗੀ ਤਤ ਕਾ ਬੇਤਾ॥ ਨੀਦ ਨਿਵਾਰੈ ਸੁੰਨ ਮਹਿ ਜਾਗੀ॥ ਨਾਨਕ ਕਹੈ ਸੋਈ ਬੈਰਾਗੀ॥੪॥ ਸੋ ਬੈਰਾਗੀ ਜੋ ਮਾਰੈ ਬਿੰਦੁ॥ ਗੁਰ ਪ੍ਰਸਾਦਿ ਪਾਵੈ ਬ੍ਰਹਮੰਡੁ॥ਸੁੰਨਿ ਗਿਆਨੁ ਰਹੈ ਅਖੰਡੁ॥ ਨਉ ਦਰਵਾਜੇ ਰਾਖੈ ਬਿੰਧਿ॥ਦਸਵੈ ਖੇਲੈ ਅਨਹਦ ਕੰਦ। ਦਸਵੈ ਉਪਜੈ ਨ ਹੋਇ ਬਿਨਾਸੁ॥ ਦਸਵੈ ਪ੍ਰਮ ਪੁਰਖ ਕਾ ਦਾਸੁ॥ਦਸਵੈ ਪਰਮ ਪੁਰਖ ਕਉ ਭੇਦੇ।ਸੋ ਬੈਰਾਗੀ ਕਾਲ ਕਉ ਛੇਦੇ। ਐਸੀ ਬਿਧਿ ਜੋ ਕਰੈ ਬੈਰਾਗੁ। ਨਾਨਕੁ ਤਾਂ ਕਉ ਆਵੈ ਨਿਰਮਲੁ ਸੁਆਦੁ।੫। ਸੋ ਬੈਰਾਗੀ ਜੋ ਰਹੈ ਨਿਰੰਬਾਣੁ। ਦੁਆਦਸਿ ਪੀਵੈ ਮਨਿ ਮਸਤਾਨੁ।ਗਗਨੁ ਸਰੋਵਰੁ ਅਨਹਦ ਤਾਲੁ। ਚਮਕੈ ਦਾਮਨਿ ਨਿਰਮਲ ਸਾਲੁ। ਬਰਸੈ ਅੰਮ੍ਰਿਤੁ ਭੀਰਹਿ ਸੰਤਾ। ਨਾਨਕ ਸੋ ਬੈਰਾਗੀ ਜੋ ਗੁਰ ਕੈ ਮੰਤਾ।੬।

ਤਬ ਭਰਥਰੀ ਆਖਿਆ॥ ਨਾਨਕ ਤੂੰ ਜੋਗੀ ਹੋਹੁ॥ ਜੋ ਜੁਗੁ ਜੁਗੁ ਜੀਵਦਾ ਰਹੈ।ਤਬ ਬਾਬੈ ਆਖਿਆ॥ ਜੋਗ ਕਾ ਕਵਣੁ ਰੂਪੁ ਹੈ॥ਤਬ ਭਰਥਰੀ ਬੋਲਿਆ॥ ਜੋਗ ਕਾ ਰੂਪ

ਮੁੰਦਾ ਖਿੰਥਾ ਝੋਲੀ ਡੰਡਾ॥ ਸਿੰਙੀ ਨਾਦ ਘਵਜੈ ਬ੍ਰਗਮੰਡਾ॥

ਤਬ ਬਾਬਾ ਬੋਲਿਆ ਸਬਦੁ ਰਾਗੁ ਆਸਾ॥ ਵਿਚਿ ਮ: ੧॥

ਗੁਰ ਕਾ ਸਬਦੁ ਮਨੇ ਮਹਿ ਮੁਦ੍ਰਾ ਖਿੰਥਾ ਖਿਮਾ ਹਢਾਵਉ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜਿ ਜੋਗ ਨਿਧਿ ਪਾਵਉ॥੧॥
ਬਾਬਾ ਜੁਗਤਾ ਜੀਉ ਜੁਗੋ ਜੁਗ ਜੋਗੀ ਪਰਮ ਤਤ ਮਹਿ ਜਗੰ॥
ਅੰਮ੍ਰਿਤ ਨਾਮੁ ਨਿਰੰਜਨੁ ਪਾਇਆ ਗਿਆਨੁ ਕਾਇਆ ਰਸ ਭੋਗੰ॥ ॥ਰਹਾਉ॥
ਪਤ੍ਰ ਬੀਚਰ ਗਿਆਨੁ ਮਤਿ ਡਿੰਡਾ ਵਰਤਿਮਾਨ ਬਿਭੂਤੰ॥
ਹਰਿ ਕੀਰਤਿਨ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥

ਸਿੰਙੀ ਸਬਦੁ ਸਦਾ ਧੁਨਿ ਉਪਜੈ ਅਹਿਨਿਸ ਪੂਰੈ ਨਾਦੰ॥
ਸਗਲੀ ਜੋਤਿ ਤੁਮਾਰੀ ਸਮਿਆ ਨਾਨਾ ਵਰਨ ਅਨੇਕੰ॥
ਕਹੈ ਨਾਨਕ ਸੁਣਿ ਭਰਥਰ ਜੋਗੀ ਪਾਰਬ੍ਰਹਮ ਲਿਵ ਇਕੰ॥੪॥(ਗੁ.ਗ੍ਰੰ.ਸਾ. ਪੰਨਾ ੩੫੯-੬੦)

[966]{ਤਦਹੁ ਸਿਧ ਬੋਲੇ॥ਨਾਨਕ ਤੂੰ ਅਚਲ ਚਲੁ ਮੇਲਾ ਹੈ॥ ਦਰਸਨੁ [[963]] ਸਿਧਾ ਕਾ ਮੇਲਾ ਹੈ। ਤਬ ਬਾਬੈ ਆਖਿਆ॥ ਅਚਲੁ ਕਿਤਨਿਆ ਦਿਨਾ ਕੀ ਵਾਟ ਹੈ॥ ਤਬ ਸਿਧ ਬੋਲੇ ਨਾਨਕ ਅਚਲੁ ਤਿਹੁ ਦਿਨਾ ਕਾ ਪੈਂਡਾ ਹੈ॥ ਅਸਾਡਾ ਹੈ॥ ਜੋ ਪਉਣ ਕੀ ਚਾਲ ਚਲਦੇ ਹਾ। ਤਬ ਬਾਬੈ ਆਖਿਆ॥ਤੁਸੀ ਚਲਹੁ ਅਸੀ ਧੀਰੇ ਭਾਇ ਆਵਹਗੇ।ਤਬ ਸਿਧ ਉਥਹੁ ਚਲੇ। ਤਬ ਪਿਛਹੁ ਬਾਬਾ ਭੀ ਚਲਿਆ॥ਮਨਸਾ ਕੀ ਚਾਲ॥ ਇਕ ਪਲ ਮਹਿ ਗਇਆ। ਆਇ ਬੋੜ ਤਲੈ ਬੈਠਾ। ਪਿਛਹੁ ਸਿਧ ਆਏ। ਜਾ ਦੇਖਨਿ ਤਾ ਅਗੈ ਬੈਠਾ ਹੈ॥ ਤਬ ਸਿਧਾ ਪੁਛਿਆ ਏਹ ਕਦਿ ਕਾ ਆਇਆ ਹੈ॥ ਤਬ ਅਗਹੁ ਸਿਧਾ ਕਹਿਆ ਜੋ ਇਸ [964]ਨੋ[964] ਆਇਆ [965]ਆਜੁ[965] ਤੀਸਰਾ ਦਿਨੁ ਹੋਆ ਹੈ। ਤਬ ਸਿਧ ਹੈਰਾਨੁ ਹੋਇ ਗਏ}[966] ।

ਤਦਹੁ ਪਿਆਲੇ ਕਾ ਵਖਤੁ ਹੋਆ॥ ਸੁਰਾਹੀ ਫਿਰੀ। ਤਬ ਬਾਬੈ ਪਾਸਿ ਭੀ ਲੈ ਆਏ। ਤਬ ਬਾਬੈ ਪੁਛਿਆ॥ ਏਹ ਕਿਆ ਹੈ॥ ਤਬ ਸਿਧਾ ਆਖਿਆ॥ਏਹ ਸਿਧਾ ਕਾ ਪਿਆਲਾ ਹੈ॥ [968]ਤੂੰ ਪੀਉ॥ਤਬ ਬਾਬੈ ਆਖਿਆ॥ ਇਸ ਵਿਚਿ ਕਿਆ ਪਾਇਆ ਹੈ[967]॥ ਤਬ ਸਿਧਾ ਆਖਿਆ॥ ਇਸ ਵਿਚਿ ਗੁੜ [[968]] ਅਤੇ ਧਾਵੈ ਕੈ ਫੁਲ ਪਾਏ ਹੈਨਿ।

ਤਬ ਬਾਬਾ ਬੋਲਿਆ ਸਬਦ ਰਾਗੁ ਆਸਾ ਸਬਦੁ ਮ : ੧॥

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥
ਭਠੀ ਭਉ ਪ੍ਰੇਮ ਕਾ ਪੋਚਾ ਇਤੁ ਬਿਧਿ ਅਮੀ ਚੁਆਈਐ॥੧॥
ਬਾਬਾ ਮਨੁ ਮਤਵਾਲਾ ਨਾਮੁ ਰਸੁ ਪੀਵੈ ਸਹਿਜਿ ਰੰਗਿ ਰਚਿ ਰਹਿਆ॥
ਅਹਿਨਿਸ ਬਨੀ ਪ੍ਰੇਮ ਲਿਵਲਾਗੀ ਸਬਦੁ ਅਨਾਹਦ ਗਹਿਆ॥ਰਹਾਓ॥
ਸਾਚਾ ਆਪਿ ਪਿਆਲਾ ਸੂਚਾ ਤਿਸ ਪੀਆਵੈ ਜਿਸੁ ਨਦਰਿ ਕਰੇ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਹੋਛੈ ਭਾਉ ਧਰੇ॥
ਗੁਰ ਕੀ ਸਾਖੀ ਅਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥
ਦਰ ਦਰਸਨ ਕਾ ਸੇਵਕੁ ਹੋਵੈ ਮੁਕਤਿ ਬੈਕੁਠੀ ਕਹੈ ਕਿਆ॥
ਸਿਫਤੀ ਰਾਤਾ ਸਦ ਬੈਰਾਗੀ ਜੂਐ ਜਨਮੁ ਨਾ ਹਾਰੇ॥
ਕਹੈ ਨਾਨਕ ਸੁਣਿ ਭਰਥਰ ਜੋਗੀ ਖੀਵਾ ਅਮ੍ਰਿਤ ਧਾਰੇ॥੪॥(ਗੁ.ਗ੍ਰੰ.ਸਾ. ਪੰਨਾ ੩੬੦)

[963] ੲ:ਸ: ਦੇਖੁ
[964] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[965] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[966] ਇਹ ਪਾਠ ਅ ਵਿਚ ਦਰਜ ਨਹੀਂ ਹੈ
[967] ਇਹ ਪਾਠ ਹ ਵਿਚ ਦਰਜ ਨਹੀਂ ਹੈ
[968] ੲ:ਸ: ਅਤੈ ਸਕੁ

ਤਬ ਸਿਧਾ ਆਦੇਸ ਆਦਿਸੁ ਕੀਤਾ॥ ਤਬ ਬਾਬਾ ਬੋਲਿਆ ਆਦਿ ਪੁਰਖ ਕਉ ਆਦੇਸੁ [969] । ਉਥਹੁ ਰਵਦਾ ਰਹਿਆ। ਬੋਲਹੁ ਵਾਹਿਗੁਰੂ [970] ।

**°/°°** [971] ਚਉਥੀ ਉਦਾਸੀ ਪੱਛਮ ਕੀ ਹੋਈ। **[972]** ਪੈਰੀ ਖੰਉਸਾ ਚੰਮ ਕੀਆ॥ ਅਤੈ ਚੰਮ ਕੀ ਸੁਥਣਿ। ਗਲ ਵਿਚਿ ਹਡੀਆ ਕੀ ਮਾਲਾ॥ ਮਥੈ ਟਿਕਾ ਬਿੰਦੀ ਕਾ॥ ਬਾਲਕਾ ਵਿਚ ਖੇਡੈ॥ ਤਬ ਨੀਲੇ ਬਸਤ੍ਰ ਥੇ॥ ਖੇਡਦਾ ਖੇਡਦਾ ਹਜ ਵਿਚਿ **ਜਾਇ**[973] ਨਿਕਲਿਆ।ਤਦਹੁ [974]ਇਕੁ**[974]** **ਹਾਜੀ**[975] ਮਿਲਿਆ॥ਰਾਤਿ ਇਕਠੇ ਰਹੇ। ਤਬ ਹਾਜੀ ਪੁਛਿਆ॥ ਆਖਿਓਸੁ॥ ਏ ਦਰਵੇਸ ਤੇਰੈ ਕਾਸਾ ਲਕੜੀ ਚੰਮੜੀ ਭੰਗੜੀ ਕੁਛੁ ਨਾਹੀ ਤੂੰ ਹਿੰਦੂ ਹੈ॥ ਕਿ ਮੁਸਲਮਾਨੁ ਹੈ॥ ਤਬ ਬਾਬਾ ਬੋਲਿਆ॥ ਸਬਦੁ॥ ਰਾਗੁ ਤਿਲੰਗ ਵਿਚਿ ਮ: ੧

ਭਉ ਤੇਰਾ ਭੰਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥
ਕਰਿ ਕਾਸਾ ਦਰਸਨ ਕੀ ਭੂਖ॥ ਮੈ ਦਰਿ ਮਾਗਉ ਨੀਤਾ ਨੀਤ॥੧॥
ਤਉ ਦਰਸਨ ਕੀ ਕਰਉ ਸਮਾਇ॥ ਮੈ ਦੇਰਿ ਮਾਗਉ ਭੀਖਿਆ ਪਾਇ॥ ਰਹਾਓ॥
ਕੇਸਰ ਕੁਸਮ ਮਿਰਗ ਮਹਿ ਹਰਣਾ ਸਰਬ ਸਿਗੀਰੀ ਚਰਣਾ॥੨॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥੩॥
ਘਿਆ ਪਟਿ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥

---

969 ਅ: ਅਬ ਗੋਰਖ ਬੋਲਿਆ ਹੇ ਨਾਨਕ ਕਿਛ ਤੂੰ ਮੰਗ। ਜੋ ਚਾਹੀਤਾ ਹੈ ਮੰਗ ਲੈ। ਤਬ ਸ੍ਰੀ ਸਤਗੁਰੂ ਜੀ ਕਹਿਆ ਮੰਗਤਾ ਹਾਂ। ਪਉੜੀ ਥਾਪਿਆ ਨ ਜਾਇ ਕੀਤਾ ਨ ਹੋਇ ਆਪੇ ਆਪ ਨਿਰੰਜਨ ਸੋਇ।ਜਿਨ ਸੇਵਿਆ ਤਿਨ ਪਾਇਆ ਮਾਨ। ਨਾਨਕ ਗਾਵੀਐ ਗੁਣੀ ਨਿਧਾਨ॥ ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿਲੈ ਜਾਇ॥ ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥ ਗੁਰਾ ਇਕ ਦੇਹਿ ਬੁਝਾਈ॥ ਸਬਨਾ ਜੀਆ ਕਾ ਇਕ ਦਾਤਾ ਸੋ ਮੈ ਵਿਸਰਿ ਨ ਜਾਈ॥ਤੀਰਥ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥ ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥ ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥ ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ਸੋ ਗੁਰੂ ਬਾਬੇ ਆਖਿਆ ਜੀ ਮੈ ਏਹਾ ਮੰਗਦਾ ਹਾਂ। ਗੋਰਖ ਨਾਥ ਕਹਿਆ ਗੁਰੁ ਬਾਬੇ ਕਉ। ਬਾਬਾ ਜੀ ਸਿਧ ਮਿਲਿਆ ਕਾ ਅਰ ਮਹਾਂ ਪੁਰਖ ਮਿਲਿਆ ਕਾ ਕਿਆ ਫਲੁ ਹੈ। ਜੁ ਭਾਵੈ ਕੈਸਾ ਪਾਪੀ ਹੋਇ ਸੋ ਮੁਕਤ ਹੋਇ। ਅਰ ਜੋ ਰਾਜ ਪਾਠ ਚਾਹੇ ਸੋ ਪ੍ਰਾਪਤਿ ਹੋਇ। ਇਕੈ ਆਰਜਾ ਵਡੀ ਹੋਇ। ਸਿਧਾ ਮਿਲਿਆ ਕਾ ਏਹ ਫਲ ਹੈ। ਜੁ ਇਤੀਨੀਆ ਵਸਤੂ ਮਹਿ ਕਿਛ ਲੇਹਿ। ਗੋਰਖ ਨਾਥ ਕਹਿਆ ਬਾਬੇ ਜੀ ਕਉ।ਮੈ ਤੁਝ ਕਉ ਮਿਲਿਆ ਹਾ। ਜੋ ਤੇਰੇ ਜੀਅ ਹੈ ਸੋ ਲੈਇ। ਗੁਰੂ ਬਾਬੇ ਕਹਿਆ ਮੈਨੂ ਕਿਛ ਚਾਹੀਤਾ ਨਾਹੀ ਅਰ ਮੰਗਦਾਸ ਹਾਂ ਸੋ ਦੇਹਿ। ਪਉੜੀ। ਜੇ ਜੁਗਿ ਚਾਰੇ ਆਰਜਾ ਹੋਰ ਦਸੂਣੀ ਹੋਇ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਈ ਕਰੇ॥ਤਾ ਬਾਬੇ ਕਹਿਆ ਸ੍ਰੀ ਗੋਰਖ ਨਾਥ ਜੀ ਏਹ ਵਸਤ ਮੰਗਦਾ ਹਾਂ। ਜੋ ਪ੍ਰਮੇਸ੍ਰ ਨ ਵਿਸਰੈ। ਅਰ ਰਾਜ ਪਾਠ ਵਡਿਆਈਆ ਸਭ ਮਿਥਿਆ ਹੈਨਿ। ਮੈਨੂ ਤੂ ਆਪਣਾ ਅਸੀਰਵਾਦ ਦੇਹ। ਜੁ ਪ੍ਰਮੇਸ੍ਰ ਨ ਵਿਸਰੈ। ਅਰ ਪੂਰਾ ਗੁਰੁ ਮਿਲੈ। ਗੋਰਖਨਾਥ ਹਥ ਜੋੜ ਕੇ ਅਸੀਰਵਾਦ ਦਿਤਾ। ਜੁ ਤੇਰੀਭਗਤ ਅਖੰਡ ਹੋਇ। ਕਲੀ ਕਾਲ ਮਹਿ ਤੇਰੇ ਸਮਾਨ ਭਗਤ ਕੋਈ ਨ ਹੋਇਗਾ। ਅਰ ਗੁਰੂ ਜੁ ਹੋਇਗਾ ਸੋ ਤੇਰੇ ਹੀ ਘਰ ਤੇ ਤੇਰਾ ਗੁਰੂ ਜੰਮੇਗਾ। ਜਦ ਗੋਰਖ ਨਾਥ ਅਰ ਸਭਨਾ ਸਿਧਾਂ ਅਸੀਰਵਾਦ ਦੀਆ।ਤਬ ਸ੍ਰੀ ਬਾਬਾ ਜੀ

970 ੲ : ਵਾਹਗੁਰੂ

971 ਹ: ਪ੧.ਚਉਥੀ ਉਦਾਸੀ,ਚਉਥੀ ਉਦਾਸੀ ਪਛਮ ਦੀ,ਮੱਕਾ ਚਉਥੀ ਉਦਾਸੀ ਪਛਮ ਕੀ ਹੋਈ

972 ੲ : ਸ: ਤਿਤੁ ਉਦਾਸੀ

973 ਹ: ਆਇ

974 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

975 ਹ: ਕਾਜੀ

ਤੇਰੈ ਨਾਮਿ ਨਵੇ ਰਹੈ ਲਿਵ ਲਾਇ॥ ਨਾਨਕ ਤਿਨ ਦਰਿ ਭੀਖਿਆ ਪਾਇ॥੪॥

(ਗੁ.ਗ੍ਰੰ.ਸਾ. ਪੰਨਾ ੭੨੧)

ਤਬ ਫਿਰਿ ਹਾਜੀ ਕਹਿਆ॥ਜੀ ਅਸੀ ਇਸ ਦੁਨੀਆ ਵਿਚ ਰਹਦੇ ਹਾ॥ ਅਸਾਡਾ ਕਿਆ ਹਵਾਲੁ ਹੋਵੈਗਾ॥ ਤਬ ਬਾਬਾ ਬੋਲਿਆ ਸਬਦੁ ਰਾਗੁ ਤਿਲੰਗ ਵਿਚਿ॥ ਮ :੧॥

ਬੰਦੇ ਚਸਮ ਦੀਦੰ ਮਫਨਾਇ॥

ਦੁਨੀਆ ਮੁਰਦਾਰ ਖੁਰਦਨੀ ਗਫਲ ਹਵਾਇ॥੧॥

ਖਾਕ ਨੂਰ ਕਰਦੰਮ ਆਲਮ ਦੁਨੀਆਇ॥

ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥ ॥੧॥

ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ॥

ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ॥੨॥

ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ॥

ਜਬ ਅਜਰਾਈਲੁ ਬਸਤਨੀ ਤਬ ਚਿਕਾਰੇ ਬਿਦਾਇ॥੩॥

ਹਵਾਲ ਮਾਲੂਮੁ ਕਰਦੰ ਪਾਕ ਅਲਾਹ॥

ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹਾ ॥੪॥੧॥(ਮ:੫) (ਗੁ.ਗ੍ਰੰ.ਸਾ.ਪੰਨਾ ੭੨੩)

ਤਬ ਉਥਹੁ ਚਲੇ ਮਕੇ ਨੂ ਰਵਦੇ ਰਹੇ। ਰਾਹ ਵਿਚ ਆਏ॥ ਤਾ ਬਦਲੀ ਉਪਰਿ ਹੋਇ ਚਲੀ।ਤਬ ਹਾਜੀ ਡਿਠਾ ਆਖਿਓਸੁ। ਜੁ ਇਹਿ ਬਦਲੀ ਮੇਰੇ ਉਤੇ ਹੈ। ਤਾ ਆਖਣਿ ਲਗਾ॥ ਜੋ ਹਿੰਦੂ ਤਾ ਮਕੇ ਨੂ ਕੋਈ ਨਾਹੀ ਗਇਆ॥ ਤੂ ਮੇਰੇ ਨਾਲਿ ਚਲੁ ਨਾਹੀ। ਅਗੈ ਹੋਹੁ ਕਿ ਪਿਛੈ ਹੋਹੁ। ਤਬ ਬਾਬੈ ਆਖਿਆ ਭਾਲਾ ਹੋਵੇ ਜੀ॥ ਤੁਸੀ ਅਗੈ ਚਲਹੁ। ਤਬ ਉਹੁ ਆਗੈ ਹੋਇਆ। ਜਾ ਇਹੁ ਫਿਰਿ ਦੇਖੈ ਤਾ ਨਾ ਬਾਬਾ ਹੈ॥ ਅਤੈ ਨਾ ਉਹੁ ਬਦਲੀ ਹੈ। ਤਬ ਹਾਜੀ ਲਗਾ ਹਥ ਫਾਟਣਿ। ਤਾ ਆਖਿਓਸੁ ਜੋ ਖੁਦਾਇ ਕਾ ਦੀਦਾਰੁ ਹੋਆ ਆਹਾ॥ ਪਰ ਝਲਿ ਨ ਸਕਿਓ॥ **ਛਲਿ**[976] ਗਇਆ।ਤਬ ਬਾਬਾ ਮਕੇ ਵਿਚਿ ਜਾਇ ਵੜਿਆ [977]ਹੋਆ[977] ।ਤਬ ਅਗੈ **ਕਿਤਾਬਾ**[978] ਵਿਚਿ ਲਿਖਿਆ ਆਹਾ॥ ਜੋ ਇਕਿ ਨਾਨਕੁ ਦਰਵੇਸੁ ਆਵੈਗਾ॥ ਤਾ ਮਕੇ ਦੇ ਖੂਹਾ ਵਿਚਿ ਪਾਣੀ ਪੈਦਾ ਹੋਵੈਗਾ। ਤਬ ਬਾਬਾ ਮਕੇ ਵਿਚਿ ਜਾਇ ਵੜਿਆ॥ ਜਾਇ ਕਰਿ ਸੋਇ ਰਹਿਆ। ਪੈਰਿ ਮਕੇ ਦੀ ਤਰਫ ਕਰਿਕੈ ਸੁਤਾ। ਤਬ ਪੇਸੀ ਕੀ ਨਿਮਾਜ ਕਾ ਵਖਤੁ ਹੋਇਆ। ਤਬ ਕਾਜੀ ਰੁਕਨਦੀਨਿ ਨਿਮਾਜ ਕਰਣਿ ਆਇਆ।ਦੇਖੇ ਨਦਰਿ ਕਰਿਕੈ ਆਖਿਓਸੁ ਏ ਬੰਦੇ ਖੁਦਾਇ ਕੇ ਤੂ ਜੋ ਪੈਰ ਖੁਦਾਇ ਕੇ ਘਰ ਵਲਿ ਕੀਤੇ ਹੈਨਿ॥ ਅਤੇ ਕਾਬੇ ਕੀ ਤਰਫਿ ਸੋ ਕਿਉ ਕੀਤੇ ਹੈਨਿ॥ਤਬ ਬਾਬੈ ਆਖਿਆ॥ ਜਿਤੁ ਵਲਿ ਖੁਦਾਇ ਅਤੇ ਕਾਬਾ ਨਹੀ ਤਿਤੁ ਵਲਿ ਮੇਰੈ ਪੈਰ [979]ਘਸੀਟਿ[979] ਕਰ ਛਡੁ। ਤਬ ਕਾਜੀ ਰੁਕਨਦੀ ਬਾਬੈ ਕੇ ਪੈਰ ਫੇਰੇ॥ ਜਿਤ ਵਲਿ ਬਾਬੈ ਦੇ ਪੈਰ ਫੇਰੇ ਤਿਤੁ ਵਲਿ ਮਿਹਰਾਬ ਕਾ ਮੁਹੁ ਫਿਰਿਦਾ ਜਾਵੈ। ਤਬ ਕਾਜੀ ਰੁਕਨਦੀ ਹੈਰਾਨੁ ਹੋਇ

[976] ੲ:ਸ: ਛੋਡਿ

[977] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ

[978] ੲ:ਸ: ਕਿਬਲੇ

[979] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਗਇਆ॥ ਪੈਰ ਚੁਮਿਅਸੁ॥ [980]ਅਰੁ[980] ਆਖਿਓਸੁ ਏ ਦਰਵੇਸ ਤੇਰਾ ਨਾਉ ਕਿਆ ਹੈ॥ ਤਾ ਬਾਬਾ ਬੋਲਿਆ ਸਬਦੁ॥ ਰਾਗੁ ਤਿਲੰਗ ਵਿਚਿ ਮ:1] ਰੋਜਾ ਬੰਦਗੀ ਕਬੂਲ॥ ਦਸ ਦੁਆਰੇ ਚੀਨਿ ਮਰਦਾ ਹੋਇ ਰਹੁ ਰੰਜੂਲੁ ॥੧॥ਰਹਾਉ॥ਮਾਰਿ ਮਨੂਆ ਦ੍ਰਿਸਟਿ ਬਾਧਹੁ ਦਉੜ ਤਲਬ ਦਲੀਲਿ॥ ਤੀਸ ਦਿਨ ਸਿਉ ਰੰਗੁ ਰਾਖਹੁ ਪਾਕ ਮਰਦ ਅਸੀਲਿ ॥1॥ਸੁਰਤਿ ਕਾ ਤੂੰ ਰਾਖ ਰੋਜਾ ਨਿਰਤਿ ਤਜਹੁ ਚਾਉ॥ ਆਤਮੇ ਕਉ ਨਿਗਹ ਰਾਖਹੁ ਸਤੀ ਤੂੰ ਉਲਮਾਉ॥ਤਜਿ ਸੁਆਦ ਸਹਜਿ ਬੇਕਾਰ ਰਸਨਾ ਅੰਦੇਸ ਮਨਿ ਦਲਗੀਰ। ਮਿਹਰ ਲੇ ਮਨ ਮਹਿ ਰਾਖਹੁ ਕੁਫਰ ਤਕਬੀਰ ॥੩॥ਕੰਮਿ ਲਹਰਿ ਬੁਝਾਇ ਮਨ ਤੇ ਹੋਇ ਰਹੁ ਠਰੂਰੁ॥ ਕਹੈ ਨਾਨਕ ਰਾਖੁ ਰੋਜਾ ਸਿਦਕ ਰਹੀ ਮਾਮੂਰ॥੪॥[981]

ਜਬ ਬਾਬੇ ਭੋਗ ਪਾਇਆ ਤਬ ਕਾਜੀ ਰੁਕਨਦੀਂ ਸਲਾਮੁ ਕੀਤਾ॥ ਆਖਿਓਸੁ ਵਾਹ ਵਾਹੁ ਅਜੁ ਖੁਦਾਇ ਕੇ ਫਕੀਰਾ ਦਾ ਦੀਦਾਰ ਪਾਇਆ ਹੈ।ਤਬ ਜਾਇ ਪੀਰ ਪਤਲੀਏ ਪਾਸ ਕਹਿਓਸੁ॥ ਜੋ ਨਾਨਕ ਦਰਵੇਸ ਆਇਆ ਹੈ। ਤਬ ਪਤਲੀਆ ਪੀਰ ਦੀਦਾਰੁ ਦੇਖਣਿ ਨੂੰ ਆਇਆ । ਆਇ ਸਲਾਮੁ ਪਾਇਸੁ ॥ ਦਸਤਪੰਜਾ ਲੇਕਰਿ ਬੈਠਿ ਗਇਆ। ਖੁਦਾਇ ਦੀ ਸਿਫਤਿ ਲਗੇ ਕਰਣਿ।ਤਬ ਕਾਜੀ ਰੁਕਨਦੀ ਪੁਛਿਆ॥ ਅਖਿਓਸੁ ਜੀ ਏਹ ਜੋ ਤੀਸ ਹਰਫ ਪੜਦੇ ਹੈਨਿ॥ ਕੁਛ ਇਸ ਵਿਚਿ ਭੀ ਹਾਸਲੁ ਥੀਵਦਾ ਹੈ [982]ਕਿ ਨਾਹੀ[982] ॥ ਤਬ ਬਾਬਾ ਬੋਲੋਆ।ਸ੍ਰੀ ਸਤਿਗੁਰ ਪ੍ਰਸਾਦਿ । ਗੋਸਿਟ ਮਹਲਾ ੧ ਕਾਜੀ ਰੁਕਨ ਦੀਨ ਕੈ ਪਰਥਾਇ [983]ਹੋਈ[983] । ਰਾਗੁ [[984]] [985]ਤਿਲੰਗ ਵਿਚ ਮਹਲਾ ੧[985] ਬਾਬੇ ਕਾ ਬੋਲਣਾ ਹੋਆ। [986]ਸ਼ੇਖ ਰੁਕਨਦੀਂ ਮੱਕੇ ਕਾ ਕਾਜੀ ਥਾ। ਬਾਬਾ ਬੋਲਿਆ[986] ॥ ਅਲਫ ਅਲਾਹ ਕਉ ਯਾਦ ਕਰਿ ਗਲਫਤ ਮਨੁਹੁ ਵਿਸਾਰਿ॥ਸਾਸ ਪਲਟੈ ਨਾਮੁ ਬਿਨੁ ਧ੍ਰਿਗੁ ਜੀਵਣੁ ਸੰਸਾਰਿ॥੧॥ਬੇਬਿਦਾਇਤ ਦੂਰਿ ਕਰਿ ਕਦਮੁ ਸਰੀਆਤਿ ਰਾਖਿ॥ ਸਭ ਕਿਸੈ ਨੂ ਨਿਵ ਚਲੁ ਮੰਦਾ ਕਿਸੈ ਨ ਆਖੁ॥੨॥ਤੇ ਤੋਬਹ ਕਰਿ ਸਿਦਕ ਦਿਲੁ ਮਤ ਤੂ ਪਛੋਤਾਹਿ॥ ਤਨ ਬਿਨਸੈ ਮੁਖੁ ਗਡੀਐ ਤਬ ਤੂ ਪਛੋਤਾਹਿ॥੩॥ਸੇ ਸਨਾਇਤ ਬਹੁਤੁ ਕਰਿ ਖਾਲੀ ਸਾਸੁ ਨ ਕਾਢਿ॥ ਹਟਹੁ ਹਟ ਵਿਕਾਦਿਆ ਬਹੁੜਿ ਨ ਲਹਸੀ ਅਢੁ॥੪॥ਜੀਮ ਜਮਾਇਤਿ ਜਮਾ ਕਰੁ ਕੁਛੁ ਚਲਣੇ ਕਾ ਕਰੁ ਬੰਧੁ॥5॥ ਹੇ ਹਲੀਮੀ ਪਕੜੁ ਤੂੰ ਦਿਲ ਕੀ ਹਉਸ ਨਿਵਾਰ॥ ਥਾਵ ਤਵਰ ਜਹੁ ਰੁਕਨਦੀ ਹਰਦਮ ਖਾਲਕੁ ਸਾਰ॥੬॥ ਖੇ ਖਿਆਨਤ ਸਭ ਭਏ ਜਿਨਿ ਬਿਸਰਿਆ ਕਰਤਾਰੁ॥ ਮਨ ਮਾਇਆ ਸਿੰਚ ਤਰਹੈ ਮੂਡ ਉਠਾਵਹਿ ਭਾਰੁ॥੭॥ ਦਾਲ ਦਿਆਨਤ ਕਰਿ ਮਨਾ ਅਠੇ ਪਹਰ ਨਾ ਸੋਉ॥ ਏਕ ਪਹਰ ਕਾ ਜਾਗਣਾ ਸਾਂਈ ਸਿਫਤਿ ਬੁਗੋਉ॥੮॥ ਜਾਲ ਜਿਕਰ ਤੁ ਕਰਿ ਮਨਾ ਕਤਰਾ ਨ ਡੋਲਾਇ॥ਤਪ ਤਨ ਲਾਗੈ ਵਾਵਲੀ ਲੋਭੁ ਮੋਹੁ ਚੁਕਿ ਜਾਇ॥੯॥ ਰੇ ਰਾਹਿਤ ਈਮਾਨ ਕੀ ਤੇਈ ਦੇਖਹਿ ਜਾਇ॥ ਪੰਜੇ ਬਰਜਹੁ ਰੁਕਨਦੀ ਸਾਂਈ ਸੋਚਿ ਤਲਾਇ॥੧0॥ਜੇ ਜਾਰੀ ਕਰੁ ਆਜਜੀ ਸਾਂਈ ਬੇਪਰਵਾਹੁ॥ ਜੋ ਉਸਿ ਭਾਵੈ ਸੋ ਕਰੇ ਤਿਸ ਕਾ ਕਿਆ ਵੇਸਾਹੁ॥੧੧॥ਸੀਨ ਸੋਧਿ ਮਨੁ ਆਪਣਾ ਸਾਂਈ ਤੁਝ ਹੀ

980 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

981 ਇਹ ਗੁਰੂਬਾਣੀ ਨਹੀਂ ਹੈ

982 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

983 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

984 ੲ: ਸਿਰੀ ਰਾਗ ਵਿਚਿ॥ਪਉੜੀ ਤੀਹੈ

985 ਇਹ ਪਾਠ ੲ ਵਿਚ ਦਰਜ ਨਹੀਂ ਹੈ

986 ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਮਾਹਿ॥ ਤਨੁ ਭਾਡਾ ਕਾਰਿਗਰੀ ਹਿਕਮਤਿ ਬੰਧਿ ਸਾਮਾਇ॥੧੨॥ਸੀਨ ਸਾਹਾਦਤਿ ਪਾਈਐ ਮਰੀਐ ਪੀਰ ਲਿਵਲਾਇ॥ ਰੁਕਨਾ ਤਿਹੁ ਤਨੁ ਜਾਇਗਾ ਕੀਚੈ ਤਲਬ ਖੁਦਾਇ॥੧੩॥ਸਦਾ ਸਲਾਹਤਿ ਮਹੰਮ ਦੀ ਮੁਖ ਹੀ ਆਖਹੁ ਨਿਤਿ॥ਖਸਾਬੰਦਾ ਸਾਜਿਆ ਸਿਰਿ ਮਿਤ੍ਰਾ ਹੂ ਮਿਤ॥੧੪॥ ਜਾਦਿ ਜਲਾਲਤਿ ਗੁਮਰਾਹੀ ਆਦਤਿ ਹੀ ਸਿਉ ਮੇਲੁ॥ਆਵਹੁ ਉਠੀ ਨਜਰਿ ਕਰਹੁ ਚੀਨਹੁ ਨਾਹੀ ਖੇਲੁ॥੧੫॥ ਤੇ ਤਾਲਬ ਹਕਗਸਤੀ ਦਾਇਮ ਜਿਨਾ ਵਿਸਾਲੁ॥ ਜਿਨਿ ਦੇਖਿਆ ਮੁਖੁ ਸੁਖੁ ਭਏ ਜਿਨਿ ਟੂਟੈ ਮਾਇਆ ਜਾਲੁ॥੧੬॥ਜੇ ਜਾਲਮ ਸੇਈ ਭਏ ਜਿਨਿ ਚੀਨਿਆ ਨਾਹੀ ਨਾਮੁ॥ ਬਾਝਹੁ ਸਾਂਈ ਆਪਣੇ ਕਿਉ ਆਵੈ ਅਰਾਮੁ॥੧੭॥ਐਨ ਅਮਲ ਕਮਾਈਅਹਿ ਜਾਂਕੀ ਪਾਰਿ ਵਸਾਇ॥ ਬਿਨੁ ਅਮਲਾ ਗੁਣ ਬਾਹਰੇ ਮਰੀਐ ਪਛੋਤਾਇ॥੧੮॥ਗੈਨ ਗਨੀਤੇ ਰੁਕਨਦੀ ਜਿਨਾ ਪਛਾਤਾ ਆਪੁ॥ ਇਸੁ ਪਿੰਜਰੇ ਮਹਿ ਖੇਲੁ ਹੈ ਨਾ ਤਿਸੁ ਮਾਇ ਨ ਬਾਪੁ॥੧੯॥ ਫੇ ਫਾਰਕ ਸੇਈ ਭਏ ਜੋ ਚਲਹਿ ਗੁਰ ਕੈ ਭਾਇ॥ ਆਪੁ ਕੀਆਤ ਹਕੀਕਤਿ ਰੰਗੋ ਰੰਗੁ ਮਿਲਾਇ॥੨੦॥ ਕਾਫ ਕਰਾਰ ਨ ਹੋਵਈ ਜਿੰਨ ਮਨਿ ਵੁਠਿਆ ਚਾਉ॥ਤਨੁ ਕੰਚਨ ਪਰਸਤ ਭਏ ਜਿਨ ਤੇ ਭੇਟਿਆ ਓਹੋ ਰਾਉ॥੨੧॥ ਕਾਫ ਕਲਮਾ ਯਾਦ ਕਰੁ ਨਫਾਅਵਰਾ ਕਿਤ ਬਾਤ॥ ਨਫਾ ਸੁਹਵਾਈ ਰੁਕਨਦੀ ਤਿਸ ਸਿਉ ਹੋਹੁ ਨ ਮਾਤ॥੨੨॥ਲਾਮ ਲਾਨਤ ਬਰਸੈ ਤਿਨਾ ਜੋ ਤਰਕ ਨਿਮਾਜ ਕਰੇਨਿ॥ਥੋੜਾ ਬਹੁਤਾ ਖਟਿਆ ਆਪੋ ਆਪੁ ਵਜੇਨਿ॥੨੩॥ ਮੀਮ ਮਹੰਮਦੁ ਮੰਨੁ ਤੂੰ ਮੰਨ ਕਿਤਾਬਾ ਚਾਰਿ॥ਮੰਨ ਖੁਦਾਇ ਰਸੂਲ ਕਉ ਸਚੇ ਸਾਂਈ ਦਰਬਾਰ॥੨੪॥ਨੂਨ ਨਾਹੀ ਕੋ ਗੁਮਰਾਹੀ ਸਭੁ ਕੀਆ ਅਮਲ ਕਬੂਲ॥ ਅਵਹੁ ਉਠੀ ਨਜਰਿ ਕਰੁ ਮਤਿ ਵੰਞਹਿ ਖਾਲੀ ਭੂਲ॥੨੫॥ ਵਾਉ ਜੋ ਆਵੈ ਰੁਕਨਦੀ ਸਿਉ ਧੰਨਿ ਹਥ ਫਟਕੈ ਨਲਿ॥ਉਮਰ ਵਿਹਾਵੈ ਬਾਵਲੇ ਭੂਲਹੁ ਕਿਤੁ ਜੰਜਾਲਿ॥੨੬॥ ਹੇ ਹੈਬਾਤ ਤਿਸੁ ਦਿਨ ਦੀ ਜਿਤੁ ਦਿਨਿ ਅਦਲੁ ਕਰੇਇ॥ ਬਾਬਿ ਹਮਾਰੈ ਰੁਕਨਦੀ ਕੇਹਾ ਹੁਕਮੁ ਕਰੇਇ॥੨੭॥ ਲਾਮ ਲਾਇਕ ਸੇਈ ਭਏ ਜਿਨ ਰਹਮ ਤਿਨ ਜਰਿ ਕਰੇ॥ ਜੀਵਿਆ ਲੋੜੈ ਕਿਆ ਭਇਆ ਜੋ ਆਪਨ ਸੰਮਾਲੇ॥੨੮॥ ਅਲਫ ਅਲਾਹ ਤੁਧੁ ਨਾਲਿ ਚੇਤਹਿ ਕਿਉ ਨ ਅਜਾਣਿ॥ ਗੁਰਿ ਸੇਵਾ ਕਰਿ ਪਾਈਐ ਛੁਟੀਐ ਅੰਤਿ ਨਿਦਾਨਿ॥੨੯॥ ਯੇ ਯਾਰੀ ਕਰੁ ਰਬ ਸਿਉ ਜਿਸੁ ਕਾ ਅਵਚਲੁ ਰਾਜੁ॥ ਹਿਕ ਹਿਕੇਲਾ ਨਾਨਕਾ ਨਾਹਿ ਕਿਸੈ ਮੁਹਤਾਜੁ॥੩੦॥

ਤਬ ਕਾਜੀ ਰੁਕਨਦੀ ਬੋਲਿਆ॥ ਜੋ ਨਾਨਕ ਦਰਵੇਸ ਇਹ ਜੋ ਹਿਦੂ ਮੁਸਲਮਾਨ ਬੇਦ ਕਤੇਬ ਪੜਦੇ ਹੈਨਿ॥[987]ਸੋ[987] **ਸੋ**[988] ਖੁਦਾਇ ਪਾਇਨਗੇ ਕਿ ਨ ਪਾਨਿਗੇ ॥ਤਬ ਬਾਬਾ ਬੋਲਿਆ ਸਬਦੁ ਰਾਗੁ ਤਿਲੰਗ ਵਿਚਿ ਮ : ੧॥

ਬੇਦ ਕਤੇਬ ਹਿਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥
ਟੁਕੁ ਦਮੁ ਕਰਾਰੀ ਜੇ ਕਰਹੁ ਤਉ ਹਜੂਰ ਖੁਦਾਇ ॥੧॥
ਬੰਦੇ ਖੋਜੁ ਦਿਲ ਹਰ ਰੋਜ ਨ ਫਿਰੁ ਪਰੇਸਾਨੀ ਮਾਹਿ॥
ਇਹ ਜਿ ਦੁਨੀਆ ਸਿ ਹੋਰ ਮੇਲਾ ਦਸਤਗੀਰੀ ਨਾਹਿ॥ ॥ਰਹਾਉ॥
ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਦਿ ਬਕਾਹਿ॥
ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ॥੨॥

[987] ਇਹ ਪਾਠ ੲ: ਸ: ਹ ਵਿਚ ਦਰਜ ਨਹੀਂ
[988] ੲ:ਸ: ਜੋ

ਅਸਮਾਨ ਮਿਆਨੇ ਲਹੰਗ ਦਰੀਆਉ ਗੁਸਲ ਕਰਦਨ ਬੂਦ॥

ਕਰਿ ਫਕਰੁ ਦਾਇਮ ਲਾਇ ਚਸਮੇ ਜਹਾ ਤਹਾ ਮਉਜੂਦ॥੩॥

ਅਲਹ ਪਕੀਂ ਪਕ ਹੈ ਸੰਕ ਕਰਉ ਜੇ ਦੂਸਰ ਹੋਇ॥

ਕਰਮ ਕਰੀਮ ਕਾ ਉਹੁ ਕਰੈ ਨਾਨਕ ਜਾਣੈ ਸੋਇ॥੪॥ (ਗੁ.ਗ੍ਰੰ.ਸਾ. ਪੰਨਾ ੭੨੭)

ਤਬ ਕਾਜੀ ਰੁਕਨਦੀ ਆਖਿਆ ਜੀ ਏਹੁ ਭੀ ਨਾਹੀ ਪੜਦੇ ਅਤੇ ਬਦਅਮਲ ਕਮਾਵਦੇ ਹੈਨਿ। ਕਦੇ ਰੋਜਾ ਨਿਮਾਜ ਭੀ ਨਾਹੀ ਕਰਦੇ॥ ਅਤੇ ਸਰਾਬ ਪੀਦੇ ਹਿਨਿ॥ ਭੰਗ ਬੋਜਾ ਪੀਦੇ ਹੈਨਿ॥ ਇਨਾ ਦਾ ਰੋਜ ਕਿਆਮਤਿ ਕਉ ਕਿਆ ਹਵਾਲੁ ਹੋਵੇਗਾ॥ ਤਬ ਬਾਬਾ ਬੋਲਿਆ॥

ਸਲੋਕੁ॥

ਹਜਰਤਿ ਜੋ ਫੁਰਮਾਇਆ ਫਤਵਾ ਮੰਝਿ ਕਿਤਾਬ॥

ਬੇਨਿਮਾਜਾਤੇ ਸਗਭਲੇ ਜੋ ਰਾਤੀ ਰਹਨਸੁ ਜਾਗ॥

ਦਿਤੀ ਬਾਂਗ ਨ ਜਾਗਨੀ ਸੁਤੇ ਰਹੇ ਨਿਭਾਗ॥

ਹਡ ਪਲੀਤੀ ਤਿਨ ਕੇ ਮੂਰਖ ਨਾ ਲਿਜ ਨਾ ਭਾਗ॥

ਸੁੰਨਤਿ ਫਰਜੁ ਨਾ ਮੰਨਨੀ ਨ ਮੰਨਨੀ ਉਮਰੁ ਕਿਤਾਬ॥

ਦੋਜਕ ਅੰਦਰਿ ਮਾੜੀਅਨਿ ਜਿ ਸੀਖੀ ਚਾੜਿ ਕਬਾਬੁ॥

ਘਣੀ ਖੁਆਰੀ ਤਿਨ ਕਉ ਜੋ ਪੀਂਦੇ ਭੰਗ ਸਰਾਬ॥

ਸੂਅਰੁ ਸਰੈ ਮਨਾਹ ਹੈ ਬੋਜਾ ਭਗਨੀ ਨਾਹਿ॥

ਜਾਣਨਿ ਮਤੈ ਨਫਸ ਕੈ ਦੁਖੁ ਘਣਾ ਸਹਸੀ ਰੁਵਾਹ॥

ਰੋਜ ਕਿਆਮਤਿ ਦਿਨਸ ਕਉ ਪਉਸੀਹਹੁ ਲਕੁ ਲਵਾਨ॥

ਤਿਤੁ ਦਿਨਿ ਪਰਬਤ ਉਡਸਨਿ ਪਿੜੈ ਜਿਵੈ ਕਪਾਹ॥

ਕਾਜੀ ਹੋਰੁ ਨ ਬਹਸੀਉ ਬਹਸੀ ਆਪਿ ਇਲਾਹੁ॥

ਹਕੁ ਹੁਹੀਸਭ ਨਿਬਹਸੀ ਲੋਹੇ ਬਾਲੀ ਦਰਗਾਹ॥

ਤਿਲਬਾ ਪਉਸਨਿ ਆਕੀਆ ਕੀਤੇ ਜਿਨਾ ਗੁਨਾਹਿ॥

ਦੋਜਕਿ ਬੰਧਿ ਚਲਾਈਅਹਿ ਗਲਿ ਤਬਕ ਮੂਹੁ ਸਿਆਹਿ॥

ਅਮਲਾ ਵਾਲੇ ਤਿਤੁ ਦਿਨਿ ਹੋਸਨਿ ਬੇਪਰਵਾਹਿ॥

ਸੇਈ ਛੁਟੇ ਨਾਨਕਾ ਹਜਰਤ ਜਿਨਾ ਪਨਾਹ॥

ਤਬ ਪੀਰੁ ਪਤਲੀਐ ਆਖਿਆ॥ ਜੀ ਅਸੀ ਦੁਨੀਆ ਕੇ ਮੁਕਾਮ ਵਚਿ ਖੜੇ ਹਾ॥ ਖੁਦਾਇ ਕਿਉ ਕਰਿ ਹਾਸਲੁ ਥੀਵੈਗਾ॥ ਤਬ ਬਾਬਾ ਬੋਲਿਆ। ਸਬਦੁ॥ ਰਾਗ ਤਿਲੰਗ ਵਿਚਿ ਮ : ੧॥

ਯਕ ਅਰਜ ਗੁਫਤੰਮ ਪੇਸਿ ਤੋਂ ਦਰ ਗੋਸ ਕੁਨ ਕਰਤਾਰ॥

ਹਕਾ ਕਬੀਰ ਕਰੀਮ ਤੂੰ ਬੇਐਬ ਪਰਵਰਦਿਗਾਰ॥੧॥

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥
ਮਮ ਸਰ ਮੂਇ ਅਜਰਾਈਲਗਿਰਫਤੰਮ ਦਿਲ ਹੇਚ ਨਿਦਾਨੀ॥੧॥
ਰਹਾਉ॥
ਜਨ ਪਿਸਰ ਪਦਰ ਬਿਰਦਰਾ ਕਸ ਨੇਸ ਦਸਤਗੀਰ॥
ਆਖਿਰ ਬਿਅਫਤਮ ਕਸ ਨਦ ਚੂੰ ਸਵਦਤ ਕਬੀਰ॥੨॥
ਸਬ ਰੋਜ ਗਸਤਮ ਦਰ ਹਵ ਕਰਦੇ ਮਬਦੀ ਖਿਆਲ॥
ਗਾਹੇ ਨ ਨੇਕੀ ਕਾਰ ਕਰਦਿਮਨ ਈ ਚੁਨੀਆ ਹਵਾਲ ॥੩॥
ਬਦਬਖਤ ਹਮ ਚੁ ਬਖੀਲ ਗਾਫਲ ਬੇਨਜਰਿ ਬੇਪਾਕ॥
ਨਾਨਕ ਬੁਗੋਹ ਜਦ ਜਨ ਤਰਾ ਤੇਰੇ ਚਾਕਰਾ ਪਾਇ ਖਾਕ॥੪॥ (ਗੁ.ਗ੍ਰੰ.ਸਾ.ਪੰਨਾ ੭੨੧)

[989]ਜਬ ਬਾਬੈ ਏਹੁ ਸਬਦੁ ਬੋਲਿਆ**[989]** ਤਬ ਕਾਜੀ ਰੁਕਨਦੀ ਅਤੈ ਪੀਰ ਪਤਲੀਐ ਆਇ ਦਸਤਪੋਸੀ ਕੀਤੀ॥ ਪੈਰ ਚੁਮੈ॥ ਵਾਹਿਗੁਰੂ ਕਹਣਿ ਨਾਲਿ ਪਾਣੀ [990]ਖੂਹੈ ਵਿਚਿ**[990]** ਪੈਦਾ ਹੋਆ॥ ਬਾਬੇ ਦੀ ਖੁਸੀ ਹੋਈ। ਉਥਹੁ ਰਵਦੇ ਰਹੈ॥ ਘਰਿ ਆਇ। ਬੋਲਹੁ ਵਾਹਿਗੁਰੂ **[991]** ।

° [992] ਉਦਾਸੀ ਪੰਜਵੀ। ਬਾਬਾ ਗੋਰਖ ਹਟੜੀ ਗਇਆ। ਓਥੈ [994]ਸਿਧਾ ਡਿਠਾ**[993]** ਸਿਧਾ ਪੁਛਣਾ ਕੀਤਾ॥ ਜੋ ਤੂ ਕਉਣੁ ਖਤ੍ਰੀ ਹੈ। ਤਬ ਬਾਬੈ [994]ਭੀ**[994]** ਆਖਿਆ ਨਾਨਕੁ ਆਖਦੇ ਹੇਨਿ। ਤਬ ਚਉਰਾਸੀਹ ਸਿਧ ਆਸਣਿ ਕਰਿ ਬੈਠੇ। ਤਦਹੁ ਸਿਧਾ ਆਖਿਆ॥ ਭਗਤ ਕੁਛ ਜਸੁ ਕਰੁ। ਤਬ ਬਾਬਾ ਬੋਲਿਆ ਸ੍ਰੀ ਸਤਿਗੁਰੂ ਪ੍ਰਸਾਦਿ॥ ਗੋਸਟਿ ਮਹਲਾ ੧ ਰਾਗ ਰਾਮਕਲੀ ਵਿਚ ਸਿਧਿ ਗੋਸਟਿ ਹੋਈ [995]॥

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ॥
ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ॥
ਮਸਤਕੁ ਕਾਟਿ ਧਰੀ ਆਗੈ ਤਨੁ ਮਨੁ ਆਗੈ ਦੇਉ॥
ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜਿ ਭਾਇ ਜਸੁ ਲੇਉ॥੧॥
ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦੁ ਬਿਨੁ ਮੁਕਤਿ ਨਾ ਕੋਇ॥ਰਹਾਉ॥
ਕਵਨ ਤੁਮੈ ਕਿਆ ਨਾਉ ਤੁਮਾਰਾ॥
ਕਵਨ ਮਾਰਗੁ ਕਵਨ ਸੁਆਉ॥
ਸਾਚੁ ਕਾਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਉ॥

---

[989] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[990] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[991] ਏ: ਵਾਹਗੁਰੂ ਜੀ॥ਉਦਾਸੀਆ ਚਾਰਿ ਹੋਈਆ॥੪॥
[992] ਹ: ਪੰਜਵੀ ਉਦਾਸੀ ੫੨. ਉਦਾਸੀ ਪੰਜਵੀ: ਸਿਧਾਂ ਨਾਲ ਗੋਸ਼ਟ(ਗੋਰਖ ਹਟੜੀ)
[993] ਇਹ ਪਾਠ ਏ ਵਿਚ ਦਰਜ ਨਹੀਂ ਹੈ
[994] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[995] ਏ: ਸੰਪੂਰਣ ਪਉੜੀਆ॥੭੩॥

ਕਹ ਬੈਸਹੁ ਕਹ ਰਹੀਐ ਬਾਲੈ ਕਹਾ ਆਵਹੁ ਕਹ ਜਾਹੋ॥

ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥੨॥

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ॥

ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ॥

ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ॥

ਗੁਰਮੁਖਿ ਬੂਝੈ ਆਪਿ ਪਛਾਣੇ ਸਾਚੇ ਸਚਿ ਸਮਾਏ॥੩॥

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥

ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਵੀਚਾਰੋ॥

ਆਪੈ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ॥

ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥੪॥

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੀਸਾਣੇ॥

ਸੁਰਤਿ ਸਬਦੁ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

ਰਹਿਹ ਇਕੰਤਿ ਇਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥

ਅਗਮੁ ਅਗੋਚਰੁ ਦੇਖਿ ਦਿਖਿਏ ਨਾਨਕੁ ਤਾਕਾ ਦਾਸੋ॥ (ਗੁ.ਗ੍ਰੰ.ਸਾ.ਪੰਨਾ ੯੩੮)

[996] [997]ਪੜੀਆ ॥੭੩॥**[997]** ਤਬ ਸਿਧਾ ਪਿਆਲਾ ਦਿਤਾ ਪੰਜਾ ਸੇਰਾ ਕਾ॥ [998]ਤਾ**[998]** ਬਾਬੈ ਧਰਤੀ ਵਿਚਿ ਪਾਇਆ॥ ਤਬ ਸਿਧਿ ਆਫਿਰਿ ਗਏ। ਤਬ ਸਿਧੀ ਆਖਿਆ ਤੂ ਕੁਛ ਦੇਖੁ ਕੈ ਦਿਖਾਲੁ। ਤਦਹੁ

---

996 ਸ –ਕੁਲ ੭੩ ਪਉੜੀਆਂ ਦਰਜ ਹਨ ਰਾਮਕਲੀ ਮਹਲਾ ੧ ਸਿਧ ਗੋਸਟਿ ੴ ਸਤਿਗੁਰ ਪ੍ਰਸਾਦਿ ॥
ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥ ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥ ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥ ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥੧॥ ਕਿਆ ਭਵੀਐ ਸਚਿ ਸੂਚਾ ਹੋਇ ॥ ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ ਰਹਾਉ ॥ ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥ ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ॥ ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥ ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥ ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥ ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥ ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥ ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥੩॥ ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥ ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥ ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥ ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥੪॥ ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥ ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥ ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ ॥ ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥ ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥ ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥੬॥ ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥ ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥ ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ॥ ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥੭॥ ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ ॥ ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥ ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥ ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥ ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ॥ ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ॥ ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ ॥ ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ ॥੯॥ ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ

ਮਮਤਾ ਦੂਰਿ ਕਰੀ ॥ ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ॥ ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ ॥ ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ ॥੧੦॥ ਊਂਧਉ ਖਪਰੁ ਪੰਚ ਭੂ ਟੋਪੀ ॥ ਕਾਂਇਆ ਕੜਾਸਣੁ ਮਨੁ ਜਾਗੋਟੀ ॥ ਸਤੁ ਸੰਤੋਖੁ ਸੰਜਮੁ ਹੈ ਨਾਲਿ ॥ ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥ ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ ॥ ਕਵਨੁ ਸੁ ਅੰਤਰਿ ਬਾਹਰਿ ਜੁਗਤਾ ॥ ਕਵਨੁ ਸੁ ਆਵੈ ਕਵਨੁ ਸੁ ਜਾਇ ॥ ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥੧੨॥ ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥ ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥ ਮਨਮੁਖਿ ਬਿਨਸੈ ਆਵੈ ਜਾਇ ॥ ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥ ਕਿਉ ਕਰਿ ਬਾਧਾ ਸਰਪਨਿ ਖਾਧਾ ॥ ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥ ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥ ਦੁਰਮਤਿ ਬਾਧਾ ਸਰਪਨਿ ਖਾਧਾ ॥ ਮਨਮੁਖਿ ਖੋਇਆ ਗੁਰਮੁਖਿ ਲਾਧਾ ॥ ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥ ਸੁੰਨ ਨਿਰੰਤਰਿ ਦੀਜੈ ਬੰਧੁ ॥ ਉਡੈ ਨ ਹੰਸਾ ਪੜੈ ਨ ਕੰਧੁ ॥ ਸਹਜ ਗੁਫਾ ਘਰੁ ਜਾਣੈ ਸਾਚਾ ॥ ਨਾਨਕ ਸਾਚੇ ਭਾਵੈ ਸਾਚਾ ॥੧੬॥ ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥ ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥ ਕਿਸੁ ਵਖਰ ਕੇ ਤੁਮ ਵਣਜਾਰੇ ॥ ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥੧੭॥ ਗੁਰਮੁਖਿ ਖੋਜਤ ਭਏ ਉਦਾਸੀ ॥ ਦਰਸਨ ਕੈ ਤਾਈ ਭੇਖ ਨਿਵਾਸੀ ॥ ਸਾਚ ਵਖਰ ਕੇ ਹਮ ਵਣਜਾਰੇ ॥ ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥ ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥ ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥ ਕਿਤੁ ਬਿਧਿ ਆਸਾ ਮਨਸਾ ਖਾਈ ॥ ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥ ਬਿਨੁ ਦੰਤਾ ਕਿਉ ਖਾਈਐ ਸਾਰੁ ॥ ਨਾਨਕ ਸਾਚਾ ਕਰਹੁ ਬੀਚਾਰੁ ॥੧੯॥ ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅਨਹਤਿ ਰਾਤੇ ਇਹੁ ਮਨੁ ਲਾਇਆ ॥ ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥ ਤ੍ਰੈ ਗੁਣ ਮੇਟੇ ਖਾਈਐ ਸਾਰੁ ॥ ਨਾਨਕ ਤਾਰੇ ਤਾਰਣਹਾਰੁ ॥੨੦॥ ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥ ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ ॥ ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ ॥ ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ ॥ ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ ॥ ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ ॥੨੧॥ ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥ ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ ॥ ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ ॥ ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ ॥ ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥ ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ ॥੨੨॥ ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥ ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ॥ ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ ॥ ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ ॥ ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥ ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥੨੩॥ ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥ ਸਤਿਗੁਰ ਪਰਚੈ ਪਰਮ ਪਦੁ ਪਾਈਐ ਸਾਚੈ ਸਬਦਿ ਸਮਾਇ ਲੀਆ ॥ ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥ ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥ ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥ ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥੨੪॥ ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥ ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣੁ ਭਇਆ ॥ ਆਵਾ ਗਉਣੁ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥ ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ ॥ ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ ॥ ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥੨੫॥ ਮਨਮੁਖਿ ਭੂਲੈ ਜਮ ਕੀ ਕਾਣਿ ॥ ਪਰ ਘਰੁ ਜੋਹੈ ਹਾਣੇ ਹਾਣਿ ॥ ਮਨਮੁਖਿ ਭਰਮਿ ਭਵੈ ਬੇਬਾਣਿ ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥ ਸਬਦੁ ਨ ਚੀਨੈ ਲਵੈ ਕੁਬਾਣਿ ॥ ਨਾਨਕ ਸਾਚਿ ਰਤੇ ਸੁਖੁ ਜਾਣਿ ॥੨੬॥ ਗੁਰਮੁਖਿ ਸਾਚੇ ਕਾ ਭਉ ਪਾਵੈ ॥ ਗੁਰਮੁਖਿ ਬਾਣੀ ਅਘੜੁ ਘੜਾਵੈ ॥ ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥ ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥ ਗੁਰਮੁਖਿ ਪਰਚੈ ਬੇਦ ਬੀਚਾਰੀ ॥ ਗੁਰਮੁਖਿ ਪਰਚੈ ਤਰੀਐ ਤਾਰੀ ॥ ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥ ਗੁਰਮੁਖਿ ਪਾਈਐ ਅਲਖ ਅਪਾਰੁ ॥ ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥ ਗੁਰਮੁਖਿ ਅਕਥੁ ਕਥੈ ਬੀਚਾਰਿ ॥ ਗੁਰਮੁਖਿ ਨਿਬਹੈ ਸਪਰਵਾਰਿ ॥ ਗੁਰਮੁਖਿ ਜਪੀਐ ਅੰਤਰਿ ਪਿਆਰਿ ॥ ਗੁਰਮੁਖਿ ਪਾਈਐ ਸਬਦਿ ਅਚਾਰਿ ॥ ਸਬਦਿ ਭੇਦਿ ਜਾਣੈ ਜਾਣਾਈ ॥ ਨਾਨਕ ਹਉਮੈ ਜਾਲਿ ਸਮਾਈ ॥੨੯॥ ਗੁਰਮੁਖਿ ਧਰਤੀ ਸਾਚੈ ਸਾਜੀ ॥ ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥ ਗੁਰ ਕੈ ਸਬਦਿ ਰਪੈ ਰੰਗੁ ਲਾਇ ॥ ਸਾਚਿ ਰਤਉ ਪਤਿ ਸਿਉ ਘਰਿ ਜਾਇ ॥ ਸਾਚ ਸਬਦ ਬਿਨੁ ਪਤਿ ਨਹੀ ਪਾਵੈ ॥ ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥੩੦॥ ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥ ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥ ਗੁਰਮੁਖਿ ਤਾਰੇ ਪਾਰਿ ਉਤਾਰੇ ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥ ਨਾਮੇ ਰਾਤੇ ਹਉਮੈ ਜਾਇ

॥ ਨਾਮਿ ਰਤੇ ਸਚਿ ਰਹੇ ਸਮਾਇ ॥ ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ ਨਾਮਿ ਰਤੇ ਪਾਵਹਿ ਮੋਖ ਦੁਆਰੁ ॥ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥੩੨॥ ਨਾਮਿ ਰਤੇ ਸਿਧ ਗੋਸਟਿ ਹੋਇ ॥ ਨਾਮਿ ਰਤੇ ਸਦਾ ਤਪੁ ਹੋਇ ॥ ਨਾਮਿ ਰਤੇ ਸਚੁ ਕਰਣੀ ਸਾਰੁ ॥ ਨਾਮਿ ਰਤੇ ਗੁਣ ਗਿਆਨ ਬੀਚਾਰੁ ॥ ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੩੩॥ ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ ਜੋਗ ਜੁਗਤਿ ਸਚਿ ਰਹੈ ਸਮਾਇ ॥ ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥ ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥੩੪॥ ਗੁਰਮੁਖਿ ਰਤਨੁ ਲਹੈ ਲਿਵ ਲਾਇ ॥ ਗੁਰਮੁਖਿ ਪਰਖੈ ਰਤਨੁ ਸੁਭਾਇ ॥ ਗੁਰਮੁਖਿ ਸਾਚੀ ਕਾਰ ਕਮਾਇ ॥ ਗੁਰਮੁਖਿ ਸਾਚੇ ਮਨੁ ਪਤੀਆਇ ॥ ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥ ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥ ਗੁਰਮੁਖਿ ਪਾਵੈ ਦਰਗਹ ਮਾਨੁ ॥ ਗੁਰਮੁਖਿ ਭਉ ਭੰਜਨੁ ਪਰਧਾਨੁ ॥ ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ ॥੩੬॥ ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ ਗੁਰਮੁਖਿ ਪਾਵੈ ਘਟਿ ਘਟਿ ਭੇਦ ॥ ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥ ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥ ਬਿਨੁ ਗੁਰ ਭਰਮੈ ਆਵੈ ਜਾਇ ॥ ਬਿਨੁ ਗੁਰ ਘਾਲ ਨ ਪਵਈ ਥਾਇ ॥ ਬਿਨੁ ਗੁਰ ਮਨੂਆ ਅਤਿ ਡੋਲਾਇ ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥ ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥ ਨਾਨਕ ਗੁਰ ਬਿਨੁ ਘਾਟੇ ਘਾਟ ॥੩੮॥ ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ ॥ ਅਵਗਣ ਮੇਟੈ ਗੁਣਿ ਨਿਸਤਾਰੈ ॥ ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ ॥ ਗੁਰਮੁਖਿ ਕਦੇ ਨ ਆਵੈ ਹਾਰਿ ॥ ਤਨੁ ਹਟੜੀ ਇਹੁ ਮਨੁ ਵਣਜਾਰਾ ॥ ਨਾਨਕ ਸਹਜੇ ਸਚੁ ਵਾਪਾਰਾ ॥੩੯॥ ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ ਲੰਕਾ ਲੂਟੀ ਦੈਤ ਸੰਤਾਪੈ ॥ ਰਾਮਚੰਦਿ ਮਾਰਿਓ ਅਹਿ ਰਾਵਣੁ ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥ ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥ ਗੁਰਮੁਖਿ ਚੂਕੈ ਆਵਣ ਜਾਣੁ ॥ ਗੁਰਮੁਖਿ ਦਰਗਹ ਪਾਵੈ ਮਾਣੁ ॥ ਗੁਰਮੁਖਿ ਖੋਟੇ ਖਰੇ ਪਛਾਣੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥ ਗੁਰਮੁਖਿ ਦਰਗਹ ਸਿਫਤਿ ਸਮਾਇ ॥ ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥ ਗੁਰਮੁਖਿ ਨਾਮੁ ਨਿਰੰਜਨ ਪਾਏ ॥ ਗੁਰਮੁਖਿ ਹਉਮੈ ਸਬਦਿ ਜਲਾਏ ॥ ਗੁਰਮੁਖਿ ਸਾਚੇ ਕੇ ਗੁਣ ਗਾਏ ॥ ਗੁਰਮੁਖਿ ਸਾਚੈ ਰਹੈ ਸਮਾਏ ॥ ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥ ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥ ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ਕਵਣ ਕਥਾ ਲੇ ਰਹਹੁ ਨਿਰਾਲੇ ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥ ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥ ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥ ਮੈਣ ਕੇ ਦੰਤ ਕਿਉ ਖਾਈਐ ਸਾਰੁ ॥ ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥ ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥ ਕਵਨ ਗੁਫਾ ਜਿਤੁ ਰਹੈ ਅਵਾਹਨੁ ॥ ਇਤ ਉਤ ਕਿਸ ਕਉ ਜਾਣਿ ਸਮਾਵੈ ॥ ਕਵਨ ਧਿਆਨੁ ਮਨੁ ਮਨਹਿ ਸਮਾਵੈ ॥੪੫॥ ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥ ਜਗੁ ਕਰੜਾ ਮਨਮੁਖੁ ਗਾਵਾਰੁ ॥ ਸਬਦੁ ਕਮਾਈਐ ਖਾਈਐ ਸਾਰੁ ॥ ਅੰਤਰਿ ਬਾਹਰਿ ਏਕੋ ਜਾਣੈ ॥ ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬॥ ਸਚ ਭੈ ਰਾਤਾ ਗਰਬੁ ਨਿਵਾਰੈ ॥ ਏਕੋ ਜਾਤਾ ਸਬਦੁ ਵੀਚਾਰੈ ॥ ਸਬਦੁ ਵਸੈ ਸਚੁ ਅੰਤਰਿ ਹੀਆ ॥ ਤਨੁ ਮਨੁ ਸੀਤਲੁ ਰੰਗਿ ਰੰਗੀਆ ॥ ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ ਨਾਨਕ ਨਦਰੀ ਨਦਰਿ ਪਿਆਰੇ ॥੪੭॥ ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ ॥ ਕਵਨ ਮੁਖਿ ਸੂਰਜੁ ਤਪੈ ਤਪਾਇਆ ॥ ਕਵਨ ਮੁਖਿ ਕਾਲੁ ਜੋਹਤ ਨਿਤ ਰਹੈ ॥ ਕਵਨ ਬੁਧਿ ਗੁਰਮੁਖਿ ਪਤਿ ਰਹੈ ॥ ਕਵਨੁ ਜੋਧੁ ਜੋ ਕਾਲੁ ਸੰਘਾਰੈ ॥ ਬੋਲੈ ਬਾਣੀ ਨਾਨਕੁ ਬੀਚਾਰੈ ॥੪੮॥ ਸਬਦੁ ਭਾਖਤ ਸਸਿ ਜੋਤਿ ਅਪਾਰਾ ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ ਆਪੇ ਪਾਰਿ ਉਤਾਰਣਹਾਰਾ ॥ ਗੁਰ ਪਰਚੈ ਮਨੁ ਸਾਚਿ ਸਮਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥ ਨਾਮ ਤਤੁ ਸਭ ਹੀ ਸਿਰਿ ਜਾਪੈ ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ ਤਤੋ ਤਤੁ ਮਿਲੈ ਮਨੁ ਮਾਨੈ ॥ ਦੂਜਾ ਜਾਇ ਇਕਤੁ ਘਰਿ ਆਨੈ ॥ ਬੋਲੈ ਪਵਨਾ ਗਗਨੁ ਗਰਜੈ ॥ ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥ ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥ ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥ ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥ ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥ ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥ ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥ ਨਉ ਸਰ ਸੁਭਰ ਦਸਵੈ ਪੂਰੇ ॥ ਤਹ ਅਨਹਤ ਸੁੰਨ ਵਜਾਵਹਿ ਤੂਰੇ ॥ ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥ ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥ ਸਹਜ ਭਾਇ ਮਿਲੀਐ ਸੁਖੁ ਹੋਵੈ ॥ ਗੁਰਮੁਖਿ ਜਾਗੈ ਨੀਦ ਨ ਸੋਵੈ ॥ ਸੁੰਨ ਸਬਦੁ ਅਪਰੰਪਰਿ ਧਾਰੈ ॥ ਕਹਤੇ ਮੁਕਤੁ ਸਬਦਿ ਨਿਸਤਾਰੈ ॥ ਗੁਰ ਕੀ ਦੀਖਿਆ ਸੇ ਸਚਿ ਰਾਤੇ ॥ ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥ ਕੁਬੁਧਿ

ਚਵਾਵੈ ਸੋ ਕਿਤੁ ਠਾਇ ॥ ਕਿਉ ਤਤੁ ਨ ਬੂਝੈ ਚੋਟਾ ਖਾਇ ॥ ਜਮ ਦਰਿ ਬਾਧੇ ਕੋਇ ਨ ਰਾਖੈ ॥ ਬਿਨੁ ਸਬਦੈ ਨਾਹੀ ਪਤਿ ਸਾਖੈ ॥ ਕਿਉ ਕਰਿ ਬੂਝੈ ਪਾਵੈ ਪਾਰੁ ॥ ਨਾਨਕ ਮਨਮੁਖਿ ਨ ਬੁਝੈ ਗਵਾਰੁ ॥੫੫॥ ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥ ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥ ਸਾਚੁ ਵਖਰੁ ਧਨੁ ਪਲੈ ਹੋਇ ॥ ਆਪਿ ਤਰੈ ਤਾਰੇ ਭੀ ਸੋਇ ॥ ਸਹਜਿ ਰਤਾ ਬੂਝੈ ਪਤਿ ਹੋਇ ॥ ਤਾ ਕੀ ਕੀਮਤਿ ਕਰੈ ਨ ਕੋਇ ॥ ਜਹ ਦੇਖਾ ਤਹ ਰਹਿਆ ਸਮਾਇ ॥ ਨਾਨਕ ਪਾਰਿ ਪਰੈ ਸਚ ਭਾਇ ॥੫੭॥ ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥ ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥ ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ ॥ ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ ॥ ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ ॥ ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ ॥੫੮॥ ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥ ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥ ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ ॥ ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥ ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥ ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥ ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥ ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥ ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥ ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥ ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥ ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥ ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ ॥ ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥ ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥ ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ ॥ ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥ ਰੰਗਿ ਨ ਰਾਤਾ ਰਸਿ ਨਹੀ ਮਾਤਾ ॥ ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥ ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥ ਪਵਨੁ ਨ ਸਾਧਿਆ ਸਚੁ ਨ ਅਰਾਧਿਆ ॥ ਅਕਥ ਕਥਾ ਲੇ ਸਮ ਕਰਿ ਰਹੈ ॥ ਤਉ ਨਾਨਕ ਆਤਮ ਰਾਮ ਕਉ ਲਹੈ ॥੬੨॥ ਗੁਰ ਪਰਸਾਦੀ ਰੰਗੇ ਰਾਤਾ ॥ ਅੰਮ੍ਰਿਤੁ ਪੀਆ ਸਾਚੇ ਮਾਤਾ ॥ ਗੁਰ ਵੀਚਾਰੀ ਅਗਨਿ ਨਿਵਾਰੀ ॥ ਅਪਿਉ ਪੀਓ ਆਤਮ ਸੁਖੁ ਧਾਰੀ ॥ ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥ ਨਾਨਕ ਬੂਝੈ ਕੋ ਵੀਚਾਰੀ ॥੬੩॥ ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥ ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥ ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥ ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥ ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥ ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥੬੪॥ ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥ ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥ ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥ ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ ॥ ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥ ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥ ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥ ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥ ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥ ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥ ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥ ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥੬੬॥ ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥ ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ॥ ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥ ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥ ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥ ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥ ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥ ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥ ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥ ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥ ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥ ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥੬੯॥ ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥ ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥ ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥ ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੭੦॥ ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥ ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥ ਗੁਰਮੁਖਿ

ਬਾਬੈ ਆਖਿਆ॥ ਭਲਾ ਹੋਵੈ ਜੀ। ਜੋ ਕੁਛ ਕਰਹੁਗੇ ਤਾ ਦੇਖਹਗੇ। ਤਬ ਸਿਧ ਆਪਣਾ ਬਲੁ ਲਗੇ ਦਿਖਾਵਣਿ। ਕਿਸੈ ਮਿਰਗਛਾਲਾ ਉਡਾਈ। ਕਿਸਿ ਸਿਲਾ ਚਲਾਈ॥ ਕਿਸਿ ਅਗਨਿ ਹਕੀ॥ ਕਿਸਿ ਕੰਧਿ ਦਉੜਾਈ॥ ਤਬ ਬਾਬਾ [1000]ਬਿਸਮਾਦ[999] ਸੁਮਾਰ ਵਿਚਿ ਆਇ ਗਇਆ। ਤਿਤੁ ਮਹਿਲਿ ਸਲੋਕੁ ਕੀਤਾ॥

ਸਲੋਕੁ॥ ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕਿ ਚਲਾਈ॥
ਧਰਿ ਤਰਾਜੂ ਅੰਬਰੁ ਤੋਲੀ ਪਿਛੈ ਟੰਕੁ ਚੜਾਈ॥
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ॥
ਜੇਤਾ ਤਾਣੁ ਹੋਵੈ ਮਾਨਿ ਅੰਦਰਿ ਕਰੀ ਭਿ ਆਖਿ ਕਰਾਈ॥
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥੧॥
ਨਾਨਕ ਕਰਾਮਾਤੀ ਮੁਹਿ ਕਾਲੇ ਸਚਿ ਨਾਮਿ ਵਡਿਆਈ॥ (ਗੁ.ਗ੍ਰੰ.ਸਾ. ਪੰਨਾ ੭੪੭)

<u>ਨਾਨਕ ਕਰਮਾਤੀ ਮੁਹ ਕਾਲੇ ਸਚ ਨਾਮਿ ਵਡਆਈ॥</u>[1000]

ਤਬ ਸਿਧੋ ਆਦੇਸੁ ਆਦੇਸੁ ਕੀਤਾ। ਤਬ ਬਾਬਾ ਬੋਲਿਆ॥ ਆਦਿ ਪੁਰਖ ਕਉ ਆਦਸੁ। ਤਿਤੁ ਮਹਲਿ ਸਬਦੁ ਹੋਆ, ਰਾਗ ਗਉੜੀ ਵਿਚਿ ਅਸਟਪਦੀ ਮ : ੧॥

ਕਵਨੁ ਅਸਥਾਨੁ ਜੋ ਕਬਹੁ ਨ ਟਰੈ॥ ਕਵਨੁ ਸਬਦੁ ਜਿਤੁ ਦੁਰਮਤਿ ਹਿਰੈ॥ ਰਹਾਉ॥
ਪ੍ਰਿਥਮੇ ਗਰਭਵਾਸ ਤੇ ਟਰਿਆ॥ ਪੁਤ੍ਰ ਕਲਤ੍ਰ ਕਟੰਬ ਸਿਉ ਜਰਿਆ॥
ਭੋਜਨੁ ਅਨੇਕ ਪਰਕਾਰ ਬਹੁ ਕਪਰੇ॥ ਸਰਿਪਰਿ ਗਵਨੁ ਕਰਹੁਗੇ ਬਪੁਰੇ॥੧॥
ਇੰਦ੍ਰ ਪੁਰੀ ਮਹਿ ਸਰਿਪਰਿ ਮਰਣਾ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥
ਸਿਉ ਪੁਰੀ ਕਾ ਹੋਵੈਗਾ ਕਾਲੋ॥ ਤ੍ਰੈ ਗੁਣ ਆਇਆ ਬਿਨਸੈ ਬੇਤਾਲੋ॥੨॥
ਗਿਰਭਰ ਧਰਨ ਗਗਨ ਅਰੁ ਤਾਰੇ॥ ਰਵਿ ਸਸਿ ਪਵਨ ਪਾਵ੍ਕ ਨਿਰਾਰੇ॥
ਦਿਨਸੁ ਰੈਣਿ ਬਰਤ ਅਰੁ ਭੇਦਾ॥ ਸਾਸਤ ਸਿੰਮ੍ਰਿਤ ਬਿਨਸਹਿਗੇ ਬੇਦਾ॥੩॥
ਤੀਰਥ ਬੇਦੇ ਦੇਹੁਰਾ ਪੋਥੀ॥ ਮਾਲਾ ਤਿਲਕੁ ਸੋਚ ਪਾਕ ਹੋਤੀ॥

---

ਮੇਲਿ ਮਿਲਾਏ ਸੁੋ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥ ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥ ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥ ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥ ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥ ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥ ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥ ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥ ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥ ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥

[997] ਇਹ ਪਾਠ ੲ : ਸ ਵਿਚ ਦਰਜ ਨਹੀਂ ਹੈ

[998] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[999] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[1000] ਇਹ ਗੁਰਬਾਣੀ ਨਹੀਂ ਹੈ।

ਧੋਤੀ ਡੰਡਉਤਿ ਪਰਸਾਦਿ ਅਰ ਭੋਗਾ॥ ਗਵਨੁ ਕਰਹਿਗੇ ਸਗਲੇ ਲੋਗਾ॥੪॥

ਜਾਤਿ ਬਰਨੁ ਤੁਰਕ ਅਰੁ ਹਿੰਦੂ॥ ਪਸੁ ਪਰੇਤ ਅਨੇਕ ਜੋਨਿ ਜਿੰਦੂ॥

ਸਗਲ ਪਸਰਾ ਦੀਸੈ ਪਾਸਾਰਾ॥ ਬਿਨਸ ਜਾਇਗੋ ਸਗਲ ਅਕਰਾ॥੫॥ (ਗੁ.ਗ੍ਰੰ.ਸਾ. ਪੰਨਾ ੨੩੭)

ਤਬ ਸਿਧੀ ਆਦੇਸੁ [1001]ਆਦੇਸੁ[1001] ਕੀਤਾ।ਤਬ ਬਾਬਾ ਬੋਲਿਆ ਆਦਿ ਪੁਰਖ ਕਉ ਆਦੇਸੁ। ਤਬ ਗੁਰੂ ਬਾਬਾ ਘਰਿ ਆਇਆ।

°/°° [[1002]] ਆਗਿਆ ਪਰਮੇਸਰ ਕੀ ਹੋਈ ਜੋ ਇਕੁ ਸਿਖੁ ਜਾਤਿ ਭਲਾ॥ ਖਡੂਰ ਵਿਚਿ ਗੁਰੂ ਗੁਰੂ ਜਪੈ। ਅਤੈ ਹੋਰੁ ਸਾਰਾ ਖਡੂਰ ਦੁਰਗਾ ਨੂ ਮੰਨੇ। ਅਤੈ ਉਸ ਸਿਖ ਦੇ ਨਾਲਿ ਸਭ ਖੇਚਰੀ ਕਰਨਿ॥ **ਤਿਹਣਾ**[1003] ਦੇ ਮਹਲੈ ਰਹੈ॥ ਤਿਸਦਾ ਪੁਜਾਰੀ **ਲਹਣਾ ਰਾਹੈ**[1004] ॥ ਤਬ ਇਕ ਦਿਨਿ ਉਹੁ ਸਿਖੁ [1005]ਬੈਠਾ[1005] ਜਪੁ ਪੜਦਾ ਥਾ॥ ਤਬ ਗੁਰੂ ਅੰਗਦਿ ਜੀ ਸੁਣਿਆ॥ ਸੁਣ ਕਰਿ ਪੁਛਿਆ ਜੋ ਏਹੁ ਸਬਦੁ ਕਿਸ ਦਾ ਹੈ। ਤਬ ਉਹੁ ਸਿਖੁ ਬੋਲਿਆ॥ ਆਖਿਓਸ **ਜੀ**[1006] ਏਹੁ ਸਬਦੁ [1007]ਗੁਰੂ[1007] ਨਾਨਕ ਦਾ ਹੈ। ਤਦਾਹ ਗੁਰੂ ਅੰਗਦ ਜੀ ਉਸ ਸਿਖ ਦੇ ਨਾਲਿ ਰਲਿ ਆਇਆ॥ ਆਇ [[1008]] ਪੈਰੀ ਪਇਆ॥ ਦਰਸਨੁ ਦੇਖਣੇ ਨਾਲੇ ਹਥਹੁ ਪੈਰਹੁ ਘੁੰਘਰੂ ਤੋੜਿ ਸੁਟਿਆਸੁ॥ ਗੁਰੂ ਗੁਰੂ ਲਗਾ ਜਪਣਿ। ਟਹਲ ਕਰਣਿ ਆਵੈ॥ ਭਾਂਡੈ ਮਾਂਜੈ ਪਖਾ ਫੇਰੈ।

ਤਬ ਇਕ ਦਿਨ ਗੁਰੂ ਅੰਗਦ ਜੀ ਪਿਛਲੀ ਰਾਤਿ ਗਏ॥ [1009]ਜਾ ਕੇ[1009] ਦੇਖੈ ਤਾ ਸੂਹੇ ਬਸਤ੍ਰ ਪੈਧੇ ਬੈਠੀ ਇਸਤ੍ਰੀ ਚਿਕਦੀ ਹੈ। ਤਬ ਗੁਰੂ ਅੰਗਦ [1010]ਜੀ**[1010]** ਬੇਨਤੀ ਕੀਤੀ॥ਜੋ ਜੀ ਏਹੁ ਕਉਣੁ ਥੀ ਪਾਤਸਾਹ॥ ਤਬ ਬਾਬੈ ਆਖਿਆ ਅੰਗਦਾ ਏਹੁ ਦੁਰਗਾ ਥੀ ਸੋ ਅਠਵੈ ਦਿਹਾੜੈ ਗੁਰੂ ਕੀ ਸੇਵਾ ਕਰਣਿ ਆਵਦੀ ਹੈ। ਤਬ ਗੁਰੂ ਅੰਗਦ ਪੈਰੀਂ ਪਇਆ। ਤਬ ਆਗਿਆ ਪਰਮੇਸਰ ਕੀ ਨਾਲਿ॥ ਇਕ ਦਿਨਿ ਬਾਬੇ ਕਾ ਪੈਰੁ ਹਲਦਾ ਥਾ। ਜਬ ਗੁਰੂ ਅੰਗਦੁ ਦੇਖੈ ਤਾ ਕਈ ਜੀਅ ਪੈਰਾ ਨਾਲਿ [**[1011]**] ਵਿਦਾ ਹੋਦੇ ਹੈਨਿ।ਤਦਹੁ ਗੁਰੂ ਅੰਗਦ ਨੂ ਇਕ ਦਿਨਿ **ਸਾਹੁਰਿਓ[1012]** ਕਪੜੈ ਆਏ॥ ਤਬ ਗੁਰੂ ਅੰਗਦ [1013]ਜੀ**[1013]** ਜੋੜਾ ਲਾਇਆ। ਤਬ ਗੁਰੂ ਬਾਬੈ ਜੀ ਕੀ ਆਗਿਆ ਹੋਈ ਜਾਹਿ ਘਾਸੁ ਲੈ ਆਉ। ਤਬ ਗੁਰੂ ਅੰਗਦੁ ਜੀ ਘਾਸੁ ਲੈ ਆਇਆ॥ ਧਾਈਆ ਵਿਚਹੁ। ਤਬ

---

[1001] ਇਹ ਪਾਠ ਹ ਵਿਚ ਦਰਜ ਨਹੀਂ

[1002] ਹ: ੫੩.ਸ੍ਰੀ ਲਹਿਣਾ ਪ੍ਰੀਖਿਯਾ, ਦਾਸੀ ਤੁਲਸਾਂ

[1003] ੲ: ਤਿਹਾੜੇ

[1004] ੲ:ਸ: ਲੰਘਣਾ ਗਹੈ

[1005] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[1006] ਹ: ਜੋ

[1007] ਇਹ ਪਾਠ ਹ ਵਿਚ ਦਰਜ ਨਹੀਂ

[1008] ੲ: ਗੁਰੂ ਬਾਬੇ ਕੈ

[1009] ਇਹ ਪਾਠ ਹ ਵਿਚ ਦਰਜ ਨਹੀਂ

[1010] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[1011] ੲ: ਸ: ਗੁਪਤੁ

[1012] ੲ : ਸ: ਸਹਰਹੁ

[1013] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਕਪੜੇ ਸਭੇ ਚਿਕੜ ਨਾਲਿ ਭਰੇ। ਤਾ ਮਾਤਾ ਜੀ ਡਿਠਾ। ਤਬ ਬਾਬੇ ਨੂੰ ਕਲਪਣਿ ਲਾਗੀ॥ ਆਖਿਓਸ ਨਾਨਕ ਤੈ ਇਹੁ ਭੀ ਗਵਾਇਆ॥ ਸੰਸਾਰ ਦਿਹੁ ਕੰਮਹ॥ ਪੁਤ੍ਰ ਪਰਾਇਆ। ਜੋ ਕਪੜਿਆ ਉਪਰਿ ਚਿਕੜੁ ਪਾਇ ਲੈ ਆਇਆ। ਤਬ ਬਾਬਾ ਹਸਿਆ॥ ਆਖਿਓਸੁ ਮਾਤਾ ਏਹੁ ਚਿਕੜੁ ਨਾਹੀ॥ ਇਹੁ ਚੰਦਨੁ ਹੈ॥ ਦੀਨ ਦੁਨੀਆ ਕਾ। ਤਬ ਮਾਤਾ ਜੀ ਚੁਪ ਕਰਿ ਰਹੀ। ਤਬ ਬਾਬਾ ਜੀ ਜਾਇ ਸੁਤਾ।[1014]ਜਬ[1014] ਰਸੋਈ ਕਾ ਵਖਤੁ ਹੋਇਆ ਤਬ ਬਾਂਦੀ ਲਗੀ ਜਗਾਵਣਿ। ਤਬ ਬਾਬੇ ਦੇ ਚਰਣ ਜੀਭ ਨਾਲਿ ਚਟਿਆਸੁ। ਚਟਣੇ ਨਾਲਿ ਜਬ ਦੇਖੈ ਤਾ ਬਾਬਾ ਜੀ ਸਮੁੰਦ੍ਰ ਵਿਚ ਖੜਾ ਹੈ। ਸਿੱਖਾਂ ਦਾ ਬੋਹਿਥ [1015]ਨਾਲਿ ਧਾਕਾ ਦੇਦਾ ਹੈ**[1015]**॥ ਕਢਦਾ ਹੈ॥ ਤਬ ਮਾਤਾ ਭੀ ਆਇ ਗਈ। ਤਾ ਮਾਤਾ ਆਖਿਓਸੁ ਨਾਨਕ ਜਾਗਿਆ ਹੈ॥ ਤਬ ਬਾਂਦੀ ਆਖਿਓਸੁ ਨਾਨਕ ਏਥੈ ਨਾਹੀ॥ [1016]ਮਾਤਾ ਜੀ**[1016]**॥ [[1017]] ਸਮੁੰਦ੍ਰ ਵਿਚਿ ਖੜਾ ਹੈ। [[1018]] ਤਾ ਮਾਤਾ ਬਾਂਦੀ ਜੋਗੁ ਲਗੀ ਮਾਰਣਿ। ਆਖਿਓਸੁ ਏਹ ਭੀ ਲਗੀ ਮਸਕਰੀਆ ਕਰਣਿ। ਤਬ ਬਾਬਾ ਜਾਗਿਆ ਤਾ ਮਾਤਾ ਆਖਿਆ॥ ਬੇਟਾ ਇਹ ਭੀ ਗੋਲੀ ਲਗੀ ਮਸਕਰੀਆ ਕਰਣਿ॥ ਆਖੈ ਜੁ ਨਾਨਕੁ ਸਮੁੰਦਰ ਵਿਚ ਖੜਾ ਹੈ। ਤਬ ਬਾਬੈ ਆਖਿਆ॥ ਮਾਤਾ ਜੀ ਕਮਲੀ ਗੋਲੀ ਦੈ ਆਖਿਐ ਲਗਣਾ ਨਾਹੀ। ਤਬ ਬਾਂਦੀ ਕਮਲ਼ੀ ਹੋਇ ਗਈ। ਪਰ ਦਰਸਨ ਕਾ ਸਦਕਾ ਸੰਗਤਿ ਰਲੀ ਤਬ ਲੋਕ ਬਹੁਤ ਨਾਉ ਧਰੀਕ ਹੋਏ।

°/°° [[1019]] ਤਦਹੁ ਆਗਿਆ ਨਾਲ ਗੋਰਖਨਾਥੁ ਆਇ ਗਇਆ ਬਾਬੇ ਪਾਸਿ॥ [1020]ਤਾ**[1020]** ਆਖਿਓਸੁ ਬਹੁਤ ਪਸਾਰਾ ਕੀਤੋਹੀ॥ ਤਬ ਬਾਬੈ ਆਖਿਆ ਗੋਰਖਨਾਥ ਅਸਾਡੈ ਕੋਈ ਹੋਵੈਗਾ ਤਾ ਅਪੇ ਦੇਖਹੁਗੈ ਤਬ ਬਾਬਾ ਜੀ ਬਾਹਿਰਿ ਆਇਆ ਤਾ ਲੋਕ ਨਾਉ ਧਰੀਕ ਪਿਛੇ ਬਹੁਤ ਲਾਗੇ। ਤਾ ਆਗਿਆ ਨਾਲਿ ਧਰਤੀ ਪੈਸਿਆ ਕੀ ਹੋਈ।[1021]ਤਬ**[1021]** ਬਹੁਤ ਲੋਕ ਪੈਸੇ ਲੈਕਰਿ ਉਠਿ ਆਏ। ਜੋ ਆਗੈ ਜਾਵਨਿ ਤਾ ਰੁਪਾਈਏ ਪਏ ਹੈਨਿ। ਤਾ ਬਹੁਤੁ ਲੋਕ ਰੁਪਈਯੇ ਲੈਕਰਿ ਉਠ ਆਏ। ਜਬ ਅਗੈ **ਜਾਵਨਿ**[1022] ਤਾ ਮੁਹਰਾਂ [[1023]] [1024]ਪਈਆਂ ਹੈਨਿ**[1024]**॥ ਜੋ ਕੋਈ ਰਹਿਆ ਥਾ ਸੋ ਮੁਹਰਾਂ ਲੇਕਰਿ ਉਠਿ ਆਇਆ। ਤਦ ਦੁਇ ਸਿਖ ਨਾਲ ਰਹੈ। ਤਬ ਆਗੈ ਜਾਵਨਿ ਤਾ ਇਕੁ ਚਿਖਾ [1025]ਜਲਦੀ**[1025]** ਹੈ॥ ਤਿਸ ਕੇ ਉਪਰਿ ਚਾਰਿ ਚਰਾਗਿ ਜਲਦੇ ਹੈਨਿ॥ ਅਤੇ ਚਾਦਰ ਤਾਣੀ ਮੁਰਦਾ ਸੁਤਾ ਪਇਆ ਹੈ॥ ਪਰੁ ਦੁਰਗੰਧੁ ਬਾਸੁ ਆਵਦੀ ਹੈ। ਤਬ ਬਾਬੈ ਬਚਨ ਕੀਤਾ॥ ਆਖਿਓਸੁ ਕੋਈ [1026]ਹੈ**[1026]** ਜੋ ਇਸ ਨੂੰ ਭਖੈ॥ ਤਬ ਦੂਸਰਾ ਸਿਖੁ ਜੋ ਥਾ॥[1027]ਸੋ**[1027]** **ਉਹਿ**[1028]

---

[1014] ਇਹ ਪਾਠ ਹ ਵਿਚ ਦਰਜ ਨਹੀਂ

[1015] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[1016] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[1017] ਏ : ਸ: ਬਾਬਾ

[1018] ਏ : ਸ : ਜੋ ਆਵੈਗਾ ਤਾਂ ਜਗਾਵਾਂਗੀ

[1019] ਹ: ੫੪. ਲਹਿਣੇ ਤੋਂ ਅੰਗਦ

[1020] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[1021] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[1022] ਏ : ਸ: ਆਵਨਿ

[1023] ਏ : ਕੀ ਧਰਤੀ ਹੈ।

[1024] ਇਹ ਪਾਠ ਏ ਵਿਚ ਦਰਜ ਨਹੀਂ ਹੈ

[1025] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

[1026] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ

ਮੂਹੁ ਫੇਰਿ ਕਰਿ ਥੁਕੁ ਸੁਟੀ॥ਥੁਕਾ ਸੁਟਿ ਕਰਿ ਚਲਦਾ ਰਹਿਆ। ਤਬ ਇਕੁ ਗੁਰੂ ਅੰਗਦ ਆਇ ਰਹਿਆ। ਤਬ ਬਚਨੁ ਲੈਕਰਿ [1029] ਜਾਇ ਖੜਾ ਰਹਿਆ। ਤਾ ਆਖਿਓਸੁ ਜੀ ਕਿਸ ਵਲਿ [1030]ਤੇ**[1030]** ਮੁਹੁ ਪਾਈ॥ ਤਬ [**[1031]**] ਬਚਨ ਹੋਇਆ [**[1032]**] ਪੈਰਾ **ਵਲਿ[1033]** ਮੁਹੁ ਪਾਵਣਾ। ਜਬ ਗੁਰੂ ਅੰਗਦ ਚਾਦਰ ਉਠਾਵੈ ਤਾਂ ਗੁਰੂ ਨਾਨਕੁ ਸੁਤਾ ਪਇਆ ਹੈ। ਤਾਂ ਗੋਰਖ [1034] ਕਾ ਬਚਨੁ ਹੋਇਆ ਨਾਨਕ ਤੇਰਾ ਗੁਰੂ ਸੋਈ ਜੋ ਤੇਰੇ ਅੰਗ ਤੇ ਪੈਦਾ ਹੋਵੇਗਾ। ਤਬ ਲਹਿਣੈ ਤੈ ਗੁਰੂ ਅੰਗਦ ਨਾਉ ਰਖਿਆ॥ ਤਾ ਗੋਰਖਨਾਥ ਵਿਦਾ ਹੋਇਆ। ਬਾਬਾ ਡੇਰੈ ਆਇਆ॥ ਤਾ ਲੋਕ ਬਹੁਤੁ ਪਛੋਤਾਵਣਿ ਲਗੈ॥ ਜੋ ਪੈਸਿਆ ਵਾਲੈ ਆਖਦੇ ਹੈਨਿ॥ ਜੇ ਅਗੈ ਜਾਦੈ ਤਾ ਰੁਪਈਐ ਲੈ ਅਵਦੇ। ਅਤੈ ਰੁਪਈਆ ਵਾਲੈ ਆਖਦੇ ਹੈਨਿ॥ ਜੋ ਅਸੀ ਆਗੈ ਜਾਦੇ ਤਾ ਮੁਹਰਾ ਲੈ ਆਵਦੇ। ਤਬ ਬਾਬਾ ਬੋਲਿਆ ਸਬਦ॥ ਰਾਗੁ ਸ੍ਰੀਰਾਗ ਵਿਚ ਮ: ੧॥

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥
ਲੇਖੈ ਵਾਟ ਚਲਾਈਆ ਲੇਖੈ ਸੁਣਿ ਵਖਿਆਉ॥
ਲੈਖੈ ਸਹਾ ਲਵਾਈਅਹਿ ਪੜੈ ਕਿ ਪੁਛਣਿ ਜਾਉ॥੧॥
ਬਾਬਾ ਮਾਇਆ ਰਚਨਾ ਧੋਹੁ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਇਹੁ ਨ ਉਹੁ॥ਰਹਾਉ॥
ਜੀਵਣੁ ਮਰਣਾ ਜਾਇ ਕੈ ਇਥੈ ਖਾਜੈ ਕਾਲਿ॥
ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥
ਰੋਵਣੁ ਵਾਲੈ ਜੇਤੜੈ ਸਭਿ ਬੰਨਹਿ ਪੰਡ ਪਰਾਲਿ॥੨॥
ਸਭੁ ਕੋ ਆਖੈ ਬਹੁਤੁ ਘਟਿ ਨਾ ਆਖੈ ਕੋਇ॥
ਕੀਮਤਿ ਕਿਨੈ ਨ ਪਾਈਐ ਕਹਣਿ ਨ ਵਡਾ ਹੋਇ॥
ਸਚਾ ਸਾਹਿਬੁ ਏਕੁ ਤੂ ਹੋਰਿ ਜੀਆ ਕੇਤੇ ਲੋਇ॥੩॥
ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਹਿ ਉਥੈ ਨਦਰਿ ਤੇਰੀ ਬਖਸੀਸ ॥੪॥੩॥( ਗੁ.ਗ੍ਰੰ.ਸਾ. ਪੰਨਾ ੧੫)

---

[1027] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[1028] ਏ : ਸ : ਉਨਿ
[1029] ਏ:ਸ :ਚਿਖਾ ਉਪਰਿ
[1030] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[1031] ਏ:ਸ : ਗੁਰੂ ਬਾਬੈ
[1032] ਏ:ਸ : ਜੋ
[1033] ਏ : ਵਲੋ
[1034] ਏ:ਸ : ਨਾਥ

੦/੦੦ [1035] ਤਬ ਇਕ ਦਿਨ ਪਰਮੇਸਰ ਕੀ ਆਗਿਆ ਹੋਈ ਜੋ ਮਖਦੂਮ ਬਹਾਦਵੀ ਮੁਲਤਾਨ ਕਾ ਪੀਰੁ **ਮਸੀਤ**[1036] ਕਉ **ਆਇਆ**[1037] ਥਾ॥ ਈਦਰਗਾਹ ਕੈ ਦਿਨਿ॥ ਮੁਰੀਦ ਲੋਕ ਬਹੁਤੁ ਨਾਲਿ ਆਏ ਥੇ॥ ਨਮਾਜ਼ ਗੁਜਾਰਿਣ।[1038] ਤਦਹੁ ਮਖਦੂਮ ਬਹਾਵਦੀ ਕੀ ਅਖੀ ਭਰਿ ਆਈਆ॥ [1039]ਅੰਝੂੰ[1039] ਲਗਾ ਬੈਰਾਗੁ ਕਰਣਿ। ਤਬ ਮੁਰੀਦਾ ਪੁਛਿਆ ਜੋ ਜੀਵੈ ਪੀਰ ਸਲਾਮਤਿ [1040]ਸੁ[1040] ਤੁਸੀ ਜੋ ਰੋਏ ਸੋ ਕਿਉ ਰੋਏ॥ ਤਬ ਮਖਦੂਮ ਬਹਾਵਦੀ ਆਖਿਆ॥ ਏ ਬੰਦਿਓ ਖੁਦਾਇ ਕਿਓ ਇਹ ਬਾਤਿ ਕਹਣੇ ਕੀ ਨਾਹੀ। ਤਾ ਮੁਰੀਦਾ ਆਖਿਆ ਜੀਵੈ ਪੀਰ ਸਲਾਮਤਿ ਮਿਹਰਿ ਕਰਕੈ ਆਖੀਐ। ਤਬ ਮਖਦੂਮ ਬਹਾਵਦੀ ਆਖਿਆ [1041]ਏ[1041] ਯਾਰੋ ਆਜ ਤੇ ਈਮਾਨ ਕਿਸੈ ਕਾ [1042]ਠਉੜ[1042] ਰਹੈਗਾ ਨਾਹੀ ਸਭ ਬੇਈਮਾਨ ਹੋਇ ਜਾਵਨਿਗੇ॥ਤਬ ਮੁਰੀਦਾ ਕਹਿਆ॥ ਜੀਵੈ ਪੀਰ ਸਲਾਮਤਿ ਮਿਹਰ ਕਰਕੈ ਦਸੀਐ। ਤਬ ਮਖਦੂਮ ਬਹਾਵਦੀ ਆਖਿਆ॥ [1043] ਯਾਰੋ ਇਕ ਹਿੰਦੂ [1044]ਜਬ[1044] ਭਿਸਤ ਕਉ ਆਵੈਗਾ। ਤਬ ਭਿਸਤ [1045]ਵਿਚ[1045] ਉਜਾਲਾ ਹੋਵੇਗਾ। ਤਬ ਜਿਤਨੇ ਸਿਆਣੇ ਥੇ ਤਿਤਿਨਿਆ ਕਾ ਈਮਾਨ ਠਉੜ ਨ ਰਹਿਆ॥ ਤਾ ਲਗੈ ਆਖਣਿ ਜੀਵੈ ਪੀਰ ਸਲਾਮਤਿ। ਜੋ ਪੜੇ ਲੋਕ ਆਖਦੇ ਹਿਨਿ ਜੋ ਹਿੰਦੂ ਕਉ ਭਿਸਤੁ ਲਿਖਿਆ ਨਾਹੀ॥ ਅਤੈ ਤੁਸਾ ਇਉ ਆਖਿਆ ਹੈ ਸੋ ਕਿਉ ਕਰਿ ਜਾਣੀਐ।ਤਬ ਮਖਦੂਮ ਬਹਾਵਦੀ ਆਖਿਆ॥ ਜੋ ਤੁਸਾ ਵਿਚਿ ਕੋਈ ਭਲਾ ਪੜਿਆ ਸਿਆਣਾ ਹੋਵੈ ਸੋ ਲੈ ਆਵਹੁ॥ ਤਬ ਉਨਾ ਇਕੁ ਇਲਮਾਵਾਨੁ ਹਾਜਰੁ ਕੀਤਾ॥ ਤਬ ਮਖਦੂਮ ਬਹਾਵਦੀ ਇਕੁ ਸਲੋਕੁ ਲਿਖਿ ਦਿਤਾ॥

ਜੋ ਅਸਾ ਲਦਣ ਲਦਿਆ ਅਸਾਡੀ ਕਰਿ ਕਾਇ॥[1046]

ਅਤੈ ਮੁਹੋ ਆਖਿਓਸ [1047]ਜੋ[1047] ਨਾਨਕ [1048]ਨਾਉ ਹੈ ਸੁ[1048] ਦਰਵੇਸ **ਕਾ**[1049]**।** ਤਲਵੰਡੀ ਰਹਦਾ ਹੈ। [1050] [1051]ਜਬ ਮਾਗੈ ਤਾ ਦੇਵਨਾ[1051]।ਤਦਹੁ **[1052]** ਆਦਮੀ ਤਲਵੰਡੀ ਆਇਆ॥ ਕੋਹਾਂ ਦੁਹੁੰ ਉਪਰਿ ਆਇ

---

[1035] ਹ: ਪਪ. ਮਖਦੂਮ ਬਹਾਵਦੀਂ ਦਾ ਚਲਾਣਾ
[1036] ਏ:ਸ: ਮਹਜਦ
[1037] ਏ:ਗਇਆ
[1038] ਏ:ਸ: ਕਾਜੀ ਮੁੰਲਾ ਸਈਯਦ ਸੇਖਜਾਦੇ
[1039] ਇਹ ਪਾਠ ਏ ਵਿਚ ਦਰਜ ਨਹੀਂ ਹੈ
[1040] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[1041] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[1042] ਇਹ ਪਾਠ ਏ ਵਿਚ ਦਰਜ ਨਹੀਂ ਹੈ
[1043] ਏ:ਸ: ਏ
[1044] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[1045] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[1046] ਇਹ ਗੁਰਬਾਣੀ ਨਹੀਂ ਹੈ
[1047] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[1048] ਇਹ ਪਾਠ ਏ: ਸ ਵਿਚ ਦਰਜ ਨਹੀਂ ਹੈ
[1049] ਏ :ਸ : ਥਾ
[1050] ਏ:ਸ: ਜਬ ਮਾਘੁ ਅਤੈ ਦੀਵਾਲੀ ਥੀ
[1051] ਇਹ ਪਾਠ ਏ:ਸ ਵਿਚ ਦਰਜ ਨਹੀਂ ਹੈ
[1052] ਏ:ਸ: ਉਹੁ

ਬੈਠਾ॥ [1053]ਅਤੈ[1053] ਆਖਿਓਸੁ ਜੇ ਸਚੁ ਹੈ ਤਾ ਮੈ ਕਉ ਸਦਾਇ ਲੇਵੈਗਾ। ਤਬ ਬਾਬੈ ਸਿਖ ਭੇਜਿਆ ਆਖਿਓਸੁ ਬਾਗ ਵਿਚਿ ਜੋ ਆਦਮੀ ਹੈ ਸੋ ਮੁਲਤਾਨ ਤੇ ਆਇਆ ਹੈ॥ਮਖਦੂਮ ਬਹਾਵਦੀ ਕਾ ਸੋ ਸਦਿ ਲੈ ਆਉ। ਤਬ ਉਹੁ ਗੁਰੂ ਪਾਸਿ ਲੈਇ ਆਇਆ।ਆਇ [[1054]] ਪੈਰ ਚੁਮਿਆਸੁ। ਕਾਗਦੁ ਗੁਰੂ ਮੰਗਿ ਲਇਆ। ਮਖਦੂਮ ਬਹਾਵਦੀ ਕਾ ਲਿਖਿਆ [[1055]] ਪੜਿਆ। ਜੋ ਮਖਦੂਮ ਬਹਾਵਦੀ ਲਿਖਿਆ ਹੈ॥

ਜੋ ਅਸਾ ਲਦਣੁ ਲਦਿਆ ਅਸਾਡੀ ਕਰਿ ਕਾਇ॥

ਤਬ ਬਾਬੈ ਲਿਖਿਆ ਸਲੋਕ ਉਸਕੇ ਸਲੋਕ ਉਪਰਿ ਕੀਤਾ॥

ਜੋ ਭਰਿਆ ਸੋ ਲਦਸੀ, ਸਭਨਾ ਹੁਕਮੁ ਰਜਾਇ॥

ਨਾਨਕ ਤੇ ਮੁਖ ਉਜਲੇ ਚਲੇ ਹਕੁ ਕਮਾਇ॥੧॥[1056]

ਤਬ ਬਾਬੈ ਮੁਕਤੁ ਮੁਕਤੁ ਮਖਦੂਮ ਬਹਾਵਦੀ ਕਉ ਲਿਖਿਆ ਜੋ ਤੁਸੀ ਚਲਹੁ ਅਸੀ ਭੀ ਆਵਹਗੇ॥ ਚਾਲੀਹ ਦਿਨਿ ਪਿਛੈ॥

ਤਿਤੁ ਮਹਲਿ ਸਬਦੁ ਹੋਇਆ॥ ਰਾਗ ਸ੍ਰੀਰਾਗ ਵਿਚਿ ਮ : ੧ ॥

ਧਨੁ ਜੋਬਨ ਨ ਉਹੁ ਲੜਾ ਨਾਠੀਅੜੇ ਦਿਨਿ ਚਾਰਿ॥
ਪਬਣ ਕੇਰੇ ਪਤ ਜਿਉ ਭੁਰਿ ਭੁਰਿ ਉਡਣਹਾਰ॥੧॥
ਹਰਿ ਰੰਗੁ ਮਾਨਿ ਲੈ ਪਿਆਰਿਆ ਜਾ ਜੋਬਨੁ ਨ ਉਹੁ ਲੜਾ॥
ਦਿਨ ਥੋੜੜੈ ਥਕੇ ਭਇਆ ਪਰਾਣਾ ਚੋਲਾ॥
ਕੰਤ ਅਸਾਡੇ ਰੰਗੁਲੈ ਜਾਇ ਸੁਤੇ ਜੀਰਾਣਿ॥
ਹੰਭੀ ਵੰਞਾ ਡੁਮਣੀ ਲੇਦੀ ਝੀਣੀ ॥੨॥
ਕਿਉ ਨ ਸੁਣੇਹੀ ਗੋਰੀਏ ਆਪਣੀ ਕੰਨੀ ਸੋਇ ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥੩॥
ਜੇ ਜਾਣਾ ਤਿਲ ਡੁਲਣੇ ਸੰਮਲਿ ਗੋਦ ਭਰੀ॥
ਜੇ ਜਾਣਾ ਉਠ ਚਲਣਾ ਥੋੜਾ ਮਾਣੁ ਕਰੀ॥
ਨਾਨਕ ਰਤੀ ਪੇਈਐ ਜਾਣੁ ਵਿਰਤੀ ਸਨਿ॥
ਗੁਣਾਗਵਾਈ ਗੀਠੜੀ ਅਉਗਣ ਚਲੀ ਬਨਿ॥੪॥(ਗੁ.ਗ੍ਰੰ.ਸਾ. ਪੰਨਾ ੨੩)

ਤਬ ਓਹੁ ਆਦਮੀ ਮੁਲਤਾਨ ਗਇਆ। ਤਦਹੁ ਮਖਦੂਮ ਬਹਾਵਦੀ ਆਪਣਿਆ ਮੁਰੀਦਾ ਨਾਲਿ ਬਾਹਰਿ [1055]ਆਇਆ । ਅਗਹੁ ਓਹੁ ਇਕੁ ਨਾਉ ਲੈ ਆਇਆ। ਤਬ ਮਖਦੂਮ ਬਹਾਵਦੀ ਦੇਖਿ ਕਰਿ[1057]

[1053] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[1054] ੲ: ਕੈ

[1055] ੲ: ਅਤੇ

[1056] ਇਹ ਗੁਰੂਬਾਣੀ ਨਹੀਂ ਹੈ

ਲਾਗਾ ਬੈਰਾਗੁ ਕਰਣਿ। ਤਬ ਮੁਰੀਦਾ ਪੁਛਿਆ॥ਜੀ ਤੁਸੀ ਕਿਉ ਰੋਇ॥ ਤਬ ਮਖਦੂਮ ਬਹਾਵਦੀ ਆਖਿਆ॥ ਯਾਰੋ ਅਸਾਂ ਲਿਖਿਆ ਆਹਾ॥ ਜੋ ਤੁਸੀ ਚਲਹੁ ਤਾ ਨਾਲ ਚਲਹ ਇਕਠੇ॥ ਖੁਦਾਇ ਕੀ ਦਰਗਾਹਿ ਜਾਵਹਿ।ਤਾ ਓਨਾ ਆਗਿਆਹੁ ਲਿਖਿਆ ਹੈ॥ ਜੋ ਤੁਸੀ ਚਲਹੁ ਅਸੀ ਭੀ ਆਵਹਗੇ ਚਾਲੀਹ ਦਿਨ ਪਿਛਹੁ।ਤਾ ਯਾਰੋ ਅਸਾ ਓਨਾ ਚਾਲੀਹ ਦਿਨਾ ਕਾ ਫਿਕੁਰ ਹੈ॥ ਜੋ ਚਾਲੀਹ ਦਿਨ ਅੰਨੇਰੇ ਰਹਿਣਾ ਹੋਵੇਗਾ। [1057]ਏ ਯਾਰੋ**[1058]** ਉਨਾ ਦਿਨਾ ਮੈਂ ਨੂੰ ਰੋਦਾ ਹਾ॥ ਜੋ ਕਿਉ ਕਿਰਿ ਗੁਦਰਾਨੁ ਹੋਵਨਿਗੇ । ਜੇ ਉਹੁ ਚਲਦੇ ਤਾ ਸੁਖਾਲੇ ਚਾਨਣੇ [1058]ਨਾਲਿ**[1059]** ਜਾਦੇ। ਤਬ ਮਖਦੂਮ ਬਹਾਵਦੀ ਕਾ ਚਲਾਣਾ ਹੋਇਆ। ਤਦਹੁ ਮੁਰੀਦਾ ਲੋਕਾ ਦੇ ਦਿਲਿ ਕਰਾਰੁ ਆਇਆ।

੦/੦੦[[1060]] **[1061]**ਤਬ ਬਾਬਾ ਜੀ ਰਾਵੀ ਦੇ ਕਿਨਾਰੇ ਆਇਆ। ਤਦਹੁੰ ਪੈਸੇ ਪੰਜਿ ਬਾਬੇ ਜੀ ਗੁਰੂ ਅੰਗਦ ਜੀ ਕੇ ਅਗੈ ਰਖਿਕੇ ਪੈਰੀ ਪਇਆ**[1061]** । ਤਦਹੁੰ ਪਰਵਾਰ ਵਿਚਿ ਖਬਰਿ ਹੋਈ ਤਾਂ ਸਰਬਤਿ [1062]ਸੰਗਤਿ**[1062]** ਵਿਚਿ [1063]ਖਬਰਿ**[1063]** ਹੋਈ॥ ਜੋ ਗੁਰੂ ਬਾਬਾ ਚਲਾਣੈ ਦੇ ਘਰ ਹੈ । [1064]ਤਦਹੁ ਸੰਗਤੀ ਦਰਸਨਿ ਆਈ॥ ਹਿੰਦੂ ਮੁਸਲਮਾਨ ਸਭ ਆਏ[1064]॥ ਤਦਹੁ ਗੁਰੂ ਅੰਗਦੁ ਹਥਿ ਜੋੜ ਖੜਾ ਹੋਆ॥ਤਬ ਬਾਬੈ ਆਖਿਆ॥ ਕੁਛੁ ਮੰਗੁ॥ ਤਬ ਗੁਰੂ ਅੰਗਦੁ [1065]ਜੀ**[1065]** ਆਖਿਆ॥ [1066]ਜੀ ਪਾਤਿਸਾਹੁ ਤੁਧੁ ਭਾਵੈ ਤਾ ਏਹ**[1066]** ਜੋ ਸੰਗਤਿ ਨਾਲਹੁੰ ਤੁਟੀ ਹੈ ਸੋ ਲੜਿ ਲਾਈਐ ਜੀ। ਤਬ ਬਚਨੁ ਹੋਇਆ॥ ਗੁਰੂ ਅੰਗਦ ਨੂ ਜੋ ਤੇਰਾ ਸਦਕਾ ਸਭ ਬਖਸੀ। ਤਬ ਗੁਰੂ ਅੰਗਦੁ ਪੈਰੀ ਪਇਆ। ਤ੍ਰਿਤੁ ਮਹਲਿ ॥ਸਬਦੁ ਹੋਇਆ ॥ ਰਾਗ ਮਾਝ ਵਿਚ [1067]ਮਹਲਾ ੧[1067]॥

ਓਤਿ ਪੋਤਿ ਸੇਵਕ ਸੰਗਿ ਰਾਤਾ ॥
ਪ੍ਰਭ ਪ੍ਰਤਿਪਾਲੈ ਸੇਵਕ ਸੁਖਦਾਤਾ ॥
ਪਾਣੀ ਪਖਾ ਪੀਸਉ ਸੇਵਕੁ ਕੈ ਠਾਕੁਰ ਹੀ ਕਾ ਹੁਰੁ ਜੀਉ॥੧॥
ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥
ਹੁਕਮੁ ਠਾਕੁਰ ਕਾ ਸੇਵਕ ਮਨਿ ਭਾਇਆ॥
ਸੋਈ ਕਮਾਵੈ ਜੇ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ॥੨॥
ਤੂ ਦਾਨਾ ਠਾਕੁਰ ਸਾਹਿਬੁ ਸਭ ਬਿਧਿ ਜਾਣਹੇ ॥

---

[1057] ਇਹ ਪਾਠ ੲ ਵਿਚ ਦਰਜ ਨਹੀਂ ਹੈ
[1058] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[1059] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[1060] ਹ: ਪ੫. ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ
[1061] ਇਹ ਪਾਠ ੲ ਵਿਚ ਦਰਜ ਨਹੀਂ ਹੈ
[1062] ਇਹ ਪਾਠ ੲ ਵਿਚ ਦਰਜ ਨਹੀਂ ਹੈ
[1063] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ
[1064] ਇਹ ਪਾਠ ਹ ਵਿਚ ਦਰਜ ਨਹੀਂ
[1065] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ
[1066] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ
[1067] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ

ਠਾਕੁਰ ਕੇ ਸੇਵਕ ਹਰਿ ਰੰਗਿ ਮਾਣਹਿ॥

ਜੋ ਕੁਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ॥੩॥

ਅਪੁਨੈ ਠਾਕੁਰਿ ਜੋ ਪਹਿਰਾਇਆ॥

ਬਹੁਰਿ ਨ ਲੇਖਾ ਪੁਛਿ ਬੁਲਾਇਆ॥

ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਸੇਵਕੁ ਗਹਰ ਗੰਭੀਰੁ ਗਉਹਰੁ ਜੀਉ॥੪॥(ਮ:5)

(ਗੁ.ਗ੍ਰੰ.ਸਾ. ਪੰਨਾ ੧੦੧-੧੦੨)

**°/°°** [1068] ਤਦਹੁ ਗੁਰੂ ਬਾਬਾ ਸਰੀਹ ਤਲੈ ਜਾਇ ਬੈਠਾ । ਸਰੀਹ ਸੁਕਾ [1069]ਖੜਾ**[1069]** ਥਾ॥ ਸੋ ਹਰਿਆ ਹੋਆ॥ ਪਾਤ ਫੁਲ ਪਏ। ਤਬੁ ਗੁਰੂ ਅੰਗਦੁ ਪੈਰੀ ਪਇਆ। ਤਬ ਮਾਤਾ ਜੀ ਬੈਰਾਗ ਲਗੀ ਕਰਣਿ॥ਤਿਤੁ ਮਹਿਲਿ ਸਬਦੁ ਹੋਇਆ। ਭਾਈ ਬੰਧੁ ਪਰਵਾਰੁ ਸਭ ਲਗੇ ਰੋਵਣਿ।ਤਦਹੁ ਰਾਗੁ ਵਡਹੰਸ ਵਿਚਿ ਸਬਦੁ ਹੋਇਆ॥ਮ:1॥

ਧਨੁ ਸੰਰਿੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥

ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ॥

ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁਨੇ ਬੀਰ ਸਬਾਏ॥

ਕਾਇਆ ਹੰਸੁ ਥੀਆ ਵਿਛੋੜਾ ਜਾ ਦਿਨ ਪੁੰਨੇ ਮੇਰੀ ਮਾਏ॥

ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ॥

ਧੰਨੁ ਸਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥੧॥

ਸਾਹਿਬੁ ਸਿਮਰਹੁ ਮੇਰੇ ਭਾਈ ਹੋ ਸਭਨਾ ਏਹੁ ਪਇਆਣਾ॥

ਜੋ ਤਿਸੁ ਭਾਵੈ ਸਮਰਥੁ ਸੋ ਥੀਐ ਹੀਲੜਾ ਏਹੁ ਸੰਸਾਰੋ॥

ਜਲਿ ਥਲਿ ਮਹੀਅਲਿ ਰਵਿ ਰਹਿਆ ਸਚੜਾ ਸਿਰਜਣਹਾਰੋ॥

ਸਚ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ॥

ਆਇਆ ਤਿਨ ਕਾ ਸਫਲੁ ਹੈ ਇਕ ਮਨਿ ਜਿਨੀ ਧਿਆਇਆ॥

ਢਾਹੇ ਢਾਹਿ ਉਸਾਰੈ ਆਪੇ ਹੁਕਮੁ ਸਵਾਰਣਹਾਰੋ॥

ਜੋ ਤਿਸੁ ਭਾਵੈ ਸਮਰਥੁ ਸੋ ਥੀਐ ਹੀਲੜਾ ਇਹੁ ਸੰਸਾਰੋ॥੩॥

ਨਾਨਕ ਰੁਨਾ ਬਾਬਾ ਜਾਣੀਐ ਜੋ ਰੋਵੈ ਲਾਇ ਪਿਆਰੋ॥

ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ॥

ਰੋਵਣੁ ਸਗਲ ਬਿਕਾਰੋ ਗਫਲ ਸੰਸਾਰੋ ਮਾਇਆ ਕਾਰਣਿ ਰੋਵੈ॥

ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ॥

ਇਥੈ ਆਇਆ ਸਭ ਕੋ ਜਾਸੀ ਕੂੜਿ ਕਰੈ ਅਹੰਕਾਰੋ॥

ਨਾਨਕ ਰੁੰਨਾ ਬਾਬਾ ਜਾਣੀਐ ਜ਼ੋ ਰੋਵੈ ਲਾਇ ਪਿਆਰੋ॥ (ਗੁ.ਗ੍ਰੰ.ਸਾ. ਪੰਨਾ ੫੭੮-੭੯)

---

[1068] ਹ: ੫੭. ਜੋਤੀ ਜੋਤ ਸਮਾਉਣਾ

[1069] ਇਹ ਪਾਠ ਏ:ਸ ਵਿਚ ਦਰਜ ਨਹੀਂ ਹੈ

ਤਬ ਸੰਗਤਿ ਲਗੀ ਸਬਦੁ ਗਾਵਣਿ ਅਲਾਹਣੀਆ। ਤਬ ਬਾਬਾ ਬਿਸਮਾਦ ਦੈ ਘਰਿ ਆਇਆ। ਤਿਤੁ ਮਹਲਿ ਹੁਕਮੁ ਹੋਇਆ॥ਰਾਗੁ [1070] ਕੀਤਾ॥ਬਾਬਾ ਬੋਲਿਆ ਬਾਰਹਮਾਹ॥ ਰਾਤਿ ਅੰਮ੍ਰਿਤ ਵੇਲਾ ਹੋਆ॥ ਚਲਾਣੇ ਕੈ ਵਖਤਿ॥ ਰਾਗੁ ਤੁਖਾਰੀ [1071] ਬਾਰਹਾ ਮਾਹਾ [1072]ਮਹਲਾ॥੧॥[1072] [1073]

[1074]ਤੂੰ ਸੁਣਿ ਕਿਰਤਿ ਕਰੰਮਾ ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁਤੁ ਭਲਾ॥
ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨ ਘੜੀ ਜ ਜੀਵਾ॥
ਪਿਰਿ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤ ਪੀਵਾ ॥
ਰਚਨਾ ਰਾਚਿ ਰਹੇ ਨਿੰਰਕਾਰੀ ਪ੍ਰਭ ਮਨਿ ਕਰਮ ਸੁਕਮਾ ॥
ਨਾਨਕ ਪੰਥੁ ਨਿਹਾਲੇ ਸਾਧ ਨਿ ਤੂ ਸੁਣਿ ਆਤਮ ਰਾਮਾ॥੧॥
ਬਾਬੀਹਾ ਪ੍ਰਿਉ ਪ੍ਰਿਉ ਬੋਲੈ ਕੋਕਿਲ ਬਾਣੀਆ॥
ਸਾ ਧਨਿ ਸਭਿ ਰਸ ਚੋਲੈ ਅੰਕਿ ਸਮਾਣੀਆ॥
ਹਰਿ ਅੰਕਿ ਸਮਾਣੀ ਜਾ ਹਰਿ ਪ੍ਰਭ ਭਾਣੀ ਸਾ ਸੋਹਾਗਨਿ ਨਾਰੇ॥
ਨਵ ਘਰ ਥਾਪਿ ਮਹਲੁ ਘਰੁ ਊਚਾ ਨਿਜ ਘਰ ਵਾਸੁ ਮੁਰਾਰੇ॥
ਸਭ ਤੇਰੀ ਤੂ ਮੇਰਾ ਪ੍ਰੀਤਮ ਨਿਸਿ ਬਾਸੁਰਿ ਰੰਗਿ ਰਾਵੈ ॥
ਨਾਨਕ ਪ੍ਰਿਉ ਪ੍ਰਿਉ ਚਵੈ ਬਾਬੀਹਾ ਕੋਕਿਲ ਸਬਦਿ ਸੁਹਾਵੈ॥੨॥
ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥
ਮਨਿ ਤਨਿ ਰਵਤ ਰਵੰਨੇ ਘੜੀ ਨ ਵੀਸਰੈ॥
ਕਿਉ ਘੜੀ ਵਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥
ਨਾ ਕੋ ਮੇਰਾ ਹਉ ਕਿਸੁ ਕੇਰੀ ਹਰਿ ਬਿਨੁ ਰਹਣੁ ਨ ਜਾਏ॥
ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ ॥
ਨਾਨਕ ਦ੍ਰਿਸਟਿ ਦਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ॥੩॥
ਵਰਸੈ ਅੰਮ੍ਰਿਤ ਧਾਰਿ ਬੂੰਦ ਸੁਹਾਵਣੀ ॥
ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤ ਬਣੀ॥
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥
ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕਿੰਤ ਵਿਸਾਰੀ॥
ਉਨ ਵਘਨਿ ਛਾਏ ਵਰਸ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥
ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥੪॥
ਚੇਤੁ ਬਸੰਤੁ ਭਲਾ ਭਵਰ ਸੁਹਾਵੜੈ॥

---

[1070] ੲ: ਸ: ਹ ਵਿਚ ਤੁਖਾਰੀ ਦਰਜ ਹੈ।ਪਰ ਆਧਾਰ ਹਥ ਲਿਖਤ ਵਿਚ ਨਹੀਂ।

[1071] ੲ: ਸ:ਹ:: ਛੰਤ ਮਹਲਾ 1

[1072] ਇਹ ਪਾਠ ੲ: ਸ:ਹ ਵਿਚ ਦਰਜ ਨਹੀਂ

[1073] ਹ:੧ਓ ਸਤਿਗੁਰੂ ਪ੍ਰਸਾਦਿ॥

ਬਨਿ ਫੂਲੇ ਮੰਝਿ ਬਾਰਿ ਮੈ ਪਿਰੁ ਘਰਿ ਬਾਹੁੜੈ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਾ ਬੋਰੋਧ ਤਨੁ ਛੀਜੈ॥
ਕੋਕਲਿ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥
ਨਾਨਕ ਚੇਤਿ ਸਹਜੁ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਾਨ ਪਾਏ॥੫॥
ਮਾਹੁ ਵੈਸਾਖ ਭਲਾ ਸਾਖਾ ਵੇਸ ਕਰੇ ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੁਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾ ਦੇਖਿ ਦਿਖਾਵੈ ਢੋਲੋ॥
ਦੂਰਿ ਨ ਜਾਣਾ ਅੰਤ ਰਿਮਾਨਾ ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥੬॥
ਮਾਹੁ ਜੇਠ ਭਲਾ ਪ੍ਰੀਤਮ ਕਿਉ ਵਿਸਰੈ॥
ਥਲ ਤਪਹਿ ਸਿਰ ਭਾਰ ਸਾਧਨ ਬਿਨਉ ਕਰੈ ॥
ਧੰਨ ਬਿਨਉ ਕੁਰੇਂਦੀ ਗੁਣ ਸਰੇਦੀ ਗੁਸਾਰੀ ਪ੍ਰਭ ਭਾਵਾ॥
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥
ਨਾਨਕ ਜੈਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥੭॥
ਮਾਹ ਆਸਾੜੁ ਭਲਾ ਸੂਰਜੁ ਗਗਨਿ ਤਪੈ॥
ਧਰਤੀ ਦੂਖ ਸਹੈ ਸੋਖ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨਿਹਾਰੇ॥
ਰਥੁ ਫਿਰੇ ਛਾਇਆ ਧਨ ਤਾਕੈ ਟੀਡ ਲਵੈ ਮੰਝ ਬਾਰੇ॥
ਅਵਗਣ ਬਾਧ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਮਾਲੇ॥
ਨਾਨਕ ਜਿਸਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥੮॥
ਸਾਵਣਿ ਸਰਸ ਮਨਾ ਘਣ ਵਰਸੈ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ ਜੋ ਪਿਰ ਕੈ ਅੰਕਿ ਸਮਾਵਏ॥੯॥
ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥
ਜਲਿ ਥਲਿ ਨੀਰ ਭਰੇ ਵਰਸੈ ਰੁਤਿ ਰੰਗੁ ਮਾਣੀ॥

ਵਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ ਭੁਇ ਅੰਗ ਮੁ ਫਿਰਹਿ ਡਸੰਤੇ॥
ਮਛਰੁ ਡੰਗ ਸਾਇਰ ਰਸੁ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥
ਨਾਨਕ ਪੂਛਿ ਚਲਉ ਗੁਰ ਅਪਣੈ ਜਹ ਪ੍ਰਭੁ ਤਹਾ ਜਾਇਐ॥੧੦॥
ਆਸੁਨਿ ਆਉ ਪਿਅਰੇ ਸਾ ਧਨ ਝੂਰਿ ਮੁਈ॥
ਤਾ ਮਿਲੀਐ ਪ੍ਰਤਿਮਿ ਮਿਲੈ ਦੂਜੈ ਭਾਇ ਖੁਈ॥
ਝੂਠ ਵਿਗੁਤੀ ਤਾ ਪਿਰੁ ਮੁਤੀ ਕੁਕਹ ਕਾਹਿ ਸਿ ਫੂਲੇ॥
ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤਿ ਮਨੁ ਡੋਲੈ॥
ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥੧੧॥
ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥
ਦੀਪਕੁ ਸਹਜਿ ਬਲੈ ਤਤੁ ਜਲਾਇਆ॥
ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥
ਅਓਗੁਣ ਮਾਰੀ ਮਰੈ ਨ ਸੀਝੈ ਗੁਣ ਮਾਰੀ ਤਾ ਮਰਸੀ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥
ਨਾਨਕ ਮਿਲਹੁ ਕਪਟੁ ਦਰ ਖੋਲਹੁ ਏਕ ਘੜੀ ਖਟੁ ਸਾਸਾ॥੧੨॥
ਮੰਘਰੁ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥
ਨਿਹਚਲੁ ਚਤੁਰੁ ਸੁਜਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥
ਗਿਆਨ ਧਿੰਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮ ਦੁਖੁ ਭਾਗੈ॥
ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰਿ ਆਗੈ॥੧੩॥
ਪੋਖਿ ਤੁਖਾਰ ਪੜੈ ਵਣੁ ਤ੍ਰਿਣੁ ਰਸ ਸੋਖੈ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਸੁਖੇ॥
ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥
ਦਰਸਨੁ ਦੇਖੁ ਦਇਆ ਪਤਿ ਦਾਤੇ ਗਤਿ ਪਾਵਾ ਮਤਿ ਦੇਹੋ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤ ਸਨੇਹੋ॥੧੪॥
ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥
ਸਾਜਨ ਸਹਜਿ ਮਿਲੈ ਗੁਣ ਗਾਇ ਅੰਕਿ ਸਮਾਣਿਆ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥

ਗੰਗ ਜਮੁਨਾ ਤ੍ਰਿਬੇਣੀ ਸੰਗਮ ਸਾਂਤ ਸਮੁੰਦ ਸਮਾਵਾ ॥

ਪੁੰਨ ਦਾਨ ਪੂਜਾ ਪਰਮੇਸੁਰੁ ਜੁਗ ਜੁਗ ਏਕੋ ਜਾਤਾ॥

ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥੧੫॥

ਫਲਗੁਣਿ ਮਨ ਰਹਸੀ ਪ੍ਰੇਮ ਸੁਭਾਇਆ॥

ਅਨਦਿਨੁ ਰਹਸੁ ਭਇਆ ਆਪੁ ਗਵਾਇਆ॥

ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ॥

ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥

ਹਾਰ ਡੋਰ ਰਸ ਪਾਟ ਪਾਟੰਬਰ ਪਿਰ ਲੋੜੀ ਸੀਗਾਰੀ॥

ਨਾਨਕ ਮੇਲਿ ਲਈ ਗੁਰ ਅਪਨੈ ਘਰਿ ਵਰੁ ਪਾਇਆ ਨਾਰੀ॥੧੬॥

ਬੇਦਸ ਮਾਹੁ ਰੁਤੀ ਥਿਤੀ ਵਰ ਭਲੇ॥

ਘੜੀ ਮੂਰਤਿ ਪਲ ਸਾਚੇ ਆਏ ਸਹਜਿ ਮਿਲੇ॥

ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ॥

ਜਿਨਿ ਸਿੰਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ॥

ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ॥

ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ॥੧੭॥[1074]

(ਗੁ.ਗ੍ਰੰ.ਸਾ. ਪੰਨਾ ੧੧੦੭-੧੦)

ਤਿਤੁ ਮਹਲਿ ਜੋ ਸਬਦੁ ਹੋਆ॥ ਸੋ ਪੋਥੀ **ਜੁਬਾ**[1075] ਗੁਰੂ ਅੰਗਦੁ ਜੋਗੁ ਮਿਲੀ। ਤਦਹੁ ਪੁਤ੍ਰਾ ਆਖਿਆ॥ਅਸਾਡਾ ਕਿਆ ਹਵਾਲ ਹੋਵੇਗਾ॥ ਤਬ ਗੁਰੂ ਬੋਲਿਆ ਬਚਨੁ **ਆਖਿਆ[1076]**॥ ਜੋ ਬੇਟਾ ਗੁਰੂ ਕਿਆ ਕੁਤਿਆ ਨੂ ਭੀ ਕਮੀ ਨਾਹੀ॥ ਰੋਟੀਆ ਕਪੜੇ ਬਹੁਤ ਹੋਵਨਿਗੇ॥ ਅਤੈ ਗੁਰੂ [1077]ਗੁਰੂ[1077] ਜਪਹੁਗੈ ਤਾ ਜਨਮ ਸਵਰੇਗਾ। ਤਬ ਹਿੰਦੂ ਮੁਸਲਮਾਨ ਨਾਉ ਧਰੀਕ ਲਗੇ ਆਖਣਿ। [1078]ਮੁਸਲਮਾਨ ਲਗੇ ਆਖਣਿ**[1078]** ਅਸੀ ਦਬਹਗੇ। ਅਤੈ ਹਿਦੂ ਲਾਗੇ ਆਖਣਿ ਜੋ ਅਸੀ ਜਲਾਹਾਗੈ। ਤਬ ਬਾਬੈ ਆਖਿਆ [1079]ਜੋ ਤੁਸੀ**[1079]** ਦੁਹਾ ਵਲੀ ਫੁਲ ਰਖਹੁ [1080]ਦਾਹਣੀ ਵਲਿ ਹਿੰਦੂਆ ਕੇ ਰਖਹੁ॥ਅਤੇ ਬਾਵੀ ਵਲਿ ਮੁਸਲਮਾਨਾ ਕੇ ਰਖਹੁ**[1080]**॥ ਜਿਸ ਦੇ ਭਲਕੇ ਹਰੇ ਰਹਿਨਿਗੈ॥ ਜੇ ਹਿੰਦੂਆ ਕੇ ਹਰੇ ਰਹਨਿ ਤਾ ਜਾਲਹਿਗੈ॥ ਅਤੈ ਜੋ ਮੁਸਲਮਾਨਾ ਕੇ ਹਰੇ ਰਹਿਨਗੈ ਤਾ ਦਬਹਿਗੇ। ਤਬ ਬਾਬੈ ਸੰਗਤਿ ਨੂੰ ਹੁਕਮੁ ਕੀਤਾ॥[1081]ਕੀਰਤਨ ਪੜਹੁ**[1081]**। ਤਬ ਸੰਗਤਿ ਲਗੀ

---

[1074] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[1075] ੲ:ਸ:ਹ:ਜੁਬਾਨਿ

[1076] ੲ:ਸ : ਹੋਇਆ

[1077] ਇਹ ਪਾਠ ਹ ਵਿਚ ਦਰਜ ਨਹੀਂ

[1078] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ

[1079] ਇਹ ਪਾਠ ੲ ਵਿਚ ਦਰਜ ਨਹੀਂ ਹੈ

[1080] ਇਹ ਪਾਠ ੲ:ਸ ਵਿਚ ਦਰਜ ਨਹੀਂ ਹੈ

[1081] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਕੀਰਤਨੁ ਪੜਣਿ॥ [1082]੧॥ਰਾਗ ਗਉੜੀ ਪੂਰਬੀ ਮਹਲਾ ੧॥ **1082** [[1083]]ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥

ਤਿਤੁ ਘਰਿ ਗਾਵਹੁ ਸੋਹਲਾ ਸਿਵਰਿਹੁ ਸਿਰਜਣਹਾਰੋ॥੧॥
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥
ਹਉ ਵਾਰੀ ਜਿਤੁ ਸੋਹਿਲੇ ਸਦਾ ਸੁਖੁ ਹੋਵੈ॥ਰਹਾਉ॥
ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੋ॥
ਤੇਰੈ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੋ॥੨॥
ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥
ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥
ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥

ਰਾਗ ਆਸਾ ਮ:੧॥

ਛਿਅ ਘਰ ਛਿਅ ਗੁਰ ਛਿਆ ਉਪਦੇਸ॥
ਗੁਰੁ ਗੁਰੁ ਇਕੋ ਵੇਸ ਅਨੇਕ
ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ ਵਡਾਈ ਤੋਇ॥ ਰਹਾਉ॥
ਵਿਸਏੈ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ।
ਸੂਰਜਿ ਏਕੋ ਰੁਤਿ ਅਨੇਕਾ॥ ਨਾਨਕ ਕਰਤੇ ਕੁ ਕੇਤੇ ਵੇਸ॥੨॥(ਗੁ.ਗ੍ਰੰ.ਸਾ. ਪੰਨਾ ੧੨-੧੩)

[1083]ਧਨਾਸਰੀ ਰਾਗ ਹੋਆ॥ਆਰਤੀ ਗਾਵੀ**1084**।ਤਿਤ ਮਹਲਿ ਕੀਰਤਨੁ ਹੋਆ॥ ਸਬਦ॥ ਤਬ ਸਲੋਕ ਪੜਿਆ ॥

ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਿਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੇ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੈ ਧਰਮਿ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥ (ਗੁ.ਗ੍ਰੰ.ਸਾ. ਪੰਨਾ ੮)

---

[1082] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

[1083] ੲ:ਸ:ਹ:: ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧॥ ੧ਓ ਸਤਿਗੁਰ ਪ੍ਰਸਾਦਿ॥

[1084] ਇਹ ਪਾਠ ੲ: ਸ ਵਿਚ ਦਰਜ ਨਹੀਂ ਹੈ

ਜਬ ਸਲੋਕ ਪੜਿਆ ਤਬਿ ਬਾਬੈ ਚਾਦਰ ਉਪਰਿ ਲੈ ਕਰਿ [[1085]] ਟੇਕਿਆ। ਜਬ ਚਾਦਰ ਉਠਾਵਨਿ ਤਾ ਕੁਛ ਨਾਹੀ। ਤਦਹੁ ਫੁਲ ਦੁਹਾ ਕੇ ਹਰੇ ਰਹੈ॥ ਹਿੰਦੂ ਆਪਣੈ ਲੈ ਗਏ॥ਅਤੈ ਮੁਸਲਮਾਨ ਆਪਣੇ ਲੈ ਗਏ। ਸਰਬਤਿ ਸੰਗਤਿ ਪੈਰੀ ਪਈ। ਬੋਲਹੁ ਵਾਹਿਗੁਰੂ॥੧॥ ਸੰਮਤ ੧੫੯੫ ਮਿਤੀ ਅਸੂ ਸੁਦੀ ੧੦॥ ਬਾਬਾ ਨਾਨਕ ਜੀ ਸਮਾਣੈ ਕਰਤਾਰ ਪੁਰਿ। ਬੋਲਣਾ ਹੋਆ। ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ । ਸਾਖੀ ਸੰਪੂਰਨ ਹੋਈ **[[1086]]** । [1087]ਕੁ)ਕਕੇ ਬਖਸਿ ਲੈਣਾ। ਅਭੁਲੁ ਗੁਰੂ ਬਾਬਾ ਜੀ। ਬੋਲਹੁ ਵਾਹਿਗੁਰੂ ਜੀ ਕੀ ਫਤੈ ਹੋਈ। ਤੇਰਾ ਪਰਾਨਾ ਹੈ॥੧॥੧॥ ੧ੳ ਸ੍ਰੀ ਸਤਿਗੁਰ ਪ੍ਰਸਾਦਿ॥ਕੀਚੈ ਨੇਕਿ ਨਾਮੀ ਜਿ ਦੇਵੈ ਖੁਦਾਇ॥ਜੋ ਦੀਸੈ ਜਿਮੀ ਪਰਿ ਸੋ ਹੋਸੀ ਫਨਾਹਿ॥ ਦਇਮੁ ਨ ਦਉਲਤ ਕਸ ਬੇ ਸੁਮਾਰਿ॥ ਨ ਰਹੈ ਗਈਆ ਕਰੋੜੀ **[1087]**

[1085] ੲ:ਸ:ਹ:ਸੁਤਾ।ਸੰਗਤਿ ਮਥਾ

[1086] ਸ. ਭੁਲ ਚੁਕਾ ਬਖਸਿ ਲੈਣਾ ਅਭੁਲ ਗੁਰੁ ਪੂਰਾ ਹੈ ਗੁਰੂ ਕਾ ਬੋਲਣਾ ਗੁਰੂ ਜਾਣੈ । ਸ੍ਰੀ ਸਤਿਗੁਰੂ ਜੀ ਸਾਖੀ ਆਦਿ ਅੰਤਿ ਕੀ ਗਲਗਲੇ ਵਿਚਿ ਲਿਖੀ। ਬੀਜਾਪੁਰ ਤੇ ਕੋਹ ਪਰੇ ਹੈ ਗਲਗਲਾ।ਕਿਸਨਾ ਨਦੀ ਉਪਰਿ ਸੰਮਤ ੧੭੪ ਮਿਤੀ ੧੫ ਸੁਕਰਵਾਰ ਲਿਖਿ ਚੁਕੇ । ਦਖਣ ਵਿਚਿ ਲਿਖੀ ਪਾਤਸਾਹ ਨਉਰੰਗ ਸਾਹ ਕੇ ਲਸਕਰ ਵਿਚਿ।

[1087] ਇਹ ਪਾਠ ੳ, ਅ, ੲ, ਸ,ਕ ਵਿਚ ਦਰਜ ਨਹੀਂ ਹੈ,ਇਹ ਗੁਰਬਾਣੀ ਨਹੀਂ ਹੈ।

ਰਾਗੁ ਆਸਾ ਮਹਲਾ ੧ ਪਟੀ
ਸ੍ਰੀ ਸਤਿਗੁਰ ਪ੍ਰਸਾਦਿ॥
ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਹਿਬੁ ਏਕੁ ਭਇਆ॥
ਸੇਵਤੁ ਰਹਹਿ ਚਿਤੁ ਜਿਨ ਕਾ ਲਾਗਾ ਆਇਆ ਤਾ ਕਾ ਸਫਲੁ
ਭਇਆ॥੧॥
ਮਨ ਕਾਹੇ ਭੂਲਹਿ ਮੂੜ ਮਨਾ॥ ਜਬ ਲੇਖਾ ਦੇਵਹਿ ਬੀਰਾ ਤਉ
ਪੜਿਆ॥੧॥ਰਹਾਉ॥
ਇਉੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ॥
ਇਨ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ॥੨॥
ਉੜੈ ਉਪਮਾ ਤਾ ਕੀ ਕੀਜੈ ਜਾਕਾ ਅੰਤੁ ਨ ਪਾਇਆ॥
ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨਿ ਇਕ ਮਨ ਸਚੁ ਕਮਾਇਆ॥੩॥
ਙਙਾ ਙਿਆਨੁ ਬੁਝੈ ਜੇ ਕੋਈ ਪੜਿਆ ਪੰਡਿਤੁ ਸੋਈ ॥
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥੪॥
ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੇ ਉਜਲਿਆ॥
ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬਾਧਿ ਲੀਆ॥੫॥
ਖਖੈ ਖੁੰਦਕਾਰਿ ਸਆ ਅਲਮੁ ਕਰਿ ਖਰੀਦ ਜਿਨਿ ਖਰਚੁ ਦੀਆ॥
ਬੰਧਨਿ ਜਾਕੈ ਸਭੁ ਜਗੁ ਬਾਧਿਆ ਅਵਰਾ ਕਾ ਨਹੀ ਹੁਕਮੁ ਭਇਆ॥੬॥
ਗਗੈ ਗੋਇ ਗੋਇ ਜਿਨਿ ਛੋਡੀ ਗਲੀ ਗੋਵਿਦੁ ਗਰਬਿ ਭਇਆ॥
ਘੜਿ ਭਾਡੇ ਜਿਨਿ ਆਵੇ ਸਾਜੀ ਚੜਾਵਣ ਵਾਹੈ ਤੈਈ ਕੀਆ॥੭॥
ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ॥
ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਵਤੁ ਰਹੈ॥੮॥
ਚਚੈ ਚਾਰਿ ਬੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ॥
ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ॥੯॥
ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ॥
ਭਰਮੁ ਭੁਲਾਇ ਉਪਾਈਅਨੁ ਆਪੇ ਤੇਰਾ ਕਰਮ ਹੋਆ ਤਿਨਾ ਗੁਰ
ਮਿਲਿਆ॥੧੦॥
ਜਜੈ ਦਾਨੁ ਮੰਗਤੁ ਜਨੁ ਜਾਚੈ ਲਖ ਚਉਰਾਸੀਹ ਭੀਖ ਭਇਆ॥
ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ॥੧੧॥
ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ॥
ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ॥੧੨॥

ਞਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ॥
ਏਕੋ ਰਵਿ ਰਹਿਆ ਸਭ ਠਾਈ ਏਕੁ ਵਸਿਆ ਮਨ ਮਾਹੀ॥੧੩॥
ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤ ਕਿ ਉਠਿ ਚਲਣਾ॥
ਜੂਐ ਜਨਮੁ ਨ ਹਾਰਿਹੁ ਅਪੁਣਾ ਭਜਿ ਪੜਹੁ ਤੁਮ ਹਰਿ ਸਰਣਾ॥੧੪॥
ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨਕਾ ਚਿਤੁ ਲਾਗਾ॥
ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ॥੧੫॥
ਡਡੈ ਡੰਫੁ ਕਰਹੁ ਕਿਆ ਪ੍ਰਣੀ ਜੋ ਕਿਛੁ ਹੋਆ ਸੋ ਸਭੁ ਚਲਣਾ॥

ਰਾਗੁ ਆਸਾ ਮਹਲਾ ੧ ਪਟੀ ਲਿਖੀ
ੴ ਸਤਿਗੁਰ ਪ੍ਰਸਾਦਿ ॥
ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ
ਭਇਆ॥੧॥
ਮਨ ਕਾਹੇ ਭੂਲੇ ਮੂੜ ਮਨਾ ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ
॥੧॥ ਰਹਾਉ ॥
ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥
ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਰਿ ਲੇਖੁ ਨ ਹੋਈ॥੨॥
ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥
ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨ੍ੀ ਸਚੁ ਕਮਾਇਆ॥੩॥
ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥੪॥
ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ॥
ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥੫॥
ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ॥
ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ ॥੬॥
ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ ਗਰਬਿ ਭਇਆ॥
ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ॥੭॥
ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ॥
ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ
ਰਹੈ ॥੮॥
ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ ॥
ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ
ਥੀਆ ॥੯॥
ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ॥
ਭਰਮੁ ਉਪਾਇ ਭੁਲਾਈਅਨੁ ਆਪੇ ਤੇਰਾ ਕਰਮੁ ਹੋਆ ਤਿਨ੍ ਗੁਰੂ ਮਿਲਿਆ
॥੧੦॥
ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਵਿਆ॥
ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ॥੧੧॥
ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥
ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥੧੨॥
ਞੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ॥
ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ॥੧੩॥
ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ ॥
ਜੂਐ ਜਨਮੁ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ ॥੧੪॥
ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ੍ ਕਾ ਚਿਤੁ ਲਾਗਾ॥
ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ ॥੧੫॥

ਤਿਸਹਿ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰ ਰਵਿ ਰਹਿਆ॥੧੬॥
ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ॥
ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ॥੧੭॥
ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ॥
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥੧੮॥
ਤਤੈ ਤਾਰੂ ਭਵਜਲੁ ਹੋਆ ਤਾਕਾ ਅੰਤੁ ਨ ਪਾਇਆ॥
ਨਾ ਤਰ ਨਾ ਭੁਲਹਾ ਹਮ ਬੂਡਾ ਸਿ ਤਾਰਿ ਲੈ ਤਾਰਣ ਰਾਇਆ॥੧੯॥
ਥਥੈ ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ॥
ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੇ ਸੋਈ ਭਲਾ॥੨੦॥
ਦਦੈ ਦੋਸੁ ਨ ਦੇਉ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥
ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ॥
ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ॥੨੨॥
ਨਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸਮਲਿਆ॥
ਗਲੀ ਠਉ ਸੋਹਾਗਣਿ ਭੈਣੇ ਕੰਤੁ ਨਾ ਕਬਹੁ ਮੈ ਮਿਲਿਆ॥੨੩॥
ਪਪੈ ਪਾਤਿਸਾਹੁ ਪਰਮੇਸੁਰ ਵੇਖਣ ਕਉ ਪਰਪੰਚੁ ਕੀਆ॥
ਦੇਖੈ ਬੂਝੈ ਸਭ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥੨੪॥
ਫਫੈ ਫਾਹੀ ਸਭੁ ਜਗੁ ਫਾਬਾ ਜਮ ਕੈ ਸੰਗਲਿ ਬੰਧੇ ਲੀਆ॥
ਗੁਰ ਪਰਸਾਦੀ ਸੇ ਨਰ ਉਬਰੇ ਜੋ ਹਰਿ ਸਰਣਾਗਤਿ ਭਜਿ ਪਇਆ॥੨੫॥
ਬਬੈ ਬਾਜੀ ਖੇਲਨਿ ਲਾਗਾ ਚਉਪੜਿ ਕੀਤੀ ਚਾਰ ਜੁਗਾ॥
ਜੀਅ ਜੰਤ ਸਭਿ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ॥੨੬॥
ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨਿ ਭਉ ਪਇਆ॥
ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀ ਫੇਰੁ ਪਇਆ॥੨੭॥
ਮਮੈ ਮੋਹੁ ਮਰਣੁ ਮਧੁਸੂਦਨ ਮਰਣੁ ਭਇਆ ਤਬ ਚੇਤਵਿਆ॥
ਕਾਇਆ ਭੀਤਰਿ ਹੋਰੋ ਪੜਿਆ ਮਮਾ ਅਖਰੁ ਬੀਸਰਿਆ॥੨੮॥
ਯਯੈ ਜਨਮੁ ਨ ਹੋਵੀ ਕਦਹੀ ਜੇਕਰਿ ਸਚੁ ਪਛਾਣੈ॥
ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ॥੨੯॥
ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ॥
ਜੰਤ ਉਪਾਇ ਧੰਧੈ ਸਭਿ ਲਾਏ ਕਰਮ ਹੋਆ ਤਿਨ ਨਾਉ ਲਇਆ॥੩੦॥
ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ॥
ਖਾਣਾ ਪੀਣਾ ਸਮ ਕਰਿ ਸਵਣਾ ਭਾਣੈ ਤਾ ਕੈ ਹੁਕਮੁ ਪਇਆ॥੩੧॥
ਵਵੈ ਵਾਸਦੇਉ ਪਰਮੇਸਰ ਵੇਖਣ ਕਉ ਜਿਨਿ ਵੇਸੁ ਕੀਆ॥
ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥੩੨॥
ੜਾੜੈ ੜਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜੋ ਅਮਰੁ ਹੋਆ॥
ਤਿਸਹਿ ਧਿਆਵਹੁ ਸਾਚ ਸਮਾਵਹੁ ਓਸ ਵਿਟਹੁ ਕੁਰਬਾਣੁ ਕੀਆ॥੩੩॥
ਹਾਹੈ ਹੋਰ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ॥
ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ॥੩੪॥

ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ॥
ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ ॥੧੬॥
ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ ॥
ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ ॥੧੭॥
ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ॥
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥੧੮॥
ਤਤੈ ਤਾਰੂ ਭਵਜਲੁ ਹੋਆ ਤਾ ਕਾ ਅੰਤੁ ਨ ਪਾਇਆ ॥
ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ ॥੧੯॥
ਥਥੈ ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ॥
ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ ॥੨੦॥
ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥
ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ॥
ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ ॥੨੨॥
ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ ॥
ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ॥੨੩॥
ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ॥
ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥੨੪॥
ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ॥
ਗੁਰ ਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ ॥੨੫॥
ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ॥
ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥੨੬॥
ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨ੍ ਕਉ ਭਉ ਪਇਆ॥
ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ॥੨੭॥
ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ॥
ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ ॥੨੮॥
ਯਯੈ ਜਨਮੁ ਨ ਹੋਵੀ ਕਦ ਹੀ ਜੇ ਕਰਿ ਸਚੁ ਪਛਾਣੈ ॥
ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ॥੨੯॥
ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ॥
ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮੁ ਲਇਆ॥੩੦॥
ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ॥
ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾ ਕੈ ਹੁਕਮੁ ਪਇਆ ॥੩੧॥
ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ॥
ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥੩੨॥
ੜਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ॥

| | |
|---|---|
| ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ॥<br>ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ॥੩੫॥<br>(ਸਾਖੀ ਨੰਬਰ ੨) (ਪੱਤਰਾ ੧੪) | ਤਿਸਹਿ ਧਿਆਵਹੁ ਸਚਿ ਸਮਾਵਹੁ ਓਸੁ ਵਿਟਹੁ ਕੁਰਬਾਣੁ ਕੀਆ ॥੩੩॥<br>ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥<br>ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥੩੪॥<br>ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ॥<br>ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ॥੩੫॥੧॥<br>(ਗੁ.ਗ੍ਰੰ.ਸਾਹਿਬ. ਪੰਨਾ ੪੩੨-੪੩੪) |
| ਅਗੈ ਮਿਲਨਿ ਵਡਿਆਈਆ ਸਦਾ ਖੁਸੀਆ ਸਦਾ ਚਾਉ॥<br>ਤਿਨਾ ਮੁਖਿ ਟਿਕੇ ਉਜਲੇ ਜਿਨਿ ਮੁਖਿ ਸਾਚਾ ਨਾਉ॥<br>ਕਰਮਿ ਮਿਲੈ ਤਾ ਪਾਈਐ ਨਾਹਿ ਤਾ ਗਲੀ ਵਾਉ ਦੁਆਉ॥੨॥<br>(ਸਾਖੀ ਨੰਬਰ ੨) (ਪੱਤਰਾ ੧੬) | ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥<br>ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥<br>ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥੨॥<br>(ਗ.ਗ੍ਰੰ.ਸਾਹਿਬ. ਪੰਨਾ ੧੬) |
| ਇਕਿ ਆਵੈ ਇਕਿ ਜਾਹਿ ਉਠਿ ਇਕਨਾ ਰਖੀਅਹਿ ਨਾਉ ਸਲਾਰ॥<br>ਇਕਿ ਉਪਾਏ ਮੰਗਤੇ ਇਕਨਾ ਵਡੇ ਦਰਬਾਰ॥<br>ਅਗੈ ਗਇਆ ਸੇ ਜਾਣੀਅਨਿ ਵਿਣ ਨਾਵੈ ਵੇਕਾਰ॥੩॥<br>(ਸਾਖੀ ਨੰਬਰ ੨) (ਪੱਤਰਾ ੧੫) | ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥<br>ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥<br>ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥<br>(ਗ.ਗ੍ਰੰ.ਸਾਹਿਬ. ਪੰਨਾ ੧੬) |
| ਭੈ ਤਿਸਦੇ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥<br>ਨਾਉ ਜਿਨਾ ਸੁਲਤਾਨ ਖਾਨ ਹੋਦੇ ਦਿਸਨਿ ਖੇਹ॥<br>ਨਾਨਕ ਓਠੀ ਚਲਿਆ ਸਭਿ ਕੂੜੈ ਤੁਟੈ ਨੇਹ॥੪॥<br>(ਸਾਖੀ ਨੰਬਰ ੨) (ਪੱਤਰਾ ੧੭) | ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥<br>ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥<br>ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥<br>(ਗ.ਗ੍ਰੰ.ਸਾਹਿਬ. ਪੰਨਾ ੧੬) |
| ਰਾਗੁ ਸੂਹੀ ਮ: ੧<br>ਜੋਗੀ ਹੋਵੈ ਜੋਗਮੈ ਭੋਗੀ ਹੋਵੈ ਖਾਇ॥<br>ਤਪੀਆ ਹੋਵੈ ਤਪੁ ਕਰੈ ਤੀਰਥ ਮਲਿ ਮਿਲਿ ਨਾਇ॥੧॥<br>ਤੇਰਾ ਸਦੜਾ ਸੁਣੀਜੈ ਵਾਰੀ ਜੇ ਕੋ ਬਹੇ ਅਲਾਇ॥੧॥ ਰਹਾਉ॥<br>ਜੇਹਾ ਬੀਜੈ ਸੋ ਲੁਣੈ ਜੋ ਖਟੇ ਸੋ ਖਾਇ॥<br>ਅਗੈ ਪੁਛਿ ਨ ਹੋਵਹੀ ਜੋ ਸਣੁ ਨੀਸਾਣਾ ਜਾਇ॥੨॥<br>ਜੈਸੋ ਤੈਸਾ ਕਾਢੀਐ ਜੈਸੀ ਕਾਰ ਕਮਾਇ॥<br>ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ॥੩॥<br>ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ॥<br>ਨਾਨਕ ਕੰਮਿ ਨਾ ਆਵਈ ਜਿਤੁ ਤਨਿ ਨਹੀ [ਹਰਿ ਕਾ] ਨਾਉ॥੪॥<br>(ਸਾਖੀ ਨੰਬਰ ੪) (ਪੱਤਰਾ ੨੧) | ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥<br>ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥੧॥<br>ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥੧॥ਰਹਾਉ ॥<br>ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥<br>ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥<br>ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥<br>ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥੩॥<br>ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ॥<br>ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ॥੪॥<br>(ਗ.ਗ੍ਰੰ.ਸਾਹਿਬ. ਪੰਨਾ ੧੬) |
| ਰਾਗੁ ਸੋਰਠਿ ਮ: ੧ ਸਬਦੁ<br>ਮਨੁ ਹਾਲੀ ਕਰਣੀ ਕਿਰਸਾਣੀ ਸਰਮੁ ਪਾਣੀ ਤਨੁ ਖੇਤੁ॥<br>ਨਾਮੁ ਬੀਜੁ ਸੰਤੋਖੁ ਸੁਹਾਗਾ ਰਾਖੁ ਗਰੀਬੀ ਵੇਸੁ॥<br>ਭਾਉ ਕਰਮੁ ਕਰਿ ਜੰਮਸੀ ਸੋ ਘਰ ਭਾਗਠ ਵੇਖੁ॥੧॥ | ਸੋਰਠਿ ਮਹਲਾ ੧ ਘਰੁ ੧ ॥<br>ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥<br>ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥<br>ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ |

| | |
|---|---|
| ਭੋਲਿਆ ਮਾਇਆ ਸਾਥਿ ਨ ਹੋਇ॥<br>ਇਨ ਮਾਇਆ ਜਗੁ ਮੋਹਿਆ ਬਿਰਲਾ ਬੂਝੈ ਕੋਇ॥ਰਹਾਉ॥<br>(ਸਾਖੀ ਨੰਬਰ ੬) (ਪੱਤਰੇ ੨੧ - ੨੨) | ਬਾਬਾ ਮਾਇਆ ਸਾਥਿ ਨ ਹੋਇ॥<br>ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ਰਹਾਉ ॥<br>(ਗ.ਗ੍ਰੰ.ਸਾਹਿਬ ਪੰਨਾ ੫੯੫) |
| ਰਾਗੁ ਆਸਾ ਮ: ੧<br>ਸੁਣਿ ਵਡਾ ਆਖੇ ਸਭ ਕੋਇ॥<br>ਕੇਵਡੁ ਵਡਾ ਡੀਠਾ ਹੋਇ॥<br>ਕੀਮਤਿ ਪਾਇ ਨ ਕਹਿਆ ਜਾਇ॥<br>ਕਹਣੈ ਵਾਲੇ ਤੇਰੇ ਰਹੇ ਸਮਾਇ॥੧॥<br>ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥<br>ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ ਰਹਾਉ॥<br>ਸਭਿ ਸੁਰਤੀ ਮਿਲਿ ਸੁਰਤਿ ਕਮਾਈ॥<br>ਸਭਿ ਕੀਮਤਿ ਮਿਲਿ ਕੀਮਤਿ ਪਾਈ॥<br>ਗਿਆਨੀ ਧਿਆਨੀ ਗੁਰ ਗੁਰ ਹਾਈ॥<br>ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥<br>ਸਭਿ ਸਤ ਸਭਿ ਤਪ ਸਭਿ ਚੰਗਿਆਈਆ॥<br>ਸਿਧਾ ਪੁਰਖਾ ਕੀਆ ਵਡਿਆਈਆ॥<br>ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥<br>ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥<br>ਆਖਣ ਵਾਲਾ ਕਿਆ ਵੇਚਾਰਾ॥<br>ਸਿਫਤੀ ਭਰੇ ਤੇਰੇ ਭੰਡਾਰਾ॥<br>ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥<br>ਨਾਨਕ ਸਚੁ ਸਵਾਰਣ ਹਾਰਾ॥੪॥੧॥<br>(ਸਾਖੀ ਨੰਬਰ ੬) (ਪੱਤਰਾ ੨੩) | ੧ੴ ਸਤਿਗੁਰ ਪ੍ਰਸਾਦਿ ॥ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨ ॥<br>ਸੁਣਿ ਵਡਾ ਆਖੈ ਸਭ ਕੋਈ ॥<br>ਕੇਵਡੁ ਵਡਾ ਡੀਠਾ ਹੋਈ॥<br>ਕੀਮਤਿ ਪਾਇ ਨ ਕਹਿਆ ਜਾਇ॥<br>ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥<br>ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥<br>ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥<br>ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥<br>ਸਭ ਕੀਮਤਿ ਮਿਲਿ ਕੀਮਤਿ ਪਾਈ ॥<br>ਗਿਆਨੀ ਧਿਆਨੀ ਗੁਰ ਗੁਰ ਹਾਈ ॥<br>ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥<br>ਸਭਿ ਸਤ ਸਭਿ ਤਪ ਸਭਿ ਚੰਗਿਆਈਆ॥<br>ਸਿਧਾ ਪੁਰਖਾ ਕੀਆ ਵਡਿਆਈਆਂ॥<br>ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥<br>ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥<br>ਆਖਣ ਵਾਲਾ ਕਿਆ ਬੇਚਾਰਾ॥<br>ਸਿਫਤੀ ਭਰੇ ਤੇਰੇ ਭੰਡਾਰਾ॥<br>ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ॥<br>ਨਾਨਕ ਸਚੁ ਸਵਾਰਣਹਾਰਾ ॥੪॥<br>(ਗ.ਗ੍ਰੰ.ਸਾਹਿਬ. ਪੰਨਾ ੩੪੮-੩੪੯) |
| ਰਾਗੁ ਆਸਾ ਮਹਲਾ ੧॥<br>ਆਖਾ ਜੀਵਾ ਵਿਸਰੈ ਮਰਿ ਜਾਉ॥<br>ਆਖਣ ਅਉਖਾ ਸਾਚਾ ਨਾਉ॥<br>ਸਾਚੇ ਨਾਮ ਕੀ ਲਾਗੈ ਭੂਖ॥<br>ਉਤੁ ਭੂਖੈ ਖਾਇ ਚਲੀਅਹਿ ਦੂਖੁ॥੧॥<br>ਸੋ ਕਿਉ ਵਿਸਰੇ ਮੇਰੀ ਮਾਇ॥<br>ਸਾਚਾ ਸਾਹਿਬੁ ਸਾਚੈ ਨਾਇ॥੧॥ ਰਹਾਉ॥<br>ਸਾਚੇ ਨਾਮ ਕੀ ਤਿਲੁ ਵਡਿਆਈ॥<br>ਆਖਿ ਥਕੇ ਕੀਮਤਿ ਨਹੀ ਪਾਈ॥<br>ਜੇ ਸਭਿ ਮਿਲਿ ਕੈ ਆਖਣ ਪਾਇ॥<br>ਵਡਾ ਨ ਹੋਵੈ ਘਾਟਿ ਨ ਜਾਇ॥੨॥<br>ਨਾ ਉਹੁ ਮਰੈ ਨ ਹੋਵੈ ਸੋਗੁ॥ | ਆਸਾ ਮਹਲਾ ੧॥<br>ਆਖਾ ਜੀਵਾ ਵਿਸਰੈ ਮਰਿ ਜਾਉ ॥<br>ਆਖਣਿ ਅਉਖਾ ਸਾਚਾ ਨਾਉ ॥<br>ਸਾਚੇ ਨਾਮ ਕੀ ਲਾਗੈ ਭੂਖ ॥<br>ਤਿਤੁ ਭੂਖੈ ਖਾਇ ਚਲੀਅਹਿ ਦੂਖ॥੧॥<br>ਸੋ ਕਿਉ ਵਿਸਰੈ ਮੇਰੀ ਮਾਇ॥<br>ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ॥<br>ਸਾਚੇ ਨਾਮ ਕੀ ਤਿਲੁ ਵਡਿਆਈ ॥<br>ਆਖਿ ਥਕੇ ਕੀਮਤਿ ਨਹੀ ਪਾਈ ॥<br>ਜੇ ਸਭਿ ਮਿਲਿ ਕੈ ਆਖਣ ਪਾਹਿ ॥<br>ਵਡਾ ਨ ਹੋਵੈ ਘਾਟਿ ਨ ਜਾਇ ॥੨॥<br>ਨਾ ਓਹੁ ਮਰੈ ਨ ਹੋਵੈ ਸੋਗੁ ॥ |

| | |
|---|---|
| ਦੇਦਾ ਰਹੈ ਨ ਚੁਕੈ ਭੋਗੁ॥<br>ਗੁਣੁ ਏਹੋ ਹੋਰੁ ਨਾਹੀ ਕੋਇ॥<br>ਨਾ ਕੋ ਹੋਆ ਨਾ ਕੋ ਹੋਇ॥੩॥<br>ਜੇਵਡੁ ਆਪਿ ਤੇਵਡੁ ਤੇਰੀ ਦਾਤਿ॥<br>ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥<br>ਖਸਮੁ ਵਿਸਾਰਹਿ ਤੇ ਕਮਜਾਤਿ॥<br>ਨਾਨਕ ਨਾਵੈ ਬਾਝੁ ਸਨਾਤਿ॥੪॥<br>(ਸਾਖੀ ਨੰਬਰ ੬) (ਪੱਤਰੇ ੨੫ - ੨੬) | ਦੇਂਦਾ ਰਹੈ ਨ ਚੁਕੈ ਭੋਗੁ ॥<br>ਗੁਣੁ ਏਹੋ ਹੋਰੁ ਨਾਹੀ ਕੋਇ॥<br>ਨਾ ਕੋ ਹੋਆ ਨਾ ਕੋ ਹੋਇ॥੩॥<br>ਜੇਵਡੁ ਆਪਿ ਤੇਵਡ ਤੇਰੀ ਦਾਤਿ॥<br>ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥<br>ਖਸਮੁ ਵਿਸਾਰਹਿ ਤੇ ਕਮਜਾਤਿ ॥<br>ਨਾਨਕ ਨਾਵੈ ਬਾਝੁ ਸਨਾਤਿ ॥੪॥<br>(ਗ.ਗੰ.ਸਾਹਿਬ. ਪੰਨਾ ੩੪੯) |
| ਵੈਦੁ ਬੁਲਾਇਆ ਵੈਦਗੀ, ਪਕੜਿ ਢੰਢੋਲੇ ਬਾਂਹ॥<br>ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥੧॥<br>(ਸਾਖੀ ਨੰਬਰ ੭) (ਪੱਤਰਾ ੨੭) | ਸਲੋਕ ਮਃ ੧ ॥ ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥<br>ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥੧॥<br>(ਗ.ਗੰ.ਸਾਹਿਬ. ਪੰਨਾ ੧੨੭੯) |
| ਵੈਦੁ ਸੁਵੈਦਾ ਵੈਦੁ ਤੂ ਪਹਿਲਾ ਰੋਗੁ ਪਛਾਣੁ॥<br>ਐਸਾ ਦਾਰੂ ਢੂੰਢਿ ਲਹੁ ਜਿਤੁ ਵੰਞੈ ਰੋਗਾ ਘਾਣਿ॥<br>(ਸਾਖੀ ਨੰਬਰ ੭) (ਪੱਤਰਾ ੨੭) | ਮਃ ੨ ॥ ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥<br>ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥<br>(ਗ.ਗੰ.ਸਾਹਿਬ. ਪੰਨਾ ੧੨੭੯) |
| ਰਾਗੁ ਮਲਾਰ ਸਬਦੁ ਮ:੧॥<br>ਭੂਲੈ ਵੈਦ ਨਾ ਦਾਰੂ ਲਾਇ॥<br>ਇਸ ਮਨ ਅਪਨੇ ਕਉ ਮਿਲੈ ਸਜਾਇ॥<br>ਦਰਦੁ ਹੋਵੈ ਦੁਖ ਰਹੈ ਸਰੀਰੁ॥<br>ਐਸਾ ਦਾਰੂ ਨਾ ਲਾਗੈ ਬੀਰ॥ਰਹਾਉ॥<br>ਦੁਖੁ ਬਿਛੋੜਾ ਇਕ ਦੁਖੁ ਭੁਖ॥<br>ਇਕੁ ਦੁਖ ਸਕਤਵਾਰ ਜਮਦੂਤ॥<br>ਇਕੁ ਦੁਖੁ ਰੋਗੁ ਲਗੈ ਤਨਿ ਧਾਇ॥<br>ਵੈਦ ਨ ਭੁਲਿਆ ਦਾਰੂ ਲਾਇ॥੧॥<br>ਖਸਮੁ ਬਿਸਾਰਿ ਕੀਏ ਰਸ ਭੋਗ॥<br>ਤਾ ਤਨਿ ਉਠਿ ਖੜੋਏ ਰੋਗ॥<br>ਮਨ ਅੰਧੇ ਕਉ ਮਿਲੈ ਸਜਾਇ॥<br>ਬੈਦ ਨ ਭੋਲੇ ਦਾਰੂ ਲਾਇ॥੨॥<br>ਚੰਦਨ ਕਾ ਫਲੁ ਚੰਦਨ ਵਾਸੁ॥<br>ਮਾਣਸ ਕਾ ਫਲੁ ਘਟ ਮਹਿ ਸਾਸੁ॥<br>ਸਾਸਿ ਗਏ ਕਾਇਆ ਢਲਿ ਪਾਇ॥<br>ਤਾ ਕੇ ਪਾਛੈ ਕੋਇ ਨ ਖਾਇ॥੩॥<br>ਕੰਚਨ ਕਾਇਆ ਨਿਰਮਲੁ ਹੰਸੁ॥<br>ਤਿਸੁ ਮਹਿ ਨਾਮੁ ਨਿਰੰਜਨ ਅੰਸੁ॥<br>ਦੂਖ ਰੋਗ ਸਭਿ ਗਏ ਗਵਾਇ॥ | ਮਲਾਰ ਮਹਲਾ ੧ ॥<br>ਦੁਖੁ ਵੇਛੋੜਾ ਇਕੁ ਦੁਖੁ ਭੂਖ ॥<br>ਇਕੁ ਦੁਖੁ ਸਕਤਵਾਰ ਜਮਦੂਤ ॥<br>ਇਕੁ ਦੁਖੁ ਰੋਗੁ ਲਗੈ ਤਨਿ ਧਾਇ॥<br>ਵੈਦ ਨ ਭੋਲੇ ਦਾਰੂ ਲਾਇ ॥੧॥<br>ਵੈਦ ਨ ਭੋਲੇ ਦਾਰੂ ਲਾਇ ॥<br>ਦਰਦੁ ਹੋਵੈ ਦੁਖੁ ਰਹੈ ਸਰੀਰ॥<br>ਐਸਾ ਦਾਰੂ ਲਗੈ ਨ ਬੀਰ ॥੧॥ਰਹਾਉ ॥<br>ਖਸਮੁ ਵਿਸਾਰਿ ਕੀਏ ਰਸ ਭੋਗ ॥<br>ਤਾਂ ਤਨਿ ਉਠਿ ਖਲੋਏ ਰੋਗ ॥<br>ਮਨ ਅੰਧੇ ਕਉ ਮਿਲੈ ਸਜਾਇ ॥<br>ਵੈਦ ਨ ਭੋਲੇ ਦਾਰੂ ਲਾਇ ॥੨॥<br>ਚੰਦਨ ਕਾ ਫਲੁ ਚੰਦਨ ਵਾਸੁ ॥<br>ਮਾਣਸ ਕਾ ਫਲੁ ਘਟ ਮਹਿ ਸਾਸੁ ॥<br>ਸਾਸਿ ਗਇਐ ਕਾਇਆ ਢਲਿ ਪਾਇ॥<br>ਤਾ ਕੈ ਪਾਛੈ ਕੋਇ ਨ ਖਾਇ ॥੩॥<br>ਕੰਚਨ ਕਾਇਆ ਨਿਰਮਲ ਹੰਸੁ ॥<br>ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥<br>ਦੂਖ ਰੋਗ ਸਭਿ ਗਇਆ ਗਵਾਇ ॥<br>ਨਾਨਕ ਛੂਟਸਿ ਸਾਚੈ ਨਾਇ ॥੪॥ |

| | |
|---|---|
| ਨਾਨਕ ਛੁਟਸਿ ਸਾਚੈ ਨਾਇ॥੪॥<br>(ਸਾਖੀ ਨੰਬਰ ੭) (ਪੱਤਰਾ ੨੮) | (ਗ.ਗੰ.ਸਾਹਿਬ, ਪੰਨਾ ੧੨੪੬) |
| ਰਾਗ ਗਉੜੀ ਮ:੧॥<br>ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮਿ ਆਏ॥<br>ਅਗਨਿ ਬਿੰਬ ਜਲ ਭਤਿਰਿ ਨਿਪਜੇ ਕਾਹੇ ੳਪਾਇ॥੧॥<br>ਮੇਰੇ ਸਾਹਿਬਾ ਕਵਣ ਜਾਣੈ ਗੁਣ ਤੇਰੇ॥<br>ਕਹੇ ਨ ਜਾਈ ਅਵਗਣ ਮੇਰੇ॥੧॥ਰਹਾਉ॥<br>ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥<br>ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥੨॥<br>ਹਟ ਪਟਣ ਬ੍ਰਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥੩॥<br>ਤਟ ਤੀਰਥ ਹਮਿ ਨਵ ਖੰਡ ਦੇਖੇ ਹਟ ਪਟਣ ਬਾਜਾਰਾ॥<br>ਲੈ ਕੇ ਤਕੜੀ ਤੋਲਣਿ ਜਬ ਲਾਗਾ ਘਟਿ ਹੀ ਮਹਿ ਵਣਜਾਰਾ॥੪॥<br>ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਵਗਣ ਹਮਾਰੇ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥੫॥<br>ਜੀਆੜੇ ਆਸਨਿ ਸਭ ਬਰੋਬਰਿ ਤੁਧੁ ਭੀਤਰਿ ਵਗੈ ਕਾਤੀ॥<br>ਪ੍ਰਣਵਤਿ ਨਾਨਕ ਹੁਕਮੁ ਪਛਾਣਹੁ ਸੁਖ ਹੋਵੈ ਦਿਨੁ ਰਾਤੀ॥੬॥<br>(ਸਾਖੀ ਨੰਬਰ ੭) (ਪੱਤਰਾ ੨੯) | ਗਉੜੀ ਚੇਤੀ ਮਹਲਾ ੧॥<br>ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥<br>ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥<br>ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥<br>ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥<br>ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥<br>ਕੇਤੇ ਨਾਗ  ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥<br>ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥<br>ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ॥<br>ਲੈ ਕੈ ਤਕੜੀ  ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ॥੪॥<br>ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥<br>ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥<br>ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥<br>ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ॥੬॥<br>(ਗ.ਗੰ.ਸਾਹਿਬ. ਪੰਨਾ ੧੫੬) |
| ਰਾਗੁ ਸ੍ਰੀ ਰਾਗੁ ਮਹਲਾ ੧॥ ਸਬਦੁ।<br>ਕੋਟਿ ਕੋਟੀ ਮੇਰੀ ਆਰਜਾ ਪਉਣੁ ਪਾਣੀ ਅਪਿਆਉ॥<br>ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥<br>ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਤੇਰਾ ਨਾਉ॥੧॥<br>ਸਾਚਾ ਨਿਰੰਕਾਰੁ ਨਿਜ ਥਾਇ॥<br>ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥੧॥ਰਹਾਉ॥<br>ਕੁਸਾ ਕਟੀਆ ਵਰਿ ਵਰਿ ਪੀਸਣਿ ਪੀਸਾ ਖਾਇ॥<br>ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥<br>ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਤੇਰਾ ਨਾਉ॥੨॥<br>ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥<br>ਨਦਰੀ ਕਿਸੈ ਨ ਆਵਉ ਨਾ ਕਿਛੁ ਪੀਆ ਨਾ ਖਾਉ॥<br>ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਤੇਰਾ ਨਾਉ॥੩॥ | ਸਿਰੀਰਾਗੁ ਮਹਲਾ ੧ ॥<br>ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥<br>ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥<br>ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥<br>ਸਾਚਾ ਨਿਰੰਕਾਰੁ ਨਿਜ ਥਾਇ॥<br>ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥<br>ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥<br>ਅਗੀ ਸੇਤੀ  ਜਾਲੀਆ ਭਸਮ ਸੇਤੀ ਰਲਿ ਜਾਉ॥<br>ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥<br>ਪੰਖੀ ਹੋਇ ਕੈ ਜੇ ਭਵਾ  ਸੈ ਅਸਮਾਨੀ ਜਾਉ ॥<br>ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥<br>ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ  ਆਖਾ ਨਾਉ॥੩॥ |

| | |
|---|---|
| ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥<br>ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥<br>ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਤੇਰਾ ਨਾਉ॥੪॥੧॥<br>(ਸਾਖੀ ਨੰਬਰ ੧੦) (ਪੱਤਰਾ ੩੪) | ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥<br>ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥<br>ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੧੪-੧੫) |
| ਰਾਗੁ ਆਸਾ ਜਪੁ॥ ਸਲੋਕੁ॥<br>ਆਦਿ ਸਚੁ ਜੁਗਾਦਿ ਸਚੁ॥ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥<br>(ਜਪੁ ਸੰਪੂਰਣ ਕੀਤਾ)<br>(ਸਾਖੀ ਨੰਬਰ ੧੦) (ਪੱਤਰਾ ੩੫) | ਆਦਿ ਸਚੁ ਜੁਗਾਦਿ ਸਚੁ ॥ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ |
| ਰਾਗੁ ਧਨਾਸਰੀ ਹੋਆ ਆਰਤੀ।<br>ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੈ ਤਾਰਿਕਾ ਮੰਡਲ ਜਨਕ ਮੋਤੀ॥<br>ਧੂਪ ਮਲਆਨਲੋ ਪਵਨ ਚਵਰੋ ਕਰੈ ਸਗਲ ਬਨਰਾਇ ਫੂਲੰਤ ਜੋਤੀ॥੧॥<br>ਕੈਸੀ ਆਰਤੀ ਹੋਇ ਭਵ ਖੰਡਣਾ ਤੇਰੀ ਆਰਤੀ।<br>ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ।<br>ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤ ਨਨਾ ਏਕ ਤੋਹੀ॥<br>ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥<br>ਸਭ ਮਹਿ ਜੋਤਿ ਜੋਤਿ ਹੈ ਸੋਇ॥<br>ਤਿਸ ਕੈ ਚਾਨਣਿ ਸਭਿ ਮਹਿ ਚਾਨਣੁ ਹੋਇ॥<br>ਗੁਰ ਸਾਖੀ ਜੋਤਿ ਪਰਗਟੁ ਹੋਇ॥<br>ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥<br>ਹਰਿ ਚਰਣ ਕਮਲ ਮਕਰੰਦ ਲੋਭਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥<br>ਕਿਰਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥੪॥<br>(ਸਾਖੀ ਨੰਬਰ ੧੦) (ਪੱਤਰਾ ੩੫) | ਧਨਾਸਰੀ ਮਹਲਾ ੧ ਆਰਤੀ ੴ ਸਤਿਗੁਰ ਪ੍ਰਸਾਦਿ ॥<br>ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥<br>ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥<br>ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥<br>ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥<br>ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥<br>ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥<br>ਸਭ ਮਹਿ ਜੋਤਿ ਜੋਤਿ ਹੈ ਸੋਇ ॥<br>ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥<br>ਗੁਰ ਸਾਖੀ ਜੋਤਿ ਪਰਗਟੁ ਹੋਇ ॥<br>ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥<br>ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥<br>ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੬੬੩) |
| ਰਾਗੁ ਮਾਰੂ ਮ: ੧। ਸਬਦੁ॥<br>ਕੋਈ ਆਖੈ ਭੂਤਨਾ ਕੋ ਕਹੈ ਬੈਤਾਲਾ॥<br>ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥<br>ਬਾਬਾ ਭਇਆ ਦਿਵਾਨਾ ਸਾਹਿ ਕਾ ਨਾਨਕੁ ਬੋਰਾਨਾ॥<br>ਹਰਿ ਬਿਨੁ ਅਵਰੁ ਨ ਜਾਨਾ॥੧॥ਰਹਾਉ॥<br>ਤਉ ਦਿਵਾਨਾ ਜਾਣੀਐ ਜਿ ਭੈ ਦਿਵਾਨਾ ਹੋਇ॥<br>ਏਕ ਸਾਹਿਬ ਬਾਹਰੀ ਦੂਜੀ ਅਵਰੁ ਨ ਜਾਣੈ ਕੋਇ ॥੨॥ | ਮਾਰੂ ਮਹਲਾ ੧ ॥<br>ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥<br>ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥<br>ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥<br>ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥<br>ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥<br>ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥ |

| | |
|---|---|
| ਤਉ ਦਿਵਾਨਾ ਜਾਣੀਐ ਜੇ ਏਕਾ ਕਰਿ ਕਮਾਇ॥<br>ਏਕੀ ਸਾਹਿਬੁ ਬਾਹਰੀ ਦੂਜੀ ਨਾਹੀ ਜਾਇ॥੩॥<br>ਤਉ ਦਿਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰ॥<br>ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥੪॥<br>(ਸਾਖੀ ਨੰਬਰ ੧੧) (ਪੱਤਰਾ ੩੬) | ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥<br>ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥<br>ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥<br>ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥ (ਗੁ.ਗ੍ਰੰ.ਸਾਹਿਬ. ਪੰਨਾ ੯੯੧) |
| ਸਲੋਕੁ। ਰਾਗੁ ਮਾਝ ਵਿਚਿ।<br>ਮੁਸਲਮਾਨ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥<br>ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥<br>ਹੋਇ ਮੁਸਲਿਮੁ ਦੀਨ ਮੁਹਾਣੈ ਮਰਣੁ ਜੀਵਣ ਕਾ ਭਰਮ ਚੁਕਾਵੈ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੈ ਆਪੁ ਗਵਾਵੈ॥<br>ਤਉ ਨਾਨਕ ਸਰਬ ਜੀਆ ਮਿਹਰਮਤਿ ਹੋਇ ਤ ਮੁਸਲਮਾਣੁ ਕਹਾਵੈ॥੧॥<br>(ਪੱਤਰਾ ੩੮)<br><br>ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥<br>ਸਰਮੁ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥<br>ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥<br>ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥੨॥<br>ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥<br>ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥<br>ਗਲੀ ਭਿਸਤਿ ਨ ਜਾਈਐ ਛੁਟੀਐ ਸਚੁ ਕਮਾਇ॥<br>ਮਾਰਣਿ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥<br>ਨਾਨਕ ਗਲੀ ਕੂੜੀਏ ਕੂੜੋ ਪਲੈ ਪਾਇ॥੩॥<br>ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥<br>ਪਹਿਲਾ ਸਚੁ ਹਲਾਲੁ ਦੁਇ ਤੀਜੀ ਖੈਰੁ ਖੁਦਾਇ॥<br>ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥<br>ਕਰਣੀ ਕਲਮਾ ਆਖਿਕੈ ਤਾ ਮੁਸਲਮਾਨੁ ਸਦਾਇ॥<br>ਨਾਨਕ ਜੇਤੈ ਕੂੜਿਆਰ ਕੂੜੈ ਕੂੜੀ ਪਾਇ॥੪॥<br>(ਸਾਖੀ ਨੰਬਰ ੧੧) (ਪੱਤਰਾ ੩੯) | ਸਲੋਕੁ ਮਃ ੧ ॥<br>ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥<br>ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥<br>ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥<br>ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥<br>ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥੧॥<br>(ਗੁ.ਗ੍ਰੰ.ਸਾਹਿਬ. ਪੰਨਾ ੧੪੧)<br>ਸਲੋਕੁ ਮਃ ੧ ॥<br>ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥<br>ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥<br>ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥<br>ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥ ਮਃ ੧॥<br>ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥<br>ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥<br>ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥<br>ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥<br>ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥ ਮਃ ੧ ॥<br>ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥<br>ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥<br>ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥<br>ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥<br>ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥<br>(ਗੁ.ਗ੍ਰੰ.ਸਾਹਿਬ,ਪੰਨਾ ੧੪੧) |
| ਰਾਗੁ ਸ੍ਰੀ ਰਾਗ ਮਹਲਾ ੧।<br>ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬਿ ਨਿਤ ਦੇਹਿ ਪਾਣੀ॥<br>ਹੋਇ ਕਿਰਸਾਣੁ ਈਮਾਨੁ ਜਮਾਇ ਲੈ ਭਿਸਤੁ ਦੋਜਕੁ ਦੁਇ ਇਵੈ ਜਾਣੀ॥੧॥<br>ਮਤੁ ਜਾਣਸੀ ਗਲੀ ਪਾਈਆਈ।<br>ਮਾਲ ਕੈ ਮਾਣੈ ਰੂਪੁ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ॥੧॥ਰਹਾਉ॥<br>ਐਬ ਤਨੁ ਚਿਕੜੋ ਯਾ ਮਨੁ ਮੀਡਕੁ ਕਵਲ ਕੀ ਸਾਰ ਤੁਮ ਨਹਿ ਪਾਈ॥<br>ਭਵਰੁ ਉਸਤਾਦੁ ਨਿਤਿ ਭਿਖਿਆ ਬੋਲੈ ਬੂਜਿਸੇ ਬੁਝਾਈ॥੨॥ | ਸਿਰੀਰਾਗੁ ਮਹਲਾ ੧ ਘਰੁ ੩ ॥<br>ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥<br>ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥<br>ਮਤੁ ਜਾਣ ਸਹਿ ਗਲੀ ਪਾਇਆ॥<br>ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ |

| | |
|---|---|
| ਕਹਣਾ ਸੁਨਨਾ ਪਉਣ ਕੀ ਬਾਣੀ ਏਹੁ ਮਨੁ ਰਤਾ ਮਾਇਆਈ॥<br>ਖਸਮ ਕੀ ਨਦਰਿ ਪਇਆ ਪਸਿੰਦੇ ਕਰਿ ਜਿਨਿ ਇਕ ਮਨਿ ਅਲਖੁ ਧਿਆਇਆਈ॥੩॥<br><br>ਤੀਸ ਕਰਿ ਰਖੇ ਪੰਜਿ ਕਰਿ ਸਾਥੀ ਪਵੈ ਸੈਤਾਨੁ ਮਤੁ ਕਪਿ ਜਾਈ॥<br>ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤਨੋ ਸੰਚਿਆਹੀ॥੪॥<br>(ਸਾਖੀ ਨੰਬਰ ੧੧) (ਪੱਤਰਾ ੪੧) | ਰਹਾਉ॥ ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ॥<br>ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥<br>ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ॥<br>ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥<br>ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥<br>ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੨੪) |
| ਰਾਗੁ ਤਿਲੰਗੁ॥ਸਬਦੁ॥<br>ਹਿਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥ ਮੇਰੇ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੇ ਜਾਏ॥੧॥<br>ਹਉ ਕੁਰਬਾਨੇ ਜਾਉ ਮੇਰੇ ਪਿਆਰੇ ਹਉ ਕੁਰਬਾਨੈ **ਜਾਉ**॥<br>ਹਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੁ ਤੇਰਾ ਨਾਉ॥<br>ਲੈਨਿ ਜੋ ਤੇਰਾ ਨਾਉ ਤਿਨਾ ਕੇ ਸਦ ਕੁਰਬਾਨੈ ਜਾਉ॥੧॥ਰਹਾਉ॥<br>ਕਾਇਆ ਰੰਗਨਿ ਜੋ ਥੀਵੈ ਪਿਆਰੇ ਪਾਈਐ ਨਾਮ ਮਜੀਠਿ॥ ਰੰਙਨਿ ਵਾਲਾ ਜੇ ਰੰਗੈ ਪਿਆਰੇ ਐਸਾ ਰੰਗੁ ਨ ਡੀਠੁ॥੨॥<br><br>ਜਿਨਿ ਕੇ ਚੋਲੇ ਰਤੜੇ ਪਿਆਰੇ ਕੰਤ ਤਿਨਾ ਕੈ ਪਾਸਿ॥<br>ਧੂੜਿ ਤਿਨਾ ਕੀ ਜੇ ਮਿਲੇ ਪਿਆਰੇ ਨਾਨਕ ਕੀ ਅਰਦਾਸਿ॥੩॥<br>ਆਪੇ ਸਾਜੇ ਆਪੇ ਰੰਗੈ ਆਪੇ ਨਦਰਿ ਕਰੇਇ॥<br>ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੈ ॥੪॥<br>(ਸਾਖੀ ਨੰਬਰ ੧੧) (ਪੱਤਰਾ ੪੨) | ਤਿਲੰਗ ਮਹਲਾ ੧ ਘਰੁ ੩ ੴ ਸਤਿਗੁਰ ਪ੍ਰਸਾਦਿ ॥<br>ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥<br>ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥<br>ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥<br>ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥<br><br>ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥<br>ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥੩॥<br>ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥<br>ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੭੨੧-੨੨) |
| ਰਾਗੁ ਗਉੜੀ ਦੀਪਕੀ ਮਹਲਾ ੧॥ ਸਬਦੁ॥<br>ਮਾਤਾ ਤ੍ਰਿਪਤੇ ਜਾ ਸੁਤੁ ਕਛੁ ਖਾਵੈ।<br>ਬਛੁਰਾ ਤ੍ਰਿਪਤੇ ਜਾ ਗਊ ਚੁੰਘਾਵੈ।<br>ਸਤਿਗੁਰ ਤ੍ਰਿਪਤੇ ਜਾ ਸਿਖੁ ਮੁਖਿ ਪਾਵੈ॥<br>ਐਸੇ ਹਰਿ ਜਨ ਮਿਲਹੁ ਪਿਆਰੇ॥<br>ਜਿਨਿ ਮਿਲਿਆ ਦੂਖ ਜਾਹਿ ਹਮਾਰੇ।ਰਹਾਉ।<br>××××××××××××××<br>ਕਾਂਮਨਿ ਤ੍ਰਿਪਤੈ ਜਾ ਪਿਰ ਘਰਿ ਆਵੈ।<br>ਮੀਨਾ ਤ੍ਰਿਪਤੇ ਜਾ ਜਲਹਿ ਸਮਾਵੈ।<br>ਹਰਿ ਜਨੁ ਤ੍ਰਿਪਤੇ ਜਾ ਹਰਿ ਗੁਨੁ ਗਾਵੈ।੨।<br>ਚਾਤ੍ਰਿਕ ਤ੍ਰਿਪਤੇ ਜਾ ਬਰਸੈ ਬੂੰਦ ਧਾਰਾ।<br>ਨਾਰਿ ਤ੍ਰਿਪਤੈ ਮਾਇਆ ਦੇਖਿ ਪਸਾਰਾ।<br>ਸਾਧੁ ਤ੍ਰਿਪਤੈ ਜਪਿ ਨਿਰੰਕਾਰਾ।੩। | ਗਉੜੀ ਗੁਆਰੇਰੀ ਮਹਲਾ ੪ ॥<br>ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥<br>ਮੀਨੇ ਪ੍ਰੀਤਿ ਭਈ ਜਲਿ ਨਾਇ ॥<br>ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥੧॥<br>ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ॥<br>ਜਿਨ ਮਲਿਆ ਦੁਖ ਜਾਹਿ ਹਮਾਰੇ ॥੧॥ ਰਹਾਉ ॥<br>ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ ॥<br>ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ ॥<br>ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ ॥੨॥<br>ਸਾਰਿੰਗ ਪ੍ਰੀਤਿ ਬਸੈ ਜਲ ਧਾਰਾ ॥<br>ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ॥<br>ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ ॥੩॥ |

| | |
|---|---|
| ਰਾਜਾ ਤ੍ਰਿਪਤੇ ਜਾ ਪਰ ਭੂਮ ਧਨ ਖਾਟਾ॥<br>ਸਿਖੁ ਤ੍ਰਿਪਤੇ ਜਾ ਲਾਗਾ ਰੰਗੁ ਲੇਲਾਟਾ॥<br>ਜਨੁ ਨਾਨਕੁ ਤ੍ਰਿਪਤੇ ਸੰਤਨ ਪਗ ਚਾਟਾ।੪।<br>(ਸਾਖੀ ਨੰਬਰ ੧੨) (ਪੱਤਰੇ ੪੬) | ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥<br>ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥<br>ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੧੬੪) |
| ਰਾਗੁ ਸੂਹੀ॥ਸਬਦੁ॥<br>ਉਜਲਿ ਕਹਿਆ ਚਿਲਕਣਾ ਘੋਟਿਮ ਕਾਲੀ ਮਸੁ॥<br>ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥<br>ਸਜਣ ਸੇਈ ਨਾਲਿ ਮੇ ਚਲਦਿਆ ਨਾਲ ਚਲੰਨਿ॥<br>ਜਿਥੇ ਲੇਖਾ ਮੰਗੀਐ ਹਾਜਰੁ ਖੜੇ ਦਿਸਨਿ॥੧॥ਰਹਾਉ॥<br>ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹ॥<br>ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹ॥੨॥<br>ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥<br>ਘੁਟਿ ਘੁਟਿ ਜੀਆ ਖਾਵਣੈ ਬਗੇ ਨ ਕਹੀਅਨਿ॥੩॥<br>ਸਿਮਲੁ ਰੁਖ ਸਰੀਰ ਮੈ ਮਜਣ ਦੇਖਿ ਭੁਲਨਿ॥<br>ਤੇ ਫਲ ਕੰਮਿ ਨ ਆਵਨੀ ਸੇ ਗੁਣ ਮੈ ਤਨਿ ਹਨਿ॥੪॥<br>ਅੰਧੁਲੇ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥<br>ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਜਿਤੁ॥੫॥<br>ਚਾਕਰੀਆਂ ਚੰਗਿਆਈਆ ਅਵਰ ਸਿਆਣਪਾ ਕਿਤੁ॥<br>ਨਾਨਕ ਨਾਮੁ ਸਲਾਹਿ ਤੂੰ ਬਧਾ ਛੁਟਹਿੰ ਜਿਤੁ॥੬॥<br><br>(ਸਾਖੀ ਨੰਬਰ ੧੩) (ਪੱਤਰਾ ੪੭) | ਸੂਹੀ ਮਹਲਾ ੧ ਘਰੁ ੬ ੧ਓ ਸਤਿਗੁਰ ਪ੍ਰਸਾਦਿ ॥<br>ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥<br>ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥<br>ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥<br>ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥<br>ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥<br>ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥੨॥<br>ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥<br>ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥੩॥<br>ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥<br>ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥੪॥<br>ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥<br>ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥<br>ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥<br>ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥<br>(ਗੁ.ਗ੍ਰੰ.ਸਾਹਿਬ. ਪੰਨਾ ੭੨੯) |
| ਰਾਗੁ ਬਸੰਤ ॥ਮ:੧॥ ਸਬਦੁ॥<br>ਸਾਲਗ੍ਰਿਾਮ ਬਿਪ ਪੂਜਾ ਮਨਾਵਹੁ ਸੁਕਿਰਤ ਤੁਲਸੀ ਮਾਲਾ॥<br>ਰਾਮ ਨਾਮੁ ਜਪੁ ਬੇੜਾ ਬਾਧਹੁ ਦਇਆ ਕਰਹੁ ਦਇਆਲਾ॥੧॥<br>ਕਾਹੇ ਕਲਰਾ ਸੰਚਹੁ ਜਨਮੁ ਗਵਾਵਹੁ॥<br>ਕਚੀ ਢਹੈ ਦਿਵਾਲੁ ਕਾਹੇ ਗਚਿ ਲਾਵਾਹੁ॥੧॥ ॥ਰਹਾਉ॥<br>(ਸਾਖੀ ਨੰਬਰ ੧੮) (ਪੱਤਰਾ ਪ੭) | ਮਹਲਾ ੧ ਬਸੰਤੁ ਹਿੰਡੋਲ ਘਰੁ ੨ ੧ਓ ਸਤਿਗੁਰ ਪ੍ਰਸਾਦਿ॥<br>ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥<br>ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥<br>ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥<br>ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ ਰਹਾਉ ॥<br>(ਗੁ.ਗ੍ਰੰ.ਸਾਹਿਬ. ਪੰਨਾ ੧੧੭੧) |
| ਕਾਮ ਕ੍ਰੋਧ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ।<br>ਜਿਉ ਜਿਉ ਗੋਡਹੁ ਤਿਵੈ ਸੁਖੁ ਪਾਵਹੁ ਕਿਰਤੁ ਨ ਮੇਟਿਆ ਜਾਈ॥੨॥<br><br>(ਸਾਖੀ ਨੰਬਰ ੧੮) (ਪੱਤਰਾ ਪ੭) | ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥<br>ਜਿਉ ਗੋਡਹੁ ਤਿਉ ਤੁਮ੍ਹ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥<br>(ਗੁ.ਗ੍ਰੰ.ਸਾਹਿਬ. ਪੰਨਾ ੧੧੭੧) |

| | |
|---|---|
| ਕਰ ਹਰਿ ਹਾਟੁ ਮਾਲ ਟਿੰਡ ਪਰੋਵਹੁ ਤਿਸ ਭੀਤਰਿ ਮਨੁ ਜੋਵਹੁ॥<br>ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ॥੩॥<br>(ਸਾਖੀ ਨੰਬਰ ੧੮) (ਪੱਤਰਾ ੫੮) | ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥<br>ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨॥<br>(ਗੁ.ਗ੍ਰੰ.ਸਾਹਿਬ. ਪੰਨਾ ੧੧੭੧) |
| ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਿਹਿ ਦਇਆਲਾ।<br>ਪ੍ਰਣਵਤਿ ਨਾਨਕੁ ਦਾਸਨ ਦਾਸਾ ਅੰਤਿ ਤੂ ਹੀ ਰਖਵਾਲਾ॥੪॥<br>(ਸਾਖੀ ਨੰਬਰ ੧੮) (ਪੱਤਰਾ ੫੮) | ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥<br>ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੧੧੭੧) |
| ਰਾਗੁ ਬਸੰਤ ਵਿਚ ਮ: ੧॥ ਸਬਦੁ॥<br>ਰਾਜਾ ਬਾਲਿਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥<br>ਦੁਇ ਮਾਈ ਦੋ ਬਾਪੁ ਕਹੀਅਹਿ ਪੰਡਿਤ ਕਰਹੁ ਬੀਚਾਰੋ॥੧॥<br>ਸੁਆਮੀ ਪੰਡਿਤਾ ਤੁਮ ਦੇਹੁ ਮਤੀ॥<br>ਕਿਨ ਬਿਧਿ ਪਾਵਉ ਪ੍ਰਾਨਪਤੀ॥੧॥ ਰਹਾਉ॥<br>ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥<br>ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਆਇਆ॥ ੨॥<br>ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ॥<br>ਤਾ ਕੇ ਲਖਣ ਜਾਣੀਐ ਖਿਮਾ ਧੀਰਜ ਸੰਗ੍ਰਹੇਇ ॥॥<br>ਕਹਿਆ ਸੁਣਹਿ ਨ ਖਾਇਆ ਮਾਨੇ ਤਿਨ ਹੀ ਸੇਤੀ ਵਾਸਾ॥<br>ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥੪॥<br>(ਸਾਖੀ ਨੰਬਰ ੧੮) (ਪੱਤਰੇ ੫੯ ) | ਬਸੰਤੁ ਹਿੰਡੋਲ ਮਹਲਾ ੧ ॥<br>ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥<br>ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥<br>ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥<br>ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ ॥<br>ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥<br>ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥<br>ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥<br>ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥੩॥<br>ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਾ ਹੀ ਸੇਤੀ ਵਾਸਾ ॥<br>ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੧੧੭੧) |
| ਰਾਗ ਰਾਮਕਲੀ ਓਅੰਕਾਰੁ ।ਮ:੧।<br>ਓਅੰਕਾਰਿ ਬ੍ਰਹਮਾ ਉਤਪਤਿ॥<br>ਓਅੰਕਾਰੁ ਕੀਆ ਜਿਨਿ ਚਿਤ॥<br>ਓਅੰਕਾਰੁ ਸੈਲ ਜੁਗੁ ਭਏ॥<br>ਓਅੰਕਾਰੁ ਬੇਦ ਨਿਰਮਏ॥<br>ਓਅੰਕਾਰੁ ਸਬਦਿ ਉਧਰੇ॥<br>ਓਅੰਕਾਰੁ ਗੁਰਮੁਖਿ ਤਰੇ॥<br>ਉਨਮ ਅਖਰ ਸੁਨਹੁ ਬੀਚਾਰਿ॥<br>ਓਨਮ ਅਖਰੁ ਤ੍ਰਿਭਵਣ ਸਾਰ॥੧॥<br>ਸੁਣਿ ਪਾਡੇ ਕਿਆ ਲਿਖਹੁ ਜੀਜਾਲਾ॥<br>ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥<br>(ਤਬਿ ਪਉੜੀਆਂ ਚਉਰੰਜਾ ਓਅੰਕਾਰੁ ਹੋਇਆ)<br>(ਸਾਖੀ ਨੰਬਰ ੧੮) (ਪੱਤਰਾ ੬੦) | ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ੴ ਸਤਿਗੁਰਪ੍ਰਸਾਦਿ<br>ਓਅੰਕਾਰਿ ਬ੍ਰਹਮਾ ਉਤਪਤਿ ॥<br>ਓਅੰਕਾਰੁ ਕੀਆ ਜਿਨਿ ਚਿਤਿ ॥<br>ਓਅੰਕਾਰਿ ਸੈਲ ਜੁਗ ਭਏ ॥<br>ਓਅੰਕਾਰਿ ਬੇਦ ਨਿਰਮਏ ॥<br>ਓਅੰਕਾਰਿ ਸਬਦਿ ਉਧਰੇ ॥<br>ਓਅੰਕਾਰਿ ਗੁਰਮੁਖਿ ਤਰੇ ॥<br>ਓਨਮ ਅਖਰ ਸੁਣਹੁ ਬੀਚਾਰੁ ॥<br>ਓਨਮ ਅਖਰੁ ਤ੍ਰਿਭਵਣ ਸਾਰੁ ॥੧॥<br>ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥<br>ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥<br>(ਗੁ.ਗ੍ਰੰ.ਸਾਹਿਬ. ਪੰਨਾ ੯੨੯-੩੦) |
| ਰਾਗੁ ਸੂਹੀ॥ਮ: ੧॥ਸਬਦੁ॥<br>ਕਵਨੁ ਤਰਾਜੂ ਕਵਨੁ ਤੋਲਾ ਤੇਰਾ ਕਵਨੁ ਸਰਾਫੁ ਬੁਲਾਵਾ॥ | ਸੂਹੀ ਮਹਲਾ ੧ ॥<br>ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥ |

| | |
|---|---|
| ਕਉਨੁ ਗੁਰੁ ਜਿਸ ਪਹਿ ਦੀਖਿਆ ਮਾਗਉ ਕਿਸ ਪਹਿ ਮੁਲੁ ਕਰਾਵਾ॥੧॥<br>ਮੇਰੇ ਲਾਲ ਜੀ ਤੇਰਾ ਅੰਤੁ ਨ ਜਾਣਾ॥<br>ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ॥੧॥ਰਹਾਉ॥<br>ਮਨੁ ਤਾਰਾਜੂ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥<br>ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ॥੨॥<br>ਆਪੇ ਕੰਡਾ ਤੋਲੁ ਤਰਾਜੂ ਆਪੇ ਤੋਲਣਹਾਰਾ॥<br>ਆਪੇ ਲੇਵੈ ਆਪੇ ਦੇਵੈ ਆਪੇ ਸਾਹੁ ਵਣਜਾਰਾ॥੩॥<br>ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥ ਤਾ ਕੀ ਸੰਗਤਿ ਨਾਨਕੁ ਰਹਦਾ ਕਿਨਿ ਬਿਧਿ ਮੂੜਾ ਪਾਵੈ॥੪।<br>(ਸਾਖੀ ਨੰਬਰ ੧੮) (ਪੱਤਰਾ ੬੧ ) | ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥<br>ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥<br>ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥<br>ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥<br>ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥<br>ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥<br>ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥<br>ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥ ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ॥੪॥ (ਗੁ.ਗ੍ਰੰ.ਸਾਹਿਬ. ਪੰਨਾ ੭੩੦-੩੧) |
| ਰਾਗੁ ਸੂਹੀ ਲਲਤਾ ॥ਮ: ੧॥ਸਬਦੁ॥<br>ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜੀਐ॥<br>ਜੋਗੁ ਨ ਮੁੰਦੀ ਮੂਡ ਮੁਡਾਇਐ ਜੋਗੁ ਨ ਸਿੰਙੀ ਵਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗਿ ਜੁਗਤਿ ਇਵ ਪਾਈਐ॥੧॥<br>ਬਾਬੂ ਰਾਵਲਾ ਗਲੀ ਜੋਗੁ ਨ ਹੋਈ॥<br>ਏਕ ਦਿਸਟਿ ਕਰਿ ਸਮਸਰਿ ਦੇਖੈ ਜੋਗੀ ਕਹੀਐ ਸੋਈ॥੧॥ਰਹਾਉ॥<br>ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥<br>ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥<br>ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੨॥<br>ਸਤਿਗੁਰੁ ਭੇਟੇ ਤਾ ਸਹੰਸਾ ਚੂਕੇ ਧਾਵਤੁ ਵਰਜਿ ਰਹਾਈਐ॥<br>ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥<br>ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥੩॥<br>ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥<br>ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥<br>ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੪॥<br>(ਸਾਖੀ ਨੰਬਰ ੧੮) (ਪੱਤਰੇ ੬੨ - ੬੩ ) | ਸੂਹੀ ਮਹਲਾ ੧ ਘਰੁ ੭ ੴ ਸਤਿਗੁਰ ਪ੍ਰਸਾਦਿ॥<br>ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥<br>ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥<br>ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥<br>ਗਲੀ ਜੋਗੁ ਨ ਹੋਈ ॥<br>ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥<br>ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥<br>ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥<br>ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥<br>ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥<br>ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੭੩੦) |
| ਰਾਗੁ ਸ੍ਰੀ ਰਾਗੁ ਪਹਰੇ ਮ: ੧॥ਸਬਦੁ॥<br>ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮੁ ਪਇਆ ਗ੍ਰਭਵਾਸੁ॥<br>ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥<br>ਖਸਮ ਸੇਤੀ ਅਰਦਾਸਿ ਵਖਾਣੈ ਉਰਧਿ ਧਿਆਨਿ ਲਿਵ ਲਾਗਾ॥<br>ਨਾ ਮਰਜਾਦੇ ਆਇਆ ਕਲੇ ਭੀਤਰਿ ਬਾਹੁੜਿ ਜਾਸੀ ਨਾਗਾ॥<br>ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥<br>ਕਹੁ ਨਾਨਕ ਪ੍ਰਾਣੀ ਪਹਿਲੇ ਪਹਰਿ ਹੁਕਮੁ ਪਇਆ ਗ੍ਰਭਵਾਸਿ॥੧॥<br>ਦੂਜੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ॥ | ੴ ਸਤਿਗੁਰ ਪ੍ਰਸਾਦਿ ॥ ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥<br>ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥<br>ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥<br>ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ॥<br>ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥<br>ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥<br>ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ॥੧॥<br>ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥ |

| | |
|---|---|
| ਹਥੋ ਹਥੁ ਨਚਾਈਐ ਵਣਜਾਰਿਆ ਮਿਤ੍ਰਾ ਜਿਉ  ਜਸੋਧਾ ਘਰਿ ਕਾਨੁ॥<br>ਹਥੋ ਹਥੁ ਨਚਾਈਐ ਪ੍ਰਾਣੀ ਮਾਤਕ ਹੈਸੁ ਤੁ ਮੇਰਾ॥<br>ਚੇਤਿ ਅਚੇਤਿ ਮੂੜ ਮਨ ਮੇਰੇ ਅੰਤਿ ਨਹੀ ਕੁਛ ਤੇਰਾ॥<br>ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨਿ ਭੀਤਰਿ ਧਰਿ ਧਿਆਨੁ॥<br>ਕਹੁ ਨਾਨਕ ਪ੍ਰਾਣੀ ਦੂਜੈ ਪਹਿਰੈ ਵਿਸਰਿ ਗਇਆ ਧਿਆਨੁ॥੨॥<br>qIjY phrY rYix kY  vxjwirAw imqRw Dn jobn isEu icqu]<br>ਹਰਿ ਕਾ ਨਾਮੁ ਨ ਚੇਤਈ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ॥<br>ਹਰਿ ਕਾ ਨਾਮ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ॥<br>ਧਨ ਸਿਉ ਰਾਤ ਜੋਬਨਿ ਮਾਤਾ ਅਹਿਲਾ ਜਨਮੁ ਗਵਾਇਆ॥<br>ਧਰਮ ਸੇਤੀ ਵੈਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ॥<br>ਕਹੁ ਨਾਨਕ ਤੀਜੇ ਪਹਰਿ ਪ੍ਰਾਣੀ ਧਨ ਜੋਬਨ ਸਿਉ ਚਿਤੁ॥੩॥<br>ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥<br>ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥<br>ਭੇਤੁ ਚੇਤੁ ਹਰਿ ਕਿਸੈ ਨ ਮਿਲਿਆ ਜਾ ਜਮੁ ਪੁਰ ਪਕੜਿ ਚਲਾਇਆ॥<br>ਝੂਠਾ ਰੁਦਨੁ ਹੋਆ ਦੁਆਰੈ ਖਿਨ ਮਹਿ ਭਇਆ ਪਰਾਇਆ॥<br>ਸਾਈ ਵਸਤੁ ਪਰਾਪਤਿ ਹੋਈ ਜਿਸੈ ਸਿਉ ਲਾਇਆ ਹੇਤੁ॥<br>ਕਹੁ ਨਾਨਕ ਪ੍ਰਾਣੀ ਚਉਥੈ ਪਹਿਰੈ ਲਾਵੀ ਲੁਣਿਆ ਖੇਤੁ॥੪॥<br>(ਸਾਖੀ ਨੰਬਰ ੧੯) (ਪੱਤਰਾ  ੬੪) | ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥<br>ਹਥੋ ਹਥਿ ਨਚਾਈਐ ਪ੍ਰਾਣੀ ਮਾਤ  ਕਹੈ ਸੁਤੁ ਮੇਰਾ ॥<br>ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥<br>ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ  ਭੀਤਰਿ ਧਰਿ ਗਿਆਨੁ ॥<br>ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ॥੨॥<br>ਤੀਜੈ ਪਹਰੈ ਰੈਣਿ ਕੈ  ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥<br>ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥<br>ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥<br>ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ  ਗਵਾਇਆ॥<br>ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥<br>ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥<br>ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥<br>ਜਾ ਜਮਿ ਪਕੜਿ  ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥<br>ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥<br>ਝੂਠਾ ਰੁਦਨੁ ਹੋਆ ਦੋਆਲੈ ਖਿਨ ਮਹਿ ਭਇਆ ਪਰਾਇਆ॥<br>ਸਾਈ ਵਸਤੁ ਪਰਾਪਤਿ ਹੋਈ ਜਿਸੁ  ਸਿਉ ਲਾਇਆ ਹੇਤੁ॥<br>ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੭੪-੭੫) |
| ਰਾਗੁ ਮਾਰੂ ॥ ਮ: ੧॥<br>ਕਰਣੀ ਕਾਗਦੁ ਮਨ ਮਸਵਾਣੀ ਬੁਰਾ ਭਲਾ ਦੁਇ ਲੇਖੁ ਪਏ॥<br>ਜਿਉ ਜਿਉ ਕਿਰਤ ਚਲਾਏ ਤਿਵ ਹੀ ਚਲੀਐ ਤਉ ਗੁਣ ਨਾਹੀ ਅੰਤਿ ਹਰੇ॥੧॥<br>ਚਿਤ ਚੇਤਿਸ ਸਖੀ ਨਹੀ ਬਾਵਰਿਆ॥<br>ਹਰਿ ਬਿਸਰਤ ਤੇਰੇ ਗੁਣ ਗਲਿਆ॥॥ਰਹਾਉ॥<br>ਜਾਲੀ ਰੈਣਿ ਜਾਲ ਦਿਨੁ ਹੂਆ ਜੇਤੀ ਘੜੀ ਉਹੀ ਤੇਤੀ॥<br>ਰਸਿ ਰਸਿ ਚੋਗੁ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਣੁ ਗੁਣੀ॥੨॥<br>ਕਾਇਆ ਅਹਰਣਿ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥<br>ਕੋਇਲੇ ਪਾਪ ਪੜੇ ਤਿਸੁ ਉਪਰਿ ਮਨੁ ਜਲਿਆ ਸੰਨੀ ਚਿਤ ਭਈ॥੩॥<br>ਭਇਆ ਮਾਨੂਰ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥<br>ਏਕੁ ਨਾਮੁ ਅਮ੍ਰਿਤੁ ਉਹੁ ਦੇਵੈ ਤਉ ਨਾਨਕ ਤਿਸਟਸਿ ਦੇਹਾ॥੪॥<br>(ਸਾਖੀ ਨੰਬਰ ੨੧) (ਪੱਤਰਾ ੬੯) | ਮਾਰੂ ਮਹਲਾ ੧ ਘਰੁ ੧ ॥<br>ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥<br>ਜਿਉ ਜਿਉ  ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥<br>ਚਿਤ ਚੇਤਸਿ ਕੀ ਨਹੀ ਬਾਵਰਿਆ॥<br>ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥<br>ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥<br>ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥<br>ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥<br>ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥<br>ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥<br>ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੯੯੦) |
| ਰਾਗੁ ਸ੍ਰੀ ਰਾਗੁ।ਮ: ੧॥ਸਬਦੁ॥<br>ਲਬੁ ਕੁਤਾ ਕੂੜੁ ਚੂਹਾੜਾ ਠਗਿ ਖਾਧਾ ਮੁਰਦਾਰੁ॥<br>ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕਰੋਧ ਚੰਡਾਰ॥ | ਸਿਰੀਰਾਗੁ ਮਹਲਾ ੧ ॥<br>ਲਬੁ  ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥<br>ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ |

| | |
|---|---|
| ਰਸੁ ਕਸੁ ਆਪੁ ਸਲਾਹਣਾ ਏਹੁ ਕਰਮ ਮੇਰੇ ਕਰਤਾਰ॥੧॥<br>ਬਾਬਾ ਬੋਲੀਐ ਪਤਿ ਹੋਇ॥<br>ਉਤਮ ਸੇ ਦਰਿ ਉਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ॥<br>ਰਸੁ ਸੁੰਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥<br>ਰਸੁ ਘੋੜੇ ਰਸ ਸੇਜੇ ਮੰਦਾਰ ਰਸੁ ਮੀਠਾ ਰਸੁ ਮਾਸੁ॥<br>ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥<br>ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥<br>ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖਿ ਮਨ ਅਜਾਣ॥<br>ਜੋ ਤਿਸੁ ਭਾਵੈ ਸੋ ਭਲਾ ਹੋਰਿ ਕਿ ਕਹਣੁ ਵਖਿਆਣ॥੩॥<br>ਤਿਨਾ ਮਤਿ ਤਿਨਾ ਪਤਿ ਤਿਨਾ ਧਨੁ ਪਲੈ ਜਿਨਾ ਹਿਰਦੈ ਰਹਿਆ ਸਮਾਇ॥<br>ਤਿਨ ਕਾ ਕਿਆ ਸਾਲਾਹਿਣਾ ਅਵਰੁ ਸੁਆਲਿਉ ਕਾਇ॥<br>ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ।੪।੧।<br>ਸਲੋਕ॥ਬਲਦ ਮਸਾਇਕ ਹਾਲੀ ਸੇਖਿ ਧਰਤ ਕਤੇਬਾ ਓੜੀ ਲੇਖ॥<br>ਚੋਟੀ ਕਾ ਪਰਸੇਉ ਅੜੀ ਜਾਇ॥<br>ਤਾ ਕਾ ਖਟਿਆ ਸਭੁ ਕੋ ਖਾਇ॥<br>ਘਾਲਿ ਖਟਿ ਕਿਛੁ ਹਥੋ ਦੇਇ ॥<br>ਨਾਨਕ ਰਾਹੁ ਪਛਾਨੇ ਸੇਇ॥<br>(ਸਾਖੀ ਨੰਬਰ ੨੨) (ਪੱਤਰੇ ੭੨ - ੭੩) | ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥<br>ਬਾਬਾ ਬੋਲੀਐ ਪਤਿ ਹੋਇ ॥<br>ਉਤਮ ਸੇ ਦਰਿ ਉਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥<br>ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥<br>ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥<br>ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥<br>ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥<br>ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥<br>ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥<br>ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥<br>ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥<br>ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥ ੪॥<br>(ਗੁ.ਗ੍ਰੰ.ਸਾਹਿਬ. ਪੰਨਾ ੧੫) |
| ਰਾਗੁ ਵਡਹੰਸ ਮ: ੧॥ ਸਬਦੁ॥<br>ਗੁਣਵੰਤੀ ਸਹੁ ਰਾਵਿਆ ਨਿਰਗੁਣ ਕੂਕੇ ਕਾਹਿ॥<br>ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਹਿ॥੧॥<br>ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜਾਉ॥੧॥ਰਹਾਉ॥ ਕਰਣੀ<br>ਕਾਮਣ ਜੇ ਥੀਵੈ ਜੇ ਮਨੁ ਧਾਗਾ ਹੋਇ॥<br>ਮਾਣਕੁ ਮੁਲਿ ਨ ਪਾਈਐ ਜੇ ਲੀਚੈ ਚਿਤਿ ਪੋਰਇ॥੨॥<br>ਰਾਹੁ ਦਸਾਂਈ ਨ ਜੁਲਾ ਆਖਾ ਅੰਮੜੀਆਸੁ॥<br>ਤੈ ਸਹ ਨਾਲਿ ਅਕੂਵਣੀ ਕਿਉ ਥੀਵੈ ਘਰਿ ਵਾਸੁ॥੩॥<br>ਨਾਨਕ ਏਕੀ ਬਾਹਰੀ ਦੂਜਾ ਨਾਹੀ ਕੋਇ॥<br>ਤੈ ਸਹਾ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ।੪।<br>(ਸਾਖੀ ਨੰਬਰ ੨੩) (ਪੱਤਰਾ ੭੪ - ੭੫) | ਵਡਹੰਸੁ ਮਹਲਾ ੧॥<br>ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ॥<br>ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ ॥੧॥<br>ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ ॥੧॥ ਰਹਾਉ ॥<br>ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ॥<br>ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ ॥੨॥<br>ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ॥<br>ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥੩॥<br>ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ॥<br>ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੫੫੭) |
| ਰਾਗ ਸੂਹੀ ਸਬਦੁ॥ਮ: ੧।ਕੁਚਜੀ।<br>ਮੰਞੁ ਕੁਚਜੀ ਡੋਸੜੇ ਕਿਉ ਸਹੁ ਰਾਵਣਿ ਜਾਉ ਜੀਉ॥<br>ਉਥੈ ਇਕ ਦੂ ਇਕ ਚੜੰਦੀਆਂ ਕਉਣੁ ਜਾਣੈ ਮੇਰਾ ਨਾਉ ਜੀਉ॥<br>ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਆਸ ਜੀਉ॥<br>ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਡੋਸੁ ਧਰੇਉਸ ਜੀਉ॥<br>ਕਿਆ ਗੁਣ ਤੇਰੇ ਵਿਥਰਾ ਕਿਆ ਕਿਆ ਘਿੰਨਾ ਤੇਰਾ ਨਾਉ ਜੀਉ॥<br>ਇਕਤੁ ਟੋਲਿ ਨ ਅੰਬੜਾ ਸਦ ਕੁਰਬਾਣੈ ਤੇਰੈ ਜਾਉ ਜੀਉ॥<br>ਸੋਨਾ ਰੁਪਾ ਰੰਗੁਲਾ ਮੋਤੀ ਤੈ ਮਾਣਕ ਜੀਉ॥ | ਰਾਗੁ ਸੂਹੀ ਮਹਲਾ ੧ ਕੁਚਜੀ ੴ ਸਤਿਗੁਰ ਪ੍ਰਸਾਦਿ॥<br>ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥<br>ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥<br>ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥<br>ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥<br>ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥<br>ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥<br>ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥ |

| | |
|---|---|
| ਸੇ ਵਸਤੁ ਸਹੁ ਦਿਤੀਆ ਮੈਡਾ ਤਿਨ ਸਿਉ ਲਾਗਾ ਚਿਤੁ ਜੀਉ॥<br>ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥<br>ਹਉ ਇਤੁ ਭੁਲਾਵੈ ਭੁਲੀਆ ਤਿਸੁ ਕੰਤੁ ਨ ਬੈਠੀ ਪਾਸਿ ਜੀਉ॥<br>ਅੰਬਰਿ ਕੁਜਾ ਕੁਰਲੀਆ ਬਗ ਬਹਿਠੇ ਆਇ ਜੀਉ॥<br>ਸਾ ਧਨ ਚਾਲੀ ਸਾਹੁਰੈ ਕਿਆ ਮੁਹ ਦੇਸੀ ਅਗੈ ਜਾਇ ਜੀਉ॥<br>ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ॥<br>ਤਉ ਸਹ ਨਾਲੁ ਮੁਤੀਆ ਤਿਨਾ ਡੁਖਾ ਕਉ ਧਰੀਆਸੁ ਜੀਉ॥<br>ਤੁਧੁ ਗੁਣ ਮੈ ਸਭ ਅਵਗੁਣਾ ਇਕ ਨਾਨਕ ਕੀ ਅਰਦਾਸਿ ਜੀਉ।<br>ਸਭਿ ਰਾਤੀ ਸੋਹਾਗਣੀ ਮੈਂ ਡੋਹਾਗਣਿ ਕਾਈ ਰਾਤਿ ਜੀਉ॥੧॥<br>(ਸਾਖੀ ਨੰਬਰ ੨੩) (ਪੱਤਰਾ ੭੫ - ੭੬) | ਸੇ ਵਸਤੁ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥<br>ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥<br>ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥<br>ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥<br>ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥<br>ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥<br>ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥<br>ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥<br>ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ॥੧॥<br>(ਗੁ.ਗ੍ਰੰ.ਸਾਹਿਬ. ਪੰਨਾ ੭੬੨) |
| ਰਾਗੁ ਸ੍ਰੀ ਰਾਗੁ ਮ: ੧॥ਸਬਦੁ॥<br>ਤਾਲਾ ਮਦੀਰੇ ਘਟ ਕੇ ਘਾਟ॥<br>ਦੋਲਖੁ ਦੁਨੀਆ ਵਾਜੈ ਵਾਟਿ॥<br>ਨਾਰਦੁ ਨਾਚੈ ਕਲਿ ਕੈ ਭਾਇ॥<br>ਜਤੀ ਸਤੀ ਕਹਾ ਰਾਖਹਿ ਪਾਉ॥੧॥<br>ਨਾਨਕ ਨਾਮ ਵਿਟਹੁ ਕਰੁਬਾਣੁ॥<br>ਅੰਧੀ ਦੁਨੀਆ ਮੇਰਾ ਸਾਹਿਬੁ ਜਾਣੁ॥੧॥ਰਹਾਉ॥<br>ਦਰਸਨੁ ਦੇਖਿ ਬਿਨੁ ਦਇਆ ਨ ਹੋਇ॥<br>ਲੇਇ ਦਿਤੇ ਬਿਨੁ ਰਹਿ ਨ ਕੋਇ॥<br>ਰਾਜਾ ਨਿਆਉ ਕਰੇ ਹਥਿ ਹੋਇ॥<br>ਕਹੈ ਖੁਦਾਇ ਨ ਮਾਨੈ ਕੋਇ॥੨॥<br>ਜੋ ਗੁਰੂ ਪਾਸਹੁ ਚੇਲਾ ਖਾਇ॥<br>ਤਾ ਮੁਹੁ ਪ੍ਰੀਤਿ ਵਸੈ ਮਨਿ ਆਇ॥<br>ਜੇ ਸਉ ਬਰਮਾ ਪੈਨਣ ਖਾਣੁ॥<br>ਖਸਮ ਪਛਾਣੈ ਤੇਰਾ ਸੋ ਦਿਨੁ ਪਰਵਾਣੁ॥੩॥<br>ਮਾਣਸ ਮੁਰਤ ਨਾਨਕੁ ਨਾਉ॥<br>ਕਰਣੀ ਕੁਕਰੁ ਦਰਿ ਪਰਮਾਣ॥<br>ਗੁਰ ਪ੍ਰਸਾਦਿ ਰਹੈ ਮਿਹਮਾਣੁ॥<br>ਤਾ ਕਿਛੁ ਦਰਗਹ ਪਾਵੈ ਮਾਣ।੪।<br>(ਸਾਖੀ ਨੰਬਰ ੨੩) (ਪੱਤਰਾ ੭੭) | ਆਸਾ ਮਹਲਾ ੧ ॥<br>ਤਾਲ ਮਦੀਰੇ ਘਟ ਕੇ ਘਾਟ॥<br>ਦੋਲਕ ਦੁਨੀਆ ਵਾਜਹਿ ਵਾਜ॥<br>ਨਾਰਦੁ ਨਾਚੈ ਕਲਿ ਕਾ ਭਾਉ॥<br>ਜਤੀ ਸਤੀ ਕਹ ਰਾਖਹਿ ਪਾਉ॥੧॥<br>ਨਾਨਕ ਨਾਮ ਵਿਟਹੁ ਕੁਰਬਾਣੁ॥<br>ਅੰਧੀ ਦੁਨੀਆ ਸਾਹਿਬੁ ਜਾਣੁ॥੧॥ਰਹਾਉ ॥<br>ਗੁਰੂ ਪਾਸਹੁ ਫਿਰਿ ਚੇਲਾ ਖਾਇ ॥<br>ਤਾਮਿ ਪਰੀਤਿ ਵਸੈ ਘਰਿ ਆਇ॥<br>ਜੇ ਸਉ ਵਰ੍ਹਿਆ ਜੀਵਣ ਖਾਣੁ ॥<br>ਖਸਮ ਪਛਾਣੈ ਸੋ ਦਿਨੁ ਪਰਵਾਣੁ ॥੨॥<br>ਦਰਸਨਿ ਦੇਖਿਐ ਦਇਆ ਨ ਹੋਇ॥<br>ਲਏ ਦਿਤੇ ਵਿਣੁ ਰਹੈ ਨ ਕੋਇ॥<br>ਰਾਜਾ ਨਿਆਉ ਕਰੇ ਹਥਿ ਹੋਇ॥<br>ਕਹੈ ਖੁਦਾਇ ਨ ਮਾਨੈ ਕੋਇ ॥੩॥<br>ਮਾਣਸ ਮੂਰਤਿ ਨਾਨਕੁ ਨਾਮੁ॥<br>ਕਰਣੀ ਕੁਤਾ ਦਰਿ ਫੁਰਮਾਨੁ॥<br>ਗੁਰ ਪਰਸਾਦਿ ਜਾਣੈ ਮਿਹਮਾਨੁ॥<br>ਤਾ ਕਿਛੁ ਦਰਗਹ ਪਾਵੈ ਮਾਨੁ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੩੪੯-੫੦) |
| ਸਲੋਕੁ॥<br>ਗਲੀ ਅਸੀ ਚੰਗੇਰੀਆ ਆਚਾਰੀ ਬੁਰੀਆ॥<br>ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆ॥<br>ਰੀਸਾ ਕਰਨਿ ਤਿਨਾ ਦੀਆ ਸੇਵਨਿ ਦਰੁ ਖੜੀਆ॥<br>ਨਾਲਿ ਖਸਮੈ ਰਤੀਆ ਮਾਣਨ ਸੁਖਿ ਰਲੀਆ॥ | ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ॥<br>ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥<br>ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥<br>ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥ |

| | |
|---|---|
| ਹੋਂਦੈ ਤਾਨਿ ਨਿਤਾਣੀਆ ਰਹਨਿ ਨਿਮਾਨਣੀਆ॥<br>ਨਾਨਕ ਜਨਮੁ ਸਕਾਰਥਾ ਤਿਨਕੇ ਸੰਗਿ ਮਿਲਾਹ॥੨॥<br>(ਸਾਖੀ ਨੰਬਰ ੨੩) (ਪੱਤਰਾ ੭੭) | ਹੋਂਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥<br>ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥<br>(ਗੁ.ਗ੍ਰੰ.ਸਾਹਿਬ. ਪੰਨਾ ੮੫) |
| ਰਾਗੁ ਤਿਲੰਗੁ ਸਬਦੁ ਮ: ੧॥<br>ਇਆਨੜੀ ਮਾਨੜਾ ਕਾਹਿ ਕਰੇਹਿ॥<br>ਆਪਨੜੈ ਘਰਿ ਹਰਿ ਰੰਗ ਕੀ ਨਾਹੀ ਮਾਣੇਹਿ॥<br>ਸਹੁ ਨੇੜੈ ਧਨ ਕੰਮਲੀਏ ਬਾਹਰਿ ਕਿਆ ਢੂੰਢੇਹਿ॥<br>ਭੈਇ ਕੀ ਦੇਹੁ ਸਲਾਈਆ ਨੈਣੀ ਭਾਉ ਕਾ ਕਰਿ ਸੀਗਾਰੁ॥<br>ਤਾ ਸੋਹਾਗਣਿ ਜਾਣੀਅਨਿ ਲਾਗੀ ਜਾ ਸਹੁ ਧਰੇ ਪਿਆਰੁ॥੧॥<br>ਇਆਨੜੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ॥<br>ਕਰਨ ਪਲਾਹ ਕਰੈ ਬਹੁਤੇਰੇ ਸਾਧਨ ਮਹਲੁ ਨ ਪਾਵੈ॥ਰਹਾਉ॥<br>ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥<br>ਲਬ ਲੋਭੁ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥<br>ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥੨॥<br>ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥<br>ਜੋ ਕਛੁ ਕਰੇ ਸੁ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥<br>ਜਾ ਕੈ ਪ੍ਰੇਮ ਪਦਾਰਥ ਪਾਈਐ ਤਾਸੁ ਚਰਣੀ ਚਿਤੁ ਲਾਈਐ॥<br>ਸਹੁ ਕਹੈ ਸੁ ਕੀਜੈ ਤਨੁ ਮਨੁ ਦੀਜੈ ਇਵ ਪ੍ਰੇਮ ਲਿਵ ਲਾਈਐ॥<br>ਇਉ ਕਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥੩॥<br>ਆਪੁ ਗਵਾਈਐ ਤਾ ਸਹੁ ਪਾਈਐ ਅਵਰੁ ਕੈਸੀ ਚਤੁਰਾਈ॥<br>ਸਹੁ ਨਜਰਿ ਕਰਿ ਦੇਖੈ ਸੋ ਦਿਨ ਲੇਖੈ ਕਾਮਣਿ ਨਉ ਨਿਧਿ ਪਾਈ॥<br>ਆਪਣੇ ਕੰਤਿ ਪਿਆਰੀ ਸਾ ਸੋਹਾਗਣਿ ਨਾਨਕਾ ਸਾ ਸਭਰਾਈ॥<br>ਐਸੇ ਰੰਗ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥<br>ਸੁੰਦਰਿ ਸਾ ਸਰੂਪ ਬਚਖਣ ਕਹੀਐ ਸਾ ਸਿਆਣੀ॥<br>(ਸਾਖੀ ਨੰਬਰ ੨੩) (ਪੱਤਰਾ ੭੮) | ਤਿਲੰਗ ਮਃ ੧ ॥<br>ਇਆਨੜੀਏ ਮਾਨੜਾ ਕਾਇ ਕਰੇਹਿ ॥<br>ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥<br>ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥<br>ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥<br>ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥<br>ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥<br>ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ॥<br>ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥<br>ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥<br>ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥੨॥<br>ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥<br>ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥<br>ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥<br>ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥<br>ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥<br>ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥<br>ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥<br>ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥<br>ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥<br>ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੭੨੨) |
| ਰਾਗੁ ਮਾਰੂ ॥ ਮ: ੧। ਸਬਦੁ॥<br>ਡਰਪੈ ਧਰਤਿ ਅਕਾਸੁ ਨਿਛਤ੍ਰਾ ਸਿਰਿ ਊਪਰਿ ਅਮਰੁ ਕਰਾਰਾ॥<br>ਪਉਣੁ ਪਾਣੀ ਬੈਸੰਤਰੁ ਡਰਪੈ ਇੰਦ ਬਿਚਾਰਾ॥੧॥<br>ਇਕਾ ਨਿਰਭਉ ਬਾਤ ਸੁਣੀ॥<br>ਸੋਈ ਸੁਖੀਆ ਸੋ ਸਦਾ ਸੁਹੇਲਾ ਜੋ ਗੁਰੁ ਮਿਲਿ ਗਾਇ ਗੁਣੀ॥੧॥ਰਹਾਉ॥<br>ਦੇਹਧਾਰੀ ਦੇਵਾ ਪਤਿ ਡਰਪੈ ਸਿਧ ਸਾਧਿਕ ਡਰਿ ਮੁਏ॥<br>ਲਖ ਚਉਰਾਸੀਹ ਡਰਿ ਡਰਿ ਵਿਆਪੀ ਫਿਰਿ ਫਿਰਿ ਜੋਨੀ ਜੁਏ ॥੨॥<br>ਰਾਜਸੁ ਤਾਮਸੁ ਸਾਤਕੁ ਡਰਪੈ ਕੇਤੇ ਰੂਪ ਉਪਾਇਆ॥<br>ਛਲ ਬਪੁਰੀ ਇਹ ਕਉਲਾਂ ਡਰਪੈ ਅਤਿ ਡਰਪੈ ਧਰਮ ਰਾਇਆ॥੩॥<br>ਸਗਲ ਸਮਗ੍ਰੀ ਡਰ ਡਰ ਬਿਆਪੀ ਬਿਨੁ ਡਰ ਕਰਣੈਹਾਰਾ॥ | ਮਾਰੂ ਮਹਲਾ ੫ ਘਰੁ ੨ ॥ ੧ੴ ਸਤਿਗੁਰ ਪ੍ਰਸਾਦਿ ॥<br>ਡਰਪੈ ਧਰਤਿ ਅਕਾਸੁ ਨਖ੍ਯਤ੍ਰਾ ਸਿਰ ਊਪਰਿ ਅਮਰੁ ਕਰਾਰਾ ॥<br>ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ॥੧॥<br>ਏਕਾ ਨਿਰਭਉ ਬਾਤ ਸੁਨੀ॥<br>ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥੧॥ ਰਹਾਉ ॥<br>ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ॥<br>ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ ॥੨॥<br>ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ॥<br>ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ॥੩॥<br>ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥ |

| | |
|---|---|
| ਕਹੁ ਨਾਨਕ ਭਗਤਾ ਕਾ ਸੰਗੀ ਤੇਰੇ ਭਗਤ ਸੋਹਨਿ ਦਰਬਾਰਾ॥੪॥<br>(ਸਾਖੀ ਨੰਬਰ ੨੪) (ਪੱਤਰੇ ੮੦ - ੮੧ ) | ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੯੯੮-੯੯) |
| ਰਾਗੁ ਸ੍ਰੀ ਰਾਗੁ॥ ਮ:੧।<br>ਮੋਤੀ ਤ ਮੰਦਰਿ ਊਸਰਹਿ ਰਤਨੀ ਤ ਹੋਹਿ ਜੜਾਉ॥<br>ਕਸਤੂਰੀ ਕੁੰਗੂ ਅਗਰ ਚੰਦਨ ਲੀਪਿ ਆਵੈ ਚਾਉ॥<br>ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥<br>ਹਰਿ ਬਿਨੁ ਜੀਉ ਜਲਿ ਬਲਿ ਜਾਉ॥<br>ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਂਹੀ ਥਾਉ ॥੧॥ਰਹਾਉ॥<br><br>(ਸਾਖੀ ਨੰਬਰ ੨੪) (ਪੱਤਰੇ ੮੧ - ੮੨) | ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥<br>ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥<br>ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥<br>ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥<br>ਹਰਿ ਬਿਨੁ ਜੀਉ ਜਲਿ ਬਲਿ ਜਾਉ ॥<br>ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ॥ਰਹਾਉ॥<br>(ਗੁ.ਗ੍ਰੰ.ਸਾਹਿਬ. ਪੰਨਾ ੧੪) |
| ਹੀਰੇ ਤਾ ਧਰਤੀ ਲਾਲ ਜੜਤੀ ਪਲਘ ਲਾਲ ਜੜਾਉ॥<br>ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥<br>ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੨॥<br>(ਸਾਖੀ ਨੰਬਰ ੨੪) (ਪੱਤਰੇ ੮੦ - ੮੨) | ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥<br>ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥<br>ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥<br>(ਗੁ.ਗ੍ਰੰ.ਸਾਹਿਬ. ਪੰਨਾ ੧੪) |
| ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥<br>ਗੁਪਤ ਪਰਗਟ ਹੋਇ ਬੈਠਾ ਲੋਕੁ ਰਾਖੈ ਭਾਉ॥<br>ਮਤੁ ਦਿਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੩॥<br>(ਸਾਖੀ ਨੰਬਰ ੨੪) (ਪੱਤਰਾ ੮੧ ) | ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥<br>ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥<br>ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥<br>(ਗੁ.ਗ੍ਰੰ.ਸਾਹਿਬ. ਪੰਨਾ ੧੪) |
| ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਉ ਪਾਉ॥<br>ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥<br>ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੪॥<br>(ਸਾਖੀ ਨੰਬਰ ੨੪) (ਪੱਤਰਾ ੮੨ ) | ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥<br>ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥<br>ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੧੪) |
| ਸਲੋਕੁ॥<br>ਸੀਹਾ ਬਾਜਾ ਕੁਹੀਆ ਚਰਗਾ ਇਨਾ ਖਵਾਲੇ ਘਾਹੁ॥<br>ਘਾਹੁ ਖਾਨਿ ਤਿਨਾ ਮਾਸੁ ਖਵਾਲੇ ਇਵੈ ਚਲਾਏ ਰਾਹੁ॥<br>ਨਦੀਆ ਵਿਚਿ ਟਿਬੇ ਵੇਖਾਲੇ ਥਲੀ ਕਰੇ ਅਸਗਾਹੁ॥<br>ਜੀਆ ਮਾਰਿ ਜੀਵਾਲੇ ਜੀਆ ਨਦਰੀ ਕਰੇ ਪਸਾਉ॥<br>ਕੀੜੀ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹੁ॥<br>ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇ ਗਿਰਾਹੁ॥੧॥<br>(ਸਾਖੀ ਨੰਬਰ ੨੫) (ਪੱਤਰੇ ੮੪ - ੮੫ ) | ਸਲੋਕੁ ਮਃ ੧ ॥<br>ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥<br>ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥<br>ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥<br>ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥<br>ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥<br>ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥੧॥<br>(ਗੁ.ਗ੍ਰੰ.ਸਾਹਿਬ. ਪੰਨਾ ੧੪੪) |

| | |
|---|---|
| ਰਾਗੁ ਮਲਾਰ ਵਿਚਿ। ਮ: ੧॥ਸਬਦੁ॥<br>ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥<br>ਖਸਮੁ ਵਿਸਾਰਿ ਖੁਆਰੀ ਕੀਤੀ ਧ੍ਰਿਗੁ ਜੀਵਣੁ ਨਹੀ ਰਹਣਾ॥੧॥<br>ਪ੍ਰਾਣੀ ਇਕੁ ਨਾਮੁ ਧਿਆਵਹੁ॥<br>ਆਪਣੀ ਪਤਿ ਸੇਤੀ ਘਰਿ ਜਾਵਹੁ॥੧॥ਰਹਾਉ॥<br>ਜੋ ਤੁਧ ਸੇਵੈ ਸੋ ਤੁਧੁ ਕਿਆ ਦੇਵਹਿ ਮਾਗਹਿ ਲੇਵਹਿ ਰਹਹਿ ਨਹੀ॥<br>ਤੂੰ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ॥੨॥<br>ਗੁਰਮੁਖਿ ਧਿਆਵੈ ਸੇ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਈ॥<br>ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲਾ ਹਛੇ ਹੋਹੀ॥੩॥<br>ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ॥<br>ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ॥੪॥<br>(ਸਾਖੀ ਨੰਬਰ ੨੬) (ਪੱਤਰਾ ੮੬ ) | ਰਾਗੁ ਮਲਾਰ ਚਉਪਦੇ ਮਹਲਾ ੧ ਘਰੁ ੧<br>ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥<br>ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥੧॥<br>ਪ੍ਰਾਣੀ ਏਕੋ ਨਾਮੁ ਧਿਆਵਹੁ ॥<br>ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ ॥<br>ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ ॥<br>ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ ॥੨॥<br>ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ॥<br>ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ॥੩॥<br>ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ ॥<br>ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੧੨੫੪) |
| ਸੂਹੀ ਮ:੧॥<br>××××<br>××××<br>××××<br>ਸਜਣ ਚਲੇ ਪਿਆਰਿਆ ਕਿਉ ਮੇਲਾ ਹੋਈ॥<br>ਜੇ ਗੁਣ ਹੋਵਹਿ ਗੰਠੜੀਆ ਮੇਲੈਗਾ ਸੋਈ॥੨॥<br>ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥<br>ਆਵਾਗਉਣ ਨਿਵਾਰਸੀ ਸਚੁ ਦੇਵੈ ਸੋਈ॥੩॥<br>ਹਉਮੈ ਮਾਰਿ ਨਿਵਾਰੀਐ ਸੀਤਾ ਮੇਰਾ ਚੋਲਾ॥<br>ਗੁਰ ਬਚਨੀ ਸਹੁ ਪਾਇਆ ਸਹਿ ਕੇ ਅੰਮ੍ਰਿਤ ਬੋਲਾ॥੪॥<br>ਨਾਨਕ ਕਹੈ ਸਹੇਲੀਓ ਸਹੁ ਖਰਾ ਪਿਆਰਾ॥<br>ਹਮ ਸਹ ਕੇਰੀਆ ਦਾਸੀਆ ਸਚਾ ਖਸਮ ਹਮਾਰਾ॥੫॥<br>(ਸਾਖੀ ਨੰਬਰ ੨੮) | ਸੂਹੀ ਮਹਲਾ ੧ ॥<br>ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥<br>ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥<br>ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥<br>ਰਹਾਉ ॥<br>ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥<br>ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥੨॥<br>ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥<br>ਆਵਾਗਉਣੁ ਨਿਵਾਰਿਆ ਹੈ ਸਾਚਾ ਸੋਈ ॥੩॥<br>ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥<br>ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥<br>ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ॥<br>ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥੫॥<br>(ਗੁ.ਗ੍ਰੰ.ਸਾਹਿਬ. ਪੰਨਾ ੭੨੯) |
| ਰਾਗੁ ਆਸਾ॥<br>ਰਤੇ ਇਸਕਿ ਖੁਦਾਇ ਰੰਗਿ ਦੀਦਾਰ ਕੈ॥<br>ਜਿਨਾ ਵਿਸਰਿਆ ਨਾਮੁ ਸੇ ਭੁਇ ਭਾਰੁ ਭਏ॥ਰਹਾਉ॥<br>ਦਿਲਹੁ ਮੁਹਬਤਿ ਜਿਸ ਸੇਈ ਸਚਿਆ॥<br>ਮਨਿ ਹੋਰੁ ਮੁਖਿ ਹੋਰੁ ਸਿ ਕਾਢਹੁ ਕਚਿਆ॥੧॥<br>ਪਰਵਦਗਾਰੁ ਪਰੋ ਅਪਾਰ ਅਗਮ ਬਿਅੰਤ ਤੂ॥<br>ਜਿਨਾ ਸੁਣਿਆ ਮਨਿ ਸਚੁ ਤਿਨਾ ਚੁੰਮਾ ਪੈਰ ਮੂੰ॥੩॥<br>ਤੇਰੀ ਪਨਹ ਖੁਦਾਇ ਤੂ ਬਖਸੰਦਗੀ॥ | ਆਸਾ ਸੇਖ ਫਰੀਦ ਜੀਉ ਕੀ ਬਾਣੀ ੧ੴ ਸਤਿਗੁਰ ਪ੍ਰਸਾਦਿ ॥<br>ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥<br>ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥<br>ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥<br>ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ਰਹਾਉ ॥<br>ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥<br>ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥<br>ਪਰਵਦਗਾਰ ਅਪਾਰ ਅਗਮ ਬੇਅੰਤ ਤੂ॥ |

| | |
|---|---|
| ਸੇਖ ਫਰੀਦੈ ਖੈਰੁ ਦੀਜੈ ਬੰਦਗੀ।੩॥<br>(ਸਾਖੀਕਾਰ/ਉਤਾਰਾਕਾਰ ਤੋਂ ਇਕ ਬੰਦ ਲਿਖਣੋਂ ਰਹਿ ਗਿਆ ਹੈ)<br>(ਸਾਖੀ ਨੰਬਰ ੨੮) | ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥<br>ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥<br>ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥ (ਗੁ.ਗ੍ਰੰ.ਸਾਹਿਬ. ਪੰਨਾ ੪੮੮) |
| ਰਾਗੁ ਸੂਹੀ । ਮ: ੧।<br>ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ॥<br>ਤੁਧੁ ਅੰਤਰਿ ਹਉ ਸੁਖਿ ਵਸਾ ਤੂ ਅੰਤਰਿ ਸਾਬਾਸਿ ਜੀਉ॥<br>ਭਾਣੈ ਤਖਤਿ ਵਡਿਆਈਆ ਭਾਣੈ ਭੀਖ ਉਦਾਸ ਜੀਉ॥<br>ਭਾਣੈ ਥਲ ਸਿਰਿ ਸੁਰ ਵਹੈ ਕਵਲੁ ਫੁਲੈ ਆਕਾਸਿ ਜੀਉ॥<br>ਭਾਣੈ ਭਵਜਲੁ ਲੰਘੀਐ ਭਾਣੈ ਮਝ ਭਰੀਆਸਿ ਜੀਉ॥<br>ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤੇ ਗੁਣਿਤਾਸਿ ਜੀਉ॥<br>ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸੁ ਜੀਉ॥<br>××××××<br>ਕਿਆ ਮਾਗਉ ਕਿਆ ਕਹਿ ਸੁਣਹੁ ਮੈ ਦਰਸਨ ਭੁਖ ਪਿਆਸਿ ਜੀਉ॥<br>ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ।<br><br>(ਇਸ ਸਬਦ ਦੀ ਵੀ ਇਕ ਲਾਈਨ ਦਰਜ ਨਹੀਂ)<br><br>(ਸਾਖੀ ਨੰਬਰ ੨੮) | ਸੂਹੀ ਮਹਲਾ ੧ ਸੁਚਜੀ ॥<br>ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ॥<br>ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ॥<br>ਭਾਣੈ ਤਖਤਿ ਵਡਿਆਈਆ ਭਾਣੈ ਭੀਖ ਉਦਾਸਿ ਜੀਉ॥<br>ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ॥<br>ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ॥<br>ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ॥<br>ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥<br>ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਓ॥<br>ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੁਖ ਪਿਆਸਿ ਜੀਉ ॥<br>ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ॥੨॥<br>(ਗੁ.ਗ੍ਰੰ.ਸਾਹਿਬ. ਪੰਨਾ ੭੬੨-੬੩) |
| ਜੋ ਜਾਗਨਿ ਲਹੰਨਿ ਸੇ ਸਾਈ ਪਾਸਹੁ ਦਾਤਿ।<br>ਪਹਿਲੀ ਰਾਤਿ ਫੁਲੜਾ ਫਲੁ ਭੀ ਪਿਛਲੀ ਰਾਤਿ॥੧॥<br>(ਸਾਖੀ ਨੰਬਰ ੨੮) | ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥<br>ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥<br>(ਗੁ.ਗ੍ਰੰ.ਸਾਹਿਬ. ਪੰਨਾ ੧੩੮੪) |
| ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸ ਨਾਲਿ॥<br>ਇਕ ਜਾਗੰਦੇ ਨਾ ਲਹੈ ਇਕ ਸੁਤਿਆ ਮਿਲੈ ਉਠਾਲਿ॥੧॥<br>(ਸਾਖੀ ਨੰਬਰ ੨੮) | ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥<br>ਇਕਿ ਜਾਗੰਦੇ ਨਾ ਲਹਨ੍ਹਿ ਇਕਨ੍ਹਾ ਸੁਤਿਆ ਦੇਇ ਉਠਾਲਿ ॥੧੧੩॥<br>(ਗੁ.ਗ੍ਰੰ.ਸਾਹਿਬ. ਪੰਨਾ ੧੩੮੪) |
| ਸਬਦੁ ਰਾਗੁ ਤੁਖਾਰੀ ਛੰਤੁ ਮ:੧।<br>ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ॥<br>ਵਖਰੁ ਰਾਖੁ ਮੁਈਯੇ ਆਵੈ ਵਾਰੀ ਰਾਮ॥<br>ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ॥<br>ਰੈਣਿ ਅੰਧੇਰੀ ਕਿਆ ਗਤਿ ਤੇਰੀ ਚੋਰੁ ਪੜੈ ਘਰੁ ਮੂਸਏ॥<br>ਰਾਖਣਹਾਰੇ ਅਗਮ ਅਪਾਰੇ ਸੁਣਿ ਬੇਨੰਤੀ ਮੇਰੀਆ॥<br>ਨਾਨਕ ਮੂਰਖੁ ਕਦੇ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ॥੧॥<br>ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ॥<br>ਵਾੜੀ ਰਾਖੁ ਮੁਈਯੇ ਖਾਜੈ ਖੇਤੀ ਰਾਮ॥<br>ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ॥ | ਤੁਖਾਰੀ ਮਹਲਾ ੧ ॥<br>ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ॥<br>ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ॥<br>ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ॥<br>ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥<br>ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ॥<br>ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥੧॥<br>ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ॥<br>ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ॥<br>ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ॥ |

| | |
|---|---|
| ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ॥ ਰਵਿ<br>ਸਸਿ ਦੀਪਕ ਗੁਰਰਤਿ ਦੁਆਰੈ ਮਨਿ ਸਾਚਾ ਮੁਖਿ ਧਿਆਏ॥<br>ਨਾਨਕ ਮੂਰਖੁ ਅਜਹੁ ਨ ਚੇਤੈ ਕਿਉ ਦੂਜੇ ਸੁਖੁ ਪਾਏ॥੨॥<br>ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ॥<br>ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ॥<br>ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ॥<br>ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ॥<br>ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ॥<br>ਨਾਨਕ ਤੀਜੈ ਤ੍ਰੈਬਿਧਿ ਲੋਕਾ ਮਾਇਆ ਮੋਹਿ ਬਿਆਪੀ॥੪॥<br>ਚਉਥਾ ਪਹਰੁ ਭਇਆ ਦੋਤ ਬਿਹਾਗੇ ਰਾਮ॥<br>ਤਿਨ ਘਰੁ ਰਾਖਿਅੜਾ ਜੁੋ ਅਨਦਿਨੁ ਜਾਗੈ ਰਾਮ॥<br>ਗੁਰਿ ਪੂਛਿ ਜਾਗੈ ਨਾਮਿ ਲਾਗੈ ਤਿਨੀ ਰੈਣਿ ਸੁਹੇਲੀਆ॥<br>ਗੁਰ ਸਬਦੁ ਕਮਾਵਹਿ ਜਨਮ ਨ ਆਵਹੁ ਜਿਨਾ ਹਰਿ ਪ੍ਰਭੁ ਬੇਲੀਆ॥<br>ਕਰਿ ਕੰਪਿਆ ਚਰਣ ਸਰੀਰੁ ਕੰਪੈ ਨੈਨ ਅੰਧਲੇ ਤਨੁ ਭਸਮੁ ਸੇ॥<br>ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੈ ਮਨਿ ਵਸੈ॥੪॥<br>ਖੁਲੀ ਗੰਠੜੀਆ ਉਠੁ ਲਿਖਿਆ ਆਇਆ ਰਾਮ॥<br>ਰਸ ਕਸ ਸੁਖੁ ਠਾਕੇ ਬੰਨਿ ਚਲਾਇਆ ਰਾਮ॥<br>ਬੰਨਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ॥<br>ਆਪਣੀ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ॥<br>ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ॥<br>ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ॥੫॥<br>(ਸਾਖੀ ਨੰਬਰ ੨੮) (ਪੱਤਰੇ ੮੯ - ੯੦ ) | ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥<br>ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ॥<br>ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ॥੨॥<br>ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ॥<br>ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ ॥<br>ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ ॥<br>ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥<br>ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥<br>ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ ॥੩॥<br>ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ॥<br>ਤਿਨ ਘਰੁ ਰਾਖਿਅੜਾ ਜੁੋ ਅਨਦਿਨੁ ਜਾਗੈ ਰਾਮ॥<br>ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ॥<br>ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ॥<br>ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ ਸੇ॥<br>ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ ॥੪॥<br>ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ॥<br>ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ॥<br>ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ॥<br>ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ॥<br>ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ॥<br>ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ<br>ਕੀਆ॥੫॥<br>(ਗੁ.ਗ੍ਰੰ.ਸਾਹਿਬ. ਪੰਨਾ ੧੧੧੦) |
| ਸਬਦੁ॥ਰਾਗੁ ਮਾਰੂ ਮ: ੧॥<br>ਮਿਲਿ ਮਾਤਾ ਪਿਤਾ ਪਿੰਡੁ ਕਮਾਇਆ॥<br>ਤਿਨਿ ਕਰਤੈ ਲੇਖੁ ਲਿਖਾਇਆ॥<br>ਲਿਖੁ ਨਾਮੁ ਜੋਤਿ ਵਡਿਆਈ॥<br>ਮਿਲਿ ਮਾਇਆ ਸੁਰਤਿ ਗਵਾਈ॥ ੧॥<br>ਮੂਰਖ ਮਨਾ ਕਾਹੇ ਕਰਸੀ ਮਾਣਾ॥<br>EuiT clxw KsmY Bwxw ]1]ਰਹਾਉ॥<br>ਤਜਿ ਸਾਦੁ ਸਹਜ ਸੁਖੁ ਹੋਈ॥<br>ਘਰ ਛਡਣੈ ਰਹੈ ਨ ਕੋਈ॥<br>ਕਿਛੁ ਖਾਈਐ ਕਿਛੁ ਧਰਿ ਜਾਈਐ॥<br>ਜੇ ਬਾਹੁੜਿ ਦੁਨੀਆ ਆਈਐ॥੨॥<br>ਸੇਜ ਕਾਇਆ ਪਵ ਹਡਾਏ॥<br>ਫੁਰਮਾਇਸਿ ਬਹੁਤੁ ਚਲਾਏ॥ | ਮਾਰੂ ਮਹਲਾ ੧ ॥<br>ਮਿਲਿ ਮਾਤ ਪਿਤਾ ਪਿੰਡੁ ਕਮਾਇਆ॥<br>ਤਿਨਿ ਕਰਤੈ ਲੇਖੁ ਲਿਖਾਇਆ ॥<br>ਲਿਖੁ ਦਾਤਿ ਜੋਤਿ ਵਡਿਆਈ ॥<br>ਮਿਲਿ ਮਾਇਆ ਸੁਰਤਿ ਗਵਾਈ ॥੧॥<br>ਮੂਰਖ ਮਨ ਕਾਹੇ ਕਰਸਹਿ ਮਾਣਾ ॥<br>ਉਠਿ ਚਲਣਾ ਖਸਮੈ ਭਾਣਾ ॥੧॥ ਰਹਾਉ ॥<br>ਤਜਿ ਸਾਦ ਸਹਜ ਸੁਖੁ ਹੋਈ॥<br>ਘਰ ਛਡਣੇ ਰਹੈ ਨ ਕੋਈ॥<br>ਕਿਛੁ ਖਾਜੈ ਕਿਛੁ ਧਰਿ ਜਾਈਐ ॥<br>ਜੇ ਬਾਹੁੜਿ ਦੁਨੀਆ ਆਈਐ ॥੨॥<br>ਸਜੁ ਕਾਇਆ ਪਟੁ ਹਢਾਏ ॥<br>ਫੁਰਮਾਇਸਿ ਬਹੁਤੁ ਚਲਾਏ ॥ |

| | |
|---|---|
| ਕਰਿ ਸੇਜ ਸੁਖਾਲੀ ਸੋਵੈ॥<br>ਹਥੀ ਪਉਦੀ ਕਾਹੇ ਰੋਵੈ॥੩॥<br>ਘਰ ਘੁਮਣਵਾਣੀ ਭਾਈ॥<br>ਪਾਪਾ ਪਥਰ ਤਰਣ ਨ ਜਾਈ॥<br>ਭਉ ਬੇੜਾ ਜੀਉ ਚੜਾਉ॥<br>ਕਹੁ ਨਾਨਕ ਦੇਵੈ ਕਾਹੂ॥੪॥<br>(ਸਾਖੀ ਨੰਬਰ ੨੮) (ਪੱਤਰੇ ੯੨ - ੯੩) | ਕਰਿ ਸੇਜ ਸੁਖਾਲੀ ਸੋਵੈ ॥<br>ਹਥੀ ਪਉਦੀ ਕਾਹੇ ਰੋਵੈ॥੩॥<br>ਘਰ ਘੁੰਮਣਵਾਣੀ ਭਾਈ॥<br>ਪਾਪ ਪਥਰ ਤਰਣੁ ਨ ਜਾਈ॥<br>ਭਉ ਬੇੜਾ ਜੀਉ ਚੜਾਉ॥<br>ਕਹੁ ਨਾਨਕ ਦੇਵੈ ਕਾਹੂ॥੪॥<br>(ਗੁ.ਗੰ.ਸਾਹਿਬ. ਪੰਨਾ ੯੮੯-੯੦) |
| ਸਬਦੁ॥ਰਾਗ ਸਿਰੀ ਰਾਗੁ ਮ: ੧।<br>ਆਵਹੁ ਭੈਣੇ ਗਲਿ ਮਿਲਹੁ ਅੰਗਿ ਸਹੇਲੜੀਆ॥<br>ਮਿਲਿ ਕੈ ਕਰਹਾ ਕਹਾਣੀਆ ਸੰਮਰਥ ਕੀਆ॥<br>ਸਚੇ ਸਾਹਿਬੁ ਸਭਿ ਗੁਣ ਅਉਗਣ ਸਭਿ ਅਸਾ॥੧॥<br>ਕਰਤਾ ਸਭੁ ਕੋ ਤੇਰੇ ਜੋਰਿ॥<br>ਇਕੁ ਸਬਦੁ ਵੀਚਾਰੀਐ ਜਾ ਤੂ ਤਾ ਕਿਆ ਹੋਰਿ॥੧॥ਰਹਾਉ॥<br>ਜਾਇ ਪੁਛਹੁ ਸੁਹਾਗਣੀ ਸਹੁ ਰਵੀਐ ਕਿਨਿ ਗੁਣੀ॥<br>ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥<br>ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥੨॥<br>ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ॥<br>ਕੇਤੇ ਤੇਰੇ ਜੀਅ ਜੰਤ ਸਿਫਤਿ ਕਰਨਿ ਦਿਨੁ ਰਾਤਿ॥<br>ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥੩॥<br>ਸਚੁ ਮਿਲੈ ਸਚੁ ਊਪਜੈ ਸਚਿ ਮਹਿ ਸਚੁ ਸਮਾਇ॥<br>ਸੁਰਤਿ ਹੋਵੈ ਪਤਿ ਊਪਜੈ ਗੁਰਸਬਦੀ ਭਉ ਖਾਇ॥<br>ਨਾਨਕ ਸਚਾ ਪਾਤਿਸਾਹੁ ਆਪੇ ਲੇਇ ਮਿਲਾਇ॥੪॥<br>(ਸਾਖੀ ਨੰਬਰ ੨੮) (ਪੱਤਰਾ ੯੪ ) | ਸਿਰੀਰਾਗੁ ਮਹਲਾ ੧ ॥<br>ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥<br>ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥<br>ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥੧॥<br>ਕਰਤਾ ਸਭੁ ਕੋ ਤੇਰੈ ਜੋਰਿ॥<br>ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ਰਹਾਉ ॥<br>ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀਂ॥<br>ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥<br>ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥<br>ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥<br>ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥<br>ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥੩॥<br>ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥<br>ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥<br>ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥੪॥<br>(ਗੁ.ਗੰ.ਸਾਹਿਬ. ਪੰਨਾ ੧੭-੧੮) |
| ਸਬਦੁ॥ਰਾਗੁ ਆਸਾ ਵਿਚਿ॥ ਮ:੧॥<br>ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥<br>ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੈ ਵੇਸ ਭਏ॥੧॥<br>ਤਉ ਕਾਰਣਿ ਸਾਹਿਬਾ ਰੰਗਿ ਰਤੇ ਦਰਵੇਸ ਭਏ॥<br>ਤੇਰੇ ਨਾਮ ਅਨੇਕ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣੁ<br>ਕੇਤੇ॥੧॥ਰਹਾਉ॥<br>ਦਰਿ ਘਰ ਮਹਿਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ॥<br>ਪੀਰਾਂ ਪੈਕੰਬਰ ਸਾਲਕ ਸਾਦਕ ਛੋਡੀ ਦੁਨੀਆ ਥਾਇ ਪਏ॥੨॥<br>ਸੁਆਦ ਸਹਜ ਸੁਖ ਰਸ ਕਸ ਤਜੀਅਲੈ ਕਪੜਿ ਛੋਡੇ ਚਮੜਿ ਲੀਏ॥<br>ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ॥੩॥<br>ਲਕਰੀ ਚਮਰੀ ਖਲਰੀ ਖਪਰੀ ਸਿਖਾ ਸੂਤ ਧੋਤੀ ਕੀਨੀ॥<br>ਤੂੰ ਸਾਹਿਬ ਹਉ ਸੁਆਂਗੀ ਤੇਰਾ ਨਾਨਕੁ ਭਗਤਾ ਜਾਤਿ ਕੈਸੀ॥੪॥ | ਆਸਾ ਘਰੁ ੪ ਮਹਲਾ ੧ ॥ ੧ੴ ਸਤਿਗੁਰ ਪ੍ਰਸਾਦਿ॥<br>ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥<br>ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥<br>ਤਉ ਕਾਰਣਿ ਸਾਹਿਬਾ ਰੰਗਿ ਰਤੇ ॥<br>ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥<br>ਰਹਾਉ॥<br>ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥<br>ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥<br>ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ<br>ਚਮੜ ਲੀਏ॥<br>ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥<br>ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥ |

| | |
|---|---|
| (ਸਾਖੀ ਨੰਬਰ ੩੦) (ਪੱਤਰਾ ੧੦੭) | ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥੪॥<br>( ਗੁ.ਗ੍ਰੰ.ਸਾ.ਪੰਨਾ. ੩੫੮) |
| ਰਾਗੁ ਵਡਹੰਸੁ ਮਹਲਾ ੧ ॥ਸਬਦੁ॥<br>ਅਮਲੀ ਅਮਲੁ ਨ ਅੰਬੜੇ ਵਾਰੀ ਮਛੀ ਨੀਰੁ ਨ ਹੋਇ॥<br>ਜੋ ਰਾਤੇ ਸਹ ਆਪਣੈ ਤਿਨ ਭਾਵੈ ਸਭੁ ਕੋਇ॥੧॥<br>ਹਉ ਵਾਰੀ ਵੰਜਾ ਖੰਨੀਐ ਵੰਜਾ ਤਉ ਸਾਹਿਬ ਕੈ ਨਾਵੈ॥੧॥ਰਹਾਉ॥<br>ਸਾਹਿਬੁ ਸਫਲਿਉ ਰੁਖੜਾ ਅੰਮ੍ਰਿਤੁ ਜਾਕਾ ਨਾਉ॥<br>ਜਿਨ ਪੀਆ ਤੇ ਤ੍ਰਿਪਤਿ ਭਏ ਹਉ ਤਿਨ ਬਲਿਹਾਰੈ ਜਾਉ॥੨॥<br>ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆ ਨਾਲਿ॥<br>ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ॥<br>ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੇਰੀ ਰਾਸਿ॥<br>ਮਨਿ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥੪॥<br>(ਸਾਖੀ ਨੰਬਰ ੩੧) (ਪੱਤਰਾ ੧੧੨) | ਰਾਗੁ ਵਡਹੰਸੁ ਮਹਲਾ ੧ ਘਰੁ ੧ ॥<br>ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ॥<br>ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥੧॥<br>ਹਉ ਵਾਰੀ ਵੰਞਾ ਘੰਨੀਐ ਵੰਞਾ ਤਉ ਸਾਹਿਬ ਕੇ ਨਾਵੈ॥੧॥ ਰਹਾਉ ॥<br>ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ ॥<br>ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ ॥੨॥<br>ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ॥<br>ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ॥੩॥<br>ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ॥<br>ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੫੫੭) |
| ਸਬਦੁ॥ਰਾਗੁ ਸ੍ਰੀ ਰਾਗੁ ਵਿਚਿ ਮ:੧॥<br>ਸਭ ਰਸ ਮਿਠੇ ਮੰਨਿਆ ਸੁਣਿਐ ਸਲੂਣੇ॥<br>ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥<br>ਛਤੀਹ ਅੰਮ੍ਰਿਤੁ ਭਾਉ ਇਕੁ ਜਾ ਕਉ ਨਦਰਿ ਕਰੇ॥੧॥<br>ਮਾਤਾ ਹੋਰੁ ਖਾਣਾ ਖੁਸੀ ਖੁਆਰੁ॥<br>ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਬਿਕਾਰ॥੧॥ਰਹਾਉ॥<br>(ਸਾਖੀ ਨੰਬਰ ੩੧) (ਪੱਤਰਾ ੧੧੨) | ਸਿਰੀਰਾਗੁ ਮਹਲਾ ੧॥<br>ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥<br>ਖਟ ਤੁਰਸੀ ਮੁਖਿ ਬੋਲਣਾਂ ਮਾਰਣ ਨਾਦ ਕੀਏ॥<br>ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥<br>ਬਾਬਾ ਹੋਰੁ ਖਾਣਾ ਖੁਸੀ ਖੁਆਰੁ॥<br>ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ॥<br>(ਗੁ.ਗ੍ਰੰ.ਸਾਹਿਬ, ਪੰਨਾ ੧੬) |
| ਪੈਨਣੁ ਰਤਾ ਮਨੁ ਰਤਾ ਸੁਪੇਦੀ ਸਤੁ ਦਾਨੁ॥<br>ਨੀਲੀ ਸਿਆਹੀ ਕਦਾ ਕਰਣੀ ਪੈਨਣੁ ਪਰ ਧਿਆਨੁ॥<br>ਕਮਰ ਬੰਧੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਉ ॥੨॥<br>ਮਾਤਾ ਹੁੋਰ ਪੈਨਣੁ ਖੁਸੀ ਖੁਆਰੁ॥<br>ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਬਿਕਾਰ॥੧॥ ਰਹਾਉ॥<br>(ਸਾਖੀ ਨੰਬਰ ੩੧) (ਪੱਤਰਾ ੧੧੩) | ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥<br>ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥<br>ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥<br>ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥<br>ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ ਰਹਾਉ ॥<br>((ਗੁ.ਗ੍ਰੰ.ਸਾਹਿਬ, ਪੰਨਾ ੧੬) |
| ਘੋੜੇ ਪਾਖਰ ਸੁਨੈ ਸਾਖਤ ਬੁਝਨੁ ਤੇਰੀ ਵਾਟਿ॥<br>ਤਰਕਸ ਤੀਰ ਕਮਾਣ ਸਾਂਗ ਬੰਦ ਗੁਣ ਧਾਤਾ॥<br>ਵਾਜੇ ਨੇਜੇ ਪਤਿ ਸਿਉ ਪਰਗਟਿ ਕਰਮੁ ਤੇਰਾ ਮੇਰੀ ਜਾਤਿ॥੩॥<br>ਬਾਬਾ ਹੋਰੁ ਚੜਨਾ ਖੁਸੀ ਖੁਆਰੁ॥<br>ਜਿਤੁ ਚਿੜਿਆ ਤਨੁ ਪੀੜੀਐ ਮਨ ਮਹਿ ਚਲਹਿ ਬਿਕਾਰ॥੧॥ਰਹਾਉ॥ | ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥<br>ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥<br>ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥੩॥<br>ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥<br>ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ |

| | |
|---|---|
| (ਸਾਖੀ ਨੰਬਰ ੩੧) (ਪੱਤਰਾ ੧੧੩) | ਰਹਾਉ॥(ਗੁ.ਗ੍ਰੰ.ਸਾਹਿਬ. ਪੰਨਾ ੧੬) |
| ਘਰ ਮੰਦਰ ਖੁਸੀਆ ਨਾਮ ਕੀ ਨਦਰਿ ਤੇਰੀ ਪਰਵਾਰੁ॥<br>ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥<br>ਨਾਨਕ ਸਾਚਾ ਪਾਤਿਸਾਹੁ ਪੁਛਿ ਨ ਕਰੈ ਬੀਚਾਰੁ॥੪॥<br>ਬਾਬਾ ਹੋਰੁ ਸਵਣਾ ਖੁਸੀ ਖੁਆਰੁ॥<br>ਜਿਤੁ ਸੁਤੇ ਤਨੁ ਪੀੜੀਐ ਮਨ ਮਹਿ ਚਲਹਿ ਬੇਕਾਰੁ॥੧॥<br><br>(ਸਾਖੀ ਨੰਬਰ ੩੧) (ਪੱਤਰਾ ੧੧੪) | ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥<br>ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥<br>ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥<br>ਬਾਬਾ ਹੋਰੁ ਸਉਣਾ ਖੁਸੀ ਖੁਆਰੁ॥<br>ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥੪॥<br>( ਗੁ.ਗ੍ਰੰ.ਸਾਹਿਬ, ਪੰਨਾ ੧੭) |
| ਸਬਦੁ ਰਾਗੁ ਸੂਹੀ ਵਿਚਿ ਛੰਤੁ ਮ:੧॥<br>ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥<br>ਦਾਨਿ ਤੇਰੈ ਘਟਿ ਚਾਨਣਾ ਮੁਖਿ ਚੰਦੁ ਦੀਪਾਇਆ॥<br>ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਮਿਟਿ ਗਇਆ॥<br>ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀ ਵਰੁ ਲਇਆ॥<br>ਵੀਵਾਹੁ ਹੋਆ ਸੁਭ ਸੇਤੀ ਪੰਚ ਸਬਦੀ ਗਾਇਆ॥<br>ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥੧॥<br>ਹਉ ਬਲਿਹਾਰੀ ਸਾਜਨਾ ਮੀਤਾ ਅਉਰੀਤਾ॥<br>ਜਿਨਾ ਸੇਤੀ ਮਨੁ ਗਡਿਆ ਚਿਤੁ ਲਾਇਅੜਾ ਲੀਤਾ॥<br>ਚਿਤ ਲਾਇ ਲੀਤਾ ਜਿਨਾ ਸੇਤੀ ਸੇ ਸਜਣੁ ਕਿਉ ਵੀਸਰਹਿ॥<br>ਜਿਨਾ ਨਦਰਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਮਿਲਹਿ॥<br>ਸਭ ਗੁਣ ਅਵਗੁਣ ਨ ਕੋਈ ਹੋਇ ਨੀਤਾ ਨੀਤਾ॥<br>ਹਉ ਬਲਿਹਾਰੀ ਸਾਜਨਾ ਸਤਿਗੁਰ ਕੇ ਮੀਤਾ॥੨॥<br>ਸਲੋਕੁ॥ਸੂਹੀਏ ਨਿਮਾਣੀਏ ਸੋ ਸਹੁਸ ਦਾਸ ਮਾਲਿ॥<br>ਨਾਨਕ ਜਨਮ ਸਵਾਰਹਿ ਆਪਣਾ ਕੁਲ ਭੀ ਛੁਟੈ ਨਾਲਿ॥<br>ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਾਈਜੈ॥<br>ਜੇ ਗੁਣ ਹੋਵਨੋ ਸਾਜਨਾ ਮਿਲਿ ਸਾਝਿ ਕਰੀਜੈ॥<br>ਸਾਝ ਕਰੀਜੈ ਗੁਣਾ ਕੇਰੀ ਛੋਡਿ ਅਵਗੁਣ ਚਲੀਐ॥<br>ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜ ਮਲੀਐ॥<br>ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥<br>ਗੁਣਾ ਕਾ ਹੋਵੈ ਵਾਸਲਾ ਕਢ ਵਾਸੁ ਲਾਈਜੈ॥੩॥<br>ਆਪਿ ਕਰੈ ਕਿਸੁ ਆਖੀਐ ਹੋਰੁ ਕਰੈ ਨ ਕੋਈ॥<br>ਆਖਣਿ ਕਿਸੁ ਪਹਿ ਜਾਈਐ ਜਗੁ ਭੂਲੜਾ ਹੋਈ॥<br>ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ॥<br>ਅਣਮੰਗਿਆ ਅਣਪੁਛਿਆ ਦਾਨੁ ਹਰਿ ਕਾ ਇਉ ਮਿਲੈ॥<br>ਦਾਨੁ ਦੇਹਿ ਦਾਤਾ ਜਗੁ ਬਿਧਾਤਾ ਨਾਨਕ ਸਚੁ ਸੋਈ॥<br>ਆਪਿ ਕਰੈ ਕਿਸੁ ਆਖੀਐ ਹੋਰੁ ਕਰੇ ਨਾ ਕੋਈ॥੪॥<br>(° ieh slok ivcwrwDIn Sbdu dw ih`sw nhIN hY[blik gurU gMRQ swihb ivc | ੧ੳ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਛੰਤ ਮਹਲਾ ੧ ਘਰੁ ੪<br>ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥<br>ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ॥<br>ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥<br>ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ॥<br>ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ॥<br>ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥<br>ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥<br>ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ॥<br>ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥<br>ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥<br>ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ॥<br>ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥<br><br><br>ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥<br>ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥<br>ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥<br>ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥<br>ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥<br>ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥<br>ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥<br>ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥<br>ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥<br>ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥<br>ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ॥<br>ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੭੬੫-੬੬) |

| | |
|---|---|
| pMnw 785 au~qy v~Kry QW auqy drj hY[)<br>(ਸਾਖੀ ਨੰਬਰ ੩੧) (ਪੱਤਰਾ ੧੧੫) | |
| ਸਬਦੁ॥ ਰਾਗੁ ਮਾਰੂ ਮ:੧ ॥<br>ਪਿਛਹੁ ਰਾਤੀ ਸਦੜਾ ਨਾਉ ਖਸਮ ਕਾ ਲੇਹੁ॥<br>ਖਿਮਾ ਛਤ੍ਰ ਸਿਰਾਇਚੇ ਦਿਸਨਿ ਰਥ ਪੀੜੇ॥<br>ਜਿਨਾ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇਹੁ॥੧॥<br>ਬਾਬਾ ਮੈ ਕਰਮਹੀਣ ਕੁੜਿਆਰੁ॥<br>ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੁੰਲਾ ਮਨੁ ਮੇਰਾ॥੧॥ਰਹਾਓ॥<br>ਸਾਦ ਕੀਤੇ ਦੁਖ ਪਰਫੜੇ ਪੂਰਬਿ ਲਿਖੇ ਮੇਰੀ ਮਾਇ॥<br>ਸੁਖ ਥੋੜੇ ਦੁਖ ਅਗਲੇ ਦੁਖੀ ਦੁਖ ਵਿਹਾਇ॥੨॥<br>ਵਿਛੁੜਿਆ ਕਾ ਕਿਆ ਵਿਛੁੜੈ ਮਿਲਿਆ ਕਾ ਕਿਆ ਮੇਲੁ॥<br>ਸਾਹਿਬੁ ਸੋ ਸਲਾਹੀਐ ਜਿਨਿ ਕਰਿ ਦੇਖਿਆ ਖੇਲੁ॥੩॥<br>ਸੰਜੋਗੀ ਮਿਲਾਵੜਾ ਇਨਿ ਤਨਿ ਕੀਤੇ ਭਗ॥<br>ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ॥੪॥<br><br>(ਸਾਖੀ ਨੰਬਰ ੩੧) (ਪੱਤਰਾ ੧੧੬) | ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥<br>ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥<br>ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥੧॥<br>ਬਾਬਾ ਮੈ ਕਰਮਹੀਣ ਕੂੜਿਆਰ॥<br>ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ ॥੧॥ ਰਹਾਉ ॥<br>ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥<br>ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥੨॥<br>ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ॥<br>ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ॥੩॥<br>ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ॥<br>ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੯੮੯) |
| ਸਲੋਕ॥ ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭੀ ਤੂੰ॥<br>ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂੰ॥੧॥<br>(ਸਾਖੀ ਨੰਬਰ ੩੨) (ਪੱਤਰਾ ੧੧੭) | ਮਃ ੧ ॥ ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥<br>ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥ (ਗੁ.ਗ੍ਰੰ.ਸਾਹਿਬ. ਪੰਨਾ ੧੨੯੧) |
| ਸਲੋਕ॥ ਦੂਜਾ ਕਾਹੇ ਸੇਵੀਐ ਜੰਮੈ ਤੈ ਮਰਿ ਜਾਇ॥<br>ਏਕੋ ਸਿਮਰਹੁ ਨਾਨਕਾ ਜੋ ਜਲਿ ਥਲਿ ਰਹਿਆ ਸਮਾਇ॥੧॥<br>(ਸਾਖੀ ਨੰਬਰ ੩੨) (ਪੱਤਰਾ ੧੨੦) | ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥<br>ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥<br>(ਗੁ.ਗ੍ਰੰ.ਸਾਹਿਬ. ਪੰਨਾ ੫੦੯) |
| ਪਾੜਿ ਪਟੋਲਾ ਧਜਿ ਕਰੀ ਕਮਲੜੀ ਪਹਿਰੇਉ॥<br>ਜਿਨੀ ਵੇਸੀ ਸਹੁ ਪਾਈਐ ਸੋਈ ਵੇਸ ਕਰੇਉ॥<br>(ਸਾਖੀ ਨੰਬਰ ੩੨) (ਪੱਤਰਾ ੧੨੦) | ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥<br>ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥੧੦੩॥<br>(ਗੁ.ਗ੍ਰੰ.ਸਾਹਿਬ. ਪੰਨਾ ੧੩੮੩) |
| ਕਾਇ ਪਟੋਲਾ ਪਾੜਹੈ ਕੰਮਲੜੀ ਪਹਿਰਹਿ ਕਾਈ॥<br>ਘਰਿ ਹੀ ਬੈਠੇ ਸਹੁ ਪਾਈਐ ਜੇ ਚਿਤੁ ਰਾਖੇ ਥਾਇ ॥੧॥<br>(ਸਾਖੀ ਨੰਬਰ ੩੨) (ਪੱਤਰਾ ੧੨੦) | ਮਃ ੩॥ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥<br>ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥(ਗੁ.ਗ੍ਰੰ.ਸਾਹਿਬ. ਪੰਨਾ ੧੩੮੩) |
| ਘਰਿ ਹੀ ਮੁੰਧ ਵਿਦੇਸਿ ਪਿਰੁ ਨਿਤ ਝੂਰੇ ਸਮਾਲੇ॥<br>ਨਾਨਕ ਮਿਲਦਿਆ ਢਿਲਿ ਨ ਲਗਈ ਜੇ ਨੀਅਤਿ ਰਾਸਿ ਕਰੇਇ॥੧॥<br>(ਸਾਖੀ ਨੰਬਰ ੩੨) (ਪੱਤਰਾ ੧੨੦) | ਸਲੋਕੁ ਮਃ ੧ ॥ ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ ॥<br>ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥੧॥<br>( ਗੁ.ਗ੍ਰੰ.ਸਾਹਿਬ. ਪੰਨਾ ੫੯੪) |

| | |
|---|---|
| ਸਲੋਕੁ॥ ਨੰਢੀ ਕੰਤ ਨ ਰਵਿਆ ਵਡੀ ਥੀ ਗਈਆਸੁ॥<br>ਧਨਿ ਕੁਕੇਦੀ ਗੋਰ ਪਈ ਤੈ ਸਾਹਿਬ ਨਾ ਮਿਲੀਆਸ॥੧॥<br>(ਸਾਖੀ ਨੰਬਰ ੩੨) (ਪੱਤਰਾ ੧੨੧) | ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥<br>ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥੫੪॥<br>( ਗੁ.ਗ੍ਰੰ.ਸਾਹਿਬ. ਪੰਨਾ ੧੩੮੦) |
| ਸਲੋਕੁ॥ ਮਹਿਲਿ ਕੁਚਜੀ ਮਾੜਵਾੜੀ ਕਾਲੀ ਮਨਹੁ ਕਸੁਧ॥<br>ਜੇ ਗੁਣ ਹੋਵਨਿ ਤਾ ਪਿਰੁ ਰਾਵੈ ਨਾਨਕ ਅਵਗੁਣ ਮੁਧ॥੧॥<br>(ਸਾਖੀ ਨੰਬਰ ੩੨) (ਪੱਤਰਾ ੧੨੧) | ਸਲੋਕੁ ਮਃ੧॥ ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥ ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥੧॥<br>(ਗੁ.ਗ੍ਰੰ.ਸਾਹਿਬ. ਪੰਨਾ ੧੦੮੮) |
| ਸਲੋਕੁ॥ ਕਵਣੁ ਸੁ ਅਖਰੁ ਕਵਣੁ ਗੁਣ ਕਵਣੁ ਸੁ ਮਣੀ ਮੰਤੁ॥<br>ਕਵਣੁ ਸੁ ਭੈਣੇ ਵਸਿ ਕਰੀ ਜਿਤੁ ਵਸਿ ਆਵੈ ਕੰਤੁ॥੧॥<br>(ਸਾਖੀ ਨੰਬਰ ੩੨) (ਪੱਤਰਾ ੧੨੧) | ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥<br>ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥੧੨੬॥<br>(ਗੁ.ਗ੍ਰੰ.ਸਾਹਿਬ. ਪੰਨਾ ੧੩੮੪) |
| ਸਲੋਕੁ॥ ਨਿਵਣੁ ਸੁ ਅਖਰੁ ਖਿਵਣੁ ਗੁਣ ਜਿਹਬਾ ਮਣੀਆ ਮੰਤੁ॥<br>ਏਹ ਤ੍ਰੈ ਭੈਣੇ ਵਸਿ ਕਰਹਿ ਜਿਤੁ ਵਸਿ ਆਵੈ ਕੰਤੁ॥<br><br>(ਸਾਖੀ ਨੰਬਰ ੩੨) (ਪੱਤਰਾ ੧੨੧) | ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥<br>ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥<br>( ਗੁ.ਗ੍ਰੰ.ਸਾਹਿਬ. ਪੰਨਾ ੧੩੮੪) |
| ਸਲੋਕੁ॥ ਸਚਿ ਕੀ ਕਾਤੀ ਸਚੁ ਸਭੁ ਸਾਰੁ॥<br>ਘਾੜਤ ਤਿਸਕੀ ਅਪਰ ਅਪਾਰ॥<br>ਸਚਿ ਕੀ ਸਾਣਿ ਲਾਇ ਕਿਲ ਕਾਇ॥<br>ਗੁਣ ਕੀਥੇ ਕਾ ਤਿਸੁ ਵਿਚਿ ਸਮਾਇ॥<br>ਤਿਸਕਾ ਕੁਠਾ ਹੋਇ ਹਲਾਲੁ॥<br>ਲੋਹੁ ਲਬੁ ਨਿਕਥਾ ਦੇਖੁ॥<br>ਹੋਇ ਹਲਾਲੁ ਲਗੈ ਹਕਿ ਜਾਇ॥<br>ਤਉ ਨਾਨਕ ਦਰਿ ਦੀਦਾਰ ਸਮਾਇ॥੧॥<br>(ਸਾਖੀ ਨੰਬਰ ੩੨) (ਪੱਤਰਾ ੧੨੧) | ਮਃ ੧ ॥ ਸਚ ਕੀ ਕਾਤੀ ਸਚੁ ਸਭੁ ਸਾਰੁ ॥<br>ਘਾੜਤ ਤਿਸ ਕੀ ਅਪਰ ਅਪਾਰ ॥<br>ਸਬਦੇ ਸਾਣ ਰਖਾਈ ਲਾਇ॥<br>ਗੁਣ ਕੀ ਥੇਕੈ ਵਿਚਿ ਸਮਾਇ ॥<br>ਤਿਸ ਦਾ ਕੁਠਾ ਹੋਵੈ ਸੇਖੁ॥<br>ਲੋਹੂ ਲਬੁ ਨਿਕਥਾ ਵੇਖੁ ॥<br>ਹੋਇ ਹਲਾਲੁ ਲਗੈ ਹਕਿ ਜਾਇ ॥<br>ਨਾਨਕ ਦਰਿ ਦੀਦਾਰਿ ਸਮਾਇ ॥੨॥<br>( ਗੁ.ਗ੍ਰੰ.ਸਾਹਿਬ. ਪੰਨਾ ੯੫੬) |
| ਆਸਾ ਕੀ ਵਾਰ ਮਹਲਾ ੧॥ਸਲੋਕੁ॥ ਸਤਿਗੁਰੂ ਪ੍ਰਸਾਦਿ॥<br>ਬਲਿਹਾਰੀ ਗੁਰੂ ਆਪਣੇ ਦਿਉਹਾੜੀ ਸਦ ਵਾਰਿ॥<br>ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥<br>ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥<br>ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥<br>ਨਾਨਕ ਗੁਰੂ ਨ ਚੇਤਨੀ ਮਨਿ ਆਪਣੇ ਸੁਚੇਤੁ॥<br>ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤੁ॥<br>ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹਿ॥ | ਸਲੋਕੁ ਮਃ ੧ ॥<br>ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥<br>ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥ਮਹਲਾ ੨<br>ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥<br>ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥<br>ਮਃ ੧ ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥<br>ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥<br>ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥ |

| | |
|---|---|
| ਫਲੀਅਹਿ ਫੁਲਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥<br>ਪਉੜੀ॥ ਆਪੀਣੈ ਆਪੁ ਸਾਜਿ ਕਰਿ ਆਪੀਣੈ ਰਚਿਓ ਨਾਉ॥<br>ਦੂਜੀ ਕੁਦਰਤਿ ਸਾਜੀਆ ਕਰਿ ਆਸਣੁ ਡਿਠੋ ਚਾਉ॥<br>ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਿਹ ਪਸਾਉ॥<br>ਤੂੰ ਜਾਣੋਈ ਸਭਸੈ ਦੇ ਲੈਸੀ ਜਿਦੁ ਕਵਾਉ॥<br>ਕਰਿ ਆਸਣੁ ਡਿਠੋ ਚਾਉ॥੧॥(ਪਉੜੀਆ ਨਉ ਹੋਈਆ)<br>(ਸਾਖੀ ਨੰਬਰ ੩੨) (ਪੱਤਰਾ ੧੨੨) | ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥<br>ਪਉੜੀ॥ ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥<br>ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥<br>ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥<br>ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥<br>ਕਰਿ ਆਸਣੁ ਡਿਠੋ ਚਾਉ ॥੧॥<br>(ਗੁ.ਗੰ.ਸਾਹਿਬ. ਪੰਨਾ ੪੬੨-੬੩) |
| ਰਾਗੁ ਧਨਾਸਰੀ ਵਿਚਿ ਮ:੧॥ ਸਬਦੁ॥<br>ਜੀਉ ਤਪਤੁ ਹੈ ਬਾਰੰਬਾਰਿ॥<br>ਤਪਿ ਖਪੈ ਬਹੁਤੁ ਵਿਕਾਰੁ॥<br>ਜਿਤ ਤਨਿ ਬਾਣੀ ਵਿਸਰਿ ਜਾਇ॥<br>ਜਿਉ ਪਕਾ ਰੋਗੀ ਬਿਲਲਾਇ॥੧॥<br>ਬਹੁਤਾ ਬੋਲਣੁ ਝਖਣੁ ਹੋਇ॥<br>ਵਿਣੁ ਬੋਲਿਆ ਜਾਣੈ ਸਭੁ ਸੋਇ॥੧॥ਰਹਾਉ॥<br>ਜਿਨਿ ਕੰਨ ਕੀਤੇ ਅਖੀ ਨਾਕੁ॥<br>ਜਿਨਿ ਜਿਹਿਬਿਆ ਕੀਤੀ ਬੋਲੈ ਤਾਤਾ॥<br>ਜਿਨਿ ਮਨੁ ਰਾਖਿਆ ਅਗਨੀ ਪਾਇ॥<br>ਵਾਜੈ ਪਵਣੁ ਆਖੈ ਸਭੁ ਜਾਇ॥੨॥<br>ਜੇਤਾ ਮੋਹੁ ਪ੍ਰੀਤਿ ਸੁਆਦੁ॥<br>ਸਭੋ ਕਾਲਖ ਦਾਗੋ ਦਾਗ॥<br>ਦਾਗ ਦੋਖੁ ਮੁਹਿ ਚਲਿਆ ਲਾਇ॥<br>ਦਰਗਹ ਬੈਸਣ ਨਾਹੀ ਜਾਇ॥੩॥<br>ਕਰਮਿ ਮਿਲੈ ਆਖਣੁ ਤੇਰਾ ਨਾਉ॥<br>ਜਿਤੁ ਲਗਿ ਤਰਣਾ ਹੋਰੁ ਨਾਹੀ ਥਾਉ॥<br>ਜੇਕੋ ਡੂਬੇ ਹੋਵੈ ਫਿਰਿ ਸਾਰੁ॥<br>ਨਾਨਕ ਸਾਚਾ ਸਰਬ ਦਾਤਾਰੁ॥੪॥<br>(ਸਾਖੀ ਨੰਬਰ ੩੩) (ਪੱਤਰਾ ੧੨੪) | ਧਨਾਸਰੀ ਮਹਲਾ ੧ ॥<br>ਜੀਉ ਤਪਤੁ ਹੈ ਬਾਰੋ ਬਾਰ ॥<br>ਤਪਿ ਤਪਿ ਖਪੈ ਬਹੁਤੁ ਬੇਕਾਰ ॥<br>ਜੈ ਤਨਿ ਬਾਣੀ ਵਿਸਰਿ ਜਾਇ ॥<br>ਜਿਉ ਪਕਾ ਰੋਗੀ ਵਿਲਲਾਇ ॥੧॥<br>ਬਹੁਤਾ ਬੋਲਣੁ ਝਖਣੁ ਹੋਇ ॥<br>ਵਿਣੁ ਬੋਲੇ ਜਾਣੈ ਸਭੁ ਸੋਇ ॥੧॥ ਰਹਾਉ ॥<br>ਜਿਨਿ ਕਨ ਕੀਤੇ ਅਖੀ ਨਾਕੁ॥<br>ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥<br>ਜਿਨਿ ਮਨੁ ਰਾਖਿਆ ਅਗਨੀ ਪਾਇ ॥<br>ਵਾਜੈ ਪਵਣੁ ਆਖੈ ਸਭ ਜਾਇ ॥੨॥<br>ਜੇਤਾ ਮੋਹੁ ਪਰੀਤਿ ਸੁਆਦ ॥<br>ਸਭਾ ਕਾਲਖ ਦਾਗਾ ਦਾਗ ॥<br>ਦਾਗ ਦੋਸ ਮੁਹਿ ਚਲਿਆ ਲਾਇ॥<br>ਦਰਗਹ ਬੈਸਣ ਨਾਹੀ ਜਾਇ ॥੩॥<br>ਕਰਮਿ ਮਿਲੈ ਆਖਣੁ ਤੇਰਾ ਨਾਉ ॥<br>ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥<br>ਜੇ ਕੋ ਡੂਬੈ ਫਿਰਿ ਹੋਵੈ ਸਾਰ॥<br>ਨਾਨਕ ਸਾਚਾ ਸਰਬ ਦਾਤਾਰ ॥੪॥<br>(ਗੁ.ਗੰ.ਸਾਹਿਬ. ਪੰਨਾ ੬੬੧-੬੨) |
| ਰਾਗੁ ਗਉੜੀ॥ ਮ:੧॥ਸਬਦੁ॥<br>ਮਨ ਕਰਹਲਾ ਪਰਦੇਸੀਆ ਕਿਉ ਮਿਲੀਐ ਹਰਿ ਮਾਇ॥<br>ਗੁਰੁ ਭਾਗਿ ਪੂਰੇ ਪਾਇਆ ਗਲਿ ਮਿਲਿਆ ਪਿਆਰਾ ਆਇ॥੧॥<br>ਮਨ ਕਰਹਲਾ ਸਤਗਿਰੁ ਪੁਰਖੁ ਧਿਆਇ॥੧॥ਰਹਾਉ॥<br>ਮਨ ਕਰਹਲਾ ਬੀਚਾਰੀਆ ਹਰਿ ਰਾਮ ਨਾਮ ਧਿਆਇ॥<br>ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ॥੨॥<br>ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ॥<br>ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ॥੩॥ | ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ ੴ ਸਤਿਗੁਰ ਪ੍ਰਸਾਦਿ<br>ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥<br>ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧॥<br>ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥੧॥ ਰਹਾਉ॥<br>ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ॥<br>ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥੨॥<br>ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ॥<br>ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥੩॥ |

| | |
|---|---|
| ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਲਾਇ॥<br>ਉਪਾਇ ਕਿਤੈ ਨ ਲਭਈ ਗੁਰ ਹਿਰਦੈ ਹਰਿ ਦੇਖਾਇ॥੪॥<br>ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ॥<br>ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮਿਲਾਇ॥੫॥<br>ਮਨ ਕਰਹਲਾ ਤੂ ਮੀਤੁ ਮੇਰਾ ਪਾਖੰਡ ਲੋਭੁ ਤਜਾਇ॥<br>ਪਾਖੰਡ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ॥੬॥<br>ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡ ਭਰਮੁ ਗਵਾਇ॥<br>ਹਰਿ ਅੰਮ੍ਰਿਤੁ ਸਰੁ ਗੁਰਿ ਪੂਰਿਆ ਮਿਲਿ ਸੰਗਤਿ ਮੈਲੁ ਲਹਿ ਜਾਇ॥੭॥<br>ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ॥<br>ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ॥੮<br>ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ॥<br>ਹਰਿ ਦਰਗਹ ਪੈਨਇਆ ਹਰਿ ਆਪਿ ਲੀਆ ਗਲਿ ਲਾਇ॥੯॥<br>ਮਨ ਕਰਹਲਾ ਗੁਰ ਮੰਨਿਆ ਗੁਰਮੁਖਿ ਕਾਰ ਕਮਾਇ॥<br>ਗੁਰ ਅਗੈ ਕਰਿ ਜੋਦੜੀ ਜਨ ਨਾਨਕ ਹਰਿ ਮਿਲਾਇ॥੧੦॥<br>(ਸਾਖੀ ਨੰਬਰ ੩੩) (ਪੱਤਰਾ ੧੨੯) | ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ॥<br>ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ॥੪॥<br>ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ॥<br>ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ ॥੫॥<br>ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥<br>ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬॥<br>ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ॥<br>ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥<br>ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥<br>ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥੮॥<br>ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ॥<br>ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥੯॥<br>ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥<br>ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ॥੧੦॥<br>( ਗੁ.ਗੰ.ਸਾਹਿਬ. ਪੰਨਾ ੨੩੪) |
| ਰਾਗੁ ਤਿਲੰਗੁ ਕੀਤਾ॥ ਮ:੧॥ ਸਬਦੁ॥ਰਾਇਸਾ॥<br>ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ॥<br>ਆਪੇ ਜਾਣੈ ਕਰੈ ਆਪਿ ਜਿਨਿ ਵਾੜੀ ਹੈ ਲਾਈ॥੧॥<br>ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥ਰਹਾਉ॥<br>ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥<br>ਹਾਥ ਪਛੋਰੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥੨॥<br>ਪਛੋਰੇਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥<br>ਤਾ ਫਿਰਿ ਪਿਆਰਾ ਰਾਵੀਐ ਜਬ ਆਵੇਗੀ ਵਾਰੀ॥੩॥<br>ਕੰਤੁ ਲੀਆ ਸੋਹਾਗਣੀ ਮੈ ਤੇ ਵਾਧਵੀ ਏਹਾ॥<br>ਸੇ ਗੁਣ ਮੁਝ ਨ ਆਵਨੀ ਕੈ ਜੀ ਦੋਸੁ ਧਰੇਹਾ॥੪॥<br>ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ॥<br>ਪਾਇ ਲਗਾ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥੫॥<br>ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ।<br>ਗੁਣ ਕਾਮਣ ਕਾਮਨਿ ਕਰੈ ਤਉ ਅਨਭੁਇ ਪਾਵੈ॥੬॥<br>ਜੋ ਦਿਲੁ ਮਿਲਿਆ ਸੇ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥<br>ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥੭॥<br>ਧਤੁ ਮਿਲੈ ਫੁਨਿ ਧਾਤ ਕਉ ਲਿਵ ਲਿਵੈ ਕਉ ਪਾਵੈ॥<br>ਗੁਰਿ ਪਰਸਾਦੀ ਜਾਣੀਐ ਤਉ ਅਨਭਉ ਪਾਵੈ॥੮॥<br>ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥<br>ਰਸੀਆ ਹੋਵੈ ਮਸਕ ਕਾ ਤਬ ਫੂਲੁ ਪਛਾਣੇ॥੯॥ | ਤਿਲੰਗ ਮਹਲਾ ੧ ਘਰੁ ੨ ॥੧ਓ ਸਤਿਗੁਰ ਪ੍ਰਸਾਦਿ ॥<br>ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥<br>ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ॥੧॥<br>ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥ ਰਹਾਉ ॥<br>ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥<br>ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥੨॥<br>ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥<br>ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ॥੩॥<br>ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ ॥<br>ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ ॥੪॥<br>ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ ॥<br>ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥੫॥<br>ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥<br>ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥੬॥<br>ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥<br>ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥੭॥<br>ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ॥<br>ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ ॥੮॥<br>ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥<br>ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥੯॥ |

| | |
|---|---|
| ਅਪਿਉ ਪਾਵੈ ਜੋ ਨਾਨਕਾ ਭ੍ਰਮੁ ਭ੍ਰਮ ਸਮਾਵੈ॥<br>ਸਹਜੇ ਸਹਜੇ ਮਿਲਿ ਰਹੇ ਅਮਰਾ ਪਦੁ ਪਾਵੈ॥੧੦॥<br>(ਸਾਖੀ ਨੰਬਰ ੩੪) (ਪੱਤਰਾ ੧੨੯) | ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥<br>ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ॥੧੦॥<br>(ਗੁ.ਗ੍ਰੰ.ਸਾਹਿਬ. ਪੰਨਾ ੭੨੪-੨੫) |
| ਰਾਗੁ ਤਿਲਿੰਗੁ॥ ਸਬਦੁ ਮ:੧॥<br>ਜੈਸੀ ਆਵੈ ਖਸਮ ਕੀ ਬਾਣੀ ਤੈਸਾ ਕਰੀ ਗਿਆਨੁ ਵੇ ਲਾਲੋ॥<br>ਪਾਪ ਕੀ ਜੰਞ ਲੇ ਕਾਬਲੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥<br>ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥<br>ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥<br>ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥<br>ਜਾਤਿ ਸਨਾਤੀ ਹੋਰਿ ਹਿੰਦਿਵਾਣੀਆ ਏਹ ਭੀ ਲੇਖੈ ਲਾਇ ਵੈ ਲਾਲੋ॥<br>ਖੂਨ ਕੇ ਸੋਹਿਲੇ ਗਾਵੈ ਨਾਨਕ ਰਤੁ ਕਾ ਕੁੰਗੂ ਪਾਇ ਵੈ ਲਾਲੋ॥੧॥<br>ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮੇਸੋਲਾ॥<br>ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥<br>ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਦਾਨੁ ਸਮਾਲਸੀ ਬੋਲਾ॥<br>ਸਾਚਾ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥<br>ਆਵਨਿ ਅਠਤਰੇ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥<br>ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥੪॥<br>(ਸਾਖੀ ਨੰਬਰ ੩੫) (ਪੱਤਰਾ ੧੩੦) | ਤਿਲੰਗ ਮਹਲਾ ੧ ॥<br>ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥<br>ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥<br>ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥<br>ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥<br>ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥<br>ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥<br>ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥<br>ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥<br>ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥<br>ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥<br>ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥<br>ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥<br>ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥੨॥੩॥੫॥<br>( ਗੁ.ਗ੍ਰੰ.ਸਾਹਿਬ. ਪੰਨਾ ੭੨੨-੨੩) |
| ਰਾਗੁ ਮਾਰੂ॥ ਮ:੧॥ ਸਬਦੁ॥<br>ਮੁਲਿ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥<br>ਗੁਰ ਕੀ ਬਚਨੀ ਹਟਿ ਵਿਕਾਣਾ ਜਿਤੁ ਲਾਇਆ ਤਿਤੁ ਲਾਗਾ॥੧॥<br>ਬਾਬਾ ਤੇਰੇ ਲਾਲੇ ਕਿਆ ਚਤਰਾਈ॥<br>ਸਾਹਿਬ ਕਾ ਹੁਕਮੁ ਨ ਮੇਟਿਆ ਜਾਈ॥੧॥ਰਹਾਉ॥<br>ਮੰਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥<br>ਲਾਲੀ ਨਚੈ ਲਾਲਾ ਗਾਵੈ ਭਗਤਿ ਕਰਉ ਹਰਿ ਰਾਇਆ॥੨॥<br>ਪੀਵਹਿ ਤ ਪਾਣੀ ਆਣੀ ਮੀਰਾ ਖਾਵਹਿ ਤ ਪੀਸਣ ਜਾਉ॥<br>ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਵਾ॥੩॥<br>ਲੂੰਣੁ ਹਰਾਮੀ ਨਾਨਕੁ ਲਾਲਾ ਬਖਸਹਿ ਤੁਧੁ ਵਿਡਿਆਈ॥<br>ਆਦਿ ਜੁਗਾਦਿ ਦਇਆਪਤਿ ਦਾਤੇ ਤੁਧੁ ਬਿਨੁ ਮੁਕਤਿ ਨ ਪਾਈ॥੪॥<br>(ਸਾਖੀ ਨੰਬਰ ੩੫) (ਪੱਤਰਾ ੧੩੧) | ਮਾਰੂ ਮਹਲਾ ੧ ॥<br>ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥<br>ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥<br>ਤੇਰੇ ਲਾਲੇ ਕਿਆ ਚਤੁਰਾਈ ॥<br>ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥<br>ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥<br>ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥<br>ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥<br>ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥<br>ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥<br><br>ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੯੯੧) |

| | |
|---|---|
| ਰਾਗੁ ਤਿਲੰਗ ॥ਮ:੧॥ਸਬਦੁ॥ | ਤਿਲੰਗ ਮਹਲਾ ੪ ॥ |
| ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥ | ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥ |
| ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥੧॥ | ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥੧॥ |
| ਆਇ ਮਿਲੁ ਗੁਰਸਿਖ ਆਇ ਮਿਲੁ ਤੂੰ ਮੇਰੇ ਗੁਰੂ ਕੇ ਪਿਆਰੇ॥ਰਹਾਉ॥ | ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥ਰਹਾਉ॥ |
| ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥ | ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥ |
| ਜਿਨਿ ਗੁਰੁ ਕਾ ਭਾਣਾ ਮਨਿਆ ਤਿਨ ਘੁਮਿ ਘੁਮਿ ਜਾਏ॥੨॥ | ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥ |
| ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨਾ ਕਉ ਹਉ ਵਾਰੀ॥ | ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ॥ |
| ਜਿਨਿ ਗੁਰ ਕੀ ਕੀਤੀ ਚਾਕਰੀ ਤਿਨਾ ਸਦ ਬਲਿਹਾਰੀ॥੩॥ | ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ॥੩॥ |
| ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥ | ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥ |
| ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ॥੪॥ | ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥੪॥ |
| ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ॥ | ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥ |
| ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥੫॥ | ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ ॥੫॥ |
| ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ॥ | ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ ॥ |
| ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ॥੬॥ | ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ ॥੬॥ |
| ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ॥ | ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ ॥ |
| ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ॥੭॥ | ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ॥੭॥ |
| ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨਾ ਕਉ ਘੁਮਿ ਜਾਇਆ॥ | ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥ |
| ਓਇ ਆਪਿ ਛੁਟੇ ਕੁਟੰਬ ਸਿਉ ਸਭੁ ਜਗਤੁ ਛਡਾਇਆ॥੮॥ | ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥੮॥ |
| ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧਨੋ॥ | ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥ |
| ਗੁਰਿ ਹਰਿ ਮਾਰਗੁ ਦਸਿਆ ਗੁਰੁ ਧੰਨੁ ਵਡ ਪੁਨੋ॥੯॥ | ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥੯॥ |
| ਜੋ ਗੁਰਸਿਖ ਗੁਰੁ ਸੇਵਦੇ ਸੇ ਧੰਨ ਪਰਾਣੀ॥ | ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ॥ |
| ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ॥੧੦॥ | ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ॥੧੦॥ |
| ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ॥ | ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥ |
| ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ॥੧੧॥ | ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ॥੧੧॥ |
| ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ॥ | ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥ |
| ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ॥੧੨॥ | ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ॥੧੨॥ |
| ਪਾਨ ਸੁਪਾਰੀ ਖਾਦੀਆ ਮੁਖਿ ਬੀੜੀਆ ਲਾਈਆ॥ | ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥ |
| ਹਰਿ ਹਰਿ ਕਦੇ ਨ ਚੇਤਿਉ ਜਮਿ ਪਕੜਿ ਚਲਾਈਆ॥੧੩॥ | ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥੧੩॥ |
| ਜਿਨਾ ਹਰਿ ਨਾਮੁ ਹਰਿ ਚੇਤਿਆ ਹਿਰਦੈ ਉਰਧਾਰੇ॥ | ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ ॥ |
| ਤਿਨ ਜਮੁ ਨੇੜਿ ਨ ਆਵਈ ਗੁਰਸਿਖਿ ਗੁਰ ਪਿਆਰੇ॥੧੪॥ | ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ॥੧੪॥ |
| ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ॥ | ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥ |
| ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ॥੧੫॥ | ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥੧੫॥ |
| ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਉ॥ | ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥ |
| ਹਉ ਗੁਰ ਵਿਟਹੁ ਵਾਰਿਆ ਜਿਨਿ ਦਿਤੜਾ ਨਾਉ॥੧੬॥ | ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ ॥੧੬॥ |
| ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ॥ | ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ॥ |
| ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ॥੧੭॥ | ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ ॥੧੭॥ |
| ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ॥ | ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥ |
| ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ॥੧੮॥ | ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ॥੧੮॥ |

| | |
|---|---|
| ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ॥<br>ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ॥੧੯॥<br>ਜਿਨਾ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੈ।<br>ਹਉ ਸਤਿਗੁਰੁ ਕਉ ਸਦ ਵਾਰਿਆ ਗੁਰ ਬਚਨਿ ਸਮਾਣੈ॥੨੦॥<br>ਤੂੰ ਠਾਕੁਰੁ ਤੂ ਸਾਹਿਬੋ ਤੂ ਹੈ ਮੈਰਾ ਮੀਰਾ॥<br>ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ॥੨੧॥<br>ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥<br>ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥੨੨॥<br>(ਸਾਖੀ ਨੰਬਰ ੩੫) (ਪੱਤਰਾ ੧੩੪) | ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ ॥<br>ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ॥੧੯॥<br>ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ ॥<br>ਹਉ ਸਤਿਗੁਰ ਕਉ ਸਦ ਵਾਰਿਆ ਗੁਰ ਬਚਨਿ ਸਮਾਣੇ॥੨੦॥<br>ਤੂ ਠਾਕੁਰੁ ਤੂ ਸਾਹਿਬੋ ਤੁਹੈ ਮੇਰਾ ਮੀਰਾ ॥<br>ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ ॥੨੧॥<br>ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥<br>ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥੨੨॥<br>(ਗੁ.ਗੰ.ਸਾਹਿਬ. ਪੰਨਾ ੭੨੫-੨੬) |
| ਰਾਗੁ ਆਸਾ ਮ: ੧॥ਸਬਦੁ॥ਸ੍ਰੀ ਸਤਿਗੁਰੂ ਪ੍ਰਸਾਦਿ॥<br>ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥<br>ਸੇ ਸਿਰ ਕਾਤੀ ਮੁਨੀਅਨਿ ਗਲ ਵਿਚਿ ਪਵਨਿ ਜੰਜੀਰ॥<br>ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਹਿ ਹਜੂਰਿ॥੧॥<br>ਆਦੇਸੁ ਤਿਸੈ ਆਦੇਸੁ॥<br>ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਵੇਖਹਿ ਵੇਸ॥੧॥ਰਹਾਉ॥<br>ਜਦਹੁ ਸੀਆ ਵੀਵਾਹੀਆ ਲਾੜੇ ਸੋਹਨਿ ਪਾਸਿ॥<br>ਹਿੰਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥<br>ਪਾਣੀ ਪੀਚੈ ਵਾਰਿ ਵਾਰਿ ਝਲੇ ਝਮਕਨਿ ਪਾਸ॥੨॥<br>ਇਕੁ ਲਖੁ ਲਹਨਿ ਬੈਠੀਆ ਦੁਇ ਲਖੁ ਲਹਨਿ ਖੜੀਆ॥<br>ਗਰੀ ਛੁਹਾਰੇ ਖਾਦੀਆ ਮਾਣਨਿ ਸੇਜੜੀਆ॥<br>ਤਿਨ ਗਲੇ ਸਿਲਕਾ ਪਾਈਆਨਿ ਤੁਟਨਿ ਮੋਤਸਿਰੀਆ॥੩॥<br>ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ॥<br>ਦੂਤਾ ਨੋ ਫੁਰਮਾਇਆ ਲੇ ਚਲੇ ਪਤਿ ਗਵਾਇ॥<br>ਭਾਵੈ ਤਾ ਦੇਹਿ ਵਡਿਆਈਆ ਜੇ ਭਾਵੈ ਦੇਹਿ ਸਜਾਇ॥੪॥<br>ਅਗੋ ਦੇ ਜੇ ਚੇਤੀਐ ਤਾ ਕਾਹੇ ਮਿਲੈ ਸਜਾਇ॥<br>ਸਾਹਾ ਸੁਰਤਿ ਨਾ ਪਾਈਐ ਰੰਗੁ ਤਮਾਸੈ ਚਾਇ॥<br>ਬਾਬਰਵਾਣੀ ਵੇਖੁ ਤੂੰ ਰੁ ਨ ਰੋਟੀ ਖਾਇ॥੫॥<br>ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਿਨਿ ਨਾਇ॥<br>ਇਕਨਾ ਵਖਤ ਖੋਆਇਆ ਇਕਨਾ ਪੂਜਾ ਜਾਇ॥<br>ਰਾਮੁ ਨ ਕਬਹੂ ਚੇਤਿਓ ਹੁਣਿ ਕਹਣੁ ਨ ਮਿਲੈ ਖੁਦਾਇ॥੬॥<br>ਇਕਿ ਘਰਿ ਆਵਨਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥<br>ਇਕਨਾ ਏਹੋ ਲਿਖਿਆ ਜੋ ਬਹਿ ਬਹਿ ਰੋਵਹਿ ਦੁਖ॥<br>ਜੋ ਤਿਸੁ ਭਾਵੈ ਸੋ ਕਰੈ ਨਾਨਕ ਕਿਆ ਮਨੁਖ॥੭॥<br>(ਸਾਖੀ ਨੰਬਰ ੩੫) (ਪੱਤਰਾ ੧੩੫) | ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ੩॥੧ੴ ਸਤਿਗੁਰਪ੍ਰਸਾਦਿ<br>ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥<br>ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ ॥<br>ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ੍ ਹਦੂਰਿ ॥੧॥<br>ਆਦੇਸੁ ਬਾਬਾ ਆਦੇਸੁ ॥<br>ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ ਰਹਾਉ ॥<br>ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥<br>ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥<br>ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥<br>ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ ॥<br>ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ॥<br>ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ॥੩॥<br>ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ॥<br>ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥<br>ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥<br>ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥<br>ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥<br>ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥<br>ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥<br>ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥<br>ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥੬॥<br>ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥<br>ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥<br>ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥<br>(ਗੁ.ਗੰ.ਸਾਹਿਬ. ੪੧੭) |

| | |
|---|---|
| ਰਾਗੁ ਆਸਾ॥ ਮ:੧॥ ਸਬਦੁ॥<br>ਕਹਾ ਸੁ ਖੇਲ ਤਬੇਲੇ ਘੋੜੇ ਕਹਾ ਭੇਰਾ ਸਹਨਾਈ॥<br>ਕਹਾ ਸੁ ਤੇਗਬੰਦ ਗਾਡੀਰਣ ਕਹਾ ਸੁ ਲਾਲੁ ਕਵਾਈ॥<br>ਕਹਾ ਸੁ ਆਰਸੀਆ ਮੁਹ ਬੰਕੇ ਇਥੇ ਦਿਸਹਿ ਨਾਹੀ॥੧॥<br>ਇਹੁ ਜੁਗੁ ਤੇਰਾ ਤੂ ਮੇਰਾ ਗੋਸਾਈ॥<br>ਇਕ ਘੜੀ ਮਹਿ ਥਪਿ ਉਥਾਪੇ ਜਰੁ ਵੰਡਿ ਦੇਵਹਿ ਭਾਈ॥੧॥ਰਹਾਉ॥<br>ਕਹਾ ਸੁ ਘਰ ਦਰ ਮਹਿਲਾ ਮੰਡਪ ਕਹਾ ਸੁ ਬੰਕ ਸਰਾਈ॥<br>ਕਹਾ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖ ਨੀਦ ਨਾ ਪਾਈ॥<br>ਕਹਾ ਸੁ ਪਾਨ ਤਮੋਲੀ ਹਰਮਾ ਹੋਏ ਛਾਈ ਮਾਈ॥੨॥<br>ਇਸ ਜਰ ਕਾਰਣਿ ਘਣੀ ਵਿਗੁਤੀ ਇਸ ਜਰ ਘਣੀ ਖੁਆਈ॥<br>ਪਾਪਾ ਬਾਝਹੁ ਹੋਵੈ ਨਾਹੀ ਮੁੰਇਆ ਸਾਥਿ ਨ ਜਾਈ॥<br>ਜਿਸ ਨੋ ਕਰਤਾ ਆਪਿ ਭੁਲਾਏ ਖੁਸਿ ਲਏ ਚੰਗਿਆਈ॥੩॥<br>ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥<br>ਥਾਨੁ ਮੁਕਾਮ ਜਾਲਿ ਬੂਜ ਮੰਦਰ ਮੁਛ ਮੁਛ ਕੁਅਰ ਰੁਲਾਇਆ॥<br>ਕੋਈ ਮੁਗਲੁ ਨਾ ਹੋਆ ਆਧਾਂ ਕਿਨੈ ਨ ਪਰਚਾ ਲਾਇਆ॥੪॥<br>ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥<br>ਓਨਾ ਤੁਪਕ ਤਾਣਿ ਚਲਾਈ ਓਨਾ ਹਸਤਿ ਚਾੜਾਈ॥<br>ਜਿਨ ਕੀ ਚੀਰੀ ਦਰਗਹ ਫਾਟੀ ਤਿਨਾ ਮਰਨਾ ਭਾਈ॥੫॥<br>ਇਕ ਹਿੰਦਵਾਣੀਆ ਅਰ ਤੁਰਕਾਣੀਆ ਪਠਾਣੀਆ ਠੁਕਰਾਣੀਆ॥<br>ਇਕਨਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ॥<br>ਜਿਨ ਕੇ ਬੰਕੇ ਘਰੀ ਨ ਆਏ ਤਿਨਿ ਕਿਉ ਰੈਣਿ ਵਿਹਾਣੀ॥੬॥<br>ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈ॥<br>ਹੁਕਮੀ ਹੁਕਮੁ ਚਲਾਈ ਬਿਗਸੇ ਨਾਨਕ ਲਿਖਿਆ ਪਾਈਐ॥੭॥<br>(ਸਾਖੀ ਨੰਬਰ ੩੫) (ਪੱਤਰਾ ੧੩੮) | ਆਸਾ ਮਹਲਾ ੧॥<br>ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥<br>ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥<br>ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥<br>ਇਹੁ ਜਗੁ ਤੇਰਾ ਤੂ ਗੋਸਾਈ॥<br>ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ<br>ਭਾਂਈ॥੧॥ ਰਹਾਉ ॥<br>ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ॥<br>ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥<br>ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥<br>ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥<br>ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥<br>ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥<br>ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥<br>ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥<br>ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥੪॥<br>ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥<br>ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥<br>ਜਿਨ੍ਹ ਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ॥੫॥<br>ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥<br>ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ ॥<br>ਜਿਨ੍ਹ ਕੇ ਬੰਕੇ ਘਰੀ ਨ ਆਇਆ ਤਿਨ੍ਹ ਕਿਉ ਰੈਣਿ ਵਿਹਾਣੀ ॥੬॥<br>ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥<br>ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥<br>ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥੭॥<br>(ਗੁ.ਗ੍ਰੰ.ਸਾਹਿਬ. ਪੰਨਾ ੪੧੭-੧੮) |
| ਰਾਗੁ ਸੋਰਠਿ ॥ ਮ:੧॥ ਸਬਦੁ॥<br>ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ॥<br>ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ॥<br>ਨਾਮੁ ਪਰਿਓ ਹੈ ਭਗਤ ਗੋਬਿੰਦ ਕਾ ਇਹ ਰਾਖਹੁ ਪੈਜ ਤੁਮਾਰੀ॥੧॥<br>ਹਰਿ ਜੀਉ ਨਿਮਾਣਿਆ ਤੂ ਮਾਣੁ॥<br>ਨਚੀਜਿਆ ਚੀਜੁ ਕਰੈ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ<br>ਕੁਰਬਾਣੁ॥ਰਹਾਉ॥<br>ਜੈਸਾ ਬਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥<br>ਕਰਿ ਉਪਦੇਸ ਝਿੜਕੈ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥<br>ਪਿਛਲੇ ਅਵਗੁਣ ਬਖਸਿ ਲੈਹਿ ਪ੍ਰਭੁ ਆਗੈ ਮਾਰਗਿ ਪਾਵੈ॥੨॥ | ਸੋਰਠਿ ਮਹਲਾ ੫ ॥<br>ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥<br>ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥<br>ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ<br>ਤੁਮਾਰੀ ॥੧॥<br>ਹਰਿ ਜੀਉ ਨਿਮਾਣਿਆ ਤੂ ਮਾਣੁ ॥<br>ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥<br>ਰਹਾਉ ॥<br>ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥<br>ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥ |

| | |
|---|---|
| ਹਰਿ ਅੰਤਰਿਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ॥<br>ਕਰਣੈ ਕਥਿਨਿ ਨ ਭੀਜੇ ਗੋਵਿਦੁ ਹਰਿ ਭਾਵੈ ਪੈਜ ਰਖਾਈਐ॥ ਅਵਰ<br>ਓਟਿ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ॥੩॥<br>ਹੋਇ ਕਿਰਪਾਲ ਦਇਆਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ॥<br>ਪੂਰਾ ਸਤਿਗੁਰੁ ਮੇਲਿ ਮਿਲਾਏ ਤਾ ਚੂਕੇ ਮਨ ਕੀ ਚਿੰਤੀ॥<br>ਹਰਿ ਹਰਿ ਨਾਮੁ ਅਵਖਧ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ॥੪॥<br>(ਸਾਖੀ ਨੰਬਰ ੩੫) (ਪੱਤਰਾ ੧੩੯) | ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥<br>ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ॥<br>ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ॥<br>ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ॥੩॥<br>ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ॥<br>ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੁਕੈ ਮਨ ਕੀ ਚਿੰਤੀ ॥<br>ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥੪॥<br>(ਗੁ.ਗ੍ਰੰ.ਸਾਹਿਬ. ਪੰਨਾ ੬੨੪-੨੫) |
| ਰਾਗੁ ਆਸਾ ਕਾਫੀ ਘਰੁ ੨॥ ਸਬਦੁ॥<br>ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥<br>ਕੂੜੁ ਕਮਾਵਹਿ ਆਦਮੀ ਬੰਧਿਹਿ ਘਰ ਬਾਰਾ॥੧॥<br>ਜਾਗਹੁ ਜਾਗਹੁ ਸੁਤਿਓ ਚਲਿਆ ਵਣਜਾਰਾ॥੧॥ਰਹਾਉ॥<br>ਨਿਤ ਨਿਤ ਘਰ ਬਾਂਧੀਐ ਜੇ ਰਹਣਾ ਹੋਈ॥<br>ਪਿੰਡ ਪੜੈ ਜੀਉ ਚਲਸੀ ਜੇ ਜਾਣੈ ਕੋਈ॥੨॥<br>ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥<br>ਤੁਮ ਰੋਵਹੁਗੈ ਓਸ ਨੁ ਤੁਮ ਕੁ ਕਉਣ ਰੋਈ॥੩॥<br>ਧੰਧਾ ਪਿਟਹੁ ਭਾਈਓ ਤੁਮ ਕੂਰ ਕਮਾਵਹੁ॥<br>ਓਹੁ ਨ ਸੁਣਈ ਕਿਤ ਹੀ ਤੁਮ ਲੋਕ ਸੁਣਾਵਹੁ॥੪॥<br>ਜਿਸ ਤੇ ਸੁਤੇ ਨਾਨਕਾ ਜਾਗਾਵੈਗਾ ਸੋਈ॥<br>ਜੇ ਘਰੁ ਬੂਝੈ ਆਪਣਾ ਤਾ ਨੀਦ ਨ ਹੋਈ॥੫॥<br>ਜੇ ਚਲਦਾ ਲੇ ਚਲਿਆ ਕਿਛੁ ਸਾਥੈ ਨਾ ਚਾਲਾ॥<br>ਆਗੈਤਾ ਧਨੁ ਸੰਚਹੁ ਦੇਖਿਕਿ ਬੂਝਹੁ ਬੀਚਾਰਾ॥੬॥<br>ਵਣਜੁ ਕਰਹੁ ਮੁਖਹੁ ਸਚਿ ਲਹੁਹੁ ਮਤ ਪਛੋਤਾਵਹੁ॥<br>ਅਉਗਣ ਛੋਡਹੁ ਗੁਣ ਕਰਹੁ ਐਸਾ ਤਤੁ ਪਾਵਹੁ॥੭॥<br>ਧਰਮ ਭੁਮ ਸਤੁ ਬੀਜੁ ਕਰਹੁ ਐਸੀ ਕਿਰਤ ਕਮਾਵਹੁ॥<br>ਤਾ ਵਾਪਾਰੀ ਜਾਣੀਹੁ ਲਾਹਾ ਲੈ ਜਾਵਹੁ॥੮॥<br>ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਵੀਚਾਰਾ॥<br>ਨਾਮੁ ਵਖਾਣੈ ਸੁਣੇ ਨਾਮੁ ਨਾਮੋ ਬਿਉਹਾਰਾ॥੯॥<br>ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ॥<br>ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ॥੧੦॥<br>(ਸਾਖੀ ਨੰਬਰ ੩੫) (ਪੱਤਰਾ ੧੪੦) | ੴ ਸਤਿਗੁਰ ਪ੍ਰਸਾਦਿ॥ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ॥<br>ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥<br>ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥੧॥<br>ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ॥<br>ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥<br>ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥<br>ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥<br>ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥<br>ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥<br>ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥<br>ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥<br>ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥<br>ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥<br>ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥<br>ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥<br>ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥<br>ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥<br>ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥<br>ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ॥<br>ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥<br>ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥<br>ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥<br>( ਗੁ.ਗ੍ਰੰ.ਸਾਹਿਬ. ਪੰਨਾ ੪੧੮) |
| ਸਲੋਕੁ॥<br>ਕੁਰਾਨ ਕਤੇਬ ਕਮਾਈਐ ਭਉ ਵਟੀ ਇਤੁ ਤਨਿ ਲਾਈਐ॥<br>ਸਚੁ ਬੁਝਣੁ ਆਣਿ ਜਲਾਈਐ ਬਿਨੁ ਤੇਲੁ ਦੀਵਾ ਇਉ ਬਲੈ॥ | <br>ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥<br>ਸਚੁ ਬੂਝਣੁ ਆਣਿ ਜਲਾਈਐ ॥੨॥ ਇਹੁ ਤੇਲੁ ਦੀਵਾ ਇਉ ਜਲੈ ॥ |

| | |
|---|---|
| ਕਰਿ ਚਾਨਣੁ ਸਾਹਿਬੁ ਇਉ ਮਿਲੈ॥੧॥<br>ਇਤੁ ਤਨਿ ਲਗੀਆ ਬਾਣੀਆ॥<br>ਸੁਖੁ ਹੋਵੈ ਸੇਵਕ ਮਾਣੀਆ॥<br>ਸਭ ਦੁਨੀਆ ਆਵਣ ਜਾਣੀਆ॥੨॥<br>ਵਿਚਿ ਦੁਨੀਆ ਸੇਵ ਕਮਾਈਐ॥<br>ਤਾ ਦਰਗਹਿ ਬੈਸਣੁ ਪਾਈਐ॥<br>ਕਹੁ ਨਾਨਕ ਬਾਂਹ ਲੁਡਾਈਐ॥੩॥<br>(ਸਾਖੀ ਨੰਬਰ ੩੬) (ਪੱਤਰਾ ੧੪੪) | ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥<br>ਇਤੁ ਤਨਿ ਲਾਗੈ ਬਾਣੀਆ ॥<br>ਸੁਖੁ ਹੋਵੈ ਸੇਵ ਕਮਾਣੀਆ ॥<br>ਸਭ ਦੁਨੀਆ ਆਵਣ ਜਾਣੀਆ ॥੩॥<br>ਵਿਚਿ ਦੁਨੀਆ ਸੇਵ ਕਮਾਈਐ ॥<br>ਤਾ ਦਰਗਹ ਬੈਸਣੁ ਪਾਈਐ ॥<br>ਕਹੁ ਨਾਨਕ ਬਾਹ ਲੁਡਾਈਐ ॥੪॥<br>(ਗੁ.ਗ੍ਰੰ.ਸਾ.ਪੰਨਾ-੨੫-੨੬) |
| ਰਾਗੁ ਮਾਰੂ ॥ਮ:੧॥ ਸਬਦੁ॥<br>ਅਲਹੁ ਅਗਮੁ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆ ਕੈ ਧੰਧੇ॥<br>ਹੋਇ ਪੈਇ ਖਾਕੁ ਫਕੀਰੁ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ॥੧॥<br>ਸਚੁ ਨਿਵਾਜ ਯਕੀਨੁ ਮੁਸਲਾ॥ਮਨਸਾ ਮਾਰਿ ਨਿਵਾਰਹੁ ਆਸਾ॥<br>ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ॥੨॥<br>ਸਰਾ ਸਰੀਅਤਿ ਲੇ ਕਮਾਵਹੁ॥ ਤਰੀਕਤਿ ਤਰਾਇਕੁ ਖੋਜਿ ਟੁਲਾਵਹੁ॥<br>ਮਾਰਫਤਿ ਮਨੁ ਮਾਰਿਅ ਅਬਦਾਲਾ ਮਿਲਹੁ ਹਕੀਤਿ ਜਿਤ ਫਿਰਿ ਨ ਮਰਾ॥੩॥<br>ਕੁਰਾਨ ਕਤੇਬ ਦਿਲੇ ਮਾਹਿ ਕਮਾਹੀ॥ ਦਸ ਅਵਰਤ ਰਾਖਹੁ ਬਦ ਰਾਹੀ॥<br>ਪੰਚ ਮਰਦ ਸਿਦਕਿ ਲੇ ਬੰਧਹੁ ਇਉ ਖੈਰ ਸਬੂਰੀ ਕਬੂਲ ਪਰਾ॥੪॥<br>ਕਾ ਮਿਹਰਿ ਰੋਜਾ ਪੈਇ ਖਾਕਾ॥<br>ਭਿਸਤੁ ਪੀਰ ਲੇਫਸ ਕਮਾਇ ਆਵਾਜਾ॥<br>ਹੂਰਾ ਨੂਰਾ ਮੁਸਕੁ ਖੁਦਾਈ ਬੰਦਗੀ ਅਲਹੁ ਅਲਹੁ ਆਲਹੁ ਹਾਜਰਾ॥੫॥<br>ਸਚੁ ਕਮਾਵੈ ਸੋਈ ਕਾਜੀ॥ ਜੋ ਦਿਲੁ ਬੰਧੈ ਸੋਈ ਹਾਜੀ॥<br>ਸੋ ਮੁਲਾ ਮਲਊਨ ਨਿਵਾਰੈ ॥ਸੋ ਦਰਵੇਸੁ ਜਿਸੁ ਸਿਫਤਿ ਧਰਾ॥੬॥<br>ਸਭੇ ਵਖਤ ਸਭੇ ਕਰਿ ਵੇਲਾ॥ ਖਾਲਕੁ ਯਾਦਿ ਦਿਲੇ ਮਹਿ ਮਉਲਾ॥<br>ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਖੇਲ ਖਾਨਾ ਬੰਧਾਨੁ ਬਰਾ॥੭॥<br>ਦਿਲ ਮਹਿ ਬਿਰਾਦਰਾ ਜਾਨਹੁ ਸਭੁ ਫਿਹਾਲ ਹਮੂ ਜੰਜਾਲਾ॥ ਮੀਰ ਮਕ ਉਮਰਾਉ ਫਨਾਹੀ ॥ ਏਕੁ ਮੁਕਾਮ ਖੁਦਾਈ ਦਰਾ॥੮॥<br>ਅਵਲਿ ਸਿਫਤਿ ਦੂਜੀ ਸਬੂਰੀ॥ ਤੀਜੀ ਹਲੇਮੀ ਚਉਥੀ ਖੈਰੀ॥<br>ਪੰਜਵੈ ਪੰਜਿ ਇਕ ਤੁਮੁਕਾਮੈ ਪੰਜੈ ਵਖਤ ਤੇਰੇ ਅਪਰਪਰਾ॥੯॥<br>ਸਗਲੀ ਜਾਨਿ ਕਰਹੁ ਮੁਦੀਫਾ। ਬਦ ਅਮਲ ਛੋਡਿ ਕਰਹੁ ਹਥਿ ਕੂਜਾ॥<br>ਖੁਦਾਇ ਏਕੁ ਬੁਝਿ ਦੇਵਹੁ ਬੰਗਾ॥ਬੁਰਗੂ ਬਰਖੁਰਦ ਖਰਾ॥੧੦॥<br>ਹਕੁ ਹਲਾਲੁ ਬਖੋਰਹੁ ਖਾਣਾ ॥ਦਿਲਿ ਦਰੀਆਉ ਧੋਵਹੁ ਮਉਲਾਣਾ॥<br>ਪੀਰੁ ਪਛਾਣੈ ਭਿਸਤੀ ਸੋਈ ॥ਅਜਰਾਈਲੁ ਨ ਦੋਗੁ ਹਰਾ॥੧੧॥<br>ਕਾਇਆ ਕਿਰਦਾਰ ਅਉਰਤਿ ਯਕਨਾ॥<br>ਰੰਗ ਤਮਾਸੇ ਮਾਣਿ ਯਕੀਨ ॥ | ਮਾਰੂ ਮਹਲਾ ੫ ॥<br>ਅਲਹ ਅਗਮ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆ ਕੇ ਧੰਧੇ ॥<br>ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ ॥੧॥<br><br>ਸਚੁ ਨਿਵਾਜ ਯਕੀਨ ਮੁਸਲਾ ॥ ਮਨਸਾ ਮਾਰਿ ਨਿਵਾਰਿਹੁ ਆਸਾ॥<br>ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ ॥੨॥<br>ਸਰਾ ਸਰੀਅਤਿ ਲੇ ਕੰਮਾਵਹੁ ॥ ਤਰੀਕਤਿ ਤਰਕ ਖੋਜਿ ਟੋਲਾਵਹੁ ॥<br>ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥<br>ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥ਦਸ ਅਉਰਾਤ ਰਖਹੁ ਬਦ ਰਾਹੀ॥<br>ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ ॥੪॥<br>ਮਕਾ ਮਿਹਰ ਰੋਜਾ ਪੈ ਖਾਕਾ ॥<br>ਭਿਸਤੁ ਪੀਰ ਲਫਜ ਕਮਾਇ ਅੰਦਾਜਾ॥<br>ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥੫॥<br>ਸਚੁ ਕਮਾਵੈ ਸੋਈ ਕਾਜੀ॥ਜੋ ਦਿਲੁ ਸੋਧੈ ਸੋਈ ਹਾਜੀ॥<br>ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥<br>ਸਭੇ ਵਖਤ ਸਭੇ ਕਰਿ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ॥<br>ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ ॥੭॥<br>ਦਿਲ ਮਹਿ ਜਾਨਹੁ ਸਭ ਫਿਲਹਾਲਾ ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥<br>ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ ॥੮॥<br>ਅਵਲਿ ਸਿਫਤਿ ਦੂਜੀ ਸਾਬੂਰੀ ॥ ਤੀਜੈ ਹਲੇਮੀ ਚਉਥੈ ਖੈਰੀ ॥ ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ ॥੯॥<br>ਸਗਲੀ ਜਾਨਿ ਕਰਹੁ ਮਉਦੀਫਾ ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥<br>ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥੧੦॥ |

| | |
|---|---|
| ਨਪਾਕੁ ਪਾਕੁ ਹਦੂਰਿ ਕਰਾਹੁ ਹਦੀਸਾ ਇਉ ਸਬਤਿ ਦਸਤਾਰ ਸਰਾ॥੧੨॥<br>ਮੁਲਸਮਾਨੁ ਮੋਮ ਦਿਲੁ ਹੋਵੇ॥ ਅੰਤਰ ਕੀ ਮਲੁ ਦਿਲ ਤੇ ਧੋਵੈ॥<br>ਦੁਨੀਆ ਕੈ ਰੰਗਿ ਨ ਆਵੈ ਨੇੜੈ ਜਿਉ ਕੁਸਮੁ ਪਾਟੁ ਘਿਉ ਪਾਕੁ ਖਰਾ॥੧੩॥<br>ਜਾਕਉ ਮਿਹਰਿ ਮਿਹਰਿ ਮਿਹਰਿਵਾਨਾ॥ ਸੋਈ ਮਰਦੁ ਮਰਦੁ ਮਰਦਾਨਾ॥<br>ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ॥੧੪॥<br>ਕੁਦਰਤਿ ਕਾਦਰ ਕਰਣ ਕਰੀਮਾ॥ਸਿਫਤਿ ਮੁਹਬਤਿ ਅਥਾਹੁ ਰਹੀਮਾ॥<br>ਹਕੁ ਹੁਕਮੁ ਸਚੁ ਖੁਦਾਇਆ ॥ਬੁਗੋ ਨਾਨਕ ਬੰਦ ਖਲਾਸ ਤੁਰਾ॥੧੫॥<br>(ਸਾਖੀ ਨੰਬਰ ੩੬) (ਪੱਤਰਾ ੧੪੭) | ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥ ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ ॥੧੧॥<br>ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥<br>ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥<br>ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥ ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥<br>ਜਾ ਕਉ ਮਿਹਰ ਮਿਹਰ ਮਿਹਰਵਾਨਾ ॥ ਸੋਈ ਮਰਦੁ ਮਰਦੁ ਮਰਦਾਨਾ ॥<br>ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ ॥੧੪॥<br>ਕੁਦਰਤਿ ਕਾਦਰ ਕਰਣ ਕਰੀਮਾ ॥ ਸਿਫਤਿ ਮੁਹਬਤਿ ਅਥਾਹ ਰਹੀਮਾ ॥<br>ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥<br>( ਗੁ.ਗ੍ਰੰ.ਸਾਹਿਬ. ਪੰਨਾ ੧੦੮੩-੮੪) |
| ਰਾਗੁ ਬਸੰਤੁ ॥ਮ:੧॥ਸਬਦੁ॥<br>ਸੁੰਇਨੇ ਕਾ ਚਉਕਾ ਕੰਚਨਾ ਕੁਵਾਰ॥<br>ਰੁਪੇ ਕੀਆ ਕਾਰਾ ਬਹੁਤੁ ਬਿਸਧਾਰੁ॥<br>ਗੰਗਾ ਕਾ ਉਦਕੁ ਕਰੰਤੇ ਕੀ ਆਗਿ॥<br>ਗਰੜਾ ਖਾਣਾ ਦੁਧੁ ਸਿਉ ਗਾਡਿ॥੧॥<br>ਰੇ ਮਨ ਲੇਖੈ ਕਬਹੁ ਨ ਪਾਇ॥<br>ਜਾ ਮਨਿ ਭੀਜੈ ਸਾਚਿ ਨਾਇ॥੧॥ਰਹਾਉ॥<br>ਦਸ ਅਠ ਲੀਖੈ ਹੋਵਹਿ ਪਾਸਿ॥<br>ਚਾਰੇ ਬੇਦ ਮੁਖਾਗਰ ਪਾਠਿ॥<br>ਪੁਰਬੀ ਨਾਵੈ ਵਰਨਾ ਕੀ ਜਾਤਿ॥<br>ਵਰਤ ਨੇਮ ਕਰੈ ਦਿਨੁ ਰਾਤਿ॥੨॥<br>ਕਾਜੀ ਮੁਲਾ ਹੋਵਹਿ ਸੇਖ॥<br>ਜੋਗੀ ਜੰਗਮ ਭਗਵੇ ਭੇਖ॥<br>ਕੋ ਗਿਰਹੀ ਕਰਮਾ ਕੀ ਸੰਧਿ॥<br>ਬਿਨੁ ਬੂਝੇ ਸਭ ਖੜੀਅਸਿ ਬੰਧਿ॥੩॥<br>ਜੇਤੇ ਜੀਅ ਲਿਖੀ ਸਿਰਿ ਕਾਰ॥<br>ਕਰਣੀ ਉਪਰਿ ਹੋਵਗਿ ਸਾਰ॥<br>ਹੁਕਮੁ ਕਰਹਿ ਮੂਰਖ ਗਵਾਰ॥<br>ਨਾਨਕ ਸਾਚੇ ਕੇ ਸਿਫਤਿ ਭੰਡਾਰ॥੪॥੧॥<br>(ਸਾਖੀ ਨੰਬਰ ੩੮) (ਪੱਤਰਾ ੧੫੩) | ਬਸੰਤੁ ਮਹਲਾ ੧ ॥<br>ਸੁਇਨੇ ਕਾ ਚਉਕਾ ਕੰਚਨ ਕੁਆਰ॥<br>ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥<br>ਗੰਗਾ ਕਾ ਉਦਕੁ ਕਰੰਤੇ ਕੀ ਆਗਿ॥<br>ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥<br>ਰੇ ਮਨ ਲੇਖੈ ਕਬਹੂ ਨ ਪਾਇ ॥<br>ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥<br>ਦਸ ਅਠ ਲੀਖੇ ਹੋਵਹਿ ਪਾਸਿ ॥<br>ਚਾਰੇ ਬੇਦ ਮੁਖਾਗਰ ਪਾਠਿ ॥<br>ਪੁਰਬੀ ਨਾਵੈ ਵਰਨਾਂ ਕੀ ਦਾਤਿ ॥<br>ਵਰਤ ਨੇਮ ਕਰੇ ਦਿਨ ਰਾਤਿ ॥੨॥<br>ਕਾਜੀ ਮੁਲਾਂ ਹੋਵਹਿ ਸੇਖ ॥<br>ਜੋਗੀ ਜੰਗਮ ਭਗਵੇ ਭੇਖ ॥<br>ਕੋ ਗਿਰਹੀ ਕਰਮਾ ਕੀ ਸੰਧਿ ॥<br>ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥<br>ਜੇਤੇ ਜੀਅ ਲਿਖੀ ਸਿਰਿ ਕਾਰ॥<br>ਕਰਣੀ ਉਪਰਿ ਹੋਵਗਿ ਸਾਰ ॥<br>ਹੁਕਮੁ ਕਰਹਿ ਮੂਰਖ ਗਾਵਾਰ॥<br>ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥<br>(ਗੁ.ਗ੍ਰੰ.ਸਾਹਿਬ, ਪੰਨਾ ੧੧੬੮-੬੯) |
| ਸਿਰੀ ਰਾਗੁ॥ ਮ:੧॥ਸਬਦੁ॥<br>ਘੜੀ ਮੁਹਤ ਕਾ ਪਾਹੁਣਾ ਨਿਤ ਕਾਜ ਸਵਾਰਣਹਾਰੁ॥<br>ਮਾਇਆ ਕਾਮਿ ਵਿਆਪਿਆ ਨਾ ਬੁਝੈ ਗਵਾਰੁ॥ | ਸਿਰੀਰਾਗੁ ਮਹਲਾ ੫ ॥<br>ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ ॥<br>ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ॥ |

| | |
|---|---|
| ਉਠਿ ਚਲਿਆ ਪਛੁਤਾਣਿਆ  ਜਾ ਵਸਿ ਪਇਆ ਜੰਦਾਰ॥੧॥<br>ਅੰਧੇ ਮਨਾ ਤੂ ਬੈਠਾ ਕੰਢੀ ਪਹਿ॥<br>ਜੇ ਹੋਵੈ ਪੂਰਬ ਲਿਖਿਆ ਤਾ ਸਤਗੁਰ ਕਾ ਬਚਨੁ ਕਮਾਇ॥੧॥ਰਹਾਉ॥<br>ਕਿਆ ਹਰੀ ਕਿਆ ਡੁਡਰੀ ਪਕੀ ਵਢਣੁਹਾਰੁ॥<br>ਲੇ ਕਰਿ ਦਾਤੀ ਪਹੁਤਿਆ ਕਰਿ ਲਾਵੇ ਤਯੀਆਰੁ॥<br>ਹੁਕਮੁ  ਹੋਵੈ ਕਿਰਸਾਣਾ ਵਢਿ ਕੀਤਾ ਖੇਤ ਤਈਆਰੁ॥੨॥<br>ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ॥<br>ਤੀਜੈ ਝਖ ਝਖਾਇਆ ਚਉਥੈ ਭਉਰ ਭਾਇਆ॥<br>ਚਿਤਿ ਨ ਆਇਓ ਸੁ ਪਾਰਬ੍ਰਹਮ ਜਿਨੀ ਜੀਉ ਪਿੰਡ ਦੀਆ॥੩॥<br>ਸਾਧਸੰਗਤਿ ਉਤਿ ਵਾਰਿਆ ਜੀਉ ਕੀਤਾ ਕੁਰਬਾਣੁ॥<br>ਜਿਨਿ ਮਿਲਿਆ ਸੋਝੀ ਪਈ ਪਾਇਆ ਸਚੁ ਦੀਬਾਣੁ॥<br>ਨਾਨਕ ਹਰਿ ਕਾ ਦਾਸੁ ਹੈ ਤਉ ਅੰਤਰਜਾਮੀ ਜਾਣੁ॥੪॥<br>(ਸਾਖੀ ਨੰਬਰ ੩੯) (ਪੱਤਰਾ ੧੫੪) | ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ ॥੧॥<br>ਅੰਧੇ ਤੂੰ ਬੈਠਾ ਕੰਧੀ ਪਾਹਿ ॥<br>ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥੧॥<br>ਰਹਾਉ ॥<br>ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥<br>ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥<br>ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ॥੨॥<br>ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ॥<br>ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ॥<br>ਕਦ ਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ॥੩॥<br>ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ॥<br>ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ॥<br>ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥੪॥<br>(ਗੁ.ਗੰ.ਸਾਹਿਬ. ਪੰਨਾ ੯੩) |
| ਸਲੋਕੁ॥<br>ਅਠੀ ਪਹਿਰੀ ਅਠ ਖੰਡੁ ਨਾਵਾ ਖੰਡੁ ਸਰੀਰੁ॥<br>ਤਿਸੁ ਵਿਚਿ ਨਉ ਨਿਧਿ ਨਾਮ ਹੈ ਇਕੁ ਭਾਲਹਿ ਗੁਣੀ ਗਹੀਰੁ॥<br>ਕਰਮਾਵੰਤੀ ਸਲਾਹਿਆ ਨਾਨਕ ਕਰਿ ਗੁਰੁ ਪੀਰੁ॥<br>ਚਉਥੈ ਪਹਰੇ ਸਬਾਹ ਕੈ ਸੁਰਤਿਆ ਉਪਜੈ ਚਾਉ॥<br>ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥<br>ਓਥੈ ਅੰਮ੍ਰਿਤ ਵੰਡੀਐ ਕਰਮੀ ਹੋਇ ਪਸਾਉ॥<br>ਕੰਚਨੁ ਕਾਇਆ ਕਸੀਐ ਵੰਨੀ ਚੜੈ ਚੜਾਉ॥<br>ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥<br>ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥<br>ਓਥੈ ਪਾਪੁ ਪੁੰਨ ਬੀਚਾਰੀਐ ਕੂੜੈ ਘਟੈ ਰਾਸਿ॥<br>ਓਥੈ ਖੋਟੈ ਸੁਟੀਅਹਿ ਖਰੇ ਕੀਚਹਿ ਸਾਬਾਸਿ॥<br>ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥੧॥<br>·ਸਲੋਕੁ॥ ਪਉਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।<br>ਦਿਵਸੁ ਰੈਣਿ ਦੁਈ ਦਾਈ ਦਾਇਆ ਖੇਲੈ ਸਗਲ ਜਗਤੁ॥ ਚੰਗਿਆਈਆ ਬੁਰਿਆਈਆ ਵਾਚੈ ਧਰਮ ਹਜੂਰਿ॥<br>ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥<br>ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥<br>ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥੨॥<br>(· ਇਹ ਸਲੋਕ ਮਹਲਾ 2 dw hY auqwrwkwr vloN BulyKy nwl auqwrw kIqw igAw hovygw)<br>(ਸਾਖੀ ਨੰਬਰ ੪੦) (ਪੱਤਰਾ ੧੫੮) | ਸਲੋਕ ਮਃ ੨ ॥<br>ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥<br>ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥<br>ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ॥<br>ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥<br>ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥<br>ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥<br>ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥<br>ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥<br>ਸਤੀ ਪਹਰੀ ਸਤੁ  ਭਲਾ ਬਹੀਐ ਪੜਿਆ ਪਾਸਿ ॥<br>ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥<br>ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥<br>ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥੧॥ ਮਃ ੨ ॥<br>ਪਉਣੁ ਗੁਰੁ ਪਾਣੀ ਪਿਤਾ ਮਾਤਾ  ਧਰਤਿ ਮਹਤੁ ॥<br>ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥<br>ਚੰਗਿਆਈਆ ਬੁਰਿਆਈਆ  ਵਾਚੇ ਧਰਮੁ ਹਦੂਰਿ ॥<br>ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥<br>ਜਿਨੀ ਨਾਮੁ ਧਿਆਇਆ ਗਏ ਮਸਕਤਿ  ਘਾਲਿ ॥<br>ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ ॥੨॥<br>(ਗੁ.ਗੰ.ਸਾਹਿਬ. ਪੰਨਾ ੧੪੬) |
| ਰਾਗੁ ਮਾਝ ਕੀ ਵਾਰ ॥ਪਉੜੀ॥ | ਪਉੜੀ ॥ |

| | |
|---|---|
| ਸਤਿਗੁਰੁ ਹੋਇ ਦਇਆਲੁ ਤਾ ਸਰਧਾ ਪੂਰੀਐ॥ | ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥ |
| ਸਤਿਗੁਰੁ ਹੋਇ ਦਇਆਲੁ ਨਾ ਕਬਹੂ ਝੂਰੀਐ॥ | ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥ |
| ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥ | ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥ |
| ਸਤਿਗੁਰੁ ਹੋਇ ਦਇਆਲੁ ਹਰਿ ਰੰਗੁ ਮਾਣੀਐ॥ | ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥ |
| ਸਤਿਗੁਰੁ ਹੋਇ ਦਇਆਲ ਤਾ ਜਮ ਕਾ ਡਰੁ ਕੇਹਾ॥ | ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ ॥ |
| ਸਤਿਗੁਰੁ ਹੋਇ ਦਇਆਲ ਤਾ ਸਦ ਹੀ ਸੁਖੁ ਦੇਹਾ॥ | ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ ॥ |
| ਸਤਿਗੁਰੁ ਹੋਇ ਦਇਆਲ ਤਾ ਨਵ ਨਿਧਿ ਪਾਈਐ॥ | ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥ |
| ਸਤਿਗੁਰੁ ਹੋਇ ਦਇਆਲ ਤ ਸਚਿ ਸਮਾਈਐ॥੧॥੧੫॥ | ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥੨੫॥ |
| ॥ਸਲੋਕੁ॥ | ਸਲੋਕੁ ਮਃ ੧ ॥ |
| ਸਿਰੁ ਖੋਹਾਇ ਪੀਵਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥ | ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ |
| ਫੋਲਿ ਫਜੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸੰਗਾਹੀ॥ | ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ |
| ਭੇਡਾ ਵਾਂਗੁ ਸਿਰੁ ਖੁਹਾਇਨਿ ਭਰੀਅਨਿ ਹਥ ਸੁਆਹੀ॥ | ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ |
| ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥ | ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥ |
| ਓਨਾ ਪਿੰਡੁ ਨ ਪਤਲ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥ | ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥ |
| ਅਠਿਸਠਿ ਤੀਰਥ ਦੇਹ ਨ ਢੋਈ ਬ੍ਰਹਮਣ ਅਨ ਨ ਖਾਹੀ॥ | ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥ |
| ਸਦਾ ਕੁਚੀਲੁ ਰਹਿਨਿ ਦਿਨੁ ਰਾਤੀ ਮਥੈ ਟਿਕੇ ਨਾਹੀ॥ | ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥ |
| ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜ ਦੀਬਾਣਿ ਨ ਜਾਹੀ॥ | ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥ |
| ਲਕੀ ਕਾਸੇ ਹਥੀ ਫੁਮਣ ਅਗੋ ਪਿਛੀ ਜਾਹੀ॥ | ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥ |
| ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁਲਾ॥ | ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥ |
| ਦਇ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥ | ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥ |
| ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥ | ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ |
| ਦਾਨੋ ਤੈ ਇਸਨਾਨੋ ਵੰਝੈ ਭਸੁ ਪਈ ਸਿਰਿ ਖੁਥੈ॥ | ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥ |
| ਪਾਣੀ ਵਿਚਹੁ ਰਤਨ ਉਪਨੇ ਮੇਰੁ ਕੀਆ ਮਾਧਾਣੀ॥ | ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥ |
| ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੇ ਬਾਣੀ॥ | ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥ |
| ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥ | ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥ |
| ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ॥ | ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥ |
| ਨਾਨਕ ਸਿਰਿ ਖੁਥੈ ਸੈਤਾਨੀ ਏਨਾ ਗਲ ਨ ਭਾਣੀ॥ | ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ॥ |
| ਵੁਠੇ ਹੋਇ ਹੋਇ ਬਿਲਾਵਿਲੁ ਜੀਆ ਜੁਗਤਿ ਸਮਾਣੀ॥ | ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥ |
| ਵੁਠੇ ਅੰਨੁ ਕਮਾਦ ਕਪਾਹਾ ਸਭਸੈ ਪੜਦਾ ਹੋਵੈ॥ | ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥ |
| ਵੁਠੈ ਘਾਹੁ ਚਰਹਿ ਨਿਤ ਸੁਰਹੀ ਸਾਧਨ ਦਹੀ ਬਿਲੋਵੈ॥ | ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥ |
| ਤਿਤੁ ਘਿਅ ਹੋਮ ਜਗ ਸਦ ਪੂਜਾ ਪਇਐ ਕਰਜ ਸੋਹੈ॥ | ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥ |
| ਗੁਰੂ ਸਮੁੰਦ ਨਦੀਆ ਸਭ ਸਿਖੀ ਨਾਤੇ ਜਿਤੁ ਵਡਿਆਈ॥ | ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥ |
| ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥ | ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥ |
| (ਸਾਖੀ ਨੰਬਰ ੪੦) (ਪੱਤਰਾ ੧੬੦) | (ਗੁ.ਗ੍ਰੰ.ਸਾਹਿਬ. ਪੰਨਾ ੧੪੯-੫੦) |
| ਸਲੋਕੁ॥ | ਮਃ ੨ ॥ |
| ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ॥ | ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ ॥ |

| | |
|---|---|
| ਚੰਦ ਅੰਧੇਰਾ ਕੇ ਕਰੇ ਪਉਣੁ ਪਾਣੀ ਕਿਆ ਜਾਤਿ॥<br>ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ॥<br>ਨਾਨਕਾ ਤਾ ਪਤਿ ਜਾਣੀਐ ਜਾ ਪਤਿ ਰਾਖੈ ਸੋਇ॥੨॥<br>(ਸੰਪੂਰਨ ਵਾਰ ਮਾਝ ਕੀ) (ਸਾਖੀ ਨੰਬਰ ੪੦) (ਪੱਤਰਾ ੧੬੧) | ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ ॥<br>ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ ॥<br>ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥੨॥<br>(ਗੁ.ਗੰ.ਸਾਹਿਬ. ਪੰਨਾ ੧੫੦) |
| ਰਾਗੁ ਮਾਰੂ॥ ਮ:੧ ॥ ਸਬਦੁ॥<br>ਫੁਟਾ ਆਂਡਾ ਭਰਮ ਕਾ ਹਿਰਦੈ ਭਇਆ ਪਰਗਾਸੁ॥<br>ਕਾਟੀ ਬੇੜੀ ਪਗ ਕੀ ਗੁਰ ਕੀਨੈ ਬੰਦਿ ਖਲਾਸੁ॥੧॥<br>ਬਾਬਾ ਮੇਰਾ ਆਵਣ ਜਾਣੁ ਰਹਿਆ ॥<br>ਤਪਤਿ ਕੜਾਹ ਬੁਝਿ ਗਇਆ ਗੁਰੁ ਸੀਤਲੁ ਨਾਮੁ ਦੀਆ॥ਰਹਾਉ॥<br>ਚੁਕਾ ਭਾਰਾ ਕਰਮ ਕਾ ਹੋਏ ਨਿਹਕਰਮਾ॥<br>ਸਾਗਰ ਤੇ ਕੰਢੀ ਚੜੇ ਗੁਰਿ ਕੀਨੇ ਧਰਮਾ॥੨ ॥<br>ਜਬ ਕਾ ਸਾਧ ਸੰਗੁ ਭਇਆ ਛੋਡਿ ਗਏ ਨਿਗਹਾਵਾਨ॥<br>ਜਿਸ ਕੀ ਅਟਕਿ ਤਿਸ ਤੇ ਛੂਟੀ ਅਬ ਕਹਾ ਕਰੈ ਕੁਟਵਾਲ॥੩॥<br>ਸਚੁ ਥਾਨੁ ਸਚੁ ਬੈਸਕਾ ਸਚੁ ਸੁਆਉ ਬਣਾਇਆ॥<br>ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ॥੪॥<br>(ਸਾਖੀ ਨੰਬਰ ੪੨) (ਪੱਤਰਾ ੧੬੨) | ਮਾਰੂ ਮਹਲਾ ੫ ॥<br>ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥<br>ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥<br>ਆਵਣ ਜਾਣੁ ਰਹਿਓ ॥<br>ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥<br>ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥<br>ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ॥੨॥<br>ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥<br>ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥<br>ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥<br>ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥<br>( ਗੁ.ਗੰ.ਸਾਹਿਬ. ਪੰਨਾ ੧੦੦੨) |
| ਸਲੋਕੁ॥ ਲਖੁ ਉਲਾਹਮੇ ਦਿਵਸ ਕੇ ਰਾਤੀ ਮਿਲਨਿ ਸਹਿੰਸ॥<br>ਸਿਫਤਿ ਸਲਾਹਣੁ ਛੋਡਿ ਕਰਗੀ ਲਗਾ ਹੰਸੁ॥੧॥<br>(ਸਾਖੀ ਨੰਬਰ ੪੩) (ਪੱਤਰਾ ੧੬੬) | ਮਃ ੧ ॥ ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥<br>ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥<br>(ਗੁ.ਗੰ.ਸਾਹਿਬ. ਪੰਨਾ ੭੯੦) |
| ਸ੍ਰੀ ਰਾਗੁ ॥ਮ:੧॥ਸਬਦੁ॥<br>ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖੁ॥<br>ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕੁ॥<br>ਦੁਨੀਆ ਕੈਸੇ ਮੁਕਾਮੇ॥<br>ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥ਰਹਾਉ॥<br>ਜੋਗੀ ਤਾ ਆਸਣੁ ਕਰਿ ਬਹੈ ਮੁਲਾ ਤਾ ਬਹੈ ਮੁਕਾਮਿ॥<br>ਪੰਡਤ ਵਖਣੈ ਪੋਥੀਆ ਸਿਧ ਬਹੈ ਦੇਵ ਅਸਥਾਨੁ॥੨॥<br>ਸੁਰ ਸਿਧ ਗਣ ਗੰਧ੍ਰਬ ਮੁਨਿ ਜਨ ਸੇਖ ਪੀਰ ਸਲਾਰ॥<br>ਦਰਿ ਕੂਚ ਕੂਚਾ ਕਰਿ ਗਏ ਅਵਰਾ ਭਿ ਚਲਣਹਾਰ॥੩॥<br>ਸੁਲਤਾਨ ਖਾਨ ਮਲੂਕ ਉਮਰਿ ਗਏ ਕਰਿ ਕਰਿ ਕੂਚੁ॥<br>ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥੪॥<br>ਸਬਦ ਤਾਹ ਮਾਹਿ ਵਖਾਣੀਐ ਵਿਰਲਾ ਤਾ ਬੂਝੈ ਕੋਇ॥<br>ਨਾਨਕੁ ਵਖਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥੫॥<br>ਅਲਾਹ ਅਲਖੁ ਅਗਮ ਕਾਦਰੁ ਕਰਣਹਾਰੁ ਕਰੀਮੁ॥<br>ਸਭ ਦੁਨੀਆ ਤਾ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥੬॥ | ਸਿਰੀਰਾਗੁ ਮਹਲਾ ੧ ਘਰੁ ੨ ॥<br>ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥<br>ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥੧॥<br>ਦੁਨੀਆ ਕੈਸਿ ਮੁਕਾਮੇ ॥<br>ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ<br>ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ॥<br>ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ॥੨॥<br>ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥<br>ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥੩॥<br>ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥<br>ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥੪॥<br>ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥<br>ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥੫॥<br>ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥<br>ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥ |

| | |
|---|---|
| ਮੁਕਾਮੁ ਤਿਸ ਨੋ ਆਖੀਐ ਜਿਸੁ ਸਿਰਿ ਨ ਹੋਵੀ ਲੇਖੁ॥<br>ਅਸਮਾਨ ਧਰਤੀ ਚਲਸੀ ਮੁਕਾਮੁ ਓਹੀ ਏਕੁ॥੭॥<br>ਦਿਨ ਨਸ ਚਲੈ ਰਵਿ ਸਸਿ ਚਾਲੇ ਤਾਰੇ ਲਖ ਪਲੋਇ॥<br>ਮੁਕਾਮੁ ਓਹੀ ਏਕੁ ਹੈ ਨਾਨਕ ਸਚੁ ਬੁਗੋਇ॥੮॥<br>(ਸਾਖੀ ਨੰਬਰ ੪੩) (ਪੱਤਰਾ ੧੬੭) | ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥<br>ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥<br>ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥<br>ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥੮॥<br>(ਗੁ.ਗੰ.ਸਾਹਿਬ. ਪੰਨਾ ੬੪) |
| ਰਾਗੁ ਰਾਮਕਲੀ ॥ਮ:੧॥ਸਬਦੁ॥<br>ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰ ਭੀਤਰਿ ਦਰੁ ਕਵਨੁ ਲਹੈ॥<br>ਜਿਸੁ ਦਰ ਕਾਰਣਿ ਫਿਰਿਹਿ ਉਦਾਸੀ ਸੋ ਦਰੁ ਕੋਈ ਆਇ ਕਹੈ॥੧॥<br>ਕਿਨਿ ਬਿਧਿ ਸਾਗਰੁ ਤਰੀਐ॥<br>ਜੀਵਦਿਆ ਹੀ ਮਰੀਐ॥ਰਹਾਉ॥<br>ਦੁਖੁ ਦਰਵਾਜੇ ਰੋਹੁ ਰਖਵਾਲ ਆਸ ਅੰਦੇਸ ਦੁਇ ਪਟ ਜੜੈ॥<br>ਮਾਇਆ ਜਲ ਪਾਈ ਪਾਣੀ ਘਰੁ ਬੰਧਿਆ ਸਤ ਕੈ ਆਸਣਿ ਪੁਰਖੁ ਰਹੈ॥੨॥<br>ਕੇਤੇ ਨਾਮਾ ਅੰਤੁ ਨ ਜਾਨਿਆ ਤੁਮ ਸਰਿ ਨਾਹੀ ਅਵਰੁ ਹਰੇ॥<br>ਊਚਾ ਨਹੀ ਕਹਣਾ ਮਨ ਮਹਿ ਸਹਣਾ ਆਪੇ ਜਾਣਿ ਆਪਿ ਕਰੇ॥੩॥<br>ਜਬ ਲਗ ਆਸ ਅੰਦੇਸਾ ਤਬ ਹੀ ਕਿਉ ਕਰਿ ਇਕੋ ਇਕੁ ਕਹੈ॥<br>ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੋ ਏਕੁ ਮਿਲੈ॥੪॥<br>ਇਤੁ ਬਿਧਿ ਸਾਗਰੁ ਤਰੀਐ॥ ਜੀਵਦਿਆ ਇਵ ਮਰੀਐ॥ਰਹਾਉ॥<br>(ਸਾਖੀ ਨੰਬਰ ੪੪) (ਪੱਤਰਾ ੧੬੮) | ਰਾਮਕਲੀ ਮਹਲਾ ੧ ॥<br>ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ॥<br>ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ॥੧॥<br>ਕਿਨ ਬਿਧਿ ਸਾਗਰੁ ਤਰੀਐ॥<br>ਜੀਵਤਿਆ ਨਹ ਮਰੀਐ॥੧॥ ਰਹਾਉ॥<br>ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥<br>ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ ॥੨॥<br>ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ ॥<br>ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ ॥੩॥<br>ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ॥<br>ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ॥੪॥<br>ਇਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਇਉ ਮਰੀਐ ॥੧॥ ਰਹਾਉ ਦੂਜਾ ॥੩॥<br>(ਗੁ.ਗੰ.ਸਾਹਿਬ. ਪੰਨਾ ੮੭੭) |
| ਰਾਮਕਲੀ ॥ਮ: ੧॥ਸਬਦੁ<br>ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਵਾਜੈ ਲੋਕੁ ਸੁਣੇਈ॥<br>ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇਈ॥੧॥<br>ਬਾਬਾ ਗੋਰਖੁ ਜਾਗੈ॥<br>ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ॥੧॥ਰਹਾਉ॥<br>ਪਾਣੀ ਪਉਣੁ ਪ੍ਰਾਨ ਬੰਧਿ ਰਾਖੇ ਚੰਦੁ ਸੂਰਜੁ ਮੁਖ ਦੀਵੈ॥<br>ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਤੇਰੇ ਵਿਸਰੇ॥੨॥<br>ਸਿਧ ਸਾਧਕ ਅਰੁ ਜੋਗੀ ਜੰਗਮ ਪੀਰ ਪੁਰਖ ਬਹੁਤੇਰੇ॥<br>ਜੇ ਨਾਮੁ ਮਿਲੈ ਤਾ ਕੀਰਤਿ ਆਖਾ ਤਾ ਮਨੁ ਸੇਵ ਕਰੇ॥੩॥<br>ਕਾਗਦੁ ਲੂੰਣੁ ਰਹੈ ਘਿਰਤ ਸੰਗੇ ਜੈਸੇ ਪਾਣੀ ਕਵਾਲੁ ਰਹੈ॥<br>ਐਸੇ ਭਗਤ ਮਿਲਹਿ ਜਨ ਨਾਨਕ ਤਿਨਿ ਜਮੁ ਬਪੁੜਾ ਕਿਆ ਕਰੇ॥੪॥੨॥<br>(ਸਾਖੀ ਨੰਬਰ ੪੪) (ਪੱਤਰਾ ੧੭੦) | ਰਾਮਕਲੀ ਮਹਲਾ ੧ ॥<br>ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥<br>ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥<br>ਬਾਬਾ ਗੋਰਖੁ ਜਾਗੈ ॥<br>ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥੧॥ ਰਹਾਉ ॥<br>ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ ॥<br>ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ॥੨॥<br>ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥<br>ਜੇ ਤਿਨ ਮਿਲਾਤ ਕੀਰਤਿ ਆਖਾ ਤਾ ਮਨੁ ਸੇਵ ਕਰੇ॥੩॥<br>ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥<br>ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ॥੪॥<br>( ਗੁ.ਗੰ.ਸਾਹਿਬ. ਪੰਨਾ ੮੭੭) |
| ਰਾਗੁ ਰਾਮਕਲੀ ॥ਮ: ੧॥ਸਬਦੁ॥ | ਰਾਮਕਲੀ ਮਹਲਾ ੧ ॥ |

| | |
|---|---|
| ਸੁਣਿ ਮਛਿੰਦ੍ਰ ਨਾਨਕੁ ਬੋਲੈ ਵਸਿਗਤਿ ਪੰਚਿ ਕਰੇ ਨਹੀ ਡੋਲੈ॥<br>ਐਸੀ ਜੁਗਤਿ ਜੋਗ ਕਉ ਪਾਲੈ॥<br>ਆਪਿ ਤਰੈ ਸਗਲੈ ਕੁਲ ਤਾਰੈ॥੧॥<br>ਸੋ ਅਉਧੂਤੁ ਐਸੀ ਮਤਿ ਪਾਵੈ॥<br>ਅਹਿਨਿਸ ਸੁੰਨਿ ਸਮਾਧਿ ਸਮਾਵੈ॥੧॥ਰਹਾਉ॥<br>ਭਿਖਿਆ ਭਾਉ ਭਗਤਿ ਭੈ ਚਲੈ॥<br>ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ॥<br>ਧਿਆਨ ਰੂਪਿ ਹੋਇ ਆਸਣੁ<br>ਪਾਵੈ॥ ਸਚਿ ਨਾਮਿ ਤਾੜੀ ਚਿਤੁ ਲਾਵੈ॥੨॥<br>ਨਾਨਕੁ ਬੋਲੈ ਅੰਮ੍ਰਿਤ ਬਾਣੀ॥<br>ਸੁਣਿ ਮਾਛਿੰਦ੍ਰ ਅਉਧੂ ਨੀਸਣੀ॥<br>ਆਸਾ ਮਹਿ ਨਿਰਾਸੁ ਵਲਾਏ॥<br>ਤਾਨਿਹਚਉ ਨਾਨਕ ਕਰਤੇ ਪਾਏ॥੩॥<br>ਪ੍ਰਣਵਤਿ ਨਾਨਕ ਅਗਮੁ ਸੁਣਾਏ।<br>ਗੁਰ ਚੇਲੇ ਕੀ ਸੰਧਿ ਮਿਲਾਏ॥<br>ਦੀਖਿਆ ਦਾਰੂ ਭੋਜਨੁ ਖਾਇ॥<br>ਛਿਅ ਦਰਸਨ ਕੀ ਸੋਝੀ ਪਾਇ॥੪॥੩॥<br>(ਸਾਖੀ ਨੰਬਰ ੪੪) (ਪੱਤਰਾ ੧੭੦) | ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ਵਸਗਤਿ ਪੰਚ ਕਰੇ ਨਹ ਡੋਲੈ ॥<br>ਐਸੀ ਜੁਗਤਿ ਜੋਗ ਕਉ ਪਾਲੇ ॥<br>ਆਪਿ ਤਰੈ ਸਗਲੇ ਕੁਲ ਤਾਰੇ ॥੧॥<br>ਸੋ ਅਉਧੂਤੁ ਐਸੀ ਮਤਿ ਪਾਵੈ ॥<br>ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥<br>ਭਿਖਿਆ ਭਾਇ ਭਗਤਿ ਭੈ ਚਲੈ ॥<br>ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥<br>ਧਿਆਨ ਰੂਪਿ ਹੋਇ ਆਸਣੁ ਪਾਵੈ ॥<br>ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥<br>ਨਾਨਕੁ ਬੋਲੈ ਅੰਮ੍ਰਿਤ ਬਾਣੀ ॥<br>ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥<br>ਆਸਾ ਮਾਹਿ ਨਿਰਾਸੁ ਵਲਾਏ ॥<br>ਨਿਹਚਉ ਨਾਨਕ ਕਰਤੇ ਪਾਏ ॥੩॥<br>ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥<br>ਗੁਰ ਚੇਲੇ ਕੀ ਸੰਧਿ ਮਿਲਾਏ ॥<br>ਦੀਖਿਆ ਦਾਰੂ ਭੋਜਨੁ ਖਾਇ ॥<br>ਛਿਅ ਦਰਸਨ ਕੀ ਸੋਝੀ ਪਾਇ ॥੪॥<br>( ਗੁ.ਗੰ.ਸਾਹਿਬ. ਪੰਨਾ ੮੭੭-੭੮) |
| ਰਾਗੁ ਮਾਰੂ ॥ਮ : ੧॥ ਸਬਦੁ॥<br>ਗੁਸੰਾਈ ਤੇਰਾ ਕਹਾ ਨਾਮੁ ਕੈਸੀ ਜਾਤੀ॥<br>ਚਲਹੁ ਤਾ ਭੀਤਰਿ ਮਹਲਿ ਬੁਲਾਵਹਿ ਪੂਛੀ ਬਾਤਿ ਨਿਰਾਤੀ॥1<br>॥ਰਹਾਉ॥<br>ਜੋਗੀ ਜੁਗਤਿ ਨਾ ਮਨਿ ਰਮਾਇਲੁ ਤਾ ਕਉ ਮੈਲੁ ਨ ਲਾਗੈ ਰਾਤੀ॥<br>ਪ੍ਰੀਤਮੁ ਨਾਮੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥੧॥<br>(ਸਾਖੀ ਨੰਬਰ ੪੫) (ਪੱਤਰਾ ੧੭੨) | ਮਾਰੂ ਮਹਲਾ ੧ ॥<br>ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ ॥<br>ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ ॥੧॥<br>ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥<br>ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ ॥੧॥ਰਹਾਉ॥<br>( ਗੁ.ਗੰ.ਸਾਹਿਬ. ਪੰਨਾ ੯੯੨) |
| ਬ੍ਰਿਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੈ ਪਾਤੀ॥<br>ਏਕੋ ਨਾਮੁ ਏਕੋ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥<br>(ਸਾਖੀ ਨੰਬਰ ੪੫) (ਪੱਤਰਾ ੧੭੩) | ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ॥<br>ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥੨॥<br>( ਗੁ.ਗੰ.ਸਾਹਿਬ. ਪੰਨਾ ੯੯੨) |

| | |
| --- | --- |
| ਜਿਹਬਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥<br>ਏਕੋ ਹਟੁ ਸਾਹੁ ਸਭਨਾ ਸਿਰਿ ਵਣਜਾਰੇ ਬਹੁ ਭਾਤੀ॥੩॥<br>ਦੋਵੈ ਸਿਰੇ ਸਤਿਗੁਰੂ ਨਬੇੜੇ ਸੋ ਬੂਝੈ ਜਿਸੁ ਇਕ ਲਿਵ ਲਗਾਤੀ॥<br>ਸਬਦੁ ਵਸਾਇ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ ॥੪॥<br><br>(ਸਾਖੀ ਨੰਬਰ ੪੫) (ਪੱਤਰਾ ੧੭੩) | ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥<br>ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ॥੩॥<br>ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ ॥<br>ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ ॥੪॥<br>(ਗੁ.ਗੰ.ਸਾਹਿਬ. ਪੰਨਾ ੯੯੨) |
| ਊਪਰਿ ਗਗਨੁ ਗਗਨੁ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥<br>ਗੁਰ ਪਰਸਾਦਿ ਬਾਹਰਿ ਘਰੁ ਇਕੁ ਤਾ ਨਾਨਕੁ ਭਇਆ ਉਦਾਸੀ॥੫॥<br>(ਸਾਖੀ ਨੰਬਰ ੪੫) (ਪੱਤਰਾ ੧੭੩) | ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥<br>ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ ॥੫॥<br>( ਗੁ.ਗੰ.ਸਾਹਿਬ. ਪੰਨਾ ੯੯੨) |
| vwr rwgu mlHwir m:1॥<br>ਗੁਰ ਮਿਲਿਆ ਮਨੁ ਰਹੰਸੀਐ ਜਿਉ ਵੁਠੈ ਧਰਣਿ ਸੀਂਗਾਰੁ॥<br>ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ॥ | ਵਾਰ ਮਲਾਰ ਕੀ ਮਹਲਾ ੧॥ ਸਲੋਕ ਮਹਲਾ ੩ ॥<br>ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ॥<br>ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ॥ |

| | |
|---|---|
| ਅੰਦਰੁ ਰਤਾ ਸਚਿ ਰੰਗਿ ਜਿਉ ਮਜੀਠੈ ਲਾਲੁ॥<br>ਕਵਲੁ ਵਿਗਸੈ ਸਚਿ ਨਾਮਿ ਗੁਰ ਕੈ ਸਬਦਿ ਨਿਹਾਲੁ॥<br>ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲੁ॥<br>ਫਾਹੀ ਫਾਥੈ ਮਿਰਗ ਜਿਉ ਸਿਰਿ ਦਿਸੈ ਜਮਕਾਲੁ॥<br>ਖੁਧਿਆ ਤ੍ਰਿਸਨਾ ਨਿੰਦਿਆ ਬੁਰੀ ਕਾਮੁ ਕ੍ਰੋਧੁ ਬਿਕਰਾਲੁ॥<br>ਏਨੀ ਅੰਖੀ ਨਦਰਿ ਨ ਆਵਈ ਜਿਚਰੁ ਗੁਰੂ ਸਬਦਿ ਨ ਕਰੈ ਵੀਚਾਰੁ॥<br>ਤੁਧੁ ਭਾਵੈ ਸੰਤੋਖੀਆ ਚੁਕੈ ਆਲ ਜੰਜਾਲੁ॥<br>ਮੂਲੁ ਰਹੈ ਗੁਰ ਸੇਵਿਐ ਗੁਰ ਪਉੜੀ ਨਿਜ ਸਾਰੁ॥<br>ਨਾਨਕ ਲਗੀ ਤਤੁ ਲੈ ਤੂ ਸਚਾ ਸਚਿਆਰ॥੧॥<br>ਏਕੋ ਪਾਧਰੁ ਏਕੁ ਦਰੁ ਗੁਰ ਪਉੜੀ ਨਿਜ ਥਾਉ॥<br>ਰੂੜਾ ਠਾਕੁਰੁ ਨਾਨਕਾ ਸਭੁ ਸੁਖ ਹਰਿ ਕੈ ਨਾਉ॥੨॥<br>ਪਉੜੀ॥ ਆਪੀਣੈ ਆਪੁ ਸਾਜਿ ਆਪੁ ਪਛਾਣਿਆ॥<br>ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ॥<br>ਵਿਣੁ ਥੰਮਾ ਗਗਨੁ ਰਹਾਇ ਸਬਦੁ ਨੀਸਾਣਿਆ॥<br>ਸੂਰਜੁ ਚੰਦ ਉਪਾਇ ਜੋਤਿ ਸਮਾਣਿਆ॥<br>ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ॥<br>ਤੀਰਥ ਧਰਮ ਵੀਚਾਰਿ ਨਾਵਣੁ ਪੁਰਬਾਣਿਆ॥<br>ਤੁਧੁ ਸਿਰਿ ਅਵਰੁ ਨ ਕੋਇ ਆਖਿ ਵਖਾਣਿਆ॥<br>ਤੁਧੁ ਸਾਚੈ ਤਖਤਿ ਨਿਵਾਸੁ ਹੋਰਿ ਆਵਣਿ ਜਾਣਿਆ॥੧॥<br>ਸਲੋਕੁ॥ ਨਾਨਕ ਸਵਣ ਜੇ ਵਸੈ ਚਉ ਓਮਾਹਾ ਹੋਇ॥<br>ਨਾਗਾ ਮਿਰਗਾ ਮਛੀਆ ਰਸੀਆ ਘਰਿ ਧਨੁ ਹੋਇ॥੧॥<br>ਨਾਨਕ ਸਾਵਣੁ ਜੇ ਵਸੈ ਚਹੁ ਵਿਛੋੜਾ ਹੋਇ॥<br>ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥੨॥ ਪਉੜੀ॥<br>ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ॥<br>ਬੈਠਾ ਤਾੜੀ ਲਾਇ ਕਵਲੁ ਛਪਿਇਆ॥<br>ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ॥<br>ਨਾ ਤਿਸੁ ਰੂਪੁ ਨ ਰੇਖ ਵਰਨੁ ਸਬਾਇਆ।<br>ਨਾ ਤਿਸੁ ਬਾਪੁ ਨਾ ਮਾਇ ਕਿਨਿ ਤੂ ਜਾਇਆ॥<br>ਨਾ ਤਿਸੁ ਭੁਖ ਪਿਆਸ ਰਜਿ ਅਘਾਇਆ॥<br>ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥<br>ਸਚੇ ਹੀ ਪਤੀਆਇ ਸਚਿ ਸਮਾਇਆ॥੨॥<br>(ਵਾਰ ਸੰਪੂਰਨੁ ਹੋਈ॥ਮਲਾਰ ਕੀ॥੨੭॥)<br>(ਸਾਖੀ ਨੰਬਰ ੪੭) (ਪੱਤਰਾ ੧੮੯ ) | ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ॥<br>ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ ॥<br>ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ ॥<br>ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ ॥<br>ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥<br>ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥<br>ਤੁਧੁ ਭਾਵੈ ਸੰਤੋਖੀਆਂ ਚੁਕੈ ਆਲ ਜੰਜਾਲੁ ॥<br>ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥<br>ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥੧॥ ਮਹਲਾ ੧ ॥<br>ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥<br>ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥੨॥<br>ਪਉੜੀ ॥ ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥<br>ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥<br>ਵਿਣੁ ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ ॥<br>ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥<br>ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥<br>ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥<br>ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥<br>ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥<br>ਸਲੋਕ ਮਃ ੧ ॥ ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥<br>ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥੧॥ ਮਃ ੧ ॥<br>ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥<br>ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ ॥੨॥ ਪਉੜੀ ॥<br>ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥<br>ਬੈਠਾ ਤਾੜੀ ਲਾਇ ਕਵਲੁ ਛਪਾਇਆ ॥<br>ਬ੍ਰਹਮੈ ਵਡ ਕਹਾਇ ਅੰਤੁ ਨ ਪਾਇਆ ॥<br>ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥<br>ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥<br>ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥<br>ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥<br>ਸਚੇ ਹੀ ਪਤੀਆਇ ਸਚਿ ਸਮਾਇਆ॥੨॥<br>(ਸ੍ਰੀ ਗੁ.ਗ੍ਰੰ.ਸਾਹਿਬ ਪੱਤਰਾ ੧੨੮੦) |
| ਰਾਗੁ ਮਾਰੂ॥ਸਬਦੁ॥ਮ:੧॥<br>ਅਰਬਦ ਨਰਬਦ ਧੁੰਧੂਕਾਰਾ॥ ਧਰਨਿ ਗਗਨਿ ਨਹੀ ਹੁਕਮੁ ਅਪਾਰਾ॥<br>ਨਾ ਦਿਨੁ ਰੈਣਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ਹੈ॥<br>ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਿਤ ਨ ਆਵਣ ਜਾਣੀ॥ | ਮਾਰੂ ਮਹਲਾ ੧ ॥<br>ਅਰਬਦ ਨਰਬਦ ਧੁੰਧੂਕਾਰਾ॥ਧਰਣਿ ਨ ਗਗਨਾ ਹੁਕਮੁ ਅਪਾਰਾ ॥<br>ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥<br>ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ |

| | |
|---|---|
| ਖੰਡ ਪਾਤਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ਹੈ॥੨॥<br>ਨਾ ਤਦਿ ਸੁਰਗੁ ਨ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥<br>ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ਹੈ॥੩॥<br>ਬ੍ਰਹਮਾ ਬਿਸਨੁ ਮਹੇਸੁ ਨ ਕੋਈ॥××××<br>ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ਹੈ॥੪॥<br>ਨਾ ਤਦਿ ਜਤੀ ਸਤੀ ਬਨਵਾਸੀ॥ ਨਾ ਤਦਿ ਸਿਧ ਸਾਧਿਕ ਸੁਖਵਾਸੀ॥<br>ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ਹੈ॥੫॥<br>ਜਪ ਤਪ ਸੰਜਮ ਨਾ ਬਰਤੁ ਨ ਪੂਜਾ॥ ਨਾ ਕੋ ਆਖਿ ਵਖਾਣੈ ਦੂਜਾ॥<br>ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ਹੈ॥੬॥<br>ਨਾ ਸੁਚ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੋੁਆਲਾ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋਈ ਵੰਸ ਵਜਾਇਦਾ ਹੈ॥੭॥<br>ਕਰਮ ਧਰਮ ਨਹੀ ਮਾਇਆ ਮਾਖੀ॥ ਜਾਤਿ ਜਨਮੁ ਨਹੀ ਦੀਸੈ ਆਖੀ॥<br>ਮਮਤਾ ਜਾਲੁ ਕਾਲੁ ਨਹੀ ਸਾਥੈ ਨਾ ਕੋ ਕਿਸੈ ਧਿਆਇਦਾ ਹੈ॥੮॥<br>ਨਿੰਦੁ ਨ ਬਿੰਦੁ ਨਹੀ ਜੀਉ ਨ ਜਿੰਦੋ॥ ਨਾ ਤਦਿ ਗੋਰਖੁ ਨਾ ਮਾਛਿੰਦੋ॥<br>ਨਾ ਤਦਿ ਗਿਆਨੁ ਧਿਆਨੁ ਕੁਲ ਉਪਤਿ ਨਾ ਕੋ ਗਣਤਿ ਗਣਾਇਦਾ ਹੈ॥੯॥<br>ਵਰਨੁ ਭੇਖੁ ਨਹੀ ਬ੍ਰਹਮਣੁ ਖਤ੍ਰੀ॥ ਦੇਉ ਨ ਦੇਹਰਾ ਗਊ ਗਾਇਤ੍ਰੀ॥<br>ਹੋਮ ਜਗ ਨਹੀ ਤੀਰਥ ਨਾਵਣੁ ਨਾਕੋ ਪੂਜਾ ਲਾਇਦਾ ਹੈ॥੧੦॥<br>ਨਾ ਕੋ ਮੁਲੰਾ ਨਾ ਕੋ ਕਾਜੀ॥ ਨਾ ਕੋ ਸੇਖੁ ਮਸਾਇਕੁ ਹਾਜੀ॥<br>ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ॥੧੧॥<br>ਭਾਉ ਨ ਭਗਤੀ ਨਾ ਸਿਵ ਸਕਤੀ ਸਾਜਨੁ ਮੀਤ ਬਿੰਦੁ ਨਹੀ ਰਕਤੀ॥<br>ਆਪੇ ਸਾਹੁ ਆਪੇ ਵਣਜਾਰਾ ਸਾਚੇ ਏਵੈ ਭਾਇਦਾ ਹੈ॥੧੨॥<br>ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ਪਾਠ ਪੁਰਾਣੁ ਉਦੈ ਨਹੀ ਆਸਤ॥<br>ਕਥਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ਹੈ॥੧੩॥<br>ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ਬਾਝੁ ਕਲਾ ਅਡਾਣੁ ਰਹਾਇਆ॥<br>ਬ੍ਰਹੰਮਾ ਬਿਸਨੁ ਮਹੇਸੁ ਉਪਾਇਆ ਮਾਇਆ ਮੋਹੁ ਵਧਾਇਦਾ ਹੈ॥੧੪॥<br>ਵਿਰਲੇ ਕਉ ਗੁਰ ਸਬਦੁ ਸੁਣਾਇਆ ਕਰਿ ਕਰਿ ਦੇਖੈ ਹੁਕਮੁ ਸਵਾਇਆ॥<br>ਖੰਡ ਬ੍ਰਹਮੰਡ ਪਤਲ ਅੰਰੰਭੇ ਗੁਪਤਹੁ ਪ੍ਰਗਟੀ ਆਇਦਾ ਹੈ॥੧੫॥<br>ਤਾਕਾ ਅੰਤੁ ਨ ਜਾਣੈ ਕੋਈ॥ ਪੂਰੇ ਗੁਰ ਤੈ ਸੋਝੀ ਹੋਈ॥<br>ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣੁ ਗਾਇਦਾ ਹੈ॥੧੬॥<br>(ਸਾਖੀ ਨੰਬਰ ੪੭) (ਪੱਤਰਾ ੧੯੧) | ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥<br>ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ॥<br>ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥<br><br>ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ਅਵਰੁ ਨ ਦੀਸੈ ਏਕੋ ਸੋਈ ॥<br>ਨਾਰਿਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥<br>ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥<br>ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥<br>ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥<br>ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥<br>ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੋੁਆਲਾ ॥<br>ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥<br>ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥<br>ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥<br>ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨਾ ਮਾਛਿੰਦੋ ॥<br>ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੯॥<br>ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥<br>ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥<br>ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥<br>ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥<br>ਭਾਉ ਨ ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥<br>ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥<br>ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥<br>ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥<br>ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥<br>ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥<br>ਵਿਰਲੇ ਕਉ ਗੁਰਿ ਸਬਦੁ ਸੁਣਾਇਆ ਕਰਿ ਕਰਿ ਦੇਖੈ ਹੁਕਮੁ ਸਬਾਇਆ<br>ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥<br>ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥<br>ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥ |
| ਸਲੋਕੁ॥<br>ਸਹੰਸਰ ਭਗ ਦੇ ਇੰਦ੍ਰ ਰੋਵਾਇਆ॥ ਰੁਨਾ ਪਰਸ ਰਾਮੁ ਘਰਿ ਆਇਆ॥<br>ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥<br>ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥<br>ਰੋਵੈ ਦਹਸਿਰੁ ਲੰਕ ਲੁਟਾਇ॥ ਜਿਨਿ ਸੀਤਾ ਆਦੀ ਡਉਰੁ ਵਾਇ॥ | ਸਲੋਕੁ ਮਃ ੧ ॥<br>ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ॥<br>ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥<br>ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥<br>ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੁ ਵਾਇ ॥ |

| | |
|---|---|
| ਰੋਵਨਿ ਪੰਡੋ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਜੂਰਿ॥<br>ਰੋਵੈ ਜਨਮੇਜਾ ਨਾਮ ਨ ਉਸ ਕਹਿਆ॥ਏਕੈ ਕਾਰਣਿ ਪਾਪੀ ਭਇਆ॥<br>ਰੋਵਹਿ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤਿ ਲਾਗੈ ਭੀੜ॥<br>ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਭੀਖਿਆ ਮਗਣਿ ਜਾਹੈ॥<br>ਰੋਵਹਿ ਕਿਰਪਨ ਸੰਚਿ ਧਨੁ ਜਾਇ॥<br>ਪੰਡਿਤ ਰੋਵਹਿ ਗਿਆਨੁ ਗਵਾਇ॥<br>ਬਾਲੀ ਰੋਵੈ ਜਿਸੁ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥<br>ਮੰਨੈ ਨਾਮੁ ਸੋਈ ਜਿਣਿ ਜਾਇ॥ ਅਵਰ ਕਰਮ ਨ ਲੇਖੈ ਪਾਇ॥੧॥<br>(ਸਾਖੀ ਨੰਬਰ ੪੭) (ਪੱਤਰਾ ੧੯੩ ) | ਰੋਵਹਿ ਪਾਂਡਵ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਦੂਰਿ ॥<br>ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥<br>ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥<br>ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ॥<br>ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥<br>ਪੰਡਿਤ ਰੋਵਹਿ ਗਿਆਨੁ ਗਵਾਇ ॥<br>ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥<br>ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥<br>(ਗੁ. ਗ੍ਰੰ. ਸਾ.) |
| ਸਲੋਕੁ॥<br>ਸੋ ਗਿਰਹੀ ਜੋ ਨਿਗਰਹੁ ਕਰੈ॥ ਜਪ ਤਪ ਸੰਜਮ ਕੀ ਭਿਖਿਆ ਕਰੈ॥<br>ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥<br>ਬੋਲੈ ਈਸਰੁ ਸਤਿ ਸਰੂਪ॥ ਪਰਮ ਤਤ ਮਹਿ ਰੇਖ ਨ ਰੂਪੁ॥੧॥<br>(ਸਾਖੀ ਨੰਬਰ ੪੮) (ਪੱਤਰਾ ੧੯੪) | ਮਃ ੧ ॥<br>ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥<br>ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥<br>ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੨॥<br>(ਗੁ. ਗ੍ਰੰ. ਸਾ.) |
| ਸਲੋਕੁ॥<br>ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ॥<br>ਕੰਨ ਫੜਾਇ ਕਿਉ ਖਾਈਐ ਭੁਗਤਿ॥<br>ਆਸਤਿ ਨਾਸਤਿ ਇਕੋ ਨਾਉ॥<br>ਕਉਣੁ ਸੁ ਅਖਰੁ ਜਿਤੁ ਰਹੈ ਹਿਆਉ॥<br>ਧੁਪ ਛਾਉ ਜੋ ਸਮ ਕਰਿ ਸਹੈ॥ ਕਹੈ ਨਾਨਕੁ ਗੋਰਖ ਕਉ ਕਹੈ॥<br>ਛਿਅ ਵਿਰਤਾਰੇ ਵਰਤੇ ਪੂਤਾ॥<br>ਨਾ ਸੰਸਾਰੀ ਨਾ ਅਵਧੂਤਾ॥ ਨਿਰੰਕਾਰ ਜੋ ਰਹੈ ਸਮਾਇ॥<br>ਤਉ ਕਾਹੈ ਭੀਖਿਆ ਮੰਗਣਿ ਜਾਇ॥<br>ਬੋਲੈ ਨਾਨਕ ਸਤਿ ਸਰੂਪ॥ ਪਰਮਤਤ ਮਹਿ ਰੇਖ ਨ ਰੂਪ॥<br>(ਸਾਖੀ ਨੰਬਰ ੪੮) (ਪੱਤਰਾ ੧੯੫) | ਮਃ ੧ ॥<br>ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥<br>ਕੰਨ ਪੜਾਇ ਕਿਆ ਖਾਜੈ ਭੁਗਤਿ ॥<br>ਆਸਤਿ ਨਾਸਤਿ ਏਕੋ ਨਾਉ ॥<br>ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥<br>ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥<br>ਛਿਅ ਵਰਤਾਰੇ ਵਰਤਹਿ ਪੂਤ ॥<br>ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰਿ ਜੋ ਰਹੈ ਸਮਾਇ ॥<br>ਕਾਹੇ ਭੀਖਿਆ ਮੰਗਣਿ ਜਾਇ ॥੭॥<br>(ਗੁ. ਗ੍ਰੰ. ਸਾ.੯੫੩) |
| ਸਲੋਕੁ॥<br>ਸੋ ਉਦਾਸੀ ਜੋ ਰਹੈ ਉਦਾਸੁ॥ ਅਰਧਿਉਰਧਿ ਨਿਰੰਤਰਿ ਵਾਸੁ॥<br>ਚੰਦ ਸੂਰਜ ਕੀ ਪਾਵੈ ਗੰਢਿ॥ ਤਿਸੁ ਉਦਾਸੀ ਕਾ ਪੜੈ ਨ ਕੰਧੁ॥<br>ਬੋਲੈ ਗੋਪੀ ਚੰਦੁ ਸਤਿ ਸਰੂਪੁ॥ ਪਰਮਤਤ ਮਹਿ ਰੇਖ ਨ ਰੂਪ॥੧॥<br>(ਸਾਖੀ ਨੰਬਰ ੪੮) (ਪੱਤਰਾ ੧੯੬) | ਮਃ ੧ ॥<br>ਸੋ ਉਦਾਸੀ ਜਿ ਪਾਲੇ ਉਦਾਸੁ ॥ਅਰਧ ਉਰਧ ਕਰੇ ਨਿਰੰਜਨ ਵਾਸੁ ਚੰਦ<br>ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ ਕਾ ਪੜੈ ਨ ਕੰਧੁ ॥<br>ਬੋਲੈ ਗੋਪੀ ਚੰਦੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੪॥<br>(ਗੁ. ਗ੍ਰੰ. ਸਾ.੯੫੨) |
| ਸਲੋਕੁ॥<br>ਅਉਧੂ ਸੋ ਜੋ ਧੂਪੈ ਆਪੁ ਭਿਖਿਆ ਭੋਜਨੁ ਕਰੈ ਸੰਤਾਪੁ॥<br>ਹਾਟ ਪਟਣ ਕੀ ਭੀਖਿਆ ਖਾਇ॥ ਸੋ ਅਉਧੂ ਸਿਵ ਉਪੁਰਿ ਜਾਇ॥<br>ਬੋਲੈ ਗੋਰਖੁ ਨਾਥੁ ਸਤਿ ਸਰੂਪੁ॥ ਪਰਮਿਤਤਿ ਮਹਿ ਰੇਖ ਨ ਰੂਪੁ॥੧੦॥<br>(ਸਾਖੀ ਨੰਬਰ ੪੮) (ਪੱਤਰਾ ੧੯੭) | ॥ ਮਃ ੧ ॥<br>ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥<br>ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵ ਪੁਰਿ ਚੜੈ ॥<br>ਬੋਲੈ ਗੋਰਖੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੩॥<br>(ਗੁ. ਗ੍ਰੰ. ਸਾ.) |

| | |
|---|---|
| ਸਲੋਕੁ॥ ਸੋ ਪਖੰਡੀ ਜੋ ਕਾਇਆ ਪਖਾਲੈ॥<br>ਕੰਇਆ ਕੀ ਅਗਨਿ ਬ੍ਰਹਮ ਪਰੁ ਜਾਲੇ॥<br>ਸੁਪਨੈ ਬਿੰਦੁ ਨ ਦੇਈ ਝਰਨਾ॥ਤਿਸੁ ਪਾਖੰਡੀ ਕਾ ਜਰਾ ਨ ਮਰਨਾ॥<br>ਬੋਲੈ ਚਰਪਟ ਸਤਿ ਸਰੂਪ ॥ ਪਰਮਤਤ ਮਹਿ ਰੇਖ ਨ ਰੁਪੁ॥<br>(ਸਾਖੀ ਨੰਬਰ ੪੮) (ਪੱਤਰਾ ੧੯੮) | ਮਃ ੧ ॥ ਸੋ ਪਾਖੰਡੀ ਜਿ ਕਾਇਆ ਪਖਾਲੇ ॥<br>ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥<br>ਸੁਪਨੈ ਬਿੰਦੁ ਨ ਦੇਈ ਝਰਣਾ ॥ ਤਿਸੁ ਪਾਖੰਡੀ ਜਰਾ ਨ ਮਰਣਾ ॥<br>ਬੋਲੈ ਚਰਪਟੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੫॥<br>(ਗੁ.ਗ੍ਰੰ.ਸਾ.੯੫੨-੫੩) |
| ਸਲੋਕੁ॥ ਸੋ ਬੈਰਾਗੀ ਜੋ ਉਲਟੇ ਬ੍ਰਹਮੁ॥ਨਭਿਕ ਵਲ ਮਹਿ ਰੋਪੈ ਥੰਮ॥<br>ਅਹਿਨਿਸਿ ਅਤਰਿ ਰਹੈ ਧਿਆਨਿ ॥ਸੋ ਬੈਰਾਗੀ ਸਤ ਸਮਾਨਿ॥<br>ਬੋਲੈ ਭਰਥਰੀ ਸਤਿ ਸਰੂਪ ॥ ਪਰਮਤਤ ਮਹਿ ਰੇਖ ਨ ਰੂਪ ॥<br>(ਸਾਖੀ ਨੰਬਰ ੪੮) (ਪੱਤਰਾ ੨੦੦) | ਮਃ ੧ ॥ ਸੋ ਬੈਰਾਗੀ ਜਿ ਉਲਟੇ ਬ੍ਰਹਮੁ॥ਗਗਨ ਮੰਡਲ ਮਹਿ ਰੋਪੈ ਥੰਮੁ॥<br>ਅਹਿਨਿਸਿ ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ ਸਤ ਸਮਾਨਿ ॥<br>ਬੋਲੈ ਭਰਥਰਿ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੬॥<br>( ਗੁ.ਗ੍ਰੰ.ਸਾ.੯੫੩) |
| ਸਬਦੁ॥ਰਾਗੁ ਆਸਾ ਮ:੧॥<br>ਗੁਰ ਕਾ ਸਬਦੁ ਮਨੇ ਮਹਿ ਮੁਦ੍ਰਾ ਖਿੰਥਾ ਖਿਮਾ ਹਢਾਵਉ॥<br>ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜਿ ਜੋਗ ਨਿਧਿ ਪਾਵਉ॥੧॥<br>ਬਾਬਾ ਜੁਗਤਾ ਜੀਉ ਜੁਗੋ ਜੁਗ ਜੋਗੀ ਪਰਮ ਤਤ ਮਹਿ ਜਗੰ॥<br>ਅੰਮ੍ਰਿਤ ਨਾਮੁ ਨਿਰੰਜਨੁ ਪਾਇਆ ਗਿਆਨੁ ਕਾਇਆ ਰਸ ਭੋਗੰ॥॥ਰਹਾਓ॥<br>ਪਤੁ ਬੀਚਰ ਗਿਆਨੁ ਮਤਿ ਡਿੰਡਾ ਵਰਤਿਮਾਨ ਬਿਭੂਤੰ॥<br>ਹਰਿ ਕੀਰਤਿਨ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ॥<br>ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥<br>ਸਿੰਙੀ ਸਬਦੁ ਸਦਾ ਧੁਨਿ ਉਪਜੈ ਅਹਿਨਿਸ ਪੂਰੈ ਨਾਦੰ॥<br>ਸਗਲੀ ਜੋਤਿ ਤੁਮਾਰੀ ਸਮਿਆ ਨਾਨਾ ਵਰਨ ਅਨੇਕੰ॥<br>ਕਹੈ ਨਾਨਕ ਸੁਣਿ ਭਰਥਰ ਜੋਗੀ ਪਾਰਬ੍ਰਹਮ ਲਿਵ ਇਕੰ॥੪॥<br>(ਸਾਖੀ ਨੰਬਰ ੪੮) (ਪੱਤਰਾ ੨੦੨) | ਆਸਾ ਮਹਲਾ ੧ ॥<br>ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥<br>ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥<br>ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥<br>ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸਭੋਗੰ॥੧॥ਰਹਾਉ<br>ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥<br>ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥<br>ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥<br>ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥<br>ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥<br>ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ<br>॥੪॥(ਗੁ.ਗ੍ਰੰ.ਸਾ.੩੫੯-੩੬੦) |
| ਰਾਗੁ ਆਸਾ ਸਬਦੁ ਮ : ੧॥<br>ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥<br>ਭਠੀ ਭਉ ਪ੍ਰੇਮ ਕਾ ਪੋਚਾ ਇਤੁ ਬਿਧਿ ਅਮੀ ਚੁਆਈਐ॥੧॥<br>ਬਾਬਾ ਮਨੁ ਮਤਵਾਲਾ ਨਾਮੁ ਰਸੁ ਪੀਵੈ ਸਹਿਜਿ ਰੰਗਿ ਰਚਿ ਰਹਿਆ॥<br>ਅਹਿਨਿਸ ਬਨੀ ਪ੍ਰੇਮ ਲਿਵਲਾਗੀ ਸਬਦੁ ਅਨਾਹਦ ਗਹਿਆ॥ਰਹਾਓ॥<br>ਸਾਚਾ ਆਪਿ ਪਿਆਲਾ ਸੁਚਾ ਤਿਸ ਪੀਆਵੈ ਜਿਸੁ ਨਦਰਿ ਕਰੇ॥<br>ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਹੋਛੈ ਭਾਉ ਧਰੇ॥<br>ਗੁਰ ਕੀ ਸਾਖੀ ਅਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥<br>ਦਰ ਦਰਸਨ ਕਾ ਸੇਵਕੁ ਹੋਵੈ ਮੁਕਤਿ ਬੈਕੁਠੀ ਕਰੈ ਕਿਆ॥<br>ਸਿਫਤੀ ਰਾਤਾ ਸਦ ਬੈਰਾਗੀ ਜੂਐ ਜਨਮੁ ਨਾ ਹਾਰੇ॥<br>ਕਹੈ ਨਾਨਕ ਸੁਣਿ ਭਰਥਰ ਜੋਗੀ ਖੀਵਾ ਅਮ੍ਰਿਤ ਧਾਰੇ॥੪॥<br>(ਸਾਖੀ ਨੰਬਰ ੪੮) (ਪੱਤਰਾ ੨੦੩) | ਆਸਾ ਮਹਲਾ ੧ ॥<br>ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥<br>ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥<br>ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥<br>ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦਗਹਿਆ॥੧॥ਰਹਾਉ॥<br>ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ<br>ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥<br>ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥<br>ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥<br>ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥<br>ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥<br>( ਗੁ.ਗ੍ਰੰ.ਸਾ.ਪੰਨਾ-੩੬੦) |
| ਸਬਦੁ॥ ਰਾਗੁਤਿਲੰਗ ਮ:੧॥<br>ਭਉ ਤੇਰਾ ਭੰਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥<br>ਕਰਿ ਕਾਸਾ ਦਰਸਨ ਕੀ ਭੂਖ॥ ਮੈ ਦਰਿ ਮਾਗਉ ਨੀਤਾ ਨੀਤ॥੧॥<br>ਤਉ ਦਰਸਨ ਕੀ ਕਰਉ ਸਮਾਇ॥ ਮੈ ਦੇਰਿ ਮਾਗਉ ਭੀਖਿਆ ਪਾਇ॥ | ਤਿਲੰਗ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ ॥<br>ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ਮੈ ਦੇਵਾਨਾ ਭਇਆ ਅਤੀਤੁ ॥<br>ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥<br>ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆਪਾਇ॥੧॥ |

| | |
|---|---|
| ਰਹਾਓ॥<br>ਕੇਸਰ ਕੁਸਮ ਮਿਰਗ ਮਹਿ ਹਰਣਾ ਸਰਬ ਸਿਗੀਰੀ ਚਰਣਾ॥੨॥<br>ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥੩॥<br>ਘਿਆ ਪਟਿ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥<br>ਤੇਰੈ ਨਾਮਿ ਨਵੇ ਰਹੈ ਲਿਵ ਲਾਇ॥ ਨਾਨਕ ਤਿਨ ਦਰਿ ਭੀਖਿਆ ਪਾਇ॥੪॥<br>(ਸਾਖੀ ਨੰਬਰ ੪੯) (ਪੱਤਰਾ ੨੦੪) | ਰਹਾਉ ॥<br>ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥<br>ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥<br>ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥<br>ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥੩॥<br>( ਗੁ.ਗ੍ਰੰ.ਸਾ.ਪੰਨਾ ੭੨੧) |
| ਰਾਗੁ ਤਿਲੰਗ ਵਿਚਿ॥ ਮ :੧॥ਸਬਦੁ॥<br>ਬੰਦੇ ਚਸਮ ਦੀਦੰ ਮਫਨਾਇ॥<br>ਦੁਨੀਆ ਮੁਰਦਾਰ ਖੁਰਦਨੀ ਗਫਲ ਹਵਾਇ॥੧॥<br>ਖਾਕ ਨੂਰ ਕਰਦੰਮ ਆਲਮ ਦੁਨੀਆਇ॥<br>ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥॥੧॥<br>ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ॥<br>ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ॥੨॥<br>ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ॥<br>ਜਬ ਅਜਰਾਈਲੁ ਬਸਤਨੀ ਤਬ ਚਿਕਾਰੇ ਬਿਦਾਇ॥੩॥<br>ਹਵਾਲ ਮਾਲੂਮੁ ਕਰਦੰ ਪਾਕ ਅਲਾਹ॥<br>ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹਾ॥੪॥<br>(ਸਾਖੀ ਨੰਬਰ ੪੯) (ਪੱਤਰਾ ੨੦੫) | ਤਿਲੰਗ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥<br>ਖਾਕ ਨੂਰ ਕਰਦੰ ਆਲਮ ਦੁਨੀਆਇ ॥<br>ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥੧॥<br>ਬੰਦੇ ਚਸਮ ਦੀਦੰ ਫਨਾਇ ॥<br>ਦੁਨੰੀਆ ਮੁਰਦਾਰ ਖੁਰਦਨੀ ਗਾਫਲ ਹਵਾਇ ॥ ਰਹਾਉ ॥<br>ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥<br>ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥੨॥<br>ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥<br>ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ ॥੩॥<br>ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥<br>ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥੪॥<br>( ਗੁ.ਗ੍ਰੰ.ਸਾ.ਪੰਨਾ-੭੨੩) |
| ਰਾਗੁ ਤਿਲੰਗ ਵਿਚਿ ਮ :॥੧॥ ਸਬਦੁ॥<br>ਬੇਦ ਕਤੇਬ ਹਿਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥<br>ਟੁਕੁ ਦਮੁ ਕਰਾਰੀ ਜੇ ਕਰਹੁ ਤਉ ਹਜੂਰ ਖੁਦਾਇ ॥੧॥<br>ਬੰਦੇ ਖੋਜੁ ਦਿਲ ਹਰ ਰੋਜ ਨ ਫਿਰੁ ਪਰੇਸਾਨੀ ਮਾਹਿ॥<br>ਇਹ ਜਿ ਦੁਨੀਆ ਸਿ ਹੋਰ ਮੇਲਾ ਦਸਤਗੀਰੀ ਨਾਹਿ॥॥ਰਹਾਉ॥<br>ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਦਿ ਬਕਾਹਿ॥<br>ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ॥੨॥<br>ਅਸਮਾਨ ਮਿਆਨੇ ਲਹੰਗ ਦਰੀਆਉ ਗੁਸਲ ਕਰਦਨ ਬੂਦ॥<br>ਕਰਿ ਫਕਰੁ ਦਾਇਮ ਲਾਇ ਚਸਮੇ ਜਹਾ ਤਹਾ ਮਉਜੂਦ॥੩॥<br>ਅਲਹ ਪਕੀਂ ਪਕ ਹੈ ਸੰਕ ਕਰਉ ਜੇ ਦੂਸਰ ਹੋਇ॥<br>ਕਰਮ ਕਰੀਮ ਕਾ ਉਹੁ ਕਰੈ ਨਾਨਕ ਜਾਣੈ ਸੋਇ॥੪॥<br>(ਸਾਖੀ ਨੰਬਰ ੪੯) (ਪੱਤਰਾ ੨੧੨) | ਤਿਲੰਗ ਬਾਣੀ ਭਗਤਾ ਕੀ ਕਬੀਰ ਜੀ । ੧ੴ ਸਤਿਗੁਰ ਪ੍ਰਸਾਦਿ ॥<br>ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥<br>ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥੧॥<br>ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥<br>ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥੧॥ ਰਹਾਉ ॥<br>ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥<br>ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥੨॥<br>ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥<br>ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥੩॥<br>ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥<br>ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥੪॥<br>(ਗੁ.ਗ੍ਰੰ.ਸਾ.ਪੰਨਾ-੭੨੭) |
| ਸਲੋਕੁ॥<br>ਹਜਰਤਿ ਜੋ ਫੁਰਮਾਇਆ ਫਤਵਾ ਮੰਝਿ ਕਿਤਾਬ॥<br>ਬੇਨਿਮਾਜਾਤੇ ਸਗਭਲੇ ਜੋ ਰਾਤੀ ਰਹਨਸੁ ਜਾਗ॥<br>ਦਿਤੀ ਬਾਂਗ ਨ ਜਾਗਨੀ ਸੁਤੇ ਰਹੇ ਨਿਭਾਗ॥<br>ਹਡ ਪਲੀਤੀ ਤਿਨ ਕੇ ਮੂਰਖ ਨਾ ਲਿਜ ਨਾ ਭਾਗ॥<br>ਸੁੰਨਤਿ ਫਰਜੁ ਨਾ ਮੰਨਨੀ ਨ ਮੰਨਨੀ ਉਮਰੁ ਕਿਤਾਬ॥ | ਮਃ ੧ ॥<br>ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥<br>ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥<br>ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥<br>ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥<br>ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ |

| | |
|---|---|
| ਦੋਜਕ ਅੰਦਰਿ ਮਾੜੀਅਨਿ ਜਿ ਸੀਖੀ ਚਾੜਿ ਕਬਾਬੁ॥<br>ਘਣੀ ਖੁਆਰੀ ਤਿਨ ਕਉ ਜੋ ਪੀਂਦੇ ਭੰਗ ਸਰਾਬ॥<br>ਸੂੰਅਰੁ ਸਰੈ ਮਨਾਹ ਹੈ ਬੋਜਾ ਭਗਨੀ ਨਾਹਿ॥<br>ਜਾਣਨਿ ਮਤੈ ਨਫਸ ਕੈ ਦੁਖੁ ਘਣਾ ਸਹਸੀ ਰੁਵਾਹ॥<br>ਰੋਜ ਕਿਆਮਤਿ ਦਿਨਸ ਕਉ ਪਉਸੀਹਹੁ ਲਕੁ ਲਵਾਨ॥<br>ਤਿਤੁ ਦਿਨਿ ਪਰਬਤ ਉਡਸਨਿ ਪਿੜੇ ਜਿਵੈ ਕਪਾਹ॥<br>ਕਾਜੀ ਹੋਰੁ ਨ ਬਹਸੀਉ ਬਹਸੀ ਆਪਿ ਇਲਾਹੁ॥<br>ਹਕੁ ਹੁਹੀਸਭ ਨਿਬਹਸੀ ਲੋਹੇ ਬਾਲੀ ਦਰਗਾਹ॥<br>ਤਿਲਬਾ ਪਉਸਨਿ ਆਕੀਆ ਕੀਤੇ ਜਿਨਾ ਗੁਨਾਹਿ॥<br>ਦੋਜਕਿ ਬੰਧਿ ਚਲਾਈਅਹਿ ਗਲਿ ਤਬਕ ਮੂਹੁ ਸਿਆਹਿ॥<br>ਅਮਲਾ ਵਾਲੇ ਤਿਤੁ ਦਿਨਿ ਹੋਸਨਿ ਬੇਪਰਵਾਹਿ॥<br>ਸੇਈ ਛੁਟੇ ਨਾਨਕਾ ਹਜਰਤ ਜਿਨਾ ਪਨਾਹ॥<br>(ਸਾਖੀ ਨੰਬਰ ੪੯) (ਪੱਤਰਾ ੨੧੩) | ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥<br>(ਗੁ.ਗ੍ਰੰ.ਸਾ.ਪੰਨਾ-੯੫੩) |
| ਰਾਗ ਤਿਲੰਗ ਮ : ੧॥ ਸਬਦੁ॥<br>ਯਕ ਅਰਜ ਗੁਫਤੰਮ ਪੇਸਿ ਤੋਂ ਦਰ ਗੋਸ ਕੁਨ ਕਰਤਾਰ॥<br>ਹਕਾ ਕਬੀਰ ਕਰੀਮ ਤੂੰ ਬੇਐਬ ਪਰਵਰਦਿਗਾਰ॥੧॥<br>ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥<br>ਮਮ ਸਰ ਮੂਇ ਅਜਰਾਈਲਗਿਰਫਤੰਮ ਦਿਲ ਹੇਚ ਨਿਦਾਨੀ॥੧॥<br>ਰਹਾਉ॥<br>ਜਨ ਪਿਸਰ ਪਦਰ ਬਿਰਦਰਾ ਕਸ ਨੇਸ ਦਸਤਗੀਰ॥<br>ਆਖਿਰ ਬਿਅਫਤੁਮ ਕਸ ਨਦ ਚੂੰ ਸਵਦਤ ਕਬੀਰ॥੨॥<br>ਸਬ ਰੋਜ ਗਸਤਮ ਦਰ ਹਵ ਕਰਦੇ ਮਬਦੀ ਖਿਆਲ॥<br>ਗਾਹੇ ਨ ਨੇਕੀ ਕਾਰ ਕਰਨਿਮਨ ਈ ਚੁਨੀਆ ਹਵਾਲ ॥੩॥<br>ਬਦਬਖਤ ਹਮ ਚੁ ਬਖੀਲ ਗਾਫਲ ਬੇਨਜਰਿ ਬੇਪਾਕ॥<br>ਨਾਨਕ ਬੁਗੋਹ ਜਦ ਜਨ ਤਰਾ ਤੇਰੇ ਚਾਕਰਾ ਪਾਇ ਖਾਕ॥੪॥<br>(ਸਾਖੀ ਨੰਬਰ ੪੯) (ਪੱਤਰਾ ੨੧੩) | ਰਾਗੁ ਤਿਲੰਗ ਮਹਲਾ ੧ ਘਰੁ ੧<br>ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾ॥<br>ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥<br>ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥<br>ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥<br>ਰਹਾਉ ॥<br>ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥<br>ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥<br>ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥<br>ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥<br>ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥<br>ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥<br>( ਗੁ.ਗ੍ਰੰ.ਸਾ.ਪੰਨਾ-੭੨੧) |
| ਗੋਸਟਿ ਮਹਲਾ ੧ ਰਾਗ ਰਾਮਕਲੀ ਸਿਧਿ ਗੋਸਟਿ ।<br>ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ॥<br>ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ॥<br>ਮਸਤਕੁ ਕਾਟਿ ਧਰੀ ਆਗੈ ਤਨੁ ਮਨੁ ਆਗੈ ਦੇਉ॥<br>ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜਿ ਭਾਇ ਜਸੁ ਲੇਉ॥੧॥<br>ਕਿਆ ਭਵੀਐ ਸਚਿ ਸੂਚਾ ਹੋਇ॥<br>ਸਾਚ ਸਬਦੁ ਬਿਨੁ ਮੁਕਤਿ ਨਾ ਕੋਇ॥ਰਹਾਉ॥<br>ਕਵਨ ਤੁਮੈ ਕਿਆ ਨਾਉ ਤੁਮਾਰਾ॥<br>ਕਵਨ ਮਾਰਗੁ ਕਵਨ ਸੁਆਉ॥<br>ਸਾਚੁ ਕਾਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਉ॥<br>ਕਹ ਬੈਸਹੁ ਕਹ ਰਹੀਐ ਬਾਲੈ ਕਹਾ ਆਵਹੁ ਕਹ ਜਾਹੋ॥ | ਰਾਮਕਲੀ ਮਹਲਾ ੧ ਸਿਧ ਗੋਸਟਿ ੴ ਸਤਿਗੁਰ ਪ੍ਰਸਾਦਿ ॥<br>ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥<br>ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥<br>ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥<br>ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥੧॥<br>ਕਿਆ ਭਵੀਐ ਸਚਿ ਸੂਚਾ ਹੋਇ ॥<br>ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ ਰਹਾਉ ॥<br>ਕਵਨ ਤੁਮੇ ਕਿਆ ਨਾਉ ਤੁਮਾਰਾ<br>ਕਉਨੁ ਮਾਰਗੁ ਕਉਨੁ ਸੁਆਓ ॥<br>ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ॥<br>ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥ |

| | |
|---|---|
| ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥੨॥<br>ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ॥<br>ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ॥<br>ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ॥<br>ਗੁਰਮੁਖਿ ਬੂਝੈ ਆਪਿ ਪਛਾਣੇ ਸਾਚੇ ਸਚਿ ਸਮਾਏ॥੩॥<br>ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥<br>ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਵੀਚਾਰੋ॥<br>ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ॥<br>ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥੪॥<br>ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੀਸਾਣੇ॥<br>ਸੁਰਤਿ ਸਬਦੁ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥<br>ਰਹਿਹ ਇਕੰਤਿ ਇਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥<br>ਅਗਮੁ ਅਗੋਚਰੁ ਦੇਖਿ ਦਿਖਿਏ ਨਾਨਕੁ ਤਾਕਾ ਦਾਸੋ॥<br>(ਪਉੜੀਆ੭੩)<br>(ਸਾਖੀ ਨੰਬਰ ੫੦) (ਪੱਤਰਾ ੨੧੫) | ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥<br>ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥<br>ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥<br>ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥<br>ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥੩॥<br>ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥<br>ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥<br>ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥<br>ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥੪॥<br>ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥<br>ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥<br>ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥<br>ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥<br>( ਗੁ.ਗ੍ਰੰ.ਸਾ.ਪੰਨਾ-੯੩੮) |
| ਸਲੋਕੁ॥<br>ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ॥<br>ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕਿ ਚਲਾਈ॥<br>ਧਰਿ ਤਰਾਜੂ ਅੰਬਰੁ ਤੋਲੀ ਪਿਛੈ ਟੰਕੁ ਚੜਾਈ॥<br>ਏਵਾਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ॥<br>ਜੇਤਾ ਤਾਣੁ ਹੋਵੈ ਮਾਨਿ ਅੰਦਰਿ ਕਰੀ ਭਿ ਆਖਿ ਕਰਾਈ॥<br>ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥<br>ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥੧॥<br>ਨਾਨਕ ਕਰਾਮਾਤੀ ਮੁਹਿ ਕਾਲੇ ਸਚਿ ਨਾਮਿ ਵਡਿਆਈ॥<br>(ਸਾਖੀ ਨੰਬਰ ੫੦) (ਪੱਤਰਾ ੨੧੬) | ਸਲੋਕੁ ਮਃ ੧ ॥<br>ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥<br>ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ॥<br>ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥<br>ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥<br>ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥<br>ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥<br>ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥੧॥<br>( ਗੁ.ਗ੍ਰੰ.ਸਾ.ਪੰਨਾ-੧੪੭) |
| ਰਾਗ ਗਉੜੀ ਅਸਟਪਦੀ ਮ : ੧॥ ਸਬਦੁ॥<br>ਕਵਨੁ ਅਸਥਾਨੁ ਜੋ ਕਬਹੁ ਨ ਟਰੈ॥ਕਵਨੁ ਸਬਦੁ ਜਿਤੁ ਦੁਰਮਤਿ ਹਿਰੈ॥ਰਹਾਉ॥<br>ਪ੍ਰਿਥਮੇ ਗਰਭਵਾਸ ਤੇ ਟਰਿਆ॥ ਪੁਤ੍ਰ ਕਲਤ੍ਰ ਕਟੰਬ ਸਿਉ ਜਰਿਆ॥<br>ਭੋਜਨੁ ਅਨੇਕ ਪਰਕਾਰ ਬਹੁ ਕਪਰੇ॥ ਸਰਿਪਰਿ ਗਵਨੁ ਕਰਹੁਗੇ ਬਪੁਰੇ॥੧॥<br>ਇੰਦ੍ਰ ਪੁਰੀ ਮਹਿ ਸਰਿਪਰਿ ਮਰਣਾ॥ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥<br>ਸਿਉ ਪੁਰੀ ਕਾ ਹੋਵੈਗਾ ਕਾਲੋ॥ ਤ੍ਰੈ ਗੁਣ ਆਇਆ ਬਿਨਸੈ ਬੇਤਾਲੋ॥੨॥<br>ਗਿਰਭਰ ਧਰਨ ਗਗਨ ਅਰੁ ਤਾਰੇ॥ ਰਵਿ ਸਸਿ ਪਵਨ ਪਾਵ੍ਰ ਨਿਰਾਰੇ॥<br>ਦਿਨਸੁ ਰੈਣਿ ਬਰਤ ਅਰੁ ਭੇਦਾ॥ ਸਾਸਤ ਸਿੰਮ੍ਰਿਤ ਬਿਨਸਹਿਗੇ ਬੇਦਾ॥੩॥<br>ਤੀਰਥ ਬੇਦੇ ਦੇਹੁਰਾ ਪੋਥੀ॥ ਮਾਲਾ ਤਿਲਕੁ ਸੋਚ ਪਾਕ ਹੋਤੀ॥<br>ਧੋਤੀ ਡੰਡਉਤਿ ਪਰਸਾਦਿ ਅਰ ਭੋਗਾ॥ ਗਵਨੁ ਕਰਹਿਗੇ ਸਗਲੇ ਲੋਗਾ॥੪॥ | ਗਉੜੀ ਮਹਲਾ ੫ ॥<br>ਪ੍ਰਥਮੇ ਗਰਭ ਵਾਸ ਤੇ ਟਰਿਆ ॥ ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ॥<br>ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ ॥ ਸਰਪਰ ਗਵਨੁ ਕਰਹਿਗੇ ਬਪੁਰੇ ॥੧॥<br><br>ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥ ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥੧॥ ਰਹਾਉ ॥<br>ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥<br>ਸਿਵ ਪੁਰੀ ਕਾ ਹੋਇਗਾ ਕਾਲਾ ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥<br>ਗਿਰਿ ਤਰ ਧਰਣਿ ਗਗਨ ਅਰੁ ਤਾਰੇ ॥ ਰਵਿ ਸਸਿ ਪਵਣੁ ਪਾਵਕੁ |

| | |
|---|---|
| ਜਾਤਿ ਬਰਨੁ ਤੁਰਕ ਅਰੁ ਹਿੰਦੂ॥ ਪਸੁ ਪਰੇਤ ਅਨੇਕ ਜੋਨਿ ਜਿੰਦੂ॥<br>ਸਗਲ ਪਸਰਾ ਦੀਸੈ ਪਾਸਾਰਾ॥ ਬਿਨਸ ਜਾਇਗੋ ਸਗਲ ਅਕਰਾ॥੫॥<br>(ਸਾਖੀ ਨੰਬਰ ੫੦) (ਪੱਤਰਾ ੨੧੭) | ਨੀਰਾਰੇ ॥<br>ਦਿਨਸੁ ਰੈਨਿ ਬਰਤ ਅਰੁ ਭੇਦਾ ॥ ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ ॥੩॥<br>ਤੀਰਥ ਦੇਵ ਦੇਹੁਰਾ ਪੋਥੀ ॥ ਮਾਲਾ ਤਿਲਕੁ ਸੋਚ ਪਾਕ ਹੋਤੀ ॥ ਧੋਤੀ ਡੰਡਉਤਿ ਪਰਸਾਦਨ ਭੋਗਾ॥ਗਵਨੁ ਕਰੈਗੋ ਸਗਲੋ ਲੋਗਾ ॥੪॥<br>ਜਾਤਿ ਵਰਨ ਤੁਰਕ ਅਰੁ ਹਿੰਦੂ ॥ ਪਸੁ ਪੰਖੀ ਅਨਿਕ ਜੋਨਿ ਜਿੰਦੂ॥ ਸਗਲ ਪਾਸਾਰੁ ਦੀਸੈ ਪਾਸਾਰਾ ॥ ਬਿਨਸਿ ਜਾਇਗੋ ਸਗਲ ਆਕਾਰਾ ॥੫॥<br>( ਗੁ.ਗ੍ਰੰ.ਸਾ.ਪੰਨਾ-੨੩੭) |
| ਰਾਗੁ ਸ੍ਰੀਰਾਗ ਵਿਚ ਮ: ੧॥ਸਬਦੁ<br>ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥<br>ਲੇਖੈ ਵਾਟ ਚਲਾਈਆ ਲੇਖੈ ਸੁਣਿ ਵਖਿਆਉ॥<br>ਲੈਖੈ ਸਹਾ ਲਵਾਈਅਹਿ ਪੜੈ ਕਿ ਪੁਛਣਿ ਜਾਉ॥੧॥<br>ਬਾਬਾ ਮਾਇਆ ਰਚਨਾ ਧੋਹੁ॥<br>ਅੰਧੈ ਨਾਮੁ ਵਿਸਾਰਿਆ ਨਾ ਤਿਸੁ ਇਹੁ ਨ ਉਹੁ॥ਰਹਾਉ॥<br>ਜੀਵਣੁ ਮਰਣਾ ਜਾਇ ਕੈ ਇਥੈ ਖਾਜੈ ਕਾਲਿ॥<br>ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥<br>ਰੋਵਣੁ ਵਾਲੈ ਜੇਤੜੈ ਸਭਿ ਬੰਨਹਿ ਪੰਡ ਪਰਾਲਿ॥੨॥<br>ਸਭੁ ਕੋ ਆਖੈ ਬਹੁਤੁ ਘਟਿ ਨਾ ਆਖੈ ਕੋਇ॥ ਕੀਮਤਿ ਕਿਨੈ ਨ ਪਾਈਐ ਕਹਣਿ ਨ ਵਡਾ ਹੋਇ॥<br>ਸਚਾ ਸਾਹਿਬੁ ਏਕੁ ਤੂ ਹੋਰਿ ਜੀਆ ਕੇਤੇ ਲੋਇ॥੩॥<br>ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥<br>ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥<br>ਜਿਥੈ ਨੀਚ ਸਮਾਲੀਅਹਿ ਉਥੈ ਨਦਰਿ ਤੇਰੀ ਬਖਸੀਸ॥4॥<br>(ਸਾਖੀ ਨੰਬਰ ੫੨) (ਪੱਤਰਾ ੨੩੩) | ਸਿਰੀਰਾਗੁ ਮਹਲਾ ੧ ॥<br>ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥<br>ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥<br>ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥੧॥<br>ਬਾਬਾ ਮਾਇਆ ਰਚਨਾ ਧੋਹੁ ॥<br>ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥ ੧॥ਰਹਾਉ ॥<br>ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥<br>ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥<br>ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥<br>ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥<br>ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥<br>ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥੩॥<br>ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥<br>ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥<br>ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥<br>( ਗੁ.ਗ੍ਰੰ.ਸਾ.ਪੰਨਾ-੧੫) |
| ਰਾਗ ਸ੍ਰੀਰਾਗ ਵਿਚਿ ਮ :੧॥ਸਬਦੁ॥<br>ਧਨੁ ਜੋਬਨ ਨ ਉਹੁ ਲੜਾ ਨਾਠੀਅੜੇ ਦਿਨਿ ਚਾਰਿ॥<br>ਪਬਣ ਕੇਰੇ ਪਤ ਜਿਉ ਭੁਰਿ ਭੁਰਿ ਉਡਣਹਾਰ॥੧॥<br>ਹਰਿ ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨ ਉਹੁ ਲੜਾ॥ ਦਿਨ ਥੋੜੜੈ ਥਕੇ ਭਇਆ ਪਰਾਣਾ ਚੋਲਾ॥<br>ਕੰਤ ਅਸਾਡੇ ਰੰਗੁਲੈ ਜਾਇ ਸੁਤੇ ਜੀਰਾਣਿ॥<br>ਹੰਭੀ ਵੰਞਾ ਡੁਮਣੀ ਲੇਦੀ ਝੀਣੀ ॥੨॥<br>ਕਿਉ  ਨ ਸੁਣੇਹੀ ਗੋਰੀਏ ਆਪਣੀ ਕੰਨੀ ਸੋਇ ॥<br>ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥੩॥<br>ਜੇ ਜਾਣਾ ਤਿਲ ਡੁਲਣੇ ਸੰਮਲਿ ਗੋਦ ਭਰੀ॥ | ਸਿਰੀਰਾਗੁ ਮਹਲਾ ੧ ਘਰੁ ੨ ॥<br>ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥<br>ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥<br>ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥<br>ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥੧॥ਰਹਾਉ॥<br>ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥<br>ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥੨॥<br>ਕੀ ਨ ਸੁਣੇਹੀ ਗੋਰੀਏ ਆਪਣ ਕੰਨੀ  ਸੋਇ ॥<br>ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥੩॥<br>ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ |

| | |
|---|---|
| ਜੇ ਜਾਣਾ ਉਠ ਚਲਣਾ ਥੋੜਾ ਮਾਣੁ ਕਰੀ॥<br>ਨਾਨਕ ਰਤੀ ਪੇਈਐ ਜਾਣੁ ਵਿਰਤੀ ਸਨਿ॥<br>ਗੁਣਾਗਵਾਈ ਗੀਠੜੀ ਅਉਗਣ ਚਲੀ ਬਨਿ॥੪॥<br>(ਸਾਖੀ ਨੰਬਰ ੫੩) (ਪੱਤਰਾ ੨੨੬) | ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥੪॥<br>(ਗੁ.ਗ੍ਰੰ.ਸਾ.ਪੰਨਾ-੨੩) |
| ਰਾਗ ਮਾਝ ਵਿਚਿ ਮ:੧॥<br>ਓਤਿ ਪੋਤਿ ਸੇਵਕ ਸੰਗਿ ਰਾਤਾ ॥<br>ਪ੍ਰਭ ਪ੍ਰਤਿਪਾਲੈ ਸੇਵਕ ਸੁਖਦਾਤਾ ॥<br>ਪਾਣੀ ਪਖਾ ਪੀਸਉ ਸੇਵਕੁ ਕੈ ਠਾਕੁਰ ਹੀ ਕਾ ਹੁਰੁ ਜੀਉ॥੧॥<br>ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥<br>ਹੁਕਮੁ ਠਾਕੁਰ ਕਾ ਸੇਵਕ ਮਨਿ ਭਾਇਆ॥<br>ਸੋਈ ਕਮਾਵੈ ਜੇ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ॥੨॥<br>ਤੂ ਦਾਨਾ ਠਾਕੁਰ ਸਾਹਿਬੁ ਸਭ ਬਿਧਿ ਜਾਣਹੇ ॥<br>ਠਾਕੁਰ ਕੇ ਸੇਵਕ ਹਰਿ ਰੰਗਿ ਮਾਣਹਿ॥<br>ਜੋ ਕੁਛ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ॥੨॥<br>ਅਪੁਨੈ ਠਾਕੁਰਿ ਜੋ ਪਹਿਰਾਇਆ॥<br>ਬਹੁਰਿ ਨ ਲੇਖਾ ਪੁਛਿ ਬੁਲਾਇਆ॥<br>ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਸੇਵਕੁ ਗਹਰ ਗੰਭੀਰੁ ਗਉਹਰੁ ਜੀਉ॥੪॥<br>(ਸਾਖੀ ਨੰਬਰ ੫੪) (ਪੱਤਰਾ ੨੨੭) | ਮਾਝ ਮਹਲਾ ੫ ॥<br>ਓਤਿ ਪੋਤਿ ਸੇਵਕ ਸੰਗਿ ਰਾਤਾ॥<br>ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ ॥<br>ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ ॥੧॥<br>ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥<br>ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥<br>ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥<br>ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ ॥<br>ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ ॥<br>ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥੩॥<br>ਅਪੁਨੈ ਠਾਕੁਰਿ ਜੋ ਪਹਿਰਾਇਆ ॥<br>ਬਹੁਰਿ ਨ ਲੇਖਾ ਪੁਛਿ ਬੁਲਾਇਆ ॥<br>ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਗਹਿਰ ਗਭੀਰਾ ਗਉਹਰੁ ਜੀਉ ॥੪॥<br>(ਗੁ.ਗ੍ਰੰ.ਸਾ.ਪੰਨਾ-੧੦੧-੧੦੨) |
| ਰਾਗੁ ਵਡਹੰਸ ਵਿਚਿ ਸਬਦੁ ਹੋਇਆ॥ਮ:੧॥<br>ਧਨੁ ਸੰਰਿੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥ ਮੁਹਲਤਿ ਪੁਨੀ ਪਾਈ ਭਰੀ ਜਾਨਿਅੜਾ ਘਤਿ ਚਲਾਇਆ॥<br>ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁਨੇ ਬੀਰ ਸਬਾਏ॥<br>ਕਾਇਆ ਹੰਸੁ ਥੀਆ ਵਿਛੋੜਾ ਜਾ ਦਿਨ ਪੁੰਨੇ ਮੇਰੀ ਮਾਏ॥<br>ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ॥<br>ਧੰਨੁ ਸਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥੧॥<br>ਸਾਹਿਬੁ ਸਿਮਰਹੁ ਮੇਰੇ ਭਾਈ ਹੋ ਸਭਨਾ ਏਹੁ ਪਇਆਣਾ॥<br>ਜੋ ਤਿਸੁ ਭਾਵੈ ਸਮਰਥੁ ਸੋ ਥੀਐ ਹੀਲੜਾ ਏਹੁ ਸੰਸਾਰੋ॥<br>ਜਲਿ ਥਲਿ ਮਹੀਅਲਿ ਰਵਿ ਰਹਿਆ ਸਚੜਾ ਸਿਰਜਾਣਹਾਰੋ॥<br>ਸਚ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ॥ ਆਇਆ ਤਿਨ ਕਾ ਸਫਲੁ ਹੈ ਇਕ ਮਨਿ ਜਿਨੀ ਧਿਆਇਆ॥ ਢਾਹੇ ਢਾਹਿ ਉਸਾਰੈ ਆਪੇ ਹੁਕਮੁ ਸਵਾਰਣਹਾਰੋ॥<br>ਜੋ ਤਿਸੁ ਭਾਵੈ ਸਮਰਥੁ ਸੋ ਥੀਐ ਹੀਲੜਾ ਇਹੁ ਸੰਸਾਰੋ॥੩॥<br>ਨਾਨਕ ਰੁਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥<br>ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ॥ | ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ ॥<br>ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥<br>ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥<br>ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ ॥<br>ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ ॥<br>ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ॥<br>ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥੧॥<br>ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥<br>ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥<br>ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ॥<br>ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥<br>ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ ॥<br>ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥੨॥<br>ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥<br>ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ ॥<br>ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ ॥ |

| | |
|---|---|
| ਰੋਵਣੁ ਸਗਲ ਬਿਕਾਰੋ ਗਫਲ ਸੰਸਾਰੋ ਮਾਇਆ ਕਾਰਣਿ ਰੋਵੈ॥<br>ਚੰਗਾ ਮੰਦਾ ਕਿਛੁ ਸੁਝੈ ਨਾਹੀ ਇਹੁ ਤਨੁ ਏਵੈ ਖੋਵੈ॥<br>ਇਥੈ ਆਇਆ ਸਭ ਕੋ ਜਾਸੀ ਕੂੜਿ ਕਰੈ ਅਹੰਕਾਰੋ॥<br>ਨਾਨਕ ਰੁੰਨਾ ਬਾਬਾ ਜਾਣੀਐ ਜ਼ੋ ਰੋਵੈ ਲਾਇ ਪਿਆਰੋ॥<br>(ਸਾਖੀ ਨੰਬਰ ੫੫) | ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ॥<br>ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ ॥<br>ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥੩॥<br>ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥<br>ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥<br>ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥<br>ਚੰਗਾ ਮੰਦਾ ਕਿਛੁ ਸੁਝੈ ਨਾਹੀ ਇਹੁ ਤਨੁ ਏਵੈ ਖੋਵੈ ॥<br>ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥<br>ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥੪॥<br>( ਗੁ.ਗ੍ਰੰ.ਸਾ.ਪੰਨਾ-੫੭੮-੭੯) |
| ਰਾਗੁ ਤੁਖਾਰੀ॥ ਬਾਰਹਾ ਮਾਹਾ ਮਹਲਾ॥੧॥<br>ਤੂੰ ਸੁਣਿ ਕਿਰਤਿ ਕਰੰਮਾ ਪੁਰਬਿ ਕਮਾਇਆ॥<br>ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁਤੁ ਭਲਾ॥<br>ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨ ਘੜੀ ਜ ਜੀਵਾ॥<br>ਪਿਰਿ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤ ਪੀਵਾ ॥<br>ਰਚਨਾ ਰਾਚਿ ਰਹੇ ਨਿੰਰਕਾਰੀ ਪ੍ਰਭ ਮਨਿ ਕਰਮ ਸੁਕਮਾ ॥<br>ਨਾਨਕ ਪੰਥੁ ਨਿਹਾਲੇ ਸਾਧ ਨਿ ਤੂ ਸੁਣਿ ਆਤਮ ਰਾਮਾ॥੧॥<br>ਬਾਬੀਹਾ ਪ੍ਰਿਉ ਪ੍ਰਿਉ ਬੋਲੈ ਕੋਕਿਲ ਬਾਣੀਆ॥<br>ਸਾ ਧਨਿ ਸਭਿ ਰਸ ਚੋਲੈ ਅੰਕਿ ਸਮਾਣੀਆ॥<br>ਹਰਿ ਅੰਕਿ ਸਮਾਣੀ ਜਾ ਹਰਿ ਪ੍ਰਭ ਭਾਣੀ ਸਾ ਸੋਹਾਗਨਿ ਨਾਰੇ॥ ਨਵ ਘਰ ਥਾਪਿ ਮਹਲੁ ਘਰੁ ਉਚਾ ਨਿਜ ਘਰ ਵਾਸੁ ਮੁਰਾਰੇ॥<br>ਸਭ ਤੇਰੀ ਤੂ ਮੇਰਾ ਪ੍ਰੀਤਮ ਨਿਸਿ ਬਾਸੁਰਿ ਰੰਗਿ ਰਾਵੈ ॥<br>ਨਾਨਕ ਪ੍ਰਿਉ ਪ੍ਰਿਉ ਚਵੈ ਬਾਬੀਹਾ ਕੋਕਿਲ ਸਬਦਿ ਸੁਹਾਵੈ॥੨॥<br>ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥<br>ਮਨਿ ਤਨਿ ਰਵਤ ਰਵੰਨੇ ਘੜੀ ਨ ਵੀਸਰੈ॥<br>ਕਿਉ ਘੜੀ ਵਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥ ਨਾ ਕੋ ਮੇਰਾ ਹਉ ਕਿਸੁ ਕੇਰੀ ਹਰਿ ਬਿਨੁ ਰਹਣੁ ਨ ਜਾਏ॥<br>ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ ॥<br>ਨਾਨਕ ਦ੍ਰਿਸਟਿ ਦਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ॥੩॥<br>ਵਰਸੈ ਅੰਮ੍ਰਿਤ ਧਾਰਿ ਬੂੰਦ ਸੁਹਾਵਣੀ ॥<br>ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤ ਬਣੀ॥<br>ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਉਭੀ ਗੁਣ ਸਾਰੀ॥<br>ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕਿੰਤ ਵਿਸਾਰੀ॥<br>ਉਨ ਵਘਨਿ ਛਾਏ ਵਰਸ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥ ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥੪॥<br>ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥ | ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ॥੧ੴ ਸਤਿਗੁਰ ਪ੍ਰਸਾਦਿ ॥<br>ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥<br>ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥<br>ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ ॥<br>ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ ॥<br>ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ ॥<br>ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ ॥੧॥<br>ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ ॥<br>ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ ॥<br>ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ ॥<br>ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ ॥<br>ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ ॥<br>ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ ॥੨॥<br>ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥<br>ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ ॥<br>ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ ॥<br>ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ ॥<br>ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ ॥<br>ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ ॥੩॥<br>ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ ॥ ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ ॥ ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ ॥<br>ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ ॥<br>ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ॥<br>ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ ॥੪॥<br>ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥ |

| | |
|---|---|
| ਬਨਿ ਫੂਲੇ ਮੰਝਿ ਬਾਰਿ ਮੈ ਪਿਰੁ ਘਰਿ ਬਾਹੁੜੈ॥ | ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥ |
| ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਾ ਬੋਰੋਧ ਤਨੁ ਛੀਜੈ॥ | ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁਛੀਜੈ॥ |
| ਕੋਕਲਿ ਅੰਬਿ ਸੁਹਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥ | ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥ |
| ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥ | ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥ |
| ਨਾਨਕ ਚੇਤਿ ਸਹਜੁ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਾਨ ਪਾਏ॥੫॥ | ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥੫॥ |
| ਮਾਹੁ ਵੈਸਾਖ ਭਲਾ ਸਾਖਾ ਵੇਸ ਕਰੇ ॥ | ਵੈਸਾਖੁ ਭਲਾ ਸਾਖਾ ਵੇਸ ਕਰੇ ॥ |
| ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥ | ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥ |
| ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੁਲੋ॥ | ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥ |
| ਕੀਮਤਿ ਕਉਣ ਕਰੇ ਤੁਧੁ ਭਾਵਾ ਦੇਖਿ ਦਿਖਾਵੈ ਢੋਲੋ॥ | ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥ |
| ਦੂਰਿ ਨ ਜਾਣਾ ਅੰਤ ਰਿਮਾਨਾ ਹਰਿ ਕਾ ਮਹਲੁ ਪਛਾਨਾ॥ | ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥ |
| ਨਾਨਕ ਵੈਸਾਖੀ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥੬॥ | ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥੬॥ |
| ਮਾਹੁ ਜੇਠ ਭਲਾ ਪ੍ਰੀਤਮ ਕਿਉ ਵਿਸਰੈ॥ | ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥ |
| ਥਲ ਤਪਹਿ ਸਿਰ ਭਾਰ ਸਾਧਨ ਬਿਨਉ ਕਰੈ ॥ | ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥ |
| ਧੰਨ ਬਿਨਉ ਕੁਰੇਂਦੀ ਗੁਣ ਸਰੇਦੀ ਗੁਸਾਰੀ ਪ੍ਰਭ ਭਾਵਾ॥ | ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥ |
| ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥ | ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥ |
| ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥ | ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥ |
| ਨਾਨਕ ਜੈਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥੭॥ | ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥ |
| ਮਾਹ ਆਸਾੜੁ ਭਲਾ ਸੂਰਜੁ ਗਗਨਿ ਤਪੈ॥ | ਆਸਾੜੁ ਭਲਾ ਸੂਰਜੁ ਗਗਨਿ ਤਪੈ ॥ |
| ਧਰਤੀ ਦੂਖ ਸਹੈ ਸੋਖ ਅਗਨਿ ਭਖੈ ॥ | ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥ |
| ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨਿਹਾਰੇ॥ | ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥ |
| ਰਥੁ ਫਿਰੇ ਛਾਇਆ ਧਨ ਤਾਕੈ ਟੀਡ ਲਵੈ ਮੰਝ ਬਾਰੇ॥ | ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥ |
| ਅਵਗਣ ਬਾਧ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਮਾਲੇ॥ | ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥ |
| ਨਾਨਕ ਜਿਸਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥੮॥ | ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥ |
| ਸਾਵਣਿ ਸਰਸ ਮਨਾ ਘਣ ਵਰਸੈ ਰੁਤਿ ਆਏ॥ | ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥ |
| ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥ | ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥ |
| ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥ | ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥ |
| ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥ | ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥ |
| ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥ | ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥ |
| ਨਾਨਕ ਸਾ ਸੋਹਾਗਣਿ ਕੰਤੀ ਜੋ ਪਿਰ ਕੈ ਅੰਕਿ ਸਮਾਵਏ॥੯॥ | ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥੯॥ |
| ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥ | ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥ |
| ਜਲਿ ਥਲਿ ਨੀਰ ਭਰੇ ਵਰਸੈ ਰੁਤਿ ਰੰਗੁ ਮਾਣੀ॥ | ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥ |
| ਵਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥ | ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥ |
| ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ ਭੁਇ ਅੰਗ ਮੁ ਫਿਰਹਿ ਡਸੰਤੇ॥ | ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥ |
| ਮਛਰ ਡੰਗ ਸਾਇਰ ਰਸੁ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥ | ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥ |
| ਨਾਨਕ ਪੂਛਿ ਚਲਉ ਗੁਰ ਅਪਨੈ ਜਹ ਪ੍ਰਭੁ ਤਹਾ ਜਾਇਐ॥੧੦॥ | ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥੧੦॥ |
| ਆਸੁਨਿ ਆਉ ਪਿਅਰੇ ਸਾ ਧਨ ਝੂਰਿ ਮੁਈ॥ | ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ ॥ |
| ਤਾ ਮਿਲੀਐ ਪ੍ਰਤਿਮਿ ਮਿਲੈ ਦੂਜੈ ਭਾਇ ਖੁਈ॥ | ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥ |
| ਝੂਠ ਵਿਗੁਤੀ ਤਾ ਪਿਰੁ ਮੁਤੀ ਕੁਕਹ ਕਾਹਿ ਸਿ ਫੁਲੇ॥ | ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥ |

| | |
|---|---|
| ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤਿ ਮਨੁ ਡੋਲੈ॥ | ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥ |
| ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥ | ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ ॥ |
| ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥੧੧॥ | ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥੧੧॥ |
| ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥ | ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥ |
| ਦੀਪਕੁ ਸਹਜਿ ਬਲੈ ਤਤੁ ਜਲਾਇਆ॥ | ਦੀਪਕੁ ਸਹਜਿ ਬਲੈ ਤਤਿ ਜਲਾਇਆ ॥ |
| ਦੀਪਕੁ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥ | ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥ |
| ਅਓਗੁਣ ਮਾਰੀ ਮਰੈ ਨ ਸੀਝੈ ਗੁਣ ਮਾਰੀ ਤਾ ਮਰਸੀ॥ | ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥ |
| ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥ | ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥ |
| ਨਾਨਕ ਮਿਲਹੁ ਕਪਟੁ ਦਰ ਖੋਲਹੁ ਏਕ ਘੜੀ ਖਟੁ ਸਾਸਾ॥੧੨॥ | ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥੧੨॥ |
| ਮੰਘਰੁ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥ | ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥ |
| ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥ | ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥ |
| ਨਿਹਚਲੁ ਚਤੁਰੁ ਸੁਜਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥ | ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥ |
| ਗਿਆਨ ਧਿੰਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥ | ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥ |
| ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮ ਦੁਖੁ ਭਾਗੈ॥ | ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥ |
| ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰਿ ਆਗੈ॥੧੩॥ | ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥੧੩॥ |
| ਪੋਖਿ ਤੁਖਾਰ ਪੜੈ ਵਣੁ ਤ੍ਰਿਣੁ ਰਸ ਸੋਖੈ॥ | ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥ |
| ਆਵਤ ਕੀ ਨਾਹੀ ਮਨਿ ਤਨਿ ਵਸਹਿ ਸੁਖੇ॥ | ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥ |
| ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥ | ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥ |
| ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥ | ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥ |
| ਦਰਸਨੁ ਦੇਖੁ ਦਇਆ ਪਤਿ ਦਾਤੇ ਗਤਿ ਪਾਵਾ ਮਤਿ ਦੇਹੋ॥ | ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥ |
| ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤ ਸਨੇਹੋ॥੧੪॥ | ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥੧੪॥ |
| ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥ | ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥ |
| ਸਾਜਨ ਸਹਜਿ ਮਿਲੈ ਗੁਣ ਗਾਇ ਅੰਕਿ ਸਮਾਣਿਆ॥ | ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥ |
| ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥ | ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥ |
| ਗੰਗ ਜਮੁਨਾ ਤ੍ਰਿਬੇਣੀ ਸੰਗਮ ਸਾਂਤ ਸਮੁੰਦ ਸਮਾਵਾ ॥ | ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥ |
| ਪੁੰਨ ਦਾਨ ਪੂਜਾ ਪਰਮੇਸੁਰੁ ਜੁਗ ਜੁਗ ਏਕੋ ਜਾਤਾ॥ | ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥ |
| ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥੧੫॥ | ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥੧੫॥ |
| ਫਲਗੁਣਿ ਮਨ ਰਹਸੀ ਪ੍ਰੇਮ ਸੁਭਾਇਆ॥ | ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥ |
| ਅਨਦਿਨੁ ਰਹਸੁ ਭਇਆ ਆਪੁ ਗਵਾਇਆ॥ | ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥ |
| ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ॥ | ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥ |
| ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥ | ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥ |
| ਹਾਰ ਡੋਰ ਰਸ ਪਾਟ ਪਾਟੰਬਰ ਪਿਰ ਲੋੜੀ ਸੀਂਗਾਰੀ॥ | ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥ |
| ਨਾਨਕ ਮੇਲਿ ਲਈ ਗੁਰ ਅਪਨੈ ਘਰਿ ਵਰੁ ਪਾਇਆ ਨਾਰੀ॥੧੬॥ | ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥੧੬॥ |
| ਬੇਦਸ ਮਾਹੁ ਰੁਤੀ ਥਿਤੀ ਵਰ ਭਲੇ॥ | ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥ |
| ਘੜੀ ਮੂਰਤਿ ਪਲ ਸਾਚੇ ਆਏ ਸਹਜਿ ਮਿਲੇ॥ | ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥ |
| ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ॥ ਜਿਨਿ | ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥ |
| ਸਿੰਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ॥ | ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥ |
| ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ॥ | ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥ |

| | |
|---|---|
| ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ॥੧੭॥<br>(ਸਾਖੀ ਨੰਬਰ ੫੫) | ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥੧੭॥॥<br>(ਗੁ.ਗ੍ਰੰ.ਸਾ.ਪੰਨਾ-੧੧੦੭-੧੦) |
| ਰਾਗ ਗਉੜੀ ਪੂਰਬੀ ਮਹਲਾ ੧॥<br>ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥<br>ਤਿਤੁ ਘਰਿ ਗਾਵਹੁ ਸੋਹਲਾ ਸਿਵਰਿਹੁ ਸਿਰਜਣਹਾਰੋ॥੧॥<br>ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥<br>ਹਉ ਵਾਰੀ ਜਿਤੁ ਸੋਹਿਲੇ ਸਦਾ ਸੁਖੁ ਹੋਵੈ॥ਰਹਾਉ॥<br>ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੋ॥<br>ਤੇਰੈ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੋ॥੨॥<br>ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥<br>ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥<br>ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥<br>ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥<br>ਰਾਗ ਆਸਾ ਮ: ੧॥<br>ਛਿਅ ਘਰ ਛਿਅ ਗੁਰ ਛਿਆ ਉਪਦੇਸ॥<br>ਗੁਰੁ ਗੁਰੁ ਇਕੋ ਵੇਸ ਅਨੇਕ<br>ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥<br>ਸੋ ਘਰੁ ਰਾਖੁ ਵਡਾਈ ਤੋਇ॥ ਰਹਾਉ॥<br>ਵਿਸਏੈ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ।<br>ਸੂਰਜਿ ਏਕੋ ਰੁਤਿ ਅਨੇਕਾ॥ ਨਾਨਕ ਕਰਤੇ ਕੁ ਕੇਤੇ ਵੇਸ॥੨॥<br>(ਸਾਖੀ ਨੰਬਰ ੫੫) | ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧ ॥<br>ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥<br>ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥<br>ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥<br>ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥<br>ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥<br>ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥<br>ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥<br>ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥<br>ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥<br>ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥<br>ਰਾਗੁ ਆਸਾ ਮਹਲਾ ੧ ॥<br>ਛਿਅ ਘਰ ਛਿਅ ਗੁਰ ਛਿਅ ਉਪਦੇਸ ॥<br>ਗੁਰੁ ਗੁਰੁ ਏਕੋ ਵੇਸ ਅਨੇਕ ॥੧॥<br>ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥<br>ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥<br>ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥<br>ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥<br>( ਗੁ.ਗ੍ਰੰ.ਸਾ.ਪੰਨਾ-੧੨-੧੩) |
| ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਿਤਿ ਮਹਤੁ॥<br>ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੇ ਸਗਲ ਜਗਤੁ॥<br>ਚੰਗਿਆਈਆ ਬੁਰਿਆਈਆ ਵਾਚੈ ਧਰਮਿ ਹਦੂਰਿ॥<br>ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥<br>ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥<br>ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥<br>(ਸਾਖੀ ਨੰਬਰ ੫੩) | ਸਲੋਕੁ ॥<br>ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥<br>ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥<br>ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥<br>ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥<br>ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥<br>ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ ॥<br>(ਗੁ.ਗ੍ਰੰ.ਸਾ.ਪੰਨਾ-੮) |

## ਸਥਾਨ

1. **ਤਲਵੰਡੀ ਰਾਇ ਭੋਇ ਭਟੀ :** ਇਸ ਦੇ ਅਨੇਕ ਗ੍ਰਾਮ ਹਨ, ਪਰ ਸਿੱਖ ਇਤਿਹਾਸ ਵਿੱਚ ਦੋ ਬਹੁਤ ਪ੍ਰਸਿੱਧ ਹਨ :-
   I. 'ਰਾਇ ਭੋਇ ਦੀ ਤਲਵੰਡੀ' ਜਿਸ ਦਾ ਪਹਿਲਾ ਨਾਮ ਰਾਇਪੁਰ ਸੀ ਅਤੇ ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਹੋਣ ਕਰਕੇ ਹੁਣ ਨਨਕਾਣਾ ਜਾਂ ਨਾਨਕਿਆਨਾ (ਨਾਨਕ-ਅਯਨ) ਪ੍ਰਸਿੱਧ ਹੈ, ਇਹ ਜ਼ਿਲਾ ਸ਼ੇਖ਼ੂਪੁਰਾ ਵਿੱਚ ਹੈ। ਪੰਨਾ 581.
   II. ਸੁਲਤਾਨਪੁਰ: ਕਪੂਰਥਲਾ ਰਾਜ ਵਿੱਚ ਸਫੈਦ ਵੇਂਈ ਨਦੀ ਦੇ ਕਿਨਾਰੇ ਇਕ ਨਗਰ,ਜੋ ਰਾਜਧਾਨੀ ਤੋਂ 16 ਮੀਲ ਦੱਖਣ ਹੈ, ਇਹ ਈਸਵੀ ਗਿਆਰਵੀਂ ਵਿਚ ਸੁਲਤਾਨ ਖਾਨ ਲੋਦੀ ਨੇ ( ਜੋ ਮਹਿਮੂਦ ਗਜਨਵੀ ਦਾ ਫੌਜਦਾਰ ਸੀ) ਵਸਾਇਆ ਹੈ। ਪੰਨਾ 221.
2. **ਪਾਣੀਪਥਿ :** ਪੰਜਾਬ ਦੇ ਜਿਲਾ ਕਰਨਾਲ ਵਿੱਚ ਇਕ ਨਗਰ, ਜਿਸ ਦੇ ਮੈਦਾਨ ਵਿੱਚ ਬਾਬਰ ਨੇ ਇਬਰਾਹੀਮ ਲੋਦੀ ਨੂੰ ਸਨ 1526 ਵਿੱਚ ਜਿਤ ਕੇ ਦਿੱਲੀ ਦਾ ਸਿੰਘਾਸਨ ਮੱਲਿਆ, ਇਸ ਨਗਰ ਦੇ ਆਸ- ਪਾਸ ਦੀ ਜਮੀਨ ਵਿਦੇਸ਼ੀ ਅਤੇ ਭਾਰਤ ਦੇ ਪ੍ਰਸਿੱਧ ਰਾਜਿਆਂ ਦੀ ਜੋਗ-ਭੂਮਿ ਰਹੀ ਹੈ।ਇਥੇ ਹੀ ਸਨ 1761 ਵਿੱਚ ਅਹਿਮਦਸ਼ਾਹ ਅਬਦਾਲੀ ਨੇ ਮਰਹਟਿਆ ਦਾ ਸਰਵਨਾਸ਼ ਕੀਤਾ ਸੀ, ਸਤਿਗੁਰੂ ਨਾਨਕ ਦੇਵ ਭੀ ਇਸ ਥਾਂ ਪਧਾਰੇ ਹਨ, ਅਰ ਸ਼ੇਖ ਤਾਹਰ ਨਾਲ (ਜਿਸ ਨੂੰ ਜਨਮਸਾਖੀ ਵਿੱਚ ਟਟੀਹਰੀ ਸ਼ੇਖ ਲਿਖਿਆ ਹੈ ) ਚਰਚਾ ਹੋਈ ਹੈ। ਪੰਨਾ 764.
3. **ਦਿਲੀ :** ਜਮੁਨਾ ਨਦੀ ਦੇ ਕਿਨਾਰੇ ਇੱਕ ਪੁਰਾਣੀ ਪ੍ਰਸਿੱਧ ਨਗਰੀ, ਜੋ ਕਈ ਥਾਂਈਂ ਵਸ ਚੁੱਕੀ ਹੈ, ਪਾਂਡਵਾਂ ਵੇਲੇ ਇਸ ਦਾ ਨਾਮ ਇੰਦ੍ਰਪ੍ਰਸਥੀ ਅਤੇ ਪਾਂਡਵਨਗਰ ਸੀ, ਫੇਰ ਇਸ ਦਾ ਨਾਮ ਯੋਗਿਨੀਪੁਰ ਹੋਇਆ, ਤੋਮਰ ਵੰਸ਼ ਦੇ ਰਾਜਾ ਰਾਇਸੇਨ ਨੇ ਸਨ 919-20 ਵਿੱਚ ਸੁੰਦਰ ਮਕਾਨ ਬਣਵਾ ਕੇ ਰਾਜਧਾਨੀ ਕਾਯਮ ਕੀਤੀ। ਪੰਨਾ 634.
4. **ਨਾਨਕ ਮਤਾ:** ਯੂ.ਪੀ ਵਿੱਚ ਜਿਲਾ ਨੈਨੀਤਾਲ ਦੀ ਤਸੀਲ ਸਤਾਰਗੰਜ ਅੰਦਰ ਪੀਲੀਭੀਤ ਤੋਂ 15 ਮੀਲ ਉਤਰ ਪੱਛਮ ਇਹ ਗੁਰਦੁਆਰਾ ਰੇਲਵੇ ਸਟੇਸ਼ਨ ਖਟੀਮਾਂ ਤੋਂ 10 ਮੀਲ ਪੱਛਮ ਵਲ ਹੈ, ਪਹਿਲਾ ਇਸ ਦਾ ਨਾਮ ਗੋਰਖਪੰਥੀਆਂ ਦੇ ਰਹਿਣ ਕਰਕੇ " ਗੋਰਖਮਤਾ" ਸੀ, ਪਰ ਜਦ ਤੋਂ ਸ੍ਰੀ ਗੁਰੂ ਨਾਨਕ ਦੇਵ ਨੇ ਗੋਰਖ ਦੇ ਚੇਲੇ ਝੰਗਰਨਾਥ, ਭੰਗਰਨਾਥ ਆਦਿਕਾਂ ਨੂੰ ਸ਼ਬਦ ਨਾਲ ਜਿੱਤ ਕੇ ਗਯਾਨ ਦਿੱਤਾ, ਤਦ ਤੋਂ ਇਸ ਦਾ ਨਾਉਂ "ਨਾਨਕਮਤਾ" ਹੈ ਇਹ ਜਗ੍ਹਾ ਹੁਣ ਜੰਗਲ ਸਮੇਤ ਉਦਾਸੀ ਸਾਧੂਆਂ ਪਾਸ ਹੈ।
5. ਪੰਨਾ 693.
6. **ਬਨਾਰਸਿ :** ਨਦੀਆਂ ਪੁਰ ਆਬਾਦ ਸ਼ਹਿਰ, ਜੋ ਹਿੰਦੂਆਂ ਦਾ ਪ੍ਰਧਾਨ ਤੀਰਥ ਹੈ। ਪੰਨਾ 838.

7. **ਬਿਸੀਆਰੁ:** ਪੰਜਾਬ ਵਿੱਚ ਸ਼ਿਮਲਾ ਜਿਲੇ ਦੀ ਇਕ ਪਹਾੜੀ ਰਿਆਸਤ, ਗੁਰੂ ਨਾਨਕ ਦੇਵ ਬਸ਼ਹਰ ਪਧਾਰੇ ਹਨ। ਪੰਨਾ 824.

8. **ਦਿਪਾਲਪੁਰ:** ਜਿਲਾ ਮਾਂਟਗੁਮਰੀ ਦੀ ਇਕ ਤਸੀਲ ਦਾ ਪ੍ਰਧਾਨ ਨਗਰ, ਇਸ ਨੂੰ ਬਾਬਰ ਨੇ ਸਨ 1524 ਵਿੱਚ ਫਤੇ ਕੀਤਾ ਸੀ। ਜਨਮਸਾਖੀ ਵਿੱਚ ਇਸ ਦਾ ਕਈ ਵਾਰ ਨਾਉਂ ਆਇਆ ਹੈ। ਗੁਰੂ ਨਾਨਕ ਦੇਵ ਭੀ ਇਸ ਥਾਂ ਪਧਾਰੇ ਹਨ। ਪੰਨਾ 634.

9. **ਪਟੀ :** ਪਿੰਡ ਦੀ ਪੱਤੀ। ਲਾਹੌਰ ਜਿਲੇ ਦੀ ਕੁਸੂਰ ਤਸੀਲ ਦਾ ਇਕ ਨਗਰ, ਜੋ ਹੁਣ ਅੰਮ੍ਰਿਤਸਰ ਕੁਸੂਰ ਰੇਲਵੇ ਲੈਨ ਪੁਰ ਸਟੇਸ਼ਨ ਹੈ। ਪੰਨਾ 737.

10. **ਵੈਰੋਵਾਲ :** ਇਕ ਪੁਰਾਣਾ ਕਸਬਾ, ਜੋ ਜਿਲਾ ਅੰਮ੍ਰਿਤਸਰ, ਤਸੀਲ ਤਰਨਤਾਰਨ ਵਿੱਚ, ਖਡੂਰ ਅਤੇ ਗੋਇੰਦਵਾਲ ਦੇ ਨੇੜੇ ਹੈ, ਇਥੋਂ ਦੇ ਮਲਕ ਸਾਹਿਬਜਾਦੇ ਭੱਲੇ ਅਤੇ ਤ੍ਰੇਹਣ ਹਨ, ਹੁਣ ਇਸ ਦੀਆਂ ਦੋ ਆਬਾਦੀਆਂ ਹਨ। ਪੰਨਾ 111.

11. **ਜਲਾਲਾਬਾਦ:** ਅਫਗਾਨਿਸਤਾਨ ਵਿੱਚ ਕਾਬੁਲ ਦੀ ਸੜਕ ਪੁਰ ਇਕ ਨਗਰ, ਇਸ ਥਾਂ ਸ੍ਰੀ ਗੁਰੂ ਨਾਨਕ ਦੇਵ ਦਾ ਪਵਿੱਤ੍ਰ ਅਸਥਾਨ "ਚੋਹਾ ਸਾਹਿਬ" ਹੈ।ਪੰਨਾ 513.

12. **ਵਟਾਲਾ:** ਜਿਲਾ ਗੁਰਦਾਸਪੁਰ ਵਿੱਚ ਵਟਾਲੇ ਤੋਂ ਦੋ ਕੋਹ ਦੱਖਣ ਵੱਲ ਮਹਾਂਦੇਵ ਦਾ 'ਅਚਲ' ਨਾਮੇ ਮੰਦਰ ਹੈ, ਇਸ ਤੋਂ ਪਿੰਡ ਦਾ ਨਾਉਂ ਭੀ 'ਅਚਲ' ਪੈ ਗਿਆ, ਵਟਾਲੇ ਨਾਲ ਅਚਲ ਪਦ ਮਿਲਾ ਕੇ ਦੋਹਾਂ ਦੀ ਅਚਲ ਵਟਾਲਾ ਸੰਗਯਾ ਹੋ ਗਈ ਹੈ, ਇਥੇ ਸਤਿਗੁਰੂ ਨਾਨਕ ਦੇਵ ਦੀ ਗੋਰਖਪੰਥੀਆਂ ਨਾਲ ਸੰਮਤ 1586 ਵਿੱਚ ਚਰਚਾ ਹੋਈ, ਜਿਸ ਦਾ ਪੂਰਾ ਵਰਣਨ " ਸਿੱਧ ਗੋਸਟਿ" ਵਿੱਚ ਮਿਲਦਾ ਹੈ। ਪੰਨਾ 44.

13. **ਸੈਦਪੁਰਿ :** ਜਿਲਾ ਗੁੱਜਰਾਂਵਾਲਾ ਦੀ ਤਸੀਲ ਵਿੱਚ ਇਕ ਨਗਰ ਜੋ ਗੁਜਰਾਂਵਾਲੇ ਤੋਂ ਅੱਠ ਮਲਿ ਪੂਰਵ ਦੱਖਣ ਹੈ, ਇਸ ਦਾ ਪਹਿਲਾ ਨਾਉਂ 'ਸੈਦਪੁਰ' ਸੀ। ਸੇਰਸਾਹ ਨੇ ਇਸ ਨੂੰ ਤਬਾਹ ਕਰਕੇ ਨਵੀਂ ਆਬਾਦੀ ਦਾ ਨਾਉਂ ਸ਼ੇਰਗੜ੍ਹ ਰੱਖਿਆ, ਫੇਰ ਮੁਹੰਮਦ ਅਮੀਨ ਅਕਬਰ ਦੇ ਅਹਿਲਕਾਰ ਨੇ ਸ਼ੇਰਗੜ੍ਹ ਦਾ ਨਾਉਂ ਬਦਲ ਕੇ ਏਮਾਨਬਾਦ ਥਾਪਿਆ, ਸ੍ਰੀ ਗੁਰੂ ਨਾਨਕ ਦੇਵ ਸੈਦਪੁਰ ਵਿੱਚ ਭਾਈ ਲਾਲੋ ਤਖਾਣ ਸਿੱਖ ਦੇ ਘਰ ਕੁਝ ਕਾਲ ਵਿਰਾਜੇ ਹਨ। ਪੰਨਾ 132.

14. **ਖਰੜ:** ਜਿਲਾ ਅੰਬਾਲਾ ਦੀ ਤਸੀਲ ਦਾ ਪ੍ਰਧਾਨ ਨਗਰ। ਪੰਨਾ 368.

15. **ਖਾਨਪੁਰ:** ਇਕ ਪਿੰਡ, ਜੋ ਜਿਲਾ ਅੰਬਾਲਾ, ਤਸੀਲ ਥਾਣਾ ਨਾਰਾਇਣਗੜ੍ਹ ਵਿੱਚ ਗੁਰਦੁਆਰੇ ਟੋਕਾ ਪਾਸ ਹੈ। ਪੰਨਾ 373.

16. **ਪਸਰੂਰਿ:** ਜਿਲਾ ਸਿਆਲਕੋਟ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਜੋ ਸਿਆਲਕੋਟ ਤੋਂ 18 ਮੀਲ ਦੱਖਣ ਹੈ, ਇਸ ਤੋਂ ਪੂਰਵ ਵੱਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਾਉਣ ਦਾ ਅਸਥਾਨ

ਹੈ, ਇਸ ਨੂੰ ਹੁਣ 'ਦਿਉਕਾ' ਆਖਦੇ ਹਨ, ਗੁਰੂ ਜੀ ਸਿਆਲਕੋਟ ਵਲੋਂ ਇਥੇ ਪਧਾਰੇ ਹਨ, ਉਸ ਵੇਲੇ ਇਥੇ ਡੇਕ ਨਾਮੀ ਨਦੀ ਵਗਦੀ ਸੀ, ਜੋ ਹੁਣ ਵਿੱਥ ਤੇ ਹੋ ਗਈ ਹੈ। ਪੰਨਾ 728.

17. **ਕੰਙਣਪੁਰ:** ਲਹੌਰ ਦੇ ਜਿਲੇ ਤਸੀਲ ਚੂਣੀਆ ਦਾ ਪਿੰਡ, ਜੋ ਖਾਸ ਰੇਲਵੇ ਸਟੇਸ਼ਨ ਹੈ, ਜਗਤ ਗੁਰੂ ਨਾਨਕ ਦੇਵ ਜੀ ਨਾਲ ਇਸ ਪਿੰਡ ਦੇ ਲੋਕਾਂ ਨੇ ਨਿਰਾਦਰੀ ਕੀਤੀ ਅਤੇ ਵਸਣ ਨੂੰ ਥਾਂ ਨਹੀਂ ਦਿੱਤਾ, ਗੁਰੂ ਸਾਹਿਬ ਨੇ "ਵਸਦੇ ਰਹੋ" ਕਹਿਕੇ ਇਥੋਂ ਕੂਚ ਕੀਤਾ, ਜਿਸ ਵਣ ਬਿਰਛ ਹੇਠ ਗੁਰੂ ਸਾਹਿਬ ਵਿਰਾਜੇ ਹਨ ਉਹ 'ਮਾਲ ਸਾਹਿਬ' ਕਰ ਕੇ ਪ੍ਰਸਿੱਧ ਹੈ। ਛੋਟਾ ਜਿਲਾ ਗੁਰੂਦਵਾਰਾ ਬਣਿਆ ਹੋਇਆ ਹੈ। ਪੰਨਾ 354.

18. **ਕਸੂਰ :** ਕੁਸ਼ਪੁਰ, ਲਾਹੌਰ ਦੇ ਜਿਲੇ ਦਾ ਇਕ ਨਗਰ, ਜੋ ਤਸੀਲ ਅਤੇ N.W.R. ਦਾ ਜੰਕਸ਼ਨ ਸਟੇਸ਼ਨ ਹੈ। ਪੰਨਾ 334.

19. **ਰਾਵੀ :** ਐਰਾਵਤੀ ਨਦੀ, ਰਿਗਵੇਦ ਵਿੱਚ ਇਸ ਦਾ ਨਾਮ ਪਰੁਸ਼ਨੀ ਆਇਆ ਹੈ, ਰਾਵੀ ਕੁਲੂ ਦੇ ਇਲਾਕੇ ਤੋਂ ਨਿਕਲ ਕੇ ਚੰਬਾ, ਮਾਧੋਪੁਰ, ਦੇਹਰਾ ਬਾਬਾ ਨਾਨਕ, ਲਾਹੌਰ, ਮਾਂਟਗੁਮਰੀ, ਮੁਲਤਾਨ ਆਦਿ ਵਿੱਚ 450 ਮੀਲ ਵਹਿੰਦੀ ਹੋਈ, ਚਨਾਬ ਨੂੰ ਜਾ ਮਿਲਦੀ ਹੈ। ਪੰਨਾ 1038.

20. **ਕੋਟਲਾ :** ਰੋਪੜ ਤੋਂ ਦੋ ਕੋਹ ਪੂਰਵ ਇਕ ਪਿੰਡ। ਪੰਨਾ 351.

21. **ਲਹੌਰ:** ਲ਼ਵਪੁਰ, ਰਾਮਚੰਦਰ ਜੀ ਦੇ ਬੇਟੇ ਲਵ ਦਾ ਵਸਾਇਆ ਰਾਵੀ (ਏਰਾਵਤੀ) ਕਿਨਾਰੇ ਨਗਰ, ਜੋ ਪੰਜਾਬ ਦੀ ਰਾਜਧਾਨੀ ਹੈ। ਪੰਨਾ 1054.

22. **ਕਸ਼ਮੀਰ:** ਭਾਰਤ ਦੇ ਉੱਤਰ-ਪੱਛਮ ਇਕ ਮਨੋਹਰ ਦੇਸ਼, ਜਿਸ ਦਾ ਰਕਬਾ 84258 ਵਰਗ ਮੀਲ ਹੈ।ਵਸੋਂ 3220518 ਹੈ, ਕਸ਼ਮੀਰ ਦੇ ਉਤਰ ਹਿਮਾਲਯ ਦੀ ਧਾਰਾ, ਦੱਖਣ ਜੇਹਲਮ, ਗੁਜਰਾਤ ਆਦਿ, ਪੱਛਮ ਹਜ਼ਾਰਾ ਅਤੇ ਰਾਵਲਪਿੰਡੀ ਅਰ ਪੂਰਬ ਤਿੱਬਤ ਰਾਜ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਨਗਰ ਜਿਸ ਵੇਲੇ ਪਧਾਰੇ ਹਨ, ਤਦ ਸ਼ੰਕਰਾਚਾਰਜ ਵਾਲੀ ਪਹਾੜੀ ਤੇ ਵਿਰਾਜੇ ਹਨ, ਪਰ ਸਿੱਖਾਂ ਦੀ ਅਣਗਹਿਲੀ ਕਰਕੇ ਗੁਰੂਦਵਾਰਾ ਨਹੀਂ ਬਣਿਆ। ਪੰਨਾ 286.

23. **ਸੁਮੇਰੁ:** ਇਕ ਖਾਸ ਪਹਾੜ, ਜੋ ਭਗਵਤ ਅਤੇ ਵਿਸ਼ਨੂ ਪੁਰਾਣ ਅਨੁਸਾਰ ਸੁਵਰਣੰ ਦਾ ਹੈ, ਅਰ ਜਿਸ ਉਤੇ ਦੇਵਤਿਆਂ ਦੀਆਂ ਪਰੀਆਂ ਹਨ, ਸੁਮੇਰੁ ਦੀ ਬੁਲੰਦੀ ਚੌਰਾਸੀ ਹਜਾਰ ਯੋਜਨ ਲਿਖੀ ਹੈ, ਅਰ ਸੌਲਾਂ ਹਜਾਰ ਯੋਜਨ ਜਮੀਨ ਵਿੱਚ ਗਡਿਆ ਹੋਇਆ ਦੱਸਿਆ ਹੈ, ਇਸ ਦੀ ਚੋਟੀ ਉਪਰ ਬੱਤੀਹ ਹਜਾਰ ਯੋਜਨ ਦਾ ਮੈਦਾਨ ਹੈ। ਜੁਗਰਾਫੀਏ ਦੀ ਡਿਕਨਰੀ ਅਨੁਸਾਰ ਰੁਦ੍ਰਹਿਮਾਲਯ ਦਾ ਨਾਉਂ ਸੁਮੇਰੁ ਹੈ।ਪੰਨਾ 218.

24. **ਸਿੰਗਲਾਦੀਪ :** ਜਿਸ ਵਿੱਚ ਬਹੁਤੇ ਸਿੰਹ ਰਹਿਣ, ਐਸਾ ਟਾਪੂ। ਪੰਨਾ 191.

25. **ਖਡੂਰ:** ਜਿਲ੍ਹਾ ਅੰਮ੍ਰਿਤਸਰ, ਥਾਣਾ ਵੈਰੋਵਾਲ ਵਿੱਚ ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਨਿਵਾਸ ਅਸਥਾਨ, ਜੋ ਤਰਨਤਾਰਨ ਰੇਲਵੇ ਸਟੇਸ਼ਨ ਤੋਂ ਵਾਯਵੀ ਕੋਣ 10 ਮੀਲ ਹੈ। ਪੰਨਾ 366.

26. **ਮੱਕਾ:** ਮੱਕਹ, ਅਰਬ ਦਾ ਪ੍ਰਸਿੱਧ ਨਗਰ, ਜੋ ਮੁਹੰਮਦ ਸਾਹਿਬ ਦਾ ਜਨਮ ਅਸਥਾਨ ਹੈ, ਅਤੇ ਜਿਸ ਵਿੱਚ ਇਸਲਾਮ ਦਾ ਸਭ ਤੋਂ ਉਤਮ ਧਰਮ-ਮੰਦਿਰ 'ਕਾਬਾ' ਹੈ।ਇਹ ਜੱਦਹ ਬੰਦਰ (port) ਤੋਂ ਕਰੀਬ ਸੱਠ ਸੱਤਰ ਮੀਲ ਪਥਰੀਲੀ ਅਤੇ ਰੇਤਲੀ ਜਮੀਨ ਵਿੱਚ ਹੈ, ਸਿਵਾਇ ਹੱਜ ਆਏ ਯਾਤ੍ਰੀਆਂ ਦੇ ਇਥੇ ਹੋਰ ਕੋਈ ਰੌਣਕ ਦੀ ਗੱਲ ਨਹੀਂ ਹੈ।ਪਾਣੀ ਖੂਹਾਂ ਦਾ ਬਹੁਤ ਖਾਰਾ ਹੈ, ਛੀ ਸੱਤ ਮੀਲ ਤੋਂ ਪੀਣ ਲਾਇਕ ਪਾਣੀ ਆਉਂਦਾ ਹੈ, ਮੱਕੇ ਦਾ ਪਹਿਲਾ ਨਾਮ 'ਬੱਕਾ' ਹੈ. ਮੱਕੇ ਪਾਸ ਜੋ ਖੁਸ਼ਕ ਪਹਾੜੀਆਂ ਹਨ, ਉਨ੍ਹਾਂ ਦੀ ਬੁਲੰਦੀ 500 ਫੁੱਟ ਤੋਂ ਵੱਧ ਨਹੀਂ, ਮਿਸ਼ਾਕਤ ਵਿੱਚ ਲਿਖਿਆ ਹੈ ਕਿ ਹਜਰਤ ਮੁਹੰਮਦ ਨੇ ਆਖਿਆ ਸੀ ਕਿ 'ਮੱਕਾ ਆਦਮੀ ਨੇ ਨਹੀਂ, ਕਿੰਤੂ ਖੁਦਾ ਨੇ ਪਵਿਤ੍ਰ ਥਾਪਿਆ ਹੈ ਮੇਰੀ ਉੱਮਤ ਇਥੇ ਹਮੇਸ਼ਾ ਰਕਿਤ ਰਹੇਗੀ ਅਰ ਇਸ ਨਗਰ ਦਾ ਸਨਮਾਨ ਕਰਨ ਅਗਲੀ ਦੁਨੀਆਂ ਵਿੱਚ ਭੀ ਸੁਖੀ ਹੋਵੇਗੀ', ਮੱਕੇ ਦਾ ਨਾਉਂ 'ਉਮੁੱਲ ਕੁਰਾ' ਅਰਥਾਤ 'ਨਗਰਾਂ ਦੀ ਮਾਂ' ਭੀ ਦੇਖਿਆ ਜਾਂਦਾ ਹੈ। ਪੰਨਾ 939.

27. **ਮੁਲਤਾਨ:** ਮੂਲਤ੍ਰਾਣ, ਪੂਰਵਕਾਲ ਵਿਚ ਜਿੱਥੇ ਭਗਤ ਦੀ ਤ੍ਰਾਣ(ਰਖਯਾ) ਹੋਈ ਹੈ, ਪੰਜਾਬ ਦਾ ਇਕ ਕਮਿਸ਼ਨਰੀ ਦਾ ਪ੍ਰਧਾਨ ਨਗਰ, ਇਹ ਬਹੁਤ ਪੁਰਾਣਾ ਸ਼ਹਿਰ ਹੈ, ਹਰਨਾਖਸ ਅਤੇ ਹਿਰਨਕਸ਼ਿਪ ਇਸੇ ਥਾਂ ਹੋਏ ਹਨ, ਪ੍ਰਹਲਾਦ ਦੀ ਰੱਖਿਆ ਨਰਸਿੰਘ ਨੇ ਜਿਸ ਜਗ੍ਹਾ ਕੀਤੀ ਹੈ, ਉਸ ਦਾ ਸਮਾਰਕ ਮੰਦਿਰ ਕਿਲੇ ਅੰਦਰ ਵਿਦਯਮਾਨ ਹੈ, ਸਤਿਗੁਰੂ ਨਾਨਕ ਦੇਵ ਦੇ ਵਿਰਾਜਣ ਦਾ ਅਸਥਾਨ ਪੀਰਾਂ ਦੇ ਮਕਾਨ ਵਿੱਚ ਹੈ, ਪੁਜਾਰੀ ਮੁਸਲਮਾਨ ਹਨ। ਪੰਨਾ 989.

## ਵਿਅਕਤੀ ਵਿਸ਼ੇਸ਼

1. **ਨਾਨਕ :** ਸ੍ਰੀ ਗੁਰੂ ਨਾਨਕ ਸਵਾਮੀ ਦਾ ਨਾਮ, ਸ਼੍ਰੀ ਗੁਰੂ ਨਾਨਕ ਦੇਵ ਦੇ ਨੌ ਰੂਪ-ਦੂਜੇ ਸਤਿਗੁਰੂ ਤੋਂ ਦਸਮ ਤੀਕ ਜਿਨ੍ਹਾਂ ਦੀ ਨਾਨਕ ਸੰਗਯਾ ਹੈ। ਪੰਨਾ 692.
2. **ਕਾਲੂ :** ਮਾਤਾ ਬਨਾਰਸੀ ਦੇ ਉਦਰ ਤੋਂ ਬੇਦੀ (ਵੇਦੀ) ਸ਼ਿਵਨਾਰਾਯਣ (ਅਥਵਾ ਸ਼ਿਵਰਾਮ ਦੇ ਘਰ ਸੰਮਤ 1497 ਵਿੱਚ ਆਪ ਦਾ ਜਨਮ) ਪੰਨਾ 325.
3. **ਖੜ੍ਹੀ :** ਹਿੰਦੂਆਂ ਦੇ ਵਰਣਾਂ ਵਿੱਚੋਂ ਦੂਜਾ ਵਰਣ 'ਖੜ੍ਹੀ'। 'ਬ੍ਰਾਹਮਣ ਸੂਦ ਬੈਸੁ ਉਧਰੈ ਸਿਮਰਿ ਚੰਡਾਲ' ਪੰਨਾ 366.
4. **ਰਾਇ ਬੁਲਾਰ ਭੱਟੀ :** ਮੁਸਲਮਾਨ ਸਰਦਾਰ, ਜੋ ਲੋਦੀ ਵੰਸ ਦਾ ਮਾਲ ਗੁਜਾਰ ਅਤੇ ਤਲਵੰਡੀ ਦੇ ਆਸ ਪਾਸ ਦੇ ਪਰਗਲਿਆਂ ਦਾ ਮਾਲਕ ਸੀ। ਰਾਇ ਬੁਲਾਰ ਗੁਰੂ ਨਾਨਕ ਦਾ ਪਰਮ ਸੇਵਕ ਅਤੇ ਸ਼ਰਧਾਲੂ ਹੋਇਆ ਹੈ। ਪੰਨਾ 1026.
5. **ਲਖਮੀ ਦਾਸ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਛੋਟੇ ਸੁਪੁਤ੍ਰ, ਜਿਨ੍ਹਾਂ ਦਾ ਜਨਮ ਮਾਤਾ ਸੁਲਖਣੀ ਦੇ ਉਦਰ ਤੋਂ 19 ਫੁੱਗਣ ਸੰਮਤ 1553 ਨੂੰ ਸੁਲਤਾਨਪੁਰ ਵਿੱਚ ਹੋਇਆ।
ਪੰਨਾ 1056.
6. **ਸਿਰੀ ਚੰਦ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਡੇ ਸੁਪੁੱਤਰ, ਜੋ ਭਾਦੋਂ ਸੁਦੀ 9 ਸੰਮਤ 1551 ਨੂੰ ਮਾਤਾ ਸੁਲਖਨੀ ਤੋਂ ਸੁਲਤਾਨਪੁਰ ਵਿੱਚ ਜਨਮੇ, ਇਹ ਉਦਾਸੀ ਮਤ ਦੇ ਪ੍ਰਚਾਰਕ ਅਤੇ ਮਹਾਨ ਸਿੱਧ ਪੁਰਖ ਹੋਏ ਹਨ। ਆਪ ਦਾ ਨਿਵਾਸ ਅਸਥਾਨ ਬਾਰਠ ਪਿੰਡ ਵਿੱਚ ਸੀ। ਪੰਨਾ 251.
7. **ਦਉਲਤ ਖਾਨ :** ਇਬਰਾਹੀਮ ਲੋਦੀ ਦਿਲੀ-ਪਤਿ ਦਾ ਥਾਪਿਆ ਹੋਇਆ ਪੰਜਾਬ ਦਾ ਗਵਰਨਰ, ਜੋ ਵਿਸ਼ੇਸ਼ ਕਰਕੇ ਸੁਲਤਾਨਪੁਰ ਰਿਹਾ ਕਰਦਾ ਸੀ, ਕਿਯੋਂਕਿ ਇਹ ਇਲਾਕਾ ਦਉਲਤ ਖਾਨ ਨੂੰ ਜਾਗੀਰ ਮਿਲਿਆ ਹੋਇਆ ਸੀ, ਇਸੇ ਦਾ ਮੋਦੀਖਾਨਾ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ, ਬਾਬਰ ਨੂੰ ਇਸ ਨੇ ਗੁਪਤ ਭੇਤ ਅਤੇ ਸਹਾਇਤਾ ਦਾ ਭਰੋਸਾ ਦੇ ਕੇ ਹਿੰਦੁਸਤਾਨ ਪੁਰ ਚੜ੍ਹਨ ਲਈ ਪ੍ਰੇਰਿਆ ਸੀ, ਪਰ ਅੰਤ ਨੂੰ ਇਸ ਦੀ ਬਾਬਰ ਨਾਲ ਅਣਬਣ ਹੋ ਗਈ ਸੀ, ਦੌਲਤ ਖਾਨ ਦਾ ਦੇਹਾਂਤ 1526 ਵਿੱਚ ਹੋਇਆ। ਪੰਨਾ 654.
8. **ਮਰਦਾਨਾ :** ਲੈਖੋ ਦੇ ਉਦਰ ਤੋਂ ਬਾਦਰੇ ਮਿਰਾਸੀ ਦਾ ਪੁਤ੍ਰ, ਜੋ ਸੰਮਤ 1516 ਵਿੱਚ ਤਲਵੰਡੀ ਜਨਮਿਆ, ਅਤੇ ਸ੍ਰੀ ਗੁਰੂ ਨਾਨਕ ਦੇਵ ਦਾ ਸਿੱਖ ਹੋ ਕੇ 'ਭਾਈ' ਪਦ ਦਾ ਅਧਿਕਾਰੀ ਹੋਇਆ। ਇਹ ਦੇਸ਼ ਦੇਸ਼ਾਂਤਰਾਂ ਵਿੱਚ ਜਗਤ ਗੁਰੂ ਦੀ ਸੇਵਾ ਵਿੱਚ ਹਾਜ਼ਿਰ ਰਹਿ ਕੇ ਕੀਰਤਨ ਕਰਦਾ

ਰਿਹਾ, ਇਸ ਦਾ ਦੇਹਾਂਤ 13 ਮੱਘਰ ਸੰਮਤ 1591 ਨੂੰ ਅਫਗਾਨਿਸਤਾਨ ਦੇ ਕੁੱਰਮ ਦਰਿਆ ਦੇ ਕਿਨਾਰੇ ਕੁੱਰਮ ਨਗਰ ਵਿੱਚ ਹੋਇਆ ।

ਪੰਨਾ 954.

9. **ਸ਼ੇਖ਼ ਸ਼ਰਫ਼ :** ਅਬੂ ਅਲੀ ਕਲੰਦਰ, ਇਸ ਦਾ ਪ੍ਰਸਿੱਧ ਨਾਉਂ ਸ਼ੇਖ਼ ਸ਼ਰਫ਼ ਹੈ, ਇਹ ਈਰਾਨ ਵਿੱਚ ਪੈਦਾ ਹੋਇਆ ਅਤੇ ਹਿੰਦੁਸਤਾਨ ਆ ਕੇ ਪਾਨੀਪਤ ਨਿਵਾਸ ਕੀਤਾ, ਇਸੇ ਥਾਂ 30 ਅਗਸਤ ਸਨ 1332 ਨੂੰ ਇਸ ਮਹਾਤਮਾ ਦਾ ਦੇਹਾਂਤ ਹੋਇਆ।ਸ਼ੇਖ਼ ਸ਼ਰਫ਼ ਦਾ ਮਕਬਰਾ ਪਾਨੀਪਤ ਵਿੱਚ ਪ੍ਰਸਿੱਧ ਅਸਥਾਨ ਹੈ। ਪੰਨਾ 226.

10. **ਫਰੀਦ :** ਅਦੁਤੀ, ਲਾਸਾਨੀ। ਸ਼ੇਖ਼ ਫਰੀਦ ਦਾ ਜਨਮ ਸ਼ੇਖ਼ ਜਲਾਲੁੱਦੀਨ ਸੁਲੈਮਾਨ ਦੇ ਘਰ, ਮਾਤਾ ਮਰਿਯਮ ਦੇ ਉਦਰ ਤੋਂ ਕੋਠੀਵਾਲ ਪਿੰਡ ਵਿੱਚ (ਜੋ ਹੁਣ ਚਾਵਲੀ ਮਸ਼ਾਯਖ ਕਰਕੇ ਪ੍ਰਸਿੱਧ ਹੈ), ਸੰਮਤ 1231 (ਸੰਨ 1173) ਵਿੱਚ ਹੋਇਆ। ਆਪ ਖਵਾਜ਼ਾ ਕੁਤਬੁੱਦੀਨ ਬਖਤਯਾਰ ਕਾਕੀ ਦੇ ਮੁਰੀਦ ਹੋਏ, ਫਰੀਦ ਜੀ ਵਡੇ ਵਿਦਵਾਨ, ਮਹਾਂ ਤਿਆਗੀ, ਪਰਮ ਤਪਸਵੀ ਅਰ ਕਰਤਾਰ ਦੇ ਅਨੰਨ (ਅਨਨਯ) ਉਪਾਸ਼ਕ ਸਨ, ਆਪ ਨੇ ਅਜੋਧਨ ਵਿੱਚ (ਜੋ ਹੁਣ ਪਾਕਪਟਨ ਅਰਥਾਤ ਪਾਕ ਪੱਤਨ ਸੱਦੀਦਾ ਹੈ), ਰਹਾਇਸ਼ ਕੀਤੀ। ਸੰਮਤ 1323 (ਸੰਨ 1266) ਵਿੱਚ ਫਰੀਦ ਜੀ ਦਾ ਦੇਹਾਂਤ ਪਾਕਪਟਨ ਹੋਇਆ। ਪੰਨਾ 811.

11. **ਸ਼ੇਖ਼ ਬ੍ਰਹਮ :** ਸ੍ਰੀ ਗੁਰੂ ਨਾਨਕ ਦੇਵ ਜੀ ਮੁਲਾਕਾਤ ‘ਸ਼ੇਖ਼ ਬ੍ਰਹਮ’ (ਸ਼ੇਖ਼ ਇਬਰਾਹਿਮ ਜੀ) ਨਾਲ (ਜਿਨ੍ਹਾਂ ਦੇ ਨਾਮ ਫਰੀਦ ਸਾਨੀ, ਬਲਰਾਜਾ, ਸਾਲਿਸ, ਫਰੀਦ ਆਦਿਕ ਹਨ) ਦੋ ਵਾਰ ਹੋਈ, ਪੁਰਾਣੀਆਂ ਸਾਖੀਆਂ ਅਤੇ ਨਾਨਕ ਪ੍ਰਕਾਸ਼ ਵਿੱਚ ਭੀ ਬ੍ਰਹਮ ਹੀ ਨਾਮ ਆਉਂਦਾ ਹੈ। ਫਰੀਦ ਸਾਨੀ ਦਾ ਦੇਹਾਂਤ ਸੰਮਤ 1610 ਵਿੱਚ ਹੋਇਆ, ਇਸ ਲਈ ਗੁਰੂ ਨਾਨਕ ਸਵਾਮੀ ਦੇ ਸਮਕਾਲੀ ਸਨ। ਪੰਨਾ 811.

12. **ਬਜੀਦ :** ਬਾਯਜੀਦ, ਇਕ ਮਹਾਤਮਾ ਸਾਧੂ, ਜੋ ਬਸਤਾਮ (ਮੁਲਕ ਫ਼ਾਰਿਸ) ਵਿੱਚ ਰਹਿੰਦਾ ਸੀ। ਪੰਨਾ 833.

13. **ਚਤੁਰਦਾਸ :** ਕਾਸ਼ੀ ਨਿਵਾਸੀ ਇਕ ਪੰਡਿਤ, ਜੋ ਗੁਰੂ ਨਾਨਕ ਦੇਵ ਦਾ ਸਿੱਖ ਹੋਇਆ। ਕਸ਼ਮੀਰ ਨਿਵਾਸੀ ਇਕ ਵਿਦਿਆ ਭਿਮਾਨੀ ਪੰਡਿਤ, ਜੋ ਗੁਰੂ ਨਾਨਕ ਦੇਵ ਦਾ ਉਪਦੇਸ਼ ਸੁਣਕੇ ਗੁਰਸਿੱਖ ਹੋਇਆ।ਪੰਨਾ 454.

14. **ਸੱਜਣ ਠੱਗ :** ਤੁਲੰਬਾ ਅਥਵਾ ਤੁਲੰਭਾ ਪਿੰਡ (ਜਿਲਾ ਮੁਲਤਾਨ) ਦਾ ਵਸਨੀਕ ਬਗੁਲ ਸਮਾਧੀ ਇਕ ਠੱਗ ਸੀ, ਜਿਸ ਨੇ ਧਰਮ ਮੰਦਿਰ ਬਣਾ ਕੇ ਲੋਕਾਂ ਦੇ ਫਸਾਉਣ ਲਈ ਅਨੇਕ ਉਪਾਇ ਰਚ ਰੱਖੇ ਸਨ। ਪੰਨਾ 145.

15. **ਚਰਪਟ :** ਇਕ ਯੋਗੀ, ਜੋ ਮਛੇਂਦ੍ਰ ਨਾਥ ਦੀ ਦ੍ਰਿਸ਼ਿਟ ਤੋਂ ਪੈਦਾ ਹੋਇਆ ਲਿਖਿਆ ਹੈ, ਇਸ ਦੀ ਚਰਚਾ ਗੁਰੂ ਨਾਨਕ ਦੇਵ ਨਾਲ ਹੋਈ। ਪੰਨਾ 457.

16. **ਮੀਰਖਾਨ :** ਇਹ ਔਰੰਗਜੇਬ ਦਾ ਮੰਤ੍ਰੀ ਸੀ, ਇਸਨੇ ਚੰਬੇ ਦੇ ਰਾਜਾ ਸ਼ਤ੍ਰ ਸਿੰਘ ਨੂੰ ਸੰਨ 1666 ਵਿੱਚ ਸਨਦ ਦਿੱਤੀ ਹੈ, ਇਸ ਤੋਂ ਇਸ ਦੇ ਅਧਿਕਾਰ ਦਾ ਸਮਾਂ ਮਲੂਮ ਹੋ ਸਕਦਾ ਹੈ। ਪੰਨਾ 974.

17. **ਕਰੋੜੀ :** ਦੁਨੀਚੰਦ ਸ਼ਾਹੂਕਾਰ ਦੀ ਉਪਾਧੀ, ਜੋ ਸ੍ਰੀ ਗੁਰੂ ਨਾਨਕ ਦੇਵ ਦਾ ਸਿੱਖ ਹੋ ਕੇ ਭਰਮ ਪਾਖੰਡ ਨੂੰ ਤਯਾਗ ਕੇ ਪਰਉਪਕਾਰੀ ਹੋਇਆ, ਇਸ ਦਾ ਨਾਉਂ ਕਰੋੜੀ ਮੱਲ ਭੀ ਜਨਮਸਾਖੀ ਵਿੱਚ ਆਇਆ ਹੈ, ਕਰਤਾਰਪੁਰ ਨਗਰ ਵਸਾਉਣ ਲਈ ਇਸੇ ਨੇ ਧਨ ਖਰਚਿਆ ਅਤੇ ਸਤਿਗੁਰੂ ਦਾ ਮਹਿਲ ਤਥਾ ਧਰਮਸਾਲਾ ਬਣਵਾਈ। ਪੰਨਾ 307.

18. **ਦੁਨੀਚੰਦ :** ਸਤਿਗੁਰੂ ਨਾਨਕ ਦੇਵ ਦਾ ਲਾਹੌਰ ਨਿਵਾਸੀ ਇਕ ਸਿੱਖ, ਜਿਸ ਨੂੰ ਸਤਿਗੁਰੂ ਨੇ ਮੋਏ ਪਿਤਰਾਂ ਦਾ ਸ਼੍ਰਾਧ ਕਰਮ ਨਿਸਫਲ ਦੱਸ ਕੇ ਸਤਯ ਉਪਦੇਸ਼ ਦਿੱਤਾ। ਪੰਨਾ 643.

19. **ਸੈਦੋ :** ਘੇਈ ਗੋਤ ਦਾ ਖਤ੍ਰੀ ਜੋ ਵਰੁਣ (ਖਵਾਜੇ) ਦਾ ਭਗਤ ਸੀ ਸਤਿਗੁਰੂ ਨਾਨਕ ਦੇਵ ਜੀ ਦਾ ਸਿੱਖ ਹੋ ਕੇ ਇਕ ਅਕਾਲ ਦਾ ਪੂਜਕ ਹੋਇਆ, ਦੱਖਣ ਦੀ ਯਾਤਰਾ ਸਮੇਂ ਇਹ ਜਗਤ ਗੁਰੂ ਦੀ ਸੇਵਾ ਵਿੱਚ ਹਾਜਰ ਰਿਹਾ ਹੈ। ਪੰਨਾ 229.

20. **ਗੋਰਖ ਨਾਥ :** ਜੋਗੀਆਂ ਦਾ ਆਚਾਰਯ ਗੋਰਖਨਾਥ, ਜਿਸ ਦਾ ਜਨਮ ਗੋਰਖਪੁਰ ਨਗਰ ਵਿੱਚ ਹੋਇਆ, ਬਹੁਤਿਆਂ ਨੇ ਗੋਰਖ ਨੂੰ ਮਛੇਂਦ੍ਰ ਨਾਥ ਦਾ ਚੇਲਾ ਅਤੇ ਪੁਤ੍ਰ ਲਿਖਿਆ ਹੈ, ਗੋਰਖਨਾਥ ਦੀ ਨੌ ਨਾਥਾਂ ਵਿੱਚ ਗਿਣਤੀ ਹੈ, ਜੋਗੀਆਂ ਦਾ ਕਨਪਟਾ ਪੰਥ ਇਸੇ ਮਹਾਤਮਾ ਤੋਂ ਚਲਿਆ ਹੈ। ਪੰਨਾ 431.

21. **ਰੁਕਨੁਦੀਨ** : ਦੀਨ (ਧਰਮ) ਦਾ ਥੰਮ੍ਹ, ਧਰਮ ਦਾ ਆਗੂ, ਕਾਜੀ ਰੁਕਨੁੱਦੀਨ, ਜਿਸ ਦੀ ਚਰਚਾ ਗੁਰੂ ਨਾਨਕ ਦੇਵ ਨਾਲ ਮੱਕੇ ਹੋਈ। ਪੰਨਾ 1041.

22. **ਦੁਰਗਾ :** ਦੁਰਗੰ ਦੈਤ ਨੂੰ ਮਾਰਨ ਵਾਲੀ ਦੇਵੀ। ਪੰਨਾ 644.

23. **ਅੰਗਦ :** ਸਿੱਖ ਕੌਮ ਦੇ ਦੂਜੇ ਪਾਤਸ਼ਾਹ, ਜਿਨ੍ਹਾਂ ਦਾ ਜਨਮ ਐਤਵਾਰ ਵੈਸਾਖ ਵਦੀ। (5 ਵੈਸਾਖ) ਸੰਮਤ 1561 ( 31 ਮਾਰਚ ਸੰਨ 1504) ਨੂੰ ਫੇਰੂ ਮੱਲ ਖਤ੍ਰੀ ਦੇ ਘਰ ਮਾਤਾ ਦਯਾ ( ਦਇਆ) ਕੌਰਿ ਦੇ ਉਦਰ ਤੋਂ ਮਤੇ ਦੀ ਸਰਾਇ ( ਜਿਲਾ ਫਿਰੋਜ਼ਪੁਰ) ਵਿੱਚ ਹੋਇਆ।ਇਨ੍ਹਾਂ ਦਾ ਪਹਿਲਾ ਨਾਉਂ ਲਹਿਣਾ ਸੀ। ਪੰਨਾ 111.

24. **ਲਹਿਣਾ :** ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ। ਪੰਨਾ 1053.

25. **ਭਰਥਰੀ :** ਇਕ ਯੋਗੀ, ਜਿਸ ਦੀ ਗੁਰੂ ਨਾਨਕ ਦੇਵ ਨਾਲ ਚਰਚਾ ਹੋਈ। ਪੰਨਾ 906.

26. **ਬਾਬਰ :** ਬਾਬੁਰ ਜਹੀਰੁੱਦੀਨ ਮੁਹੰਮਦ ਬਾਬਰ ਇਹ ਤੈਮੂਰ ਦੀ ਛੀਵੀਂ ਪੀੜ੍ਹੀ ਕੁਤਲਗ ਨਿਗ਼ਾਰ ਖਾਨਮ ਦੇ ਉਦਰ ਤੋਂ ਮਿਰਜਾ ਉਮਰ ਸ਼ੇਖ ਦਾ ਪੁਤ੍ਰ ਵਡਾ ਬਹਾਦੁਰ ਮੁਗਲ ਹੋਇਆ ਹੈ, ਇਸ ਦਾ ਜਨਮ 15 ਫਰਵਰੀ ਸਨ 1483 ਨੂੰ ਹੋਇਆ। ਬਾਬਰ ਦੀ ਮੁਲਾਕਾਤ ਸਤਿਗੁਰੂ ਨਾਨਕ ਦੇਵ ਨਾਲ ਸੈਦਪੁਰ ਏਮਾਨਾਬਾਦ ਹੋਈ ਸੀ, ਉਸ ਸਮੇਂ ਉਚਾਰੇ ਹੋਏ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁਗਲ ਅਤੇ ਪਠਾਣਾਂ ਦੀ ਲੜਾਈ ਦਾ ਪੂਰਾ ਹਾਲ ਪ੍ਰਗਟ ਕਰਦੇ ਹਨ। ਪੰਨਾ 854.

27. **ਚੰਦਕਲਾ :** ਨਾਨਕ ਪ੍ਰਕਾਸ਼ ਅਨੁਸਾਰ ਲੰਕਾ ਪਤਿ ਸ਼ਿਵਨਾਭ ਦੀ ਪਟਰਾਣੀ, ਜਿਸ ਨੇ ਜਗਤ ਗੁਰੂ ਦੀ ਸਿੱਖੀ ਧਾਰਣ ਕੀਤੀ। ਪੰਨਾ 482.

28. **ਨੂਰਸ਼ਾਹਿ :** ਜਨਮਸਾਖੀ ਅਨੁਸਾਰ ਕਾਮਰੂਪ ਦੀ ਇਕ ਚੇਟਕੀ ਰਾਣੀ, ਜੋ ਮੰਤ੍ਰਾ ਜੰਤ੍ਰਾਂ ਦੇ ਅਭਯਾਨ ਵਿੱਚ ਉਮਰ ਗਵਾ ਰਹੀ ਸੀ, ਸਤਿਗੁਰੂ ਨਾਨਕ ਨੇ ਇਸ ਨੂੰ ਸੁਮਾਰਗ ਪਾਇਆ। ਪੰਨਾ 718.

29. **ਮੀਯਾ ਮਿਠਾ :** ਮਿਠਨ ਕੋਟ (ਡੇਰਾ ਗਾਜੀ ਖਾਂ ਦੇ ਇਲਾਕੇ) ਦਾ ਵਸਨੀਕ ਫਕੀਰ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਕੀਰ ਹੋਇਆ। ਪੰਨਾ 973.

30. **ਸੀਹਾ :** ਸਤਿਗੁਰੂ ਨਾਨਕ ਦੇਵ ਦਾ ਗੁਰਮੁਖ ਸਿੱਖ, ਜਿਸ ਦਾ ਨਾਂ ਭਾਈ ਸੱਜਣ ਸੀ। ਪੰਨਾ 202.

31. **ਮਖਦੂਮ :** ਖਾਦਿਮ/ ਸੇਵਕ/ ਕੁਰੈਸੀ ਸੈਯਦਾਂ ਦੀ ਇਕ ਉਪਾਧੀ। ਪੰਨਾ 939.

32. **ਜੈਰਾਮ :** ਸੁਲਤਾਨਪੁਰ ਵਾਸੀ ਖੜ੍ਹੀ, ਜੋ ਸਤਿਗੁਰੂ ਨਾਨਕ ਦੇਵ ਦੀ ਭੈਣ ਬੀਬੀ ਨਾਨਕੀ ਜੀ ਦਾ ਪਤਿ, ਅਤੇ ਸੁਲਤਾਨਪੁਰ ਦੇ ਹਾਕਮ ਦੌਲਤ ਖਾਂ ਦਾ ਆਮਿਲ ਸੀ, ਇਸੇ ਦੀ ਪ੍ਰੇਰਨਾ ਨਾਲ ਗੁਰੂ ਸਾਹਿਬ ਨੇ ਦੌਲਤ ਖਾ ਦਾ ਮੋਦੀ ਹੋਣਾ ਅੰਗੀਕਾਰ ਕੀਤਾ ਸੀ। ਪੰਨਾ 534.

33. **ਝੰਡਾ ਬਾਢੀ :** ਸਿਆਣੇ ਪਿੰਡ (ਜਿਲਾ ਕਰਨਾਲ) ਦਾ ਵਸਨੀਕ ਇਕ ਤਖਾਣ, ਜੋ ਗੁਰੂ ਨਾਨਕ ਦੇਵ ਦਾ ਸਿੱਖ ਮਹਾ ਆਤਮ ਗਯਾਨੀ ਅਤੇ ਉਪਕਾਰੀ ਸੀ, ਇਹ ਜਗਤ ਗੁਰੂ ਦੇ ਨਾਲ ਕੁਝ ਕਾਲ ਯਾਤਰਾ ਵਿੱਚ ਭੀ ਰਿਹਾ ਹੈ। ਇਸ ਦੀ ਔਲਾਦ ਨੇ ਸੰਮਤ 1759 ਵਿਚ ਕਲਗੀਧਰ ਤੋਂ ਅੰਮ੍ਰਿਤ ਛਕਿਆ। ਪੰਨਾ 547.

34. **ਸਿਉਨਾਭੁ :** ਦ੍ਵੀਪ ਦਾ ਰਾਜਾ, ਜੋ ਸਤਿਗੁਰੂ ਨਾਨਕ ਦੇਵ ਜੀ ਦਾ ਸਿੱਖ ਹੋਇਆ। ਪੁਰਾਣਾ ਅਨੁਸਾਰ ਇਕ ਖਾਸ ਜਾਤਿ ਦਾ ਸ਼ਿਵਲਿੰਗ ਅਤੇ ਸਾਲਗ੍ਰਿਮ। ਪੰਨਾ 201.

35. **ਗੋਪੀਚਦ** : ਇਕ ਯੋਗੀ, ਜਿਸ ਦੀ ਗੁਰੂ ਨਾਨਕ ਦੇਵ ਨਾਲ ਚਰਚਾ ਹੋਈ। ਪੰਨਾ 429.

## ਔਖੇ ਸ਼ਬਦ/ ਅਰਥ

1. **ਪਹਰੁ :** ਇਕ ਰਾਤ ਦਾ ਅੱਠਵਾਂ ਭਾਗ, ਤਿੰਨ ਘੰਟੇ ਦਾ ਸਮਾਂ। ਪੰਨਾ 729.
2. **ਜਤੀਆ :** ਜਤ ਰੱਖਣ ਵਾਲਾ, ਇੰਦ੍ਰੀਆਂ ਨੂੰ ਕਾਬੂ ਕਰਨ ਵਾਲਾ, ਸੰਗਯਾ; ਮੁਨਿ, ਗੁਰਮੁਖਿ। ਪੰਨਾ 205.
3. **ਅਗਮ-ਨਿਗਮ :** ਰਸਤਾ, ਮਾਰਗ। ਪੰਨਾ 706.
4. **ਨਿਸਾ :** ਤਸੱਲੀ, ਸੰਤੋਖ। ਪੰਨਾ 701.
5. **ਸਾਦਿਕ :** ਸਿਦਕ ਰੱਖਣ ਵਾਲਾ। ਪੰਨਾ 182.
6. **ਵਿਕਾਰ :** ਪ੍ਰਕ੍ਰਿਤਿ ਦਾ ਬਦਲਣਾ, ਹੋਰ ਸ਼ਕਲ ਵਿਚ ਹੋਣਾ, ਤਬਦੀਲੀ। ਪੰਨਾ 865.
7. **ਨੀਸਾਣ :** ਝੰਡਾ/ ਧਵਜ। ਪੰਨਾ 702.
8. **ਫਲ :** ਉਤਪੰਨ ਕਰਨਾ, ਫਲ ਦਾ ਉਪਜਣਾ, ਕਾਮਯਾਬ ਹੋਣਾ। ਪੰਨਾ 813.
9. **ਨਿਧਾਨ :** ਆਧਾਰ, ਆਸ਼੍ਰਯ( ਆਸਰਾ)। ਪੰਨਾ 708.
10. **ਕੁਟੰਬ :** ਸੰ; ਕੁਟੁੰਬ, ਸੰਗਯਾ; ਸੰਤਾਨ, ਔਲਾਦ। ਪੰਨਾ 337.
11. **ਓੜਕ :** ਅੱਤ, ਹੱਦ, ਅਵਧਿ। ਪੰਨਾ 23.
12. **ਮਜਲਸ :** ਜਲੂਸ, (ਬੈਠਣ) ਦੀ ਥਾਂ। ਪੰਨਾ 942.
13. **ਵੈਦਾ :** ਗਮਨ ਕਰਦਾ, ਵੰਞਦਾ। ਪੰਨਾ 1110.
14. **ਅਗਮ :** ਜੋ ਗਮਨ ਨਾ ਕਰੇ। ਪੰਨਾ 41.
15. **ਖੁਦਾਇ :** ਖ਼ੁਦ ਹੋਣ ਵਾਲਾ, ਸ੍ਵਯੰਭਵ, ਕਰਤਾਰ। ਪੰਨਾ 382.
16. **ਦਿਲਗੀਰ :** ਦਿਲ ਜਿਸ ਦਾ ਫੜਿਆ ਗਿਆ ਹੈ, ਗ਼ਮਗੀਨ, ਸ਼ੋਕਾਤੁਰ। ਪੰਨਾ 634.
17. **ਵਾੜਿ :** ਵਾਟਿਕਾ, ਬਗੀਚਾ। ਪੰਨਾ 1092.
18. **ਵਿਸਾਹੁ :** ਵਿਸ਼ਵਾਸ, ਯਕੀਨ, ਭਰੋਸਾ। ਪੰਨਾ 1093.
19. **ਓਦਰਿਆ :** ਉਦਾਸ ਹੋਣਾ। ਪੰਨਾ 22.
20. **ਵੈਦੁ :** ਸੰ; ਵੈਦਯ, ਜੋ ਵਿਦਿਆ ਰੱਖਦਾ ਹੈ। ਪੰਨਾ 1110.
21. **ਘਿਨਿ :** ਧਾ-ਲੈਣਾ, ਪਕੜਨਾ(ਗ੍ਰਹਣ)। ਪੰਨਾ 444.
22. **ਨਾਟਕਾ :** ਨਾੜੀ, ਨਬਜ। ਪੰਨਾ 691.
23. **ਪਗ :** ਪੈਰੀਂ, ਚਰਣੀ। ਪੰਨਾ 732.
24. **ਛਿਕਿ :** ਘੁੱਟ ਕੇ, ਕਸ ਕੇ। ਪੰਨਾ 490.

25. **ਹੈਰਾਨ :** ਵਿ; ਅਚਰਜ ਸਹਿਤ। ਪੰਨਾ 282.

26. **ਕਿਤਾਬਤ** : ਸੰਗਯਾ; ਲਿਖਤ, ਤਹਰੀਰ। ਪੰਨਾ 328.

27. **ਜਹਾਨ :** ਜਗਤ, ਸੰਸਾਰ। ਪੰਨਾ 498.

28. **ਪੇਸਕਸੀ :** ਸੋਗਾਤ, ਤੋਹਫਾ। ਪੰਨਾ 782.

29. **ਦਿਆਨਤਦਾਰੁ :** ਈਮਾਨਦਾਰੀ, ਸੱਚਾਈ। ਪੰਨਾ 621.

30. **ਅਲੂਫਾ :** ਤਨਖਾਹ, ਵਜ਼ੀਫਾ। ਪੰਨਾ 86.

31. **ਵੈਦਾ :** ਗਮਨ ਕਰਦਾ। ਪੰਨਾ 110.

32. **ਖਿਜਮਤਿ ਦਾਰੁ :** ਖਿਦਮਤ ਕਰਨ ਵਾਲਾ/ ਸੇਵਕ। ਪੰਨਾ 378.

33. **ਤਸਲੀਮ :** ਸੰਗਯਾ; ਪ੍ਰਣਾਮ/ ਸਲਾਮ। ਪੰਨਾ 569.

34. **ਨਿਰਲੇਪੁ :** ਬਿਨਾ ਲੇਪ, ਦੋਸ਼ ਆਦਿ ਵਿਕਾਰਾਂ ਦਾ ਜਿਸ ਪੁਰ ਅਸਰ ਨਹੀਂ। ਪੰਨਾ 713.

35. **ਘਾਟਿ :** ਘਾਟੁ (ਰਾਹਿ) ਵਿੱਚ। ਪੰਨਾ 443.

36. **ਹੈਫੁ :** ਸ਼ੋਕ/ ਅਫਸੋਸ। ਪੰਨਾ 281.

37. **ਬਕਿ :** ਬੋਲ ਕੇ/ ਆਖ ਕੇ। ਪੰਨਾ 830.

38. **ਕਾਜੀ :** ਕਜ਼ਾ(ਫੈਸਲਾ) ਕਰਨ ਵਾਲਾ। ਪੰਨਾ 316.

39. **ਮੁਤਕਾ :** ਸੰਗਯਾ; ਸੇਲੀ/ ਸਯਾਜ ਡੋਰਾ, ਜੋ ਫਕੀਰ ਗਲ ਵਿਚ ਪਹਿਰਦੇ ਹਨ। ਪੰਨਾ 985.

40. **ਸੁਖਨੁ :** ਸੁਖਦਾਈ। ਪੰਨਾ 209.

41. **ਤਕਸੀਰ :** ਸੰਗਯਾ; ਅਪਰਾਧ/ ਕਸੂਰ। ਪੰਨਾ 570.

42. **ਨਿਮਾਜ :** ਸਨਾਤ/ ਨਮਾਜ/ ਇਸਲਾਮ ਦਾ ਦੂਜਾ ਉਸੂਲ ਹੈ। ਪੰਨਾ 682.

43. **ਧਿਰਿ :** ਵੱਲ/ ਓਰਿ। ਪੰਨਾ 667.

44. **ਵੇੜੇ :** ਅੰਙਣ/ ਸਹਨ/ ਵੇਹੜਾ। ਪੰਨਾ 885.

45. **ਨਿਵਾਜਸ :** ਨਵਾ ਖਤਨ ( ਵਡਾ ਕਰਨ) ਦਾ ਭਾਵ ਕ੍ਰਿਪਾ/ ਦਯਾ। ਪੰਨਾ 715.

46. **ਸਯੀਅਦ :** ਸਵਾਮੀ/ ਬਾਦਸ਼ਾਹ/ ਆਗੂ/ ਪੇਸ਼ਵਾ। ਪੰਨਾ 230.

47. **ਸੇਖ :** ਸੰਗਯਾ; ਬੁੱਢਾ/ ਬਜੁਰਗ/ ਵਿਦਵਾਨ। ਪੰਨਾ 226.

48. **ਮੁਫਤੀ :** ਫਤਵਾ ਦੇਣ ਵਾਲਾ/ ਫੈਸਲਾ ਲੈਣ ਵਾਲਾ। ਪੰਨਾ 988.

49. ਖਾਨ : ਸੰਗਯਾ; ਰਈਸ/ ਅਮੀਰ। ਪੰਨਾ 373.

50. **ਮਹਰਮੁ :** ਉਹ ਆਦਮੀ ਜਿਸ ਨੂੰ ਹਰਮ( ਜਨਾਨਖਾਨੇ) ਵਿੱਚ ਜਾਣ ਦੀ ਖੁਲ੍ਹ ਹੋਵੇ। ਪੰਨਾ 933.

51. **ਕਦਮੁ :** ਸਮੂਹ/ ਸਮੁਦਾਯ। ਪੰਨਾ 293.

52. **ਪਹੁਤਾ :** ਪੁੱਜਾ/ ਪਹੁੰਚਿਆ/ ਪਹੁਤਨਾ। ਪੰਨਾ 730.

53. **ਦਸਤ ਪੰਜਾ :** ਰੂਬਰੂ/ ਉਤਰ ਦੇਣ ਦੀ ਕ੍ਰਿਯਾ/ ਹਾਜ਼ਿਰ ਜਵਾਬੀ। ਪੰਨਾ 978.

54. **ਸਰਵੰਸ :** ਸਾਰਾ ਧਨ ਪਦਾਰਥ/ ਸਾਰੀ ਵਿਭੂਤਿ। ਪੰਨਾ 166.

55. **ਨਿਲੇਟ :** ਚੰਗੀ ਤਰ੍ਹਾਂ ਲਿਟਿਆ ਹੋਇਆ/ ਲੋਟ ਪੋਟ। ਪੰਨਾ 591.

56. **ਤ੍ਰਿਪਤਦਾ :** ਰੱਜਦਾ। ਪੰਨਾ 591.

57. **ਠਉਰ :** ਸਥਾਨ/ ਠਹਿਰਨ ਦੀ ਜਗ੍ਹਾ। ਪੰਨਾ 553.

58. ਤਸਬੀ : ਤਸਬੀਹ; ਇਸ ਦਾ ਮੂਲ ਸੁਬਹ ਅਥਵਾ ਸੁਬਹਾਨ ਹੈ, ਪਵਿਤ੍ਰ ਰੂਪ (ਕਰਤਾਰ ਨੂੰ ਸਿਮਰਨ ਦੀ ਕ੍ਰਿਯਾ)। ਪੰਨਾ 568.

59. **ਮੁਸਲਾ :** ਸੱਲਤ (ਨਮਾਜ਼) ਪੜ੍ਹਣ ਦਾ ਆਸਣ। ਪੰਨਾ 977.

60. **ਗੁਹਜੁ :** ਗੁਪਤ। ਪੰਨਾ 411.

61. **ਗੁਦਰਦੀ :** ਗੁਜਾਰਾ। ਪੰਨਾ 411.

62. **ਘਿੰਨ :** ਪਕੜਨਾ। ਪੰਨਾ 444.

63. **ਧਰੀਕ :** ਧਾਰਣ ਕਰੀਜੈ। ਪੰਨਾ 664.

64. **ਅਸਤਾਵਾ :** ਆਫ਼ਤਾਬਾ, ਅਸਲ ਸਬਦ ਆਬ ਤਾਬਾ ਹੈ। ਬੇ ਦਾ ਬਦਲ ਫ਼ੇ ਨਾਲ ਹੋ ਗਿਆ ਹੈ ਟੂਟੀਦਾਰ ਲੋਟਾ, ਜੋ ਮੁਸਲਮਾਨ ਕਮੰਡਲੁ ਦੀ ਥਾਂ ਸਰੀਰ ਦੀ ਸ਼ੁੱਧੀ ਲਈ ਰੱਖਦੇ ਹਨ।ਪੰਨਾ 26.

65. **ਖਫਨੀ :** ਫਕੀਰਾਂ ਦੇ ਗਲ ਦਾ ਇਕ ਵਸਤ੍ਰ, ਜੋ ਕਫਨ ਦੀ ਸ਼ਕਲ ਦਾ ਹੁੰਦਾ ਹੈ, ਜੋ ਲੋਕ ਆਪਣੇ ਤਾਈਂ ਮੁਰਦਾ ਸਮਝਦੇ ਹਨ, ਕਫ਼ਨੀ ਪਹਿਰਦੇ ਹਨ। ਪੰਨਾ 297.

66. **ਟੋਪੀ :** ਛੋਟਾ ਟੋਪ/ ਕੁਲਾਹ। ਪੰਨਾ 553.

67. **ਸੁਖਪਾਲਿ :** ਸੁਖਦਾਇਕ ਪਲਨਾ। ਪੰਨਾ 208.

68. **ਭੇਖੁ :** ਵੇਸ਼ ਕਰਕੇ। ਪੰਨਾ 923.

69. **ਸਾਲ ਗਿਰਾਮ :** ਸਾਲਗ੍ਰਾਮ ਨਗਰ ਕੋਲੋਂ ਗੰਡਕੀ ਨਦੀ ਵਿਚੋਂ ਨਿਕਲਿਆ ਗੋਲ ਪੱਥਰ, ਜਿਸ ਉੱਪਰ ਚਕ੍ਰ ਦਾ ਚਿੰਨ੍ਹ ਹੁੰਦਾ ਹੈ, ਹਿੰਦੂ ਇਸ ਨੂੰ ਵਿਸ਼ਨੂੰ ਦੀ ਮੂਰਤੀ ਮੰਨਦੇ ਹਨ। ਪੰਨਾ 187.

70. **ਮਲੀਣੁ :** ਮੈਲਾ। ਪੰਨਾ 957.

71. **ਰਵਦੇ :** ਜਾਂਦਾ ਹੈ। ਪੰਨਾ 1025.

72. **ਟਾਂਡੈ :** ਵਣਜਾਰਿਆਂ ਦੀ ਅਬਾਦੀ। ਪੰਨਾ 549.

73. **ਅਲਤਾ :** ਲਾਖ ਤੋਂ ਬਣਿਆ ਇਕ ਪ੍ਰਕਾਰ ਦਾ ਲਾਲ ਰੰਗ, ਜੋ ਸ਼ਾਦੀ ਅਤੇ ਹੋਲੀ ਤੇ ਵਰਤੀਦਾ ਹੈ। ਪੰਨਾ 84.

74. **ਲਹੁੜਾ :** ਲਘੂ। ਪੰਨਾ 1054.

75. **ਉਠ ਚਲਿਆ :** ਚਲੇ ਜਾਣਾ/ ਮਰ ਜਾਣਾ। ਪੰਨਾ 5.

76. **ਪਾਲੀ :** ਪਸ਼ੂਆਂ ਦਾ ਰਾਖਾ। ਪੰਨਾ 767.

77. **ਲੋਡੀ :** ਲੜਕੀ। ਪੰਨਾ 1053.

78. **ਲੋਲੀਖਾਨਾ :** ਵੇਸ਼ਯਾਖਾਨਾ। ਪੰਨਾ 1057.

79. **ਵਿਕਰਮ :** ਕੁਕਰਮ। ਪੰਨਾ 1093.

80. **ਕਰਾਰੁ :** ਪ੍ਰਤਿਗਯਾ/ ਵਾਦਾ। ਪੰਨਾ 305.

81. **ਗੁਝੀ :** ਗੁਹਜ। ਪੰਨਾ 412.

82. **ਨਰਕਿ :** ਪੁਰਾਣਾ ਅਨੁਸਾਰ ਉਹ ਦੇਸ, ਜਿਥੇ ਪਾਪੀ ਜੀਵ ਬੁਰੇ ਕਰਮਾਂ ਦਾ ਫਲ ਭੋਗਣ ਲਈ ਜਾਂਦੇ ਹਨ। ਪੰਨਾ 683.

83. **ਖੋਸ :** ਖੋਹ ਲੈਣਾ। ਪੰਨਾ 385.

84. **ਕੂੜਿ :** ਝੂਠਿ। ਪੰਨਾ 346.

85. **ਉਦਿਆਨ :** ਸੈਰ ਕਰਨਾ। ਪੰਨਾ 10.

86. **ਚੋਟੀ :** ਸ਼ਿਖ/ਬੋਦੀ/ਵਾਲਾਂ ਦਾ ਜੂੜਾ। ਪੰਨਾ 476.

87. **ਜੋਹਦੀ :** ਸੰਸਾਰ ਦੇ ਸੁਖ ਅਤੇ ਰਸਾਂ ਦਾ ਤਯਾਗੀ। ਪੰਨਾ 528.

88. **ਤਬਲਬਾਜੁ :** ਨਗਾਰਚੀ। ਪੰਨਾ 576.

89. **ਲੁਣਦਾ :** ਕੱਟਣਾ। ਪੰਨਾ 1069.

90. **ਉਭਰਿ :** ਉਪਰ ਉਠਣਾ। ਪੰਨਾ 15.

91. **ਖਿਲਕਾ :** ਚੋਲਾ/ ਪਾਟੀ ਹੋਈ ਗੋਦੜੀ। ਪੰਨਾ 379.

92. **ਅਡੰਬਰ :** ਪਖੰਡ/ ਜਾਲ/ ਉਪਰਲੀ ਬਣਾਉਟ। ਪੰਨਾ 50.

93. **ਪਟਣ :** ਨਗਰ/ ਸ਼ਹਿਰ। ਪੰਨਾ 733.

94. **ਬਿਆਨੁ :** ਵਯਾਖਯਾਨ/ ਕਥਨ/ ਵਰਨਣ/ ਜਿਕਰ। ਪੰਨਾ 839.

95. **ਕਾਤੀ :** ਛੁਰੀ। ਪੰਨਾ 317.

96. **ਕੁਠਾ :** ਮੁਸਲਮਾਨੀ ਤਰੀਕੇ ਨਾਲ ਕਟਿੱਆ ਜੀਵ। ਪੰਨਾ 337.

97. **ਮਾਣੂ :** ਮਾਣਵ/ ਮਨੁੱਖ। ਪੰਨਾ 962.

98. **ਮਖਸੂਦ :** ਮਨੋਰਥ। ਪੰਨਾ 939.

99. **ਸਰੋਦਿ :** ਰਬਾਬ ਦੀ ਤਰਾਂ ਇਕ ਵਾਜਾ। ਪੰਨਾ 170.

100. **ਖੁਧਿਆਰਥ :** ਵਯਾਕੁਲ/ ਭੁੱਖਾ। ਪੰਨਾ 382.

101. **ਪਠਾਣ :** ਉੱਤਰ/ਪੱਛਮ ਦੇ ਲੋਕ/ਨਿਵਾਸੀ। ਪੰਨਾ 737.

102. **ਸੁਬਾਹ :** ਤੜਕਾ। ਪੰਨਾ 216.

103. **ਮਿਹਰ ਮੁਹਬਤਿ :** ਪਿਆਰ/ ਪ੍ਰੇਮ। ਪੰਨਾ 969.

104. **ਸਿਦਕ :** ਵਿਸ਼ਵਾਸ। ਪੰਨਾ 195.

105. **ਸਬੂਰੀ :** ਸੰਤੋਖ। ਪੰਨਾ 157.

106. **ਪੰਚ ਭੂ ਆਤਮਾ :** ਮਨ। ਪੰਨਾ 790.

107. **ਜਾਰੁ :** ਪਰ ਇਸਤਰੀਗਾਮੀ/ ਵਿਭਚਾਰੀ। ਪੰਨਾ 521.

108. **ਵਟਵਾੜਾ :** ਡਾਕੂ/ ਲੁਟੇਰਾ। ਪੰਨਾ 1081.

109. **ਉਬਾਹਣੀਆਂ :** ਜਿਸ ਦੇ ਪੈਰੀਂ ਜੁਤੀ ਨਹੀਂ। ਪੰਨਾ 15.

110. **ਗਛਿਆਵਣੀ :** ਗਮ। ਪੰਨਾ 391.

111. **ਉਖਣਾ :** ਪੁੱਟਣਾ/ ਖੋਦਣਾ। ਪੰਨਾ 02.

112. **ਦੁਤੀਆ :** ਦੂਜ। ਪੰਨਾ 643.

113. **ਦਖਣ :** ਸੱਜਾ/ ਦਾਹਿਨਾ। ਪੰਨਾ 618.

114. **ਖੜਾਵਾ :** ਪਾਦੁਕਾ। ਪੰਨਾ 371.

115. **ਖੋਆਜਾ :** ਸੰਗਯਾ; ਘਰ ਦਾ ਮਾਲਕ/ ਸਰਦਾਰ। ਪੰਨਾ 388.

116. **ਸਖੈ :** ਮਿਤ੍ਰ। ਪੰਨਾ 142.

117. **ਸਰੇਵੜੇ :** ਉਪਦੇਸ਼ ਸੁਣਾਵੇ/ ਉਪਦੇਸ਼ਕ। ਪੰਨਾ 170.

118. **ਮਟੁ :** ਵਿਦਿਆਰਥੀ ਦੇ ਰਹਿਣ ਦਾ ਘਰ। ਪੰਨਾ 942.

119. **ਬੋਹਿਥਾ :** ਜਹਾਜ। ਪੰਨਾ 891.

120. **ਮੁਨਾਰਾ :** ਉਚਾ ਬੁਰਜ। ਪੰਨਾ 974.

121. **ਬਾਗਵਾਨ :** ਮਾਲੀ/ ਬਾਗ ਦੀ ਨਿਗਰਾਨੀ ਅਤੇ ਦਰੁਸਤੀ ਕਰਨ ਵਾਲਾ। ਪੰਨਾ 849.

122. **ਚੇਰੀਆ :** ਦਾਸੀਆ। ਪੰਨਾ 476.

123. **ਪਦਮਣੀਆ :** ਛੋਟਾ ਕਮਲ/ ਭਮੂਲ/ ਕਮਲਿਨੀ। ਪੰਨਾ 741.

124. **ਨਿਰਤਿ :** ਨ੍ਰਿਤਯ/ ਲਯ/ ਤਾਰ ਨਾਲ ਅੰਗਾਂ ਦੇ ਫੈਲਾਉਣ ਅਤੇ ਸੰਕੋਚਣ ਦੀ ਕ੍ਰਿਯਾ, ਨਾਚ। ਪੰਨਾ 111.

125. **ਬਾਢੀ :** ਤਖਾਣ। ਪੰਨਾ 851.

126. **ਝੁਗੀ :** ਝੌਂਪੜੀ/ ਛੰਨ। ਪੰਨਾ 545.

127. **ਅਲਿਪਤ :** ਅਸੰਗ। ਪੰਨਾ 85.

128. **ਅਕ :** ਅੱਕ ਦਾ ਬੂਟਾ। ਪੰਨਾ 34.

129. **ਖਖੜੀ :** ਤਰ। ਪੰਨਾ 288.

130. **ਸੁਰਾਹੀ :** ਸ਼ਰਾਬ ਧਾਰਨ ਵਾਲੀ ਧਾਤੂ ਜਾਂ ਕੱਚ ਦੀ ਝਾਰੀ; ਜਿਸ ਵਿੱਚ ਸ਼ਰਾਬ ਰੱਖੀਦੀ ਹੈ। ਪੰਨਾ 220.

131. **ਧਾਵੈ :** ਮਹੂਆ; ਇਸ ਦੇ ਫੁੱਲਾਂ ਦਾ ਰਸ ਨਸ਼ੀਲਾ ਹੁੰਦਾ ਹੈ। ਇਹ ਸ਼ਰਾਬ ਦਾ ਪ੍ਰਸਿੱਧ ਮਸਾਲਾ ਹੈ। ਪੰਨਾ 667.

132. **ਹਾਜੀ :** ਹੱਜ ਕਰਨ ਵਾਲਾ। ਪੰਨਾ 271.

133. **ਕਿਤਾਬਾ :** ਪੁਸਤਕ/ ਗ੍ਰੰਥ। ਪੰਨਾ 328.

134. **ਬਿਸਮਾਦ :** ਆਤਮਿਕ ਰਸ ਨੂੰ ਪ੍ਰਾਪਤ ਹੋ ਕੇ ਅੰਤਹ ਕਰਣ ਦੀ ਸਹਜ ਅਨੰਦ ਦੀ ਦਸ਼ਾ/ ਹੈਰਾਨੀ ਦੇਣ ਵਾਲਾ। ਪੰਨਾ 862.

135. **ਸੁਮਾਰ :** ਗਿਣਤੀ/ ਸੰਖਯਾ, ਇੱਕਠ, ਰਾਜੀ ਨਾ ਹੋਣ ਵਾਲਾ ਜਖ਼ਮ। ਪੰਨਾ 218.

136. **ਬਾਂਦੀ :** ਦਾਸੀ/ ਟਹਲਣ। ਪੰਨਾ 853.

137. **ਮੁਹਰਾਂ :** ਮੁਦ੍ਰਾ/ ਅਸ਼ਰਫੀ। ਪੰਨਾ 979.

138. **ਚਰਾਗਿ :** ਦੀਵਾ। ਪੰਨਾ 458.

139. **ਸਰੀਹ :** ਸਿਰੀਸ਼, ਇਸ ਨਾਉਂ ਦਾ ਇਕ ਬਿਰਛ ਸਿਰਸ। ਪੰਨਾ 169.

140. **ਕੋਸ :** ਕੋਹ; ਸਭ ਤੋਂ ਪਹਿਲਾ ਕੋਸ ਦੀ ਦੂਰੀ (ਲੰਬਾਈ) ਗਊ ਦੇ ਕ੍ਰੋਸ਼(ਰੰਭਣ) ਤੋਂ ਥਾਪੀ ਗਈ ਸੀ, ਅਰਥਾਤ ਜਿਥੋਂ ਤਰੀਕ ਗਾਂ ਦੇ ਰੰਭਣ ਦੀ ਆਵਾਜ ਜਾ ਸਕੇ ਉਹ ਕੋਸ ਸਮਝਿਆ ਗਿਆ ਸੀ, ਫੇਰ ਲੋਕਾਂ ਨੇ ਆਪਣੇ ਆਪਣੇ ਦੇਸ਼ਾਂ ਵਿੱਚ ਕੋਸ ਦੀ ਲੰਬਾਈ ਅਨੇਕ ਤਰਾਂ ਦੀ ਕਲਪ ਲਈ, ਦੱਖਣੀਆਂ ਦੇ ਕੋਸ ਪੰਜਾਬੀਆਂ ਦੇ ਕੋਹਾਂ ਨਾਲੋਂ ਬਹੁਤ ਲੰਮੇ ਹਨ, ਪੁਰਾਣੀ ਗਿਣਤੀ ਅਨੁਸਾਰ 4000 ਗਜ਼ ਅਥਵਾ 8000 ਹੱਥ ਦੀ ਲੰਬਾਈ ਦਾ ਕੋਸ ਹੁੰਦਾ ਹੈ। ਪੰਨਾ 349.

141. **ਸੋਧਿ :** ਨਿਰਣੇ ਕਰਕੇ, ਪਰੀਖਿਯਾ ਕਰਕੇ। ਪੰਨਾ 232.

142. **ਕਾਮਣ:** ਕਾਮਿਨੀ, ਸੰਗਯਾ; ਸੁੰਦਰ ਇਸਤ੍ਰੀ। ਪੰਨਾ 320.

143. **ਮੁਸਲਾ:** ਸੱਲਤ (ਨਮਾਜ਼) ਪੜਨ ਦਾ ਆਸਨ। ਪੰਨਾ 977.

144. **ਡੂਮੁ:** ਸੰਸਕ੍ਰਿਤ ਵਿੱਚ ਡਮ, ਡੋਮ, ਡੋਂਬ ਇਹ ਤਿੰਨ ਸ਼ਬਦ ਸੰਕੀਰਣ ਜਾਤਿ ਦੀ ਇਕ ਨੀਚ ਜਾਤਿ ਲਈ ਆਏ ਹਨ, ਡੂੰਮ ਹਿੰਦੂ ਅਤੇ ਮੁਸਲਮਾਨ ਜਾਤਿ ਵਿੱਚ ਪਾਏ ਜਾਂਦੇ ਹਨ, ਸ੍ਰੀ ਗੁਰੂ ਨਾਨਕ ਦੇਵ ਦਾ ਅਨਿੰਨ ਸਿੱਖ ਇਸ ਜਾਤਿ ਵਿੱਚ ਪੈਦਾ ਹੋਇਆ ਸੀ। ਪੰਨਾ 561.

145. **ਉਤਰ ਖੰਡ :** ਭਾਰਤ ਦੇ ਉੱਤਰ ਵੱਲ ਦਾ ਪਾਸਾ, ਹਿਮਾਲਯ ਪਾਸ ਦਾ ਉਤਰੀਯ ਭਾਗ।ਪੰਨਾ 7.[1]

[1] ਭਾਈ ਕਾਨ੍ਹ ਸਿੰਘ ਨਾਭਾ, **ਗੁਰਸ਼ਬਦ ਰਤਨਾਕਰ ਮਹਾਨਕੋਸ਼।**

# ਪੁਸਤਕ ਸੂਚੀ


**ਹੱਥ-ਲਿਖਤਾਂ**

1. ਹੱਥ-ਲਿਖਤ 194, *ਪੁਰਾਤਨ ਜਨਮਸਾਖੀ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
2. ਹੱਥ-ਲਿਖਤ 506, *ਪੁਰਾਤਣ ਜਨਮਸਾਖੀ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
3. ਹੱਥ-ਲਿਖਤ *ਐਮਐਸਜੀ 79*, ਪੁਰਾਤਨ ਜਨਮਸਾਖੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
4. ਹੱਥ-ਲਿਖਤ 2913, *ਪੁਰਾਤਨ ਜਨਮਸਾਖੀ*, ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ।
5. ਹੱਥ-ਲਿਖਤ 2, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਮਨੀ ਸਿੰਘ*, ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
6. ਹੱਥ-ਲਿਖਤ 6, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਬਾਲਾ ਵਾਲੀ ਜਨਮਸਾਖੀ*, ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
7. ਹੱਥ-ਲਿਖਤ 83, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਮਿਹਰਬਾਨ ਵਾਲੀ ਜਨਮਸਾਖੀ*, ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
8. ਹੱਥ-ਲਿਖਤ 777, *ਜੁਗਾਵਲੀ*, ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨਿਵਰਸਿਟੀ, ਅੰਮ੍ਰਿਤਸਰ।
9. ਹੱਥ ਲਿਖਤ 1072, *ਪ੍ਰਾਣ ਸੰਗਲੀ*, ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨਿਵਰਸਿਟੀ, ਅੰਮ੍ਰਿਤਸਰ।
10. ਹੱਥ-ਲਿਖਤ 970, *ਹਾਜਰਨਾਮਾ*, ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨਿਵਰਸਿਟੀ, ਅੰਮ੍ਰਿਤਸਰ।
11. ਹੱਥ-ਲਿਖਤ 398, *ਨਸੀਹਤਨਾਮਾ*, ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨਿਵਰਸਿਟੀ, ਅੰਮ੍ਰਿਤਸਰ।
12. ਹੱਥ-ਲਿਖਤ 2665, *ਬੁਰਾਹਨਪੁਰ ਵਾਲੀ ਜਨਮਸਾਖੀ*, ਪੰਜਾਬ ਹਿਸਟੋਰੀਕਲ ਸਟੱਡੀਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
13. ਹੱਥ-ਲਿਖਤ 1465, *ਜਨਮਸਾਖੀ ਗੁਰ ਨਾਨਕ ਕੋਲਬਰੁਕ ਵਾਲੀ ਜਨਮਸਾਖੀ*, ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ।
14. ਹੱਥ-ਲਿਖਤ 1464, *ਮੈਕਾਲਿਫ਼ ਵਾਲੀ ਜਨਮਸਾਖੀ*, ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ।

# ਪੁਸਤਕ ਸੂਚੀ


1. ਅਮਰਜੀਤ ਕੌਰ (ਡਾ.), *ਬਿੰਬ ਵਿਧਾਨ ਤੇ ਪੰਜਾਬੀ ਪ੍ਰਗੀਤ*, ਸ਼ਿਲਾਲੇਖ, ਦਿੱਲੀ, 2000.
2. ਅਰਸ਼ੀ, ਗੁਰਚਰਨ ਸਿੰਘ, *ਸਮੀਖਿਆ ਅਨੁਚਿੰਤਨ*, ਆਰਸੀ ਪਬਲੀਸ਼ਰਜ਼, ਦਿੱਲੀ, 2003.
3. ਅਰਸ਼ੀ, ਗੁਰਚਰਨ ਸਿੰਘ, ਸਮੀਖਿਆ-ਦ੍ਰਿਸ਼ਟੀਆਂ, ਆਰਸੀ ਪਬਲੀਸ਼ਰਜ਼, ਦਿੱਲੀ, 1998.
4. ਅਸ਼ੋਕ, ਸ਼ਮਸ਼ੇਰ ਸਿੰਘ, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ*, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969.
5. ਆਹਲੂਵਾਲੀਆ, ਜੋਗਿੰਦਰ ਸਿੰਘ, *ਸੋਢੀ ਪ੍ਰਿਥੀ ਚੰਦ ਦੀ ਰਚਨਾ*,....
6. ਆਰ. ਐਮ. ਮੈਕਾਈਵਰ ਤੇ ਚਾਰਲਸ ਐਚ. ਪੇਜ, *ਸਮਾਜ: ਇਕ ਪ੍ਰਾਰੰਭਿਕ ਵਿਸ਼ਲੇਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979.
7. ਐਫ. ਮੈਕਸਮੂਲਰ (ਮੂਲ ਲੇਖਕ), *ਧਰਮ ਦੀ ਉਤਪਤੀ ਤੇ ਵਿਕਾਸ* (ਭਾਰਤੀ ਧਰਮਾਂ ਦੇ ਪ੍ਰਮਾਣ ਸਹਿਤ), ਤਾਰਨ ਸਿੰਘ (ਅਨੁ.) ਪੰਜਾਬੀ ਯੂਨੀਵਰਸਿਟੀ ਪਟਿਆਲਾ, 1977.
8. ਸ. ਸ. ਪਦਮ (ਸੰਪਾ.), *ਸਾਖੀ ਮਹਲੁ ਪਹਿਲੇ ਕੀ*, ਸਿੰਘ ਬ੍ਰਦਰਜ਼, ਅਮ੍ਰਿੰਤਸਰ, 2014.
9. ਸਾਬਰ, ਜਸਬੀਰ ਸਿੰਘ, *ਗਿਆਨ ਰਤਨਾਵਲੀ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993.
10. ਸੇਵਕ, ਸੇਵਾ ਸਿੰਘ (ਸੰਪਾ:) *ਪ੍ਰਾਚੀਨ ਜਨਮਸਾਖੀ ਗੁਰੂ ਨਾਨਕ ਦੇਵ ਜੀ*, ਨਿਊ ਬੁਕ ਕੰਪਨੀ, ਜਲੰਧਰ, 1969.
11. ਸੰਧੂ, ਗੁਰਬਚਨ ਕੌਰ, *ਜਨਮਸਾਖੀ ਭਾਈ ਬਾਲਾ*, ਭਾਸ਼ਾ ਵਿਭਾਗ, ਪਟਿਆਲਾ, 1987.
12. ਹਰਿਭਜਨ ਸਿੰਘ, *ਮੁੱਲ ਤੇ ਮੁਲੰਕਣ*, ਗੁਰੂ ਨਾਨਕ ਦੇਵ ਯੂਨੀਵਰਸਿਟੀ 2002.
13. ਹਰਿਭਜਨ ਸਿੰਘ, *ਮਨਜੀਤ ਸਿੰਘ*, ਸਾਖੀ ਸੁਰਤਿ, ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1982.
14. ਹਿਸਟੋਰੀਅਨ, ਕਰਮ ਸਿੰਘ, *ਕਤਕ ਕਿ ਵਿਸਾਖ*, ਲਾਹੌਰ ਬੁਕ ਸ਼ਾਪ, ਲੁਧਿਆਣਾ, 2008.
15. ਕਰਮ ਸਿੰਘ (ਡਾ.), *ਮੱਧਕਾਲੀਨ ਪੰਜਾਬ ਦੀ ਧਰਮ ਚੇਤਨਾ*, ਭਾਸ਼ਾ ਵਿਭਾਗ, ਪੰਜਾਬ, 2002.
16. ਕਸੇਲ, ਕਿਰਪਾਲ ਸਿੰਘ, *ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1968.

17. ਕਾਂਗ, ਅਮਰਜੀਤ ਸਿੰਘ (ਸੰਪਾ.) *ਮੱਧਕਾਲੀ ਪੰਜਾਬੀ ਮੰਥਨ*, ਪੰਜਾਬੀ ਵਿਭਾਗ, ਕਰੂਕਸ਼ੇਤਰ ਯੂਨਿਵਰਸਿਟੀ, 1991.

18. ਕੋਹਲੀ, ਸੁਰਿੰਦਰ ਸਿੰਘ (ਡਾ.), ਜਗਜੀਤ ਸਿੰਘ (ਡਾ.), (ਸੰਪਾ:), *ਜਨਮਸਾਖੀ ਭਾਈ ਬਾਲਾ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1975.

19. ਕੋਮਲ, ਕ੍ਰਿਪਾਲ ਸਿੰਘ (ਸੰਪਾ:), *ਜਨਮਸਾਖੀ ਅਧਿਐਨ*, ਫੁਲਕੀਆਂ ਪ੍ਰੈੱਸ, ਪਟਿਆਲਾ, ਨਵੰਬਰ 1970.

20. ਕ੍ਰਿਪਾਲ ਸਿੰਘ (ਡਾ.), *ਜਨਮਸਾਖੀ ਪਰੰਪਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

21. ਖਾਨਪੁਰੀ, ਜਗਜੀਤ ਸਿੰਘ, *ਪ੍ਰਾਣ ਸੰਗਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ,1999.

22. ਜੀ.ਬੀ. ਸਿੰਘ, *ਪ੍ਰਾਚੀਨ ਬੀੜਾਂ*,.....

23. ਜੱਗੀ, ਰਤਨ ਸਿੰਘ, *ਪੰਜਾਬੀ ਸਾਹਿਤ ਦਾ ਸ੍ਰੋਤ ਮੂਲਕ ਇਤਿਹਾਸ*, ਪੈਪਸੂ ਬੁੱਕ ਡਿਪੂ, ਪਟਿਆਲਾ, 1977.

24. ਜੱਗੀ, ਰਤਨ ਸਿੰਘ (ਡਾ.), ਗੁਰਸ਼ਰਨ ਕੌਰ ਜੱਗੀ (ਡਾ.),(ਸਹਾਇਕ ਸੰਪਾ:), *ਪੁਰਾਤਨ ਜਨਮਸਾਖੀ ਅਧਿਐਨ ਅਤੇ ਸੰਪਾਦਨ*, ਗੁਰਮਤਿ ਪਬਲੀਕੇਸ਼ਨ, ਨਵੀਂ ਦਿੱਲੀ, 2010.

25. ਜੱਗੀ, ਰਤਨ ਸਿੰਘ, *ਪੁਰਾਤਨ ਜਨਮਸਾਖੀ*, ਪੈਪਸੂ ਬੁੱਕ ਡਿਪੂ, ਪਟਿਆਲਾ, 1977.

26. ਜੱਗੀ, ਰਤਨ ਸਿੰਘ, *ਗੁਰੂ ਨਾਨਕ ਜੀਵਨ ਅਤੇ ਵਿਅਕਤਿਤਵ*, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, 1974.

27. ਤਾਂਘ, ਈਸ਼ਰ ਸਿੰਘ(ਡਾ.), *ਪੰਜਾਬੀ ਸਾਹਿਤ ਦੇ ਇਤਿਹਾਸ ਦਾ ਪੁਨਰ ਮੁਲਾਂਕਣ*, ਅਮਰ ਗਿਆਨ ਪ੍ਰਕਾਸ਼ਨ, ਪਟਿਆਲਾ,1999.

28. ਦੀਪ, ਦਲੀਪ ਸਿੰਘ (ਡਾ.), *ਕਾਵਿ-ਬਿੰਬ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ, 1976.

29. ਪ੍ਰਕਾਸ਼ ਸਿੰਘ, *ਮਨੁੱਖੀ ਸਮਾਜ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

30. ਪਿਆਰ ਸਿੰਘ, (ਸੰਪਾ.), *ਆਦਿ ਸਾਖੀਆਂ*, ਲਾਹੌਰ ਬੁੱਕ ਸ਼ਾਪ, ਘੰਟਾ ਘਰ, ਲੁਧਿਆਣਾ, ਅਕਤੂਬਰ, 1969.

31. ਪ੍ਰੀਤਮ ਸਿੰਘ, ਜੋਗਿੰਦਰ ਸਿੰਘ ਆਹਲੂਵਾਲੀਆ, *ਸਿੱਖਾਂ ਦਾ ਛੋਟਾ ਮੇਲ: ਇਤਿਹਾਸ ਤੇ ਸਰਵੇਖਣ*, ਪੰਜਾਬੀ ਐਜੂਕੇਸ਼ਨਲ ਐਂਡ ਕਲਚਰਲ ਫ਼ਾਊਂਡੇਸ਼ਨ,2009.

32. ਬੇਦੀ, ਤਰਲੋਚਨ ਸਿੰਘ, *ਪੰਜਾਬੀ ਵਾਰਤਕ ਦਾ ਅਲੋਚਨਾਤਮਕ ਅਧਿਐਨ (1700-1750)*, ਨਵੀਂ ਦਿੱਲੀ,1972.

33. ਬ੍ਰਹਮ ਜਗਦੀਸ਼ ਸਿੰਘ, *ਗੁਰੂ ਨਾਨਕ ਬਾਣੀ ਅਤੇ ਸੰਤ ਬਾਣੀ-ਇਕ ਅਧਿਐਨ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1996.

34. ਭਾਟੀਆ, ਹਰਿਭਜਨ ਸਿੰਘ, *ਚਿੰਤਨ-ਪੁਨਰ ਚਿੰਤਨ*, ਰਵੀ ਸਾਹਿਤ ਪ੍ਰਕਾਸ਼ਨ, 2010.

35. ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼*, ਭਾਸ਼ਾ ਵਿਭਾਗ, ਪਟਿਆਲਾ,1970.

36. ਭੋਗਲ, ਪਿਆਰ ਸਿੰਘ, *ਸਚਿੱਤਰ ਪੰਜਾਬੀ ਸਾਹਿਤ ਦਾ ਇਤਿਹਾਸ*, ਹਿਰਦੇਜੀਤ ਪ੍ਰਕਾਸ਼ਨ, ਜਲੰਧਰ, ਨਵੰਬਰ, 1975.

37. ਮਨਜੀਤ ਸਿੰਘ (ਡਾ.), *ਜਨਮਸਾਖੀ/ਮਿਥ ਵਿਗਿਆਨ*, ਰਚਨਾ ਪਬਲੀਸ਼ਰਜ਼, ਦਿੱਲੀ, 1982.

38. ਰਾਏ, ਜਸਬੀਰ ਸਿੰਘ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾਦਨ ਤੇ ਇਤਿਹਾਸਕ ਅਧਿਐਨ, ਕ੍ਰਿਤ ਕੇਸਰ ਸਿੰਘ ਛਿੱਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2001.

39. ਵੀਰ ਸਿੰਘ ਭਾਈ, *ਪੁਰਾਤਨ ਜਨਮਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2010.

## Biblography

### English


1. Cole ,W. Own, *Sikhism and Its Indian Context(1469-1708)*,
2. Dhillon, Balwant Singh, *Early Sikh Scriptural Tradition*, Singh Brothers,
3. Dilgeer, Harjinder Singh (Dr.), *The Sikh Reference Book*, 1997.
4. Fauja Singh, A.C. Arora (ed.), *Punjab History Conference*, fourth session (March 14-15, 1969) Papers on guru Nanak, Punjab Historical Studies Department, Pbi. Uni., Patiala, 1972.
5. Ganda Singh (ed.), *Sources on Life's Teachings of Guru Nanak*, The Punjab Pass Present, Deptt. of Punjab Historical Studies, vol. 3, 1969.
6. Gupta ,Hari Ram, *History of The Sikhs*, Vol. 1, The Sikh Guru (1409-1708), Munishi Manoharlal Publishers Pvt. Ltd., New Delhi, 1984.
7. ..., *History of Sikh Gurus*, U.C. Kapoor and Sons, New Dehli, 1973,
8. Gurbachan Singh, *The Sikhs Faith-Philosophy and Folk*, Western Press Pvt. Ltd., 1998.
9. M.A.Macauliffe, *The Sikh Religion*, Introduction, Satvik Media Pvt. Ltd., Amritsar, 1909.
10. Mcleod ,W.H., *Guru Nanak's Sikh Religion*,
11. ..., *Early Sikh Tradition*,
12. ..., (Ed.), *The B-40 Janamsakhi*, Guru Nanak Dev University, 1980.
13. ..., *Essays in Sikh History Tradition and Society*, Oxford University Press, 2007.
14. Sikandar Singh (Bhai), Rupinder Singh, *Sikh Heritage Ethos & Relics*, Western Print Process Pvt. Ltd., Wester, 2012.
15. Simarjit Singh, *Demeaning The Sikh Religion*,

## Encyclopedias


1. Harbans Singh, *Encyclopedia of Sikhism*, Vol. IInd. PU, Patiala, 4 Vol. , 2002.


## ਮਹਾਨਕੋਸ਼


1. ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨਕੋਸ਼*, ਭਾਗ ਪਹਿਲਾ, ਭਾਗ ਦੂਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
2. ਰਤਨ ਸਿੰਘ ਜੱਗੀ, *ਸਿੱਖ ਧਰਮ ਵਿਸ਼ਵਕੋਸ਼*, ਗੁਰ ਰਤਨ ਪਬਲੀਸ਼ਰਜ਼, ਪਟਿਆਲਾ, 2005.